
ਖਾਲਸਾ ਪੰਥ ਦੇ ਪੰਜ ਤਖ਼ਤ



ਡਾ. ਸੁਖਦਿਆਲ ਸਿੰਘ

KHALSA PANTH DE PANJ TAKHAT *(Punjabi)*

by

DR. SUKHDIAL SINGH
Department of Punjab Historical Studies,
Punjabi University, Patiala

ISBN 81-7380-496-6

2002
ਦੂਜੀ ਵਾਰ : 1100
ਮੁੱਲ : 300-00

ਲੇਜ਼ਰ ਸੈਟਿੰਗ : ਜੈਸਮੈਨ ਗ੍ਰਾਫਿਕਸ, ਪਟਿਆਲਾ

ਡਾ. ਰਣਬੀਰ ਸਿੰਘ, ਰਜਿਸਟਰਾਰ, ਪੰਜਾਬੀ ਯੂਨੀਵਰਸਿਟੀ, ਪਟਿਆਲਾ ਨੇ ਪ੍ਰਕਾਸ਼ਿਤ ਕੀਤੀ
ਅਤੇ ਰਾਮ ਪ੍ਰਿੰਟੋਗਰਾਫ, ਨਵੀਂ ਦਿੱਲੀ ਵਿਖੇ ਛਪੀ।

ਤਤਕਰਾ

ਭੂਮਿਕਾ

ਖਾਲਸਾ ਪੰਥ ਦੇ ਪੰਜ ਤਖ਼ਤ, ਖਾਲਸਾ ਭਾਈਚਾਰੇ ਦੀ ਸੰਗਠਤ ਪਰਣਾਲੀ ਦਾ ਇਕ ਬੇਮਿਸਾਲ ਨਮੂਨਾ ਹੈ। ਹੋਰ ਕਿਸੇ ਵੀ ਕੌਮ ਦਾ ਐਸਾ ਜਥੇਬੰਦਕ ਢਾਂਚਾ ਨਹੀਂ ਹੈ। ਇਹ ਪਰਬੰਧ ਗੁਰੂ ਗੋਬਿੰਦ ਸਿੰਘ ਜੀ ਦੀ ਦੇਣ ਹੈ ਅਤੇ ਸਿੱਖ ਧਰਮ ਦੇ ਵਿਕਾਸ ਦਾ ਸਿਖਰ ਹੈ। ਸਿੱਖ ਧਰਮ ਵਿਚ ਮੁੱਢ ਤੋਂ ਹੀ ਸੰਗਤ ਦੀ ਸਰਬਉੱਚਤਾ ਦੇ ਸਿਧਾਂਤ ਨੂੰ ਅਪਨਾਇਆ ਗਿਆ ਹੈ। ਗੁਰੂ ਗੋਬਿੰਦ ਸਿੰਘ ਜੀ ਦੇ ਸਮੇਂ ਸੰਗਤ ਦੀ ਸਰਬਉੱਚਤਾ ਦੇ ਇਸੇ ਸਿਧਾਂਤ ਨੂੰ 'ਗ੍ਰੰਥ ਅਤੇ ਪੰਥ' ਦੇ ਸੰਕਲਪ ਵਿਚ ਤਬਦੀਲ ਕਰਕੇ ਇਸ ਨੂੰ ਸੰਪੂਰਨ ਤੌਰ 'ਤੇ ਸਵੈ-ਸ਼ਾਸਤ ਪਰਬੰਧ ਮੁਹੱਈਆ ਕਰ ਦਿੱਤਾ ਗਿਆ ਸੀ। ਪਹਿਲਾਂ ਸੰਗਤਾਂ ਨੂੰ ਖਾਲਸਾ ਬਣਾਇਆ ਗਿਆ ਸੀ। ਸੰਗਤ ਨੂੰ ਖਾਲਸੇ ਦਾ ਰੂਪ ਦੇ ਕੇ ਉਸ ਦੀ ਸੰਗਠਤ ਪਰਣਾਲੀ ਨੂੰ ਸਰਬੱਤ ਖਾਲਸਾ ਅਤੇ ਗੁਰਮਤਾ ਦੀ ਸੰਸਥਾ ਵਿਚ ਪਰੋਇਆ ਗਿਆ ਸੀ। ਇਸ ਨਾਲ ਹੀ ਖਾਲਸੇ ਦਾ ਪੰਜ ਤਖ਼ਤਾਂ ਵਾਲਾ ਸੰਕਲਪ ਸਾਹਮਣੇ ਆਇਆ ਸੀ। ਦੂਸਰੇ ਸ਼ਬਦਾਂ ਵਿਚ ਖਾਲਸੇ ਦਾ ਪੰਜ ਤਖ਼ਤਾਂ ਦਾ ਸੰਕਲਪ ਖਾਲਸਾ ਜ਼ਮਹੂਰੀਅਤ ਜਾਂ ਖਾਲਸਈ ਲੋਕਤੰਤਰ ਦੇ ਸਿਧਾਂਤ ਨੂੰ ਸਥਾਪਤ ਕਰਦਾ ਹੈ।

ਪੰਜੇ ਤਖ਼ਤ ਭਾਵੇਂ ਇਕੋ ਸਮੇਂ ਹੋਂਦ ਵਿਚ ਨਹੀਂ ਆਏ। ਇਹ ਅਲੱਗ-ਅਲੱਗ ਸਮਿਆਂ ਅਨੁਸਾਰ ਹੋਂਦ ਵਿਚ ਆਏ ਹਨ ਪਰ 'ਗ੍ਰੰਥ ਤੇ ਪੰਥ' ਦੀ ਸੁਮੇਲਤਾ ਦਾ ਸਿਧਾਂਤ ਇਕੋ ਸਮੇਂ ਹੋਂਦ ਵਿਚ ਆਇਆ ਹੈ। ਪੰਜ ਤਖ਼ਤ ਇਸ ਸਿਧਾਂਤ ਦਾ ਅਮਲੀ ਰੂਪ ਹਨ। ਭਾਵੇਂ ਖਾਲਸੇ ਦੀ ਸਾਜਨਾ ਦੇ ਨਾਲ ਹੀ 29 ਮਾਰਚ, 1699 ਨੂੰ ਖਾਲਸਈ ਸਿਧਾਂਤ ਸਥਾਪਤ ਹੋ ਗਿਆ ਸੀ ਪਰ 'ਗ੍ਰੰਥ ਅਤੇ ਪੰਥ' ਦੀ ਸੁਮੇਲਤਾ ਦਾ ਸਿਧਾਂਤ ਗੁਰੂ ਗੋਬਿੰਦ ਸਿੰਘ ਜੀ ਵਲੋਂ ਆਪਣੇ ਅੰਤਮ ਸਮੇਂ ਗੁਰੂ ਗ੍ਰੰਥ ਸਾਹਿਬ ਨੂੰ ਆਤਮਕ ਗੁਰਿਆਈ ਦੇਣ ਨਾਲ ਹੀ ਅਮਲੀ ਰੂਪ ਵਿਚ ਸਥਾਪਤ ਹੋਇਆ ਸੀ। ਇਸ ਅਨੁਸਾਰ ਗੁਰੂ ਗ੍ਰੰਥ ਸਾਹਿਬ ਸਮੁਚੇ ਸਿੱਖ ਜਗਤ ਦਾ ਆਤਮਕ ਗੁਰੂ ਹੋਣਾ ਸੀ ਅਤੇ ਖਾਲਸਾ, ਪੰਜ ਪਿਆਰਿਆਂ ਦੀ ਅਗਵਾਈ ਹੇਠ, ਸਰੀਰਕ ਰੂਪ ਵਿਚ ਗੁਰੂ ਹੋਣਾ ਸੀ। ਦੋਵੇਂ (ਗ੍ਰੰਥ ਅਤੇ ਪੰਥ) ਮਿਲ ਕੇ ਸੰਪੂਰਣ ਗੁਰੂ-ਰੂਪ ਹੋਣੇ ਸਨ। ਇਸ ਦੀ ਪੂਰਤੀ ਲਈ ਕਿਸੇ ਐਸੀ ਸੰਸਥਾ ਦਾ ਹੋਣਾ ਲਾਜ਼ਮੀ ਸੀ ਜਿਥੇ ਖਾਲਸਾ, ਜਾਂ ਸਮੁਚਾ ਸਿੱਖ ਜਗਤ ਇਕੱਠਾ ਹੋ ਕੇ ਆਪਣੇ ਮਾਮਲੇ ਨਜਿਠ ਸਕਦਾ। ਇਸ ਲਈ ਸਿਰੀ ਅਕਾਲ ਤਖ਼ਤ ਸਾਹਿਬ ਪਹਿਲੋਂ ਹੀ ਹੋਂਦ ਵਿਚ ਆ ਚੁੱਕਿਆ ਸੀ। ਇਸ ਕਰਕੇ ਗੁਰੂ ਗੋਬਿੰਦ ਸਿੰਘ ਜੀ ਦੇ ਪਿੱਛੋਂ, 'ਗ੍ਰੰਥ ਅਤੇ ਪੰਥ' ਦੀ ਸੁਮੇਲਤਾ ਦੇ ਸਿਧਾਂਤ ਅਨੁਸਾਰ ਖਾਲਸਾ ਆਪਣੇ ਆਪ ਹੀ ਸਿਰੀ

ਅਕਾਲ ਤਖ਼ਤ ਸਾਹਿਬ ਉੱਪਰ ਇਕੱਠਾ ਹੋਣਾ ਸ਼ੁਰੂ ਹੋ ਗਿਆ ਸੀ। ਇਉਂ ਇਹ ਅਸਥਾਨ ਖਾਲਸੇ ਦਾ ਕੇਂਦਰੀ ਅਸਥਾਨ ਬਣ ਗਿਆ। ਦੂਸਰੇ ਸ਼ਬਦਾਂ ਵਿਚ ਸਿਰੀ ਅਕਾਲ ਤਖ਼ਤ ਸਾਹਿਬ ਖਾਲਸੇ ਦੇ ਪਾਰਲੀਮੈਂਟਰੀ ਹਾਊਸ ਦੇ ਰੂਪ ਵਿਚ ਸਥਾਪਤ ਹੋ ਗਿਆ ਸੀ।

ਇਸ ਕੇਂਦਰੀ ਅਸਥਾਨ ਤੋਂ ਇਲਾਵਾ ਕੁਝ ਅਸਥਾਨ ਖਾਲਸੇ ਦੇ ਇਲਾਕਾਈ ਕੇਂਦਰ ਦੇ ਤੌਰ 'ਤੇ ਵੀ ਸਥਾਪਤ ਕੀਤੇ ਗਏ ਸਨ। ਤਖ਼ਤ ਸਿਰੀ ਪਟਣਾ ਸਾਹਿਬ ਛੇਵੇਂ ਪਾਤਸ਼ਾਹ ਦੇ ਸਮੇਂ ਤੋਂ ਹੀ ਪੂਰਬੀ ਭਾਰਤ ਦੀਆਂ ਸੰਗਤਾਂ ਦਾ ਕੇਂਦਰ ਚਲਿਆ ਆ ਰਿਹਾ ਸੀ। ਗੁਰੂ ਗੋਬਿੰਦ ਸਿੰਘ ਜੀ ਨੇ ਇਸ ਨੂੰ ਪੂਰਬੀ. ਭਾਰਤ ਦੇ ਇਲਾਕੇ ਦੇ ਖਾਲਸਾ ਭਾਈਚਾਰੇ ਦਾ ਕੇਂਦਰ ਬਣਾਇਆ। ਤਖ਼ਤ ਸਿਰੀ ਕੇਸ਼ਗੜ੍ਹ ਸਾਹਿਬ ਪੰਜਾਬ ਦੇ ਪਹਾੜੀ ਅਤੇ ਨੀਮ ਪਹਾੜੀ ਇਲਾਕੇ, ਸਮੇਤ ਸਤਲੁਜ ਅਤੇ ਬਿਆਸ ਦੇ ਵਿਚਕਾਰਲੇ ਇਲਾਕੇ ਦੇ ਖਾਲਸਾ ਭਾਈਚਾਰੇ ਦਾ ਕੇਂਦਰ ਬਣਿਆ। ਤਖ਼ਤ ਸਿਰੀ ਦਮਦਮਾ ਸਾਹਿਬ ਦੱਖਣੀ ਪੰਜਾਬ ਸਮੇਤ ਰਾਜਪੂਤਾਨੇ ਦੇ ਇਲਾਕੇ ਦੇ ਖਾਲਸਾ ਭਾਈਚਾਰੇ ਦਾ ਕੇਂਦਰ ਬਣਿਆ। ਤਖ਼ਤ ਸਿਰੀ ਹਜ਼ੂਰ ਸਾਹਿਬ ਨਾਂਦੇੜ, ਦੱਖਣੀ ਭਾਰਤ ਦੇ ਖਾਲਸਾ ਭਾਈਚਾਰੇ ਦਾ ਕੇਂਦਰ ਬਣਿਆ। ਇਲਾਕਾਈ ਕੇਂਦਰਾਂ ਦਾ ਭਾਵ ਹਰ ਇਲਾਕੇ ਦੇ ਖਾਲਸਾ ਭਾਈਚਾਰੇ ਨੂੰ ਆਪਣੇ ਆਪਣੇ ਸਥਾਨਕ ਮਸਲੇ ਨਜਿਠਣ ਦੀ ਸਹੂਲਤ ਨੂੰ ਮੁਹੱਈਆ ਕਰਨਾ ਸੀ। ਕੇਂਦਰੀ ਅਸਥਾਨ 'ਤੇ ਸਿਰਫ ਰਾਸ਼ਟਰ ਪੱਧਰ ਦੇ ਮਸਲੇ ਹੀ ਨਜਿਠੇ ਜਾਣੇ ਸਨ। ਇਸ ਤਰ੍ਹਾਂ ਚਾਰ ਤਖ਼ਤ ਖਾਲਸਾ ਸੰਗਠਤ ਪਰਣਾਲੀ ਦੇ ਖੇਤਰੀ ਕੇਂਦਰ ਬਣੇ ਅਤੇ ਸਿਰੀ ਅਕਾਲ ਤਖ਼ਤ ਸਾਹਿਬ ਰਾਸ਼ਟਰੀ ਕੇਂਦਰ ਬਣਿਆ।

ਖਾਲਸਾ ਆਪਣੇ ਆਪ ਵਿਚ ਇਕ ਰਾਸ਼ਟਰ ਹੋਣਾ ਸੀ। ਰਾਜਨੀਤਕ ਸਿਧਾਂਤਾਂ ਦੇ ਅਨੁਸਾਰ ਜੋ ਸਥਿਤੀਆਂ ਕਿਸੇ ਕੌਮ ਲਈ ਜ਼ਰੂਰੀ ਹੁੰਦੀਆਂ ਹਨ ਉਨ੍ਹਾਂ ਵਿਚ, ਝੰਡਾ, ਫਲਸਫਾ, ਬੋਲੀ ਅਤੇ ਸੁਤੰਤਰ ਤੌਰ 'ਤੇ ਵਿਚਰਣ ਦੀ ਯੋਗਤਾ ਹਰ ਹਾਲਤ ਵਿਚ ਹੋਣੀ ਚਾਹੀਦੀ ਹੈ। ਇਸ ਅਨੁਸਾਰ ਖਾਲਸਾ ਪੰਥ ਪਾਸ ਆਪਣਾ ਕੇਸਰੀ ਨਿਸ਼ਾਨ ਸਾਹਿਬ (ਝੰਡਾ), ਆਪਣਾ ਧਾਰਮਕ ਗ੍ਰੰਥ, ਸ੍ਰੀ ਗੁਰੂ ਗ੍ਰੰਥ ਸਾਹਿਬ (ਫਲਸਫਾ), ਗੁਰਮੁਖੀ ਲਿਪੀ ਵਿਚ ਲਿਖੀ ਜਾਣ ਵਾਲੀ ਪੰਜਾਬੀ ਬੋਲੀ ਅਤੇ ਸਰਬੱਤ ਖਾਲਸਾ ਦੇ ਰੂਪ ਵਿਚ ਸੁਤੰਤਰ ਸੰਗਠਤ ਪਰਣਾਲੀ ਹੋਣੀ ਸੀ। ਇਸ ਲਈ ਖਾਲਸਾ ਪੰਥ ਇਕ ਸੰਪੂਰਣ ਰਾਸ਼ਟਰ ਦੇ ਰੂਪ ਵਿਚ ਸਥਾਪਤ ਹੋ ਕੇ ਸਾਹਮਣੇ ਆਇਆ ਸੀ। ਸਿਰੀ ਅਕਾਲ ਤਖ਼ਤ ਸਾਹਿਬ ਅਤੇ ਬਾਕੀ ਦੇ ਚਾਰ ਤਖ਼ਤ ਇਸ ਦੇ ਮੁੱਖ ਕੇਂਦਰ ਅਤੇ ਇਲਾਕਾਈ ਕੇਂਦਰ ਦੇ ਤੌਰ 'ਤੇ ਸਥਾਪਤ ਹੋਏ।

ਤਖ਼ਤਾਂ ਦੇ ਸੰਕਲਪ ਨਾਲ ਹੀ ਅੰਤਰ ਸਬੰਧਤ ਹਨ ਸਰਬੱਤ ਖਾਲਸਾ ਅਤੇ ਗੁਰਮਤੇ ਦੀਆਂ ਸੰਸਥਾਵਾਂ। ਇਹ ਸੰਸਥਾਵਾਂ, ਖਾਲਸੇ ਦੇ ਇਕੱਠਾਂ ਦੀ ਮਰਯਾਦਾ ਨੀਯਤ ਕਰਦੀਆਂ ਹਨ ਅਤੇ ਇਨ੍ਹਾਂ ਇਕੱਠਾਂ ਵਲੋਂ ਪਾਸ ਕੀਤੇ ਗਏ ਫੈਸਲਿਆਂ ਨੂੰ, ਇਕ ਵਿਸ਼ੇਸ਼ ਧਾਰਮਕ ਪਵਿੱਤਰਤਾ ਮੁਹੱਈਆ ਕਰਦੀਆਂ ਹਨ। ਜੇਕਰ ਇਨ੍ਹਾਂ ਸੰਸਥਾਵਾਂ ਦੀ ਹੋਂਦ ਨੂੰ ਤਖ਼ਤਾਂ ਜਾਂ ਖਾਲਸੇ ਦੀ ਸੰਗਠਤ ਪਰਣਾਲੀ ਵਿਚੋਂ ਕੱਢ ਦਿੱਤਾ ਜਾਵੇ ਤਾਂ ਖਾਲਸੇ ਦੇ ਇਕੱਠ ਆਪ ਮੁਹਾਰਾ ਰੂਪ ਧਾਰ ਕੇ ਧੜੇਬੰਦੀ ਦਾ ਜਾਂ ਤਕੜੇ ਦੀ ਤਾਨਾਸ਼ਾਹੀ ਦਾ ਪਰਤੀਕ ਬਣ ਕੇ ਰਹਿ ਜਾਂਦੇ ਹਨ। ਸਰਬੱਤ ਖਾਲਸਾ ਇਕ ਵਿਸ਼ੇਸ਼ ਮਰਯਾਦਾ ਵਿਚ ਰਹਿ ਕੇ ਬੁਲਾਇਆ ਜਾ ਸਕਦਾ ਹੈ ਅਤੇ

ਵਿਸ਼ੇਸ਼ ਮਰਯਾਦਾ ਵਿਚ ਰਹਿ ਕੇ ਹੀ ਇਸ ਰਾਹੀਂ ਗੁਰਮਤਾ ਪਾਸ ਕੀਤਾ ਜਾਂਦਾ ਹੈ। ਇਸ ਵਿਸ਼ੇਸ਼ ਮਰਯਾਦਾ ਨੇ ਹੀ ਖਾਲਸੇ ਦੇ ਇਕੱਠ ਨੂੰ ਇਕ ਸੰਵਿਧਾਨਿਕ ਅਤੇ ਪਾਰਲੀਮਾਨੀ ਰੂਪ ਦਿੱਤਾ ਹੈ। ਇਸ ਕਰਕੇ ਖਾਲਸੇ ਦੇ ਤਖ਼ਤ ਅਤੇ ਸਰਬੱਤ ਖਾਲਸਾ ਅੰਤਰ ਸਬੰਧਤ ਹਨ ਅਤੇ ਇਕ ਦੂਜੇ ਦੇ ਪੂਰਕ ਹਨ। ਇਨ੍ਹਾਂ ਅੰਤਰ ਸਬੰਧਤ ਸੰਸਥਾਵਾਂ ਰਾਹੀਂ ਹੀ ਖਾਲਸੇ ਦਾ 'ਗ੍ਰੰਥ ਅਤੇ ਪੰਥ' ਦੀ ਸੁਮੇਲਤਾ ਦਾ ਸਿਧਾਂਤ ਪਰਗਟ ਹੁੰਦਾ ਹੈ।

ਇਤਿਹਾਸਕ ਤੌਰ 'ਤੇ ਅਤੀ ਮਹੱਤਵਪੂਰਨ ਗੱਲ, ਮੌਲਿਕ ਜਾਂ ਸਮਕਾਲੀ ਗਵਾਹੀਆਂ ਦੀ ਹੁੰਦੀ ਹੈ। ਇਹ ਖਾਲਸੇ ਦਾ ਦੁਖਾਂਤ ਹੀ ਹੈ ਕਿ ਉਸ ਦੀਆਂ ਇਨ੍ਹਾਂ ਮਹੱਤਵਪੂਰਨ ਸੰਸਥਾਵਾਂ ਬਾਰੇ ਉਸ ਪਾਸ ਕੋਈ ਇਤਿਹਾਸਕ ਸਰੋਤ ਨਹੀਂ ਹੈ। ਤਖ਼ਤਾਂ ਦਾ ਸਾਰਾ ਬਿਰਤਾਂਤ ਖਾਲਸੇ ਦੀਆਂ ਪਰੰਪਰਾਵਾਂ ਉਪਰ ਹੀ ਆਧਾਰਤ ਹੈ। ਨਿਰਸੰਦੇਹ ਪਰੰਪਰਾ ਵੀ ਇਤਿਹਾਸ ਦਾ ਇਕ ਸਰੋਤ ਹੈ ਪਰ ਇਤਿਹਾਸਕ ਗਵਾਹੀਆਂ ਦੀ ਹੋਂਦ ਵਿਚ ਕੋਈ ਤੱਥ ਮਹੱਤਵਪੂਰਨ ਦਰਜਾ ਹਾਸਲ ਕਰ ਲੈਂਦਾ ਹੈ। ਗਵਾਹੀਆਂ ਦੀ ਗੈਰ-ਹਾਜ਼ਰੀ ਵਿਚ ਹੀ ਪਰੰਪਰਾ ਦੀ ਵਰਤੋਂ ਹੁੰਦੀ ਹੈ ਪਰ ਕਿਸੇ ਤੱਥ ਨੂੰ ਗਵਾਹੀਆਂ ਦੀ ਅਣਹੋਂਦਤਾ ਕਾਰਨ ਹੀ ਨਹੀ ਛੱਡ ਦੇਣਾ ਚਾਹੀਦਾ। ਜਦੋਂ ਕੋਈ ਕੰਮ ਸਰਬਸੰਮਤੀ ਦੇ ਨਿਸ਼ਚੇ ਅਨੁਸਾਰ ਕਿਸੇ ਸੰਸਥਾ ਨੂੰ ਮੰਨ ਰਹੀ ਹੁੰਦੀ ਹੈ ਉਥੇ ਇਤਿਹਾਸਕ ਗਵਾਹੀ ਦੀ ਅਣਹੋਂਦਤਾ ਕੋਈ ਜ਼ਿਆਦਾ ਮਹੱਤਤਾ ਨਹੀਂ ਰੱਖਦੀ। ਆਖਰ ਪਰੰਪਰਾ; ਵਿਸ਼ਵਾਸ ਦੀ ਹੀ ਪਰਤੀਕ ਹੁੰਦੀ ਹੈ ਅਤੇ ਵਿਸ਼ਵਾਸ਼ ਵਿਚਾਰਧਾਰਾ ਵਿਚੋਂ ਪੈਦਾ ਹੁੰਦਾ ਹੈ। ਖਾਲਸੇ ਦੀ ਵਿਚਾਰਧਾਰਾ ਗੁਰਬਾਣੀ ਹੈ; ਗੁਰਬਾਣੀ ਵਿਚੋਂ ਖਾਲਸੇ ਦਾ ਧਾਰਮਕ ਵਿਸ਼ਵਾਸ ਉਗਮਦਾ ਹੈ ਅਤੇ ਇਸੇ ਧਾਰਮਕ ਵਿਸ਼ਵਾਸ ਵਿਚੋਂ ਪਰੰਪਰਾ ਸ਼ੁਰੂ ਹੁੰਦੀ ਹੈ। ਪੁੱਤਰ ਦਾ ਜਨਮ ਅਤੇ ਉਸ ਦੇ ਪਿਤਾ ਦੀ ਪਛਾਣ ਆਦਿ ਇਹ ਸਭ ਕੁਝ ਸਿਰਫ ਮਾਂ ਦੇ ਬਿਆਨ ਉਪਰ ਹੀ ਆਧਾਰਤ ਹੁੰਦਾ ਹੈ। ਮਾਂ ਦੇ ਵਿਚ ਕਿਉਂਕਿ ਪੁੱਤਰ ਦਾ ਵਿਸ਼ਵਾਸ ਹੁੰਦਾ ਹੈ ਇਸ ਲਈ ਮਾਂ ਦਾ ਵਿਸ਼ਵਾਸ ਹੀ ਉਸ ਦੇ ਪਰਿਵਾਰ ਦੀ ਪੀੜ੍ਹੀਆਂ ਦੀ ਪਰੰਪਰਾ ਹੋ ਨਿਬੜਦੀ ਹੈ। ਇਸੇ ਤਰ੍ਹਾਂ ਖਾਲਸੇ ਦੇ ਪੰਜਾਂ ਤਖ਼ਤਾਂ ਦਾ ਬਿਰਤਾਂਤ ਖਾਲਸੇ ਦੀਆਂ ਪਰੰਪਰਾਵਾਂ ਉਪਰ ਹੀ ਆਧਾਰਤ ਹੈ ਜਿਹੜਾ ਕਿ ਇਸ ਦਾ ਵਿਸ਼ਵਾਸ ਹੋ ਨਿਬੜਿਆ ਹੈ। ਪਰ ਇਸ ਦੇ ਨਾਲ ਨਾਲ ਕੁਝ ਕੁਝ ਇਤਿਹਾਸਕ ਗਵਾਹੀਆਂ ਵੀ ਸਹਾਇਕ ਰੂਪ ਵਿਚ ਉਪਲਭਦ ਹਨ।


ਕਾਫ਼ੀ ਸਮਾਂ ਸਿੱਖਾਂ ਵਿਚ ਚਾਰ ਤਖ਼ਤਾਂ ਦਾ ਸੰਕਲਪ ਵੀ ਚਲਦਾ ਰਿਹਾ ਹੈ। ਸਿੱਖ ਜਗਤ ਨੇ ਆਪਣੀ ਅਰਦਾਸ ਵਿਚ ਵੀ ਚਾਰ ਤਖ਼ਤਾਂ ਦੀ ਗੱਲ ਸ਼ਾਮਲ ਕੀਤੀ ਸੀ। ਇਹ ਗਲਤ ਸੀ। ਅਸਲ ਵਿਚ ਤਖ਼ਤ ਸਿਰੀ ਦਮਦਮਾ ਸਾਹਿਬ ਦੇ ਗਲਤ ਪਰਬੰਧ ਨੇ ਹੀ ਉਸ ਦਾ ਤਖ਼ਤ ਵਾਲਾ ਦਰਜਾ ਖ਼ਤਮ ਕੀਤਾ ਸੀ ਅਤੇ ਜਿਉਂ ਹੀ ਉਸ ਦਾ ਪਰਬੰਧ ਖਾਲਸੇ ਦੇ ਹੱਥਾਂ ਵਿਚ ਆਇਆ ਉਸ ਅਸਥਾਨ ਨੇ ਤੁਰੰਤ ਹੀ ਤਖ਼ਤ ਦਾ ਦਰਜਾ ਹਾਸਲ ਕਰ ਲਿਆ ਸੀ। ਜਿਵੇਂ ਸਿਰੀ ਦਰਬਾਰ ਸਾਹਿਬ ਅੰਮ੍ਰਿਤਸਰ ਦੀ ਮਹੱਤਤਾ ਪੁਜਾਰੀਆਂ ਦੇ ਪਰਬੰਧ ਅਧੀਨ ਘਟ ਗਈ ਸੀ ਅਤੇ ਪਿਰਥੀ ਚੰਦ ਦੀ ਔਲਾਦ ਦੇ ਪਰਬੰਧ ਅਧੀਨ ਸਿਰੀ ਅਕਾਲ ਤਖ਼ਤ ਜੈਸੀ ਮਹਾਨ ਸੰਸਥਾ ਵੀ ਆਪਣਾ ਤਖ਼ਤ ਵਾਲਾ ਰੁਤਬਾ ਖੋ ਬੈਠੀ ਸੀ ਉਸੇ ਤਰ੍ਹਾਂ ਸ਼ਹਿਜ਼ਾਦਪੁਰੀਏ ਜਗੀਰਦਾਰਾਂ ਦੇ ਠੇਕੇਦਾਰੀ ਪਰਬੰਧ ਅਧੀਨ ਤਖ਼ਤ ਸਿਰੀ ਦਮਦਮਾ ਸਾਹਿਬ ਵੀ ਆਪਣਾ

ਰੁਤਬਾ ਖੋ ਬੈਠਾ ਸੀ। ਜਿਉਂ ਹੀ ਇਹ ਪਰਬੰਧ ਖ਼ਤਮ ਹੋਇਆ ਤਿਉਂ ਹੀ ਇਸ ਅਸਥਾਨ ਦਾ ਪਹਿਲਾ ਰੁਤਬਾ ਉਜਾਗਰ ਹੋ ਗਿਆ ਸੀ।

ਕਈ ਲੋਕ ਤਖ਼ਤ ਸਿਰੀ ਦਮਦਮਾ ਸਾਹਿਬ ਨੂੰ ਪੰਜਵਾਂ ਤਖ਼ਤ ਕਹਿੰਦੇ ਹਨ। ਇਹ ਠੀਕ ਨਹੀਂ ਹੈ। ਪੰਜਵਾਂ ਤਖ਼ਤ ਸਿਰੀ ਹਜ਼ੂਰ ਸਾਹਿਬ (ਨਾਂਦੇੜ) ਹੈ। ਕਿਉਂਕਿ ਗੁਰੂ ਗੋਬਿੰਦ ਸਿੰਘ ਜੀ ਤਖ਼ਤ ਸਿਰੀ ਦਮਦਮਾ ਸਾਹਿਬ ਵਿਖੇ ਰਹਿਣ ਪਿਛੋਂ ਹੀ ਸਿਰੀ ਹਜ਼ੂਰ ਸਾਹਿਬ (ਨਾਂਦੇੜ) ਪਹੁੰਚੇ ਸਨ। ਜਾਣ ਸਮੇਂ ਗੁਰੂ ਸਾਹਿਬ ਬਾਬਾ ਦੀਪ ਸਿੰਘ ਜੀ ਨੂੰ ਦਮਦਮਾ ਸਾਹਿਬ ਦਾ ਸੇਵਾਦਾਰ (ਜਥੇਦਾਰ) ਥਾਪ ਗਏ ਸਨ। ਇਸ ਲਈ ਤਖ਼ਤ ਸਿਰੀ ਦਮਦਮਾ ਸਾਹਿਬ ਚੌਥਾ ਤਖ਼ਤ ਹੈ।

ਇਸ ਤਰ੍ਹਾਂ ਖਾਲਸੇ ਦਾ ਪੰਜਾਂ ਤਖ਼ਤਾਂ ਦਾ ਬਿਰਤਾਂਤ ਪਾਠਕਾਂ ਦੇ ਸਾਹਮਣੇ ਹੈ। ਉਮੀਦ ਹੈ ਕਿ ਪਾਠਕ ਇਸ ਨੂੰ ਮਨਜ਼ੂਰ ਕਰਨਗੇ।

ਡਿਪਾਰਟਮੈਂਟ ਆਫ ਪੰਜਾਬ ਹਿਸਟਾਰੀਕਲ ਸਟੱਡੀਜ਼, ਸੁਖਦਿਆਲ ਸਿੰਘ
ਪੰਜਾਬੀ ਯੂਨੀਵਰਸਿਟੀ, ਪਟਿਆਲਾ



ਸਿਰੀ ਅਕਾਲ ਤਖਤ ਸਾਹਿਬ, ਸ੍ਰੀ ਅੰਮ੍ਰਿਤਸਰ

ਚੈਪਟਰ ਪਹਿਲਾ

ਸਿਰੀ ਅਕਾਲ ਤਖ਼ਤ ਸਾਹਿਬ

ਸਿਰੀ ਅਕਾਲ ਤਖ਼ਤ ਸਾਹਿਬ, ਗੁਰੂ ਅਰਜਨ ਦੇਵ ਜੀ ਦੇ ਡੁੱਲੇ ਪਵਿੱਤਰ ਖ਼ੂਨ ਦੀ ਪੈਦਾਵਾਰ ਸੀ। ਇਹ ਗੁਰੂ ਅਰਜਨ ਦੇਵ ਜੀ ਦੀ ਸ਼ਹਾਦਤ ਦਾ ਪਰਤੀਕਰਮ ਵੀ ਸੀ ਅਤੇ ਸ਼ਹਾਦਤ ਦੇ ਰੂਪ ਵਿਚ ਦਿੱਤੇ ਗਏ ਚੈਲੰਜ ਨੂੰ ਮਨਜ਼ੂਰ ਕਰਨ ਦਾ ਐਲਾਨ ਵੀ ਸੀ। ਸਿਰੀ ਅਕਾਲ ਤਖ਼ਤ ਸਾਹਿਬ ਦੀ ਸਥਾਪਨਾ ਸਿੱਖ ਸਮਾਜ ਦੀ ਸੁਤੰਤਰ ਹਸਤੀ ਨੂੰ ਦਰਸਾਉਣ ਦਾ ਐਲਾਨਨਾਮਾ ਸੀ ਅਤੇ ਸਿੱਖ ਸਮਾਜ ਦੇ ਆਤਮ-ਨਿਰਣੈ ਦੇ ਸਿਧਾਂਤ ਨੂੰ ਅਮਲੀ ਰੂਪ ਵਿਚ ਲਿਆਉਣ ਦਾ ਇਕ ਨਵਾਂ ਕਦਮ ਸੀ।[1] ਜੋ ਨਵਾਂ ਮੋੜ ਗੁਰੂ ਅਰਜਨ ਦੇਵ ਜੀ ਦੀ ਸ਼ਹਾਦਤ ਪਿਛੋਂ, ਸਿੱਖ ਇਤਿਹਾਸ ਨੇ ਕੱਟਿਆ ਸੀ ਸਿਰੀ ਅਕਾਲ ਤਖ਼ਤ ਸਾਹਿਬ ਇਸ ਨਵੇਂ ਮੋੜ ਦਾ ਪਰਤੀਕ ਸੀ।

ਗੁਰੂ ਅਰਜਨ ਦੇਵ ਜੀ ਦੀ ਸ਼ਹਾਦਤ ਜੇਠ ਸੁਦੀ ਚੌਥ, ਸੰਮਤ 1663 ਬਿ. ਮੁਤਾਬਕ ਸ਼ੁਕਰਵਾਰ, 30 ਮਈ, 1606 ਈ., ਨੂੰ ਹੋਈ ਸੀ। ਉਨ੍ਹਾਂ ਦੇ ਭੋਗ ਦੀ ਰਸਮ ਤੇਰਵੇਂ ਦਿਨ ਹਾੜ ਵਦੀ ਇਕ, ਸੰਮਤ ਓਹੀ ਮੁਤਾਬਕ ਬੁੱਧਵਾਰ, 11 ਜੂਨ, 1606 ਈ. ਨੂੰ ਪੂਰੀ ਕੀਤੀ ਕਈ ਸੀ। ਇਸੇ ਦਿਨ ਹੀ ਗੁਰੂ ਹਰਿਗੋਬਿੰਦ ਸਾਹਿਬ ਦੀ ਦਸਤਾਰਬੰਦੀ ਹੋਈ ਸੀ ਅਤੇ ਇਸੇ ਦਿਨ ਹੀ ਗੁਰਿਆਈ ਧਾਰਨ ਕੀਤੀ ਗਈ ਸੀ। ਭਾਵੇਂ ਗੁਰਗੱਦੀ ਧਾਰਨ ਕਰਨ ਦੀ ਰਸਮ ਤਖ਼ਤ ਉਪਰ ਬੈਠ ਕੇ ਹੀ ਪੂਰੀ ਕੀਤੀ ਗਈ ਸੀ ਪਰ ਇਸ ਤਖ਼ਤ ਦੀ ਅਸਲ ਬੁਨਿਆਦ ਪੰਜ ਹਾੜ, ਸੰਮਤ 1663 ਮੁਤਾਬਕ 15 ਜੂਨ, ਦਿਨ ਐਤਵਾਰ, 1606 ਈ., ਨੂੰ ਰੱਖੀ ਗਈ ਸੀ। ਇਸ ਤਰ੍ਹਾਂ 15 ਜੂਨ, ਸੰਨ 1606 ਈ. ਨੂੰ ਸਿਰੀ ਅਕਾਲ ਤਖ਼ਤ ਸਾਹਿਬ ਦੀ ਸਥਾਪਨਾ ਦਾ ਦਿਨ ਮੰਨਿਆ ਜਾਣਾ ਚਾਹੀਦਾ ਹੈ। ਇਹ ਦੇਸੀ ਮਿਤੀ ਗੁਰਬਿਲਾਸ ਛੇਵੀਂ ਪਾਤਸ਼ਾਹੀ ਵਿਚ ਦਿੱਤੇ ਗਏ ਵੇਰਵੇ 'ਤੇ ਅਧਾਰਤ ਹੈ। ਇਸ ਵਿਚ ਲਿਖਿਆ ਗਿਆ ਹੈ :

ਹਾੜ ਪੰਚਮੀ ਕੋ ਦਿਨ ਜਾਨ। ਸਿਰੀ ਗੁਰ ਉਦਮ ਕੀਨ ਮਹਾਨ।
ਗੁਰਦਾਸ ਬੁਢੈ ਕੋ ਲੈ ਨਿਜ ਸਾਥ । ਤਖ਼ਤ ਆਰੰਭ ਕਰ ਦੀਨਾ ਨਾਥ।[2]

---

1. ਬਾਵਾ ਸਰੂਪ ਦਾਸ ਭੱਲਾ ਦੀਆਂ ਹੇਠ ਲਿਖੀਆਂ ਤੁੱਕਾਂ ਇਸ ਭਾਵ ਨੂੰ ਭਲੀਭਾਂਤ ਦਰਸਾ ਰਹੀਆਂ ਹਨ :
   ਪਾਂਚ ਪਾਤਸ਼ਾਹੀ ਮੇ ਰਖਾ ਰਾਜ ਜੋਗ ਸਮ ਭਾਇ।
   ਅਬ ਰਾਜ ਸਾਜ ਬਾਹਰ ਪ੍ਰਗਟ ਧਰਿਓ ਅੰਤਰਿ ਜੋਗ ਦੁਰਾਇ।
   ਸਰੂਪ ਦਾਸ ਭੱਲਾ, *ਮਹਿਮਾ ਪ੍ਰਕਾਸ਼* (ਕਵਿਤਾ), ਭਾਸ਼ਾ ਵਿਭਾਗ, ਪੰਜਾਬ, ਪਟਿਆਲਾ, 1971, ਪੰਨਾ 420.
2. *ਗੁਰਬਿਲਾਸ ਛੇਵੀਂ ਪਾਤਸ਼ਾਹੀ* (ਸੰ. ਇੰਦਰ ਸਿੰਘ ਗਿੱਲ), ਅੰਮ੍ਰਿਤਸਰ, 1968, ਪੰ. 146-151.

ਇਸ ਦੇਸੀ ਮਹੀਨਿਆਂ ਦੀ ਅੰਗਰੇਜ਼ੀ ਮਿਤੀ ਪਾਲ ਸਿੰਘ ਪੁਰੇਵਾਲ ਦੀ ਕੱਢੀ ਹੋਈ ਹੈ।[3] ਇਥੇ ਇਹੀ ਮਿਤੀਆਂ ਇਤਿਹਾਸਕ ਤੌਰ 'ਤੇ ਪਰਮਾਣੀਕ ਮੰਨੀਆਂ ਗਈਆਂ ਹਨ। ਇਸ ਸੰਬੰਧ ਵਿਚ ਜੋ ਮਿਤੀਆਂ ਗਯਾਨੀ ਗਯਾਨ ਸਿੰਘ[4], ਭਾਈ ਕਾਨ੍ਹ ਸਿੰਘ ਨਾਭਾ[5], ਤੇਜਾ ਸਿੰਘ-ਗੰਡਾ ਸਿੰਘ[6] ਅਤੇ ਹਰਜਿੰਦਰ ਸਿੰਘ ਦਿਲਗੀਰ ਆਦਿ ਲੇਖਕਾਂ ਨੇ ਦਿੱਤੀਆਂ ਹਨ ਉਹ ਠੀਕ ਨਹੀਂ ਹਨ। ਇਨ੍ਹਾਂ ਲੇਖਕਾਂ ਵਲੋਂ ਸਿਰੀ ਅਕਾਲ ਤਖ਼ਤ ਸਾਹਿਬ ਦੀ ਸਥਾਪਨਾ ਦਾ ਸਾਲ 1608-9 ਜਾਂ 1612 ਆਦਿ ਦਿੱਤਾ ਗਿਆ ਹੈ। ਇਹ ਸਾਲ ਨਾ ਹੀ ਤਾਂ ਕਿਸੇ ਮੌਲਿਕ ਸੋਮੇ 'ਤੇ ਆਧਾਰਤ ਹਨ ਅਤੇ ਨਾ ਹੀ ਇਨ੍ਹਾਂ ਲੇਖਕਾਂ ਨੇ ਕੋਈ ਸਰੋਤ ਹੀ ਵਰਨਣ ਕੀਤਾ ਹੈ। ਬਿਨਾਂ ਕਿਸੇ ਸਰੋਤ ਤੋਂ, ਨਿਰੋਲ ਲੇਖਕ ਦੀ ਆਪਣੀ ਕਲਪਨਾ ਅਨੁਸਾਰ ਦਿੱਤਾ ਗਿਆ ਸਾਲ ਕਿਵੇਂ ਦਰੁਸਤ ਮੰਨਿਆ ਜਾ ਸਕਦਾ ਹੈ?

ਗੁਰੂ ਹਰਿਗੋਬਿੰਦ ਸਾਹਿਬ ਨੇ ਜਦੋਂ ਗੁਰਗੱਦੀ ਧਾਰਨ ਕੀਤੀ ਤਾਂ ਉਸ ਸਮੇਂ ਸਿੱਖ ਸੰਗਤਾਂ ਦਾ ਇਕੱਠ ਕਰਨ ਲਈ ਮਿੱਟੀ ਦਾ ਇਕ ਊਂਚਾ ਥੜ੍ਹਾ (ਚਬੂਤਰਾ) ਤਿਆਰ ਕਰਵਾਇਆ ਗਿਆ ਸੀ। ਇਸ ਕੱਚੇ ਚਬੂਤਰੇ ਉਪਰ ਗੁਰੂ ਜੀ ਤਖ਼ਤ ਲਗਾ ਕੇ ਬੈਠੇ ਸਨ। ਇਸੇ ਤਖ਼ਤ ਉਪਰ ਹੀ ਗੁਰਿਆਈ ਦੀਆਂ ਰਸਮਾਂ ਪੂਰੀਆਂ ਕੀਤੀਆਂ ਗਈਆਂ ਸਨ। ਪਿੱਛੋਂ ਇਸੇ ਥੜ੍ਹੇ ਨੂੰ ਪੱਕੀਆਂ ਇੱਟਾਂ ਨਾਲ ਉਸਾਰਿ ਕੇ ਪੱਕਾ ਥੜ੍ਹਾ ਬਣਾ ਦਿੱਤਾ ਗਿਆ ਸੀ। ਇਸ ਪੱਕੇ ਥੜ੍ਹੇ ਦਾ ਨਾ ਹੀ ਅਕਾਲ ਤਖ਼ਤ ਸਾਹਿਬ ਰਖਿਆ ਗਿਆ ਸੀ। ਇਸ ਦੀ ਬੁਨਿਆਦ ਦੀਆਂ ਮਿਤੀਆਂ ਪਿੱਛੇ ਵਰਨਣ ਕੀਤੀਆਂ ਜਾ ਚੁੱਕੀਆਂ ਹਨ।

ਗੁਰੂ ਜੀ ਵਲੋਂ ਸਵੇਰੇ-ਸ਼ਾਮ ਦੇ ਦਰਬਾਰ ਇਸੇ ਅਕਾਲ ਤਖ਼ਤ ਦੇ ਉਪਰ ਬੈਠ ਕੇ ਲਗਾਏ ਜਾਂਦੇ ਸਨ। ਗੁਰੂ ਜੀ ਨੇ ਪਹਿਲਾ ਦਰਬਾਰ ਲਗਾ ਕੇ ਹੀ ਉਸ ਵਿਚ ਸਿੱਖ ਸੰਗਤਾਂ ਦੇ ਨਾਂ ਹੁਕਮ ਜਾਰੀ ਕੀਤਾ[7] ਕਿ ਗੁਰੂ ਦਾ ਜੋ ਸੱਚਾ ਸਿੱਖ ਹੈ ਉਹ ਚੰਗਾ ਘੋੜਾ ਅਤੇ ਚੰਗਾ ਹਥਿਆਰ ਲੈ ਕੇ ਹੀ ਗੁਰੂ ਦੀ ਹਜ਼ੂਰੀ ਵਿਚ ਪਹੁੰਚੇ। ਇਸ ਤਰ੍ਹਾਂ ਦਾ ਐਲਾਨ ਹਕੂਮਤ ਦੇ ਜ਼ੁਲਮਾਂ ਦੇ ਖ਼ਿਲਾਫ਼ ਜੰਗ ਛੇੜਨ ਦਾ ਇਕ ਖੁੱਲ੍ਹਾ ਸੱਦਾ ਸੀ। ਗੁਰੂ ਜੀ ਦੇ ਇਸ ਹੁਕਮ ਅਨੁਸਾਰ ਸਿੱਖ ਸੰਗਤਾਂ ਹਥਿਆਰਬੰਦ ਹੋ ਕੇ ਗੁਰੂ ਹਰਿਗੋਬਿੰਦ ਜੀ ਦੇ ਦਰਸ਼ਨਾਂ ਨੂੰ ਆਉਣ ਲਗੀਆਂ। ਛੇਤੀ ਹੀ ਸੈਂਕੜਿਆਂ ਦੀ ਗਿਣਤੀ ਵਿਚ ਹਥਿਆਰਬੰਦ ਘੋੜਸੁਆਰ ਸਿੱਖ ਇਕੱਠੇ ਹੋ ਗਏ। ਗੁਰੂ ਸਾਹਿਬ ਨੇ ਸਭ ਸਿੱਖਾਂ ਸੂਰਬੀਰਾਂ ਨੂੰ ਬਾਕਾਇਦਾ ਚਾਰ ਜੱਥਿਆਂ ਵਿਚ ਵੰਡ ਕੇ

---

3. See his article 'The date of Founding of Akal Takhat Sahib' in *The Proceedings Punjab History Conference*, March 28-30, 1995, Punjabi University, Patiala, 1996.
4. *ਤਵਾਰੀਖ਼ ਗੁਰੂ ਖਾਲਸਾ* (ਪੱਥਰ ਛਾਪ ਪਹਿਲੀ), ਸਿਆਲਕੋਟ, 1891, ਪੰਨਾ 216.
5. *ਗੁਰਸ਼ਬਦ ਰਤਨਾਕਰ ਮਹਾਨ ਕੋਸ਼*, ਭਾਸ਼ਾ ਵਿਭਾਗ, ਪੰਜਾਬ, ਪਟਿਆਲਾ, 1960, ਪੰਨਾ 27.
6. *A Short History of The Sikhs*, Bombay, 1950. p. 39.
7. *ਬਹੁਰ ਹੁਕਮ ਕੀਨਸ ਫੁਰਮਾਵਨਿ। ਕਰਹੁ ਹੁਕਮਨਾਮੇ ਲਿਖਵਾਵਨਿ।*
ਚਹੁੰ ਦਿਸ਼ਿ ਮਹਿ ਮਸੰਦ ਜਹਿ ਭਾਰੀ। ਤਿਨ ਪਰ ਆਇਸੁ ਲਿਖਹੁ ਹਮਾਰੀ।
ਜੋ ਸਿਖ ਆਨਹਿ ਸ਼ਸਤ੍ਰ ਤੁਰੰਗਾ। ਹੋਈ ਖੁਸ਼ੀ ਗੁਰ ਕੀ ਸੁਖ ਸੰਗਾ।
ਸੰਤੋਖ ਸਿੰਘ, *ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ* (ਸੰ. ਭਾਈ ਵੀਰ ਸਿੰਘ), ਅੰਮ੍ਰਿਤਸਰ, 1935, ਜਿਲਦ 7, ਪੰਨਾ 2403.

ਇਕ ਸੈਨਿਕ ਰੂਪ ਵਿਚ ਪਰੋ ਦਿੱਤਾ। ਚਾਰ ਜੱਥਿਆਂ ਦੇ ਚਾਰ ਹੀ ਸੈਨਾਪਤੀ ਨੀਅਤ ਕੀਤੇ ਗਏ। ਇਹ ਸਨ : ਬਿਧੀ ਚੰਦ, ਪੈਂਦੇ ਖ਼ਾਂ, ਪਿਰਾਨਾ ਅਤੇ ਜੇਠਾ।[8] ਅਕਾਲ ਤਖ਼ਤ ਉਪਰ ਬੈਠ ਕੇ ਗੁਰੂ ਸਾਹਿਬ ਨੇ ਸਿੱਖ ਸੰਗਤਾਂ ਦੇ ਦਰਬਾਰ ਲਗਾਉਣੇ ਸ਼ੁਰੂ ਕਰ ਦਿੱਤੇ। ਸਿਰੀ ਅਕਾਲ ਤਖ਼ਤ ਸਾਹਿਬ ਦੇ ਸਾਹਮਣੇ ਰੋਜ਼ਾਨਾ ਸਿੱਖਾਂ ਦੀਆਂ ਕੁਸ਼ਤੀਆਂ ਕਰਾਵਾਉਣੀਆਂ ਸ਼ੁਰੂ ਕਰ ਦਿੱਤੀਆਂ। ਢਾਡੀ ਬੀਰਰਸ ਭਰਪੂਰ ਵਾਰਾਂ ਸੁਣਾਉਂਦੇ ਸਨ। ਅਜਿਹੀਆਂ ਬੀਰਰਸ ਭਰਪੂਰ ਵਾਰਾਂ ਨੂੰ ਸੁਣ ਕੇ ਸਿੱਖਾਂ ਦੇ ਡੌਲੇ ਫਰਕਣ ਲਗ ਜਾਂਦੇ ਸਨ ਤੇ ਖ਼ੂਨ ਜੋਸ਼ ਵਿਚ ਉਬਾਲੇ ਖਾਣ ਲਗ ਜਾਂਦਾ ਸੀ।[9]

ਸਿਰੀ ਅਕਾਲ ਤਖ਼ਤ ਸਾਹਿਬ ਦੇ ਬਿਲਕੁਲ ਸਾਹਮਣੇ ਦੋ ਕੇਸਰੀ ਨਿਸ਼ਾਨ ਸਾਹਿਬ ਲਹਿਰਾਏ ਗਏ ਸਨ। ਇਹ ਦੋ ਨਿਸ਼ਾਨ ਸਾਹਿਬ ਵੀ ਮੀਰੀ ਅਤੇ ਪੀਰੀ ਦੀਆਂ ਸ਼ਕਤੀਆਂ ਦੇ ਪਰਤੀਕ ਸਨ। ਜਿਨ੍ਹਾਂ ਦਾ ਭਾਵ ਸੀ ਕਿ ਇਹ ਦੋਵੇਂ ਸ਼ਕਤੀਆਂ ਕਿਸੇ ਦੇ ਅਧੀਨ ਨਹੀਂ ਹਨ ਸਗੋਂ ਸਵੈ-ਸੁਤੰਤਰ ਹਨ। ਜਿਸ ਤਰ੍ਹਾਂ ਤਖ਼ਤ ਉਪਰ ਬੈਠ ਕੇ ਗੱਦੀ ਧਾਰਨ ਕਰਨਾ ਸਿਰਫ਼ ਬਾਦਸ਼ਾਹਾਂ ਦਾ ਹੀ ਅਧਿਕਾਰ ਹੁੰਦਾ ਹੈ ਉਸੇ ਤਰ੍ਹਾਂ ਨਿਸ਼ਾਨ ਸਾਹਿਬ (ਝੰਡੇ) ਵੀ ਸੁਤੰਤਰ ਹੋਂਦ ਦੇ ਪਰਤੀਕ ਹੁੰਦੇ ਹਨ। ਇਹ ਵੀ ਸਿਰਫ਼ ਬਾਦਸ਼ਾਹ ਦਾ ਹੀ ਅਧਿਕਾਰ ਸੀ।

ਅਕਾਲ ਤਖ਼ਤ ਸਾਹਿਬ ਦੇ ਪਿਛਲੇ ਪਾਸੇ ਪਰ ਬਿਲਕੁਲ ਨਾਲ ਲਗਵਾਂ ਇਕ ਖ਼ੂਹ ਲਗਵਾਇਆ ਗਿਆ ਅਤੇ ਇਸ ਦਾ ਨਾਂ ਅਕਾਲ ਸਰ ਖ਼ੂਹ ਰੱਖਿਆ ਗਿਆ। ਇਸ ਖ਼ੂਹ ਨੇ ਅਕਾਲ ਤਖ਼ਤ ਸਾਹਿਬ ਨੂੰ ਪਾਣੀ ਮੁਹੱਈਆ ਕਰਨਾ ਸੀ। ਗਿਆਨੀ ਠਾਕਰ ਸਿੰਘ ਨੇ ਇਸ ਖ਼ੂਹ ਦਾ ਵਰਣਨ ਇਸ ਤਰ੍ਹਾਂ ਕੀਤਾ ਹੈ :

> *ਸਿਰੀ ਅੰਮ੍ਰਿਤਸਰ ਜੀ ਸਿਰੀ ਅਕਾਲ ਤਖ਼ਤ ਬੁੰਗੇ ਸਾਹਿਬ ਬਾਬਾ ਬੁਢਾ ਸਾਹਿਬ ਜੀ ਦੀ ਬੇਨਤੀ ਸੁਣ ਮਹਾਰਾਜ ਜੀ ਨੇ ਲੰਗਰ ਅਤੇ ਅਸ਼ਨਾਨ ਪਾਨ ਵਾਸਤੇ ਦੂਰ ਹੋਣ ਕਰਕੇ ਖੂਹ ਲਵਾਲਿਆ। ਉਦੋਂ ਇਸ ਛਾਬ (ਸਰੋਵਰ) ਦਾ ਪਾਣੀ ਵਰਤੀਂਦਾ ਸੀ ਜਿਸ ਦਾ ਪ੍ਰਸਿੱਧ ਨਾਮ ਕੋਲਾਂ ਵਾਲੀ ਛਾਬ ਸੀ ਅਤੇ ਸਿਰੀ ਗੁਰੂ ਅਰਜਨ ਸਾਹਿਬ ਜੀ ਦਾ ਖੂਹ ਜੋ ਬਾਗ ਵਿਚ ਹੈ ਇਥੋਂ ਜਲ ਜਾਂਦਾ ਸੀ, ਪਰ ਜੰਗਲ ਦੇ ਕਾਰਨ ਦੂਰ ਸੀ। ਭਾਵੇਂ ਉਦੋਂ ਸ੍ਰੀ ਸੁਧਾਸਰ ਜੀ ਸੁਭਾਏਮਾਨ ਸਨ ਪਰ ਅੰਮ੍ਰਿਤ ਦਾ ਅਦਾਬ ਕਰਕੇ ਲੰਗਰ ਅਦਕ ਸੇਵਾ ਵਿਚ ਨਹੀਂ ਵਰਤੀਂਦਾ ਸੀ ਸੋ ਹੁਣ ਤਕ ਭੀ ਅੰਮ੍ਰਿਤ ਦਾ ਅਦਬ ਉਸੇ ਤਰ੍ਹਾਂ ਹੀ ਹੈ। ਪਵਿਤ੍ਰ ਹੋ ਅਸ਼ਨਾਨ ਕਰਨਾ ਤੇ ਪਾਠ ਕਰਨਾ ਬਾਬੇ ਬੁਢੇ ਜੀ ਦੀ ਬੇਨਤੀ ਸੁਨ ਮਹਾਰਾਜ ਜੀ ਨੇ ਸੰਮਤ 1669 ਪਹਿਲੀ ਸੰਗਰਾਦ ਵਾਲੇ ਦਿਨ ਬਾਬੇ ਬੁੱਢੇ ਸਾਹਿਬ ਜੀ ਤੋਂ ਅਰਦਾਸ ਕਰਾਈ ਅਤੇ ਆਪਣੇ ਪਵਿਤ੍ਰ ਬਿਚਿਤ੍ਰ ਕਰ-ਕਮਲਾਂ (ਹੱਥਾਂ) ਨਾਲ ਟੱਕ ਲਗਾਇਆ। ਇਸ ਮਹਾਨ ਪਵਿਤ੍ਰ ਖੂਹ ਸਿਰੀ ਅਕਾਲ ਸਰ ਜੀ ਦਾ ਜਲ ਸੁੱਧ੍*

---

8. *ਬਿਧੀਆ ਪੈਂਦਾ ਔਰ ਪਿਰਾਨਾ। ਚੌਥਾ ਜੇਠਾ ਕਹੋ ਬਖਾਨਾ।*
ਸਹਿਸ ਸਹਿਸ ਤਾਬਿਆ ਇਨ ਕੀਏ। ਚਾਰੋ ਸਿਖ ਸੈਨਾਪਤਿ ਥੀਏ॥
ਗੁਰਬਿਲਾਸ ਛੇਵੀਂ ਪਾਤਸ਼ਾਹੀ, ਪੰਨਾ 163.
9. ਗਯਾਨ ਸਿੰਘ, *ਪੂਰਵਅੰਕਤ*, ਪੰਨਾ 216.

> *ਸੀਤਲ ਹੈ, ਅਨੇਕਾਂ ਬੀਮਾਰਾਂ ਨੂੰ ਛਕਾਇਆ ਜਾਂਦਾ ਹੈ.........ਅੰਮ੍ਰਿਤ ਛਕਾਣੇ ਸਮੇਂ ਭੀ ਸਿਰੀ ਅੰਮ੍ਰਿਤ ਸਰੋਵਰ ਜੀ ਬੀ ਅਤੇ ਅਕਾਲ ਸਰ ਜੀ ਦਾ ਜਲ ਪਾਊਨੇ ਦੀ ਮਰਯਾਦਾ ਪ੍ਰੰਪਰਾ ਤੋਂ ਚਲੀ ਆਉਂਦੀ ਹੈ।*[10]

ਗੁਰੂ ਜੀ ਦਾ ਸਿਰੀ ਅਕਾਲ ਤਖ਼ਤ ਸਾਹਿਬ 'ਤੇ ਰੋਜ਼ਾਨਾ ਦਾ ਪਰੋਗਰਾਮ ਇਸ ਤਰ੍ਹਾਂ ਸੀ ਕਿ ਹਰ ਰੋਜ ਸਵੇਰੇ ਦਰਬਾਰ ਸਾਹਿਬ ਵਿਖੇ ਸ਼ਬਦ ਕੀਰਤਨ ਹੁੰਦਾ ਅਤੇ ਆਸਾ ਜੀ ਦੀ ਵਾਰ ਦਾ ਭੋਗ ਪਾਇਆ ਜਾਂਦਾ ਸੀ। ਬਾਅਦ ਵਿਚ ਅਕਾਲ ਤਖ਼ਤ ਸਾਹਿਬ ਉਪਰ ਸਿੱਖ ਸੰਗਤਾਂ ਦਾ ਦਰਬਾਰ ਲਗਾਇਆ ਜਾਂਦਾ ਸੀ। ਇਥੇ ਸਿੱਖਾਂ ਦੇ ਆਪਸੀ ਝਗੜਿਆਂ ਨੂੰ ਸੁਣਿਆ ਜਾਂਦਾ ਸੀ ਅਤੇ ਨਿਬੇੜਿਆ ਜਾਂਦਾ ਸੀ। ਲਾਗਲੇ ਪਿੰਡਾਂ ਦੇ ਲੋਕ ਆਪੋ-ਆਪਣੇ ਝਗੜੇ ਲੈ ਕੇ ਇਥੇ ਪਹੁੰਚਦੇ ਸਨ ਅਤੇ ਗੁਰੂ ਜੀ ਜਥਾ-ਯੋਗ ਸਭ ਝਗੜਿਆਂ ਦੇ ਫੈਸਲੇ ਕਰਦੇ ਸਨ।[11] ਇਸ ਤਰ੍ਹਾਂ ਗੁਰੂ ਜੀ ਨੇ ਅਮਲੀ ਰੂਪ ਵਿਚ ਦਰਸਾ ਦਿੱਤਾ ਸੀ ਕਿ ਸਿੱਖ ਕੌਮ ਨਾ ਸਿਰਫ ਧਾਰਮਕ ਖੇਤਰ ਵਿਚ ਹੀ ਸੁਤੰਤਰ ਹੈ ਸਗੋਂ ਆਪਣੇ ਸੰਸਾਰਿਕ ਮਾਮਲਿਆਂ ਨੂੰ ਨਜਿੱਠਣ ਵਿਚ ਵੀ ਨਿਪੁੰਨ ਹੈ।

ਗੁਰੂ ਹਰਿਗੋਬਿੰਦ ਸਾਹਿਬ, ਅਕਾਲ ਤਖ਼ਤ ਸਾਹਿਬ ਉਪਰ ਲੱਗੇ ਸਿੱਖ ਸੰਗਤਾਂ ਦੇ ਦਰਬਾਰਾਂ ਵਿਚ, ਬਾਦਸ਼ਾਹ ਵਾਂਗ ਵਿਚਰਦੇ ਸਨ। ਸ਼ਾਹੀ ਠਾਠ ਅਨੁਸਾਰ ਕਲਗੀਆਂ ਅਤੇ ਹੀਰੇ ਮੋਤੀਆਂ ਦੀਆਂ ਮਾਲਾਂ ਨਾਲ ਸ਼ਿੰਗਾਰੀ ਹੋਈ ਪੱਗ ਪਹਿਨੀ ਜਾਂਦੀ ਸੀ। ਸ਼ੀਸ ਉਪਰ ਸ਼ਾਹੀ ਠਾਠ ਨੂੰ ਦਰਸਾਉਂਦਾ ਛੱਤਰ ਲਹਿਰਾਇਆ ਜਾਂਦਾ ਸੀ। ਗੁਰੂ ਜੀ ਦੇ ਦਰਬਾਰ ਵਿਚ ਦੂਸਰੇ ਰਾਜਿਆਂ ਮਹਾਰਾਜਿਆਂ ਦੇ ਪਰਤੀਨਿਧ ਵੀ ਪਹੁੰਚਦੇ ਸਨ। ਗੁਰੂ ਜੀ ਇਨ੍ਹਾਂ ਪਰਤੀਨਿਧਾਂ ਨੂੰ ਪੂਰੇ ਸਨਮਾਨ ਸਹਿਤ ਸਿਰੋਪਾਓ ਬਖ਼ਸ਼ ਕੇ ਜੀ ਆਇਆਂ ਕਹਿੰਦੇ ਸਨ। ਗੁਰੂ ਜੀ ਆਪਣੇ ਪਰਤੀਨਿਧਾਂ ਨੂੰ ਵੀ ਰਾਜਿਆਂ ਮਹਾਰਾਜਿਆਂ ਦੇ ਦਰਬਾਰਾਂ ਵਿਚ ਭੇਜਦੇ ਸਨ।[12] ਇਸ ਤਰ੍ਹਾਂ ਸਿਰੀ ਅਕਾਲ ਤਖ਼ਤ ਸਾਹਿਬ ਉਪਰ ਲੱਗੇ ਦਰਬਾਰਾਂ ਦਾ ਅੰਤਰ-ਰਾਜੀ ਪਰਭਾਵ ਪੈਂਦਾ ਸੀ।

ਉਕਤ ਸਭ ਗੱਲਾਂ ਤੋਂ ਇਹ ਗੱਲ ਸਾਬਤ ਹੋ ਜਾਂਦੀ ਹੈ ਕਿ ਗੁਰੂ ਅਰਜਨ ਦੇਵ ਜੀ ਦੀ ਸ਼ਹਾਦਤ ਪਿੱਛੋਂ, ਗੁਰੂ ਹਰਿਗੋਬਿੰਦ ਸਾਹਿਬ ਦੀ ਅਗਵਾਈ ਹੇਠ ਸਮਕਾਲੀ ਹਾਲਾਤ ਦਾ ਮੁਕਾਬਲਾ ਕਰਨ ਲਈ ਹਥਿਆਰਬੰਦ ਸੁਰਖਿਆ ਅਧੀਨ ਇਕ ਕਰਾਂਤੀਕਾਰੀ ਕਦਮ ਚੁੱਕਿਆ ਗਿਆ। ਇਸ ਕਰਾਂਤੀਕਾਰੀ ਕਦਮ ਅਨੁਸਾਰ ਭਾਵ ਕਿ ਅਕਾਲ ਤਖ਼ਤ ਸਾਹਿਬ ਦੀ ਸਥਾਪਨਾ ਨਾਲ ਸਿੱਖਾਂ ਦੇ ਮਨਾਂ ਵਿਚ ਰਾਜਨੀਤਕ ਚੇਤੰਨਤਾ ਆਉਣੀ ਸ਼ੁਰੂ ਹੋ ਗਈ ਸੀ ਅਤੇ ਸਮੇਂ ਦੀ ਹਕੂਮਤ ਦੇ ਬਰਾਬਰ ਆਪਣੀ ਹਕੂਮਤ ਦਾ ਵੀ ਅਹਿਸਾਸ ਹੋਣਾ ਸ਼ੁਰੂ ਹੋ ਗਿਆ।[13] ਸਿੱਖ

---

10. *ਸ੍ਰੀ ਗੁਰਦੁਆਰੇ ਦਰਸ਼ਨ*, ਲਾਭ ਸਿੰਘ ਐਂਡ ਸੰਨਜ਼, 1924, ਪੰਨੇ 169-70.
11. *ਉਕਤ*, ਪੰਨਾ ਓਹੀ।
12. ਖੁਸ਼ਵੰਤ ਸਿੰਘ, *ਏ ਹਿਸਟਰੀ ਆਫ ਦਾ ਸਿੱਖਸ*, ਜਿਲਦ ਪਹਿਲੀ, ਲੰਡਨ, 1964 ਪੰਨਾ 63-64.
13. *ਦ੍ਵੈ ਤਖਤਨ ਕੇ ਤੇਜ ਹਰਿ ਦਿਲੀ ਅਵਰ ਲਾਹੌਰ।*
    ਤਖ਼ਤ ਸਾਜਿਆ ਸੁਧਾਸਰ ਸੋਢ ਬੰਸ ਸਿਰਮੋਰ।
    ਵੀਰ ਸਿੰਘ ਬਲ, *ਗੁਰਕੀਰਤ ਪ੍ਰਕਾਸ਼* (1834 ਈ.) ਪੰਜਾਬੀ ਯੂਨੀ. ਪਟਿਆਲਾ, 1986, ਪੰਨਾ 161.

ਲਹਿਰ ਦੇ ਇਸ ਕਰਾਂਤੀਕਾਰੀ ਕਦਮ ਨੂੰ ਸਿੱਖ ਇਤਿਹਾਸ ਦੇ ਕੁਝ ਲੇਖਕਾਂ ਜਿਵੇਂ ਕਿ ਗੋਕਲ ਚੰਦ ਨਾਰੰਗ[14] ਨੇ ਪਹਿਲੇ ਮਾਰਗ ਨੂੰ ਛੱਡ ਕੇ ਨਵੇਂ ਮਾਰਗ ਨੂੰ ਅਪਨਾਉਣ ਦੀ ਗੱਲ ਕਹੀ ਹੈ ਪਰ ਇਹ ਗੱਲ ਠੀਕ ਨਹੀਂ ਹੈ। ਓਪਰੀ ਨਜ਼ਰੇ ਦੇਖਿਆਂ ਐਸਾ ਜ਼ਰੂਰ ਭਾਸਦਾ ਹੈ ਪਰ ਜਿਵੇਂ ਭਾਈ ਗੁਰਦਾਸ ਜੀ ਨੇ ਵੀ ਕਿਹਾ ਹੈ ਕਿ ਗੁਰੂ ਹਰਿਗੋਬਿੰਦ ਦੇ ਮਿਸ਼ਨ ਦਾ ਪੂਰਾ ਗਿਆਨ ਸਿਰਫ ਉਨ੍ਹਾਂ ਲੋਕਾਂ ਨੂੰ ਹੀ ਸੀ ਜਿਹੜੇ ਤਨੋ ਮਨੋ ਗੁਰੂ ਚਰਨਾਂ ਵਿਚ ਲੱਗੇ ਹੋਏ ਸਨ। ਸਿੱਖ ਧਰਮ ਦੇ ਸਿੱਧਾਂਤਾਂ ਤੋਂ ਜਾਣੂ ਲੇਖਕਾਂ ਜਾਂ ਵਿਦਿਆਰਥੀਆਂ ਲਈ ਇਹ ਸਭ ਕੁਝ ਪਹਿਲੇ ਮਾਰਗ ਦਾ ਹੀ ਪੂਰਕ ਪਰਤੀਤ ਹੁੰਦਾ ਹੈ।

ਇਥੇ ਇਸ ਲੰਮੀ ਚੌੜੀ ਬਹਿਸ ਵਿਚ ਨਾ ਪੈਂਦੇ ਹੋਏ ਇਤਨਾ ਹੀ ਦੱਸ ਦੇਣਾ ਕਾਫ਼ੀ ਹੈ ਕਿ ਜੋ ਮਾਰਗ ਸਿਰੀ ਗੁਰੂ ਹਰਿਗੋਬਿੰਦ ਸਾਹਿਬ ਨੇ ਅਕਾਲ ਤਖ਼ਤ ਸਾਹਿਬ ਦੀ ਸਥਾਪਨਾ ਕਰ ਕੇ ਅਤੇ ਸੈਨਿਕ ਤਿਆਰੀਆਂ ਕਰ ਕੇ ਆਪਣਾਇਆ ਸੀ ਜੇਕਰ ਇਹੀ ਹਾਲਾਤ ਅਤੇ ਸੁਵਿਧਾਵਾਂ ਪਹਿਲੇ ਗੁਰੂ ਸਾਹਿਬਾਨ ਦੇ ਸਾਹਮਣੇ ਹੁੰਦੀਆਂ ਤਾਂ ਨਿਸ਼ਚੇ ਹੀ ਪਹਿਲੇ ਗੁਰੂ ਸਾਹਿਬ ਨੇ ਵੀ ਇਸੇ ਮਾਰਗ ਨੂੰ ਹੀ ਅਪਨਾਉਣਾ ਸੀ। ਸਿੱਖ ਧਰਮ ਦੇ ਪਰਿਵਰਤਨ ਦੀ ਗੱਲ ਕਰਨ ਵਾਲੇ ਲੇਖਕਾਂ ਨੂੰ ਇਹ ਗੱਲ ਸਾਹਮਣੇ ਰੱਖਣੀ ਚਾਹੀਦੀ ਹੈ ਕਿ ਗੁਰੂ ਹਰਿਗੋਬਿੰਦ ਸਾਹਿਬ ਦੀਆਂ ਪਰਿਸਥਿਤੀਆਂ ਵਿਚ ਉਨ੍ਹਾਂ ਦੇ ਇਕ ਮਹਿਬੂਬ ਗੁਰੂ ਦੀ ਸ਼ਹਾਦਤ ਹੋ ਚੁੱਕੀ ਸੀ। ਸ਼ਹਾਦਤ ਦੀਆਂ ਪਰਿਸਥਿਤੀਆਂ ਵਿਚੋਂ ਲਹਿਰ ਨੂੰ ਕਿਵੇਂ ਅੱਗੇ ਲੈ ਕੇ ਜਾਣਾ ਹੁੰਦਾ ਹੈ, ਇਨ੍ਹਾਂ ਗਲਾਂ ਨੂੰ ਸਾਹਮਣੇ ਰੱਖਣਾ ਚਾਹੀਦਾ ਹੈ। ਪਹਿਲੇ ਪੰਜ ਗੁਰੂ ਸਾਹਿਬਾਨ ਦਾ ਸਮਾਂ ਸ਼ਾਂਤਮਈ ਪਰਚਾਰ ਦਾ ਸਮਾਂ ਸੀ। ਇਸ ਗੱਲ ਨੂੰ ਵੀ ਨਜ਼ਰ ਅੰਦਾਜ਼ ਨਹੀਂ ਕਰਨਾ ਚਾਹੀਦਾ ਕਿ ਸਿੱਖ ਧਰਮ ਇਕ ਐਸਾ ਧਰਮ ਸੀ ਜਿਸ ਨੇ ਮਨੁੱਖ ਨੂੰ ਸੁਤੰਤਰ ਜੀਵਣ ਜੀਣ ਦੀ ਸਿੱਖਿਆ ਦਿੱਤੀ ਸੀ; ਜਿਸ ਨੇ ਰੱਬ ਦੇ ਸੰਕਲਪ ਨੂੰ ਪੱਥਰਾਂ ਜਾਂ ਚਾਰਦੀਵਾਰੀਆਂ ਵਿਚੋਂ ਕੱਢ ਕੇ ਲੋਕ ਸਮੂਹ (ਸੰਗਤ) ਵਿਚ ਵਸਦਾ ਦਰਸਾਇਆ ਸੀ ਅਤੇ ਇਸ ਤਰ੍ਹਾਂ ਦਸਾਂ ਨਹੁੰਆਂ ਦੀ ਕਿਰਤ ਕਰਨ ਵਾਲੇ ਵਿਅਕਤੀਆਂ ਨੂੰ ਆਪਣੀ ਤਾਕਤ ਦਾ ਅਹਿਸਾਸ ਕਰਵਾਇਆ ਸੀ। ਇਸ ਲਈ ਇਸ ਧਰਮ ਦੇ ਰਹਿਨੁਮਾਵਾਂ ਅਤੇ ਸ਼ਰਧਾਲੂਆਂ ਬਾਰੇ ਇਹ ਗੱਲ ਨਹੀਂ ਸੀ ਵਿਚਾਰੀ ਜਾ ਸਕਦੀ ਕਿ ਉਹ ਆਪਣੇ ਉਪਰ ਹੋ ਰਹੇ ਸਰਕਾਰੀ ਧੱਕੇ ਨੂੰ ਅੱਖਾਂ ਮੀਟ ਕੇ ਦੇਖਦੇ ਰਹਿੰਦੇ ਜਾਂ ਉਸ ਅੱਗੇ ਝੁੱਕ ਕੇ ਦਿਨ ਕੱਟੀ ਕਰਦੇ ਰਹਿੰਦੇ।

ਅਕਬਰ ਬਾਦਸ਼ਾਹ ਤੱਕ ਕਿਸੇ ਵੀ ਮੁਗ਼ਲ ਬਾਦਸ਼ਾਹ ਨੇ ਸਿੱਖ ਧਰਮ ਦੇ ਪਰਚਾਰ ਵਿਚ ਕਿਸੇ ਕਿਸਮ ਦੀ ਕੋਈ ਵੀ ਦਖ਼ਲਅੰਦਾਜ਼ੀ ਨਹੀਂ ਕੀਤੀ ਸੀ। ਇਉਂ ਸਿੱਖ ਲਹਿਰ ਵੀ ਸ਼ਾਂਤਮਈ ਤਰੀਕੇ ਨਾਲ ਆਪਣਾ ਵਿਕਾਸ ਕਰਦੀ ਰਹੀ। ਗੁਰੂ ਅਰਜਨ ਦੇਵ ਜੀ ਦੇ ਅਖੀਰਲੇ ਸਮਿਆਂ ਵਿਚ ਕੁਝ ਕੁ ਸਰਕਾਰੀ ਏਜੰਸੀਆਂ ਵਲੋਂ ਦਖ਼ਲਅੰਦਾਜ਼ੀ ਦਾ ਵੇਰਵਾ ਸਾਨੂੰ ਮਿਲਦਾ ਹੈ ਅਤੇ ਸੁਖਮਨੀ ਸਾਹਿਬ ਜੈਸੀ ਠੰਡਕ ਪਹੁੰਚਾਉਣ ਵਾਲੀ ਬਾਣੀ ਦਾ ਕਰਤਾ ਗੁਰੂ ਅਰਜਨ ਦੇਵ ਵੀ ਇਸ ਦਖ਼ਲਅੰਦਾਜ਼ੀ ਦੇ ਸਾਹਮਣੇ ਜੰਗਜੂ ਕਬੀਲਿਆਂ ਨੂੰ ਸਿੱਖ ਧਰਮ ਵਿਚ ਲਿਆ ਕੇ

14. Gokul Chand Narang, *Transformation of Sikhism*, New Delhi, 1960, p. 65.

ਉਨ੍ਹਾਂ ਨੂੰ ਘੋੜ ਸੁਆਰ ਬਣਾ ਕੇ ਖੜ੍ਹਾ ਕਰ ਦਿੰਦਾ ਹੈ।[15] ਭਾਵੇਂ ਇਹ ਗੱਲ ਸਿੱਖ ਇਤਿਹਾਸ ਵਿਚ ਵਾਪਰੀ ਨਹੀਂ ਪਰ ਜੇ ਕਿਤੇ ਬੀਰਬਲ ਜੈਸਾ ਘੁਮੰਡੀ ਵਜ਼ੀਰ ਗੁਰੂ ਅਰਜਨ ਦੇਵ ਜੀ ਉਪਰ ਹਮਲਾ ਕਰਨ ਵਿਚ ਕਾਮਯਾਬ ਹੋ ਜਾਂਦਾ ਤਾਂ ਕੀ ਉਨ੍ਹਾਂ ਘੋੜ ਸਵਾਰਾਂ ਨੇ ਆਪਣੀਆਂ ਤਲਵਾਰਾਂ ਸੂਤ ਕੇ ਸਾਹਮਣੇ ਨਹੀਂ ਸੀ ਆ ਖੜੋਣਾ ਜਿਨ੍ਹਾਂ ਨੂੰ ਗੁਰੂ ਜੀ ਨੇ ਸਿੱਖ ਲਹਿਰ ਵਿਚ ਭਰਤੀ ਕੀਤਾ ਸੀ ਅਤੇ ਜਿਨ੍ਹਾਂ ਦਾ ਜਰਨੈਲ ਭਾਈ ਬਿਧੀ ਚੰਦ ਜੈਸਾ ਇਕ ਸੂਰਬੀਰ ਵਿਅਕਤੀ ਸੀ। ਗੁਰੂ ਹਰਿਗੋਬਿੰਦ ਸਮੇਂ ਜਿਹੜੇ ਚਾਰ ਸਿੱਖ ਚਾਰ ਜੱਥਿਆਂ ਦੇ ਜਰਨੈਲ ਥਾਪੇ ਗਏ ਸਨ ਇਹ ਸਭ ਗੁਰੂ ਅਰਜਨ ਦੇਵ ਜੀ ਦੇ ਹੀ ਭਰਤੀ ਕੀਤੇ ਹੋਏ ਸਨ ਅਤੇ ਗੁਰੂ ਅਰਜਨ ਦੇਵ ਜੀ ਦੇ ਸਮੇਂ ਤੋਂ ਹੀ ਘੋੜਸੁਆਰ ਜੁਆਨਾਂ ਦੇ ਮੁਖੀ ਸਨ। ਗੁਰੂ ਅਰਜਨ ਦੇਵ ਜੀ ਦੇ ਸਮੇਂ ਆਪਸੀ ਟਕਰਾ ਨਹੀਂ ਹੋਇਆ ਇਸ ਲਈ ਸਿੱਖ ਲਹਿਰ ਦੀ ਜੰਗਜੂ ਸੋਚ ਨੂੰ ਪਰਤੱਖ ਰੂਪ ਵਿਚ ਪਰਗਟ ਹੋਣ ਦਾ ਮੌਕਾ ਨਹੀਂ ਮਿਲਿਆ। ਗੁਰੂ ਹਰਿਗੋਬਿੰਦ ਸਾਹਿਬ ਦੇ ਸਮੇਂ ਵਿਚ ਇਹ ਟਕਰਾ ਹੋ ਗਿਆ ਤੇ ਸਿੱਖ ਲਹਿਰ ਦੀ ਜੰਗਜੂ ਸੋਚ ਹਥਿਆਰਬੰਦ ਹੋ ਕੇ ਸਾਹਮਣੇ ਆ ਗਈ। ਪਹਿਲੇ ਪੰਜ ਗੁਰੂ ਸਾਹਿਬਾਨ ਅਤੇ ਗੁਰੂ ਹਰਿਗੋਬਿੰਦ ਸਾਹਿਬ ਦੀਆਂ ਨੀਤੀਆਂ ਵਿਚ ਮੁੱਖ ਤੌਰ 'ਤੇ ਸਿਰਫ਼ ਇਹੀ ਫ਼ਰਕ ਹੈ।[16] ਇਸ ਕਰਕੇ ਜਿਹੜੇ ਲੇਖਕ ਇਸ ਮਤ ਦੇ ਧਾਰਨੀ ਹਨ ਕਿ ਗੁਰੂ ਹਰਿਗੋਬਿੰਦ ਸਾਹਿਬ ਦੀ ਅਗਵਾਈ ਹੇਠ ਸਿੱਖ ਧਰਮ ਨੇ ਸ਼ਾਂਤਮਈ ਮਾਰਗ ਨੂੰ ਛੱਡ ਕੇ ਹਥਿਆਰਬੰਦ ਸੰਘਰਸ਼ ਦਾ ਮਾਰਗ ਅਪਣਾ ਲਿਆ ਸੀ ਤੇ ਇਉਂ ਸਿੱਖ ਧਰਮ ਦਾ ਲੜਾਕੀ ਸ਼ਕਤੀ ਵਿਚ ਪਰੀਵਰਤਨ (Transformation) ਹੋ ਗਿਆ ਉਹ ਦਰੁਸਤ ਨਹੀਂ ਹਨ। ਸਿੱਖ ਧਰਮ ਦੇ ਸਿਧਾਂਤ ਓਹੀ ਸਨ, ਸੋਚ ਓਹੀ ਸੀ, ਅਤੇ ਪਰਚਾਰ ਵੀ ਓਹੀ ਸੀ।

ਸਿੱਖ ਇਤਿਹਾਸ ਨੂੰ ਆਮ ਕਰਕੇ ਅਤੇ ਗੁਰੂ ਹਰਿਗੋਬਿੰਦ ਸਾਹਿਬ ਦੇ ਇਤਿਹਾਸ ਨੂੰ ਖਾਸ ਕਰਕੇ, ਲਿਖਣ ਵਿਚ ਮੁੱਖ ਸਮੱਸਿਆ ਇਸ ਪੱਖੋਂ ਹੈ ਕਿ ਕੋਈ ਵੀ ਮੁੱਢਲੀ ਸਿੱਖ ਲਿੱਖਤ ਤੱਥ-ਆਧਾਰਤ ਅਤੇ ਭਰੋਸੇਯੋਗ ਨਹੀਂ ਹੈ। ਗ਼ੈਰ-ਸਿੱਖ ਲਿਖਤਾਂ ਸਿੱਖ ਨਜ਼ਰੀਏ ਤੋਂ ਕੋਰੀਆਂ ਹੋਣ ਕਰਕੇ ਉਸ ਭਾਵ ਨੂੰ ਸਮਝਣ ਦੇ ਸਮਰਥ ਨਹੀ ਸਨ ਜੋ ਭਾਵ ਗੁਰੂ ਸਾਹਿਬ ਨੇ ਆਪਣੇ ਗੁਰੂ ਦੀ ਸ਼ਹਾਦਤ ਤੋਂ ਪਿੱਛੋਂ ਹਥਿਆਰਬੰਦ ਤਿਆਰੀ ਦੇ ਰੂਪ ਵਿਚ ਦਰਸਾਇਆ ਸੀ। ਇਸੇ ਕਰਕੇ ਗੁਰੂ ਸਾਹਿਬਾਨ ਦੇ ਜੀਵਨ-ਕਾਲ ਦੀਆਂ ਘਟਨਾਵਾਂ ਭੁਲੇਖਿਆਂ ਦਾ ਸ਼ਿਕਾਰ ਹੋਈਆਂ ਪਈਆਂ ਹਨ।

ਗੁਰੂ ਹਰਿਗੋਬਿੰਦ ਸਾਹਿਬ ਦੇ ਗੁਰਗੱਦੀ ਧਾਰਨ ਕਰਨ ਦੇ ਅਤੇ ਸਿਰੀ ਅਕਾਲ ਤਖਤ ਦੀ ਸਥਾਪਨਾ ਕਰਨ ਦੇ ਕੁਝ ਸਮਾਂ ਬਾਦ ਹੀ ਗੁਰੂ ਜੀ ਦੀ ਗਿਰਫ਼ਤਾਰੀ ਹੋ ਜਾਂਦੀ ਹੈ।

---

15. Ernest Trump, *The Adi Granth or the Holy Scripture of the Sikhs*, London, 1877, p. ixxxi; Joseph Davey Cunningham, *A History of the Sikhs*, New Delhi, 1985, p. 71, Indu Bhusan Banerjee, *Evolution of the Khalsa*, Culcutta, 1972, pp. 208-9; Hari Ram Gupta, *History of the Sikh Gurus*, New Delhi, 1973, pp.92-93.
16. Teja Singh Gandha Singh, *op-cit.*, p. 36.

ਮੁਢਲੀਆਂ ਸਿੱਖ ਲਿਖਤਾਂ[17] ਨੇ ਇਸ ਗਰਿਫ਼ਤਾਰੀ ਨੂੰ ਫ਼ਜ਼ੂਲ ਦੀਆਂ ਨਿਗੂਣੀਆਂ ਜਿਹੀਆਂ ਗੱਲਾਂ ਵਿਚ ਹੀ ਉਲਝਾ ਕੇ ਰੱਖ ਦਿੱਤਾ ਹੈ ਅਤੇ ਗ਼ੈਰ-ਸਿੱਖ ਲਿਖਤਾਂ ਨੇ ਇਸ ਗਰਿਫ਼ਤਾਰੀ ਨੂੰ ਭਾਰੀ ਜੁਰਮਾਨਾ ਅਦਾ ਨਾ ਕਰਨ ਦੇ ਦੋਸ਼ ਦੀ ਰੰਗਤ ਵਿਚ ਰੰਗ ਦਿੱਤਾ ਹੈ। ਅਸਲ ਭਾਵ ਵੱਲ ਆਉਣ ਦੀ ਕਿਸੇ ਨੇ ਵੀ ਕੋਸ਼ਿਸ਼ ਨਹੀਂ ਕੀਤੀ। ਸਾਡਾ ਮਕਸਦ ਇਨ੍ਹਾਂ ਨਿਗੂਣੀਆਂ ਜਿਹੀਆਂ ਗੱਲਾਂ ਦੇ ਵਿਸਥਾਰ ਵਿਚ ਜਾਣ ਦਾ ਨਹੀਂ ਸਗੋਂ ਅਸਲ ਭਾਵ ਨੂੰ ਦਰਸਾਉਣ ਦਾ ਹੈ। ਜ਼ੁਲਫ਼ਕਾਰ ਅਰਧਸਤਾਨੀ ਦੀ ਲਿਖਤ ਦਬੇਸਤਾਨ-ਏ-ਮਜ਼ਾਹਿਬ, ਖ਼ੁਸ਼ਕਿਸਮਤੀ ਨਾਲ ਇਕ ਸਮਕਾਲੀ ਲਿਖਤ ਹੈ ਅਤੇ ਇਸ ਵਿਚ ਦਿੱਤਾ ਗਿਆ ਵੇਰਵਾ ਭਾਵੇਂ ਸੰਖੇਪ ਹੈ ਅਤੇ ਸਿੱਖ ਭਾਵ ਦੇ ਸਮਝਣ ਤੋਂ ਅਸਮਰਥ ਵੀ ਹੈ ਪਰ ਇਸ ਵੇਰਵੇ ਨੂੰ ਜੇਕਰ ਸਾਵਧਾਨੀ ਨਾਲ ਵਰਤ ਲਿਆ ਜਾਵੇ ਤਾਂ ਇਸ ਰਾਹੀਂ ਗੁਰੂ ਹਰਿਗੋਬਿੰਦ ਸਾਹਿਬ ਪਰੱਤੀ ਪਏ ਹੋਏ ਭੁਲੇਖੇ ਕਾਫ਼ੀ ਹੱਦ ਤੱਕ ਦੂਰ ਹੋ ਜਾਂਦੇ ਹਨ।

ਗੁਰੂ ਹਰਿਗੋਬਿੰਦ ਸਾਹਿਬ ਦੀ ਗਰਿਫ਼ਤਾਰੀ ਦਾ ਮੂਲ ਕਾਰਨ ਹੀ ਇਹ ਸੀ ਕਿ ਗੁਰੂ ਜੀ ਨੇ ਅਕਾਲ ਤਖ਼ਤ ਸਾਹਿਬ ਉਪਰ ਸਿੱਖ ਸੰਗਤਾਂ ਦੇ ਦਰਬਾਰ ਲਗਾ ਕੇ ਉਨ੍ਹਾਂ ਦੇ ਫ਼ੈਸਲੇ ਕਰਨੇ ਸ਼ੁਰੂ ਕਰ ਦਿੱਤੇ ਸਨ ਅਤੇ ਸਿੱਖਾ ਨੂੰ ਹਥਿਆਰਬੰਦ ਹੋ ਕੇ ਆਉਣ ਦੇ ਹੁਕਮ ਜਾਰੀ ਕਰ ਦਿੱਤੇ ਸਨ। ਜ਼ੁਲਫ਼ਕਾਰ ਅਰਧਸਤਾਨੀ ਨੇ ਭਾਵੇਂ ਗੁਰੂ ਜੀ ਦੀ ਗਰਿਫ਼ਤਾਰੀ ਦਾ ਕਰਨ ਵਰਨਣ ਕਰਦਿਆਂ ਸਿਧਾ ਅਕਾਲ ਤਖ਼ਤ ਦੀ ਸਥਾਪਨਾ ਦਾ ਤਾਂ ਨਾਂ ਨਹੀਂ ਲਿਆ ਪਰ ਉਸ ਦੀ ਲਿਖਤ ਤੋਂ ਭਾਵ ਇਹੀ ਨਿਕਲਦਾ ਹੈ। ਜ਼ੁਲਫ਼ਕਾਰ ਅਰਧਸਤਾਨੀ ਲਿਖਦਾ ਹੈ: "ਉਸ (ਗੁਰੂ) ਨੂੰ ਬਹੁਤ ਸਾਰੀਆਂ ਮੁਸ਼ਕਲਾਂ ਦਾ ਸਾਹਮਣਾ ਕਰਨਾ ਪਿਆ ਸੀ। ਇਨ੍ਹਾਂ ਵਿਚੋਂ ਇਕ ਇਹ ਸੀ ਕਿ ਉਸ ਨੇ ਇਕ ਜੋਧੇ ਵਾਲੀ ਜੀਵਨ-ਨੀਤੀ ਅਪਣਾ ਲਈ ਸੀ ਅਤੇ ਆਪਣੇ ਪਿਤਾ ਦੇ ਉਲਟ ਕਿਰਪਾਨ ਪਹਿਨ ਲਈ ਸੀ; ਫ਼ੌਜ ਰੱਖ ਲਈ ਸੀ ਅਤੇ ਸ਼ਿਕਾਰ ਖੇਡਣਾ ਸ਼ੁਰੂ ਕਰ ਦਿੱਤਾ ਸੀ। ਬਾਦਸ਼ਾਹ ਨੇ ਉਸ ਦੇ ਪਿਤਾ ਅਰਜਨ ਮਲ ਤੇ ਕੀਤੇ ਹੋਏ ਜੁਰਮਾਨੇ ਦੀ ਬਕਾਇਆ ਰਕਮ ਨੂੰ ਉਸ ਤੋਂ ਵਸੂਲਣ ਵਾਸਤੇ ਉਸ ਨੂੰ (ਗੁਰੂ) ਗਵਾਲੀਅਰ ਦੇ ਕਿਲੇ ਵਿਚ ਕੈਦ ਕਰ ਕੇ ਭੇਜ ਦਿੱਤਾ ਸੀ।"[18] ਇਹ ਠੀਕ ਹੈ ਗੁਰੂ ਜੀ ਦੇ ਸਮਕਾਲੀ ਲੇਖਕ ਦੀ ਉਕਤ ਟੂਕ ਨਾਲ ਪੂਰੀ ਤਰ੍ਹਾਂ ਸਹਿਮਤ ਨਹੀਂ ਹੋਇਆ ਜਾ ਸਕਦਾ ਪਰ ਉਕਤ ਟੂਕ ਤੋਂ ਇਹ ਗੱਲ ਤਾਂ ਸਾਬਤ ਹੁੰਦੀ ਹੈ ਕਿ ਗੁਰੂ ਜੀ ਦੀ ਗਰਿਫ਼ਤਾਰੀ ਦਾ ਤਤਕਾਲੀਨ ਕਾਰਨ ਉਨ੍ਹਾਂ ਵਲੋਂ ਆਪਣਾਇਆ ਗਿਆ ਸੈਨਿਕ ਤੌਰ-ਤਰੀਕਾ ਹੀ ਸੀ। ਸੈਨਿਕ ਤੌਰ-ਤਰੀਕਾ ਅਕਾਲ ਤਖ਼ਤ ਸਾਹਿਬ ਤੋਂ ਸ਼ੁਰੂ ਕੀਤੀਆਂ ਕਾਰਵਾਈਆਂ ਦਾ ਹੀ ਇਕ ਪੱਖ ਸੀ। ਤੇਜਾ ਸਿੰਘ ਗੰਡਾ ਸਿੰਘ ਜੈਸੇ ਇਤਿਹਾਸਕਾਰ ਵੀ

---

17. ਇਨ੍ਹਾਂ ਵਿਚ ਆਮ ਤੌਰ 'ਤੇ ਗੁਰੂ ਜੀ ਦੀ ਗਰਿਫ਼ਤਾਰੀ ਦਾ ਕਾਰਨ ਜਾਂ ਤਾਂ ਚੰਦੂ ਤੇ ਪਿਰਥੀਏ ਵਲੋਂ ਗੁਰੂ ਜੀ ਦੀ ਸ਼ਿਕਾਇਤ ਕਰਨਾ ਜਾਂ ਫਿਰ ਬਾਦਸ਼ਾਹ ਵਲੋਂ ਆਪਣੀ ਚੰਗੀ ਸਿਹਤ ਲਈ ਵਰਦਾਨ ਮੰਗਣ ਲਈ ਗੁਰੂ ਜੀ ਨੂੰ ਗਵਾਲੀਅਰ ਦੇ ਕਿਲ੍ਹੇ ਵਿਚ ਬਹਾਨੇ ਨਾਲ ਬੰਦ ਕਰਨਾ ਆਦਿ ਗੱਲਾਂ ਹੀ ਲਿਖੀਆ ਹੋਈਆਂ ਹਨ। ਇਹ ਸਾਰੇ ਹੀ ਕਾਰਨ ਜਿਥੇ ਗੈਰ-ਇਤਿਹਾਸਕ ਹਨ ਉਥੇ ਦਲੀਲ-ਰਹਿਤ ਵੀ ਹਨ। ਦੇਖੋ: ਕੇਸਰ ਸਿੰਘ ਛਿਬਰ, 'ਬੰਸਾਵਲੀਨਾਮਾ' ਮੈਗਜ਼ੀਨ 'ਪਰਖ' (ਸੰਪਾਦਕ ਰਤਨ ਸਿੰਘ ਜੱਗੀ), ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ, 1972, ਪੰਨਾ 63; ਗਯਾਨ ਸਿੰਘ *ਪੂਰਵਅੰਕਤ* ਪੰਨਾ 218; ਵੀਰ ਸਿੰਘ ਬਲ, *ਗੁਰਕੀਰਤ ਪ੍ਰਕਾਸ਼*, ਪੰਨਾ 165.
18. *ਮਾਖ਼ਜ਼ਿ ਤਵਾਰੀਖ਼-ਏ ਸਿੱਖਾਂ* (ਸੰ. ਗੰਡਾ ਸਿੰਘ), ਖ਼ਾਲਸਾ ਕਾਲਜ, ਅੰਮ੍ਰਿਤਸਰ, 1949, ਪੰਨਾ 38.

ਲਗਪਗ ਇਸੇ ਮਤ ਦੀ ਪੁਸ਼ਟੀ ਕਰਦੇ ਹੋਏ ਲਿਖਦੇ ਹਨ ਕਿ ਗੁਰੂ ਜੀ ਦੀ ਸੈਨਾ ਵਿਚ ਆਮ ਲੋਕਾਂ ਦੇ ਭਰਤੀ ਹੋ ਜਾਣ ਕਰਕੇ ਹੀ ਗੁਰੂ ਜੀ ਨੂੰ ਗਰਿਫ਼ਤਾਰ ਕੀਤਾ ਗਿਆ ਸੀ।[19]

ਗੁਰੂ ਜੀ ਦੀ ਗਰਿਫ਼ਤਾਰੀ ਦੇ ਸਮੇਂ ਬਾਰੇ ਵੀ ਸਾਡੇ ਪਾਸ ਜ਼ੁਲਫ਼ਕਾਰ ਅਰਧਸਤਾਨੀ ਦੀ ਲਿਖਤ ਤੋਂ ਵੱਧ ਭਰੋਸੇਯੋਗ ਲਿਖਤ ਹੋਰ ਕੋਈ ਨਹੀਂ ਹੈ। ਇਸ ਅਨੁਸਾਰ ਗੁਰੂ ਜੀ ਨੂੰ ਬਾਰਾਂ ਸਾਲ ਲਈ ਨਜ਼ਰਬੰਦ ਕੀਤਾ ਗਿਆ ਸੀ। ਕਈ ਆਧੁਨਿਕ ਲੇਖਕ ਇਸ ਦਲੀਲ ਦੇ ਆਧਾਰ 'ਤੇ ਬਾਰਾਂ ਸਾਲ ਦੇ ਮੱਤ ਨੂੰ ਰੱਦ ਕਰਦੇ ਹਨ ਕਿ ਇਸ ਸਮੇਂ ਦੌਰਾਨ ਹੀ ਗੁਰੂ ਜੀ ਦੇ ਸਾਹਿਬਜ਼ਾਦਿਆਂ ਦੇ ਜਨਮ ਹੋਏ ਸਨ। ਇਹ ਦਲੀਲ ਸਿਰਫ਼ ਉਸ ਹੱਦ ਤਕ ਠੀਕ ਹੈ ਜੇਕਰ ਗੁਰੂ ਜੀ ਦੀ ਗਰਿਫ਼ਤਾਰੀ ਪੂਰੀ ਸਖ਼ਤਾਈ ਵਾਲੀ ਚਾਰ ਦਿਵਾਰੀ ਅੰਦਰ ਹੋਵੇ ਪਰ ਜੇ ਗਰਿਫ਼ਤਾਰੀ ਖੁੱਲ੍ਹੀ ਨਜ਼ਰਬੰਦੀ ਦੀ ਹੁੰਦੀ ਹੈ ਤਾਂ ਉਕਤ ਦਲੀਲ ਦਾ ਕੋਈ ਮਹੱਤਵ ਨਹੀਂ ਰਹਿ ਜਾਂਦਾ। ਖੁੱਲ੍ਹੀ ਨਜ਼ਰਬੰਦੀ ਵਿਚ ਪਰਿਵਾਰ ਗੁਰੂ ਜੀ ਦੇ ਨਾਲ ਹੀ ਰਹਿ ਸਕਦੇ ਸਨ। ਗੁਰਮੁਖੀ ਦੀਆਂ ਕੁਝ ਮੁਢਲੀਆਂ ਲਿਖਤਾਂ[20] ਤੋਂ ਇਸ ਮਤ ਦੀ ਪਰੋੜ੍ਹਤਾ ਵੀ ਹੁੰਦੀ ਹੈ। ਇਹ ਗੱਲ ਇਕ ਹੋਰ ਪੱਖ ਵੀ ਸਾਬਤ ਹੋ ਜਾਂਦੀ ਹੈ ਕਿ ਜਦੋਂ ਬਾਦਸ਼ਾਹ ਜਹਾਂਗੀਰ ਦੇ ਵਾਰੀ ਪੰਜਾਬ ਵਿਚੋਂ ਦੀ ਲੰਘ ਕੇ ਕਸ਼ਮੀਰ ਗਿਆ ਸੀ ਤਾਂ ਗੁਰੂ ਜੀ ਵੀ ਉਸ ਨਾਲ ਕਸ਼ਮੀਰ ਵਲ ਗਏ ਸਨ।[21] ਇਸ ਤਰ੍ਹਾਂ ਗੁਰੂ ਜੀ ਦੀ ਗਰਿਫ਼ਤਾਰੀ ਖੁੱਲ੍ਹੀ ਨਜ਼ਰਬੰਦੀ ਦੀ ਹੈ ਜਿਹੜੀ ਕਿ ਸਖ਼ਤਾਈ ਜਾਂ ਨਰਮਾਈ ਦੇ ਰੂਪ ਵਿਚ ਬਾਰਾਂ ਸਾਲ ਤਕ ਰਹਿੰਦੀ ਹੈ। ਪਰ ਕਿਸੇ ਵੀ ਰੂਪ ਵਿਚ ਇਕ ਸਮਕਾਲੀ ਲਿਖਤ ਦੀ ਗਵਾਹੀ ਨੂੰ ਝੁਠਲਾਇਆ ਨਹੀਂ ਜਾ ਸਕਦਾ। ਜ਼ੁਲਫ਼ਕਾਰ ਅਰਧਸਤਾਨੀ ਅਨੁਸਾਰ ਜਦੋਂ ਗੁਰੂ ਜੀ ਨੂੰ ਗਵਾਲੀਅਰ ਦੇ ਕਿਲੇ ਵਿਚ ਨਜ਼ਰਬੰਦ ਕਰ ਕੇ ਰਖਿਆ ਗਿਆ ਸੀ ਤਾਂ ਉਨ੍ਹਾਂ ਨੂੰ ਬਹੁਤ ਹੀ ਘੱਟ ਭੋਜਨ ਖਾਣ ਨੂੰ ਦਿੱਤਾ ਜਾਂਦਾ ਸੀ ਅਤੇ ਉਨ੍ਹਾਂ ਦੇ ਸ਼ਰਧਾਲੂ ਸਿੱਖ ਦੂਰੋਂ ਨੇੜਿਓਂ ਆ ਕੇ ਕਿਲ੍ਹੇ ਦੀ ਉਸ ਕੰਧ ਨੂੰ ਨਮਸਕਾਰ ਕਰ ਕੇ ਮੁੜ ਜਾਂਦੇ ਸਨ ਜਿਸ ਕਮਰੇ ਵਿਚ ਗੁਰੂ ਜੀ ਨੂੰ ਕੈਦ ਕਰਕੇ ਰਖਿਆ ਹੋਇਆ ਸੀ। ਬਾਦਸ਼ਾਹ ਨੇ ਸਿੱਖਾਂ ਦੀ ਇਹ ਸ਼ਰਧਾ ਦੇਖ ਕੇ (ਜ਼ੁਲਫ਼ਕਾਰ ਅਨੁਸਾਰ ਤਰਸ ਕਰਕੇ) ਗੁਰੂ ਜੀ ਨੂੰ ਰਿਹਾ ਕਰ ਦਿੱਤਾ।[22] ਇਹ ਰਿਹਾਈ ਬਾਰਾਂ ਸਾਲ ਦੀ ਖੁਲ੍ਹੀ ਨਜ਼ਰਬੰਦੀ ਦੀ ਸ਼ੁਰੂਆਤ ਹੀ ਹੋ ਸਕਦੀ ਹੈ। ਪਹਿਲਾਂ ਗੁਰੂ ਜੀ ਨੂੰ, ਜਿਵੇਂ ਕਿ ਉਕਤ ਲਿਖਤ ਤੋਂ ਪਤਾ ਲਗਦਾ ਹੈ, ਕਿਲੇ ਦੀ ਸਖ਼ਤ ਕੈਦ ਵਿਚ ਰੱਖਿਆ ਗਿਆ ਫਿਰ ਸਿੱਖਾਂ ਦੀ ਸ਼ਰਧਾ ਵੇਖ ਕੇ ਜਾਂ ਉਨ੍ਹਾਂ ਵਿਅਕਤੀਆਂ ਵਲੋਂ ਵਧੀਆ ਰਿਪੋਰਟਾਂ ਦੇਣ 'ਤੇ ਜੋ ਗੁਰੂ ਜੀ ਪਰੱਤੀ ਸ਼ਰਧਾ ਰਖਦੇ ਸਨ,[23] ਬਾਦਸ਼ਾਹ ਨੇ ਗੁਰੂ ਜੀ ਨੂੰ ਕਿਲ੍ਹੇ ਵਿਚੋਂ ਰਿਹਾਅ ਕਰ ਕੇ ਖੁੱਲ੍ਹੀ

---

19. *ਸਿੱਖ ਇਤਿਹਾਸ*, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1985, ਪੰਨਾ 45.
20. ਮਿਸਾਲ ਦੇ ਤੌਰ 'ਤੇ ਸਰੂਪ ਦਾਸ ਭੱਲਾ ਇਸ ਬਾਰੇ ਲਿਖਦਾ ਹੈ :
ਪੂਛਾ ਬਾਦਸ਼ਾਹ ਵਜ਼ੀਰ ਬੁਲਾਏ। ਗੁਰੂ ਹਰਿਗੋਬਿੰਦ ਕਾ ਕਹੋ ਉਪਾਇ।.......
ਨਜ਼ਰਬੰਦ ਚੌਕੀ ਕਰ ਦੀਜੈ। ਹਜ਼ਰਤ ਲਸ਼ਕਰ ਸੰਗ ਰਖੀਜੈ।
ਸੁਨ ਬਾਦਸ਼ਾਹ ਪਸੰਦ ਯਹ ਕੀਆ। ਚੌਕੀ ਤਾਇਨਾਤ ਕਰ ਦੀਆ।
ਮਹਿਮਾ ਪ੍ਰਕਾਸ਼, ਪੰਨਾ 447.
21. *ਉਕਤ*, ਪੰਨਾ 448.
22. *ਮਾਖ਼ਜ਼ਿ ਤਵਾਰੀਖ਼-ਏ-ਸਿੱਖਾਂ*, ਪੰਨਾ 30.
23. ਇਨ੍ਹਾਂ ਵਿਅਕਤੀਆਂ ਵਿਚ ਸਾਂਈ ਮੀਆਂ ਮੀਰ, ਵਜ਼ੀਰ ਖ਼ਾਨ ਅਤੇ ਮਹਾਬਤ ਖ਼ਾਨ ਜਿਹੇ ਨਾਂ ਆਉਂਦੇ ਹਨ।

ਨਜ਼ਰਬੰਦੀ ਵਿਚ ਰਖਿਆ ਹੋਵੇਗਾ।

ਦਬੇਸਤਾਨ ਦਾ ਕਰਤਾ ਜੋ ਗੁਰੂ ਜੀ ਦਾ ਸਮਕਾਲੀ ਵੀ ਸੀ ਅਤੇ ਗੁਰੂ ਜੀ ਪਾਸ ਕਾਫ਼ੀ ਚਿਰ ਰਿਹਾ ਵੀ ਸੀ, ਕਦੇ ਵੀ ਬਾਰਾਂ ਸਾਲਾਂ ਦੀ ਕੈਦ ਦਾ ਭੁਲੇਖਾ ਨਹੀਂ ਖਾ ਸਕਦਾ।[24] ਆਖਰਕਾਰ ਇਨ੍ਹਾਂ ਬਾਰਾਂ ਸਾਲਾਂ ਦੀ ਕੈਦ ਬਾਰੇ ਸਾਰੀ ਗੱਲ ਉਸ ਨੂੰ ਗੁਰੂ ਜੀ ਨੇ ਖ਼ੁਦ ਹੀ ਦੱਸੀ ਹੋਣੀ ਹੈ। ਇਸ ਕਰਕੇ ਇਹ ਜ਼ਰੂਰੀ ਨਹੀਂ ਹੈ ਕਿ ਬਾਰਾਂ ਸਾਲ ਗੁਰੂ ਜੀ ਨੇ ਕਿਲੇ ਵਿਚ ਹੀ ਗੁਜ਼ਾਰੇ ਹੋਣ ਇਹ ਅਰਸਾ ਖੁੱਲ੍ਹੀ ਨਜ਼ਰਬੰਦੀ ਦਾ ਵੀ ਹੋ ਸਕਦਾ ਹੈ।

ਗੁਰੂ ਜੀ ਭਾਵੇਂ ਖੁੱਲ੍ਹੀ ਕੈਦ ਵਿਚ ਰਹੇ ਹੋਣ ਜਾਂ ਸੁਤੰਤਰ ਤੌਰ 'ਤੇ ਵਿਚਰਦੇ ਰਹੇ ਹੋਣ ਪਰ ਇਕ ਗੱਲ ਨਿਸ਼ਚਤ ਹੈ ਕਿ ਗੁਰੂ ਜੀ ਦੀ ਕੈਦ ਦੇ ਮੁੱਢਲੇ ਕੁਝ ਸਮੇਂ ਨੂੰ ਛੱਡ ਕੇ ਬਾਕੀ ਸਾਰਾ ਅਰਸਾ ਗੁਰੂ ਜੀ ਅਤੇ ਬਾਦਸ਼ਾਹ ਜਹਾਂਗੀਰ ਦੇ ਆਪਸੀ ਸੰਬੰਧ ਦੋਸਤਾਨਾਂ ਹੀ ਰਹੇ ਸਨ। ਗੁਰੂ ਜੀ ਵਲੋਂ ਆਪਣੀ ਰਿਹਾਈ ਸਮੇਂ ਬਾਕੀ ਦੇ ਬੰਦੀ ਬਣਾਏ ਪਹਾੜੀ ਰਾਜਿਆਂ ਨੂੰ ਛੁਡਾ ਲੈਣਾ ਵੀ ਇਸ ਗੱਲ ਨੂੰ ਸਾਬਤ ਕਰਦਾ ਹੈ ਕਿ ਜ਼ੁਲਫਕਾਰ ਅਰਧਸਤਾਨੀ ਦੀ ਇਸ ਗੱਲ ਤੋਂ ਵੀ ਇਸ ਮਤ ਦੀ ਪੁਸ਼ਟੀ ਹੁੰਦੀ ਹੈ ਕਿ ਗੁਰੂ ਜੀ ਪਾਸ ਹਰ ਸਮੇਂ ਅੱਠ ਸੌ ਘੋੜੇ, ਤਿਨ ਸੌ ਸਵਾਰ ਅਤੇ ਸੱਠ ਤੋਪਚੀ ਰਹਿੰਦੇ ਸਨ[25] ਭਾਵੇਂ ਕਨਿੰਘਮ ਨੇ ਇਸ ਸੈਨਿਕ ਟੁਕੜੀ ਨੂੰ ਗੁਰੂ ਜੀ ਦੀ ਅੰਗ ਰਖਿਅਕ ਟੁਕੜੀ ਹੀ ਦੱਸਿਆ ਹੈ[26] ਪਰ ਫਿਰ ਵੀ ਇਸ ਤੋਂ ਗੁਰੂ ਜੀ ਅਤੇ ਬਾਦਸ਼ਾਹ ਜਹਾਂਗੀਰ ਦੇ ਅੱਛੇ ਸੰਬੰਧਾਂ ਦੀ ਪੁਸ਼ਟੀ ਤਾਂ ਜ਼ਰੂਰ ਹੁੰਦੀ ਹੈ।

ਗੁਰੂ ਹਰਿਗੋਬਿੰਦ ਸਾਹਿਬ ਦੇ ਜੀਵਨ-ਕਾਲ ਵਿਚ ਦੋ ਬਾਦਸ਼ਾਹ ਹੋਏ ਸਨ : ਜਹਾਂਗੀਰ ਤੇ ਸ਼ਾਹਜਹਾਨ। ਇਸ ਲਈ ਗੁਰੂ ਜੀ ਦੇ ਜੀਵਨ-ਕਾਲ ਦੀਆਂ ਘਟਨਾਵਾਂ ਅਤੇ ਗਤੀਵਿਧੀਆਂ ਦੇ ਵੀ ਮੁੱਖ ਤੌਰ 'ਤੇ ਦੋ ਪੜਾਅ ਹੀ ਹਨ। ਕਿਉਂਕਿ ਦੋਹਾਂ ਬਾਦਸ਼ਾਹਾਂ ਦੀ ਨੀਤੀ ਅਤੇ ਪਹੁੰਚ ਇਕ ਦੂਜੇ ਨਾਲੋਂ ਵੱਖਰੀ ਸੀ ਇਸ ਕਰਕੇ ਗੁਰੂ ਜੀ ਦੇ ਸੰਬੰਧ ਵੀ ਇਨ੍ਹਾਂ ਦੋਹਾਂ ਬਾਦਸ਼ਾਹਾਂ ਦੇ ਸਮੇਂ ਵੱਖ ਵੱਖ ਨੀਤੀਆਂ ਅਨੁਸਾਰ ਅਲੱਗ ਅਲੱਗ ਰਹੇ ਸਨ। ਪਹਿਲਾ ਪੜਾਅ ਜਹਾਂਗੀਰ ਦਾ ਸੀ ਜਿਸ ਦੇ ਸੰਬੰਧਾਂ ਦੀ ਸ਼ੁਰੂਆਤ ਤਾਂ ਭਾਵੇਂ ਗੁਰੂ ਅਰਜਨ ਦੇਵ ਜੀ ਦੀ ਸ਼ਹਾਦਤ ਜੈਸੀ ਮਹਾਨ ਦੁਖਦਾਈ ਘਟਨਾ ਵਿਚ ਹੋਈ ਸੀ ਪਰ ਪਿਛਲਾ ਸਮਾਂ ਸਾਰਾ ਹੀ ਅੱਛੇ ਸੰਬੰਧਾਂ ਵਾਲਾ ਅਤੇ ਸ਼ਾਂਤੀ ਵਾਲਾ ਸੀ। ਪਰ ਸ਼ਾਹ ਜਹਾਨ ਦਾ ਸਮਾਂ, ਪਿਛਲੇ ਕੁਝ ਅਰਸੇ ਨੂੰ ਛੱਡ ਕੇ, ਕਾਫ਼ੀ ਮੁਸ਼ਕਲਾਂ ਵਾਲਾ ਸੀ। ਇਸ ਸਮੇਂ ਦੌਰਾਨ ਹੀ ਗੁਰੂ ਜੀ ਨੂੰ ਕਈ ਵਾਰ ਸਥਾਨਕ ਹਾਕਮਾਂ ਨਾਲ ਲੜਾਈਆਂ ਕਰਨੀਆਂ ਪਈਆਂ ਤੇ ਇਕ ਥਾਂ ਤੋਂ ਦੂਜੀ ਥਾਂ 'ਤੇ ਜਾਉਂਦੇ ਰਹਿਣਾ ਪਿਆ। ਭਾਵੇਂ ਇਹ ਲੜਾਈਆਂ ਸਿੱਧੀਆਂ ਬਾਦਸ਼ਾਹ ਨਾਲ ਨਹੀਂ ਸਨ ਅਤੇ ਨਾ ਹੀ ਇਨ੍ਹਾਂ ਵਿਚ ਬਾਦਸ਼ਾਹ ਦੀ ਕੋਈ ਰੁਚੀ ਹੀ ਸੀ ਪਰ ਕਿਉਂਕਿ ਜਿਨ੍ਹਾਂ ਵੀ ਸਥਾਨਕ ਹਾਕਮਾਂ ਨਾਲ ਇਹ ਲੜਾਈਆਂ ਹੋਈਆਂ ਸਨ ਉਹ ਆਖ਼ਰ ਬਾਦਸ਼ਾਹ ਦੀ ਹਕੂਮਤ ਦੇ ਕਰਿੰਦੇ ਹੀ ਸਨ ਇਸ ਲਈ ਇਨ੍ਹਾਂ ਲੜਾਈਆਂ ਤੋਂ ਹੀ ਗੁਰੂ ਜੀ ਦੇ, ਬਾਦਸ਼ਾਹ ਸ਼ਾਹ ਜਹਾਨ ਨਾਲ ਸੰਬੰਧਾਂ ਦਾ ਮੁਲਅੰਕਣ ਕੀਤਾ ਜਾਂਦਾ ਹੈ। ਸਿੱਖ ਇਤਿਹਾਸ ਵਿਚ ਇਨ੍ਹਾਂ ਲੜਾਈਆਂ ਦਾ ਮਹੱਤਵ ਆਪਣੀ ਹੀ ਕਿਸਮ ਦਾ

---

24. See also Hari Ram Gupta, *History of Sikh Gurus*, pp. 112-13.
25. *ਮਾਖ਼ਜ਼ਿ ਤਵਾਰੀਖ਼-ਏ-ਸਿੱਖਾਂ*, ਪੰਨਾ 37-38.
26. *History of The Sikhs*, p. 66.

ਹੈ। ਗੁਰੂ ਹਰਿਗੋਬਿੰਦ ਸਾਹਿਬ ਨੇ ਸਿੱਖ ਲਹਿਰ ਦੇ ਇਤਿਹਾਸ ਵਿਚ, ਪਹਿਲੀ ਵਾਰ, ਰਾਜਨੀਤਿਕ ਚੇਤੰਨਤਾ ਜਾਂ ਸਵੈ-ਸੁਤੰਤਰਤਾ ਦੇ ਅਹਿਸਾਸ ਨੂੰ ਸਾਹਮਣੇ ਲਿਆਂਦਾ ਸੀ। ਸਿਰੀ ਅਕਾਲ ਤਖ਼ਤ ਸਾਹਿਬ ਦੀ ਸਥਾਪਨਾ ਇਸ ਅਹਿਸਾਸ ਦਾ ਪਰਗਟਾਵਾ ਹੀ ਸੀ। ਜੋ ਲੜਾਈਆਂ ਗੁਰੂ ਜੀ ਨੇ ਪੰਜਾਬ ਦੇ ਸਥਾਨਕ ਹਾਕਮਾਂ ਨਾਲ ਕੀਤੀਆਂ ਸਨ ਉਨ੍ਹਾਂ ਤੋਂ ਉਕਤ ਸਵੈ-ਸੁਤੰਤਰਤਾ ਦੇ ਅਹਿਸਾਸ ਨੂੰ ਬਲ ਮਿਲਿਆ ਸੀ।[27] ਸਿੱਖਾਂ ਵਿਚ ਇਸ ਗੱਲ ਦਾ ਵਿਸ਼ਵਾਸ ਹੋ ਗਿਆ ਸੀ ਕਿ ਉਹ ਵੀ ਸਫ਼ਲਤਾ ਸਹਿਤ ਆਪਣੇ ਦੁਸ਼ਮਣਾਂ ਨਾਲ ਲੋਹਾ ਲੈ ਸਕਦੇ ਹਨ।

ਕੌਲਾਂ ਦਾ ਮਸਲਾ, ਘੋੜਿਆਂ ਦੀ ਵਾਪਸੀ, ਬਾਜ ਨੂੰ ਵਾਪਸ ਨਾ ਕਰਨਾ ਆਦਿ ਘਟਨਾਵਾਂ ਦੇਖਣ ਵਿਚ ਬਹੁਤ ਹੀ ਮਾਮੂਲੀ ਜਿਹੀਆਂ ਲਗਦੀਆਂ ਹਨ ਪਰ ਜਦੋਂ ਇਹੀ ਮਸਲੇ ਉਭਰ ਰਹੀ ਕੌਮ ਨਾਲ ਸੰਬੰਧਤ ਹੁੰਦੇ ਹਨ ਤਾਂ ਇਨ੍ਹਾਂ ਦੇ ਪਰਭਾਵ ਬੜੇ ਦੂਰ-ਰਸ ਵਾਲੇ ਹੁੰਦੇ ਹਨ। ਸਿੱਖ ਲਹਿਰ ਦਾ ਆਪਣੇ ਸਮੇਂ ਦੇ ਹਰ ਉਸ ਤਬਕੇ ਨਾਲ ਵਿਰੋਧ ਸੀ ਜੋ ਮਨੁੱਖ ਨੂੰ ਮਾਨਸਿਕ ਗੁਲਾਮੀ ਦੀ ਜੰਜੀਰ ਵਿਚ ਜਕੜਨ ਦੀ ਕੋਸ਼ਿਸ਼ ਕਰਦਾ ਸੀ। ਇਹ ਵਿਰੋਧ ਬਰਾਹਮਣਾਂ ਵਲੋਂ ਵੀ ਹੋਇਆ ਅਤੇ ਕਾਜ਼ੀਆਂ-ਮੌਲਾਣਿਆਂ ਵਲੋਂ ਵੀ। ਕੌਲਾਂ ਦਾ ਮਸਲਾ ਧਾਰਮਕ ਸੁਤੰਤਰਤਾ ਨਾਲ ਸੰਬੰਧਤ ਸੀ। ਗੁਰੂ ਜੀ ਨੇ ਇਸ ਨਾਲ ਮੱਥਾ ਲਾਇਆ ਅਤੇ ਲਾਹੌਰ ਦੇ ਸਥਾਨਕ ਕਾਜ਼ੀਆਂ-ਮੌਲਾਣਿਆਂ ਦੇ ਵਿਰੋਧ ਨੂੰ ਤਾਕਤ ਦੇ ਜ਼ੋਰ ਨਾਲ ਠੱਲ ਪਾਈ। ਘੋੜਿਆਂ ਦਾ ਮਸਲਾ, ਧੱਕੇ ਨਾਲ ਕਿਸੇ ਦੀ ਜਾਇਦਾਦ ਖੋਹਣ ਦੇ ਬਰਾਬਰ ਹੈ। ਗੁਰੂ ਜੀ ਨੇ ਘੋੜੇ ਖੋਹਣ ਵਾਲੇ ਸਥਾਨਿਕ ਚੌਧਰੀਆਂ ਤੋਂ ਘੋੜਿਆਂ ਨੂੰ ਉਸੇ ਤਰ੍ਹਾਂ ਵਾਪਸ ਲਿਆ ਜਿਸ ਤਰ੍ਹਾਂ ਉਨ੍ਹਾਂ ਨੇ ਸਿੱਖ ਸੰਗਤਾਂ ਕੋਲੋਂ ਖੋਹੇ ਸਨ। ਇਸ ਦੀ ਪੂਰਤੀ ਲਈ ਗੁਰੂ ਜੀ ਹਰ ਕਿਸਮ ਦਾ ਕਦਮ ਚੁੱਕਣ ਨੂੰ ਤਿਆਰ ਸਨ। ਇਸ ਤਰ੍ਹਾਂ ਅਸੀਂ ਦੇਖਦੇ ਹਾਂ ਕਿ ਗੁਰੂ ਜੀ ਵਲੋਂ ਲੜੀਆਂ ਗਈਆਂ ਲੜਾਈਆ ਦੇ ਕਾਰਨ ਭਾਵੇਂ ਬਹੁਤ ਹੀ ਅਸਾਧਾਰਨ ਕਿਸਮ ਦੇ ਸਨ ਪਰ ਇਨ੍ਹਾਂ ਦਾ ਮਹੱਤਵ ਸਿੱਖ ਲਹਿਰ ਲਈ ਬਹੁਤ ਜਿਆਦਾ ਸੀ। ਇਨ੍ਹਾਂ ਲੜਾਈਆਂ ਨੇ ਅਕਾਲ ਤਖ਼ਤ ਸਾਹਿਬ ਦੀ ਸਥਾਪਨਾ ਦੁਆਰਾ ਦਰਸਾਏ ਗਏ ਸਵੈ-ਸੁਤੰਤਰਤਾ ਦੇ ਐਲਾਨ ਨੂੰ ਹੋਰ ਬਲ ਬਖ਼ਸ਼ਿਆ। ਇਨ੍ਹਾਂ ਲੜਾਈਆਂ ਨੇ, ਝੁਲਾਏ ਗਏ ਦੋ ਕੇਸਰੀ ਨਿਸ਼ਾਨ ਸਾਹਿਬਾਂ ਦੀਆਂ ਅਸਮਾਨੀ ਬੁਲੰਦੀਆਂ ਨੂੰ ਹੋਰ ਉਚੇਰਾ ਕੀਤਾ ਸੀ। ਇਨ੍ਹਾਂ ਲੜਾਈਆਂ ਨੇ ਗੁਰੂ ਜੀ ਵਲੋਂ ਧਾਰਨ ਕੀਤੇ ਗਏ ਸ਼ਾਹੀ ਲਿਬਾਸ ਨੂੰ ਹੋਰ ਆਤਮ-ਵਿਸ਼ਵਾਸ ਪਰਦਾਨ ਕੀਤਾ ਅਤੇ ਧਾਰਨੀ ਕੀਤੀਆਂ ਦੋ ਕਿਰਪਾਨਾਂ ਦੇ ਸੰਕਲਪ ਨੂੰ ਹੋਰ ਸਪੱਸ਼ਟਤਾ ਦਿੱਤੀ।

ਗੁਰੂ ਸਾਹਿਬ ਦੇ ਜੀਵਨ-ਕਾਲ ਦੌਰਾਨ ਸਿਰੀ ਅਕਾਲ ਤਖ਼ਤ ਸਾਹਿਬ ਦੇ ਸਮੁੱਚੇ ਪਰਬੰਧ ਬਾਰੇ ਜੋ ਜਾਣਕਾਰੀ ਮਿਲਦੀ ਹੈ ਉਸ ਅਨੁਸਾਰ ਭਾਈ ਗੁਰਦਾਸ ਜੀ ਬਾਰੇ ਪਤਾ

---

27. *ਰਾਜ ਸਮਾਜ ਸਿਰੀ ਗੁਰ ਸਾਜ ਸੰਪੂਰਨ ਕਾਜ ਇਕਤ੍ਰ ਕਰਾਏ।*
ਹੇਮ ਮਣੀ ਮੁਕਤਾ ਜਲ ਤੀਰਥ ਜੱਗ ਕੇ ਮੰਡਲ ਕੁੰਭ ਧਰਾਏ।........
ਰਾਜ ਸਿੰਘਾਸਨ ਬੈਠ ਸੁਧਾਸਰ ਭ੍ਰਾਂਤ ਭਲੀ ਗੁਰ ਕਾਜੁ ਸੰਭਾਰਿਯੋ।
ਸਤ੍ਰੁਨ ਕਾਲ ਸਮਾਨ ਲਖਿਯੋ ਸਿੱਖ ਸੇਵਕਦੀਨ ਦਿਆਲੁ ਨਿਹਾਰਿਯੋ।
ਵੀਰ ਸਿੰਘ ਬਲ, ਪੂਰਵ ਅੰਕਤ, ਪੰਨਾ 161.

ਲੱਗਦਾ ਹੈ ਕਿ ਗੁਰੂ ਜੀ ਨੇ ਉਨ੍ਹਾਂ ਨੂੰ ਅਕਾਲ ਤਖ਼ਤ ਸਾਹਿਬ ਦਾ ਸੇਵਾਦਾਰ ਨਿਯੁਕਤ ਕੀਤਾ ਹੋਇਆ ਸੀ। ਇਸ ਗੱਲ ਦੀ ਜਾਣਕਾਰੀ ਸਾਨੂੰ *ਗੁਰ ਬਿਲਾਸ ਛੇਵੀਂ ਪਾਤਸ਼ਾਹੀ* ਵਿਚੋਂ ਮਿਲਦੀ ਹੈ। ਇਸ ਅਨੁਸਾਰ ਜਦੋਂ ਗੁਰੂ ਹਰਿਗੋਬਿੰਦ ਸਾਹਿਬ ਬਾਦਸ਼ਾਹ ਜਹਾਂਗੀਰ ਦੇ ਬੁਲਾਵੇ 'ਤੇ ਦਿੱਲੀ ਜਾਂਦੇ ਹਨ ਤਾਂ ਜਾਣ ਸਮੇਂ ਭਾਈ ਗੁਰਦਾਸ ਜੀ ਨੂੰ ਅਕਾਲ ਤਖ਼ਤ ਸਾਹਿਬ ਦੀ ਸੇਵਾ ਸੰਭਾਲਦੇ ਹਨ ਤੇ ਬਾਬਾ ਬੁੱਢਾ ਜੀ ਨੂੰ ਸਿਰੀ ਦਰਬਾਰ ਸਾਹਿਬ ਦੀ ਸੇਵਾ ਸੰਭਾਲਦੇ ਹਨ। ਇਸ ਦੇ ਨਾਲ ਹੀ ਗੁਰੂ ਜੀ ਇਹ ਹਦਾਇਤ ਵੀ ਕਰਦੇ ਹਨ ਕਿ ਭਾਈ ਗੁਰਦਾਸ ਜੀ, ਪਿੱਛੇ ਰਹੀ ਸਿੱਖ ਫੌਜ ਨੂੰ ਹਰ ਸਮੇਂ ਹੁਸ਼ਿਆਰ ਰੱਖਣ ਤਾਂ ਕਿ ਲੋੜ ਪੈਣ 'ਤੇ ਇਸ ਦੀ ਵਰਤੋਂ ਕੀਤੀ ਜਾ ਸਕੇ। *ਗੁਰਬਿਲਾਸ ਛੇਵੀਂ ਪਾਤਸ਼ਾਹੀ* ਵਿਚ ਦਰਜ ਸ਼ਬਦਾਂ ਅਨੁਸਾਰ :

ਬੁੱਢੇ ਕੋ ਸ੍ਰੀ ਗੁਰ ਫੁਰਮਾਇ। ਸੇਵਾ ਤੁਮ ਦਰਬਾਰ ਕਰਾਇ।
ਆਇਸ ਯੌ ਗੁਰਦਾਸ ਕੋ ਸਿਰੀ ਗੁਰ ਕਹੀ ਸੁਨਾਇ।
ਤਖ਼ਤ ਪੂਜ ਤੁਮ ਹੀ ਕਰੋ ਨਿਸ ਦਿਨ ਆਪ ਰਹਾਇ।
ਗੁਰਦਾਸ ਬੁੱਢੇ ਕੋ ਯੌ ਕਹਾ ਸਭ ਬਿਧ ਰਹੋ ਸੁਚੇਤ।
ਸੈਨਾ ਕੋ ਐਸੇ ਕਹਾ ਇਨ ਆਗਿਆ ਧਰ ਹੇਤ।

ਇਉਂ ਅਸੀਂ ਕਹਿ ਸਕਦੇ ਹਾਂ ਕਿ ਗੁਰੂ ਹਰਿਗੋਬਿੰਦ ਸਾਹਿਬ ਜੀ ਦੀ ਗੈਰ-ਹਾਜ਼ਰੀ ਵਿਚ ਸਿਰੀ ਅਕਾਲ ਤਖ਼ਤ ਸਾਹਿਬ ਦੇ ਸਭ ਤੋਂ ਪਹਿਲੇ ਸੇਵਾਦਾਰ ਭਾਈ ਗੁਰਦਾਸ ਜੀ ਸਨ। ਵੈਸੇ ਗੁਰੂ ਸਾਹਿਬ ਦੇ ਸਮੇਂ ਗੁਰੂ ਜੀ ਹੀ ਸਿਰੀ ਦਰਬਾਰ ਸਾਹਿਬ ਅਤੇ ਅਕਾਲ ਤਖ਼ਤ ਸਾਹਿਬ ਦੇ ਮੁਖੀ ਮੰਨੇ ਜਾਂਦੇ ਸਨ। ਅਸਲ ਵਿਚ ਦੋਵਾਂ ਸੰਸਥਾਵਾਂ ਦੇ ਮੁਖੀ ਕਰੱਮਵਾਰ ਹੈਡ-ਗਰੰਥੀ ਅਤੇ ਜੱਥੇਦਾਰ ਦੇ ਅਹੁਦੇ ਅਤੇ ਇਨ੍ਹਾਂ ਅਹੁਦਿਆਂ ਦੀ ਮਹੱਤਤਾ ਗੁਰੂ ਸਾਹਿਬਾਨ ਦੇ ਜੀਵਨ-ਕਾਲ ਤੋਂ ਪਿੱਛੋਂ ਹੀ ਹੋਂਦ ਵਿਚ ਆਈ ਹੈ। ਭਾਵੇਂ ਗੁਰੂ ਅਰਜਨ ਦੇਵ ਜੀ ਦੇ ਸਮੇਂ ਹੀ ਬਾਬਾ ਬੁੱਢਾ ਜੀ ਨੂੰ ਸਿਰੀ ਦਰਬਾਰ ਸਾਹਿਬ ਦਾ ਹੈਡ-ਗ੍ਰੰਥੀ ਥਾਪ ਦਿੱਤਾ ਗਿਆ ਸੀ ਪਰ ਕਿਉਂਕਿ ਉਸ ਸਮੇਂ ਅਜੇ ਗ੍ਰੰਥ ਅਤੇ ਪੰਥ ਦੇ ਸੰਕਲਪ ਅਨੁਸਾਰ ਗੁਰਿਆਈ ਸ਼ਖ਼ਸੀ ਗੁਰੂ ਤੋਂ ਬਾਹਰ ਨਹੀਂ ਸੀ ਇਸ ਲਈ ਜੋ ਮਹੱਤਤਾ ਹੈਡ-ਗ੍ਰੰਥੀ ਅਤੇ ਜੱਥੇਦਾਰ ਦੀ ਅੱਜ ਦੇ ਸਮੇਂ ਹੈ ਉਹ ਗੁਰੂ ਸਾਹਿਬਾਨ ਦੇ ਸਮੇਂ ਪਰਚੱਲਤ ਨਹੀਂ ਸੀ।

ਗੁਰੂ ਹਰਿਗੋਬਿੰਦ ਸਾਹਿਬ ਨੂੰ ਲਗਾਤਾਰ ਸਿਰੀ ਅਕਾਲ ਤਖ਼ਤ ਸਾਹਿਬ 'ਤੇ ਰਹਿਣ ਦਾ ਸਮਾਂ ਨਹੀਂ ਮਿਲਿਆ। ਕਿਉਂਕਿ ਗੁਰੂ ਜੀ ਨੂੰ ਸਥਾਨਕ ਮੁਗ਼ਲ ਅਧਿਕਾਰੀਆਂ ਨਾਲ ਲੜਾਈਆਂ ਲੜਨ ਕਰਕੇ ਅੰਮ੍ਰਿਤਸਰ ਨੂੰ ਛੱਡ ਕੇ ਕੀਰਤਪੁਰ ਸਾਹਿਬ ਜਾ ਕੇ ਰਹਿਣਾ ਪਿਆ ਸੀ। ਇਸ ਕਰਕੇ ਸਿਰੀ ਦਰਬਾਰ ਸਾਹਿਬ ਅਤੇ ਸਿਰੀ ਅਕਾਲ ਤਖ਼ਤ ਸਾਹਿਬ ਦਾ ਪਰਬੰਧ ਲਗਾਤਾਰ ਇਕੋ ਜਿਹਾ ਨਹੀਂ ਰਿਹਾ। ਗੁਰੂ ਸਾਹਿਬਾਨ ਦੇ ਅੰਮ੍ਰਿਤਸਰ ਤੋਂ ਬਾਹਰ ਰਹਿਣ ਦੇ ਕਾਰਨ ਇਨ੍ਹਾਂ ਅਸਥਾਨਾਂ ਦਾ ਪਰਬੰਧ ਪਿਰਥੀ ਚੰਦ ਦੀ ਸੰਤਾਨ ਕੋਲ ਆ ਗਿਆ ਸੀ। ਇਹ ਲੋਕ ਲਗਾਤਾਰ ਅੰਮ੍ਰਿਤਸਰ ਹੀ ਰਹਿੰਦੇ ਰਹੇ ਸਨ ਅਤੇ ਇਨ੍ਹਾਂ ਦਾ ਸਥਾਲਿਕ ਹਾਕਮਾਂ ਨਾਲ ਲਗਾਤਾਰ ਸੰਪਰਕ ਬਣਿਆ ਰਹਿੰਦਾ ਸੀ। ਇਹ ਲੋਕ ਅੰਦਰੋਂ ਸਿੱਖ ਧਰਮ ਦੇ ਵਿਰੁੱਧ ਹੀ ਸਨ।

ਗੁਰੂ ਹਰਿਗੋਬਿੰਦ ਸਾਹਿਬ ਦੇ ਪਿੱਛੋਂ ਪਹਿਲੀ ਵਾਰ 1651 ਈ. ਵਿਚ ਸਿਰੀ ਗੁਰੂ ਹਰਿ

ਰਾਏ ਜੀ ਦੇ ਅੰਮ੍ਰਿਤਸਰ ਪਹੁੰਚਣ ਦਾ ਪਤਾ ਲਗਦਾ ਹੈ। ਇਸੇ ਸਮੇਂ ਸੋਢੀ ਹਰਿ ਜੀ ਹੀ ਅੰਮ੍ਰਿਤਸਰ ਦੇ ਇਨ੍ਹਾਂ ਧਾਰਮਿਕ ਅਸਥਾਨਾਂ ਦੀ ਸੇਵਾ-ਸੰਭਾਲ ਕਰਦੇ ਸਨ। ਇਨ੍ਹਾਂ ਦਾ ਦੇਹਾਂਤ 17 ਅਪਰੈਲ, 1696 ਈ. ਨੂੰ ਹੋ ਗਿਆ ਸੀ। ਸੋਢੀ ਹਰਿ ਜੀ ਦੇ ਦਿਹਾਂਤ ਪਿੱਛੋਂ ਇਨ੍ਹਾਂ ਦੀ ਸੰਗਤ ਤਿੰਨ ਹਿੱਸਿਆਂ ਵਿਚ ਵੰਡੀ ਗਈ ਸੀ। ਇਹ ਸਨ ਸੋਢੀ ਗੋਪਾਲ ਜੀ ਦੀ, ਸੋਢੀ ਕੰਵਲ ਨੈਣ ਜੀ ਦੀ, ਅਤੇ ਸੋਢੀ ਨਿਰੰਜਨ ਰਾਇ ਜੀ ਦੀ। ਇਹ ਤਿੰਨੇ ਭਰਾ ਮੁਗ਼ਲ ਸਰਕਾਰ ਤੋਂ ਡਰਦੇ ਅੰਮ੍ਰਿਤਸਰ ਨੂੰ ਛੱਡ ਕੇ ਹੋਰ ਵੱਖ ਵੱਖ ਥਾਵਾਂ 'ਤੇ ਜਾ ਵਸੇ ਸਨ। ਸੋਢੀ ਨਿਰੰਜਨ ਰਾਇ ਪਿੱਛੋਂ, ਮੁਗ਼ਲ ਹਾਕਮਾਂ ਨਾਲ ਗੰਢ-ਤੁਪ ਕਰ ਲੈਣ ਕਰਕੇ, ਅੰਮ੍ਰਿਤਸਰ ਹੀ ਰਹਿਣ ਲੱਗ ਪਿਆ ਸੀ। ਮੁਗ਼ਲ ਹਾਕਮਾਂ ਦਾ ਚਾਪਲੂਸ ਹੋਣ ਕਰਕੇ ਸਿੱਖ ਸੰਗਤਾਂ ਇਸ ਦੇ ਕਿਰਦਾਰ ਤੋਂ ਖ਼ੁਸ਼ ਨਹੀਂ ਸਨ। ਇਸ ਕਰਕੇ ਉਹ ਨਿਰਜੰਨ ਰਾਇ ਤੋਂ ਸਿਰੀ ਦਰਬਾਰ ਸਾਹਿਬ ਅਤੇ ਸਿਰੀ ਅਕਾਲ ਤਖ਼ਤ ਸਾਹਿਬ ਦਾ ਪਰਬੰਧ ਖੋਹ ਲੈਣਾ ਚਾਹੁੰਦੀਆਂ ਸਨ। ਇਸ ਮਕਸਦ ਲਈ ਅੰਮ੍ਰਿਤਸਰ ਦੀਆਂ ਸਿੱਖ ਸੰਗਤਾਂ ਅਨੰਦਪੁਰ ਸਾਹਿਬ ਵਿਖੇ ਗੁਰੂ ਗੋਬਿੰਦ ਸਾਹਿਬ ਤਕ ਵੀ ਪਹੁੰਚ ਕਰਦੀਆਂ ਸਨ। 1699 ਈ. ਦੀ ਵਿਸਾਖੀ 'ਤੇ ਜਦੋਂ ਗੁਰੂ ਜੀ ਵਲੋਂ ਖਾਲਸੇ ਦੀ ਸਾਜਨਾ ਕੀਤੀ ਗਈ ਫਲਸਰੂਪ ਗੁਰੂ ਜੀ ਨੇ 1699 ਈ. ਦੀ ਵਿਸਾਖੀ ਨੂੰ ਅੰਮ੍ਰਿਤ ਦੀ ਰਸਮ ਅਦਾ ਕਰਨ ਪਿੱਛੋਂ ਭਾਈ ਮਨੀ ਸਿੰਘ ਨੂੰ ਸਿਰੀ ਦਰਬਾਰ ਸਾਹਿਬ ਅਤੇ ਸਿਰੀ ਅਕਾਲ ਤਖ਼ਤ ਦਾ ਸੇਵਾਦਾਰ ਬਣਾ ਕੇ ਤੋਰਿਆ। ਭਾਈ ਸਾਹਿਬ ਨੇ ਅੰਮ੍ਰਿਤਸਰ ਪਹੁੰਚ ਕੇ ਸਥਾਨਕ ਸਿੱਖ ਸੰਗਤਾਂ ਦੇ ਸਹਿਯੋਗ ਨਾਲ ਸਮੁੱਚੇ ਪਰਬੰਧ ਨੂੰ ਸੰਭਾਲ ਲਿਆ ਅਤੇ ਉਹ 1734 ਈ. ਤਕ ਕੁਝ ਉਤਰਾਵਾਂ-ਚੜ੍ਹਾਵਾਂ ਦੇ ਬਾਵਜੂਦ ਵੀ ਇਹ ਸੇਵਾ-ਸੰਭਾਲ ਕਰਦੇ ਰਹੇ। ਇਸ ਸਮੇਂ ਦੌਰਾਨ ਖਾਲਸਾ ਪੰਥ ਉਪਰ ਅਨੇਕਾਂ ਸੰਕਟ ਆਏ ਪਰ ਭਾਈ ਸਾਹਿਬ ਇਕ ਚਟਾਨ ਵਾਂਗ ਖੜੇ ਰਹੇ। ਗੁਰੂ ਗੋਬਿੰਦ ਸਿੰਘ ਜੀ ਦੇ ਜੋਤੀ-ਜੋਤ ਸਮਾ ਜਾਣ ਬਾਅਦ ਇਹ ਭਾਈ ਮਨੀ ਸਿੰਘ ਜੀ ਹੀ ਸਨ ਜਿਨ੍ਹਾਂ ਨੇ ਸਿੱਖ ਸੰਗਤਾਂ ਨੂੰ ਹੌਸਲਾ ਦੇ ਕੇ ਰੱਖਿਆ। ਬੰਦਾ ਸਿੰਘ ਬਹਾਦਰ ਦੇ ਸਮੁੱਚੇ ਸਮੇਂ ਵਿਚ ਭਾਈ ਸਾਹਿਬ ਉਨ੍ਹਾਂ ਦੀ ਸਰਗਰਮ ਮਦਦ ਕਰਦੇ ਰਹੇ। ਪਿੱਛੋਂ ਸਰਕਾਰ ਨੇ ਆਪਣੀਆਂ ਕੁਟਲ ਨੀਤੀਆਂ ਰਾਹੀਂ ਸਮੁੱਚੇ ਦਰਬਾਰ ਸਾਹਿਬ ਦਾ ਪਰਬੰਧ ਆਪਣੇ ਹੱਥ-ਠੋਕੇ ਸਿੱਖਾਂ ਦੇ ਹੱਥਾਂ ਵਿਚ ਦੇਣ ਦੀ ਵੀ ਕੋਸ਼ਿਸ਼ ਕੀਤੀ ਪਰ ਭਾਈ ਸਾਹਿਬ ਅਜਿਹੇ ਸਮੇਂ ਵੀ ਅਡੋਲ ਰਹੇ। ਭਾਈ ਸਾਹਿਬ ਨੇ ਹੀ ਖਾਲਸੇ ਨੂੰ ਬੰਦਾ ਸਿੰਘ ਬਹਾਦਰ ਦੀ ਸ਼ਹਾਦਤ ਦੇ ਪਿੱਛੋਂ ਇਨ੍ਹਾਂ ਧਾਰਮਕ ਅਸਥਾਨਾਂ ਨਾਲ ਜੋੜੀ ਰੱਖਿਆ। ਖਾਲਸੇ ਨੂੰ ਸੈਨਿਕ ਸੰਗਠਨ (ਦਲ ਖਾਲਸਾ) ਵਿਚ ਜੱਥੇਬੰਦ ਹੋਣ ਲਈ ਪਰੇਰਿਆ। ਅੰਤ ਨੂੰ ਖਾਲਸੇ ਦੀਆਂ ਪਰੰਪਰਾਵਾਂ ਨੂੰ ਚਾਰ ਚੰਨ ਲਾਉਂਦੇ ਹੋਏ ਆਪਣਾ ਬੰਦ ਬੰਦ ਕਟਵਾ ਕੇ ਸ਼ਹੀਦ ਹੋ ਗਏ।

ਭਾਈ ਮਨੀ ਸਿੰਘ ਜੀ ਦਾ ਜੱਥੇਦਾਰ ਦੇ ਤੌਰ 'ਤੇ ਵਰਨਣ ਕਰਨ ਤੋਂ ਪਹਿਲਾਂ ਇਹ ਗੱਲ ਸਮਝ ਲੈਣੀ ਚਾਹੀਦੀ ਹੈ ਕਿ ਉਨ੍ਹਾਂ ਦੇ ਜੀਵਨ ਦੇ ਵਾਕਿਆਤ ਬਾਰੇ ਜਾਣਕਾਰੀ ਦੇਣ ਵਾਲੀ ਪੁਸਤਕ ਸਿਰਫ਼ *ਸ਼ਹੀਦ ਬਿਲਾਸ* ਭਾਈ ਮਨੀ ਸਿੰਘ ਕਰਿਤ ਕਵੀ ਸੇਵਾ ਸਿੰਘ ਭੱਟ ਦੀ ਹੀ ਹੈ। ਹੋਰ ਕੋਈ ਵੀ ਐਸੀ ਸਮਕਾਲੀ ਲਿਖਤ ਨਹੀਂ ਹੈ ਜੋ ਭਾਈ ਸਾਹਿਬ ਬਾਰੇ ਕੋਈ

---

28. *ਸ਼ਹੀਦ ਬਿਲਾਸ ਭਾਈ ਮਨੀ ਸਿੰਘ*, ਕ੍ਰਿਤ ਕਵੀ ਸੇਵਾ ਸਿੰਘ (ਸ. ਗਿਆਨੀ ਗਰਜਾ ਸਿੰਘ), ਲੁਧਿਆਣਾ, 1961, ਪੰਨੇ 69-70.

ਜਾਣਕਾਰੀ ਦਿੰਦੀ ਹੋਵੇ। ਇਸ ਤੋਂ ਇਲਾਵਾ ਕੁਝ *ਭੱਟਾਂ ਦੀਆਂ ਵਹੀਆਂ* ਜਾਂ ਸਰੂਪ ਸਿੰਘ ਕੌਸ਼ਿਸ਼ ਦੀਆਂ *ਗੁਰੂ ਕੀਆਂ ਸਾਖੀਆਂ* ਹਨ ਜਿਨ੍ਹਾਂ ਤੋਂ ਕੁਝ ਭਰੋਸੇਯੋਗ ਜਾਣਕਾਰੀ ਮਿਲਦੀ ਹੈ। ਰਤਨ ਸਿੰਘ ਭੰਗੂ ਅਤੇ ਗਯਾਨੀ ਗਯਾਨ ਸਿੰਘ ਵਲੋਂ ਦਿੱਤੀ ਗਈ ਜਾਣਕਾਰੀ ਭਰੋਸੇਯੋਗ ਨਹੀਂ ਹੈ। ਕੇਸਰ ਸਿੰਘ ਛਿੱਬਰ ਨਿਰਸੰਦੇਹ ਭਾਈ ਮਨੀ ਸਿੰਘ ਦਾ ਸਮਕਾਲੀ ਲੇਖਕ ਹੈ ਪਰ ਉਸ ਦੀ ਲਿਖਤ ਤੋਂ ਭਾਈ ਸਾਹਿਬ ਬਾਰੇ ਕੋਈ ਵੀ ਸਪੱਸ਼ਟ ਮਦਦ ਨਹੀਂ ਲੈ ਸਕਦੇ। ਸਿਰਫ਼ ਸੇਵਾ ਸਿੰਘ ਭੱਟ ਦੀ ਕਰਿਤ *ਸ਼ਹੀਦ ਬਿਲਾਸ* ਹੀ ਭਾਈ ਸਾਹਿਬ ਦੇ ਸਮੁੱਚੇ ਜੀਵਨ-ਵਾਕਿਆਤ ਬਾਰੇ ਵਿਸਥਾਰ ਸਹਿਤ ਚਾਨਣਾ ਪਾਉਂਦੀ ਹੈ।

ਇਸ ਅਨੁਸਾਰ ਭਾਈ ਮਨੀ ਸਿੰਘ ਜੀ ਦਾ ਜਨਮ ਚੇਤ ਸੁਦੀ ਦੁਆਦਸੀ, ਦਿਨ ਐਤਵਾਰ ਸੰਮਤ ਸਤਾਰਾਂ ਸੈ ਇਕ ਬਿਕਰਮੀ ਮੁਤਾਬਕ 10 ਮਾਰਚ, ਸੰਨ 1644 ਨੂੰ ਮਾਤਾ ਮਧਰੀ ਦੇਈ ਦੀ ਪਵਿੱਤਰ ਕੁੱਖੋਂ ਪਿੰਡ ਅਲੀਪੁਰ ਵਿਖੇ ਹੋਇਆ।[29] ਭਟ ਵਹੀ ਦੀ ਇਬਾਰਤ ਇਸ ਤਰ੍ਹਾਂ ਹੈ : "ਬਧਾਈ ਲੀ ਮਨੀ ਰਾਮ ਕੀ ਬੇਟਾ ਮਾਈ-ਦਾਸ ਕਾ ਪੋਤਾ ਬਲੂ ਕਾ ਪੜਪੋਤਾ ਮੂਲੇ ਕਾ ਸੰਬਤ 1701 ਬਰਖੈ ਮਾਹ ਚੇਤਰ ਸੁਦੀ ਦੁਆਦਸੀ-ਰਵੀ ਵਾਰ ਸ਼ੁਭ ਘੜੀ ਜਨਮ ਹੁਆ ਕੁਲ ਪਰੋਹਤ ਬੋਹਿਥ ਭੱਟ ਕੋ ਮਾਨਾ ਗੁਰੂ ਕੀ ਕੜਾਹੀ ਕੀ।" (ਭਟ ਵਹੀ ਮੁਲਤਾਨੀ ਸਿੰਧੀ) ਇਹ ਪਿੰਡ ਅੱਜ ਕਲ ਪੱਛਮੀ ਪੰਜਾਬ ਦੇ ਜ਼ਿਲ੍ਹਾ ਮੁਜ਼ਫਰਗੜ੍ਹ ਵਿਚ ਹੈ। ਭਾਈ ਸਾਹਿਬ ਦੇ ਜਨਮ ਬਾਰੇ ਜੋ ਲੌਂਗੋਵਾਲ ਪਿੰਡ ਦੀ ਗਵਾਹੀ ਮਿਲਦੀ ਹੈ ਉਸ ਦਾ ਸਰੋਤ ਮੁਖ ਤੌਰ 'ਤੇ ਸਿਰਫ਼ ਗਯਾਨੀ ਗਯਾਨ ਸਿੰਘ ਹੀ ਹੈ।[30] ਪਰ ਗਯਾਨੀ ਗਯਾਨ ਸਿੰਘ ਨਾ ਹੀ ਤਾਂ ਭਾਈ ਸਾਹਿਬ ਦਾ ਸਮਕਾਲੀ ਜਾਂ ਨਿਕਟ-ਸਮਕਾਲੀ ਲੇਖਕ ਹੈ ਅਤੇ ਨਾ ਹੀ ਉਸ ਦੀ ਲਿਖਤ ਕਿਸੇ ਠੋਸ ਗਵਾਹੀ ਜਾਂ ਤੱਥਾਂ 'ਤੇ ਆਧਾਰਤ ਹੈ। ਗਯਾਨੀ ਗਯਾਨ ਸਿੰਘ ਨੇ ਸਿਰਫ਼ ਪਰਚੱਲਤ ਰਵਾਇਤਾਂ ਤੋਂ ਹੀ ਜਾਣਕਾਰੀ ਲਈ ਹੈ ਜਿਹੜੀ ਕਿ ਅਨੇਕਾਂ ਹੀ ਆਪਣੇ ਵਿਰੋਧੀ ਵਿਚਾਰਾਂ ਨਾਲ ਭਰਪੂਰ ਹੈ।

ਸ਼ਹੀਦ ਬਿਲਾਸ ਅਨੁਸਾਰ ਭਾਈ ਸਾਹਿਬ ਪੰਵਾਰ (ਪਰਮਾਰ) ਰਾਜਪੂਤਾਂ ਵਿਚੋਂ ਸਨ। ਉਨ੍ਹਾਂ ਦਾ ਬਚਪਨ ਦਾ ਨਾਂ ਭਾਵੇਂ ਮਨੀਆ ਸੀ ਪਰ ਇਥੇ ਮੁੱਢ ਤੋਂ ਹੀ ਭਾਈ ਸਾਹਿਬ ਨੂੰ ਭਾਈ ਮਨੀ ਸਿੰਘ ਹੀ ਲਿਖਿਆ ਹੈ। ਭਾਈ ਸਾਹਿਬ ਜਦੋਂ 13 ਸਾਲ ਦੀ ਉਮਰ ਦੇ ਹੋਏ ਤਾਂ ਸੰਨ 1657 ਈ. ਵਿਚ ਇਨ੍ਹਾਂ ਦੇ ਪਿਤਾ ਇਨ੍ਹਾਂ ਨੂੰ ਨਾਲ ਲੈ ਕੇ ਸਿਰੀ ਗੁਰੂ ਹਰਿ ਰਾਇ ਜੀ ਪਾਸ ਕੀਰਤਪੁਰ ਸਾਹਿਬ ਵਿਖੇ ਲੈ ਕੇ ਪਹੁੰਚੇ। ਇਉਂ ਭਾਈ ਸਾਹਿਬ ਦਾ ਗੁਰੂ ਘਰ ਨਾਲ ਪਹਿਲੀ ਵਾਰ ਸੰਬੰਧ ਕਾਇਮ ਹੋਇਆ। ਭਾਈ ਸਾਹਿਬ ਦੀ ਕੀਰਤਪੁਰ ਸਾਹਿਬ ਵਿਖੇ ਲੰਗਰ ਦੇ ਬਰਤਨ ਸਾਫ਼ ਕਰਨ ਦੀ ਡਿਊਟੀ ਸੀ। ਵਿਹਲੇ ਸਮੇਂ ਵਿਚ ਆਪ ਗੁਰਬਾਣੀ ਦਾ ਪਾਠ ਕਰਦੇ ਰਹਿੰਦੇ ਸਨ। ਗੁਰੂ ਘਰ ਦੀ ਸੇਵਾ ਵਿਚ ਪਹਿਲੇ ਦੋ ਸਾਲ ਇੰਜ ਹੀ ਗੁਜ਼ਰ ਗਏ ਸਨ।

ਪੰਦਰਾਂ ਸਾਲ ਦੀ ਉਮਰ ਵਿਚ ਭਾਈ ਸਾਹਿਬ ਦਾ ਵਿਆਹ ਪਿੰਡ ਖੈਰਪੁਰ ਸਾਦਾਂ

---

29. ਉਕਤ, ਪੰਨਾ 54.
30. ਗਯਾਨੀ ਗਯਾਨ ਸਿੰਘ, *ਸ੍ਰੀ ਗੁਰ ਪੰਥ ਪ੍ਰਕਾਸ਼* (ਪੱਥਰ ਛਾਪ ਦੂਜੀ), ਅੰਮ੍ਰਿਤਸਰ 1889, ਪੰਨਾ 443.

ਜ਼ਿਲ੍ਹਾ ਮੁਜ਼ਫਰਗੜ੍ਹ ਵਿਖੇ ਹੋਇਆ।[31] ਵਿਆਹ ਦੇ ਕੁਝ ਸਮਾਂ ਪਿੱਛੋਂ ਤਕ ਭਾਈ ਸਾਹਿਬ ਆਪਣੇ ਪਿੰਡ ਹੀ ਰਹਿੰਦੇ ਰਹੇ। ਫਿਰ ਆਪਣੇ ਦੋ ਭਰਾਵਾਂ, ਭਾਈ ਜੇਠਾ ਅਤੇ ਭਾਈ ਦਿਆਲਾ ਸਮੇਤ, ਕੀਰਤਪੁਰ ਸਾਹਿਬ ਆ ਗਏ। ਇਹ ਤਿੰਨੇ ਭਰਾ ਹੀ ਇਥੇ ਰਹਿ ਕੇ ਗੁਰੂ ਘਰ ਦੀ ਸੇਵਾ ਕਰਦੇ ਰਹੇ ਸਨ।

ਜਦੋਂ ਗੁਰੂ ਹਰਿ ਕਰਿਸ਼ਨ ਜੀ ਦਿੱਲੀ ਗਏ ਸਨ ਤਾਂ ਭਾਈ ਸਾਹਿਬ ਆਪਣੇ ਦੋਵੇਂ ਭਰਾਵਾਂ ਸਮੇਤ ਗੁਰੂ ਜੀ ਦੇ ਨਾਲ ਹੀ ਸਨ। ਗੁਰੂ ਜੀ ਦਾ ਇਥੇ ਹੀ ਦਿਹਾਂਤ ਹੋ ਗਿਆ ਸੀ। ਗੁਰੂ ਜੀ ਦੀਆਂ ਅੰਤਮ ਹਦਾਇਤਾਂ ਮੁਤਾਬਕ ਜੋ ਜੱਥਾ, ਬਾਬਾ ਬਕਾਲਾ ਵਿਖੇ ਗੁਰੂ ਤੇਗ ਬਹਾਦਰ ਜੀ ਨੂੰ ਗੁਰਿਆਈ ਤਿਲਕ ਦੇਣ ਲਈ ਗਿਆ ਸੀ ਭਾਈ ਮਨੀ ਸਿੰਘ ਜੀ ਉਸ ਜੱਥੇ ਵਿਚ ਸ਼ਾਮਲ ਸਨ। ਨੌਵੇਂ ਗੁਰੂ ਤੇਗ਼ ਬਹਾਦਰ ਜੀ ਦੇ ਗੁਰਗੱਦੀ ਸੰਭਾਲਣ ਬਾਅਦ ਭਾਈ ਸਾਹਿਬ ਕੁਝ ਸਮੇਂ ਲਈ ਆਪਣੇ ਪਿੰਡ ਚਲੇ ਗਏ ਸਨ। ਉਥੋਂ ਫਿਰ ਚੇਤ, ਸੰਮਤ 1719 ਬਿਕਰਮੀ ਮੁਤਾਬਕ ਮਾਰਚ 1672 ਵਿਚ ਚੱਕ ਨਾਨਕੀ ਵਿਖੇ ਪਹੁੰਚੇ। ਇਥੇ ਰਹਿੰਦਿਆਂ ਭਾਈ ਸਾਹਿਬ ਦਾ ਮੁੱਖ ਕੰਮ ਗੁਰਬਾਣੀ ਦੀਆਂ ਸੈਂਚੀਆਂ ਲਿਖਣ ਦਾ ਸੀ। ਜਦੋਂ 1675 ਵਿਚ ਗੁਰੂ ਤੇਗ ਬਹਾਦਰ ਜੀ ਹਿੰਦੂ ਧਰਮ ਦੀ ਰਾਖੀ ਲਈ ਦਿੱਲੀ ਜਾ ਕੇ ਸ਼ਹੀਦ ਹੋ ਗਏ ਸਨ ਤਾਂ ਭਾਈ ਸਾਹਿਬ ਚੱਕ ਨਾਨਕੀ ਵਿਖੇ ਬਾਲ ਗੋਬਿੰਦ ਜੀ ਪਾਸ ਸਨ। ਇਸ ਸਮੇਂ ਭਾਈ ਸਾਹਿਬ ਦੀ ਉਮਰ 35 ਸਾਲਾਂ ਦੀ ਸੀ। ਇਸ ਸਮੇਂ ਤਕ ਆਪ ਨੂੰ ਇਕ ਲੇਖਕ ਦੇ ਤੌਰ 'ਤੇ ਮਾਣਤਾ ਮਿਲ ਚੁੱਕੀ ਸੀ। ਪਾਉਂਟਾ ਸਾਹਿਬ ਵਿਖੇ ਗੁਰੂ ਗੋਬਿੰਦ ਸਿੰਘ ਜੀ ਪਾਸ ਜਿਹੜੇ 52 ਕਵੀ ਸਨ ਭਾਈ ਮਨੀ ਸਿੰਘ ਜੀ ਵੀ ਉਨ੍ਹਾਂ ਵਿਚੋਂ ਇਕ ਵਿਦਵਾਨ ਸਨ। ਇਥੇ ਰਹਿੰਦਿਆਂ ਹੀ ਆਪ ਨੂੰ ਅਕਸਰ ਡੇਹਰਾਦੂਨ ਵਿਖੇ ਬਾਬਾ ਰਾਮ ਰਾਇ ਦੇ ਡੇਰੇ ਦਾ ਪਰਬੰਧ ਕਰਨ ਲਈ ਜਾਣਾ ਪੈਂਦਾ ਸੀ। ਬਾਰਾ ਰਾਮ ਰਾਇ ਦੀ ਮੌਤ ਤੋਂ ਪਿੱਛੋਂ ਭਾਈ ਮਨੀ ਸਿੰਘ ਨੇ ਹੀ ਡੇਰੇ ਦਾ ਪਰਬੰਧ ਸੰਭਾਲਿਆ ਸੀ। ਉਥੋਂ ਦੇ ਬਾਗੀ ਮਸੰਦਾਂ ਨੂੰ ਭਾਈ ਸਾਹਿਬ ਨੇ ਕੱਢ ਕੇ ਭਜਾ ਦਿੱਤਾ ਸੀ।

ਭੰਗਾਣੀ ਦੀ ਲੜਾਈ ਵਿਚ ਵੀ ਭਾਈ ਸਾਹਿਬ ਨੇ ਪੂਰਾ ਭਾਗ ਲਿਆ ਸੀ। ਇਸ ਦੀ ਪੁਸ਼ਟੀ ਭੱਟ ਵਹੀ ਦੇ ਇਸ ਦੋਹੇ ਤੋਂ ਭਲੀ ਭਾਂਤ ਹੁੰਦੀ ਹੈ :

ਸਿਮਰ ਭੱਟ ਤਉ ਸਤਿਗੁਰ ਅਪਨਾ ਗਿਆਨ ਬਤਾਵੈ ਸੱਚਾ।
ਦਿਲੀ ਲਗ ਧਾਂਕ ਸੁਨੀ ਤੇਰੀ ਬਲੂ ਤਊ ਜਾਨੇ ਸ਼ਾਹ ਚੁਗੱਤਾ।
ਸਪੂਤ ਪੋਤਾ ਤਉ ਗਾਊ ਮਨੀ ਰਾਮ ਰੋਸ਼ਨ ਬੰਸ ਜੱਲੇ ਦਾ ਕਿੱਤਾ।
ਪਹਿਲਾ ਹੇਠ ਭੰਗਾਣੀ ਮਾਰੀ ਰਾਣਾ ਘਾਲ ਕੀਆ ਰਣ ਜਿੱਤਾ।

1691 ਈ. ਵਿਚ ਨਾਦੌਣ ਦੀ ਲੜਾਈ ਵਿਚ ਵੀ ਭਾਈ ਸਾਹਿਬ ਨੇ ਹਿੱਸਾ ਲਿਆ ਸੀ। ਜੰਗ ਦੇ ਪਿੱਛੋਂ ਜਦੋਂ ਰਵਾਲਸਰ ਦੇ ਅਸਥਾਨ 'ਤੇ ਗੁਰੂ ਗੋਬਿੰਦ ਸਿੰਘ ਦੇ ਸਤਿਕਾਰ ਵਿਚ ਪਹਾੜੀ ਰਾਜਿਆਂ ਦੀ ਸਾਂਝੀ ਕਾਨਫਰੰਸ ਹੋਈ ਤਾਂ ਉਥੇ ਗੁਰੂ ਜੀ ਨੇ ਆਪ ਨੂੰ ਦੀਵਾਨ ਦੀ ਪਦਵੀ ਬਖ਼ਸ਼ੀ। ਰਵਾਲਸਰ, ਹਿਮਾਚਲ ਪਰਦੇਸ਼ ਦੇ ਮੰਡੀ ਜ਼ਿਲ੍ਹੇ ਦਾ ਪਰਸਿੱਧ ਧਾਰਮਕ ਅਸਥਾਨ ਹੈ। ਇਹ ਮੰਡੀ ਤੋਂ ਹਮੀਰਪੁਰ ਨੂੰ ਜਾਣ ਵਾਲੀ ਸੜਕ ਉਪਰ ਮੰਡੀ ਤੋਂ ਚੌਵੀ ਕਿਲੋਮੀਟਰ ਦੀ ਵਿੱਥ 'ਤੇ ਹੈ। ਇਥੇ ਤਿੰਨ ਧਰਮਾਂ ਦੇ ਅਸਥਾਨ ਹਨ : ਸਿੱਖਾਂ ਦਾ

31. ਖੈਰਪੁਰ ਸਯਦਾਂ ਮੁਲਤਾਨ ਤੋਂ 120 ਕਿਲੋਮੀਟਰ ਦੂਰ ਪਿੰਡ ਅਲੀਪੁਰ ਦੇ ਨੇੜੇ ਹੀ ਹੈ।

ਗੁਰਦੁਆਰਾ, ਹਿੰਦੂਆਂ ਦੇ ਮੰਦਰ ਅਤੇ ਬੋਧੀਆਂ ਦੇ ਮੱਠ। ਤਿੰਨਾਂ ਧਾਰਮਿਕ ਅਸਥਾਨਾਂ ਦੇ ਬਿਲਕੁਲ ਵਿਚਕਾਰ ਸਭ ਦੀ ਸਾਂਝੀ ਰਵਾਲਸਰ ਝੀਲ ਹੈ।

1699 ਈ. ਦੀ ਵਿਸਾਖੀ ਨੂੰ ਦਸਮ ਪਾਤਸ਼ਾਹ ਵਲੋਂ ਖਾਲਸੇ ਦੀ ਸਾਜਨਾ ਕਰਨ ਸਮੇਂ ਭਾਈ ਮਨੀ ਸਿੰਘ ਜੀ ਨੇ ਵੀ ਅੰਮ੍ਰਿਤ ਛਕਿਆ ਅਤੇ ਇਸ ਸਮੇਂ ਤੋਂ ਬਕਾਇਦਾ ਆਪ ਜੀ ਦੇ ਨਾਂ ਨਾਲ 'ਸਿੰਘ' ਸ਼ਬਦ ਦਾ ਵਿਸ਼ੇਸ਼ਣ ਲੱਗ ਗਿਆ। ਇਸ ਸਮੇਂ ਭਾਈ ਸਾਹਿਬ ਦੇ ਪੰਜ ਪੁੱਤਰਾਂ ਨੇ ਵੀ ਅੰਮ੍ਰਿਤ ਛਕਿਆ।

ਇਸ ਸਮੇਂ ਅੰਮ੍ਰਿਤਸਰ ਦਾ ਧਾਰਮਕ ਅਸਥਾਨ ਦਾ ਪਰਬੰਧ ਪਿਰਥੀ ਚੰਦ ਦੇ ਘਰਾਣੇ ਦੇ ਲੋਕ ਸੰਭਾਲੀ ਬੈਠੇ ਸਨ। ਅੰਮ੍ਰਿਤਸਰ ਦੀਆਂ ਸਿੱਖ ਸੰਗਤਾਂ ਦੀ ਬੇਨਤੀ 'ਤੇ ਜਿਸ ਦਾ ਜ਼ਿਕਰ ਪਿੱਛੇ ਆ ਚੁੱਕਿਆ ਹੈ, ਦਸਮ ਪਾਤਸ਼ਾਹ ਨੇ ਭਾਈ ਮਨੀ ਸਿੰਘ ਨੂੰ ਸਿਰੀ ਦਰਬਾਰ ਸਾਹਿਬ ਦਾ ਹੈਡ-ਗ੍ਰੰਥੀ ਅਤੇ ਸਿਰੀ ਅਕਾਲ ਤਖ਼ਤ ਸਾਹਿਬ ਦਾ ਜੱਥੇਦਾਰ ਬਣਾ ਕੇ ਭੇਜਿਆ ਸੀ। ਆਪ ਦੇ ਨਾਲ ਪੰਜ ਸਿੰਘ ਹੋਰ ਸਨ। ਇਕ ਗੁਰੂ ਗ੍ਰੰਥ ਸਾਹਿਬ ਦੀ ਬੀੜ ਅਤੇ ਇਕ ਨਿਸ਼ਾਨ ਸਾਹਿਬ ਵੀ ਦਿੱਤਾ ਸੀ।[32]

ਭਾਈ ਸਾਹਿਬ ਨੇ ਦੋਵਾਂ ਧਾਰਮਕ ਅਸਥਾਨਾਂ ਦਾ ਪਰਬੰਧ ਸੰਭਾਲਣ ਸਾਰ ਪਹਿਲਾ ਕੰਮ ਇਥੋਂ ਪਿਰਥੀ ਚੰਦ ਦੀ ਔਲਾਦ ਦੇ ਬੰਦਿਆਂ ਨੂੰ ਕੱਢਣ ਦਾ ਕੀਤਾ। ਉਨ੍ਹਾਂ ਦੀ ਚਲਾਈ ਹੋਈ ਗੁਰਮਤ ਵਿਰੋਧੀ ਮਰਯਾਦਾ ਨੂੰ ਬਦਲ ਕੇ ਖਾਲਸਾਈ ਮਰਯਾਦਾ ਚਾਲੂ ਕੀਤੀ। ਪਿਰਥੀ ਚੰਦੀਏ ਗੁਰੂ ਰਾਮ ਦਾਸ ਜੀ ਤੋਂ ਪਿੱਛੋਂ ਗੁਰੂ ਅਰਜਨ ਦੇਵ ਜੀ ਦੀ ਥਾਂ ਪਿਰਥੀ ਚੰਦ ਨੂੰ ਪੰਜਵਾਂ ਗੁਰੂ ਮੰਨ ਕੇ ਚਲਦੇ ਸਨ। ਇਹ ਗੱਲ ਭਲਾ ਸਿੱਖ ਸੰਗਤਾਂ ਵਿਚ ਕਿਸ ਤਰ੍ਹਾਂ ਚਲ ਸਕਦੀ ਸੀ। ਇਸ ਤਰ੍ਹਾਂ ਮੁੜ ਤੋਂ ਖਾਲਸਾਈ ਮਰਯਾਦਾ ਚਾਲੂ ਹੋ ਜਾਣ ਕਰਕੇ ਸਿੱਖ ਸੰਗਤਾਂ ਨੂੰ ਬਹੁਤ ਖ਼ੁਸ਼ੀ ਹੋਈ। ਹਰ ਰੋਜ਼ ਸ਼ਾਮ-ਸਵੇਰੇ ਸਿੱਖ ਸੰਗਤਾਂ ਦੀ ਗਿਣਤੀ ਵੱਧਣ ਲੱਗ ਪਈ। ਸਿਰੀ ਅਕਾਲ ਤਖ਼ਤ ਸਾਹਿਬ ਉਪਰ ਸਿੱਖ ਸੰਗਤਾਂ ਦੇ ਦੀਵਾਨ ਸਜਣ ਲੱਗ ਪਏ। ਇਉਂ ਸਿਰੀ ਦਰਬਾਰ ਸਾਹਿਬ ਵਿਖੇ ਖਾਲਸੇ ਦਾ ਪੂਰਾ ਬੋਲਬਾਲਾ ਹੋ ਗਿਆ ਸੀ। ਸੋਢੀ ਨਿਰੰਜਨ ਰਾਇ, ਜਿਹੜਾ ਉਸ ਸਮੇਂ ਪਿਰਥੀ ਚੰਦ ਦੇ ਘਰਾਣੇ ਦਾ ਮੁਖੀ ਸੀ, ਸੰਗਤਾਂ ਤੋਂ ਡਰਦਾ ਹੋਇਆ ਅੰਮ੍ਰਿਤਸਰ ਛੱਡ ਕੇ ਮਾਲਵੇ ਦੇ ਇਕ ਪਿੰਡ ਘਰਾਚੋਂ ਵਿਖੇ ਜਾ ਕੇ ਰਹਿਣ ਲੱਗ ਪਿਆ ਸੀ।[33] ਉਸ ਦੇ ਚੇਲੇ ਬਾਲਕੇ ਸਭ ਖਾਲਸੇ ਦੀ ਸ਼ਰਨ ਆ ਗਏ ਸਨ।

ਭਾਈ ਮਨੀ ਸਿੰਘ ਜੀ ਅੰਮ੍ਰਿਤਸਰ ਤੋਂ ਅਨੰਦਪੁਰ ਸਾਹਿਬ ਵੀ ਅਕਸਰ ਆਉਂਦੇ ਜਾਂਦੇ ਰਹਿੰਦੇ ਸਨ। ਖਾਲਸੇ ਦੀ ਸਾਜਨਾ ਪਿੱਛੋਂ ਗੁਰੂ ਗੋਬਿੰਦ ਸਿੰਘ ਜੀ ਨੂੰ ਕਈ ਜੰਗ ਪਹਾੜੀ ਰਾਜਿਆਂ ਜਾਂ ਸਥਾਨਕ ਮੁਗ਼ਲ ਅਧਿਕਾਰੀਆਂ ਨਾਲ ਕਰਨੇ ਪਏ ਭਾਈ ਸਾਹਿਬ ਉਨ੍ਹਾਂ ਸਭ ਵਿਚ ਸ਼ਾਮਲ ਹੁੰਦੇ ਸਨ। ਇਹ ਇਕ ਵੱਖਰੀ ਹੀ ਮਿਸਾਲ ਹੈ ਕਿ ਸਿਰੀ ਅਕਾਲ ਤਖ਼ਤ

---

32. *ਪਾਂਚ ਪਹੂਲੀਏ ਸਿਖ ਇਹ ਗੁਰ ਕਾ ਖਾਸ ਦੀਵਾਨ।*
ਲੈ ਆਗਿਆ ਤਬ ਖਸਟ ਇਹ ਖਲ ਅਰਦਾਸ ਸੁਧਾਨ।
ਬੀੜ ਏਕ ਸ੍ਰੀ ਗ੍ਰੰਥ ਕੀ ਫਰਰੇਦਾਰ ਨਿਸ਼ਾਨ।
ਦੇ ਵਿਦਾ ਸਤਿਗੁਰ ਕੀਆ ਮਨੀ ਸਿੰਘ ਬੁਧੀਮਾਨ। (ਸ਼ਹੀਦ ਬਿਲਾਸ)

33. ਇਹ ਘਰਾਚੋਂ ਪਿੰਡ ਪਟਿਆਲਾ-ਸੁਨਾਮ ਸੜਕ ਉਪਰ ਭਵਾਨੀਗੜ੍ਹ ਤੋਂ ਪੰਜ ਕਿਲੋਮੀਟਰ ਦੀ ਦੂਰੀ 'ਤੇ ਸਥਿਤ ਹੈ।

ਸਾਹਿਬ ਦਾ ਜੱਥੇਦਾਰ ਅਤੇ ਸਿਰੀ ਦਰਬਾਰ ਸਾਹਿਬ ਦਾ ਹੈਡ ਗ੍ਰੰਥੀ ਜੰਗ ਦੇ ਮੈਦਾਨ ਵਿਚ ਵੀ ਦੁਸ਼ਮਣ ਦੀਆਂ ਫ਼ੌਜਾਂ ਨਾਲ ਲੜਦਾ ਰਿਹਾ ਸੀ। ਇਕੱਲੇ ਭਾਈ ਸਾਹਿਬ ਹੀ ਜੁੱਧ ਵਿਚ ਨਹੀਂ ਸਨ ਜਾਂਦੇ ਸਗੋਂ ਉਨ੍ਹਾਂ ਦੇ ਪੰਜੇ ਪੁੱਤਰ ਵੀ ਉਨ੍ਹਾਂ ਦੇ ਨਾਲ ਹੁੰਦੇ ਸਨ। ਜਿਹੜਾ ਮਸਤ ਹਾਥੀ ਕਿਲਾ ਆਨੰਦਗੜ੍ਹ ਦੇ ਦਰਵਾਜ਼ੇ ਨੂੰ ਤੋੜਨ ਲਈ ਪਹਾੜੀ ਰਾਜਿਆਂ ਨੇ ਭੇਜਿਆ ਸੀ ਉਸ ਦਾ ਮੁਕਾਬਲਾ ਕਰਨ ਵਾਲਾ ਭਾਈ ਬਚਿੱਤਰ ਸਿੰਘ ਭਾਈ ਮਨੀ ਸਿੰਘ ਦਾ ਹੀ ਪੁੱਤਰ ਸੀ।[34]

ਜਦੋਂ ਗੁਰੂ ਸਾਹਿਬ ਆਨੰਦਪੁਰ ਸਾਹਿਬ ਨੂੰ ਛੱਡ ਕੇ ਸਾਬੋ ਦੀ ਤਲਵੰਡੀ (ਦਮਦਮਾ ਸਾਹਿਬ) ਪਹੁੰਚੇ ਸਨ ਤਾਂ ਇਥੇ ਗੁਰੂ ਸਾਹਿਬ ਨੇ ਗੁਰੂ ਗ੍ਰੰਥ ਸਾਹਿਬ ਜੀ ਦੀ ਜੋ ਬੀੜ ਦੁਬਾਰਾ ਲਿਖਵਾਈ ਸੀ ਉਸ ਨੂੰ ਲਿਖਣ ਵਾਲੇ ਭਾਈ ਸਾਹਿਬ ਹੀ ਸਨ। ਪਿੱਛੋਂ ਇਸ ਹੀ ਬੀੜ ਦੇ ਚਾਰ ਉਤਾਰੇ ਬਾਬਾ ਦੀਪ ਸਿੰਘ ਜੀ ਨੇ ਕੀਤੇ ਸਨ ਜਿਨ੍ਹਾਂ ਵਿਚੋਂ ਤਿੰਨ ਨੂੰ ਖਾਲਸੇ ਦੇ ਬਾਕੀ ਦੇ ਤਿੰਨ ਅਸਥਾਨਾਂ ਉਪਰ (ਅੰਮ੍ਰਿਤਸਰ, ਕੇਸਗੜ੍ਹ ਸਾਹਿਬ ਅਤੇ ਪਟਣਾ ਸਾਹਿਬ) ਪਰਕਾਸ਼ ਕਰਨ ਲਈ ਭੇਜ ਦਿੱਤਾ ਗਿਆ ਸੀ।[35]

ਭਾਈ ਮਨੀ ਸਿੰਘ ਜੀ ਦਾ ਅਸਲ ਕੰਮ ਗੁਰੂ ਗੋਬਿੰਦ ਜੀ ਦੇ ਨੰਦੇੜ ਨੂੰ ਤੁਰ ਜਾਣ ਪਿੱਛੋਂ, ਸ਼ੁਰੂ ਹੁੰਦਾ ਹੈ। ਕਿਉਂਕਿ ਗੁਰੂ ਜੀ ਦੇ ਨਾਂਦੇੜ ਵੱਲ ਜਾਣ ਪਿੱਛੋਂ ਇਧਰ ਦੀਆਂ ਸਿੱਖ ਸੰਗਤਾਂ ਵਿਚ ਬਹੁਤ ਜ਼ਿਆਦਾ ਨਿਰਾਸ਼ਾ ਛਾ ਗਈ ਸੀ। ਸਿੱਖ ਸੰਗਤਾਂ ਨੂੰ ਇਸ ਨਿਰਾਸ਼ਤਾ ਵਿਚੋਂ ਕੱਢਣ ਲਈ ਗੁਰੂ ਜੀ ਨੇ ਭਾਈ ਸਾਹਿਬ ਦੀ ਡਿਊਟੀ ਲਗਾਈ। ਉਨ੍ਹਾਂ ਨੂੰ ਰਾਜਿਸਥਾਨ ਦੇ ਬਘੌਰ (ਭਲੀਵਾੜਾ) ਸ਼ਹਿਰ ਤੋਂ ਵਾਪਸ ਪੰਜਾਬ ਭੇਜ ਦਿੱਤਾ ਸੀ। ਭਾਈ ਸਾਹਿਬ ਨੇ ਵਾਪਸ ਆ ਕੇ ਸਿਰੀ ਅਕਾਲ ਤਖ਼ਤ ਸਾਹਿਬ ਦੀ ਸੇਵਾ-ਸੰਭਾਲ ਕੀਤੀ ਅਤੇ ਸਿੱਖ ਸੰਗਤਾਂ ਦੇ ਦੀਵਾਨ ਲਗਾ ਲਗਾ ਕੇ ਉਨ੍ਹਾਂ ਦੀ ਹੌਸਲਾ ਅਫ਼ਜ਼ਾਈ ਵੀ ਕਰਦੇ ਰਹੇ ਸਨ। ਜਿਵੇਂ ਕਿ ਗੁਰੂ ਸਾਹਿਬ ਦੇ ਧੋਲਪੁਰ ਸੰਗਤ ਨੂੰ ਲਿਖੇ ਦੋ ਹੁਕਮਨਾਮਿਆਂ[36] ਤੋਂ ਵੀ ਸਪੱਸ਼ਟ ਹੁੰਦਾ ਹੈ ਕਿ ਗੁਰੂ ਸਾਹਿਬ ਦਾ ਪਰੋਗਰਾਮ ਦੱਖਣ ਵਲੋਂ ਵਾਪਸ ਆਨੰਦਪੁਰ ਸਾਹਿਬ ਮੁੜ ਕੇ ਆਉਣ ਦਾ ਸੀ ਇਸ ਲਈ ਭਾਈ ਸਾਹਿਬ ਨੇ ਵੀ ਸਿੱਖ ਸੰਗਤਾਂ ਨੂੰ ਇਹ ਦਰਿੜ ਕਰਵਾ ਦਿੱਤਾ ਸੀ ਕਿ ਗੁਰੂ ਸਾਹਿਬ ਜਲਦੀ ਹੀ ਪੰਜਾਬ ਵਿਚ ਮੁੜ ਆਉਣਗੇ ਪਰ ਅਕਾਲ ਪੁਰਖ ਵਾਹਿਗੁਰੂ ਨੂੰ ਕੁਝ ਹੋਰ ਹੀ ਮਨਜ਼ੂਰ ਸੀ। ਗੁਰੂ ਸਾਹਿਬ 7 ਅਕਤੂਬਰ, 1708 ਈ. ਨੂੰ ਦੱਖਣ ਵਿਚ ਹੀ ਜੋਤੀ-ਜੋਤ ਸਮਾ ਗਏ ਸਨ। ਹੁਣ ਸਿੱਖਾਂ ਪਾਸ ਸਿਰਫ਼ ਦੋ ਹੀ ਨੇਤਾ ਸਨ ਜਿਨ੍ਹਾਂ ਦੁਆਲੇ ਉਹ ਕੇਂਦਰਤ ਹੋ ਸਕਦੇ ਸਨ। ਇਹ ਸਨ : ਬੰਦਾ ਸਿੰਘ ਬਹਾਦਰ ਅਤੇ ਭਾਈ ਮਨੀ ਸਿੰਘ ਜੀ। ਬੰਦਾ ਸਿੰਘ ਬਹਾਦਰ ਖਾਲਸੇ ਦਾ ਜੰਗੀ ਜਰਨੈਲ ਅਰਥਾਤ ਰਾਜਨੀਤਿਕ ਆਗੂ ਸੀ ਪਰ ਭਾਈ ਸਾਹਿਬ ਖਾਲਸੇ ਦੇ, ਅਕਾਲ ਤਖ਼ਤ ਦੇ ਜੱਥੇਦਾਰ ਹੋਣ ਕਰਕੇ, ਮਹਾਨ ਧਾਰਮਿਕ ਆਗੂ ਸਨ। ਆਪ ਧਾਰਮਿਕ ਅਸਥਾਨਾਂ ਦੀ ਸਾਂਭ-ਸੰਭਾਲ ਕਰਨ ਦੇ ਨਾਲ ਨਾਲ ਬੰਦਾ ਸਿੰਘ ਬਹਾਦਰ ਨੂੰ ਫ਼ੌਜ ਵਿਚ ਭਰਤੀ ਕਰਨ ਵਾਸਤੇ ਸਿੱਖ ਨੌਜੁਆਨਾਂ ਨੂੰ ਤਿਆਰ ਵੀ ਕਰਦੇ ਸਨ ਅਤੇ ਅੰਨ ਬਗੈਰਾ ਵੀ ਸਪਲਾਈ ਕਰਦੇ ਸਨ। ਭਾਵੇਂ ਬੰਦਾ ਸਿੰਘ ਦੀ ਸੈਨਾ ਨੂੰ ਜ਼ਰੂਰੀ ਸਮਾਨ ਮੁਹੱਈਆ ਕਰਨ ਦਾ

---

34. ਵੀਰ ਸਿੰਘ ਬਲ, *ਸਿੱਖ ਸਾਗਰ*, ਪੰਨੇ 136-37.
35. ਗਜਾਨੀ ਗਯਾਨ ਸਿੰਘ, *ਸ੍ਰੀ ਗੁਰੂ ਪੰਥ ਪ੍ਰਕਾਸ਼*, ਪੰਨਾ 234.
36. ਹੁਕਮਨਾਮੇ (ਸੰ. ਗੰਡਾ ਸਿੰਘ), ਪੰਜਾਬੀ ਯੂਨੀ. ਪਟਿਆਲਾ, 1985, ਪੰਨੇ 186-189.

ਭਾਈ ਸਾਹਿਬ ਇਕ ਬਹੁਤ ਤਕੜਾ ਸਰੋਤ ਸਨ। ਇਸ ਭਾਵ ਦੀ ਸਾਨੂੰ ਇਕ ਚਿੱਠੀ ਵੀ ਮਿਲਦੀ ਹੈ ਜੋ ਗੁਰਦਾਸ ਨੰਗਲ ਦੇ ਘੇਰੇ ਵਿਚੋਂ ਜਾਂ ਬਾਹਰੋਂ ਬੰਦਾ ਸਿੰਘ ਬਹਾਦਰ ਵਲੋਂ ਭਾਈ ਮਨੀ ਸਿੰਘ ਜੀ ਨੂੰ ਲਿਖੀ ਗਈ ਸੀ। ਇਸ ਦਾ ਵਿਸ਼ਾ ਇਉਂ ਹੈ :

> *"੧ਓ ਗੁਰੂ ਫਤਹਿ ॥ ਮਾਣਯੋਗ ਭਾਈ ਜੀਓ ਵੈਰੀ ਨੇ ਬੜਾ ਜਬਰਦਸਤ ਘੇਰਾ ਘਤਿਓਸੁ ॥ ਅਨਾਜ ਪਾਣੀ ਦੀ ਕੋਈ ਆਮਦ ਨਾਹੀ ॥ ਪਰਿਵਾਰ ਸਖ਼ਤ ਮੁਸ਼ਕਲ ਮੇ ਹੈਣ ॥ ਨਿਆਣੇ ਰੋਇ ਜਾਤਿ ਹੈਂ ॥ ਸਿੱਖ ਸੰਗਤਾਂ ਨੇ ਸ਼ਿਤਾਬੀ ਹਥਯਾਰ ਦੇਕਰ ਭੇਜੋ ॥ ਕਿਸੀ ਵਕਤ ਕਾ ਭਰੋਸਾ ਨਾਹੀਂ ॥ ਬੁੰਗੇ ਸਾਹਿਬ ਅਰਦਾਸੁ ਕਰਨੁ ॥ ਖਾਲਸੇ ਦੀ ਫਤਹ ਹੋਗੁ ॥ ਅਸਾਂ ਅੰਤਿਮ ਸਮੇਂ ਤੀਕ ਜੂਜਣੇ ਕਾ ਨੇਮ ਕੀਤੋਸੁ ॥ 6 ਸੰਮਤੋ ॥"*[37]

ਇਸ ਚਿੱਠੀ ਦੇ ਵਿਸ਼ੇ ਤੋਂ ਪਤਾ ਲੱਗਦਾ ਹੈ ਕਿ ਬੰਦਾ ਸਿੰਘ ਬਹਾਦਰ ਦਾ ਅਖ਼ੀਰ ਤੱਕ ਭਾਈ ਮਨੀ ਸਿੰਘ ਜੀ ਅਤੇ ਅਕਾਲ ਤਖ਼ਤ ਸਾਹਿਬ ਨਾਲ ਸੰਬੰਧ ਬਣਿਆ ਹੋਇਆ ਸੀ। ਇਸੇ ਸਹਿਯੋਗ ਦਾ ਹੀ ਨਤੀਜਾ ਸੀ ਕਿ ਪੰਜਾਬ ਦੀ ਧਰਤੀ ਉੱਪਰ ਖਾਲਸਾ ਰਾਜ ਸਥਾਪਤ ਹੋ ਗਿਆ ਸੀ।

ਧਿਆਨ ਦੇਣ ਯੋਗ ਗੱਲ ਹੈ ਕਿ ਗੁਰੂ ਸਾਹਿਬ 1708 ਦੇ ਦਸਵੇਂ ਮਹੀਨੇ ਵਿਚ ਜੋਤੀ-ਜੋਤ ਸਮਾਏ ਸਨ ਅਤੇ ਬੰਦਾ ਸਿੰਘ ਬਹਾਦਰ ਇਸੇ ਹੀ ਸਾਲ ਦੇ ਗਿਆਰਵੇਂ ਮਹੀਨੇ ਵਿਚ ਪੰਜਾਬ ਪਹੁੰਚ ਗਿਆ ਸੀ। ਉਸ ਦੀਆਂ ਲੜਾਈਆਂ ਦੀ ਸ਼ੁਰੂਆਤ ਪੂਰਬੀ ਪੰਜਾਬ ਦੇ ਇਲਾਕਿਆਂ (ਸਮਾਣਾ-ਸਢੌਰਾ) ਤੋਂ ਸ਼ੁਰੂ ਹੋਈ ਸੀ। ਭਾਈ ਸਾਹਿਬ ਅੰਮ੍ਰਿਤਸਰ ਵਿਖੇ ਸਨ ਜੋ ਪੰਜਾਬ ਦਾ ਪੱਛਮੀ ਇਲਾਕਾ ਸੀ। ਪਰ ਬੰਦਾ ਸਿੰਘ ਬਹਾਦਰ ਦੀਆਂ ਪੂਰਬੀ ਪੰਜਾਬ ਦੇ ਇਲਾਕਿਆਂ ਦੀਆਂ ਮੁੱਢਲੀਆਂ ਜਿੱਤਾਂ ਦਾ ਸਾਰੇ ਪੰਜਾਬ ਦੀਆਂ ਸਿੱਖ ਸੰਗਤਾਂ ਉੱਪਰ ਇਕ-ਦਮ ਇਤਨਾ ਪਰਭਾਵ ਪੈ ਗਿਆ ਸੀ ਕਿ ਅੰਮ੍ਰਿਤਸਰ ਦੀਆਂ ਸਥਾਨਕ ਸਿੱਖ ਸੰਗਤਾਂ ਵੀ ਹਥਿਆਰ ਚੁਕ ਕੇ ਆਪਣੇ ਹਾਕਮਾਂ ਦੇ ਖ਼ਿਲਾਫ਼ ਖੜ੍ਹੀਆਂ ਹੋ ਗਈਆਂ ਸਨ। ਇਸ ਗੱਲ ਦਾ ਸਬੂਤ ਅੰਮ੍ਰਿਤਸਰ ਦੇ ਆਲੇ ਦੁਆਲੇ ਵਾਪਰੀਆਂ ਘਟਨਾਵਾਂ ਤੋਂ ਮਿਲਦਾ ਹੈ।

ਖ਼ਾਸ ਅੰਮ੍ਰਿਤਸਰ ਵਿਖੇ ਇਕ ਚੂਹੜ ਮਲ ਖੱਤਰੀ ਰਹਿੰਦਾ ਸੀ। ਇਹ ਸੋਢੀ ਨਿਰੰਜਨ ਰਾਇ ਦਾ ਚੇਲਾ ਸੀ। ਇਸ ਦੇ ਦੋ ਪੁੱਤਰ ਸਨ : ਰਾਮੂ ਮਲ ਅਤੇ ਮੋਹਕਮ ਸਿੰਘ। ਸੋਢੀ ਤਾਂ ਇਥੋਂ ਪਹਿਲਾਂ ਹੀ ਜਾ ਚੁੱਕਿਆ ਸੀ। ਚੂਹੜਮਲ ਦਾ ਛੋਟਾ ਪੁੱਤਰ ਮੋਹਕਮ ਸਿੰਘ ਘਰ-ਘਾਟ ਛੱਡ ਕੇ ਖਾਲਸੇ ਵਿਚ ਰਲ ਗਿਆ ਸੀ। ਇਸ ਗੱਲ ਦੀ ਚੂਹੜਮਲ ਨੂੰ ਤਕੜੀ ਰੰਜਸ਼ ਸੀ। ਇਕ ਦਿਨ ਐਸਾ ਹੋਇਆ ਕਿ ਸਿੰਘਾਂ ਦਾ ਇਕ ਜੱਥਾ ਚੂਹੜ ਮਲ ਦੇ ਬਾਗ ਵਿਚੋਂ ਤੂਤੀਆਂ ਲੈਣ ਲਈ ਚਲਾ ਗਿਆ ਪਰ ਚੂਹੜ ਮਲ ਕਿਉਂਕਿ ਸਿੱਖੀ ਸਰੂਪ ਕੋਲੋਂ ਹੀ ਚਿੜਦਾ ਸੀ ਇਸ ਲਈ ਉਸ ਨੇ ਸਿੱਖਾਂ ਦੇ ਜੱਥੇ ਨੂੰ ਕਿਸੇ ਵੀ ਤਰ੍ਹਾਂ ਤੂਤੀਆਂ ਦੇਣ ਤੋਂ ਇਨਕਾਰ ਕਰ ਦਿੱਤਾ। ਸਿੰਘਾਂ ਨੇ ਤੂਤੀਆਂ ਤਾਕਤ ਨਾਲ ਤੋੜ ਲਈਆਂ ਅਤੇ ਉਨ੍ਹਾਂ ਦੇ ਬਣਦੇ ਪੈਸੇ ਚੂਹੜ ਮਲ ਦੇ

---

37. ਇਹ ਚਿੱਠੀ ਮੈਨੂੰ ਗਯਾਨੀ ਗਯਾਨ ਸਿੰਘ ਦੇ ਪੱਥਰ ਛਾਪ (1889 ਈ.) ਵਾਲੇ ਸ੍ਰੀ ਗੁਰੂ ਪੰਥ ਪ੍ਰਕਾਸ਼ ਦੀ ਜਿਲਦ ਦੇ ਅੰਦਰਲੇ ਪਾਸੇ ਪੇਸਟ ਕੀਤੀ ਹੋਈ ਮਿਲੀ ਸੀ। ਇਹ ਹੱਥ-ਲਿਖਤ ਹੈ। ਇਹ ਕਾਪੀ ਮੇਰੇ ਪਾਸ ਹੈ।

ਮੂਹਰੇ ਸੁੱਟ ਆਏ। ਚੂਹੜ ਮਲ ਨੇ ਇਸ ਨੂੰ ਇਕ ਚੈਲਿੰਜ ਸਮਝਿਆ ਅਤੇ ਉਹ ਪੱਟੀ ਸ਼ਹਿਰ ਦੇ ਹਾਕਮ ਹਰ ਸਹਾਇ ਕੋਲ ਜਾ ਫਰਿਆਦੀ ਹੋਇਆ। ਹਰ ਸਹਾਇ ਨੇ ਆਪਣੀ ਇਕ ਸੈਨਿਕ ਟੁਕੜੀ ਚੂਹੜ ਮਲ ਦੇ ਨਾਲ, ਸਿੰਘਾਂ ਨੂੰ ਫੜ ਕੇ ਲਿਆਉਣ ਲਈ ਭੇਜ ਦਿੱਤੀ। ਜਦੋਂ ਇਸ ਗੱਲ ਦਾ ਪਤਾ ਭਾਈ ਮਨੀ ਸਿੰਘ ਜੀ ਨੂੰ ਲੱਗਿਆ ਤਾਂ ਉਨ੍ਹਾਂ ਨੇ ਚੂਹੜ ਮਲ ਕੋਲ ਆਪਣੇ ਕੁਝ ਵਿਅਕਤੀ ਭੇਜ ਕੇ ਮਸਲੇ ਨੂੰ ਰਫ਼ਾ-ਦਫ਼ਾ ਕਰਵਾਉਣ ਦੀ ਕੋਸ਼ਿਸ਼ ਕੀਤੀ। ਪਰ ਚੂਹੜ ਮਲ ਨਾ ਮੰਨਿਆ। ਨੌਬਤ ਲੜਾਈ ਤੱਕ ਆ ਪਹੁੰਚੀ। ਸੈਨਿਕ ਟੁਕੜੀ ਅੰਮ੍ਰਿਤਸਰ ਆ ਪਹੁੰਚੀ। ਭਾਈ ਸਾਹਿਬ ਨੇ ਵੀ ਸਿੱਖ ਸੰਗਤਾਂ ਨੂੰ ਇਕੱਠਾ ਕਰ ਲਿਆ ਅਤੇ ਮੁਕਾਬਲੇ ਲਈ ਤਿਆਰ ਹੋ ਬੈਠੇ। ਲੜਾਈ ਹੋਈ, ਸਿੰਘਾਂ ਨੇ ਮੁਗਲ ਸੈਨਿਕਾਂ ਨੂੰ ਕੁੱਟ ਕੇ ਭਜਾ ਦਿੱਤਾ। ਫਿਰ ਚੂਹੜ ਮਲ ਅਤੇ ਹਰ ਸਹਾਇ ਨੇ ਲਾਹੌਰ ਦੇ ਨਵਾਬ ਅਸਲਮ ਖ਼ਾਂ ਪਾਸੋਂ ਮਦਦ ਮੰਗੀ। ਇਹ ਦਿੱਤੀ ਗਈ। ਦੋਹਾਂ ਦੀ ਸੰਯੁਕਤ ਸੈਨਿਕ ਟੁਕੜੀ ਪਹਿਲਾਂ ਨਾਲੋਂ ਜ਼ਿਆਦਾ ਤਾਦਾਦ ਵਿਚ ਅੰਮ੍ਰਿਤਸਰ ਪਹੁੰਚੀ। ਸਿੱਖ ਸੰਗਤਾਂ ਨੇ ਵੀ ਮੁਕਾਬਲਾ ਕੀਤਾ। ਲੜਾਈ ਦੌਰਾਨ ਜ਼ੋਰਦਾਰ ਵਰਖਾ ਹੋਈ ਅਤੇ ਮੁਗ਼ਲ ਫ਼ੌਜ ਉਪਰ ਅਸਮਾਨੀ ਬਿਜਲੀ ਡਿੱਗ ਪਈ। ਇਸ ਨਾਲ ਉਸ ਦਾ ਬਹੁਤ ਨੁਕਸਾਨ ਹੋਇਆ। ਪੱਟੀ ਦਾ ਹਾਕਮ ਹਰ ਸਹਾਇ ਖ਼ੁਦ ਮਾਰਿਆ ਗਿਆ। ਉਸ ਦਾ ਕਮਾਂਡਰ ਦੇਵਾ ਭੱਜ ਗਿਆ। ਇਸ ਤਰ੍ਹਾਂ ਅਸਲਮ ਖ਼ਾਂ ਦੇ ਸੈਨਿਕ ਵੀ ਭੱਜ ਗਏ। ਇਸ ਲੜਾਈ ਪਿੱਛੋਂ ਸਿੰਘਾਂ ਨੇ ਇਹ ਤੁਕ ਜੋੜ ਕੇ ਇਸ ਦੀ ਸਦੀਵੀ ਯਾਦ ਰੱਖ ਲਈ : ਹਰਸਾ ਮਾਰਿਆ ਦੇਵਾ ਨੱਠਾ ਅਸਲਾਂ ਗਈ ਲਹੌਰ।[38] ਇਸ ਘਟਨਾ ਤੋਂ ਸਾਬਤ ਹੁੰਦਾ ਏ ਕਿ ਬੰਦਾ ਸਿੰਘ ਬਹਾਦਰ ਭਾਵੇਂ ਅਜੇ ਪੂਰਬੀ ਪੰਜਾਬ ਵਿਚ ਹੀ ਸੀ ਪਰ ਉਸ ਦੀ ਆਮਦ ਦਾ ਪਰਭਾਵ ਸਾਰੇ ਪੰਜਾਬ ਵਿਚ ਪੈ ਗਿਆ ਸੀ।

ਬੰਦਾ ਸਿੰਘ ਬਹਾਦਰ ਦੇ ਸਮੁੱਚੇ ਸਮੇਂ ਦੌਰਾਨ ਭਾਈ ਮਨੀ ਸਿੰਘ ਜੀ ਅਤੇ ਉਨ੍ਹਾਂ ਦਾ ਸਾਰਾ ਪਰਿਵਾਰ ਅਖ਼ੀਰਲੇ ਦਮ ਤੱਕ ਉਨ੍ਹਾਂ ਨਾਲ ਜੁੜੇ ਰਹੇ ਸਨ। ਬਾਬਾ ਦੀਪ ਸਿੰਘ ਜੀ ਤਖ਼ਤ ਸਿਰੀ ਦਮਦਮਾ ਸਾਹਿਬ ਦੇ ਜੱਥੇਦਾਰ ਸਨ। ਉਹ ਮਾਲਵੇ ਵਿਚੋਂ ਸਿੱਖ ਨੌਜੁਆਨਾਂ ਨੂੰ ਬੰਦਾ ਸਿੰਘ ਬਹਾਦਰ ਦੀ ਫ਼ੌਜ ਲਈ ਤਿਆਰ ਕਰਦੇ ਸਨ। ਪਰ ਇਸ ਸਭ ਕੁਝ ਦੇ ਨਾਲ ਨਾਲ ਹਕੂਮਤ ਵੀ ਅਵੇਸਲੀ ਨਹੀਂ ਸੀ। ਉਸ ਨੇ ਕਈ ਫਰੰਟਾਂ 'ਤੇ ਆਪਣੀਆਂ ਕਾਰਵਾਈਆਂ ਜਾਰੀ ਰੱਖੀਆਂ ਹੋਈਆਂ ਸਨ। ਮੁੱਖ ਫਰੰਟ ਸੈਨਿਕ ਕਾਰਵਾਈ ਵਾਲਾ ਸੀ ਇਸ ਦੀ ਅਗਵਾਈ ਬਾਦਸ਼ਾਹ ਬਹਾਦਰ ਸ਼ਾਹ ਖ਼ੁਦ ਕਰ ਰਿਹਾ ਸੀ। ਦੂਜਾ ਫਰੰਟ ਸੀ ਰਾਜਨੀਤਿਕ ਤੌਰ 'ਤੇ ਜੋੜ-ਤੋੜ ਦਾ। ਇਸ ਅਧੀਨ ਬਾਦਸ਼ਾਹ ਚਾਹੁੰਦਾ ਸੀ ਕਿ ਕਿਸੇ ਨਾ ਕਿਸੇ ਤਰ੍ਹਾਂ ਸਿਰੀ ਦਰਬਾਰ ਸਾਹਿਬ ਅਤੇ ਸਿਰੀ ਅਕਾਲ ਤਖ਼ਤ ਸਾਹਿਬ ਬੰਦਾ ਸਿੰਘ ਬਹਾਦਰ ਦੇ ਸਹਿਯੋਗੀ ਸਿੱਖਾਂ ਕੋਲੋਂ ਖੋਹ ਲਏ ਜਾਣ। ਭਾਵ ਕਿ ਇਥੋਂ ਭਾਈ ਮਨੀ ਸਿੰਘ ਜੀ ਨੂੰ ਕੱਢਿਆ ਜਾਵੇ ਅਤੇ ਇਨ੍ਹਾਂ ਦੀ ਥਾਂ ਕੋਈ ਸਰਕਾਰ ਪੱਖੀ ਸਿੱਖ ਇਥੇ ਬਿਠਾਇਆ ਜਾਵੇ। ਇਸ ਕੰਮ ਲਈ ਵਰਤਿਆ ਗਿਆ ਬਾਵਾ ਬਿਨੋਦ ਸਿੰਘ, ਬਾਵਾ ਕਾਹਨ ਸਿੰਘ ਅਤੇ ਮੁਤਬੰਨਾ ਪੁੱਤਰ ਅਜੀਤ ਸਿੰਘ। ਪਹਿਲੇ ਦੋ ਸਿੱਖ ਨੇਤਾ ਉਨ੍ਹਾਂ ਪੰਜ ਪਿਆਰਿਆਂ ਵਿਚੋਂ ਸਨ ਜਿਹੜੇ ਗੁਰੂ ਸਾਹਿਬ ਦੇ ਨਾਂਦੇੜ ਤੋਂ ਬੰਦਾ ਸਿੰਘ

38. ਕੇਸਰ ਸਿੰਘ ਛਿੱਬਰ, 'ਬੰਸਾਵਲੀਨਾਮਾ ਦਸਾਂ ਪਾਤਸ਼ਾਹੀਆਂ ਕਾ' ਮੈਗਜ਼ੀਨ ਪਰਖ ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ, 1972, ਪੰਨੇ 189-90.

ਬਹਾਦਰ ਨਾਲ ਭੇਜੇ ਸਨ। ਅਜੀਤ ਸਿੰਘ ਮਾਤਾ ਸੁੰਦਰੀ ਜੀ ਦਾ ਗੋਦ ਲਿਆ ਹੋਇਆ ਪੁੱਤਰ ਸੀ। ਇਹ ਦਿੱਲੀ ਵਿਚ ਹੀ ਰਹਿੰਦਾ ਸੀ। ਇਸ ਸਾਜਿਸ਼ ਵਿਚ ਮਾਤਾ ਸੁੰਦਰੀ ਜੀ ਦਾ ਨਾਂ ਵੀ ਵਰਤਿਆ ਗਿਆ ਸੀ ਪਰ ਜਾਪਦਾ ਹੈ ਇਸ ਗੱਲ ਦਾ ਮਾਤਾ ਜੀ ਨੂੰ ਪਤਾ ਹੀ ਨਹੀਂ ਸੀ। ਅਜੀਤ ਸਿੰਘ ਹਕੂਮਤ ਦੇ ਪੂਰਾ ਕੰਮ ਆਇਆ। ਇਹ ਇਕਦਮ ਨਾਲਾਇਕ ਆਦਮੀ ਸੀ ਅਤੇ ਅਪਹੁਦਰਾ ਸੀ। ਇਸ ਦੀਆਂ ਆਪਹੁਦਰੀਆ ਤੋਂ ਤੰਗ ਆਕੇ ਮਾਤਾ ਸੁੰਦਰੀ ਜੀ ਨੇ ਇਸ ਨੂੰ ਤਿਆਗ ਵੀ ਦਿੱਤਾ ਸੀ। ਇਹ ਆਪਣੇ ਆਪ ਨੂੰ ਗੁਰੂ ਵੀ ਅਖਵਾ ਲੈਂਦਾ ਸੀ। ਬਹਾਦਰ ਸ਼ਾਹ ਨੇ ਇਸ ਨੂੰ ਗੁਰੂ ਗੋਬਿੰਦ ਸਿੰਘ ਜੀ ਦਾ ਵਾਰਸ ਮੰਨਿਆ ਹੋਇਆ ਸੀ ਅਤੇ ਇਸ ਨੂੰ ਆਪਣੀ ਹਿਰਾਸਤ ਵਿਚ ਰੱਖਿਆ ਹੋਇਆ ਸੀ। ਇਸ ਨੂੰ ਗਰਿਫ਼ਤਾਰੀ ਵੀ ਕਿਹਾ ਗਿਆ ਹੈ।

30 ਸਤੰਬਰ, 1711 ਨੂੰ ਬਾਦਸ਼ਾਹ ਨੇ ਇਸ ਨੂੰ ਸਿਰੀ ਦਰਬਾਰ ਸਾਹਿਬ ਅੰਮ੍ਰਿਤਸਰ ਦੀ ਸਮੁੱਚੀ ਜਾਇਦਾਦ ਦਾ ਪਰਬੰਧ ਸੌਂਪ ਦਿੱਤਾ ਸੀ।[39] ਇਸ ਸਮੁੱਚੀ ਜਾਇਦਾਦ ਨੂੰ ਜਾਗੀਰ ਵੀ ਕਿਹਾ ਗਿਆ ਹੈ। ਇਹ ਉਹ ਸਮਾਂ ਸੀ ਜਦੋਂ ਕਿ ਬੰਦਾ ਸਿੰਘ ਬਹਾਦਰ ਨੇ ਸਮੁੱਚੇ ਦੱਖਣ-ਪੂਰਬੀ ਪੰਜਾਬ ਵਿਚੋਂ ਮੁਗ਼ਲ ਹਕੂਮਤ ਨੂੰ ਉਲਟਾ ਕੇ ਖਾਲਸੇ ਦਾ ਰਾਜ ਸਥਾਪਿਤ ਕਰ ਲਿਆ ਸੀ ਅਤੇ ਬਾਦਸ਼ਾਹ ਬਹਾਦਰ ਸ਼ਾਹ ਖ਼ੁਦ ਆਪ ਪੰਜਾਬ ਵਿਚ ਆ ਕੇ ਇਸ ਕਾਇਮ ਹੋਏ ਖਾਲਸਾ ਰਾਜ ਨੂੰ ਖ਼ਤਮ ਕਰਨ ਦੀ ਕੋਸ਼ਿਸ਼ ਕਰ ਰਿਹਾ ਸੀ। ਇਸ ਸੰਦਰਭ ਵਿਚ ਅਜੀਤ ਸਿੰਘ ਨੂੰ ਸਿਰੀ ਦਰਬਾਰ ਸਾਹਿਬ ਦਾ ਸੌਂਪਿਆ ਪਰਬੰਧ ਕਿਸ ਭਾਵਨਾ ਨੂੰ ਸਪਸ਼ਟ ਕਰਦਾ ਹੈ ਇਸ ਦਾ ਅੰਦਾਜ਼ਾ ਲਗਾਉਣਾ ਕੋਈ ਔਖਾ ਨਹੀਂ ਹੈ।

ਖ਼ਿਆਲ ਕੀਤਾ ਜਾਦਾ ਹੈ ਕਿ ਅਜੀਤ ਸਿੰਘ ਦੇ, ਸਿਰੀ ਦਰਬਾਰ ਸਾਹਿਬ ਦਾ ਪਰਬੰਧ ਸੰਭਾਲਣ ਵਿਚ, ਪੈਰ ਨਹੀ ਟਿਕ ਸਕੇ ਸਨ ਕਿਉਂਕਿ ਉਸ ਸਮੇਂ ਬੰਦਾ ਸਿੰਘ ਬਹਾਦਰ ਦੀ ਤਾਕਤ ਪੂਰੀ ਤਰ੍ਹਾਂ ਕਾਇਮ ਸੀ। ਸਿੱਖ ਸੰਗਤ ਨੇ ਅਜੀਤ ਸਿੰਘ ਨੂੰ ਇਥੇ ਟਿਕਣ ਨਹੀਂ ਦਿੱਤਾ ਅਤੇ ਉਹ ਵਾਪਸ ਦਿੱਲੀ ਗਿਆ ਜਾਪਦਾ ਹੈ। ਇਸ ਗੱਲ ਨੂੰ ਬਾਦਸ਼ਾਹ ਫਰੱਖੁਸ਼ੀਅਰ ਦਾ 7 ਅਗਸਤ, 1716 ਦਾ ਜਾਰੀ ਕੀਤਾ ਉਹ ਫ਼ੁਰਮਾਨ[40] ਸਾਬਤ ਕਰਦਾ ਹੈ ਜਿਸ ਰਾਹੀ ਬਾਦਸ਼ਾਹ ਨੇ ਅਜੀਤ ਸਿੰਘ ਨੂੰ ਸਿਰੀ ਦਰਬਾਰ ਸਾਹਿਬ ਦਾ ਪਰਬੰਧ ਸੌਂਪਿਆ ਸੀ ਅਤੇ ਪਗੜੀ ਦੇ ਕੇ ਸਨਮਾਨਿਤ ਕੀਤਾ ਸੀ। ਇਸ ਤੋਂ ਕਰੀਬਨ ਦੋ ਮਹੀਨੇ ਪਹਿਲਾਂ ਬੰਦਾ ਸਿੰਘ ਬਹਾਦਰ ਨੂੰ ਅਤੀ ਦਰਦਨਾਕ ਤਸੀਹੇ ਦੇ ਕੇ ਸ਼ਹੀਦ ਕਰ ਦਿੱਤਾ ਗਿਆ ਸੀ। ਇਸ ਤੋ ਸਪੱਸ਼ਟ ਹੁੰਦਾ ਹੈ ਕਿ ਅਜੀਤ ਸਿੰਘ ਸਿਰਫ਼ ਬੰਦਾ ਸਿੰਘ ਬਹਾਦਰ ਦੀ ਸ਼ਹਾਦਤ ਪਿੱਛੋਂ ਹੀ ਸਿਰੀ ਦਰਬਾਰ ਸਾਹਿਬ ਕੰਪਲੈਕਸ ਦਾ ਪਰਬੰਧ ਸੰਭਾਲ ਸਕਿਆ ਸੀ।

ਇਥੇ ਇਕ ਹੋਰ ਪੱਖ ਤੋ ਧਿਆਨ ਰੱਖਣਾ ਚਾਹੀਦਾ ਹੈ ਕਿ ਬੰਦਾ ਸਿੰਘ ਬਹਾਦਰ ਨਾਲ ਸਹੀਦ ਹੋਣ ਵਾਲਿਆਂ ਵਿਚੋ ਭਾਈ ਮਨੀ ਸਿੰਘ ਦਾ ਪੋਤਰਾ ਭਾਈ ਰਾਮ ਸਿੰਘ ਵੀ ਸੀ। ਇਹ ਉਸ ਭਾਈ ਬਚਿੱਤਰ ਸਿੰਘ ਦਾ ਪੁੱਤਰ ਸੀ ਜਿਸ ਨੇ ਗੁਰੂ ਗੋਬਿੰਦ ਸਿੰਘ ਜੀ ਸਮੇਂ ਆਨੰਦਗੜ੍ਹ

39. 'ਅਖਬਾਰੇ-ਏ-ਦਰਬਾਰ ਮੁਅੱਲਾ' (ਅੰਗਰੇਜ਼ੀ ਤਰਜਮਾ, ਭਗਤ ਸਿੰਘ), ਦ ਪੰਜਾਬ ਪਾਸਟ ਐਂਡ ਪਰੈਜ਼ੈਂਟ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1984, ਪੰਨਾ 97.

40. ਉਕਤ, ਪੰਨਾ 168.

ਦੀ ਘੇਰਾ ਬੰਦੀ ਵੇਲੇ ਪਹਾੜੀ ਰਾਜਿਆਂ ਵਲੋਂ ਛੱਡੇ ਗਏ ਮਸਤ ਹਾਥੀ ਨਾਲ ਲੜਾਈ ਕੀਤੀ ਸੀ। ਇਸ ਤੋਂ ਸਾਬਤ ਹੁੰਦਾ ਹੈ ਕਿ ਭਾਈ ਸਾਹਿਬ ਦਾ ਸਮੁੱਚਾ ਪਰਿਵਾਰ ਅੰਤਲੇ ਦਮ ਤਕ ਬੰਦਾ ਸਿੰਘ ਬਹਾਦਰ ਨਾਲ ਜੁੜਿਆ ਰਿਹਾ ਸੀ। ਭਾਈ ਸਾਹਿਬ ਨੂੰ ਖੁਦ ਗੁਰੂ ਗੋਬਿੰਦ ਸਿੰਘ ਜੀ ਨੇ ਸਿਰੀ ਅਕਾਲ ਤਖ਼ਤ ਸਾਹਿਬ ਅਤੇ ਸਿਰੀ ਦਰਬਾਰ ਸਾਹਿਬ ਦਾ ਸੇਵਾਦਾਰ ਥਾਪਿਆ ਸੀ ਅਤੇ ਜੇ ਮੁਗ਼ਲ ਹਕੂਮਤ ਵਲੋਂ ਗੁਰੂ ਸਾਹਿਬ ਰਾਹੀਂ ਥਾਪੇ ਹੋਏ ਸੇਵਾਦਾਰ ਨੂੰ ਅਜੀਤ ਸਿੰਘ ਜਾਂ ਹੋਰ ਬਾਵਿਆਂ ਦੀ ਮਦਦ ਦੁਆਰਾ ਹਟਾਉਣ ਦੀ ਕੋਸ਼ਿਸ਼ ਕੀਤੀ ਗਈ ਸੀ ਤਾਂ ਇਸ ਦਾ ਮਤਲਬ ਸੀ ਕਿ ਇਹ ਲੋਕ ਮੁਗ਼ਲ ਹਕੂਮਤ ਦੇ ਹੱਥ-ਠੋਕੇ ਬਣ ਕੇ ਗੁਰੂ ਸਾਹਿਬ ਦੇ ਹੁਕਮਾਂ ਦੀ ਸਿੱਧੀ ਉਲੰਘਣਾ ਕਰ ਰਹੇ ਸਨ।

ਬਾਵਾ ਬਿਨੋਦ ਸਿੰਘ ਵੀ ਉਹਨਾਂ ਪੰਜ ਪਿਆਰਿਆਂ ਵਿਚੋਂ ਸੀ ਜਿਹੜੇ ਦਸਮ ਪਾਤਸ਼ਾਹ ਨੇ ਬੰਦਾ ਸਿੰਘ ਬਹਾਦਰ ਦੇ ਨਾਲ ਭੇਜੇ ਸਨ। ਇਹ ਗੁਰੂ ਅਮਰਦਾਸ ਜੀ ਦੀ ਅੰਸ਼ ਵਿਚੋਂ ਸੀ ਅਤੇ ਇਸ ਨੂੰ ਇਸ ਗੱਲ ਦਾ ਹੰਕਾਰ ਵੀ ਸੀ। ਜਦੋਂ ਅਸੀਂ ਬੰਦਾ ਸਿੰਘ ਬਹਾਦਰ ਦੀਆਂ ਮੁੱਢ ਤੋਂ ਲੈ ਕੇ ਅਖ਼ੀਰ ਤਕ ਪਰਾਪਤ ਕੀਤੀਆਂ ਜਿੱਤਾਂ ਦਾ ਨਿਰੀਖਣ ਕਰਦੇ ਹਾਂ ਤਾਂ ਪਤਾ ਲਗਦਾ ਹੈ ਕਿ ਜਿਵੇਂ ਬਾਵਾ ਬਿਨੋਦ ਸਿੰਘ ਇਕ ਪਾਸੇ ਇਕੱਲਾ ਹੀ ਖੜਾ ਹੋਵੇ। ਪਿੱਛੋਂ ਜਿਸ ਤਰ੍ਹਾਂ ਇਸ ਨੇ ਮੁਗ਼ਲ ਹਕੂਮਤ ਦੀ ਸਹਿ 'ਤੇ ਬੰਦਾ ਸਿੰਘ ਬਹਾਦਰ ਨਾਲ ਧੋਖਾ ਕੀਤਾ ਇਸ ਨਾਲ ਸਿੱਖ ਅਸੂਲਾਂ ਨਾਲ ਤਾਂ ਗਦਾਰੀ ਹੋਣੀ ਹੀ ਸੀ ਸਗੋਂ ਇਸ ਨਾਲ ਗੁਰੂ ਸਾਹਿਬ ਦੇ ਉਸ ਵਿਸ਼ਵਾਸ ਨੂੰ ਵੀ ਸੱਟ ਵੱਜੀ ਸੀ ਜਿਸ ਵਿਸ਼ਵਾਸ ਨਾਲ ਉਨ੍ਹਾਂ ਨੇ ਇਸ ਨੂੰ ਬੰਦਾ ਸਿੰਘ ਬਹਾਦਰ ਨਾਲ ਭੇਜਿਆ ਸੀ। ਬੰਦਾ ਸਿੰਘ ਬਹਾਦਰ ਦੀ ਸ਼ਹਾਦਤ ਪਿੱਛੋਂ ਇਹ ਬਾਵਾ ਬਿਨੋਦ ਲਾਹੌਰ ਦੇ ਨਵਾਬ ਅਬਦੁਸ ਸਮੁੰਦ ਖ਼ਾਂ ਅਧੀਨ ਪੰਜ ਸੌ ਘੋੜਿਆਂ ਦਾ ਇੰਚਾਰਜ ਥਾਪਿਆ ਗਿਆ ਸੀ। ਇਸ ਦੇ ਪੁੱਤਰ ਬਾਵਾ ਕਾਹਨ ਸਿੰਘ ਨੂੰ ਸਿਰੀ ਦਰਬਾਰ ਸਾਹਿਬ ਦਾ ਪਰਬੰਧਕ ਥਾਪਿਆ ਗਿਆ ਸੀ। ਆਪਣੇ ਇਹਨਾਂ ਗਦਾਰੀ ਭਰੇ ਕੁਕਰਮਾਂ ਨੂੰ ਛੁਪਾਉਣ ਲਈ ਹੀ ਇਹਨਾਂ ਲੋਕਾਂ ਨੇ ਆਪਣੇ ਆਪ ਨੂੰ 'ਤੱਤ ਖਾਲਸਾ' ਅਤੇ ਬੰਦਾ ਸਿੰਘ ਬਹਾਦਰ ਦੇ ਸਿੰਘਾਂ-ਸਾਥੀਆਂ ਨੂੰ 'ਬੰਦਈ ਸਿੰਘ' ਕਹਿਣਾ ਸ਼ੁਰੂ ਕਰ ਦਿੱਤਾ ਸੀ। ਮੁਗ਼ਲ ਹਕੂਮਤ ਨੇ ਬੰਦਾ ਸਿੰਘ ਬਹਾਦਰ ਨੂੰ ਇਖਲਾਕੀ ਤੌਰ 'ਤੇ ਮਾਰਨ ਲਈ ਇਸ ਗੱਲ ਦਾ ਪੂਰਾ ਪਰਚਾਰ ਕੀਤਾ ਸੀ। ਸਰੂਪ ਦਾਸ ਭੱਲਾ ਸਾਡੇ ਗੁਰਮੁਖੀ ਦੀਆਂ ਲਿਖਤਾਂ ਦੇ ਲੇਖਕਾਂ ਵਿਚੋਂ ਇਕ ਮੁਢਲਾ ਲੇਖਕ ਹੈ।[41] ਇਹ ਵੀ ਗੁਰੂ ਅਮਰਦਾਸ ਜੀ ਦੀ ਅੰਸ਼ ਵਿਚੋਂ ਸੀ ਇਕ ਕਰਕੇ ਬਾਵਾ ਸਰੂਪ ਦਾਸ ਭੱਲਾ ਬਾਵਾ ਬਿਨੋਦ ਸਿੰਘ ਅਤੇ ਬਾਵਾ ਕਾਹਨ ਸਿੰਘ ਦੇ ਖਾਨਦਾਨ ਵਿਚੋਂ ਹੀ ਸੀ। ਇਸ ਨੇ ਆਪਣੀ ਲਿਖਤ 'ਮਹਿਮਾ ਪ੍ਰਕਾਸ਼' ਵਿਚ ਲਿਖਿਆ ਹੈ ਕਿ ਜਦੋਂ ਬੰਦਾ ਸਿੰਘ ਬਹਾਦਰ ਦੇ ਸਾਥੀ ਸਿੰਘਾਂ ਨੂੰ ਰੋਜ਼ਾਨਾ ਸੌ ਸੌ ਦੀ ਗਿਣਤੀ ਵਿਚ ਕੱਢ ਕੇ ਮਾਰਿਆ ਜਾਂਦਾ ਸੀ ਤਾਂ ਬਾਵਾ ਕਾਹਨ ਸਿੰਘ ਵੀ ਕਿਸੇ ਨਾ ਕਿਸੇ ਤਰ੍ਹਾਂ ਗਰਿਫ਼ਤਾਰ ਕਰ ਕੇ ਉਹਨਾਂ ਸਿੰਘਾਂ ਵਿਚ ਸ਼ਾਮਲ ਕਰ ਲਿਆ ਗਿਆ ਹੋਇਆ ਸੀ। ਇਸ ਦੇ ਬੰਦਿਆਂ ਨੇ ਇਸ ਨੂੰ ਛੁਡਾਉਣ ਦੀ ਬੜੀ ਕੋਸ਼ਿਸ਼ ਕੀਤੀ। ਅਖ਼ੀਰ 'ਤੇ ਇਹ ਤਹਿ ਹੋਇਆ ਕਿ ਕਿਉਂਕਿ ਬੰਦਾ ਸਿੰਘ ਬਹਾਦਰ ਨਾਲ ਗਰਿਫ਼ਤਾਰ ਕੀਤੇ ਗਏ ਸਿੰਘਾਂ

41. ਦੇਖੋ ਸਰੂਪ ਦਾਸ ਭੱਲਾ, ਪੂਰਵ ਅੰਕਤ, ਪੰਨਾ 89. ਇਸ ਦੇ ਨਾਲ ਹੀ ਹੋਰ ਦੇਖੋ ਭਾਈ ਸੰਤੋਖ ਸਿੰਘ, ਸ੍ਰੀ ਗੁਰੂ ਪ੍ਰਤਾਪ ਸੂਰਜ ਗਰੰਥ, ਜਿਲਦ ਚੌਧਵੀ, ਪੰਨੇ 6533-55.

ਦੀ ਗਿਣਤੀ ਕੀਤੀ ਜਾ ਚੁੱਕੀ ਹੈ ਅਤੇ ਗਿਣਤੀ ਮੁਤਾਬਕ ਹੀ ਸ਼ਹੀਦ ਹੋਏ ਸੀਸ ਵੇਖੇ ਜਾਣੇ ਹਨ ਇਸ ਲਈ ਜੇਕਰ ਬਾਵਾ ਕਾਹਨ ਸਿੰਘ ਨੂੰ ਬਚਾਉਣਾ ਹੈ ਤਾਂ ਇਸ ਦੀ ਥਾਂ 'ਤੇ ਕਿਸੇ ਹੋਰ ਸਿੱਖ ਨੂੰ ਬਿਠਾ ਦਿੱਤਾ ਜਾਵੇ ਅਤੇ ਇਸ ਨੂੰ ਕੱਢ ਕੇ ਲੈ ਜਾਇਆ ਜਾਵੇ। ਇਸੇ ਤਰ੍ਹਾਂ ਕੀਤਾ ਗਿਆ। ਕਿਸੇ ਗਰੀਬ ਜਿਹੇ ਸਿੱਖ ਨੂੰ ਧੋਖੇ ਨਾਲ ਬਾਵਾ ਕਾਹਨ ਸਿੰਘ ਦੀ ਥਾਂ ਬਿਠਾ ਕੇ ਇਸ ਨੂੰ ਛੁਡਵਾਇਆ ਗਿਆ। ਰਾਤੋ ਰਾਤ ਇਹ ਲੁਕਦਾ ਛਿਪਦਾ ਪੰਜਾਬ ਪਹੁੰਚ ਗਿਆ ਅਤੇ ਉਥੇ ਇਸ ਨੂੰ ਲਾਹੌਰ ਦੇ ਨਵਾਬ ਨੇ ਅੰਮ੍ਰਿਤਸਰ ਦੇ ਸਿਰੀ ਦਰਬਾਰ ਸਾਹਿਬ ਦਾ ਪਰਬੰਧਕ ਥਾਪ ਦਿੱਤਾ ਸੀ।

ਕਿਥੇ ਤਾਂ ਬੰਦਾ ਸਿੰਘ ਬਹਾਦਰ ਦੇ ਸਾਥੀ ਸਿੰਘਾਂ ਦੀਆਂ ਇਹ ਮਿਸਾਲਾਂ ਕਿ ਸਭ ਨੇ ਅੱਗੇ ਹੋ ਹੋ ਕੇ ਖਿੜੇ ਮੱਥੇ ਸ਼ਹਾਦਤਾਂ ਦਿੱਤੀਆਂ ਅਤੇ ਕਿਥੇ ਇਹ ਬਾਵਾ ਕਾਹਨ ਸਿੰਘ ਦੀ ਧੋਖੇ ਭਰੀ ਕਹਾਣੀ? ਬੰਦਾ ਸਿੰਘ ਬਹਾਦਰ ਦੇ ਸਮਕਾਲੀ ਲੇਖਕ ਵਲੋਂ ਹੀ ਦਿੱਤੀ ਗਈ ਇਕ ਗਵਾਹੀ ਅਨੁਸਾਰ ਇਕ ਮਛੋਹਰ ਮੁੰਡੇ, ਜਿਸ ਦਾ ਨਵਾਂ ਨਵਾਂ ਵਿਆਹ ਹੋਇਆ ਸੀ, ਰਸਤੇ ਵਿਚੋਂ ਗਰਿਫ਼ਤਾਰ ਕਰ ਲੈ ਜਾਣ ਕਰਕੇ ਉਸ ਦੀ ਮਾਂ ਜਦ ਦਿੱਲੀ ਪਹੁੰਚੀ ਅਤੇ ਸੰਬੰਧਤ ਹਾਕਮਾਂ ਨਾਲ ਮਿਲ ਕੇ ਆਪਣੇ ਪੁੱਤਰ ਦੀ ਰਿਹਾਈ ਦੇ ਹੁਕਮ ਪਰਾਪਤ ਕੀਤੇ ਤਾਂ ਉਹ ਮਛੋਹਰ ਮੁੰਡਾ ਉਸ ਲਾਈਨ ਵਿਚ ਖੜਾ ਸੀ ਜਿਹੜੀ ਕਤਲ ਕੀਤੇ ਜਾਣ ਵਾਲੇ ਸਿੰਘਾਂ ਦੀ ਸੀ। ਜਦੋਂ ਉਸ ਦੀ ਮਾਂ ਨੇ ਉਥੇ ਜਾ ਕੇ ਆਪਣੇ ਪੁੱਤਰ ਨੂੰ ਕਿਹਾ ਕਿ ਉਸਦੀ ਰਿਹਾਈ ਹੋ ਗਈ ਹੈ, ਹੁਣ ਉਸ ਨੇ ਸਿਰਫ਼ ਇਹੀ ਕਹਿਣਾ ਹੈ ਕਿ ਉਹ ਗੁਰੂ ਦਾ ਸਿੱਖ ਨਹੀਂ ਹੈ। ਇਹ ਸੁਣ ਕੇ ਉਸ ਮੁੰਡੇ ਨੇ ਬਿਲਕੁਲ ਇਨਕਾਰ ਕਰ ਦਿੱਤਾ ਅਤੇ ਇਹ ਵੀ ਕਹਿ ਦਿੱਤਾ ਕਿ ਇਹ ਔਰਤ ਉਸਦੀ ਮਾਂ ਹੀ ਨਹੀਂ ਹੈ। ਇਹ ਕਹਿ ਕੇ ਉਹ ਅੱਗੇ ਵਧਿਆ ਅਤੇ ਜਲਾਦ ਨੇ ਉਸ ਦਾ ਸਿਰ ਲਾਹ ਕੇ ਅਲੱਗ ਕਰ ਸੁਟਿਆ। ਇਸ ਸਾਰੀ ਘੱਟਨਾ ਨੂੰ ਦੋ ਅੰਗਰੇਜ਼ੀ ਸਫੀਰ ਆਪਣੀ ਅੱਖੀਂ ਦੇਖ ਰਹੇ ਸਨ। ਉਨ੍ਹਾਂ ਨੇ ਆਪਣੇ ਉਸ ਪੱਤਰ ਵਿਚ ਇਸ ਗੱਲ ਦਾ ਹਵਾਲਾ ਦਿੱਤਾ ਹੈ ਜਿਹੜਾ ਉਨ੍ਹਾਂ ਨੇ ਜੂਨ 1716 ਵਿਚ ਕਲਕੱਤੇ ਵਿਖੇ ਆਪਣੇ ਸੀਨੀਅਰ ਅਧਿਕਾਰੀ ਨੂੰ ਲਿਖਿਆ ਸੀ। ਇਸ ਪੱਤਰ ਨੂੰ ਇਨ੍ਹਾਂ ਲੇਖਕਾਂ ਨੇ ਆਪਣੀਆਂ ਲਿਖਤਾਂ ਵਿਚ ਦਿੱਤਾ ਹੈ।[42] ਉਕਤ ਵੇਰਵਾ ਦੇਣ ਦਾ ਮਤਲਬ ਸਿਰਫ਼ ਇਤਨਾ ਹੀ ਹੈ ਕਿ ਕਿਥੇ ਤਾਂ ਇਕ ਸਾਧਾਰਣ ਸਿੱਖ ਨੌਜਵਾਨ ਆਪਣੀ ਮਾਂ ਵਲੋਂ ਲਿਆਂਦੇ ਗਏ ਰਿਹਾਈ ਦੇ ਹੁਕਮਾਂ ਨੂੰ ਵੀ ਰੱਦ ਕਰ ਕੇ ਗੁਰੂ ਦੇ ਨਾਂ ਤੇ ਦੀ ਸ਼ਹਾਦਤ ਦੇ ਗਿਆ ਸੀ ਤੇ ਕਿਥੇ ਇਹ ਬਾਵਾ ਕਾਹਨ ਸਿੰਘ ਵਰਗੇ ਮੰਨੇ ਪਰਮੰਨੇ ਖ਼ਾਨਦਾਨੀ ਸਿੱਖ, ਸ਼ਹਾਦਤ ਤੋਂ ਡਰ ਕੇ ਇਕ ਸਾਧਾਰਣ ਸਿੱਖ ਨੂੰ ਧੋਖੇ ਨਾਲ ਬਿਠਾ ਕੇ ਭੱਜ ਆਏ ਸਨ। ਪੰਜਾਬ ਵਿਚ ਪਹੁੰਚ ਕੇ ਇਨ੍ਹਾਂ ਲੋਕਾਂ ਨੇ ਆਪਣੇ ਆਪ ਨੂੰ 'ਤੱਤ ਖਾਲਸਾ' ਅਖਵਾਇਆ ਸੀ।

ਬੰਦਾ ਸਿੰਘ ਬਹਾਦਰ ਦੀ ਸ਼ਹਾਦਤ ਦੇ ਤੁਰੰਤ ਪਿੱਛੋਂ ਸਰਕਾਰ ਵੱਲੋਂ ਇਕ ਫ਼ੁਰਮਾਨ ਜਾਰੀ ਕੀਤਾ ਗਿਆ ਸੀ। ਇਸ ਫ਼ੁਰਮਾਨ ਵਿਚ ਕਿਹਾ ਗਿਆ ਸੀ ਕਿ ਸਿੱਖਾਂ ਨੂੰ ਵੇਖਦਿਆਂ

---

42. T.T. Wheeler, *Early Records of British India*, London, 1812, p. 180; C.R. Wilson, *The Early Annals of the English in Bengal*, Vol. II, Calcutta, 1900, pp. 96-98 and Ganda Singh (ed.), *Early European Accounts of the Sikhs*, Calcutta, 1962, p. 52.

ਸਾਰ ਹੀ ਗੋਲੀ ਮਾਰ ਦਿੱਤੀ ਜਾਵੇ।[43] ਜੇਕਰ ਕਿਸੇ ਸਿੱਖ ਨੂੰ ਗਰਿਫਤਾਰ ਕੀਤਾ ਜਾਵੇ ਤਾਂ ਉਸ ਦੇ ਸਾਹਮਣੇ ਦੋ ਬਦਲ ਰਖੇ ਜਾਣ। ਪਹਿਲਾ ਇਹ ਕਿ ਉਹ ਇਸਲਾਮ ਕਬੂਕ ਕਰੇ, ਦੂਜਾ ਇਹ ਕਿ ਮੌਤ ਕਬੂਲ ਕਰੇ। ਇਸਲਾਮ ਕਬੂਲ ਕਰਨ 'ਤੇ ਕਾਫ਼ੀ ਇਨਾਮ ਵੀ ਦਿੱਤੇ ਜਾਂਦੇ ਸਨ। ਅਜਿਹੇ ਮਹੌਲ ਅੰਦਰ ਸਥਾਨਕ ਹਾਕਮਾਂ ਨੇ ਸਿੱਖਾਂ ਦੇ ਸਿਰਾਂ ਦੇ ਮੁਲ ਰਖ ਦਿੱਤੇ ਸਨ। ਸਿੱਖ ਦਾ ਕੱਟਿਆ ਹੋਇਆ ਸਿਰ ਲਿਆ ਕੇ ਦੇਣ ਵਾਲੇ ਨੂੰ ਪੱਚੀ ਰੁਪਏ ਅਤੇ ਜੀਵਤ ਸਿੱਖ ਨੂੰ ਪੇਸ਼ ਕਰਨ ਵਾਲੇ ਨੂੰ ਦੋ ਸੋ ਰੁਪਇਆ ਦਿੱਤਾ ਜਾਂਦਾ ਹੈ। ਸਿੱਖਾਂ ਦੀਆਂ ਲੜਕੀਆਂ ਨੂੰ ਨੌਕਰਾਣੀਆਂ ਬਣਾ ਕੇ ਰੱਖਿਆ ਜਾਂਦਾ ਸੀ। ਜਦੋਂ ਕੋਈ ਮੁਸਲਮਾਨ ਮਰਦਾ ਸੀ ਤਾਂ ਉਸ ਦੀ ਕਬਰ ਸਿੱਖ ਨੂੰ ਖੋਦਣੀ ਪੈਂਦੀ ਸੀ। ਬਗਾਰ ਲਈ ਵੀ ਸਿੱਖਾਂ ਨੂੰ ਵਰਤਿਆ ਜਾਂਦਾ ਸੀ।[44]

ਪੰਜਾਬ ਤੋਂ ਇਲਾਵਾ ਜੰਮੂ ਅਤੇ ਗੁਆਂਢ ਦੀਆਂ ਹੋਰ ਪਹਾੜੀ ਅਤੇ ਰਾਜਪੂਤ ਰਿਆਸਤਾਂ ਨੂੰ ਵੀ ਸਿੱਖਾਂ ਉਪਰ ਸਖਤੀ ਕਰਨ ਲਈ ਕਿਹਾ ਗਿਆ ਸੀ। ਇਸ ਦਾ ਸਿੱਟਾ ਇਹ ਹੋਇਆ ਸੀ ਕਿ ਬਾਦਸ਼ਾਹ ਦੀਆਂ ਖੁਸ਼ੀਆਂ ਹਾਸਲ ਕਰਨ ਲਈ ਹਰ ਛੋਟੇ ਮੋਟੇ ਹਾਕਮ ਨੇ ਆਪੋ ਆਪਣੇ ਇਲਾਕਿਆਂ ਵਿਚ ਸਿੱਖਾਂ ਨੂੰ ਮਾਰਨਾ ਸ਼ੁਰੂ ਕਰ ਦਿੱਤਾ ਸੀ। ਪਹਾੜੀ ਰਿਆਸਤਾਂ ਤਾਂ ਇਸ ਹੱਦ ਤਕ ਚਲੀਆਂ ਗਈਆਂ ਸਨ ਕਿ ਉਹ ਦਾੜ੍ਹੀ ਕੇਸਾਂ ਵਾਲੇ ਕਿਸੇ ਸਾਧ ਸੰਤ ਨੂੰ ਵੀ ਨਹੀਂ ਛੱਡਦੀਆਂ ਸਨ। ਕਈ ਹਿੰਦੂ ਪਰਿਵਾਰ ਤਾਂ ਆਪਣੀਆਂ ਛੋਟੀਆਂ ਲੜਕੀਆਂ ਨੂੰ ਮਾਰ ਕੇ ਅਤੇ ਉਸ ਦਾ ਸਿਰ ਲਾਹ ਕੇ ਸਬੰਧਤ ਹਾਕਮ ਦੇ ਸਾਹਮਣੇ ਪੇਸ਼ ਕਰ ਦਿੰਦੇ ਸਨ ਅਤੇ ਕਹਿ ਦਿੱਤਾ ਜਾਂਦਾ ਸੀ ਕਿ ਇਹ ਸਿੱਖਾਂ ਦੇ ਛੋਟੇ ਬੱਚੇ ਦਾ ਸਿਰ ਹੈ। ਹਿੰਦੂ ਮੁੰਡਿਆਂ ਦੇ ਤਾਂ ਸਿਰ ਦੇ ਕੇਸ਼ ਹੁੰਦੇ ਹੀ ਨਹੀਂ ਸਨ ਪਰ ਲੜਕੀਆਂ ਅਤੇ ਔਰਤਾਂ ਦੇ ਕੇਸ ਰੱਖੇ ਹੁੰਦੇ ਹਨ। ਇਨ੍ਹਾਂ ਕੇਸਾਂ ਵਾਲੇ ਸਿਰਾਂ ਨੂੰ ਸਿੱਖਾਂ ਦੇ ਬੱਚਿਆਂ ਦੇ ਸਿਰ ਦੱਸ ਕੇ ਇਨਾਮ ਲਿਆ ਜਾਂਦਾ ਸੀ। ਅਬਦੁਸ ਸਮੁੰਦ ਖ਼ਾਂ ਨੂੰ ਇਹ ਅਧਿਕਾਰ ਪਰਾਪਤ ਸੀ ਕਿ ਉਹ ਆਪਣੀਆਂ ਗੁਆਂਢੀ ਰਿਆਸਤਾਂ ਦੇ ਕਿਸੇ ਵੀ ਅਧਿਕਾਰੀ ਤੋਂ ਸਿੱਖਾਂ ਵਿਰੁੱਧ ਲਏ ਗਏ ਰੋਜ਼ਾਨਾ ਦੇ ਐਕਸ਼ਨ ਬਾਰੇ ਪੁੱਛ ਸਕਦਾ ਸੀ।[45] ਹਰ ਪਿੰਡ ਦੇ ਚੌਧਰੀ ਕੋਲੋਂ ਇਹ ਬਚਨ ਲਿਆ ਜਾਂਦਾ ਸੀ ਕਿ ਉਹ ਆਪਣੇ ਪਿੰਡ ਵਿਚ ਕਿਸੇ ਸਿੱਖੀ ਨੂੰ ਨਹੀਂ ਵੜਨ ਦੇਵੇਗਾ। ਸਿੱਖਾਂ ਦੇ ਆ ਜਾਣ ਦੀ ਸੂਰਤ ਵਿਚ ਉਹ ਹਰ ਹਾਲਤ ਵਿਚ ਸਬੰਧਤ ਅਧਿਕਾਰੀ ਨੂੰ ਇਸ ਦੀ ਜਾਣਕਾਰੀ ਦੇਵੇਗਾ। ਪਿੰਡਾਂ ਵਿਚ ਫੌਜ ਦੇ ਘੋੜ-ਸਵਾਰ ਸਿੱਖਾਂ ਦੀ ਤਲਾਸ਼ ਲਈ ਦਿਨ ਰਾਤ ਗਸ਼ਤ ਕਰਦੇ ਰਹਿੰਦੇ ਸਨ।

ਇਕ ਪਾਸੇ ਤਾਂ ਅਜਿਹੇ ਹਾਲਾਤ ਸਨ ਜਿਨ੍ਹਾਂ ਅਧੀਨ ਸਿੱਖ ਪਰਿਵਾਰ ਘਰਾਂ ਵਿਚੋਂ ਨਿਕਲ ਗਏ ਸਨ। ਅਜਿਹੇ ਸਮੇਂ ਵਿਚ ਤਾਂ ਸੰਘਣੇ ਜੰਗਲਾਂ ਦੇ ਅਜਿਹੇ ਘੋਰਣੇ ਸਿੱਖਾਂ ਦੀ ਛੁਪਣਗਾਹ ਸਨ ਜਿਥੇ ਕੋਈ ਵੀ ਵਿਅਕਤੀ ਪਹੁੰਚ ਨਹੀਂ ਕਰ ਸਕਦਾ ਸੀ ਜਾਂ ਉਹ ਮਾਰੂਥਲ ਸਨ ਜਿਥੇ ਨਾ ਪੀਣ ਨੂੰ ਪਾਣੀ ਮਿਲਦਾ ਸੀ ਅਤੇ ਨਾ ਹੀ ਖਾਣ ਲਈ ਕੋਈ ਵਸਤੂ ਮਿਲਦੀ ਸੀ। ਅਜੇਹੀਆਂ ਅਣ-ਮਨੁੱਖੀ ਛੁਪਣਗਾਹਾਂ ਜਾਂ ਕੰਧਰਾਂ ਸਿੱਖਾਂ ਦੇ ਰਹਿਣ ਦੇ ਕੰਮ ਆਉਂਦੀਆਂ

---

43. Malcolm, *Sketch of the Sikhs* (1812), Chandigarh, 1981 (reprint), p. 67.
44. Hari Ram Gupta, *History of The Sikhs*, Vol. II (Evolution of the Sikh Confederacies : 1708-1769), New Delhi, 1978, p. 39.
45. *Ibid*, pp. 40-41.

ਸਨ। ਇਸ ਤਰ੍ਹਾਂ ਦੀਆਂ ਥਾਵਾਂ 'ਤੇ ਕਿਹੋ ਜਿਹਾ ਮਨੁੱਖੀ ਜੀਵਨ ਹੋਵੇਗਾ ਇਸ ਦਾ ਸਹਿਜੇ ਹੀ ਅੰਦਾਜ਼ਾ ਲਗ ਸਕਦਾ ਹੈ। ਨਾ ਖਾਣ ਲਈ ਜ਼ਰੂਰੀ ਅਨਾਜ, ਨਾ ਪਹਿਨਣ ਲਈ ਲੋੜੀਂਦੇ ਕਪੜੇ, ਨਾ ਰਹਿਣ ਲਈ ਕੋਈ ਛੱਤ, ਅਜਿਹਾ ਜੀਵਨ ਸੀ ਸਿੱਖਾਂ ਦਾ। ਔਰਤਾਂ, ਬੱਚਿਆਂ, ਬੁੱਢਿਆਂ ਅਤੇ ਬਿਮਾਰ ਵਿਅਕਤੀਆਂ ਨੇ ਕੁਦਰਤ ਦੇ ਰਹਿਮ ਉਪਰ ਹੀ ਦਿਨ ਗੁਜ਼ਾਰਨੇ ਸਨ। ਸਿੱਖਾਂ ਨੇ ਇਸ ਤੰਗੀ ਵਿਚ ਵੀ ਅਕਾਲ ਪੁਰਖ ਉਪਰ ਇਹ ਉਮੀਦ ਰਖੀ ਹੋਈ ਸੀ ਕਿ ਇਕ ਦਿਨ ਇਹ ਦਿਨ ਜ਼ਰੂਰ ਖ਼ਤਮ ਹੋਣਗੇ ਅਤੇ ਉਹ ਰਾਜ ਭਾਗ ਦੇ ਮਾਲਕ ਬਣਨਗੇ। ਅਕਾਲ ਪੁਰਖ ਦਾ ਸਹਾਰਾ ਹੀ ਸਿੱਖਾਂ ਦਾ ਇਕੋ ਇਕ ਖ਼ਜ਼ਾਨਾ ਸੀ।

ਰਤਨ ਸਿੰਘ ਭੰਗੂ ਨੇ ਇਸ ਜੀਵਨ ਦਾ ਇਉਂ ਨਕਸ਼ਾ ਚਿਤਰਿਆ ਹੈ :

ਨਾਹਿੰ ਜ਼ਖੀਰੋ ਸਿੰਘਨ ਪਾਸ। ਸ਼ਸਤਰ ਬਸਤਰ ਹੀਨ ਸੁ ਖਾਸ।
ਨਾਂਗੇ ਖਰੇ ਔ ਭੂਖੇ ਪਯਾਸੇ। ਦਾਰੂ ਸਿਕਾ ਨਹਿੰ ਕਛੂ ਪਾਸੇ।
ਹਾਟ ਪਟਨ ਬਾਜ਼ਾਰ ਸੁ ਨਾਹੀਂ। ਰੋਗੀ ਔਖਧ ਬਿਨ ਮਰ ਜਾਹੀਂ।
ਗੁਰਬਚਨਨ ਕੀ ਉਨ ਕੋ ਆਸ। ਯਹੀ ਖ਼ਜ਼ਾਨੋ ਉਸ ਕੇ ਪਾਸ।[46]

ਇਥੇ ਹੀ ਬੱਸ ਨਹੀਂ ਸੀ ਮੁਗ਼ਲ ਫੌਜ ਸਿੱਖਾਂ ਨੂੰ ਅਜਿਹੀਆਂ ਥਾਵਾਂ ਤੋਂ ਕੱਢਣ ਲਈ ਸੰਘਣੇ ਜੰਗਲਾਂ ਦੇ ਝੁੰਡਾ ਨੂੰ ਅੱਗ ਲਾ ਦਿੰਦੀ ਸੀ। ਇਕ ਪਾਸੇ ਅੱਗ ਦੇ ਭਾਂਬੜ ਅਤੇ ਦੂਜੇ ਪਾਸੇ ਫ਼ੌਜ ਅਤੇ ਮੁਲਖ਼ਈਆਂ। ਉਹ ਸਿੱਖਾਂ ਨੂੰ ਅੱਗ ਵਿਚ ਸੜਦਿਆਂ ਦੇਖ ਕੇ ਜਾਂ ਅੱਗ ਤੋਂ ਬਚ ਕੇ ਭਜਦਿਆਂ ਨੂੰ ਦੇਖ ਕੇ ਆਨੰਦ ਲੈਂਦੇ ਸਨ ਅਤੇ ਆਪਣੇ ਕਾਬੂ ਆਏ ਸਿੱਖਾਂ ਨੂੰ ਤੜਪਾ ਤੜਪਾ ਕੇ ਮਾਰਦੇ ਸਨ।

ਇਕ ਪਾਸੇ ਤਾਂ ਅਜਿਹੇ ਹਾਲਾਤ ਸਨ ਪਰ ਦੂਜੇ ਪਾਸੇ ਬਾਵਾ ਬਿਨੋਦ ਸਿੰਘ ਅਤੇ ਬਾਵਾ ਕਾਹਨ ਸਿੰਘ ਵਰਗੇ ਖਾਨਦਾਨੀ ਸਿੱਖ ਨੇਤਾ ਸਰਕਾਰ ਕੋਲੋਂ ਨੌਕਰੀਆਂ ਅਤੇ ਜਗੀਰਾਂ ਪਰਾਪਤ ਕਰ ਰਹੇ ਸਨ। ਇਨ੍ਹਾਂ ਦੇ ਅਜਿਹੇ ਕਿਰਦਾਰ ਨੂੰ ਰਤਨ ਸਿੰਘ ਭੰਗੂ ਨੇ ਇਉਂ ਚਿਤਰਿਆ ਹੈ :

ਟਿਹਣ ਬਿਨੋਦ ਸਿੰਘ ਕਾ ਭਾਈ ਕਾਨ੍ਹ ਸਿੰਘ। ਕਾਨ੍ਹ ਸਿੰਘ ਕਾ ਸੁਤ ਮੀਰੀ ਭੁਝੰਗ।
ਲਈ ਤੁਰਕਨ ਸੋ ਉਨ ਜੁਗਤ ਮਿਲਾਇ। ਦਈ ਸਭ ਉਸ ਗਲ ਸਮਝਾਇ।
ਕਾਨ੍ਹ ਸਿੰਘ ਕਈ ਬੰਦਯੋ ਜੁਦਾਈ। ਲਈ ਤੁਰਕਨ ਸਯੋ ਬਾਤ ਬਨਾਈ।
ਰੁਪਏ ਪੰਜ ਸੈ ਨਿਤ ਲੈਣ ਠਹਿਰਾਯੋ। ਅਸਵਾਰ ਪੰਜ ਸੈ ਸਾਥ ਰਖਾਯੋ।
ਤੁਰਕਨ ਲਿਖ ਨਿਜ ਠਾਣੇਦਾਰਨ। ਹੁਇ ਨ ਦੰਗੋ ਕਹੁ ਸੰਗਤਿ ਵਾਰਨ।
ਅੰਮ੍ਰਿਤਸਰ ਇਨ ਦੀਓ ਪਹੁੰਚਾਇ। ਰਖੋ ਹਿਫ਼ਾਜ਼ਤ ਇਨ ਕੋ ਰਾਹੁ।[47]

ਬੰਦਾ ਸਿੰਘ ਬਹਾਦਰ ਦੀ ਸ਼ਹਾਦਤ ਪਿੱਛੋਂ ਜੋ ਪਹਿਲੀ ਦਿਵਾਲੀ ਆਈ ਸੀ ਉਸ ਸਮੇਂ ਬਾਵਾ ਬਿਨੋਦ ਸਿੰਘ ਅਤੇ ਬਾਵਾ ਕਾਹਨ ਸਿੰਘ ਨੇ ਸਰਕਾਰ ਦੀ ਸਹਾਇਤਾ ਨਾਲ ਸਿਰੀ ਦਰਬਾਰ ਸਾਹਿਬ ਵਿਖੇ ਸਿੱਖ ਸੰਗਤਾਂ ਦਾ ਮੇਲਾ ਲਗਾਇਆ ਸੀ। ਸਰਕਾਰ ਪੱਖੀ ਸਿੱਖਾਂ ਦੀ ਹਿਫ਼ਾਜ਼ਤ ਲਈ ਫ਼ੌਜ ਦਾ ਪੂਰਾ ਪਰਬੰਧ ਕੀਤਾ ਗਿਆ ਸੀ। ਹਿਫ਼ਾਜ਼ਤੀ ਪਰਬੰਧ ਉਨ੍ਹਾਂ ਸਿੰਘਾਂ ਕੋਲੋਂ ਕੀਤੇ ਗਏ ਸਨ ਜਿਨ੍ਹਾਂ ਨੂੰ ਇਹ ਲੋਕ ਬੰਦਈ ਸਿੱਖ ਆਖ ਰਹੇ ਸਨ। ਬੰਦਾ ਸਿੰਘ

---

46. ਪ੍ਰਾਚੀਨ ਪੰਥ ਪ੍ਰਕਾਸ਼, (ਸੰਪਾ. ਭਾਈ ਵੀਰ ਸਿੰਘ), ਖਾਲਸਾ ਸਮਾਚਾਰ, ਅੰਮ੍ਰਿਤਸਰ, 1962, ਪੰਨੇ 304-5.
47. ਉਕਤ ਪੰਨੇ 163-170.

ਬਹਾਦਰ ਦੇ ਜਿਹੜੇ ਸਾਥੀ ਸਿੰਘ ਗੁਰਦਾਸ ਨੰਗਲ ਦੀ ਗੜ੍ਹੀ ਤੋਂ ਬਾਹਰ ਰਹਿ ਗਏ ਸਨ ਉਨ੍ਹਾਂ ਨੇ ਹਕੂਮਤ ਦੀ ਈਨ ਨਹੀਂ ਮੰਨੀ ਸੀ ਅਤੇ ਹਥਿਆਰਾਂ ਸਮੇਤ ਜੰਗਲਾਂ ਪਹਾੜਾਂ ਵਿਚ ਚਲੇ ਗਏ ਸਨ ਤਾਂ ਇਨ੍ਹਾਂ ਬਾਵਿਆਂ ਨੂੰ ਡਰ ਸੀ ਕਿ ਇਹ ਸਿੰਘ ਜੇ ਕਿਤੇ ਮੇਲੇ ਵਿਚ ਪਹੁੰਚ ਗਏ ਤਾਂ ਇਨ੍ਹਾਂ ਸਰਕਾਰ ਪੱਖੀ ਨੇਤਾਵਾਂ ਨੂੰ ਮਾਰ ਮਕਾਉਣਗੇ। ਪਰ ਸੁਰੱਖਿਆ ਦੇ ਬਾਵਜੂਦ ਇਹ ਸਿੰਘ ਲੁਕਦੇ ਛਿਪਦੇ ਆ ਪਹੁੰਚੇ ਸਨ। ਇਨ੍ਹਾਂ ਨੇ ਆਉਣ ਸਾਰ ਹਾਜ਼ਰ ਸੰਗਤ ਨੂੰ ਇਨ੍ਹਾਂ ਬਾਵਿਆਂ ਦੇ ਰੋਲ ਬਾਰੇ ਦਸਣਾ ਸ਼ੁਰੂ ਕਰ ਦਿੱਤਾ ਜਿਸ ਦੇ ਸਿੱਟੇ ਵਜੋਂ ਉੱਥੇ ਹਾਜ਼ਰ ਸਾਰੀ ਸੰਗਤ ਬਾਵਿਆਂ ਦੇ ਖਿਲਾਫ਼ ਹੋ ਗਈ। ਜਦੋਂ ਇਨ੍ਹਾਂ ਬਾਵਿਆਂ ਨੇ ਦੇਖਿਆ ਕਿ ਉਨ੍ਹਾਂ ਦੀ ਖੇਡ ਖ਼ਤਮ ਹੋ ਰਹੀ ਹੈ ਤਾਂ ਉਨ੍ਹਾਂ ਨੇ ਉਥੇ ਹਾਜ਼ਰ ਦਰੋਗੇ ਨੂੰ ਕਿਹਾ ਕਿ ਉਹ ਆਪਣੀ ਫੌਜੀ ਤਾਕਤ ਵਰਤ ਕੇ ਇਨ੍ਹਾਂ ਨੂੰ ਹਟਾਵੇ। ਸੰਗਤਾਂ ਨੂੰ ਵਰਗਲਾਉਣ ਲਈ ਇਹ ਸ਼ੋਸ਼ਾ ਛੱਡ ਦਿੱਤਾ ਕਿ ਅਸਲੀ ਖਾਲਸਾ ਕਿਹੜਾ ਹੈ ਇਸ ਦਾ ਫ਼ੈਸਲਾ ਸਰੋਵਰ ਵਿਚ ਪਰਚੀਆਂ ਪਾ ਕੇ ਕਰ ਲੈਂਦੇ ਹਾਂ।[48] ਦਰੋਗੇ ਨੇ ਆਪਣੀ ਸੈਨਿਕ ਟੁਕੜੀ ਉੱਥੇ ਲਿਆਂਦੀ ਅਤੇ ਉਸ ਦੀ ਮੌਜੂਦਗੀ ਵਿਚ ਦੋ ਪਰਚੀਆਂ ਸਰੋਵਰ ਵਿਚ ਸੁਟੀਆਂ ਗਈਆਂ। ਇਕ ਪਰਚੀ ਤੇ ਤੱਤ ਖਾਲਸਾ ਤੇ ਦੂਜੀ ਪਰਚੀ ਤੇ ਬੰਦਈ ਖਾਲਸਾ ਲਿਖਿਆ ਹੋਇਆ ਸੀ। ਜਦੋਂ ਸੁਟੀਆਂ ਹੋਈਆਂ ਪਰਚੀਆਂ ਨੂੰ ਦੋਵਾਂ ਧਿਰਾਂ ਦੇ ਮੁਦਈ—ਸਿੱਖ ਦੇਖਣ ਲਈ ਅਗੇ ਵੱਧੇ ਤਾਂ ਦਰੋਗੇ ਨੇ ਡੰਡੇ ਮਾਰ ਮਾਰ ਕੇ ਸਭ ਨੂੰ ਪਿੱਛੇ ਧੱਕ ਦਿੱਤਾ ਅਤੇ ਆਪ ਹੀ ਇਕ ਪਰਚੀ ਚੁੱਕ ਕੇ ਐਲਾਨ ਕਰ ਦਿੱਤਾ ਕਿ ਤੱਤ ਖਾਲਸੇ ਦੀ ਪਰਚੀ ਉਪਰ ਆਈ ਹੈ ਅਤੇ ਬੰਦਈ ਖਾਲਸੇ ਦੀ ਪਰਚੀ ਡੁੱਬ ਗਈ ਹੈ। ਤੱਤ ਖਾਲਸਾ ਬਾਵਾ ਬਿਨੋਦ ਸਿੰਘ ਅਤੇ ਬਾਵਾ ਕਾਹਨ ਸਿੰਘ ਵਾਲਾ ਧੜਾ ਸੀ। ਬੰਦਈ ਦੂਸਰੇ ਹਥਿਆਰਬੰਦ ਸਿੰਘ ਸਨ। ਦਰੋਗੇ ਦੇ ਐਲਾਨ ਕਰਨ ਸਾਰ ਹੀ ਕਈਆਂ ਨੂੰ ਕੁਟਿਆ ਗਿਆ ਅਤੇ ਗਰਿਫ਼ਤਾਰ ਕਰ ਲਿਆ ਗਿਆ। ਕਈਆਂ ਨੂੰ ਕੁਟ ਕੇ ਭਜਾ ਦਿੱਤਾ ਗਿਆ।[49] ਮਤਲਬ ਉਨ੍ਹਾਂ ਦਾ ਸਿਰਫ਼ ਇਹ ਹੀ ਸੀ ਕਿ ਉਥੇ ਸਿਰਫ਼ ਉਹ ਵਿਅਕਤੀ ਹੀ ਰਹਿਣ ਜਿਹੜੇ ਤੱਤ

---

48. ਕੇਸਰ ਸਿੰਘ ਛਿੱਬਰ ਨੇ ਇਸ ਬਾਰੇ ਇਉਂ ਲਿਖਿਆ ਹੈ :

ਤੁਰਕ ਆਹੇ ਡਰੇ ਹੋਏ ਬੰਦੇ ਦੇ ਲਗੇ ਆਖਨ।
ਮਤ ਇਹੁ ਜਮੀਅਤ ਕਰਿ ਬਹਿਨ।
ਇਨਾਂ ਨੂੰ ਇਕਠਾ ਹੋਵਨ ਨ ਦੀਜੈ।
ਜੋ ਰਹੇ ਪਿਛੇ ਤਿਨਾਂ ਨਾਲ ਜੁਧ ਕਰੀਜੈ।
'*ਬੰਸਾਵਲੀ ਨਾਮਾ*' ਚਰਣ 13, ਬੰਦ 28-29.

ਰਤਨ ਸਿੰਘ ਭੰਗੂ ਨੇ ਇਉਂ ਲਿਖਿਆ ਹੈ :

ਬੰਦਈ ਸੰਗਤ ਪੈ ਬਧਤੀ ਭਈ। ਬਹੁਤ ਕਰਾਮਾਤ ਬੰਦਿਉ ਲਈ।......
ਬਹੁਤ ਸੰਗਤ ਬੰਦੇ ਕੀ ਭਈ। ਦੇਖ ਬੰਦਈਅਨ ਨਜ਼ਰ ਫੂਲ ਗਈ।......
ਬੰਦਈਅਨ ਡੇਰਾ ਇਕਵਲਾ ਲਾਯਾ। ਝੰਡੇ ਬੁੰਗੇ ਢਿਗ ਬਗਲ ਬਗਲਾਯਾ।.......
ਪ੍ਰਾਚੀਨ ਪੰਥ ਪ੍ਰਕਾਸ਼, ਪੰਨੇ 164-65.

49. *ਦੋਊ ਔਰ ਤੇ ਪਕੜਨ ਦੌੜੇ। ਫੜ ਫੜ ਸ਼ਸਤ੍ਰਰ ਆਗੇ ਧੌੜੇ।*
ਤਹਿ ਹੁਤੇ ਦਰੋਗੇ ਤੁਰਕਨ ਕੇਊ। ਕਹੀਂ ਮੁਨਸਬੋਂ ਦੇਖੇ ਤੇਉ।
ਤੁਰਤ ਦਰੋਗੈ ਪਕੜ ਮੰਗਾਯੋ। ਪਰ੍ਹ ਕਰ ਖਾਲਸੇ ਹਥ ਫੜਾਯੋ।
ਰਤਨ ਸਿੰਘ ਭੰਗੂ, ਪੰਨੇ 167-68. ਅਤੇ ਗਯਾਨੀ ਗਯਾਨ ਸਿੰਘ, ਪੰਨਾ 357.

ਖਾਲਸਿਆਂ ਦੇ ਹਮਾਇਤੀ ਹੋਣ। ਇਸ ਕੰਮ ਨੂੰ ਸਰਕਾਰੀ ਕਰਿੰਦਿਆਂ ਨੇ ਸਰੋਵਰ ਵਿਚ ਪਰਚੀਆਂ ਪਾਉਣਾ ਦਾ ਡਰਾਮਾ ਕਰ ਕੇ ਪੂਰਾ ਕਰ ਦਿੱਤਾ ਸੀ।

ਉਕਤ ਰੋਲੇ ਗੋਲੇ ਵਿਚ ਬਾਹਰੋਂ ਆਏ ਹਥਿਆਰਬੰਦ ਸਿੰਘ ਢਿੱਲੇ ਪੈ ਗਏ। ਉਨ੍ਹਾਂ ਦੀ ਕੋਈ ਪੇਸ਼ ਨਾ ਗਈ। ਪਿੱਛੇ ਸੰਗਤ ਵਿਚ ਜੋ ਲੋਕ ਉਨ੍ਹਾਂ ਦੇ ਹਮੈਤੀ ਰਹਿ ਗਏ ਸਨ ਉਨ੍ਹਾਂ ਨੇ ਇਨ੍ਹਾਂ ਪਰਚੀਆਂ ਦੇ ਪਾਖੰਡ ਬਾਰੇ ਰੌਲਾ ਪਾਉਣਾ ਸ਼ੁਰੂ ਕਰ ਦਿੱਤਾ। ਅਖੀਰ 'ਤੇ ਤੱਤ ਖਾਲਸਿਆਂ ਨੇ ਕਿਹਾ ਕਿ ਬੰਦਈਆਂ ਦਾ ਬੰਦਾ ਉਨ੍ਹਾਂ ਦੇ ਬੰਦੇ ਨਾਲ ਘੁਲੇ, ਜਿਹੜਾ ਘੋਲ ਵਿਚ ਢਹਿ ਜਾਵੇ ਉਸ ਦਾ ਧੜਾ ਹਾਰ ਮੰਨ ਜਾਵੇ। ਖਾੜਕੂ ਹਥਿਆਰਬੰਦ ਸਿੰਘ (ਜਿਨ੍ਹਾਂ ਨੂੰ ਉਸ ਸਮੇਂ ਬੰਦਈ ਕਿਹਾ ਜਾਂਦਾ ਸੀ) ਇਤਨੇ ਜਜ਼ਬਾਤਾਂ ਵਿਚ ਸਨ ਕਿ ਉਹ ਘੋਲ ਕਰਨਾ ਮੰਨ ਗਏ। ਦੋਹਾਂ ਧਿਰਾਂ ਦੇ ਦੋ ਬੰਦੇ ਘੁਲੇ। ਤੱਤ ਖਾਲਸਿਆਂ ਦਾ ਮੀਰੀ ਸਿੰਘ ਸੀ ਜੋ ਉਸ ਬਾਵਾ ਕਾਹਨ ਸਿੰਘ ਦਾ ਪੁੱਤਰ ਸੀ ਜਿਹੜਾ ਬੰਦਾ ਸਿੰਘ ਬਹਾਦਰ ਦੀ ਸ਼ਹਾਦਤ ਸਮੇਂ ਦਿੱਲੀ ਤੋਂ ਭੱਜ ਕੇ ਆਇਆ ਸੀ ਅਤੇ ਬੰਦਈਆਂ ਦਾ ਸੰਗਤ ਸਿੰਘ ਸੀ। ਉਥੇ ਹਾਜ਼ਰ ਪੁਲਿਸ ਫ਼ੌਜ ਅਤੇ ਉਸ ਦੇ ਹਮਾਇਤੀ ਲੋਕਾਂ ਨੇ ਹਾ-ਹਾ-ਹੂ-ਹੂ ਕਰ ਕੇ ਤੱਤ ਖਾਲਸਿਆਂ ਦੇ ਬੰਦੇ ਨੂੰ ਜਿਤਿਆ ਕਰਾਰ ਦੇ ਦਿੱਤਾ ਅਤੇ ਜ਼ਬਰਦਸਤੀ ਬੰਦਈ ਸਿੰਘਾਂ ਨੂੰ ਮਾਸ ਖੁਆਇਆ ਗਿਆ।[50] ਜਿਵੇਂ ਇਹ ਸਿੱਖ ਧਰਮ ਵਿਚ ਬਹੁਤ ਹੀ ਪਵਿੱਤਰ ਵਸਤੂ ਹੁੰਦੀ ਹੈ। ਸਿੱਖ ਧਰਮ ਵਿਚ ਜੇਕਰ ਮਾਸ ਖਾਣ 'ਤੇ ਕੋਈ ਸਿੱਧੀ ਪਾਬੰਦੀ ਵਾਲੀ ਗੱਲ ਨਹੀਂ ਹੈ ਤਾਂ ਸਿੱਖ ਧਰਮ ਵਿਚ ਮਾਸ ਖਾਣ ਦੀ ਕੋਈ ਇਜਾਜ਼ਤ ਵੀ ਤਾਂ ਨਹੀਂ ਹੈ ਪਰ ਪਰੰਪਰਾ ਦੇ ਤੌਰ 'ਤੇ ਮਾਸ ਖਾਣ ਦੀ ਮਨਾਹੀ ਜ਼ਰੂਰ ਹੈ। ਇਸ ਲਈ ਤੱਤ ਖਾਲਸਿਆਂ ਵਲੋਂ ਹਾਰੇ ਹੋਏ ਜਾਂ ਸਾਜ਼ਿਸ਼ ਰਾਹੀਂ ਹਰਾਏ ਗਏ ਬੰਦਾ ਸਿੰਘ ਬਹਾਦਰ ਦੇ ਸਾਥੀ ਸਿੰਘਾਂ ਨੂੰ ਮਾਸ ਖੁਆਉਣ ਦੀ ਗੱਲ ਆਪਣੇ ਆਪ ਹੀ ਸਿੱਖ ਵਿਰੋਧੀ ਗੱਲ ਹੈ।

ਇਸ ਤਰ੍ਹਾਂ ਬੰਦਾ ਸਿੰਘ ਬਹਾਦਰ ਦੀ ਸ਼ਹਾਦਤ ਪਿੱਛੋਂ ਸਿਰੀ ਦਰਬਾਰ ਸਾਹਿਬ ਅਤੇ ਸਿਰੀ ਅਕਾਲ ਤਖ਼ਤ ਸਾਹਿਬ ਉਪਰ ਉਨ੍ਹਾਂ ਲੋਕਾਂ ਦਾ ਕਬਜ਼ਾ ਕਰਵਾਇਆ ਗਿਆ ਸੀ ਜੋ ਸਰਕਾਰ ਦੇ ਪਿੱਠੂ ਸਨ ਅਤੇ ਬੰਦਾ ਸਿੰਘ ਬਹਾਦਰ ਦੇ ਵਿਰੁੱਧ ਲੜੇ ਸਨ। ਇਨ੍ਹਾਂ ਲੋਕਾਂ ਨੇ ਉਨ੍ਹਾਂ ਨੂੰ ਬੰਦਈ ਬੰਦਈ ਕਹਿ ਕੇ ਭੰਡਣਾ ਸ਼ੁਰੂ ਕਰ ਦਿੱਤਾ ਸੀ ਜਿਨ੍ਹਾਂ ਨੇ ਬੰਦਾ ਸਿੰਘ ਬਹਾਦਰ ਦੀ ਅਦੁੱਤੀ ਸ਼ਹਾਦਤ ਪਿੱਛੋਂ ਵੀ ਹਥਿਆਰ ਨਹੀਂ ਸੁੱਟੇ ਸਨ। ਬਾਵਾ ਬਿਨੋਦ ਸਿੰਘ ਅਤੇ ਬਾਵਾ ਕਾਹਨ ਸਿੰਘ ਸਰਕਾਰ ਦੀਆਂ ਨਿਗਾਹਾਂ ਵਿਚ ਇਤਨੇ ਵਿਸ਼ਵਾਸ ਪਾਤਰ ਸਨ ਕਿ ਜਿਨ੍ਹਾਂ ਸਿੱਖਾਂ ਦੀ ਉਹ ਸਿਫਾਰਸ਼ ਕਰਦੇ ਸਨ ਉਨ੍ਹਾਂ ਨੂੰ ਸਰਕਾਰੀ ਮਹਿਕਮਿਆਂ ਵਿਚ ਨੌਕਰੀਆਂ ਮਿਲ

---

50. *ਮੀਰੀ ਸਿੰਘ ਸੁਤ ਕਾਹਨ ਕੋ ਔ ਸੰਗਤ ਸਿੰਘ ਕਲਾਲ।*
ਝੁੰਗੇ ਘੁਲੇ ਅਕਾਲ ਤਲ ਸਭ ਪੰਥ ਦੇਖਨ ਵਾਲ।......
ਝਟ ਕਰ ਝਟਕਾ ਲਯੋ ਮੰਗਾਇ। ਸੂਰ ਭਲਾ ਮੁਖ ਦਯੋ ਪਾਇ।......
ਕਹਿਯੋ ਖਾਲਸੇ ਛਡ ਜਾਹੁ ਡੇਰਾ। ਮੰਨੀ ਨ ਗਲ ਉਸ ਮਚ ਗਯੋ ਰੇਰਾ।
ਰਤਨ ਸਿੰਘ ਭੰਗੂ, ਪੰਨਾ 169.
ਗਯਾਨ ਸਿੰਘ : *ਤੱਤ ਖਾਲਸੇ ਨੇ ਤੱਤ ਛਿਨ ਫਿਰ ਮਾਸ ਮਦ ਮੰਗਵਾਏ।*
ਪਿਤਾ ਪੂਤ ਦੋਊ ਕੋ ਛਕਾਯੋ ਲਏ ਸਿੰਘ ਮਿਲਾਇ। ਪੰਨਾ 358.

ਜਾਂਦੀਆਂ ਸਨ। ਇਸ ਤਰ੍ਹਾਂ ਇਨ੍ਹਾਂ ਨੇ ਮਾਝੇ ਦੀਆਂ ਸਿੱਖ ਸੰਗਤਾਂ ਨੂੰ ਕਾਫ਼ੀ ਵੱਡੀ ਗਿਣਤੀ ਵਿਚ ਆਪਣੇ ਪਿੱਛੇ ਲਾ ਲਿਆ ਸੀ। ਇਹ ਲੋਕ ਆਪਣੇ ਟੋਲੇ ਬਣਾ ਕੇ ਹਥਿਆਰਬੰਦ ਸਿੰਘਾਂ ਨੂੰ ਫੜਾਉਣ ਲਈ ਸਰਕਾਰੀ ਫੌਜਾਂ ਨਾਲ ਜੰਗਲਾਂ, ਪਹਾੜਾਂ ਵਿਚ ਚਲੇ ਜਾਂਦੇ ਸਨ। ਅਜਿਹੇ ਹਾਲਾਤ ਚਾਰ ਪੰਜ ਸਾਲ ਤਕ ਚਲਦੇ ਰਹੇ। ਅਖ਼ੀਰ ਨੂੰ ਹਕੂਮਤ ਦਾ ਪੂਰਾ ਜ਼ੋਰ ਪੈ ਜਾਣ ਕਰਕੇ ਕਿਧਰੇ ਵੀ ਕੋਈ ਖਾੜਕੂ ਸਿੰਘ ਨਹੀਂ ਰਿਹਾ ਸੀ। ਪੰਜਾਬ ਵਿਚ ਪੂਰਨ ਸ਼ਾਂਤੀ ਹੋ ਗਈ ਸੀ। ਅਬਦੁਲ ਸਮੁੰਦ ਖ਼ਾਂ ਦਾ ਦਿਮਾਗ਼, ਸਿੰਘਾਂ ਨੂੰ ਦਬਾਏ ਜਾਣ ਕਰਕੇ ਇਤਨਾ ਉਤਾਂਹ ਚੜ੍ਹ ਗਿਆ ਸੀ ਕਿ ਉਹ ਹੌਲੀ ਹੌਲੀ ਰਾਜ ਭਾਗ ਵਲੋਂ ਬਿਲਕੁਲ ਬੇਪਰਵਾਹ ਹੋ ਗਿਆ ਸੀ ਅਤੇ ਅਯਾਸ਼ੀ ਦੇ ਵਿਚ ਡੁਬ ਗਿਆ ਸੀ। ਨਤੀਜਾ ਇਸ ਦਾ ਇਹ ਹੋਇਆ ਕਿ 1725 ਈ. ਦੇ ਸਮੇਂ ਦੇ ਨੇੜੇ ਤੇੜੇ ਜੰਗਲਾਂ ਪਹਾੜਾਂ ਵਿਚ ਛੁਪੇ ਸਿੰਘ ਹੌਲੀ ਹੌਲੀ ਕਰ ਕੇ ਫਿਰ ਵਾਪਸ ਆਉਣ ਲਗ ਪਏ। ਛੋਟੀਆਂ ਮੋਟੀਆਂ ਵਾਰਦਾਤਾਂ ਕਰਨੀਆਂ ਸ਼ੁਰੂ ਕਰ ਦਿੰਦੇ ਅਤੇ ਅਖ਼ੀਰ ਨੂੰ ਫਿਰ ਛੋਟੇ ਛੋਟੇ ਜੱਥਿਆਂ ਵਿਚ ਜੱਥੇਬੰਦ ਹੋ ਕੇ ਸਰਕਾਰੀ ਖ਼ਜ਼ਾਨਿਆਂ ਉਪਰ ਹਮਲੇ ਕਰਨੇ ਸ਼ੁਰੂ ਕਰ ਦਿੱਤੇ। ਸਰਕਾਰੀ ਕਰਿੰਦੇ ਮਾਰੇ ਜਾਣ ਲਗੇ। ਸਭ ਪਾਸੇ ਫਿਰ ਗੜਬੜ ਹੋਣੀ ਸ਼ੁਰੂ ਹੋ ਗਈ ਅਤੇ ਸਿੱਟੇ ਵਜੋਂ ਦਿੱਲੀ ਦੇ ਹਾਕਮ ਇਸ ਗੜਬੜ ਤੋਂ ਖਿਝ ਕੇ ਅਬਦੁਸ ਸਮੁੰਦ ਖ਼ਾਂ ਦੇ ਵਿਰੁੱਧ ਹੋ ਗਏ।

ਕੇਂਦਰ ਵਿਚ ਬਾਦਸ਼ਾਹ ਦਾ ਪਰਧਾਨ ਵਜ਼ੀਰ ਕਮਰੂਦੀਨ ਸੀ। ਇਹ ਅਬਦੁਸ ਸਮੁੰਦ ਖ਼ਾਂ ਦਾ ਕੁੜਮ ਸੀ। ਅਬਦੁਸ ਸਮੁੰਦ ਖ਼ਾਂ ਦਾ ਵੱਡਾ ਪੁੱਤਰ ਜ਼ਕਰੀਆ ਖ਼ਾਂ ਕਮਰੂਦੀਨ ਦਾ ਜੁਆਈ ਸੀ। ਕਮਰੂਦੀਨ ਚਾਹੁੰਦਾ ਸੀ ਕਿ ਉਸ ਦੇ ਜੁਆਈ ਨੂੰ ਪੰਜਾਬ ਦਾ ਗਵਰਨਰ ਬਣਾਇਆ ਜਾਵੇ। ਇਸ ਲਈ ਉਸ ਨੇ 1726 ਈ. ਵਿਚ ਅਬਦੁਸ ਸਮੁੰਦ ਖ਼ਾਂ ਨੂੰ ਲਾਹੌਰ ਤੋਂ ਬਦਲ ਕੇ ਮੁਲਤਾਨ ਦਾ ਸੂਬੇਦਾਰ ਬਣਾ ਦਿੱਤਾ ਅਤੇ ਲਾਹੌਰ ਦਾ ਗਵਰਨਰ ਜ਼ਕਰੀਆ ਖ਼ਾਂ ਨੂੰ ਬਣਾ ਦਿੱਤਾ। ਜ਼ਕਰੀਆ ਖ਼ਾਂ ਨੇ ਆਉਂਦਿਆਂ ਹੀ ਤਾਜ਼ਾ ਦਮ, ਸਿੰਘਾਂ ਦੇ ਖਿਲਾਫ਼ ਕਾਰਵਾਈ ਸ਼ੁਰੂ ਕਰ ਦਿੱਤੀ। ਇਸ ਦਾ ਸਿੱਟਾ ਇਹ ਹੋਇਆ ਕਿ ਸਿੰਘਾਂ ਨੂੰ ਇਕ ਵਾਰ ਫਿਰ ਜੰਗਲਾਂ ਅਤੇ ਪਹਾੜਾਂ ਦਾ ਸਹਾਰਾ ਲੈਣਾ ਪਿਆ। ਇਹ ਕਾਰਵਾਈ ਵੀ ਤਿੰਨ ਚਾਰ ਕੁ ਸਾਲ ਚਲਦੀ ਰਹੀ। ਹੌਲੀ ਹੌਲੀ ਜ਼ਕਰੀਆ ਖ਼ਾਂ ਦੇ ਖਿਲਾਫ਼ ਵੀ ਬਗਾਵਤਾਂ ਹੋਣ ਲਗ ਪਈਆਂ। ਇਸ ਦਾ ਪਰਭਾਵ ਇਹ ਹੋਇਆ ਕਿ ਜ਼ਕਰੀਆ ਖ਼ਾਂ ਦਾ ਧਿਆਨ ਸਿੰਘਾਂ ਵਲੋਂ ਹਟਦਾ ਗਿਆ ਅਤੇ ਸਿੰਘਾਂ ਨੂੰ ਮੁੜ ਤੋਂ ਇਕੱਠਿਆਂ ਹੋਣ ਦਾ ਸਮਾਂ ਮਿਲ ਗਿਆ। ਉਨ੍ਹਾਂ ਦੀਆਂ ਗੁਰੀਲਾ ਕਾਰਵਾਈਆਂ ਸ਼ੁਰੂ ਹੋ ਗਈਆਂ। ਇਸ ਕਰਕੇ ਸਰਕਾਰ ਨੂੰ ਮੁਆਮਲਾ ਉਗਰਾਹੁਣਾ ਔਖਾ ਹੋ ਗਿਆ ਅਤੇ ਸਰਕਾਰੀ ਖ਼ਜ਼ਾਨੇ ਲੁੱਟੇ ਜਾਣ ਲਗ ਪਏ । ਸਿੰਘ ਹਰ ਪਿੰਡ ਵਿਚ ਰਹਿੰਦੇ ਸਨ। ਜਿਸ ਪਿੰਡ ਵਿਚੋਂ ਵੀ ਮਆਮਲਾ ਇਕੱਠਾ ਕੀਤਾ ਜਾਂਦਾ ਸੀ ਉਸ ਦੀ ਸੂਹ ਸਿੰਘਾਂ ਨੂੰ ਮਿਲ ਜਾਂਦੀ ਸੀ। ਜਿਉਂ ਹੀ ਮੁਆਮਲਾ ਇਕੱਠਾ ਕਰਨ ਵਾਲੀ ਪਾਰਟੀ ਪਿੰਡ ਵਿਚੋਂ ਬਾਹਰ ਨਿਕਲਦੀ ਸੀ ਸਿੱਖਾਂ ਦਾ ਗੁਰੀਲਾ ਜੱਥਾ ਉਸ ਉੱਤੇ ਸ਼ੇਰ ਦੀ ਤਰ੍ਹਾਂ ਝਪਟ ਪੈਂਦਾ ਸੀ ਅਤੇ ਸਭ ਕੁਝ ਖੋਹ ਕੇ ਜੰਗਲਾਂ ਵਿਚ ਚਲਾ ਜਾਂਦਾ ਸੀ। ਇਸ ਤਰ੍ਹਾਂ ਅਨਾਜ ਦੇ ਭੰਡਾਰ ਵੀ ਲੁੱਟੇ ਜਾਂਦੇ ਸਨ। ਜਿਹੜੇ ਲੋਕ ਸਿੰਘਾਂ ਦੀ ਸੂਹ ਸਰਕਾਰ ਤੱਕ ਪਹੁੰਚਾਉਂਦੇ ਸਨ ਮੋਕਾ ਪੈਣ 'ਤੇ ਸਿੰਘ ਵੀ ਉਨ੍ਹਾਂ ਦੀਆਂ ਫਸਲਾਂ ਉਜਾੜ ਦਿੰਦੇ ਸਨ ਅਤੇ ਉਨ੍ਹਾਂ ਦਾ ਸ਼ਰੇਆਮ ਘੁੰਮਣਾ ਫਿਰਨਾ ਵੀ

ਮੁਸ਼ਕਲ ਬਣਾ ਦਿੱਤਾ ਜਾਂਦਾ ਸੀ।

ਜ਼ਕਰੀਆ ਖ਼ਾਂ ਦੀ ਆਪਣੇ ਮਾਤਹਿਤ ਅਧਿਕਾਰੀਆਂ ਵੱਲੋਂ ਬਗਾਵਤੀ ਕਾਰਵਾਈਆਂ ਅਤੇ ਸਿੰਘਾਂ ਦੇ ਜੱਥਿਆਂ ਦੀਆਂ ਗੁਰੀਲਾ ਕਾਰਵਾਈਆਂ ਨੇ ਪੰਜਾਬ ਦੇ ਰਾਜ ਪਰਬੰਧ ਨੂੰ ਹਲੂਣ ਕੇ ਰਖ ਦਿੱਤਾ ਸੀ। ਹਕੂਮਤ ਬੇਬੱਸ ਹੋ ਗਈ ਸੀ। ਇਸ ਬੇਬਸੀ ਵਿਚ ਸਿੰਘ ਜੱਥੇ ਹੌਲੀ ਹੌਲੀ ਸਿਰੀ ਦਰਬਾਰ ਸਾਹਿਬ ਅੰਮ੍ਰਿਤਸਰ ਆਉਣ ਲਗੇ। ਸਿੰਘਾਂ ਦੀ ਪਹਿਲੀ ਕੋਸ਼ਿਸ਼ ਦਰਬਾਰ ਸਾਹਿਬ ਕੰਪਲੈਕਸ ਵਿਚੋਂ ਬਿਨੋਦ ਸਿੰਘ ਅਤੇ ਕਾਹਨ ਸਿੰਘ ਵਰਗੇ ਸਰਕਾਰ ਪੱਖੀ ਲੋਕਾਂ ਨੂੰ ਬਾਹਰ ਕੱਢਣ ਦੀ ਸੀ। ਇਨ੍ਹਾਂ ਨੂੰ ਬਾਹਰ ਕੱਢਿਆ ਗਿਆ। ਅਜਿਹੇ ਲੋਕਾਂ ਨੂੰ ਬਾਹਰ ਕੱਢ ਕੇ ਸਾਰਾ ਪਰਬੰਧ ਭਾਈ ਮਨੀ ਸਿੰਘ ਜੀ ਦੇ ਸਪੁਰਦ ਕੀਤਾ ਗਿਆ। ਇਸ ਦਾ ਸਿੱਟਾ ਇਹ ਹੋਇਆ ਕਿ ਸਿੱਖ ਸੰਗਤਾਂ ਸਵੇਰੇ ਸ਼ਾਮ ਸਿਰੀ ਅਕਾਲ ਤਖ਼ਤ ਸਾਹਿਬ 'ਤੇ ਇਕੱਠੀਆਂ ਹੋਣੀਆਂ ਸ਼ੁਰੂ ਹੋ ਗਈਆਂ। ਗੁਰੀਲੇ ਸਿੱਖ ਜੱਥੇ ਇਥੇ ਆ ਕੇ ਇਕੱਠੇ ਹੁੰਦੇ ਅਤੇ ਆਪਸੀ ਸਲਾਹ ਮਸ਼ਵਰਾ ਕਰ ਕੇ ਫਿਰ ਜੰਗਲਾਂ ਵਿਚ ਵਾਪਸ ਚਲੇ ਜਾਂਦੇ। ਇਸ ਤਰ੍ਹਾਂ ਮੁੜ ਤੋਂ ਫਿਰ ਅਕਾਲ ਤਖ਼ਤ ਸਿੱਖ ਗਤੀਵਿਧੀਆਂ ਦਾ ਕੇਂਦਰ ਬਣ ਗਿਆ। ਭਾਈ ਮਨੀ ਸਿੰਘ ਜੱਥਿਆਂ ਦਾ ਕੇਂਦਰੀ ਬਿੰਦੂ ਸਨ। ਗੁਰੀਲਾ ਸਿੱਖ ਜੱਥਿਆਂ ਦਾ ਕੋਈ ਵੀ ਇਕ ਸਾਂਝਾ ਨੇਤਾ ਨਹੀਂ ਸੀ। ਇਸ ਕਰਕੇ ਸਾਰੇ ਜੱਥੇ ਵੇਲੇ-ਕੁਵੇਲੇ ਆ ਕੇ ਭਾਈ ਸਾਹਿਬ ਤੋਂ ਸਲਾਹ ਮਸ਼ਵਰਾ ਲੈਂਦੇ ਸਨ। ਭਾਵੇਂ ਭਾਈ ਸਾਹਿਬ ਬਜ਼ੁਰਗ ਅਵਸਥਾ ਵਿਚ ਸਨ। ਇਨ੍ਹਾਂ ਦੀ ਉਮਰ ਇਸ ਵੇਲੇ 85-90 ਸਾਲਾਂ ਦੇ ਵਿਚਕਾਰ ਸੀ ਪਰ ਪੰਥਕ ਜਜ਼ਬਾ ਐਸਾ ਸੀ ਕਿ ਉਹ ਸਾਰੇ ਗੁਰੀਲਾ ਜੱਥਿਆਂ ਨੂੰ ਅਤੇ ਸਿੱਖ ਸੰਗਤਾਂ ਨੂੰ ਸੰਭਾਲੀ ਬੈਠੇ ਸਨ। ਜਿਉਂ ਜਿਉਂ ਸਰਕਾਰੀ ਮਜਬੂਰੀਆਂ ਦੇ ਕਾਰਨ ਸਿੰਘਾਂ ਨੂੰ ਸਮਾਂ ਮਿਲਦਾ ਗਿਆ ਤਿਉਂ ਤਿਉਂ ਸਿਰੀ ਅਕਾਲ ਤਖ਼ਤ ਸਾਹਿਬ ਉਪਰ ਸਿੱਖ ਗਤੀਵਿਧੀਆਂ ਵਧਦੀਆਂ ਗਈਆਂ। ਜ਼ਕਰੀਆ ਖ਼ਾਂ ਚਾਰੇ ਪਾਸਿਓਂ ਘਿਰਿਆ ਬੈਠਾ ਸੀ। ਸਿੰਘਾਂ ਨੇ ਇਸ ਹਾਲਤ ਦਾ ਪੂਰਾ ਫਾਇਦਾ ਉਠਾਇਆ। ਭਾਈ ਮਨੀ ਸਿੰਘ ਜੀ ਨੇ ਸਭ ਸਿੱਖ ਜੱਥਿਆਂ ਨੂੰ ਇਕ ਸਾਂਝਾ ਅਤੇ ਸਰਬ-ਪਰਵਾਣਤ ਆਗੂ ਚੁਣਨ ਦੀ ਸਲਾਹ ਦਿੱਤੀ। ਇਸ ਅਨੁਸਾਰ ਸਿੰਘਾਂ ਦੇ ਸਭ ਖਿੰਡੇ-ਪੁੰਡੇ ਜੱਥੇ ਅਕਾਲ ਤਖ਼ਤ ਉਪਰ ਇਕੱਠੇ ਹੋਏ ਅਤੇ ਸਰਬੱਤ ਖਾਲਸੇ ਦੇ ਰੂਪ ਵਿਚ ਸਰਬ ਸੰਮਤੀ ਨਾਲ ਕਪੂਰ ਸਿੰਘ ਫੈਜ਼ਲਪੁਰੀਏ ਨੂੰ ਸਾਰੇ ਜੱਥਿਆਂ ਦਾ ਸਾਂਝਾ ਨੇਤਾ ਚੁਣ ਲਿਆ ਗਿਆ। ਇਹ ਗੱਲ 1733-34 ਈ. ਦੀ ਹੈ। ਇਸ ਚੋਣ ਤੋਂ ਸਮੁੱਚਾ ਖਾਲਸਾ ਇਤਨਾ ਖ਼ੁਸ਼ ਸੀ ਕਿ ਉਸ ਨੇ ਆਪਣੇ ਆਪ ਨੂੰ ਪੰਜਾਬ ਸਰਕਾਰ ਦੀ ਮੁਕਾਬਲੇ ਦੀ ਸਰਕਾਰ ਸਮਝਣਾ ਸ਼ੁਰੂ ਕਰ ਦਿੱਤਾ। ਇਸ ਭਾਵਨਾ ਤਹਿਤ ਇਹ ਮੰਨ ਲਿਆ ਗਿਆ ਕਿ ਕਪੂਰ ਸਿੰਘ ਫੈਜ਼ਲਪੁਰੀਆ ਹੀ ਉਨ੍ਹਾਂ ਦਾ ਨਵਾਬ ਹੈ ਅਤੇ ਉਨ੍ਹਾਂ ਨੇ ਸਿਰਫ਼ ਇਸ ਦਾ ਹੁਕਮ ਹੀ ਮੰਨਣਾ ਹੈ। ਇਹੀ ਕਾਰਨ ਸੀ ਕਿ ਕਪੂਰ ਸਿੰਘ ਨੂੰ ਨਵਾਬ ਕਪੂਰ ਸਿੰਘ ਕਹਿ ਕੇ ਬੁਲਾਇਆ ਜਾਣਾ ਸ਼ੁਰੂ ਹੋ ਗਿਆ।[51]

---

51. ਨਵਾਬ ਕਪੂਰ ਸਿੰਘ ਬਾਰੇ ਜਿਹੜੀ ਇਹ ਗਲ ਜੁੜੀ ਹੋਈ ਹੈ ਕਿ ਉਨ੍ਹਾਂ ਨੂੰ ਨਵਾਬੀ ਦਾ ਖਿਤਾਬ ਸਰਕਾਰ ਨੇ ਖਾਲਸੇ ਨੂੰ ਜਾਗੀਰ ਦੇਣ ਸਮੇਂ ਪਰਦਾਨ ਕੀਤਾ ਸੀ, ਸਰਾਸਰ ਗਲਤ ਹੈ। ਖਾਲਸੇ ਨੂੰ ਜਾਗੀਰ ਦੇਣ ਦੀ ਅਤੇ ਕਪੂਰ ਸਿੰਘ ਨੂੰ ਨਵਾਬੀ ਦਾ ਖ਼ਿਤਾਬ ਦੇਣ ਦੀ ਗੱਲ ਕਿਸੇ ਵੀ ਇਤਿਹਾਸਕ ਗਵਾਹੀ ਉਪਰ ਆਧਾਰਤ ਨਹੀ ਹੈ। ਇਸ ਗੱਲ ਦੇ ਮੁਖ ਬੁਲਾਰੇ ਰਤਨ ਸਿੰਘ ਭੰਗੂ ਅਤੇ ਗਯਾਨੀ ਗਯਾਨ ਸਿੰਘ ਹੀ ਹਨ ਅਤੇ ਇਹ ਵਿਚਾਰ ਸਿਰਫ਼ ਇਨ੍ਹਾਂ ਦੀ ਹੀ ਘਾੜਤ ਹੈ।

ਨਵਾਬ ਕਪੂਰ ਸਿੰਘ ਦੀ ਅਗਵਾਈ ਵਿਚ ਜੁੜੇ ਖਾਲਸੇ ਨੇ ਫੈਸਲਾ ਕਰ ਲਿਆ ਕਿ ਪਿੰਡਾਂ ਵਿਚ ਸਰਕਾਰ ਨੂੰ ਮੁਆਮਲਾ ਨਾ ਉਗਰਾਹੁਣ ਦਿੱਤਾ ਜਾਵੇ ਅਤੇ ਸਰਕਾਰੀ ਅਧਿਕਾਰੀਆਂ ਉਮਰ ਹਮਲੇ ਕੀਤੇ ਜਾਣ ਅਤੇ ਉਨ੍ਹਾਂ ਦੇ ਘੋੜੇ ਅਤੇ ਹਥਿਆਰ ਖੋਹ ਲਏ ਜਾਣ। ਇਸ ਫ਼ੈਸਲੇ ਅਨੁਸਾਰ ਸਿੱਖ ਜੱਥਿਆਂ ਨੇ ਗੁਰੀਲਾ ਕਾਰਵਾਈਆਂ ਕਰ ਕੇ ਪੰਜਾਬ ਦੇ ਸਾਰੇ ਇਲਾਕੇ ਨੂੰ ਆਪਣੀਆਂ ਗਤੀਵਿਧੀਆਂ ਦਾ ਨਿਸ਼ਾਨਾ ਬਣਾ ਲਿਆ। ਇਸ ਤਰ੍ਹਾਂ ਦਿਨ ਰਾਤ ਸਰਕਾਰੀ ਖ਼ਜ਼ਾਨਿਆਂ ਉਪਰ ਹਮਲੇ ਹੋਣ ਲਗੇ ਅਤੇ ਪੰਜਾਬ ਦਾ ਸਾਰਾ ਪਰਬੰਧ ਹੀ ਤਹਿਸ਼-ਨਹਿਸ਼ ਹੋ ਗਿਆ।

ਇਥੇ ਇਹ ਗੱਲ ਦੱਸ ਦੇਣੀ ਗ਼ੈਰ-ਪਰਸੰਗਕ ਨਹੀਂ ਹੋਵੇਗੀ ਕਿ ਨਵਾਬ ਕਪੂਰ ਸਿੰਘ ਨੇ ਖਾਲਸੇ ਦਾ ਜੰਗੀ ਨੇਤਾ ਬਣਨ ਉਪਰੰਤ ਸਮੁਚੇ ਸਰਗਰਮ ਖਾਲਸੇ ਨੂੰ ਮੁੱਖ ਰੂਪ ਵਿਚ ਦੋ ਭਾਗਾਂ ਵਿਚ ਵੰਡ ਦਿੱਤਾ ਸੀ। ਇਕ ਬੁੱਢਾ ਦੱਲ ਅਤੇ ਦੂਜਾ ਤਰੁਨਾ ਦਲ। ਬੁੱਢੀ ਉਮਰ ਦੇ ਸਿੰਘ ਬੁੱਢਾ ਦਲ ਵਿਚ ਭਰਤੀ ਕੀਤੇ ਗਏ ਸਨ ਅਤੇ ਇਨ੍ਹਾਂ ਦਾ ਕੰਮ ਸਿੱਖ ਗੁਰਧਾਮਾਂ ਦੀ ਸਾਂਭ ਸੰਭਾਲ ਕਰਨ ਦੀ ਸੀ। ਜੁਆਨ ਉਮਰ ਦੇ ਸਿੰਘਾਂ ਨੂੰ ਤਰੁਨਾ ਦਲ ਵਿਚ ਭਰਤੀ ਕੀਤਾ ਗਿਆ ਅਤੇ ਇਸ ਦਾ ਮੁੱਖ ਕੰਮ ਗੁਰੀਲਾ ਕਾਰਵਾਈਆਂ ਕਰਨਾ ਸੀ। ਤਰੁਨਾ ਦਲ ਨੂੰ ਅਗੋਂ ਹੋਰ ਪੰਜ ਜੱਥਿਆਂ ਵਿਚ ਵੰਡ ਦਿੱਤਾ ਗਿਆ ਸੀ। ਇਨ੍ਹਾਂ ਪੰਜ ਜੱਥਿਆਂ ਦੇ ਪੰਜ ਮੁੱਖੀ ਇਹ ਸਨ : ਬਾਬਾ ਦੀਪ ਸਿੰਘ, ਭਾਈ ਧਰਮ ਸਿੰਘ, ਭਾਈ ਦਸੌਂਧਾ ਸਿੰਘ, ਬੀਰ ਸਿੰਘ ਅਤੇ ਜੀਵਨ ਸਿੰਘ। ਇਨ੍ਹਾਂ ਪੰਜ ਜੱਥਿਆਂ ਦੇ ਪੰਜ ਹੀ ਡੇਰੇ (ਹੈਡਕੁਆਟਰ) ਨੀਅਤ ਕੀਤੇ ਗਏ ਸਨ। ਨਵਾਬ ਕਪੂਰ ਸਿੰਘ ਸਮੁੱਚੇ ਖਾਲਸੇ ਦਾ ਸਾਂਝਾ ਨੇਤਾ ਸੀ। ਇਨ੍ਹਾਂ ਨਾਲ ਹੇਠ ਲਿਖੇ ਮੁਖੀ ਸਿੱਖ ਹਰ ਸਮੇਂ ਰਹਿੰਦੇ ਸਨ : ਸ਼ਾਮ ਸਿੰਘ ਨਾਰੋਕੇ, ਗੁਰਬਖਸ਼ ਸਿੰਘ ਰੋੜਾਂਵਾਲਾ, ਬਾਘ ਸਿੰਘ ਹੱਲੋਵਾਲੀਆ ਅਤੇ ਭਾਗ ਸਿੰਘ। ਤਰੁਨਾ ਦਲ ਦੇ ਜੱਥੇ ਗੁਰੀਲਾ ਕਾਰਵਾਈਆਂ ਕਰਦੇ ਕਰਦੇ ਦੂਰ ਦੂਰ ਤੱਕ ਨਿਕਲ ਜਾਇਆ ਕਰਦੇ ਸਨ। ਇਸ ਦਾ ਸਿੱਟਾ ਇਹ ਹੋਇਆ ਕਿ ਜ਼ਕਰੀਆ ਖ਼ਾਂ ਨੇ ਇਕ ਵਾਰ ਫੇਰ ਹੋਰ ਸਭ ਪਾਸਿਆਂ ਤੋਂ ਆਪਣਾ ਧਿਆਨ ਹਟਾ ਕੇ ਸਾਰੀ ਸਰਕਾਰੀ ਸ਼ਕਤੀ ਸਿੱਖਾਂ ਨੂੰ ਦਬਾਉਣ 'ਤੇ ਲਗਾ ਦਿੱਤੀ।

ਇਕ ਵਾਰ ਜ਼ਕਰੀਆ ਖ਼ਾਂ ਦੇ ਦਰਬਾਰ ਵਿਚ ਭੰਡ ਆਪਣੀਆਂ ਨਕਲਾਂ ਦਿਖਾ ਰਹੇ ਸਨ। ਇਕ ਭੰਡ ਨੇ ਕਿਹਾ ਕਲ ਬੜੀ ਜ਼ੋਰਦਾਰ ਵਰਖਾ ਹੋਈ ਸੀ। ਇਸ ਵਰਖਾ ਦੇ ਪਿੱਛੋਂ ਸਾਰੀ ਧਰਤੀ ਡੱਡੂਆਂ, ਕੀੜਿਆਂ-ਮਕੋੜਿਆਂ ਅਤੇ ਹੋਰ ਜੀਵਾਂ ਨਾਲ ਭਰ ਗਈ ਸੀ। ਉਸ ਨੇ ਨਾ ਹੀ ਵਰਖਾ ਤੋਂ ਪਹਿਲਾਂ ਇਹ ਜੀਵ ਦੇਖੇ ਸਨ ਅਤੇ ਨਾ ਹੀ ਵਰਖਾ ਦੇ ਵਿਚ ਡਿਗਦੇ ਵੇਖੇ ਸਨ। ਤਾਂ ਫਿਰ ਇਨੀ ਵੱਡੀ ਮਾਤਰਾ ਵਿਚ ਇਹ ਜੀਵ ਕਿਥੋਂ ਆ ਗਏ ਸਨ? ਦੂਜੇ ਭੰਡ ਨੇ ਜਵਾਬ ਦਿੱਤਾ ਕਿ ਪਾਣੀ, ਹਵਾ ਅਤੇ ਮਿੱਟੀ ਦੇ ਮਿਸ਼ਰਣ ਨਾਲ ਇਹ ਜੀਵ ਬਣ ਗਏ ਸਨ। ਪਹਿਲੇ ਭੰਡ ਨੇ ਫਿਰ ਸਵਾਲ ਕੀਤਾ ਕਿ ਇਹ ਤਾਂ ਠੀਕ ਹੈ ਕਿ ਇਹ ਜੀਵ ਇਕ ਵਿਸ਼ੇਸ਼ ਮਿਸ਼ਰਣ ਰਾਹੀਂ ਬਣੇ ਹਨ ਪਰ ਜਿਹੜੇ ਜੀਵ ਲੰਮੇ ਲੰਮੇ ਵਾਲਾਂ ਵਾਲੇ, ਦਾੜ੍ਹੀ-ਮੁੱਛਾਂ ਵਾਲੇ, ਵੱਡੇ ਵੱਡੇ ਕੱਦਕਾਠਾਂ ਵਾਲੇ ਇਸ ਧਰਤੀ 'ਤੇ ਫਿਰ ਰਹੇ ਹਨ। ਉਹ ਭਾਰੀ ਕਤਲਿਆਮ ਕਰਨ ਦੇ ਬਾਵਜੂਦ ਵੀ ਕਿਥੋਂ ਪੈਦਾ ਹੁੰਦੇ ਹਨ? ਦੂਜੇ ਭੰਡ ਨੇ ਬੜੇ ਠਰੰਮੇ ਨਾਲ ਕਿਹਾ ਕਿ ਜਿਵੇਂ ਪਾਣੀ, ਹਵਾ ਅਤੇ ਮਿੱਟੀ ਦੇ ਮਿਸ਼ਰਣ ਨਾਲ ਕੀੜੇ-ਮਕੋੜੇ ਆਦਿ ਪੈਦਾ ਹੁੰਦੇ ਹਨ ਉਸੇ ਤਰ੍ਹਾਂ

ਅੰਮ੍ਰਿਤਸਰ ਦੇ ਪਵਿੱਤਰ ਸਰੋਵਰ ਅਤੇ ਅਕਾਲ ਤਖ਼ਤ ਦੇ ਸੰਗਮ ਵਿਚੋ ਇਹ ਸਿੰਘ ਪੈਦਾ ਹੁੰਦੇ ਹਨ।[52]

ਇਸ ਗੱਲ ਨੂੰ ਜ਼ਕਰੀਆ ਖ਼ਾਂ ਨੇ ਆਪਣੇ ਮਨ ਵਿਚ ਵਸਾ ਲਿਆ ਸੀ। ਉਸ ਨੇ ਮਨ ਹੀ ਮਨ ਨਿਸ਼ਚਾ ਕਰ ਲਿਆ ਸੀ ਕਿ ਅੰਮ੍ਰਿਤ ਸਰੋਵਰ ਦਾ ਅਤੇ ਅਕਾਲ ਤਖ਼ਤ ਦਾ ਸੰਗਮ ਨਹੀਂ ਹੋਣ ਦੇਣਾ। ਇਸ ਨੀਤੀ ਤਹਿਤ ਉਸ ਦਾ ਪਹਿਲਾ ਵਾਰ ਭਾਈ ਮਨੀ ਸਿੰਘ ਉਪਰ ਹੋਇਆ। ਉਹ ਸਮਝਦਾ ਸੀ ਕਿ ਭਾਈ ਸਾਹਿਬ ਸਿੱਖਾਂ ਲਈ ਇਕ ਪਰੇਰਨਾ ਸਰੋਤ ਬਜ਼ੁਰਗ ਹਨ। ਜੇ ਇਸ ਨੂੰ ਖ਼ਤਮ ਕਰ ਦਿੱਤਾ ਜਾਵੇ ਤਾਂ ਸਿੱਖਾਂ ਦਾ ਇਕ ਕੇਂਦਰ ਖ਼ਤਮ ਹੋ ਜਾਵੇਗਾ। ਭਾਈ ਸਾਹਿਬ ਨੂੰ ਗਰਿਫ਼ਤਾਰ ਕਰ ਲਿਆ ਗਿਆ। ਉਨ੍ਹਾਂ ਕੋਲੋ ਗੁਰੀਲਾ ਸਿੱਖ ਜੱਥਿਆਂ ਦੀਆਂ ਛੁਪਣਗਾਹਾਂ ਬਾਰੇ ਪੁਛਿਆ ਗਿਆ। ਜੋ ਧੰਨ ਲਿਆ ਕੇ ਭਾਈ ਸਾਹਿਬ ਅੱਗੇ ਵੰਡਣ ਲਈ ਰੱਖਿਆ ਜਾਂਦਾ ਸੀ ਉਸ ਬਾਰੇ ਪੁਛਿਆ ਗਿਆ। ਇਹ ਪੁਛਗਿਛ ਕਰਨ ਸਮੇਂ ਭਾਈ ਸਾਹਿਬ ਨੂੰ ਭਾਂਤ-ਭਾਂਤ ਦੇ ਤਸੀਹੇ ਦਿੱਤੇ ਗਏ ਪਰ ਭਾਈ ਸਾਹਿਬ ਦਰਿੜ ਰਹੇ ਅਤੇ ਅਖ਼ੀਰ ਉਨ੍ਹਾਂ ਨੂੰ ਸਰੀਰ ਦਾ ਬੰਦ ਬੰਦ ਕੱਟ ਕੇ ਸ਼ਹੀਦ ਕਰ ਦਿੱਤਾ ਗਿਆ। ਇਹ ਵਾਕਿਆ ਜੂਨ 1734 ਦਾ ਸੀ।[53]

ਭਾਈ ਮਨੀ ਸਿੰਘ ਜੀ ਦੇ ਨਾਲ ਜਿਨੇ ਵੀ ਸਿੰਘ ਸਿਰੀ ਦਰਬਾਰ ਸਾਹਿਬ ਵਿਖੇ ਰਹਿੰਦੇ ਸਨ ਉਨ੍ਹਾਂ ਸਭ ਨੂੰ ਵੀ ਭਾਈ ਸਾਹਿਬ ਦੇ ਨਾਲ ਫੜ ਲਿਆ ਸੀ। ਬੱਚਾ ਅਤੇ ਬਿਰਧ ਕੋਈ ਨਹੀਂ ਸੀ ਛਡਿਆ। ਇਨ੍ਹਾਂ ਸਭ ਨੂੰ ਵੀ ਭਾਈ ਸਾਹਿਬ ਦੇ ਨਾਲ ਹੀ ਸ਼ਾਹੀਦ ਕਰ ਦਿੱਤਾ ਸੀ। '*ਸ਼ਹੀਦ ਬਿਲਾਸ*' ਵਿਚ ਭਾਈ ਸਾਹਿਬ ਨਾਲ ਸ਼ਹੀਦ ਹੋਣ ਵਾਲੇ ਸਿੰਘਾਂ ਦੇ ਕੁਝ ਨਾਂ ਦਿੱਤੇ ਹੋਏ ਹਨ। ਜੋ ਇਸ ਤਰ੍ਹਾਂ ਹਨ: ਮੋਹਕਮ ਸਿੰਘ ਚੂਹੜ ਮਲ ਓਹਰੀ ਅੰਮ੍ਰਿਤਸਰ ਦਾ ਪੁੱਤਰ, ਚੈਨ ਸਿੰਘ, ਕੀਰਤ ਸਿੰਘ, ਆਲਮ ਸਿੰਘ ਅਉਲੀਆ, ਸੰਗਤ ਸਿੰਘ ਅਤੇ ਕਾਨ੍ਹ ਸਿੰਘ। ਇਨ੍ਹਾਂ ਸਭ ਸਿੰਘਾਂ ਦੀ ਸ਼ਹਾਦਤ ਦੇ ਨਾਲ ਨਾਲ ਪਵਿੱਤਰ ਅੰਮ੍ਰਿਤਸਰ ਸਰੋਵਰ ਨੂੰ ਵੀ ਬਹੁਤ ਨੁਕਸਾਨ ਪਹੁੰਚਾਇਆ ਗਿਆ ਸੀ। ਦਰਬਾਰ ਸਾਹਿਬ ਦੀ ਪੂਰੀ ਬੇਅਦਬੀ ਵੀ ਕੀਤੀ ਗਈ ਸੀ। ਸਮੁੱਚਾ ਦਰਬਾਰ ਸਾਹਿਬ ਕੰਪਲੈਕਸ ਸਿੰਘਾਂ ਤੋਂ ਖਾਲੀ ਕਰਵਾ ਲਿਆ ਗਿਆ ਸੀ। ਇਥੇ ਆਉਣ 'ਤੇ ਪਾਬੰਦੀ ਲਗਾ ਦਿੱਤੀ ਗਈ ਸੀ। ਦਿਨ ਦਿਹਾੜੇ ਸਿੱਖਾਂ ਦੇ ਕਤਲਿਆਮ ਹੋਣੇ ਸ਼ੁਰੂ ਹੋ ਗਏ ਸਨ। ਇਹ ਜ਼ੁਲਮ ਚਾਰ ਪੰਜ ਸਾਲ ਤਕ ਚਲਦਾ ਰਿਹਾ। ਦਿਨ ਦਿਹਾੜੇ ਮੁਗ਼ਲ ਫ਼ੌਜਾਂ ਦਾ ਰਾਜ ਹੁੰਦਾ ਪਰ ਰਾਤ ਸਮੇਂ ਸਿੱਖਾਂ ਦੇ ਗੁਰੀਲੇ ਜੱਥੇ ਆਪਣਾ ਕੰਮ ਕਰ ਜਾਂਦੇ ਸਨ। ਦਿਨ ਵੇਲੇ ਛੁਪੇ ਰਹਿਣਾ ਅਤੇ ਰਾਤ ਸਮੇਂ ਬਾਹਰ ਨਿਕਲਣਾ ਇਹੀ ਸਿੱਖਾਂ ਦਾ ਰੋਜ਼ਾਨਾ ਦਾ ਜੀਵਨ ਸੀ। ਜੰਗਲੀ ਦਰਖ਼ਤਾਂ ਤੋਂ ਫਲ ਬਗੈਰਾ ਅਤੇ ਕੱਚੀਆਂ ਸਬਜ਼ੀਆਂ ਜਾਂ ਜੜੀਆਂ ਬੂਟੀਆਂ ਜਾਂ ਜੰਗਲੀ ਜਾਨਵਰਾਂ ਦਾ ਸ਼ਿਕਾਰ ਖਾ ਕੇ ਗੁਜ਼ਾਰਾ ਕਰਨਾ ਹੀ ਇਕੋ ਇਕ ਸਾਧਨ ਸੀ। ਸਿੱਖਾਂ ਦਾ ਨਾ ਕੋਈ ਦੋਸਤ ਸੀ ਨਾ ਕੋਈ ਹਮਦਰਦ। ਗੰਦੀਆਂ ਤੋਂ ਗੰਦੀਆਂ ਥਾਵਾਂ ਇਨ੍ਹਾਂ

52. cf. Hari Ram Gupta, vol. II, *op. cit.*, p. 58.
53. ਕੋਇਰ ਸਿੰਘ, *ਗੁਰਬਿਲਾਸ ਪਾਤਸ਼ਾਹੀ ੧੦* (ਸੰ. ਸ਼ਮਸ਼ੇਰ ਸਿੰਘ ਅਸ਼ੋਕ), ਪੰਜਾਬੀ ਯੂਨੀਵਰਸਿਟੀ, ਪਟਿਆਲਾ, 1968, ਪੰਨਾ 294 ਅਤੇ ਭੱਟ ਵਹੀ ਮੁਲਤਾਨੀ ਸਿੰਧੀ 'ਮਨੀ ਸਿੰਘ ਮਾਈਦਾਸ ਕਾ ਪੋਤਾ ਬਲੂ ਕਾ ਪੜਪੋਤਾ ਮੂਲੇ ਕਾ....ਸ਼ਾਹੀ ਹੁਕਮ ਗੈਲ ਅਸਾਢ ਸੁਦੀ ਪੰਚਮੀ ਸੰਮਤ 1791 ਕੇ ਲਾਹੌਰ ਕੇ ਮਲਹਾਨ 6 ਘੜੀ ਦਿਨ ਚੜੈ ਬੰਦ ਬੰਦ ਕਾਟਾ।'
ਸ਼ਹੀਦ ਬਿਲਾਸ ਵਿਚ ਦਿੱਤੇ ਹਵਾਲੇ ਅਨੁਸਾਰ, ਪੰਨਾ 92.

ਦੀਆਂ ਛੁਪਣਗਾਹਾਂ ਸਨ ਕਿਉਂ ਕਿ ਅਜਿਹੀਆਂ ਥਾਵਾਂ 'ਤੇ ਕੋਈ ਵਿਅਕਤੀ ਪਹੁੰਚਦਾ ਨਹੀਂ ਸੀ। ਇਕ ਜੰਗਲੀ ਜਾਨਵਰ ਵੀ ਆਪਣੀ ਛੁਪਣਗਾਹ ਉਥੇ ਬਣਾਉਂਦਾ ਹੈ ਜਿਥੇ ਕੁਝ ਖਾਣ ਪੀਣ ਦੀ ਸਹੂਲਤ ਹੋਵੇ ਪਰ ਸਿੱਖ ਆਪਣੀ ਛੁਪਣਗਾਹ ਉਥੇ ਬਣਾਉਂਦੇ ਸਨ ਜਿਥੇ ਨਾ ਪੀਣ ਲਈ ਪਾਣੀ ਹੁੰਦਾ ਸੀ ਅਤੇ ਨਾ ਹੀ ਖਾਣ ਲਈ ਕੋਈ ਵਸਤੂ ਹੁੰਦੀ ਸੀ। ਅਜਿਹੀਆਂ ਥਾਵਾਂ ਕਿਉਂਕਿ ਸੁਰੱਖਿਆ ਦੇ ਪੱਖੋਂ ਸੁਰੱਖਿਅਤ ਹੁੰਦੀਆਂ ਸਨ ਇਸ ਕਰਕੇ ਸਿੱਖ ਅਜਿਹੀਆਂ ਥਾਵਾਂ ਨੂੰ ਹੀ ਚੁਣਦੇ ਸਨ। ਭਾਵ ਕਿ ਜੰਗਲੀ ਜਾਨਵਰਾਂ ਤੋਂ ਵੀ ਭੈੜਾ ਜੀਵਨ ਪੱਧਰ ਸੀ ਸਿੱਖਾਂ ਦਾ।

ਇਹ ਕੁਦਰਤ ਦਾ ਅਸੂਲ ਹੈ ਕਿ ਜਦੋਂ ਹਕੂਮਤ ਹੀ ਆਪਣੇ ਲੋਕਾਂ ਨੂੰ ਮਾਰਨ 'ਤੇ ਤੁਲੀ ਹੋਈ ਹੋਵੇ ਤਾਂ ਉਸ ਤੋਂ ਖਹਿੜਾ ਛੁਡਾਉਣ ਲਈ ਇਕ ਹੋਰ ਧਿਰ ਆ ਜਾਂਦੀ ਹੈ। ਠੀਕ ਇਸੀ ਤਰ੍ਹਾਂ ਇਸ ਸਮੇਂ ਹੋਇਆ ਸੀ। 1739 ਵਿਚ ਨਾਦਰ ਸ਼ਾਹ ਹਿੰਦੁਸਤਾਨ 'ਤੇ ਹਮਲਾਵਰ ਹੋ ਕੇ ਆਇਆ। ਇਸ ਹਮਲੇ ਸਾਹਮਣੇ ਪੰਜਾਬ ਦੀ ਸਰਕਾਰ ਕੱਖਾਂ-ਕਾਨਿਆਂ ਵਾਂਗ ਰੁੜ ਗਈ ਸੀ। ਭਾਵੇਂ ਨਾਦਰ ਸ਼ਾਹ ਦੇ ਹਮਲੇ ਸਾਹਮਣੇ ਬੇਬਸ ਹੋਈ ਪੰਜਾਬ ਸਰਕਾਰ ਦੀ ਕਮਜ਼ੋਰੀ ਦਾ ਸਿੱਖਾਂ ਨੂੰ ਉਤਨਾ ਫਾਇਦਾ ਨਹੀਂ ਹੋਇਆ ਜਿਨਾਂ ਇਸ ਤਰ੍ਹਾਂ ਦੀ ਗੜਬੜ ਵਿਚੋਂ ਹੋਣਾ ਚਾਹੀਦਾ ਸੀ। ਇਸ ਦੇ ਕਈ ਕਾਰਨ ਸਨ। ਸਭ ਤੋਂ ਵੱਡਾ ਕਾਰਨ ਇਹ ਸੀ ਕਿ ਉਹ ਜ਼ਕਰੀਆ ਖ਼ਾਂ, ਜਿਹੜਾ ਪਹਿਲਾਂ ਦਿੱਲੀ ਦੀ ਸਰਕਾਰ ਦਾ ਮਾਤਹਿਤ ਸੀ ਹੁਣ ਨਦਾਰਸ਼ਾਹ ਦਾ ਮਾਤਹਿਤ ਬਣ ਗਿਆ ਸੀ। ਉਸ ਲਈ ਸਿਰਫ਼ ਮਾਲਕ ਹੀ ਬਦਲਿਆ ਸੀ। ਦੂਜਾ ਕਾਰਨ ਸੀ ਕਿ ਸਿੱਖਾਂ ਪਾਸ ਮਜ਼ਬੂਤ ਜਥੇਬੰਦੀ ਨਹੀਂ ਸੀ। ਪਰ ਫਿਰ ਵੀ ਸਿੱਖਾਂ ਨੂੰ ਇਹ ਸੰਤੁਸ਼ਟੀ ਸੀ ਕਿ ਜਿਹੜੀ ਹਕੂਮਤ ਸਿੱਖਾਂ ਦੇ ਪਿੱਛੇ ਪਈ ਹੋਈ ਸੀ ਉਸ ਨੂੰ ਨਾਦਰ ਸ਼ਾਹ ਨੇ ਮਧੋਲ ਸੁਟਿਆ ਸੀ। ਇਸ ਗੜਬੜ ਭਰੇ ਮਹੌਲ ਵਿਚ ਸਿੱਖ ਤਾਕਤਵਰ ਹੋ ਕੇ ਹੀ ਉਭਰੇ ਸਨ। ਉਨ੍ਹਾਂ ਨੇ ਜ਼ਕਰੀਆ ਖ਼ਾਂ ਦੀ ਸਰਕਾਰ ਨੂੰ ਰੁਲਦੀ ਹੋਈ ਵੇਖ ਲਿਆ ਸੀ ਅਤੇ ਆਪ ਨਾਦਰ ਸ਼ਾਹ ਦੀ ਮੁੜਦੀ ਹੋਈ ਫ਼ੌਜ ਉਪਰ ਟੁੱਟ ਕੇ ਪੈ ਗਏ ਸਨ। ਸਿੰਘ ਥੋੜੀ ਜਿਹੀ ਤਾਕਤ ਨਾਲ ਵੀ ਨਾਦਰ ਸ਼ਾਹ ਦੀਆਂ ਮੁੜ ਰਹੀਆਂ ਫ਼ੌਜਾਂ ਉਪਰ ਹਮਲੇ ਕਰਨੋ ਨਹੀਂ ਹੱਟੇ। ਸਿੱਟੇ ਵਜੋਂ ਸਿੰਘਾਂ ਨੇ ਨਾਦਰ ਸ਼ਾਹ ਦੇ ਲੁੱਟੇ ਹੋਏ ਮਾਲ ਵਿਚੋਂ ਕਾਫ਼ੀ ਮਾਲ ਲੁੱਟ ਲਿਆ ਸੀ।[54] ਸਿੰਘਾਂ ਦੇ ਇਨ੍ਹਾਂ ਗੁਰੀਲੇ ਹਮਲਿਆਂ ਤੋਂ ਨਾਦਰਸ਼ਾਹ ਇਤਨਾ ਹੈਰਾਨ ਅਤੇ ਪਰੇਸ਼ਾਨ ਹੋਇਆ ਕਿ ਉਹ ਜ਼ਕਰੀਆ ਖ਼ਾਂ ਨੂੰ ਜਿਹੜਾ ਉਸ ਦੇ ਨਾਲ ਨਾਲ ਜਾ ਰਿਹਾ ਸੀ, ਸਿੱਖਾਂ ਬਾਰੇ ਭਾਂਤ ਭਾਂਤ ਦੇ ਸਵਾਲ ਪੁੱਛ ਰਿਹਾ ਸੀ। ਇਕ ਸਵਾਲ ਇਹ ਸੀ ਕਿ ਇਹ ਲੋਕ ਰਹਿੰਦੇ ਕਿਥੇ ਹਨ? ਜ਼ਕਰੀਆ ਖ਼ਾਂ ਦਾ ਜਵਾਬ ਸੀ ਕਿ ਘੋੜਿਆਂ ਦੀਆਂ ਕਾਠੀਆਂ ਅਤੇ ਸੰਘਣੇ ਜੰਗਲਾਂ ਦੇ ਝੁੰਡ ਹੀ ਇਨ੍ਹਾਂ ਦੇ ਘਰ ਹਨ। ਇਹ ਸੁਣ ਕੇ ਨਾਦਰ ਸ਼ਾਹ ਨੇ ਕਿਹਾ ਸੀ ਕਿ ਇਨ੍ਹਾਂ ਲੋਕਾਂ ਕੋਲੋਂ ਸਾਵਧਾਨ ਰਹੋ ਨਹੀਂ ਤਾਂ ਇਕ ਦਿਨ ਇਹ ਲੋਕ ਇਸ ਧਰਤੀ ਦੇ ਮਾਲਕ ਹੋਣਗੇ।[55] ਇਸ

54. See Forster, *A Journey From Bengal To England*, Vol. I London, 1788, p. 313; Cunningham, *op. cit;* p. 93 and Gordon, *The Sikhs*, Language Department Punjab, Patiala, 1970 (reprint), p. 58.

55. *ਪੁਛ ਪੁਛ ਨਾਦਰ ਸਭ ਸੁਨ ਲਯੋ। ਸਭੈ ਭੈਤ ਤਬ ਖਾਨੂੰ ਦਯੋ।....*
ਤਬ ਨਾਦਰ ਸੁਨ ਸੀਸ ਹਿਲਾਯੋ। ਅਪਨੋ ਕੀਨੋ ਅਬ ਤੁਮ ਪਾਯੋ।
ਸੋ ਅਬ ਜੀਤੇ ਜਾਵੇ ਨਾਹੀਂ। ਜਿਨ ਕੇ ਸਾਹਿਬ ਆਪ ਪਨਾਹੀਂ।
ਰਤਨ ਸਿੰਘ ਭੰਗੂ, ਪੰਨਾ 252.

ਤਰ੍ਹਾਂ ਭਾਵੇਂ ਨਾਦਰ ਸ਼ਾਹ ਦੇ ਹਮਲੇ ਨੇ ਸਿੰਘਾਂ ਨੂੰ ਕੁਝ ਹੱਦ ਤਕ ਰਾਹਤ ਤਾਂ ਪਹੁੰਚਾਈ ਪਰ ਜ਼ਕਰੀਆ ਖ਼ਾਂ ਵਲੋਂ ਨਾਦਰ ਦੀ ਅਧੀਨਤਾ ਕਬੂਲ ਕਰ ਲੈਣ ਕਰਕੇ ਉਸਦੀ ਤਾਕਤ ਵੀ ਪਹਿਲਾਂ ਨਾਲੋਂ ਵੱਧ ਗਈ ਸੀ। ਸੋ ਜ਼ਕਰੀਆ ਖ਼ਾਂ ਨੇ ਨਾਦਰ ਕੋਲੋਂ ਵਿਹਲਾ ਹੋ ਕੇ ਸਿੰਘਾਂ ਦੇ ਖਿਲਾਫ਼ ਫਿਰ ਤੋਂ ਜ਼ਿਹਾਦ ਆਰੰਭ ਦਿੱਤਾ ਸੀ।

ਅੰਮ੍ਰਿਤਸਰ ਦੇ ਆਲੇ-ਦੁਆਲੇ ਸਖ਼ਤ ਫੌਜੀ ਪਹਿਰੇ ਲਾ ਦਿੱਤੇ ਗਏ ਸਨ। ਕਿਸੇ ਨੂੰ ਵੀ ਇਥੇ ਆਉਣ ਨਹੀ ਦਿੱਤਾ ਜਾਂਦਾ ਸੀ। ਸਿੰਘਾਂ ਲਈ ਇਹ ਇਕ ਨਵਾਂ ਫਰੰਟ ਖੁੱਲ ਗਿਆ ਸੀ। ਉਹ ਸਿਰੀ ਦਰਬਾਰ ਸਾਹਿਬ, ਪਵਿਤਰ ਸਰੋਵਰ ਅਤੇ ਅਕਾਲ ਤਖ਼ਤ ਦੇ ਦਰਸ਼ਨਾਂ ਤੋਂ ਵਾਂਝਿਆਂ ਰਹਿਣ ਲਗੇ। ਅਜਿਹੀ ਹਾਲਤ ਵਿਚ ਸਿੰਘਾਂ ਨੇ ਵੀ ਨਿਸ਼ਚਾ ਧਾਰ ਲਿਆ ਸੀ ਕਿ ਆਪਣੇ ਧਾਰਮਕ ਅਸਥਾਨਾਂ ਦੇ ਦਰਸ਼ਨ ਜ਼ਰੂਰ ਕਰਨੇ ਹਨ ਅਤੇ ਅੰਮ੍ਰਿਤ ਸਰੋਵਰ ਵਿਚ ਹਰ ਹਾਲਤ ਵਿਚ ਇਸ਼ਨਾਨ ਕਰਨਾ ਹੈ। ਇਸ ਮਕਸਦ ਲਈ ਸਿੰਘ ਆਪਣੀਆਂ ਜਾਨਾਂ ਦੀ ਵੀ ਪਰਵਾਹ ਨਹੀਂ ਸੀ ਕਰਦੇ। ਉਨ੍ਹਾਂ ਨੂੰ ਜਦੋਂ ਵੀ ਮੌਕਾ ਮਿਲਦਾ ਉਹ ਘੋੜੇ 'ਤੇ ਸਵਾਰ ਹੋ ਕੇ ਸਮੇਤ ਕਪੜਿਆਂ ਦੇ ਹੀ ਅੰਮ੍ਰਿਤ ਸਰੋਵਰ ਵਿਚ ਇਸ਼ਨਾਨ ਕਰਦੇ ਅਤੇ ਘੋੜੇ 'ਤੇ ਝੱਟ ਹੀ ਅਸਵਾਰ ਹੋ ਕੇ ਫੌਜਾਂ ਵਿਚੋਂ ਦੀ ਚੀਰ ਕੇ ਲੰਘ ਜਾਂਦੇ। ਅਜਿਹੀ ਕਾਰਵਾਈ ਕਰਦਿਆਂ ਕਈ ਵਾਰ ਸਿੰਘ ਦੁਸ਼ਮਣ ਦੇ ਹੱਥ ਵੀ ਆ ਜਾਂਦੇ ਸਨ ਅਤੇ ਜ਼ਖ਼ਮੀ ਵੀ ਹੋ ਜਾਂਦੇ ਸਨ। ਉਸ ਸਮੇਂ ਦਾ ਇਕ ਸਮਕਾਲੀ ਲੇਖ ਖ਼ੁਸ਼ਵਕਤ ਰਾਇ ਆਪਣੀ ਲਿਖ਼ਤ *ਤਾਰੀਖ਼-ਏ-ਪੰਜਾਬ* ਵਿਚ ਲਿਖਦਾ ਹੈ ਕਿ ਸਿੰਘ ਅੰਮ੍ਰਿਤ ਸਰੋਵਰ ਵਿਚ ਆਪਣੀ ਜਾਨ ਦੀ ਬਾਜ਼ੀ ਲਾ ਕੇ ਵੀ ਇਸ਼ਨਾਨ ਕਰਨ ਆਉਂਦੇ ਸਨ ਅਤੇ ਅਕਾਲ ਤਖ਼ਤ ਸਾਹਿਬ ਅੱਗੇ ਅਰਦਾਸ ਕਰਦੇ ਸਨ।[56]

ਰਤਨ ਸਿੰਘ ਭੰਗੂ ਨੇ ਇਸ ਸਮੇਂ ਦੀ ਇਕ ਸਾਖੀ ਦਿੱਤੀ ਹੈ ਜਿਸ ਵਿਚ ਲਿਖਿਆ ਹੈ ਕਿ ਜਦੋ ਮੁਗ਼ਲਾਂ ਨੇ ਪੂਰੀ ਸਖਤਾਈ ਨਾਲ ਅੰਮ੍ਰਿਤਸਰ ਨੂੰ ਘੇਰਿਆ ਹੋਇਆ ਸੀ ਤਾਂ ਕਾਜ਼ੀ ਅਤੇ ਮੌਲਾਣੇ ਗੱਲਾਂ ਕਰਦੇ ਸਨ ਕਿ ਹੁਣ ਕੋਈ ਵੀ ਸਿੱਖ ਇਥੇ ਆ ਕੇ ਇਸ਼ਨਾਨ ਨਹੀਂ ਕਰ ਸਕਦਾ। ਇਹ ਗੱਲ ਭਾਈ ਸੁੱਖਾ ਸਿੰਘ ਨੇ ਸੁਣ ਲਈ। ਉਸ ਨੇ ਨਿਸ਼ਚਾ ਕਰ ਲਿਆ ਸੀ ਕਿ ਉਸ ਨੇ ਦਿਨ ਦਿਹਾੜੇ ਜਾ ਕੇ ਇਸ਼ਨਾਨ ਕਰਨਾ ਹੈ। ਉਹ ਸਵੇਰੇ ਹੀ ਮੁਸਲਮਾਨ ਕਿਰਸਾਨ ਦਾ ਭੇਸ ਬਣਾ ਕੇ ਅੰਮ੍ਰਿਤਸਰ ਸਰੋਵਰ 'ਤੇ ਜਾ ਪਹੁੰਚਿਆ। ਜਦੋਂ ਭੇਸ ਲਾਹ ਕੇ ਇਸ਼ਨਾਨ ਕੀਤਾ ਤਾਂ ਪਹਿਰੇਦਾਰਾਂ ਨੂੰ ਪਤਾ ਲਗਾ। ਇਸ 'ਤੇ ਸੁੱਖਾ ਸਿੰਘ ਨੇ ਕਿਹਾ ਕਿ ਜਾਂ ਤਾਂ ਸਾਰੇ ਵਾਰੀ ਵਾਰੀ ਮੁਕਾਬਲਾ ਕਰੋ ਨਹੀਂ ਤਾਂ ਪਰੇ ਹੋ ਜਾਓ। ਇਸ ਤਰ੍ਹਾਂ ਤਲਵਾਰ ਨੂੰ ਲਹਿਰਾਉਂਦਾ ਉਹ ਦੁਸ਼ਮਣ ਦੇ ਵਿਚੋਂ ਦੀ ਲੰਘ ਗਿਆ ਸੀ।[57]

ਇਸ ਤਰ੍ਹਾਂ ਸਿੰਘਾਂ ਨੇ ਅੰਮ੍ਰਿਤਸਰ ਵਿਖੇ ਆਉਣ ਦਾ ਪੱਕਾ ਨਿਯਮ ਹੀ ਬਣਾ ਲਿਆ ਸੀ ਇਸੇ ਨਿਯਮ ਵਿਚੋਂ ਹੀ ਦਿਵਾਲੀ ਅਤੇ ਵਿਸਾਖੀ ਸਮੇਂ ਇਕੱਠ ਕਰਨ ਦਾ ਹੌਸਲਾ ਹੋਇਆ। ਇਨ੍ਹਾਂ ਇਕੱਠਾਂ ਨੂੰ ਸਿੱਖ ਸਰਬੱਤ ਖਾਲਸੇ ਦਾ ਨਾਂ ਦੇਣ ਲਗ ਪਏ ਸਨ। ਇਨ੍ਹਾਂ ਸਮਾਗਮਾਂ ਵਿਚ ਗੁਰਮਤੇ ਪਾਸ ਕੀਤੇ ਜਾਣ ਲਗੇ। ਇਸ ਤਰ੍ਹਾਂ ਆਉਣ ਵਾਲੇ ਸਮੇਂ ਵਿਚ ਸਿੱਖਾਂ ਨੇ ਕੀ ਕਰਨਾ ਹੁੰਦਾ ਸੀ ਇਸ ਬਾਰੇ ਗੁਰਮਤੇ ਕਰ ਫਿਰ ਜੰਗਲਾਂ, ਪਹਾੜਾਂ ਜਾਂ ਰੇਗਸਥਾਨਾਂ ਵੱਲ ਦੌੜ ਜਾਂਦੇ ਅਤੇ ਜਦੋਂ ਤਕ ਪਾਸ ਕੀਤੇ ਗਏ ਗੁਰਮਤਿਆਂ ਨੂੰ ਪੂਰਾ ਨਹੀਂ ਸੀ ਕਰ ਲਿਆ ਜਾਂਦਾ

56. ਹਰੀ ਰਾਮ ਗੁਪਤਾ ਦੇ ਹਵਾਲੇ ਅਨੁਸਾਰ ਪੂਰਵਅੰਕਤ, ਜਿਲਦ ਦੂਜੀ, ਪੰਨਾ 63.
57. ਪ੍ਰਾਚੀਨ ਪੰਥ ਪ੍ਰਕਾਸ਼, ਪੰਨਾ 256-57.

ਉਦੋਂ ਤਕ ਦੂਸਰਾ ਸਰਬੱਤ ਖਾਲਸਾ ਸਮਾਗਮ ਨਹੀਂ ਸੀ ਕਰਦੇ। ਸਿੰਘਾਂ ਦੀ ਕੋਸ਼ਿਸ਼ ਹੁੰਦੀ ਸੀ ਕਿ ਅਗਲੇ ਸਮਾਗਮ ਤੋਂ ਪਹਿਲਾਂ ਪਹਿਲਾਂ ਮਿਥੇ ਹੋਏ ਪਰੋਗਰਾਮ ਜ਼ਰੂਰ ਪੂਰੇ ਕਰ ਲਏ ਜਾਣ। ਸਾਰਾ ਮਾਝਾ ਖੇਤਰ ਸਿੰਘਾਂ ਦਾ ਹਮਦਰਦ ਸੀ। ਇਥੋਂ ਦੇ ਕਿਰਸਾਨ ਉਨ੍ਹਾਂ ਨਾਲ ਹੀ ਸਬੰਧਤ ਸਨ। ਇਹ ਸਿੰਘਾਂ ਦੀ ਔਖ ਵੇਲੇ ਮਦਦ ਕਰਦੇ ਸਨ। ਇਹ ਆਪਣੇ ਖੇਤਾਂ ਵਿਚ ਸਿੰਘਾਂ ਨੂੰ ਛੁਪਾ ਕੇ ਰਖਦੇ ਸਨ ਅਤੇ ਉਨ੍ਹਾਂ ਨੂੰ ਅੰਨ-ਪਾਣੀ ਮੁਹੱਈਆ ਕਰਦੇ ਸਨ।[58]

ਇਹ ਲੁਕਣਮੀਚੀ ਦੀ ਖੇਡ ਜ਼ਕਰੀਆ ਖ਼ਾਂ ਦੇ ਅੰਤਮ ਸਮੇਂ ਤਕ ਚਲਦੀ ਰਹੀ। ਇਸ ਸਮੇਂ ਫ਼ਰਕ ਸਿਰਫ਼ ਇਹੀ ਸੀ ਕਿ ਹੁਣ ਸਿੰਘਾਂ ਦੇ ਗੁਰੀਲੇ ਜੱਥੇ ਛੇਤੀ ਜਾਂ ਦੇਰ ਨਾਲ ਸਰਕਾਰ ਵਲੋਂ ਕੀਤੇ ਗਏ ਜ਼ੁਲਮਾਂ ਦਾ ਬਦਲਾ ਜ਼ਰੂਰ ਲੈ ਲੈਂਦੇ ਸਨ। ਜੁਲਾਈ, 1745 ਈ. ਵਿਚ ਜ਼ਕਰੀਆ ਖ਼ਾਨ ਮਰ ਗਿਆ ਸੀ। ਇਸ ਦੇ ਮਰਨ ਨਾਲ ਪੰਜਾਬ ਦੇ ਇਤਿਹਾਸ ਵਿਚ ਇਕ ਕਾਂਡ ਸਮਾਪਤ ਹੋ ਜਾਂਦਾ ਹੈ। ਇਸ ਦੀ ਮੌਤ ਨਾਲ ਪੰਜਾਬ ਦੀ ਸਿਆਸਤ ਨੇ ਇਕ ਨਵਾਂ ਮੋੜ ਕਟਿਆ ਸੀ। ਭਾਵੇਂ ਇਹ ਮੋੜ ਵੀ ਸਿੰਘਾਂ ਲਈ ਪਹਿਲਾਂ ਵਾਂਗ ਹੀ ਜਬਰ-ਜ਼ੁਲਮ ਵਾਲਾ ਸੀ ਪਰ ਸਿੱਖ ਇਸ ਸਮੇਂ ਆਪਣੇ ਆਪ ਵਿਚ ਹੀ ਇਕ ਸੈਨਿਕ ਸ਼ਕਤੀ ਬਣ ਗਏ ਸਨ। ਇਸ ਕਰਕੇ ਪੰਜਾਬ ਵਿਚ ਵਾਪਰਨ ਵਾਲੀ ਕੋਈ ਵੀ ਘਟਨਾ ਸਿੱਖਾਂ ਦੀ ਹੋਂਦ ਦਾ ਅਹਿਸਾਸ ਕਰੇ ਬਗੈਰ ਨਹੀਂ ਰਹਿੰਦੀ ਸੀ।

ਜ਼ਕਰੀਆ ਖ਼ਾਂ ਦੇ ਮਰਨ ਨਾਲ ਪੰਜਾਬ ਦੀ ਰਾਜਨੀਤੀ ਵਿੱਚ ਇਕ ਵਿਸ਼ੇਸ਼ ਕਿਸਮ ਦਾ ਖਲਾਅ ਪੈਦਾ ਹੋ ਗਿਆ ਸੀ। ਇਸੇ ਖਲਾਅ ਨੇ ਹੀ ਸਿੰਘਾਂ ਨੂੰ ਜੰਗਲਾਂ ਬੇਲਿਆਂ, ਪਹਾੜਾਂ ਅਤੇ ਰੇਗਸਤਾਨਾਂ ਵਿਚੋਂ ਨਿਕਲ ਕੇ ਪੰਜਾਬ ਦੀ ਸਮਾਜਿਕ ਪਰਨਾਲੀ ਵਿਚ ਵਿਚਰਨ ਦਾ ਮੌਕਾ ਦਿੱਤਾ। ਇਸ ਖਲਾਅ ਵਾਲੇ ਸਮੇਂ ਦੌਰਾਨ ਯਾਹੀਆਂ ਖ਼ਾਂ ਅਤੇ ਸ਼ਾਹ ਨਿਵਾਜ਼ ਖ਼ਾਂ ਲਾਹੌਰ ਦੇ ਗਵਰਨਰ ਬਣੇ ਜਿਹੜੇ ਭਾਵੇਂ ਆਪਸ ਵਿਚ ਸਕੇ ਭਰਾ ਸਨ ਪਰ ਇਕ ਦੂਜੇ ਦੇ ਕੱਟੜ ਦੁਸ਼ਮਣ ਸਨ। ਇਹ ਦੋਵੇਂ ਹੀ ਦਿੱਲੀ ਦੀ ਹਕੂਮਤ ਦੇ ਪਰਧਾਨ ਮੰਤਰੀ ਕਮਰੂਦੀਨ ਦੇ ਦੋਹਤੇ ਸਨ। ਕਮਰੂਦੀਨ ਵੱਡਾ ਵਜ਼ੀਰ ਹੋਣ ਦੇ ਬਾਵਜੂਦ ਵੀ ਆਪਣੇ ਦੋਵੇਂ ਦੋਹਤਿਆਂ ਵਿਚ ਸੁਲਹਾ ਨਹੀਂ ਕਰਵਾ ਸਕਿਆ। ਅਖੀਰ ਨੂੰ ਸ਼ਾਹ ਨਿਵਾਜ਼ ਖ਼ਾਂ ਹੀ ਅਹਿਮਦ ਸ਼ਾਹ ਅਬਦਾਲੀ ਨੂੰ ਹਮਲਾ ਕਰਨ ਲਈ ਉਕਸਾਉਣ ਵਿਚ ਮੁਖ ਜ਼ਿੰਮੇਵਾਰ ਬਣਿਆ ਭਾਵੇਂ ਕਿ ਅਬਦਾਲੀ ਦੇ ਲਾਹੌਰ ਪਹੁੰਚਦੇ ਸਮੇਂ ਤਕ ਉਹ ਆਪਣੇ ਨਾਨਾ ਕਮਰੂਦੀਨ ਨਾਲ ਰਲ ਗਿਆ ਸੀ। ਭਾਵੇਂ ਅਬਦਾਲੀ ਆਪਣੇ ਪਹਿਲੇ ਹਮਲੇ ਸਮੇਂ ਹਾਰ ਗਿਆ ਸੀ ਪਰ ਇਸ ਹਾਰ ਨੇ ਪੰਜਾਬ ਲਈ ਇਕ ਤਾਕਤਵਰ ਗਵਰਨਰ ਮੀਰ ਮਨੂੰ ਦੇ ਰੂਪ ਵਿਚ ਦੇ ਦਿੱਤਾ ਸੀ। ਯਾਹੀਆਂ ਖ਼ਾਂ ਅਤੇ ਸ਼ਾਹ ਨਿਵਾਜ਼ ਖ਼ਾਂ ਦੇ ਗੜਬੜੀ ਭਰਪੂਰ ਰਾਜ ਨੂੰ ਮੀਰ ਮਨੂੰ ਨੇ ਸਥਿਰਤਾ ਪਰਦਾਨ ਕੀਤੀ ਅਤੇ ਇਹੀ ਸਥਿਰਤਾ ਸਿੰਘਾਂ ਲਈ ਬਿਪਤਾ ਬਣ ਕੇ ਆਈ ਸੀ।

ਜਿਹੜਾ ਸਮਾਂ 1745 ਤੋਂ ਲੈ ਕੇ 1748 ਦੇ ਸਾਲਾਂ ਦਾ ਗੜਬੜੀ ਵਾਲਾ ਸੀ ਇਸੇ ਸਮੇਂ ਵਿਚ ਸਿੰਘਾਂ ਨੇ ਆਪਣੇ ਆਪ ਨੂੰ ਮੁੜ ਤੋਂ ਜੱਥੇਬੰਦ ਕਰ ਲਿਆ ਸੀ। ਪਹਿਲਾਂ 1733-34 ਦੇ ਸਾਲਾਂ ਦੌਰਾਨ ਨਵਾਬ ਕਪੂਰ ਸਿੰਘ ਨੇ ਖਾਲਸੇ ਦੀ ਸਮੁੱਚੀ ਸ਼ਕਤੀ ਨੂੰ ਦੋ ਭਾਗਾਂ—ਬੁੱਢਾ ਦਲ

58. Henery T. Prinsep, *Origin of The Sikh Power in the Punjab*, Language Department Punjab, Patiala. 1970 (reprint), p. 4.

ਤੇ ਤਰੁਣਾ ਦਲ ਵਿਚਕਾਰ ਜਿਸ ਤਰ੍ਹਾਂ ਵੰਡਿਆ ਸੀ ਉਸ ਨੇ ਚੰਗੇ ਨਤੀਜੇ ਦਿਖਾਏ ਸਨ। ਤਰੁਣਾ ਦਲ ਦੇ ਸਿੰਘਾਂ ਦੀ ਲੜਾਈ ਦੇ ਮੈਦਾਨ ਵਿਚ ਸਰਗਰਮੀ ਨੇ, ਗਿਣਤੀ ਛੇਤੀ ਹੀ ਬਹੁਤ ਵਧਾ ਦਿੱਤੀ। ਇਸ ਕਰਕੇ ਇਸ ਨੂੰ ਮੁੜ ਤੋਂ ਜੱਥੇਬੰਦ ਕਰਨ ਦੀ ਜਰੂਰਤ ਸੀ। ਇਸ ਜਰੂਰਤ ਨੂੰ ਪੰਜ ਜੱਥਿਆਂ ਵਿਚ ਵੰਡ ਕੇ ਪੂਰਾ ਕੀਤਾ ਗਿਆ। ਪਰ ਕੁਝ ਅਰਸੇ ਬਾਅਦ ਇਨ੍ਹਾਂ ਪੰਜ ਜੱਥਿਆਂ ਦੀ ਸੰਖਿਆ ਵੀ ਬਹੁਤ ਵੱਧ ਗਈ ਸੀ ਅਤੇ ਇਨ੍ਹਾਂ ਨੂੰ ਵੀ ਪੁਨਰ-ਜੱਥੇਬੰਦ ਕਰਨ ਦੀ ਲੋੜ ਪਈ।

ਹਾਲਾਤ ਨੇ ਖਾਲਸੇ ਨੂੰ ਜੋ ਸਮਾਂ ਪਰਦਾਨ ਕੀਤਾ ਸੀ ਉਸ ਵਿਚ ਖਾਲਸਾ ਪੰਥ ਇਕ ਵਿਸ਼ੇਸ਼ ਦਿਸ਼ਾ ਨਿਰਧਾਰਤ ਕਰ ਕੇ ਚਲਿਆ ਸੀ। ਇਹ ਵਿਸ਼ੇਸ਼ ਦਿਸ਼ਾ ਸੀ ਸਿਰੀ ਅਕਾਲ ਤਖ਼ਤ ਸਾਹਿਬ ਉਪਰ ਸਰਬੱਤ ਖਾਲਸਾ ਸਮਾਗਮਾਂ ਦੀ। ਇਸ ਸਮੇਂ ਸਿੱਖਾਂ ਦੀ ਜੋ ਵੀ ਲੀਡਰਸ਼ਿਪ ਸਾਹਮਣੇ ਸੀ ਜਾਂ ਜੋ ਵੀ ਜੱਥੇਬੰਦਕ ਢਾਂਚਾ ਉਸਾਰਿਆ ਗਿਆ ਸੀ ਉਹ ਸਭ ਸਿਰੀ ਅਕਾਲ ਤਖ਼ਤ ਸਾਹਿਬ ਉਪਰ ਹੋਏ ਸਰਬੱਤ ਖਾਲਸਾ ਸਮਾਗਮਾਂ ਦੀ ਹੀ ਦੇਣ ਸੀ ਇਸ ਕਰਕੇ ਇਹ ਲੀਡਰਸ਼ਿਪ ਆਪਣੇ ਹਰ ਮਸਲੇ ਦੇ ਹੱਲ ਲਈ ਸਿਰੀ ਅਕਾਲ ਤਖ਼ਤ ਸਾਹਿਬ ਦੀ ਮਹਾਨ ਸੰਸਥਾ ਤੋਂ ਹੀ ਸੇਧ ਲੈਂਦੀ ਸੀ। ਇਹ ਹੈ ਵੀ ਕੁਦਰਤੀ ਗੱਲ ਸੀ। ਅਕਾਲ ਤਖ਼ਤ ਸਾਹਿਬ ਤੋਂ ਕਾਇਮ ਹੋਈ ਜੱਥੇਬੰਦੀ ਨੇ ਅਕਾਲ ਤਖ਼ਤ ਸਾਹਿਬ ਤੋਂ ਹੀ ਸੇਧ ਲੈਣੀ ਸੀ। ਇਸ ਕਰਕੇ ਇਸ ਸਮੇਂ ਦੌਰਾਨ ਖਾਲਸੇ ਦੀ ਲੀਡਰਸ਼ਿਪ ਨੇ ਸਾਲ ਵਿਚ ਦੋ ਮੌਕੇ ਐਸੇ ਨਿਸ਼ਚਿਤ ਕਰ ਰਖੇ ਸਨ ਜਿਨ੍ਹਾਂ ਤੇ ਉਹ ਅਕਾਲ ਤਖ਼ਤ ਸਾਹਿਬ ਉਪਰ ਇਕੱਠੇ ਹੁੰਦੇ ਸਨ। ਇਹ ਮੌਕੇ ਸਨ ਵਿਸਾਖੀ ਅਤੇ ਦਿਵਾਲੀ। ਭਾਵੇਂ ਹਕੂਮਤ ਅਜਿਹੇ ਸਮਾਗਮਾਂ ਦੀ ਵਿਰੋਧੀ ਸੀ ਅਤੇ ਹਰ ਹਾਲਤ ਵਿਚ ਇਨ੍ਹਾਂ ਨੂੰ ਰੋਕਣਾ ਚਾਹੁੰਦੀ ਸੀ ਪਰ ਇਸ ਸਭ ਕੁਝ ਦੇ ਬਾਵਜੂਦ ਵੀ ਹਕੂਮਤ ਇਨ੍ਹਾਂ ਨੂੰ ਰੋਕ ਨਹੀਂ ਸਕੀ ਸੀ ਕਿਉਂ ਕਿ ਆਪਸੀ ਫੁੱਟ ਦੇ ਕਾਰਣ ਅਤੇ ਅਹਿਮਦਸ਼ਾਹ ਅਬਦਾਲੀ ਦੇ ਹਮਲਿਆ ਕਾਰਨ ਹਕੂਮਤ ਸਿੰਘਾਂ ਵੱਲ ਪੂਰਾ ਧਿਆਨ ਨਹੀ ਦੇ ਸਕੀ ਸੀ। ਇਥੋ ਹੀ ਸਰਬੱਤ ਖਾਲਸਾ ਸਮਾਗਮਾਂ ਦੀ ਬਾਕਾਇਦਾ ਸੁਰੂਆਤ ਹੁੰਦੀ ਹੈ।

1746 ਦੀ ਦੀਵਾਲੀ ਤੇ ਸਰਬੱਤ ਖਾਲਸਾ ਸਮਾਗਮ : ਆਪਣੇ ਆਪ ਨੂੰ ਪੰਜਾਬ ਦੀ ਰਾਜਨੀਤੀ ਵਿਚ ਪਰਭਾਵਸ਼ਾਲੀ ਢੰਗ ਤਰੀਕੇ ਅਨੁਸਾਰ ਸਥਾਪਤ ਕਰਨ ਲਈ ਪੰਥਕ ਜੱਥੇ ਨਵਾਬ ਕਪੂਰ ਸਿੰਘ ਦੀ ਅਗਵਾਈ ਹੇਠ 1746 ਦੀ ਦੀਵਾਲੀ ਦੇ ਮੌਕੇ 'ਤੇ ਸਿਰੀ ਅਕਾਲ ਤਖ਼ਤ ਸਾਹਿਬ 'ਤੇ ਸਰਬੱਤ ਖਾਲਸੇ ਦੇ ਰੂਪ ਵਿਚ ਇਕੱਠੇ ਹੋਏ। ਇਸ ਸਮਾਗਮ ਵਿਚ ਸਭ ਖਿੰਡੇ-ਪੁੰਡੇ ਜੱਥਿਆਂ ਨੂੰ 25 ਜੱਥਿਆਂ ਵਿਚ ਜੱਥੇਬੰਦ ਕਰਨ ਦਾ ਗੁਰਮਤਾ ਪਾਸ ਕੀਤਾ ਗਿਆ। ਇਹ 25 ਜੱਥੇ ਇਸ ਪਰਕਾਰ ਸਨ :

1. ਸ਼ਾਮ ਸਿੰਘ ਨਾਰੋਕੇ
2. ਗੁਰਬਖ਼ਸ ਸਿੰਘ ਕਲਸੀਆਂ
3. ਕਰੋੜਾ ਸਿੰਘ ਪੈਜਗੜ
4. ਕਰਮ ਸਿੰਘ ਪੈਜਗੜ
5. ਗੁਰਦਿਆਲ ਸਿੰਘ ਡਲੇਵਾਲ
6. ਨੌਧ ਸਿੰਘ ਸੁਕਰਚਕੀਆ

7. ਚੰਦਾ ਸਿੰਘ ਸੰਧਾਵਾਲੀਆ
8. ਕਾਲਾ ਸਿੰਘ
9. ਖਿਆਲਾ ਸਿੰਘ ਕੰਗ
10. ਧਰਮ ਸਿੰਘ ਮੁਜੰਗ
11. ਬਾਘ ਸਿੰਘ
12. ਜੱਸਾ ਸਿੰਘ ਆਹਲੂਵਾਲੀਆ
13. ਹਰੀ ਸਿੰਘ ਭੰਗੀ
14. ਛੱਜਾ ਸਿੰਘ ਪੰਜਵੜ
15. ਦੀਪ ਸਿੰਘ ਸ਼ਹੀਦ
16. ਭੋਮਾ ਸਿੰਘ
17. ਜੈ ਸਿੰਘ ਕਾਹਨਾ ਕਾਛਾ
18. ਸਦਾ ਸਿੰਘ ਦੋਦੀਆ
19. ਹੀਰਾ ਸਿੰਘ ਨਕਈ
20. ਅੱਘੜ ਸਿੰਘ
21. ਸੁਖਾ ਸਿੰਘ
22. ਮਦਨ ਸਿੰਘ ਮਜਹਬੀ
23. ਬੀਰ ਸਿੰਘ ਮਜਹਬੀ
24. ਕਰਮ ਸਿੰਘ ਨਾਰਲੀ ਅਤੇ
25. ਨਵਾਬ ਕਪੂਰ ਸਿੰਘ।[59]

ਨਵਾਬ ਸਾਹਿਬ ਸਮੁੱਚੇ ਜੱਥਿਆਂ ਦੇ ਸੁਪਰੀਮ ਕਮਾਂਡਰ ਸਨ ਇਨ੍ਹਾਂ ਪੰਝੀ ਜੱਥਿਆਂ ਦੇ ਰੂਪ ਵਿਚ ਖਾਲਸਾ ਇਕ ਪਰਭਾਵਸ਼ਾਲੀ ਰਾਜਨੀਤਕ ਤਾਕਤ ਬਣ ਗਿਆ ਸੀ। ਕਿਰਸਾਨੀ ਤਬਕਾ ਸਿੰਘਾਂ ਦਾ ਹਮਾਇਤੀ ਸੀ। ਸਰਕਾਰੀ ਕਰਿੰਦਿਆਂ ਦੀ ਭੁੱਖ ਨੂੰ ਪੂਰਾ ਕਰਨ ਵਾਲਾ ਕਿਰਸਾਨੀ ਤਬਕਾ ਹੀ ਸੀ। ਜਦੋਂ ਵੀ ਸਰਕਾਰ ਨੂੰ ਪੈਸੇ ਇਕੱਠੇ ਕਰਨ ਦੀ ਲੋੜ ਪੈਂਦੀ ਸੀ ਤਾਂ ਉਹ ਕਿਰਸਾਨਾਂ ਨੂੰ ਹੀ ਲੁੱਟਦੀ ਸੀ। ਇਸ ਲੁੱਟ ਨਾਲ ਕਿਰਸਾਨ ਸਰਕਾਰ ਦੇ ਦੁਸ਼ਮਣ ਬਣੇ ਬੈਠੈ ਸਨ। ਸਿੰਘ ਜੱਥੇ ਰਾਤਾਂ ਨੂੰ ਖੇਤਾਂ ਅਤੇ ਜੰਗਲਾਂ ਵਿਚ ਹੀ ਰਹਿੰਦੇ ਸਨ ਇਸ ਕਰਕੇ ਰਾਤ ਨੂੰ ਖੇਤਾਂ ਵਿਚ ਸਿੰਘਾਂ ਦਾ ਹੀ ਰਾਜ ਹੁੰਦਾ ਸੀ। ਜਿਹੜੇ ਵੀ ਸਰਕਾਰੀ ਕਰਿੰਦੇ ਦਿਨੇ ਕਿਰਸਾਨਾਂ ਤੋਂ ਅਨਾਜ ਦੇ ਰੂਪ ਵਿਚ ਮੁਆਮਲਾ ਉਗਰਾਹੁਣ ਆਉਂਦੇ ਸਨ ਸਿੰਘ ਜੱਥੇ ਉਨ੍ਹਾਂ ਨੂੰ ਮਾਰ ਦਿੰਦੇ ਸਨ। ਇਸ ਤਰ੍ਹਾਂ ਸਿੰਘਾਂ ਦਾ ਅਤੇ ਕਿਰਸਾਨੀ ਤਬਕੇ ਦਾ ਦੁਸ਼ਮਣ ਸਾਂਝਾ ਸੀ। ਪਰਿੰਸੇਪ ਲਿਖਦਾ ਹੈ ਕਿ ਸਿੰਘਾਂ ਨੇ ਪਹਿਲਾਂ ਪਹਿਲ ਇਕ-ਦੁਕਾ ਵਾਰਦਾਤਾਂ ਕਰ ਕੇ ਆਪਣੀਆਂ ਗੁਪਤ ਜੱਥਬੰਦੀਆਂ ਬਣਾ ਕੇ ਆਪਣੀ ਤਾਕਤ ਨੂੰ ਸੁਰਜੀਤ ਕੀਤਾ। ਉਹ ਦਸ-ਦਸ ਬੀਹ-ਬੀਹ ਦੀ ਗਿਣਤੀ ਵਿਚ ਟੋਲੇ ਬਣਾ ਕੇ ਆਵਾਜਾਈ ਵਾਲੇ ਰਸਤਿਆਂ ਤੇ ਹਮਲੇ ਕਰਦੇ, ਪਿੰਡਾਂ ਅਤੇ

---

59. See also Hari Ram Gupta , Vol. II, *op. cit.*, p. 71 (fn) ਧਿਆਨ ਰਹੇ ਕਿ ਇਹ ਸਿੱਖ ਮਿਸਲਾਂ ਦੀ ਬੁਨਿਆਦ ਸਨ। ਪਿੱਛੋਂ ਜਾਕੇ ਇਹੀ ਜਥੇਦਾਰ ਹੀ ਮਿਸਲਦਾਰ ਬਣੇ ਸਨ।

ਸ਼ਹਿਰਾਂ ਵਿਚਲੇ ਸਰਕਾਰੀ ਕਰਿੰਦਿਆਂ ਨੂੰ ਲੁੱਟ ਲੈਂਦੇ ਸਨ। ਹਕੂਮਤ ਦੇ ਅਵੇਸਲੇਪਣ ਨੇ ਇਨ੍ਹਾਂ ਜੱਥਿਆਂ ਦੀਆਂ ਗਤੀਵਿਧੀਆਂ ਨੂੰ ਵਧਾਉਣ ਵਿਚ ਮਦਦ ਕੀਤੀ। ਇਸ ਤਰ੍ਹਾਂ ਜ਼ਿਆਦਾ ਲੁੱਟਾਂ ਕਰਨ ਵਾਲੇ ਕਾਮਯਾਬ ਆਗੂਆਂ ਨੇ ਵਧ ਤੋਂ ਵਧ ਘੋੜੇ ਅਤੇ ਹਥਿਆਰ ਇਕੱਠੇ ਕੀਤੇ ਅਤੇ ਆਪਣੇ ਜੱਥੇ ਦੀ ਨਵੀਂ ਭਰਤੀ ਕਰ ਕੇ ਗਿਣਤੀ ਵਧਾਈ। ਉਨ੍ਹਾਂ ਦੀਆਂ ਸਫ਼ਲਤਾ ਪੂਰਬਕ ਕੀਤੀਆਂ ਗਈਆਂ ਲੁੱਟਾਂ ਨੇ ਨੌਜਵਾਨ ਤਬਕੇ ਨੂੰ ਬਹੁਤ ਪਰੇਰਿਤ ਕੀਤਾ। ਇਉਂ ਉਨ੍ਹਾਂ ਦੀ ਤਾਕਤ ਦਿਨ-ਬ-ਦਿਨ ਵਧਦੀ ਗਈ।[60] 1746 ਵਿਚ ਲਾਹੌਰ ਦੇ ਹਾਲਾਤ ਨੂੰ ਲਿਖਣ ਵਾਲਾ ਆਨੰਦ ਰਾਮ, ਜੋ ਦਿਲੀ ਦੇ ਵਜ਼ੀਰ ਕਮਰੁਦੀਨ ਦਾ ਨਿਜੀ ਸਹਾਇਕ ਸੀ, ਆਪਣੀ ਲਿਖਤ ਵਿਚ ਦਸਦਾ ਹੈ ਕਿ "ਸਮਾਜ ਵਿਚੋਂ ਛੇਕੇ ਹੋਏ, ਲੁਟੇਰੇ ਅਤੇ ਨਵੀਆਂ ਮੱਲਾਂ ਮਾਰਨ ਵਾਲੇ ਲੋਕ (ਸਿੱਖ) ਹੁਣ ਆਪਣੀਆਂ ਛੁਪਣਗਾਹਾਂ ਵਿਚੋਂ ਨਿਕਲ ਆਏ, ਸਮੁੱਚੇ ਰਾਜ-ਪਰਬੰਧ ਨੂੰ ਬਿਗਾੜਨਾ ਸ਼ੁਰੂ ਕਰ ਦਿੱਤਾ ਅਤੇ ਪਰਿਵਾਰ ਦੇ ਪਰਿਵਾਰ ਤਬਾਹ ਕਰ ਕੇ ਸ਼ਹਿਰਾਂ ਅਤੇ ਪਿੰਡਾਂ ਨੂੰ ਉਜਾੜ ਦਿੱਤਾ। ਜ਼ਕਰੀਆ ਖ਼ਾਂ ਦੇ ਇਨਸਾਫ਼ ਭਰੇ ਰਾਜ-ਪਰਬੰਧ ਦੁਆਰਾ ਸਥਾਪਤ ਕੀਤੀ ਗਈ ਖ਼ੁਸ਼ਹਾਲੀ ਅਤੇ ਸ਼ਾਂਤੀ ਖ਼ਤਮ ਕਰ ਦਿੱਤੀ ਗਈ। ਸਾਰੇ ਪਰਾਂਤ ਵਿਚ ਬਦ ਅਮਨੀ ਫੈਲ ਗਈ ਹੈ। ਇਸ ਸਮੇਂ ਤਕ 23 ਅਗਸਤ, 1746 ਨੂੰ ਜਦੋਂ ਕਿ ਮੈਂ ਇਹ ਲਿਖਤ ਲਿਖ ਰਿਹਾ ਹਾਂ ਜ਼ਕਰੀਆ ਖ਼ਾਂ ਦੇ ਮਰਨ ਦੇ ਇਕ ਸਾਲ, ਇਕ ਮਹੀਨਾ ਤੇ ਤੇਈ ਦਿਨਾਂ ਦੇ ਪਿੱਛੋਂ।" ਇਸ ਬਿਆਨ ਰਾਹੀਂ ਭਾਵੇਂ ਲੇਖਕ ਨੇ ਸਿੰਘਾਂ ਨੂੰ ਲੁਟੇਰੇ ਅਤੇ ਸਮਾਜ ਵਿਚੋਂ ਛੇਕੇ ਹੋਏ ਲੋਕ ਲਿਖਕੇ ਆਪਣੇ ਆਪ ਨੂੰ ਫਿਰਕੂ, ਪੱਖਪਾਤੀ ਅਤੇ ਅਸਲੀਅਤ ਤੋਂ ਅਣਜਾਣ ਲੇਖਕ ਹੀ ਦਰਸਾਇਆ ਹੈ ਪਰ ਉਸ ਦੀ ਲਿਖਤ ਤੋਂ ਇਸ ਗੱਲ ਦੀ ਪਰੋੜ੍ਹਤਾ ਜ਼ਰੂਰ ਹੋ ਜਾਂਦੀ ਹੈ ਕਿ ਸਿੰਘਾਂ ਦੇ ਗੁਰੀਲੇ ਜੱਥਿਆਂ ਨੇ ਲਾਹੌਰ ਦੀ ਹਕੂਮਤ ਦਾ ਨੱਕ ਵਿਚ ਦਮ ਕਰ ਦਿੱਤਾ ਸੀ।

30 ਮਾਰਚ, 1747 ਦਾ ਸਰਬੱਤ ਖ਼ਾਲਸਾ ਸਮਾਗਮ : ਇਸ ਤਰ੍ਹਾਂ ਦੀਆਂ ਸਫ਼ਲਤਾ ਪੂਰਬਕ ਗਤੀਵਿਧੀਆਂ ਨਾਲ ਖਾਲਸੇ ਦੇ ਗੁਰੀਲੇ ਜੱਥਿਆਂ ਦੇ ਹੌਸਲੇ ਇਤਨੇ ਵਧ ਗਏ ਸਨ ਕਿ ਹੁਣ ਉਨ੍ਹਾਂ ਨੇ ਖੁਲ੍ਹੇ ਰੂਪ ਵਿਚ ਇਕ ਥਾਂ 'ਤੇ ਆਪਣੀ ਸ਼ਕਤੀ ਨੂੰ ਕੇਂਦਰਿਤ ਕਰਨ ਦਾ ਮਨ ਬਣਾ ਲਿਆ ਸੀ। 30 ਮਾਰਚ, 1747 ਨੂੰ ਸਮੂਹ ਜੱਥੇ ਨਵਾਬ ਕਪੂਰ ਸਿੰਘ ਦੀ ਅਗਵਾਈ ਹੇਠ ਸਿਰੀ ਅਕਾਲ ਤਖ਼ਤ ਸਾਹਿਬ 'ਤੇ ਇਕੱਠੇ ਹੋਏ ਅਤੇ ਗੁਰਮਤਾ ਕੀਤਾ ਕਿ ਖਾਲਸੇ ਨੂੰ ਆਪਣੀ ਇਕ ਐਸੀ ਕਿਲਾਨੁਮਾ ਗੜ੍ਹੀ ਉਸਾਰ ਲੈਣੀ ਚਾਹੀਦੀ ਹੈ ਜਿਥੇ ਉਹ ਆਪਣਾ ਜੰਗੀ ਸਮਾਨ ਅਤੇ ਅਨਾਜ ਇਕੱਠਾ ਕਰ ਕੇ ਰੱਖ ਸਕਦਾ ਹੋਵੇ।[61] ਫਲਸਰੂਪ ਸਿੰਘਾਂ ਨੇ ਅੰਮ੍ਰਿਤਸਰ ਵਿਖੇ ਹੀ ਉਸ ਅਸਥਾਨ 'ਤੇ ਕੱਚੀ ਗੜ੍ਹੀ ਉਸਾਰਨ ਦਾ ਕੰਮ ਸ਼ੁਰੂ ਕਰ ਦਿੱਤਾ ਜਿਥੇ ਗੁਰੂ ਹਰਿਗੋਬਿੰਦ ਸਾਹਿਬ ਨੇ ਕਿਲਾ ਲੋਹਗੜ੍ਹ ਉਸਾਰ ਕੇ ਆਪਣੇ ਸਮੇਂ ਦੇ ਹਾਕਮਾਂ ਨਾਲ ਜੰਗ ਕੀਤੀ ਸੀ। ਇਸ ਥਾਂ ਨੂੰ ਆਲੇ ਦੁਆਲਿਓਂ ਇਕ ਡੂੰਘੀ ਖਾਈ ਪੁੱਟ ਕੇ ਬਗਲਿਆ ਗਿਆ। ਖਾਈ ਵਿਚੋਂ ਨਿਕਲੀ ਮਿੱਟੀ ਦੀ ਕੱਚੀ ਕੰਧ ਉਸਾਰੀ ਗਈ। ਵਿਚਕਾਰ ਲੋੜ ਅਨੁਸਾਰ ਮਿੱਟੀ ਦੀਆਂ ਹੀ ਕੁਝ ਕੋਠੜੀਆਂ ਉਸਾਰੀਆਂ ਗਈਆਂ ਅਤੇ ਇਸ ਦਾ ਨਾਂ ਸਿਰੀ ਗੁਰੂ ਰਾਮ ਦਾਸ ਜੀ ਦੀ ਯਾਦ ਵਿਚ ਰਾਮ ਰੌਣੀ ਰਖਿਆ ਗਿਆ।

---

60. Prinsep, *op.cit.*, pp. 2-3.
61. ਰਤਨ ਸਿੰਘ ਭੰਗੂ, ਪੰਨੇ 325-26, ਗਯਾਨੀ ਗਯਾਨ ਸਿੰਘ, *ਸ੍ਰੀ ਗੁਰ ਪੰਥ ਪ੍ਰਕਾਸ਼*, ਪੰਨਾ 439 ਅਤੇ *ਤਵਾਰੀਖ਼ ਸ਼ਮਸ਼ੇਰ ਖਾਲਸਾ* (ਪੱਥਰ ਛਾਪ, ਪਹਿਲੀ), ਸਿਆਲਕੋਟ, 1894 ਈ., ਪੰਨਾ 171.

ਇਹ ਗੱਲ ਭਾਵੇਂ ਹੈਰਾਨੀ ਵਾਲੀ ਲਗੇਗੀ ਕਿ ਅੰਮ੍ਰਿਤਸਰ ਸ਼ਹਿਰ, ਜਿਥੇ ਖਾਲਸੇ ਨੇ ਆਪਣੀ ਰਾਮ ਰੌਣੀ ਉਸਾਰੀ ਸੀ, ਲਾਹੌਰ ਹਕੂਮਤ ਦੀ ਐਨ ਬੁਕਲ ਵਿਚ ਸੀ। ਇਸ ਕਰ ਕੇ ਸੁਰੱਖਿਆ ਅਤੇ ਗੁਰੀਲਾ ਕਾਰਵਾਈਆਂ ਦੇ ਪੱਖ ਇਹ ਸਥਾਨ ਭਾਵੇਂ ਜ਼ਿਆਦਾ ਠੀਕ ਨਾ ਲਗੇ ਪਰ ਖਾਲਸੇ ਦੇ ਦਿਲਾਂ ਵਿਚ ਅੰਮ੍ਰਿਤਸਰ ਬਾਰੇ ਇਹ ਵਿਸ਼ਵਾਸ ਘਰ ਕਰ ਚੁਕਿਆ ਸੀ ਕਿ ਉਹ ਇਥੋਂ ਪਰੇਰਨਾ ਲੈ ਕੇ ਲੜ ਸਕਦੇ ਸਨ। ਸਿੰਘਾਂ ਦਾ ਵਿਸ਼ਵਾਸ ਸੀ ਕਿ ਇਸ ਪਵਿੱਤਰ ਭੂਮੀ 'ਤੇ ਗੁਰੂ ਉਨ੍ਹਾਂ ਦੇ ਅੰਗ-ਸੰਗ ਹੁੰਦਾ ਹੈ। ਜੇ ਉਹ ਉਥੇ ਲੜਦੇ ਹੋਏ ਸ਼ਹੀਦ ਹੁੰਦੇ ਹਨ ਤਾਂ ਸਿੱਧੇ ਸਵਰਗਾਂ ਨੂੰ ਜਾਣਗੇ ਤੇ ਜੇ ਉਹ ਜੇਤੂ ਹੁੰਦੇ ਹਨ ਤਾਂ ਰਾਜ ਭਾਗ ਦੇ ਮਾਲਕ ਹੋਣਗੇ।[62] ਇਤਿਹਾਸ ਨੇ ਸਿੰਘਾਂ ਦੇ ਇਸ ਵਿਸ਼ਵਾਸ ਨੂੰ ਪੂਰਾ ਕਰ ਕੇ ਵੀ ਵਿਖਾ ਦਿੱਤਾ ਹੈ। ਸਿੰਘ ਲਾਹੌਰ ਦੀ ਹਕੂਮਤ ਦੀ ਐਨ ਬੁਕਲ ਵਿਚ ਹੋਣ ਦੇ ਬਾਵਜੂਦ ਵੀ ਅਖੀਰ ਨੂੰ ਵਿਜਈ ਹੋ ਕੇ ਲਾਹੌਰ ਦੇ ਹੁਕਮਰਾਨ ਬਣੇ ਸਨ।

ਸਿੰਘਾਂ ਵਲੋਂ ਰਾਮ ਰੌਣੀ ਦੀ ਕੀਤੀ ਗਈ ਉਸਾਰੀ ਜ਼ਿਆਦਾ ਸਮਾਂ ਹਕੂਮਤ ਦੀ ਨਿਗਾਹ ਤੋਂ ਬਚ ਨਹੀਂ ਸਕੀ। ਇਸ ਸਮੇਂ ਸ਼ਾਹ ਨਿਵਾਜ਼ ਖ਼ਾਂ ਲਾਹੌਰ ਦਾ ਗਵਰਨਰ ਸੀ। ਉਸ ਨੇ ਆਦੀਨਾ ਬੇਗ ਖ਼ਾਂ ਦੀ ਅਗਵਾਈ ਵਿਚ ਇਕ ਸੈਨਿਕ ਟੁਕੜੀ ਰਾਮ ਰੌਣੀ ਨੂੰ ਘੇਰਾ ਪਾਉਣ ਲਈ ਭੇਜੀ। ਇਸ ਨੇ ਕਈ ਦਿਨਾਂ ਤਕ ਰਾਮ ਰੌਣੀ ਨੂੰ ਘੇਰਾ ਪਾ ਕੇ ਰੱਖਿਆ। ਸਿੰਘ ਅੰਦਰੋਂ ਪੂਰੀ ਦਲੇਰੀ ਨਾਲ ਮੁਕਾਬਲਾ ਕਰਦੇ ਰਹੇ। ਅਖੀਰ ਜਦੋਂ ਦਸੰਬਰ, 1747 ਵਿਚ ਅਹਿਮਦ ਸ਼ਾਹ ਅਬਦਾਲੀ ਨੇ ਪਹਿਲਾ ਹਮਲਾ ਕੀਤਾ ਤਾਂ ਸ਼ਾਹ ਨਵਾਜ਼ ਖ਼ਾਂ ਨੂੰ ਮਜਬੂਰਨ ਇਹ ਘੇਰਾ ਚੁਕਣਾ ਪਿਆ। ਇਸ ਤਰ੍ਹਾਂ ਰਾਮ ਰੌਣੀ ਉਪਰੋਂ ਪਹਿਲੀ ਬਲਾਅ ਟਲ ਗਈ ਸੀ। ਭਾਵੇਂ ਪਹਿਲੇ ਹਮਲੇ ਸਮੇਂ ਅਬਦਾਲੀ ਦੀਆਂ ਫੌਜਾਂ ਨੂੰ ਹਾਰ ਹੋਈ ਸੀ ਪਰ ਇਸ ਜਿੱਤ ਦਾ ਮੁੱਖ ਜਿੰਮੇਵਾਰ ਵਜ਼ੀਰ ਕਮਰੂਦੀਨ ਲੜਾਈ ਵਿਚ ਮਾਰਿਆ ਗਿਆ। ਉਸ ਦਾ ਪੁੱਤਰ ਮੀਰ ਮਨੂੰ ਲਾਹੌਰ ਦਾ ਗਵਰਨਰ ਬਣਿਆ। ਇਸ ਤਰ੍ਹਾਂ ਅਬਦਾਲੀ ਦੇ ਪਹਿਲੇ ਹਮਲੇ ਦਾ ਇਕ ਸਿੱਧਾ ਪਰਭਾਵ ਪੰਜਾਬ ਤੇ ਇਹ ਹੋਇਆ ਕਿ ਇਸ ਨੂੰ ਮੀਰ ਮਨੂੰ ਦੇ ਰੂਪ ਵਿਚ ਇਕ ਮਜ਼ਬੂਤ ਗਵਰਨਰ ਮਿਲ ਗਿਆ ਸੀ।

ਅਬਦਾਲੀ ਮਾਰਚ, 1748 'ਵਿਚ ਇਥੋਂ ਵਾਪਸ ਮੁੜ ਗਿਆ ਸੀ। ਮੁੜਦੇ ਜਾਂਦੇ ਨੂੰ ਸਿੰਘਾਂ ਦੇ ਜੱਥਿਆਂ ਨੇ ਉਸ ਨੂੰ ਖ਼ੂਬ ਲੁਟਿਆ। ਮਾਰਚ ਦਾ ਸਾਰਾ ਮਹੀਨਾ ਗੜਬੜ ਵਾਲਾ ਹੀ ਮਹੀਨਾ ਸੀ। ਇਸ ਗੜਬੜ ਦਾ ਸਹਾਰਾ ਲੈ ਕੇ ਨਵਾਬ ਕਪੂਰ ਸਿੰਘ ਨੇ ਸਾਰੇ ਸਿੰਘ ਜੱਥਿਆਂ ਨੂੰ ਵਿਸਾਖੀ ਦੇ ਤਿਉਹਾਰ 'ਤੇ ਸਿਰੀ ਅਕਾਲ ਤਖ਼ਤ ਸਾਹਿਬ 'ਤੇ ਇਕੱਠੇ ਹੋਣ ਦੀਆਂ ਹਦਾਇਤਾਂ ਭੇਜੀਆਂ। ਯਾਦ ਰਹੇ ਕਿ ਜੋ 25 ਜੱਥੇ ਨਵਾਬ ਸਾਹਿਬ ਨੇ ਸਿੰਘਾਂ ਦੇ, ਪਹਿਲਾਂ 1746 ਵਿਚ ਬਣਾਏ ਸਨ ਹੁਣ ਫਿਰ ਉਨ੍ਹਾ ਨੂੰ ਮੁੜ ਜੱਥੇਬੰਦ ਕਰਨ ਦੀ ਲੋੜ ਪੈ ਗਈ ਸੀ। ਇਨ੍ਹਾਂ ਜੱਥਿਆਂ ਦੀ ਗਿਣਤੀ ਵੱਧ ਕੇ ਪੈਂਹਟ ਤਕ ਪੁਜ ਗਈ ਸੀ। ਇਸ ਕਰਕੇ ਇਕ ਕੇਂਦਰੀ

---

62. *ਛੋਡ ਅੰਮ੍ਰਿਤਸਰ ਗੁਰਦਰਬਾਰ। ਕੈਰੋ ਪਾਂਡੋ ਮੂਏ ਭੂਮ ਵਿਚਾਰ।*
ਜੈਸੀ ਭੂਮ ਕੁਲਛੇਤਰੀ ਤੈਸੀ ਢਿਗ ਗੁਰਦੁਆਰ।
ਮਰੇ ਸੁ ਢਿਗ ਗੁਰਦੁਆਰ ਕੇ ਸਿਖ ਹੋ ਸੁ ਜਨਮ ਹਜਾਰ।
ਈਹਾਂ ਸੁ ਕੰਧ ਬਣਾਇ ਕਿਛ ਤੁਰਕਨ ਸੋ ਕਰੋਂ ਜੰਗ।
ਮਰੇ ਤਾਂ ਸਵਰਗ ਸਿਧਾਰ ਹੈ ਬਚ ਲਏ ਪਾਤਿਸਾਹੀ ਅੰਗ।
ਰਤਨ ਸਿੰਘ ਭੰਗੂ, ਪੰਨਾ 325.

ਕਮਾਂਡ ਹੇਠ ਮੁੜ ਤੋਂ ਜੱਥੇ ਸਥਾਪਤ ਕਰਨੇ ਸਨ। ਇਨ੍ਹਾਂ ਪੈਂਹਟ ਜੱਥੇਦਾਰਾਂ ਦੇ ਨਾਂ ਇਸ ਤਰ੍ਹਾਂ ਸਨ :

1. ਸਰਦਾਰ ਜੱਸਾ ਸਿੰਘ ਆਹਲੂਵਾਲੀਆ
2. ਨਵਾਬ ਕਪੂਰ ਸਿੰਘ
3. ਹਰੀ ਸਿੰਘ ਭੰਗੀ ਪਿੰਡ ਪੰਜਵੜ
4. ਝੰਡਾ ਸਿੰਘ ਪੰਜਵੜ
5. ਗੰਡਾ ਸਿੰਘ ਪੰਜਵੜ
6. ਗੁਲਾਬ ਸਿੰਘ
7. ਚੜਤ ਸਿੰਘ ਸ਼ੁਕਰ ਚੱਕ
8. ਗੁੱਜਰ ਸਿੰਘ
9. ਗਰਜਾ ਸਿੰਘ
10. ਨਿਬਾਹੂ ਸਿੰਘ
11. ਲਹਿਣਾ ਸਿੰਘ ਮੁਸਤਫ਼ਾਬਾਦ
12. ਫੂਲਾ ਸਿੰਘ ਰੋੜਾਂਵਾਲਾ
13. ਮੰਗਲ ਸਿੰਘ ਰੰਧਾਵਾ
14. ਗੁਰਬਖ਼ਸ਼ ਸਿੰਘ ਪਿੰਡ ਦੋਦਾ
15. ਧੰਨਾ ਸਿੰਘ ਕਲਾਲਵਾਲਾ
16. ਤਾਰਾ ਸਿੰਘ ਚੈਨਪੁਰ
17. ਪੰਜਾਬ ਸਿੰਘ ਪਿੰਡ ਸਾਈਅਦ ਮਹਿਮੂਦ
18. ਹਕੀਕਤ ਸਿੰਘ
19. ਜੈ ਸਿੰਘ ਕਾਹਨਾ ਕਾਛਾ
20. ਝੰਡਾ ਸਿੰਘ ਕਾਹਨਾ ਕਾਛਾ
21. ਮਹਿਤਾਬ ਸਿੰਘ
22. ਤਾਰਾ ਸਿੰਘ ਕਾਹਨਾ ਕਾਛਾ
23. ਮਨੋਹਰ ਸਿੰਘ ਕਾਹਨਾ ਕਾਛਾ
24. ਸੋਭਾ ਸਿੰਘ ਕਨਈਆ
25. ਭੀਮ ਸਿੰਘ ਕਨਈਆ
26. ਅਮਰ ਸਿੰਘ ਕਨਈਆ
27. ਜ਼ੋਭਾ ਸਿੰਘ ਭੀਖਾ
28. ਦੀਵਾਨ ਸਿੰਘ
29. ਬਘੇਲ ਸਿੰਘ ਝੁਬਾਲ
30. ਗੁਲਾਬ ਸਿੰਘ ਡਲੇਵਾਲੀਆ
31. ਹਰੀ ਸਿੰਘ ਡਲੇਵਾਲੀਆ
32. ਨੱਥਾ ਸਿੰਘ
33. ਨੌਧ ਸਿੰਘ ਸ਼ੁਕਰਚੱਕ
34. ਗੁਲਾਬ ਸਿੰਘ (ਨੌਧ ਸਿੰਘ ਦਾ ਸਹੁਰਾ)

35. ਮਹਿਤਾਬ ਸਿੰਘ
36. ਕਰੋੜਾ ਸਿੰਘ
37. ਹਰਾ ਸਿੰਘ
38. ਲੱਙਾ ਸਿੰਘ
39. ਨੰਦ ਸਿੰਘ ਸੰਘਾਣੀਆ
40. ਕਪੂਰ ਸਿੰਘ ਸੋਰਿਆਂਵਾਲਾ
41. ਅਮਰ ਸਿੰਘ ਕੀਂਗੜਾ
42. ਸਾਹਿਬ ਸਿੰਘ
43. ਦੀਪ ਸਿੰਘ
44. ਜੀਵਨ ਸਿੰਘ (ਸਾਹਿਬ ਸਿੰਘ ਸਿਆਲਕੋਟੀਆਂ)
45. ਨੱਥਾ ਸਿੰਘ ਸ਼ਹੀਦ
46. ਮੋਹਰ ਸਿੰਘ ਰਣੀਆਂ
47. ਮਹਾਂ ਸਿੰਘ ਰਣੀਆਂ
48. ਬਾਘ ਸਿੰਘ ਲੰਕਾਫੂਕੀਆ
49. ਝੰਡਾ ਸਿੰਘ ਸੁਲਤਾਨੋ ਕਾ
50. ਮਿਰਜ਼ਾ ਸਿੰਘ ਕਾਹਲੋਂ
51. ਸ਼ਾਮ ਸਿੰਘ ਮਾਨ (ਬੁਲਾਕੀ ਚੱਕ)
52. ਮਾਲਾ ਸਿੰਘ (ਬੁਲਾਕੀ ਚੱਕ)
53. ਬਹਾਲ ਸਿੰਘ ਸ਼ੇਖੂਪੁਰਾ
54. ਅਮੀਰ ਸਿੰਘ ਸ਼ੇਖੂਪੁਰਾ
55. ਹੀਰਾ ਸਿੰਘ
56. ਗੰਗਾ ਸਿੰਘ
57. ਲਾਲ ਸਿੰਘ
58. ਅਮਰ ਸਿੰਘ
59. ਮਹਿਤਾਬ ਸਿੰਘ
60. ਰੂਪ ਸਿੰਘ
61. ਅਨੂਪ ਸਿੰਘ ਨਕਈ
62. ਦਸੋਂਧਾ ਸਿੰਘ
63. ਤਾਰਾ ਸਿੰਘ ਘੇਬਾ
64. ਧਰਮ ਸਿੰਘ ਅੰਮ੍ਰਿਤਸਰ
65. ਸੁਖਾ ਸਿੰਘ ਮਾੜੀ ਕੰਬੋਹ।[63]

---

63. cf. H.R. Gupta, *History of The Sikhs,* Vol. II, New Delhi, p.90
ਇਨ੍ਹਾਂ ਜਥੇਦਾਰਾਂ ਵਿਚ ਕਈ ਪਿਉ-ਪੁਤਰਾਂ ਦੇ ਜਾਂ ਭਰਾਵਾਂ ਭਰਾਵਾਂ ਦੇ ਜਾਂ ਕੁੜਮਾਂ ਦੇ ਜਾਂ ਇਕੋ ਪਿੰਡ ਦੇ ਵੱਖ ਵੱਖ ਵਿਅਕਤੀਆਂ ਦੇ ਵਖਰੇ-ਵਖਰੇ ਜੱਥੇ ਵੀ ਸਨ। ਇਨ੍ਹਾਂ ਵਿਚ ਮਜ਼੍ਹਬੀ ਵੀ ਸ਼ਾਮਲ ਸਨ।

ਦਲ ਖਾਲਸਾ ਦਾ ਗੁਰਮਤਾ : ਉਪਰ ਵਰਣਨ ਕੀਤੇ ਅਨੁਸਾਰ ਰਾਜਨੀਤਕ ਗੜਬੜ ਨੇ ਖਾਲਸੇ ਨੂੰ ਅੰਮ੍ਰਿਤਸਰ ਵਿਖੇ ਇਕੱਠਾ ਹੋਣ ਦਾ ਇਕ ਵਧੀਆ ਮੌਕਾ ਬਖਸ਼ਿਆ ਸੀ। ਨਵਾਬ ਕਪੂਰ ਸਿੰਘ ਨੇ ਸਮੂਹ ਸਿੰਘਾਂ ਨੂੰ ਸਿਰੀ ਅਕਾਲ ਤਖ਼ਤ ਸਾਹਿਬ ਸਾਹਮਣੇ ਇਕੱਠਾ ਕੀਤਾ ਅਤੇ ਉਨ੍ਹਾਂ ਨੂੰ ਇਕ ਜਥੇਬੰਦੀ ਬਣਾਉਣ ਲਈ ਪਰੇਰਿਤ ਕੀਤਾ। ਇਹ ਸਲਾਹ ਸਰਬਸੰਮਤੀ ਨਾਲ ਮਨਜ਼ੂਰ ਕਰ ਲਈ ਗਈ ਸੀ। ਸਰਬੱਤ ਖਾਲਸੇ ਦੇ ਸਮਾਗਤ ਵਿਚ ਗੁਰਮਤਾ ਪਾਸ ਕੀਤਾ ਗਿਆ ਕਿ ਖਾਲਸਾ ਜੀ ਦੇ ਪੈਂਹਟ ਜੱਥਿਆਂ ਨੂੰ ਭੰਗ ਕਰ ਕੇ ਸਿਰਫ਼ ਗਿਆਰਾਂ ਜੱਥਿਆਂ ਉਪਰ ਆਧਾਰਤ ਦਲ ਖਾਲਸਾ ਬਣਾਇਆ ਜਾਵੇ। ਸਰਦਾਰ ਜੱਸਾ ਸਿੰਘ ਆਹਲੂਵਾਲੀਆ ਨੂੰ ਦਲ ਖਾਲਸੇ ਦਾ ਸੁਪਰੀਮ ਕਮਾਂਡਰ ਚੁਣਿਆ ਗਿਆ। ਜਿਹੜੇ ਜੱਥੇ ਦਲ ਖਾਲਸੇ ਦੇ ਬਣਾਏ ਗਏ ਉਹਨਾਂ ਦੇ ਜਥੇਦਾਰਾਂ ਦੇ ਨਾਂ ਇਸ ਤਰ੍ਹਾਂ ਹਨ:

1. ਜੱਥਾ ਆਹਲੂਵਾਲੀਆ—ਸਰਦਾਰ ਜੱਸਾ ਸਿੰਘ ਆਹਲੂਵਾਲੀਆ ਦੀ ਆਪਣੀ ਅਗਵਾਈ ਹੇਠ
2. ਸਿੰਘ ਪੁਰੀਆ ਜੱਥਾ—ਨਵਾਬ ਕਪੂਰ ਸਿੰਘ ਦੀ ਅਗਵਾਈ ਹੇਠ।
3. ਜੱਥਾ ਭੰਗੀਆ—ਹਰੀ ਸਿੰਘ ਭੰਗੀ ਦੀ ਅਗਵਾਈ ਹੇਠ।
4. ਜੱਥਾ ਸ਼ੁਕਰਚਕੀਆ—ਨੌਧ ਸਿੰਘ ਦੀ ਅਗਵਾਈ ਹੇਠ।
5. ਜੱਥਾ ਨਿਸ਼ਾਨਵਾਲਾ—ਦਸੋਧਾ ਸਿੰਘ ਦੀ ਕਮਾਂਡ ਥਲੇ।
6. ਜੱਥਾ ਨਕਈ—ਹਰੀ ਸਿੰਘ ਨਕਈ ਦੀ ਅਗਵਾਈ ਹੇਠ।
7. ਜੱਥਾ ਡਲੇਵਾਲੀਆ—ਗੁਲਾਬ ਸਿੰਘ ਦੀ ਅਗਵਾਈ ਹੇਠ।
8. ਜੱਥਾ ਸ਼ਹੀਦੀ—ਬਾਬਾ ਦੀਪ ਸਿੰਘ ਦੀ ਅਗਵਾਈ ਹੇਠ।
9. ਜੱਥਾ ਕਨਈਆ—ਜੈ ਸਿੰਘ ਕਨਈਆ ਦੀ ਅਗਵਾਈ ਹੇਠ।
10. ਕਰੋੜ ਸਿੰਘੀਆ ਜੱਥਾ—ਕਰੋੜਾ ਸਿੰਘ ਪੈਜਗੜ੍ਹ ਦੀ ਅਗਵਾਈ ਹੇਠ।
11. ਰਾਮਗੜ੍ਹੀਆ ਜੱਥਾ—ਨੰਦ ਸਿੰਘ ਸੰਗਾਣੀਆ ਦੀ ਅਗਵਾਈ ਹੇਠ।

ਉਕਤ ਗਿਆਰਾਂ ਜੱਥੇ ਭਾਵੇਂ ਰੋਜ਼ਾਨਾ ਦੀਆਂ ਗਤੀਵਿਧੀਆਂ ਵਿਚ ਸੁਤੰਤਰ ਸਨ ਪਰ ਸਾਂਝੀ ਮੁਹਿੰਮ ਵੇਲੇ ਇਨ੍ਹਾਂ ਸਾਰੇ ਜੱਥਿਆਂ ਦਾ ਸੁਪਰੀਮ ਕਮਾਂਡਰ ਜੱਸਾ ਸਿੰਘ ਆਹਲੂਵਾਲੀਆ ਹੁੰਦਾ ਸੀ। ਇਨ੍ਹਾਂ ਸਮੁੱਚੇ ਜੱਥਿਆਂ ਦੀ ਸਾਂਝੀ ਸੈਨਾ ਨੂੰ 'ਦਲ ਖਾਲਸਾ ਜੀਓ' ਕਿਹਾ ਜਾਂਦਾ ਸੀ ਜਿਸ ਦਾ ਭਾਵ ਸੀ ਕਿ ਇਹ ਖਾਲਸਾ ਜੀ ਦੀ ਸੈਨਾ ਹੈ। ਇਸ ਨੂੰ ਆਧੁਨਿਕ ਬੋਲੀ ਵਿਚ ਸਿੱਖਾਂ ਦੀ ਰਾਸ਼ਟਰੀ ਸੈਨਾ ਵੀ ਕਿਹਾ ਜਾ ਸਕਦਾ ਹੈ। ਵੱਡੇ ਦੁਸ਼ਮਣ ਦਾ ਮੁਕਾਬਲਾ ਸਾਰੇ ਜੱਥੇ ਇੱਕਠੇ ਹੋ ਕੇ ਕਰਦੇ ਸਨ।

ਨਵਾਬ ਕਪੂਰ ਸਿੰਘ ਇਸ ਸਮੇਂ ਵੱਡੀ ਉਮਰ ਦੇ ਬਜ਼ੁਰਗ ਹੋਣ ਕਰਕੇ ਸਰਗਰਮ ਰੂਪ ਵਿਚ ਖਾਲਸੇ ਦੀ ਅਗਵਾਈ ਨਹੀਂ ਕਰ ਸਕਦੇ ਸਨ ਇਸ ਲਈ ਉਨ੍ਹਾਂ ਨੇ ਸਰਦਾਰ ਜੱਸਾ ਸਿੰਘ ਆਹਲੂਵਾਲੀਏ ਨੂੰ ਖਾਲਸੇ ਦਾ ਲੀਡਰ ਬਣਾਇਆ। ਪਰ ਨਵਾਬ ਸਾਹਿਬ ਦਾ ਆਪਣਾ ਵੱਖਰਾ ਜੱਥਾ ਜ਼ਰੂਰ ਸਥਾਪਤ ਕੀਤਾ ਗਿਆ ਸੀ। ਇਸ ਤਰ੍ਹਾਂ ਅਸੀਂ ਦੇਖਦੇ ਹਾਂ ਕਿ ਦਲ ਖਾਲਸੇ ਦੀ ਸਥਾਪਨਾ ਸਿਰੀ ਅਕਾਲ ਤਖ਼ਤ ਸਾਹਿਬ ਤੋਂ ਸਰਬੱਤ ਖਾਲਸੇ ਨੇ ਆਪਣੇ ਸਮਾਗਮ ਵਿਚ ਗੁਰਮਤਾ ਪਾਸ ਕਰ ਕੇ ਕੀਤੀ ਸੀ। ਤਖ਼ਤ ਸਾਹਿਬ ਤੋਂ ਸਥਾਪਤ ਕੀਤੀ ਗਈ ਇਸ ਹਥਿਆਰਬੰਦ ਜਥੇਬੰਦੀ ਨੇ ਪੰਜਾਬ ਦੇ ਇਤਿਹਾਸ ਵਿਚ ਇਕ ਐਸਾ ਯੋਗਦਾਨ ਪਾਇਆ ਸੀ

ਜਿਸ ਨੂੰ ਰਹਿੰਦੀ ਦੁਨੀਆਂ ਤਕ ਯਾਦ ਰਖਿਆ ਜਾਵੇਗਾ। ਇਸ ਦੇ ਰਸਤੇ ਵਿਚ ਅਨੇਕਾਂ ਉਤਰਾ-ਚੜ੍ਹਾ ਆਏ ਸਨ ਪਰ ਇਹ ਦਲ ਖਾਲਸਾ ਹਮੇਸ਼ਾਂ ਅਡੋਲ ਰਿਹਾ ਅਤੇ ਸਿਰੀ ਅਕਾਲ ਤਖ਼ਤ ਸਾਹਿਬ ਦੇ ਨਾਲ ਜੁੜਿਆ ਰਿਹਾ। ਇਸ ਲਈ ਇਸ ਦੇ ਦਰਿੜ ਵਿਸ਼ਵਾਸ ਦੇ ਸਾਹਮਣੇ ਨਾ ਹੀ ਮੀਰ ਮਨੂੰ ਦਾ ਮਜ਼ਬੂਤ ਸ਼ਾਸਨ ਹੀ ਅੜ ਸਕਿਆ ਨਾ ਹੀ ਅਹਿਮਦ ਸ਼ਾਹ ਅਬਦਾਲੀ ਦੇ ਤੂਫ਼ਾਨੀ ਹੱਲੇ ਅੜਿਕਾ ਬਣ ਸਕੇ ਅਤੇ ਨਾ ਹੀ ਮਰਹੱਟਿਆਂ ਦੀਆਂ ਚਲਾਕੀਆਂ ਕੋਈ ਕੰਮ ਕਰ ਸਕੀਆਂ। ਵਿਸ਼ਾ ਸਿਰੀ ਅਕਾਲ ਤਖ਼ਤ ਸਾਹਿਬ ਦਾ ਹੈ ਇਸ ਕਰਕੇ ਇਥੇ ਸਿਰਫ਼ ਇਸ ਨਾਲ ਸਬੰਧਤ ਘਟਨਾਵਾਂ ਦਾ ਹੀ ਵਰਨਣ ਕੀਤਾ ਜਾਵੇਗਾ।

ਮੀਰ ਮਨੂੰ ਦੀ ਮਦਦ ਕਰਨ ਦਾ ਗੁਰਮਤਾ (ਅਕਤੂਬਰ, 1751) : ਜਦੋਂ ਅਹਿਮਦ ਸ਼ਾਹ ਅਬਦਾਲੀ ਨੇ ਭਾਰਤ 'ਤੇ ਤੀਜਾ ਹਮਲਾ ਕੀਤਾ ਤਾ ਪਹਿਲਾਂ ਪਹਿਲ ਮੀਰ ਮਨੂੰ ਨੇ ਉਸ ਦਾ ਮੁਕਾਬਲਾ ਕਰਨ ਦਾ ਇਰਾਦਾ ਬਣਾਇਆ। ਇਸ ਮਕਸਦ ਲਈ ਉਸ ਨੇ ਆਪਣੇ ਦੀਵਾਨ ਕੋੜਾ ਮਲ ਰਾਹੀਂ ਸਿੱਖਾਂ ਤੋਂ ਵੀ ਸੈਨਿਕ ਮਦਦ ਲੈਣੀ ਚਾਹੀ। ਇਸ ਮਦਦ ਬਦਲੇ ਉਸ ਨੇ ਸਿੱਖਾਂ ਨੂੰ ਕੁਝ ਇਲਾਕਾ ਜਾਗੀਰ ਦੇ ਰੂਪ ਵਿਚ ਦੇਣ ਦਾ ਵਾਅਦਾ ਕੀਤਾ ਸੀ।[64] ਇਸ ਪੇਸ਼ਕਸ਼ 'ਤੇ ਦਲ ਖਾਲਸੇ ਦੇ ਜੱਥਿਆਂ ਨੇ ਸਿਰੀ ਅਕਾਲ ਤਖ਼ਤ ਸਾਹਿਬ 'ਤੇ ਇਕੱਠਿਆਂ ਹੋ ਕੇ ਉਸ ਦੀ ਮਦਦ ਕਰਨ ਦਾ ਗੁਰਮਤਾ ਕੀਤਾ। ਸਿੱਟੇ ਵਜੋਂ ਤੀਹ ਹਜ਼ਾਰ ਸਿੰਘ ਭਾਈ ਸੁਖਾ ਸਿੰਘ ਮਾੜੀ ਕੰਬੋਅ ਵਾਲੇ ਅਤੇ ਭਾਈ ਸੰਗਤ ਸਿੰਘ ਦੀ ਅਗਵਾਈ ਹੇਠ ਭੇਜੇ ਗਏ। ਪਰ ਮੀਰ ਮਨੂੰ ਨੇ ਲੜਾਈ ਲੜਨ ਤੋਂ ਬਿਨਾਂ ਹੀ ਅਬਦਾਲੀ ਦੀ ਈਨ ਮੰਨ ਲਈ ਸੀ। ਇਸ ਲਈ ਇਹ ਸਮਝੌਤਾ ਵਿਚੇ ਹੀ ਰਹਿ ਗਿਆ ਸੀ।

ਤੈਮੂਰ 'ਤੇ ਹਮਲਾ ਕਰਨ ਦਾ ਗੁਰਮਤਾ : ਅਬਦਾਲੀ ਦੇ ਚੌਥੇ ਹਮਲੇ ਕਰਨ ਸਮੇਂ (1756-57) ਸਿਰੀ ਦਰਬਾਰ ਸਾਹਿਬ ਦਾ ਕਾਫ਼ੀ ਤਕੜਾ ਨੁਕਸਾਨ ਕੀਤਾ ਗਿਆ ਸੀ। ਵਾਪਸੀ ਸਮੇਂ ਅਬਦਾਲੀ ਨੇ ਆਪਣੇ ਪੁੱਤਰ ਤੈਮੂਰ ਸ਼ਾਹ ਨੂੰ ਲਾਹੌਰ ਦਾ ਗਵਰਨਰ ਬਣਾ ਦਿੱਤਾ ਸੀ। ਪਿੱਛੋਂ ਦਲ ਖਾਲਸੇ ਨੇ ਸਿਰੀ ਦਰਬਾਰ ਸਾਹਿਬ ਦੀ ਕੀਤੀ ਗਈ ਬਰਬਾਦੀ ਦਾ ਬਦਲਾ ਲੈਣ ਲਈ ਤੈਮੂਰ 'ਤੇ ਹੱਲਾ ਕਰਨ ਦਾ ਗੁਰਮਤਾ ਕੀਤਾ। ਇਹ ਹੱਲਾ ਉਸ ਸਮੇਂ ਕੀਤਾ ਗਿਆ ਜਦੋਂ ਤੈਮੂਰ ਆਪਣੇ ਜਰਨੈਲ ਜਹਾਨ ਖ਼ਾਂ ਨਾਲ ਸਰਹਿੰਦ ਦੇ ਨੇੜਿਓਂ ਦੀ ਲਾਹੌਰ ਨੂੰ ਜਾ ਰਿਹਾ ਸੀ। ਸਿੱਟੇ ਵਜੋਂ ਤੈਮੂਰ ਨੂੰ ਦਲ ਖਾਲਸੇ ਕੋਲੋਂ ਹਾਰ ਖ਼ਾਂ ਕੇ ਭੱਜਣਾ ਪਿਆ ਸੀ।

ਲਾਹੌਰ 'ਤੇ ਕਬਜ਼ਾ ਕਰਨ ਦਾ ਗੁਰਮਤਾ (7 ਨਵੰਬਰ, 1760) : 1759-60 ਵਿਚ ਜਦੋਂ ਅਬਦਾਲੀ ਆਪਣੇ ਪੰਜਵੇਂ ਹਮਲੇ ਸਮੇਂ ਪਾਣੀਪਤ ਦੇ ਅਸਥਾਨ 'ਤੇ ਮਰਹੱਟਿਆਂ ਨਾਲ ਲੜਾਈ ਵਿਚ ਉਲਝਿਆ ਹੋਇਆ ਸੀ ਤਾਂ ਪਿੱਛੋਂ ਦਲ ਖਾਲਸੇ ਨੇ 7 ਨਵੰਬਰ, 1706 ਦੀ ਦੀਵਾਲੀ ਸਮੇਂ ਸਿਰੀ ਅਕਾਲ ਤਖ਼ਤ ਸਾਹਿਬ 'ਤੇ ਇਕੱਠਿਆਂ ਹੋ ਕੇ ਗੁਰਮਤਾ ਕੀਤਾ ਕਿ ਲਾਹੌਰ 'ਤੇ ਕਬਜ਼ਾ ਕਰ ਲਿਆ ਜਾਵੇ।[65] ਸਿੱਟੇ ਵਜੋਂ ਸਰਦਾਰ ਜੱਸਾ ਸਿੰਘ ਆਹਲੂਵਾਲੀਏ

---

64. ਰਤਨ ਸਿੰਘ ਭੰਗੂ, ਪੰਨੇ 339-40 ਅਤੇ ਗੰਡਾ ਸਿੰਘ, *ਸਰਦਾਰ ਜੱਸਾ ਸਿੰਘ ਆਹਲੂਵਾਲੀਆ*, ਪੰਜਾਬੀ ਯੂਨੀਵਰਸਿਟੀ, ਪਟਿਆਲਾ (ਮਿਤੀ ਨਹੀਂ), ਪੰਨਾ 73.
65. ਕਨਈਆ ਲਾਲ, *ਤਾਰੀਖ਼-ਏ-ਪੰਜਾਬ* (ਪੰਜਾਬੀ ਅਨੁਵਾਦ), ਪੰਜਾਬੀ ਯੂਨੀਵਰਸਿਟੀ, ਪਟਿਆਲਾ, 1968, ਪੰਨਾ 76; ਤੇਜਾ ਸਿੰਘ ਗੰਡਾ ਸਿੰਘ, *ਪੂਰਵਅੰਕਤ*, ਪੰਨਾ 165 ਅਤੇ ਹਰੀ ਰਾਮ ਗੁਪਤਾ, ਭਾਗ ਦੂਜਾ, *ਪੂਰਵਅੰਕਤ*, ਪੰਨਾ 167.

ਦੀ ਅਗਵਾਈ ਹੇਠ ਦਲ ਖਾਲਸੇ ਦੇ ਦਸ ਹਜ਼ਾਰ ਸਿੰਘਾਂ ਨੇ ਲਾਹੌਰ ਨੂੰ ਘੇਰ ਲਿਆ ਅਤੇ ਇਥੋਂ ਦੇ ਗਵਰਨਰ ਮੀਰ ਮੁਹੰਮਦ ਨੇ ਤੀਹ ਹਜ਼ਾਰ ਦਾ ਨਜ਼ਰਾਨਾ ਦੇ ਕੇ ਖਾਲਸੇ ਨੂੰ ਵਾਪਸ ਮੋੜਿਆ।

ਪਾਣੀਪਤ ਦੀ ਜਿੱਤ ਤੋਂ ਪਿੱਛੋਂ ਵਾਪਸ ਜਾਂਦੇ ਅਬਦਾਲੀ ਦੀ ਕੈਦ ਵਿਚ 2200 ਹਿੰਦੂ ਕੁੜੀਆਂ ਸਨ। ਦਲ ਖਾਲਸਾ ਜੀ ਨੇ ਸਿਰੀ ਅਕਾਲ ਤਖ਼ਤ ਸਾਹਿਬ ਦੇ ਸਨਮੁਖ ਹੋ ਕੇ ਇਨ੍ਹਾਂ ਹਿੰਦੂ ਕੁੜੀਆਂ ਨੂੰ ਅਬਦਾਲੀ ਦੀ ਕੈਦ ਵਿਚੋਂ ਛੁਡਾਉਣ ਦੀ ਅਰਦਾਸ ਕੀਤੀ। ਉਪਰੰਤ ਅਬਦਾਲੀ ਦੇ ਮੁੜਦੇ ਸਮੇਂ ਦਲ ਖਾਲਸੇ ਦੇ ਗੁਰੀਲੇ ਜੱਥਿਆਂ ਨੇ ਹਮਲੇ ਕਰ ਕੇ ਅਬਦਾਲੀ ਦੀ ਸੈਨਾ ਨੂੰ ਵੀ ਲੁੱਟਿਆ ਅਤੇ ਉਸ ਦੀ ਕੈਦ ਵਿਚੋਂ ਹਿੰਦੂ ਕੁੜੀਆਂ ਵੀ ਛੁਡਾ ਲਈਆਂ। ਇਨ੍ਹਾਂ ਕੁੜੀਆਂ ਨੂੰ ਕੈਦ ਵਿਚੋਂ ਛੁਡਾਉਣ ਉਪਰੰਤ ਉਨ੍ਹਾਂ ਦੇ ਘਰੋ-ਘਰੀਂ ਪਹੁੰਚਾਇਆ ਗਿਆ।[66]

ਅਬਦਾਲੀ ਦੇ ਸਹਾਇਕ ਨੂੰ ਮਾਰਨ ਦਾ ਗੁਰਮਤਾ (1761) : ਅਹਿਮਦ ਸ਼ਾਹ ਅਬਦਾਲੀ ਦੇ ਕਈ ਹਮਲਿਆਂ ਕਾਰਨ ਪੰਜਾਬ ਦਾ ਰਾਜ ਪਰਬੰਧ ਪੂਰੀ ਤਰ੍ਹਾਂ ਬਿਗੜ ਚੁਕਿਆ ਸੀ। ਇਸ ਬਿਗਾੜ ਦੇ ਵਿਚ ਹੀ ਦਲ ਖਾਲਸੇ ਦੀ ਸੈਨਿਕ ਤਾਕਤ ਦਾ ਅਹਿਸਾਸ ਹੋਣਾ ਵੀ ਸ਼ੁਰੂ ਹੋ ਗਿਆ ਸੀ। ਇਸ ਕਰਕੇ ਦਲ ਖਾਲਸਾ ਜੀ ਨੇ 1761 ਦੀ ਦੀਵਾਲੀ ਅੰਮ੍ਰਿਤਸਰ ਪਹੁੰਚ ਕੇ ਪੂਰੀ ਸ਼ਾਨ-ਸ਼ੌਕਤ ਨਾਲ ਮਨਾਈ। ਇਸ ਮੌਕੇ 'ਤੇ ਸਿਰੀ ਅਕਾਲ ਤਖ਼ਤ ਸਾਹਿਬ ਦੇ ਸਾਹਮਣੇ ਸਰਬੱਤ ਖਾਲਸਾ ਸਮਾਗਮ ਕੀਤਾ ਗਿਆ। ਇਸ ਵਿਚ ਗੁਰਮਤਾ ਕੀਤਾ ਗਿਆ ਕਿ ਅਬਦਾਲੀ ਦੇ ਮੁਖਬਰਾਂ ਅਤੇ ਸੂਹੀਆ ਨੂੰ ਪੂਰੀ ਤਰ੍ਹਾਂ ਮਾਰ ਮੁਕਾ ਦਿੱਤਾ ਜਾਵੇ। ਇਸ ਤਰ੍ਹਾਂ ਦੇ ਮੁਖ਼ਬਰ ਅਤੇ ਸੂਹੀਆਂ ਵਿਚ ਜੰਡਿਆਲੇ ਦੇ ਆਕਿਲ ਦਾਸ ਦਾ ਮੁੱਖ ਰੋਲ ਹੁੰਦਾ ਸੀ। ਇਸ ਕਰਕੇ ਪਹਿਲੀ ਵਾਰੀ ਆਕਿਲ ਦਾਸ ਜੰਡਿਆਲਾ[67] ਦੀ ਹੀ ਆਈ। ਜਦੋਂ ਆਕਿਲ ਦਾਸ ਜੰਡਿਆਲਾ ਨੂੰ ਸਿੰਘਾਂ ਦੇ ਹਮਲੇ ਦਾ ਪਤਾ ਲਗਿਆ ਤਾਂ ਉਸ ਨੇ ਝੱਟ ਹੀ ਅਬਦਾਲੀ ਨੂੰ ਕਾਬਲ ਵਿਖੇ ਖਬਰ ਭੇਜ ਦਿੱਤੀ। ਆਕਿਲ ਦਾਸ ਖੁਦ ਪਹਿਲੋਂ ਹੀ ਭਜ ਗਿਆ ਸੀ। ਸਿੰਘਾਂ ਦੀ ਕਿਉਂਕਿ ਹਮਲੇ ਕਰਨ ਦੀ ਪੂਰੀ ਤਿਆਰੀ ਕੀਤੀ ਹੋਈ ਸੀ ਅਤੇ ਆਕਿਲ ਦਾਸ ਹੱਥ ਨਹੀਂ ਲਗਿਆ ਸੀ ਇਸ ਲਈ ਦਲ ਖਾਲਸੇ ਨੇ ਲਗਦੇ ਹੱਥ ਲਾਹੌਰ 'ਤੇ ਹਮਲਾ ਕਰ ਦਿੱਤਾ। ਲਾਹੌਰ ਦਾ ਗਵਰਨਰ ਉਮੈਦ ਖ਼ਾਨ ਨਜ਼ਰਾਨਾ ਲੈ ਕੇ ਅਗੋਂ ਆ ਮਿਲਿਆ। ਇਸ ਜਿੱਤ ਦੀ ਖੁਸ਼ੀ ਵਿਚ ਦਲ ਖਾਲਸੇ ਨੇ ਸਿਰੀ ਅਕਾਲ ਤਖ਼ਤ ਸਾਹਿਬ 'ਤੇ ਗੁਰਮਤਾ ਕਰ ਕੇ ਸਰਦਾਰ ਜੱਸਾ ਸਿੰਘ ਆਹਲੂਵਾਲੀਆ ਨੂੰ 'ਸੁਲਤਾਨ-ਉਲ-ਕੌਮ' ਦਾ ਖ਼ਿਤਾਬ ਦਿੱਤਾ।

ਆਕਿਲ ਦਾਸ ਜੰਡਿਆਲਾ ਦੇ ਸੱਦੇ 'ਤੇ ਅਹਿਮਦ ਸ਼ਾਹ ਅਬਦਾਲੀ ਨੇ ਛੇਵੀਂ ਵਾਰ 1762 ਈ. ਵਿਚ ਭਾਰਤ 'ਤੇ ਹਮਲਾ ਕੀਤਾ। ਇਸ ਵਾਰ ਉਸ ਦਾ ਇਕੋ-ਇਕ ਨਿਸ਼ਾਨਾ ਸਿਰਫ਼ ਸਿੰਘ ਹੀ ਸਨ। ਅਬਦਾਲੀ ਦਾ ਆਉਣਾ ਸੁਣ ਕੇ, ਦਲ ਖਾਲਸਾ ਮਾਝੇ ਵਿਚੋਂ ਨਿਕਲ

---

66. ਕਨਈਆ ਲਾਲ, ਪੂਰਵ ਅੰਕਤ, ਪੰਨਾ 77; ਐਨ.ਕੇ. ਸਿਨਹਾ, ਰਾਈਜ਼ ਆਫ਼ ਦਾ ਸਿੱਖ ਪਾਵਰ 'ਕਲਕੱਤਾ' ਪੰਨਾ 33.
67. ਇਹ ਆਕਿਲ ਦਾਸ ਜੰਡਿਆਲਾ ਹਿੰਦਾਲ ਦਾ ਉਤਰ-ਅਧਿਕਾਰੀ ਸੀ। ਹਿੰਦਾਲ ਨੂੰ ਗੁਰੂ ਅਮਰਦਾਸ ਜੀ ਨੇ ਉਸ ਦੀਆਂ ਆਪਹੁਦਰੀਆਂ ਗਲਾਂ ਕਾਰਨ, ਸਿੱਖ ਸਮਾਜ ਵਿਚੋਂ ਛੇਕ ਦਿੱਤਾ ਸੀ। ਪਿੱਛੋਂ ਹਿੰਦਾਲ ਨੇ ਗੁਰੂ ਘਰ ਦੇ ਬਰਾਬਰ ਆਪਣਾ ਗੁਰੂਡੰਮ ਕਾਇਮ ਕਰ ਲਿਆ ਸੀ ਅਤੇ ਆਪਣੀਆਂ ਲਿਖਤਾਂ ਵਿਚ ਸਿੱਖ ਗੁਰੂ ਸਾਹਿਬਾਨ ਦੀ ਨਿੰਦਿਆ ਵੀ ਕਰਦਾ ਸੀ। ਇਸ ਸਮੇਂ ਤੋਂ ਲਗਾਤਾਰ ਹਿੰਦਾਲ ਦੇ ਉਤਰ-ਅਧਿਕਾਰੀ ਹਮੇਸ਼ਾਂ ਸਿੱਖਾਂ ਦੀ ਮੁਖਾਲਫਤ ਹੀ ਕਰਦੇ ਰਹੇ ਸਨ।

ਕੇ ਮਾਲਵੇ ਵਿਚ ਆ ਗਿਆ ਸੀ। ਪਰ ਅਬਦਾਲੀ ਨੇ ਪੂਰੀ ਤੇਜ਼ੀ ਨਾਲ ਪਿੱਛਾ ਕਰ ਕੇ ਦਲ ਖਾਲਸੇ ਦੇ ਵਹੀਰ ਨੂੰ ਮਾਲੇਰ ਕੋਟਲੇ ਦੇ ਇਲਾਕੇ ਵਿਚ ਹੀ ਆ ਘੇਰਿਆ। ਪਿੰਡ ਕੁੱਪ ਰਹੀੜਾ ਦੇ ਨੇੜੇ ਪਹੁੰਚ ਕੇ ਅਬਦਾਲੀ ਦੀਆਂ ਫੌਜਾਂ ਅਤੇ ਦਲ ਖਾਲਸਾ ਵਿਚਕਾਰ ਗਹਿਗੱਚ ਲੜਾਈ ਹੋਈ। ਦਲ ਖਾਲਸੇ ਦੇ ਨਾਲ ਉਨ੍ਹਾਂ ਦੇ ਪਰਿਵਾਰ ਵੀ ਸਨ ਇਸ ਲਈ ਸਿੰਘ ਆਪਣੀ ਸ਼ਕਤੀ ਨੂੰ ਪੂਰੀ ਤਰ੍ਹਾਂ ਅਬਦਾਲੀ ਵਲ ਕੇਂਦਰਿਤ ਨਹੀ ਕਰ ਸਕੇ। ਉਨ੍ਹਾਂ ਨੂੰ ਆਪਣੇ ਪਰਿਵਾਰਾਂ ਦੀ ਵੀ ਰਾਖੀ ਕਰਨੀ ਪੈਂਦੀ ਸੀ। ਇਸ ਕਰਕੇ ਲੜਾਈ ਵਿਚ ਸਿੰਘਾਂ ਦਾ ਬਹੁਤ ਤਕੜਾ ਜਾਨੀ ਨੁਕਸਾਨ ਹੋਇਆ। ਤਕਰੀਬਨ ਤੀਹ ਹਜ਼ਾਰ ਸਿੰਘ ਸਮੇਤ ਉਨ੍ਹਾਂ ਦੇ ਬੱਚੇ ਅਤੇ ਔਰਤਾਂ ਦੇ ਮਰ ਗਏ ਸਨ।[68] ਇਤਨੇ ਵੱਡੇ ਪੱਧਰ 'ਤੇ ਹੋਈ ਕਤਲਿਆਮ ਕਰਕੇ ਹੀ ਇਸ ਘਟਨਾ ਨੂੰ ਸਿੰਘਾਂ ਦਾ ਵੱਡਾ ਘਲੂਘਾਰਾ ਕਿਹਾ ਜਾਂਦਾ ਹੈ।

ਇਸ ਤਰ੍ਹਾਂ ਵੱਡੀ ਪੱਧਰ 'ਤੇ ਸਿੰਘਾਂ ਦਾ ਕਤਲਿਆਮ ਕਰ ਕੇ ਅਬਦਾਲੀ ਨੇ ਅੰਮ੍ਰਿਤਸਰ ਪਹੁੰਚ ਕੇ ਸਿਰੀ ਦਰਬਾਰ ਸਾਹਿਬ ਨੂੰ ਬਾਰੂਦ ਨਾਲ ਉਡਾ ਦਿੱਤਾ ਤੇ ਸਿਰੀ ਅਕਾਲ ਤਖ਼ਤ ਸਾਹਿਬ ਨੂੰ ਢਹਿ ਢੇਰੀ ਕਰ ਦਿੱਤਾ। ਪਵਿੱਤਰ ਸਰੋਵਰ ਨੂੰ ਗੰਦੇ ਕੂੜੇ ਕਰਕਟ ਨਾਲ ਅਤੇ ਗਊਆਂ ਦੇ ਪਿੰਜਰਾਂ ਨਾਲ ਭਰ ਦਿੱਤਾ ਗਿਆ ਸ਼ੀ।

ਘਲੂਘਾਰੇ ਦਾ ਬਦਲਾ ਲੈਣ ਦਾ ਗੁਰਮਤਾ (17 ਅਕਤੂਬਰ, 1762) : ਇਸ ਘਲੂਘਾਰੇ ਦੀ ਸਿੰਘਾਂ ਦੇ ਦਿਲਾਂ ਵਿਚ ਬੜੀ ਨਮੋਸ਼ੀ ਸੀ। ਘਲੂਘਾਰੇ ਤੋਂ ਪਿੱਛੋਂ ਸਿੰਘ ਸਹਾਰਾ ਲੱਭਣ ਲਈ ਮਾਲਵੇ ਦੇ ਪਿੰਡਾਂ ਵਿਚ ਖਿੰਡ-ਪੁੰਡ ਗਏ ਸਨ ਪਰ ਉਸ ਸਾਲ ਦੀ ਦਿਵਾਲੀ ਸਮੇਂ ਇਹ ਸਾਰੇ ਖਿੰਡੇ ਪੁੰਡੇ ਸਿੰਘ ਅੰਮ੍ਰਿਤਸਰ ਆ ਇਕੱਠੇ ਹੋਏ ਸਨ। ਦਿਵਾਲੀ 17 ਅਕਤੂਬਰ, 1762 ਈ. ਨੂੰ ਸੀ। ਦਲ ਖਾਲਸੇ ਦੇ ਸਮੂਹ ਜੱਥੇ ਸਰਬੱਤ ਖਾਲਸੇ ਦੇ ਰੂਪ ਵਿਚ ਸਿਰੀ ਅਕਾਲ ਤਖ਼ਤ ਸਾਹਿਬ ਦੇ ਸਾਹਮਣੇ ਇਕੱਤਰ ਹੋਏ। ਇਸ ਸਮਾਗਮ ਵਿਚ ਵਿਚਾਰ ਕੀਤੀ ਗਈ ਕਿ ਘਲੂਘਾਰੇ ਦਾ ਬਦਲਾ ਲੈਣ ਲਈ ਅਬਦਾਲੀ ਨਾਲ ਇਕ ਵਾਰ ਜਮ ਕੇ ਲੜਾਈ ਲੜੀ ਜਾਵੇ।[70] ਸਿੱਟੇ ਵਜੋਂ ਸਿੱਖਾਂ ਦਾ ਹਰ ਮਰਦ ਇਸ ਲੜਾਈ ਵਿਚ ਸ਼ਾਮਲ ਹੋਣ ਲਈ ਆ ਗਿਆ। ਇਸ ਸਮੇਂ ਦਲ ਖਾਲਸੇ ਵਿਚ ਸੱਠ ਹਜ਼ਾਰ ਸਿੰਘ ਸਨ।

ਜਦੋਂ ਇਸ ਇਕੱਠ ਦਾ ਪਤਾ ਅਬਦਾਲੀ ਨੂੰ ਲਾਹੌਰ ਵਿਚ ਲਗਿਆ ਤਾਂ ਉਸ ਨੂੰ ਇਸ ਗੱਲ 'ਤੇ ਬਹੁਤ ਹੈਰਾਨੀ ਹੋਈ। ਉਹ ਤਾਂ ਇਹ ਸਮਝਦਾ ਸੀ ਕਿ ਕੁੱਪ ਰਹੀੜੇ ਦੀ ਕਤਲਿਆਮ ਸਾਹਮਣੇ ਹੁਣ ਅਗੇ ਤੋਂ ਕਾਫ਼ੀ ਚਿਰ ਬਾਅਦ ਸਿੰਘ ਉਠ ਨਹੀਂ ਸਕਣਗੇ। ਪਰ ਘਲੂਘਾਰੇ ਦੇ ਕੁਝ ਹੀ ਮਹੀਨਿਆਂ ਵਿਚ ਸਿੰਘਾਂ ਦੇ ਸੱਠ ਹਜ਼ਾਰ ਦੇ ਇਕੱਠ ਨੂੰ ਸੁਣ ਕੇ ਉਹ ਸਿਰਫ਼ ਹੈਰਾਨ ਹੀ ਨਹੀਂ ਸੀ ਹੋਇਆ ਸਗੋਂ ਦਿਲ ਵਿਚ ਸਹਿਮ ਵੀ ਗਿਆ ਸੀ। ਪਹਿਲਾਂ ਤਾਂ ਉਹ ਸਿੰਘਾਂ ਉਪਰ ਹਮਲਾ ਕਰਨ ਲਈ ਤਿਆਰ ਹੋ ਗਿਆ ਪਰ ਫਿਰ ਉਸ ਨੇ ਦਲ ਖਾਲਸੇ ਨਾਲ ਸਮਝੌਤਾ ਕਰਨ ਲਈ ਆਪਣੇ ਕੁਝ ਪਰਤੀਨਿਧ ਅੰਮ੍ਰਿਤਸਰ ਭੇਜੇ। ਸਿੰਘਾਂ ਨੇ ਇਨ੍ਹਾਂ

---

68. ਰਤਨ ਸਿੰਘ ਭੰਗੂ, ਪੰਨਾ 372.
69. A.L.H. Polier, 'An Account of The Sikhs' in Ganda Singh (ed.) *op. cit.*, p. 59 and Malcolm, *op. cit.*, pp. 77-78.
70. Major James Brown, '*History of The Origin and Progress of The Sikhs*' in Ganda Singh (ed.) op. cit., p. 40.

ਨੁਮਾਇੰਦਿਆਂ ਨਾਲ ਸਮਝੌਤੇ ਦੀਆਂ ਗੱਲਾਂ ਕਰਨ ਦੀ ਬਜਾਏ ਇਨ੍ਹਾਂ ਦੇ ਕਪੜੇ ਲਾਹ ਲਏ ਅਤੇ ਇਨ੍ਹਾਂ ਨੂੰ ਪੂਰਾ ਬੇਇਜ਼ਤ ਕਰ ਕੇ ਵਾਪਸ ਭਜਾ ਦਿੱਤਾ।[71] ਅਬਦਾਲੀ ਆਪਣੇ ਕਰਮਚਾਰੀਆਂ ਦਾ ਇਹ ਹਾਲ ਸੁਣ ਕੇ ਬਹੁਤ ਚਿੰਤਤ ਹੋਇਆ। ਸਾਡੇ ਇਤਿਹਾਸਕਾਰਾਂ ਨੇ ਅਬਦਾਲੀ ਦੀ ਇਸ ਸਮੇਂ ਦੀ ਮਾਨਸਿਕ ਅਵਸਥਾ ਦੱਸਦਿਆਂ ਲਿਖਿਆ ਹੈ ਕਿ ਉਹਸਿੰਘਾਂ ਦੀ ਤਾਕਤ ਦੇਖ ਕੇ ਹੈਰਾਨ ਰਹਿ ਗਿਆ ਸੀ ਇਸ ਕਰਕੇ ਉਹ ਇਸ ਸਮੇਂ ਸਿੰਘਾਂ ਨਾਲ ਲੜਾਈ ਵਿਚ ਉਲਝਣਾ ਨਹੀਂ ਚਾਹੁੰਦਾ ਸੀ। ਉਸ ਨੇ ਅੰਮ੍ਰਿਤਸਰ ਵਲ ਚੜ੍ਹਾਈ ਕਰ ਦਿੱਤੀ ਸੀ ਪਰ ਉਸ ਦੀ ਸੈਨਾ ਵਿਚ ਉਹ ਤੇਜ਼ੀ ਨਹੀਂ ਸੀ ਜਿਹੜੀ ਪਿਛਲੇ ਸਮਿਆਂ ਵਿਚ ਮੁਹਿੰਮਾਂ ਉੱਤੇ ਜਾਣ ਵੇਲੇ ਹੁੰਦੀ ਸੀ। ਉਹ ਦੋਚਿੱਤੀ ਵਿਚ ਸੀ। ਅੰਦਰੋਂ ਉਹ ਸਿੰਘਾਂ ਨਾਲ ਲੈਣ ਦੇਣ ਕਰ ਕੇ ਸਮਾਂ ਟਾਲ ਦੇਣਾ ਚਾਹੁੰਦਾ ਸੀ।

ਜੰਗ ਦੇ ਮੈਦਾਨ ਵਿਚ ਦੋਵੇਂ ਧਿਰਾਂ ਆਹਮੋ ਸਾਹਮਣੇ ਸਨ। ਸਿੰਘਾਂ ਨੇ ਹਮਲਾ ਕਰਨ ਵਿਚ ਪਹਿਲ ਕੀਤੀ। ਸਾਰਾ ਦਿਨ ਗਹਿਗੱਚ ਲੜਾਈ ਹੁੰਦੀ ਰਹੀ। ਰਾਤ ਨੂੰ ਦੋਵੇਂ ਧਿਰਾਂ ਪਿੱਛੇ ਹਟੀਆਂ। ਦੂਸਰੇ ਦਿਨ ਸਵੇਰੇ ਪਤਾ ਲਗਿਆ ਕਿ ਅਬਦਾਲੀ ਲਾਹੌਰ ਪਹੁੰਚ ਗਿਆ ਸੀ।[72] ਸਿੰਘਾਂ ਨੇ ਘਲੂਘਾਰੇ ਦਾ ਬਦਲਾ ਲੈ ਲਿਆ ਸੀ। ਇਸੇ ਜਿੱਤ ਤੋਂ ਹੌਸਲਾ ਲੈ ਕੇ ਦਲ ਖ਼ਾਲਸੇ ਨੇ ਸਰਹਿੰਦ 'ਤੇ ਵੀ ਹਮਲਾ ਕਰ ਦਿੱਤਾ ਸੀ ਅਤੇ ਇਸ ਦੇ ਹਾਕਮ ਜੈਨ ਖ਼ਾਂ ਨੂੰ ਮਾਰ ਦਿੱਤਾ ਸੀ।[73] ਸਰਹਿੰਦ 'ਤੇ ਕਬਜ਼ਾ ਕਰ ਕੇ ਵੱਖ ਵੱਖ ਸਰਦਾਰਾਂ ਵਿਚਕਾਰ ਇਲਾਕਾ ਵੰਡ ਦਿੱਤਾ ਗਿਆ ਸੀ।

ਬਾਹਮਣ ਦੀ ਬਾਹਮਣੀ ਨੂੰ ਛੁਡਾਉਣ ਦਾ ਗੁਰਮਤਾ :— ਕਸੂਰ ਦਾ ਹਾਕਮ ਉਸਮਾਨ ਖ਼ਾਂ ਜਬਰਦਸਤੀ ਇਕ ਬਾਹਮਣ ਦੀ ਪਤਨੀ ਨੂੰ ਚੁੱਕ ਕੇ ਲੈ ਗਿਆ ਸੀ। ਜਦੋਂ 10 ਅਪਰੈਲ, 1763 ਦੀ ਵਿਸਾਖੀ 'ਤੇ ਦਲ ਖ਼ਾਲਸਾ ਅੰਮ੍ਰਿਤਸਰ ਵਿਖੇ ਸਿਰੀ ਅਕਾਲ ਤਖ਼ਤ ਸਾਹਿਬ 'ਤੇ ਇਕੱਠਾ ਹੋਇਆ ਤਾਂ ਉਸ ਬਾਹਮਣ ਨੇ ਸਰਬੱਤ ਖ਼ਾਲਸੇ ਅਗੇ ਫਰਿਆਦ ਕੀਤੀ।[74] ਸਿੰਘਾਂ ਨੇ ਵਿਚਾਰ ਕੀਤੀ ਕਿ ਇਸ ਬਾਹਮਣ ਦੀ ਪਤਨੀ ਨੂੰ ਜ਼ਰੂਰ ਛੁਡਵਾਉਣਾ ਚਾਹੀਦਾ ਹੈ। ਗੁਰਮੱਤਾ ਹੋਇਆ ਕਿ ਇਸ ਕੰਮ ਨੂੰ ਕੀਤਾ ਜਾਵੇ। ਸਰਬੱਤ ਖ਼ਾਲਸੇ ਵਲੋਂ ਸਰਦਾਰ ਚੜ੍ਹਤ ਸਿੰਘ ਸ਼ੁਕਰਚਕੀਆ ਅਤੇ ਸਰਦਾਰ ਹਰੀ ਸਿੰਘ ਭੰਗੀ ਦੀ ਡਿਊਟੀ ਲਗਾਈ ਗਈ ਕਿ ਉਹ ਕਸੂਰ 'ਤੇ ਹਮਲਾ ਕਰਨ ਅਤੇ ਬਾਹਮਣ ਦੀ ਘਰਵਾਲੀ ਨੂੰ ਛੁਡਵਾ ਕੇ ਲਿਆਉਣ। ਫਲਸਰੂਪ ਦੋਵਾਂ ਸਰਦਾਰਾਂ ਨੇ ਆਪਣੇ ਆਪਣੇ ਜੱਥੇ ਲੈ ਕੇ ਕਸੂਰ 'ਤੇ ਚੜ੍ਹਾਈ ਕੀਤੀ, ਉਸਮਾਨ ਖ਼ਾਂ ਨੂੰ ਮਾਰਿਆ ਅਤੇ ਬਾਹਮਣ ਦੀ ਪਤਨੀ ਨੂੰ ਛੁਡਾ ਕੇ ਲੈ ਆਏ। ਜਦੋਂ ਖ਼ਾਲਸੇ ਨੇ ਬਾਹਮਣ ਦੀ ਪਤਨੀ ਨੂੰ ਉਸ ਪਤੀ ਦੇ ਘਰ ਭੇਜਿਆ ਤਾਂ ਅਗੋਂ ਉਸ ਦਾ ਪਤੀ ਬਾਹਮਣ ਉਸ ਨੂੰ ਦੁਬਾਰਾ ਅਪਨਾਉਣ ਤੋਂ ਬਾਗੀ ਹੋ ਗਿਆ। ਖ਼ਾਲਸੇ ਨੇ ਉਸ ਨੂੰ ਹੁਕਮ

---

71. Ibid, p. 40.
72. Hari Ram Gupta, *op. cit.*, p. 192 and N.K. Sinha, *op. cit.*, pp. 47-48.
73. ਕਨਈਆ ਲਾਲ, *ਪੂਰਵਅੰਕਤ*, ਪੰਨਾ 79.
74. *ਉਹਾਂ ਬਿਪ ਯੌ ਕਰੀ ਪੁਕਾਰ। ਖੋਹੀ ਕਸੂਰੀਅਨ ਮੇਰੀ ਨਾਰ।*
ਮੈਂ ਆਯੋ ਖਾਲਸੈ ਸ਼ਰਨਾਈ। ਯੌ ਕਹਿ ਕੇ ਫਿਰ ਦਈ ਦੁਹਾਈ।
ਰਤਨ ਸਿੰਘ ਭੰਗੂ, ਪੰਨਾ 386.

ਦਿੰਦਿਆ ਕਿਹਾ ਕਿ ਇਹ ਔਰਤ ਅੱਜ ਤੋਂ ਖਾਲਸੇ ਦੀ ਧੀ ਹੈ ਇਸ ਲਈ ਇਸ ਨੂੰ ਹਰ ਹਾਲਤ ਵਿਚ ਅਪਨਾਉਣਾ ਹੀ ਪਵੇਗਾ।[75]

4 ਨਵੰਬਰ, 1763 ਦਾ ਸਰਬੱਤ ਖਾਲਸਾ ਸਮਾਗਮ :— ਇਸ ਸਮੇਂ ਕਿਉਂਕਿ ਖਾਲਸੇ ਦੀ ਸ਼ਕਤੀ ਇਕ ਨਿਰਣਾਇਕ ਸਥਿਤੀ 'ਤੇ ਪਹੁੰਚ ਚੁੱਕੀ ਸੀ ਇਸ ਲਈ ਦਲ ਖਾਲਸੇ ਦੇ ਆਗੂਆਂ ਨੇ ਸਮੇਂ ਅਨੁਸਾਰ ਕਈ ਗੁਰਮਤੇ ਕੀਤੇ। ਇਨ੍ਹਾਂ ਗੁਰਮਤਿਆ ਦੀ ਰੋਸ਼ਨੀ ਵਿਚ ਅਹਿਮ ਮਸਲਾ ਇਹ ਤਹਿ ਹੋਇਆ ਸੀ ਕਿ ਅਬਦਾਲੀ ਵਲੋਂ ਤਬਾਹ ਕਰ ਦਿੱਤੇ ਗਏ ਸਿਰੀ ਦਰਬਾਰ ਸਾਹਿਬ ਅਤੇ ਸਿਰੀ ਅਕਾਲ ਤਖ਼ਤ ਸਾਹਿਬ ਦੀ ਮੁਰੰਮਤ ਕਰਵਾਈ ਜਾਵੇ। ਇਸੇ ਹੀ ਸਮਾਗਮ ਵਿਚ ਖ਼ਬਰਾਂ ਪਹੁੰਚੀਆਂ ਸਨ ਕਿ ਅਬਦਾਲੀ ਦਾ ਜਰਨੈਲ ਜਹਾਨ ਖ਼ਾਂ ਅੰਮ੍ਰਿਤਸਰ ਵਲ ਖਾਲਸੇ ਉਪਰ ਚੜ ਕੇ ਆ ਰਿਹਾ ਹੈ। ਇਸ ਲਈ ਬਾਕੀ ਸਭ ਵਿਚਾਰਾਂ ਛੱਡ ਕੇ ਤਹਿ ਹੋਇਆ ਕਿ ਪਹਿਲਾ ਜਹਾਨ ਖ਼ਾਂ ਨਾਲ ਡਟ ਕੇ ਲੜਾਈ ਕੀਤੀ ਜਾਵੇ ਅਤੇ ਇਸ ਨੂੰ ਹਰਾਉਣ ਉਪਰੰਤ ਬਾਕੀ ਦੇ ਸਥਾਨਕ ਹਾਕਮਾਂ ਨਾਲ ਲੜਾਈਆਂ ਕੀਤੀਆਂ ਜਾਣ। ਸਿਟੇ ਵਜੋ ਖਾਲਸੇ ਦੀ ਸੰਯੁਕਤ ਸ਼ਕਤੀ ਜਹਾਨ ਖ਼ਾਂ ਦਾ ਮੁਕਾਬਲਾ ਕਰਨ ਲਈ ਅੰਮ੍ਰਿਤਸਰ ਤੋਂ ਰਵਾਨਾ ਹੋਈ। ਦੋਹਾਂ ਧਿਰਾਂ ਵਿਚਕਾਰ ਯੁੱਧ ਹੋਇਆ ਅਤੇ ਜਹਾਨ ਖ਼ਾਂ ਹਾਰ ਖਾ ਕੇ ਭੱਜ ਗਿਆ ਸੀ। ਇਸ ਉਪਰੰਤ ਦਲ ਖਾਲਸੇ ਨੇ ਮਲੇਰ ਕੋਟਲਾ, ਮੁਰਿੰਡਾ ਅਤੇ ਸਰਹਿੰਦ ਦੇ ਹਾਕਮਾਂ ਨੂੰ ਮਾਰ ਮੁਕਾਇਆ ਸੀ।

ਸਿਰੀ ਅਕਾਲ ਤਖ਼ਤ ਸਾਹਿਬ ਉਪਰ ਤੀਹ ਸਿੰਘਾਂ ਦੀ ਸ਼ਹੀਦੀ :— ਸਤੰਬਰ, 1764 ਵਿਚ ਅਬਦਾਲੀ ਸੱਤਵੀਂ ਵਾਰ ਭਾਰਤ 'ਤੇ ਹਮਲਾਵਰ ਹੋ ਕੇ ਆਇਆ। ਉਸ ਨੇ ਆਉਣ ਸਾਰ ਹੀ ਲਾਹੌਰ ਉਪਰ ਕਬਜ਼ਾ ਕਰ ਲਿਆ। ਦਲ ਖਾਲਸੇ ਦੇ ਜੱਥੇ ਉਸ ਦੇ ਆਉਣ 'ਤੇ ਲਾਹੌਰ ਅਤੇ ਅੰਮ੍ਰਿਤਸਰ ਤੋਂ ਨਿਕਲ ਕੇ ਉਸ ਦੀ ਮਾਰ ਤੋਂ ਦੂਰ ਨਿਕਲ ਗਏ ਸਨ। ਇਸ ਸਮੇਂ ਜੱਥੇਦਾਰ ਗੁਰਬਖ਼ਸ਼ ਸਿੰਘ ਸਿਰੀ ਅਕਾਲ ਤਖ਼ਤ ਸਾਹਿਬ ਦਾ ਜੱਥੇਦਾਰ ਸੀ।[76] ਉਸ ਨੇ ਅਰਦਾਸ ਕੀਤੀ ਸੀ ਕਿ ਉਹ ਸਿਰੀ ਅਕਾਲ ਤਖ਼ਤ ਸਾਹਿਬ ਨੂੰ ਖਾਲੀ ਨਹੀਂ ਛਡੇਗਾ। ਉਸ ਦੇ ਨਾਲ 29 ਸਿੰਘ ਹੋਰ ਵੀ ਉਥੇ ਹੀ ਰਹਿ ਗਏ ਸਨ। ਇਨ੍ਹਾਂ ਤੀਹਾਂ ਸਿੰਘਾਂ ਨੇ ਤਖ਼ਤ ਸਾਹਿਬ ਦੀ ਰਾਖੀ ਲਈ ਸ਼ਹਾਦਤਾਂ ਦੇਣ ਦਾ ਦਰਿੜ ਨਿਸ਼ਚਾ ਕਰ ਲਿਆ। ਇਨ੍ਹਾਂ ਨੇ ਪਹਿਲਾਂ ਪਵਿਤਰ ਸਰੋਵਰ ਵਿਚ ਇਸ਼ਨਾਨ ਕੀਤਾ ਫਿਰ ਸਿਰੀ ਦਰਬਾਰ ਸਾਹਿਬ ਅੰਦਰ ਗੁਰੂ ਵਾਕ ਲੈ ਕੇ ਸਿਰੀ ਅਕਾਲ ਤਖ਼ਤ ਸਾਹਿਬ ਦੇ ਸਾਹਮਣੇ ਅਬਦਾਲੀ ਦੀਆਂ ਫੌਜਾਂ ਦਾ ਮੁਕਾਬਲਾ ਕਰਨ ਲਈ ਖੜੇ ਗਏ। ਅਬਦਾਲੀ ਪਰਿਕਰਮਾ ਵਿਚ ਪਹੁੰਚਿਆ। ਉਸ ਨੇ ਸਭ ਨੂੰ ਬਾਹਰ ਆਕੇ ਆਤਮ ਸਮਰਪਣ ਕਰਨ ਦੀ ਵਾਰਨਿੰਗ ਦਿੱਤੀ। ਇਸ ਦੇ ਜਵਾਬ ਵਜੋਂ ਸਿਰੀ ਅਕਾਲ ਤਖ਼ਤ ਸਾਹਿਬ ਦੀ ਰਾਖੀ ਕਰ ਰਹੇ ਜੱਥੇਦਾਰ ਗੁਰਬਖ਼ਸ਼ ਸਿੰਘ ਨੇ ਆਪਣੇ ਸਾਥੀ ਸਿੰਘਾਂ ਨੂੰ ਦੁਸ਼ਮਣ ਉਪਰ ਤੋੜੇਦਾਰ ਬੰਦੂਕਾਂ ਰਾਹੀਂ ਫਾਇਰ ਕਰਨ ਦਾ ਹੁਕਮ ਦਿੱਤਾ। ਅਬਦਾਲੀ ਨੂੰ ਉਮੀਦ ਸੀ ਕਿ ਇਥੇ ਬਹੁਤ ਸਾਰੇ ਸਿੰਘ ਹੋਣਗੇ। ਉਹ ਖੁਸ਼ ਸੀ ਕਿ ਉਹ ਬੜੀ ਅਸਾਨੀ ਨਾਲ ਸਿੰਘਾਂ ਨੂੰ ਮਾਰ ਮੁਕਾਏਗਾ। ਸਿੰਘਾਂ ਵਲੋਂ ਫਾਇਰ ਕਰਨ ਸਾਰ ਅਬਦਾਲੀ ਦੀਆਂ ਫ਼ੌਜਾਂ ਸਿਰੀ ਅਕਾਲ

75. ਰਤਨ ਸਿੰਘ ਭੰਗੂ, ਪੰਨੇ 385-86.
76. ਇਨਾਂ ਦਾ ਜਨਮ ਪਿੰਡ ਲੀਲ ਜ਼ਿਲਾ ਅੰਮ੍ਰਿਤਸਰ ਵਿਚ ਹੋਇਆ ਸੀ। ਇਨ੍ਹਾਂ ਨੇ ਭਾਈ ਮਨੀ ਸਿੰਘ ਜੀ ਦੇ ਜੱਥੇ ਕੋਲੋ ਅੰਮ੍ਰਿਤ ਛਕਿਆ ਸੀ।

ਤਖ਼ਤ ਸਾਹਿਬ ਤੇ ਟੁੱਟ ਪਈਆਂ। ਸਿੰਘਾਂ ਪਾਸ ਜਦੋਂ ਤਕ ਬੰਦੂਕਾਂ ਦਾ ਅਸਲਾ ਰਿਹਾ ਉਦੋਂ ਤਕ ਬੰਦੂਕਾਂ ਰਾਹੀਂ ਫਾਇਰ ਕਰਦੇ ਰਹੇ ਪਰ ਜਦੋਂ ਬੰਦੂਕਾਂ ਲਈ ਮਸਾਲਾ ਖ਼ਤਮ ਹੋ ਗਿਆ ਤਾਂ ਆਪਣੀ ਤਲਵਾਰਾਂ ਸੂਤ ਕੇ ਦੁਸ਼ਮਣ ਉਪਰ ਟੁੱਟ ਪਏ। ਅਬਦਾਲੀ ਦੇ ਦੇਖਦਿਆਂ ਹੀ ਇਹ ਤੀਹ ਸਿੰਘ ਬਾਜਾਂ ਵਾਂਗੂ ਝਪਟ ਕੇ ਸ਼ਹੀਦ ਹੋ ਗਏ। ਸਿਰੀ ਅਕਾਲ ਤਖ਼ਤ ਸਾਹਿਬ ਨੂੰ ਦੁਸ਼ਮਣੀ ਦੀਆਂ ਫੌਜਾਂ ਨੇ ਢਹਿ ਢੇਰੀ ਕਰ ਦਿੱਤਾ ਸੀ। ਜਦੋਂ ਸਿੰਘਾਂ ਦੀਆਂ ਲਾਸ਼ਾਂ ਦੇਖੀਆਂ ਗਈਆਂ ਤਾਂ ਅਬਦਾਲੀ ਹੈਰਾਨ ਹੋ ਗਿਆ ਸੀ ਸਿਰਫ ਤੀਹ ਸਿੰਘਾਂ ਨੇ ਹੀ ਉਸ ਦੀਆਂ ਫੌਜਾਂ ਦਾ ਮੁਕਾਬਲਾ ਕੀਤਾ ਸੀ। ਇਹ ਤੀਹ ਦੇ ਤੀਹ ਸਿੰਘ ਵੀ ਆਪਣੇ ਨੇਤਾ ਦੀ ਲਾਸ਼ ਉਪਰ ਡਿਗੇ ਹੋਏ ਸਨ। ਤੀਹਾਂ ਵਿਚੋਂ ਕਿਸੇ ਇਕ ਸਿੰਘ ਨੇ ਵੀ ਆਪਣੀ ਜਾਨ ਪਿਆਰੀ ਨਹੀਂ ਕੀਤੀ।[77] ਅਜ ਕਲ ਇਨ੍ਹਾਂ ਤੀਹਾਂ ਸਿੰਘਾਂ ਦੀ ਯਾਦ ਵਿਚ ਸਿਰੀ ਅਕਾਲ ਤਖ਼ਤ ਸਾਹਿਬ ਦੇ ਪਿੱਛੇ ਗੁਰਦੁਆਰਾ ਸ਼ਹੀਦ ਗੰਜ ਬਣਿਆ ਹੋਇਆ ਹੈ।[78]

ਮਾਰਚ, 1765 ਦਾ ਸਰਬੱਤ ਖਾਲਸਾ ਸਮਾਗਮ : ਅਬਦਾਲੀ ਦਾ ਉਕਤ ਹਮਲਾ ਸਿਰਫ ਸਿੱਖਾਂ ਨੂੰ ਸਬਕ ਸਿਖਾਉਣ ਲਈ ਸੀ। ਪਰ ਉਹ ਆਪਣੇ ਇਸ ਮਿਸ਼ਨ ਵਿਚ ਸਫ਼ਲ ਨਹੀਂ ਹੋ ਸਕਿਆ ਸੀ। ਆਪਣਾ ਮਕਸਦ ਹੱਲ ਕੀਤੇ ਬਿਨਾਂ ਹੀ ਜਦੋਂ ਅਬਦਾਲੀ ਵਾਪਸ ਚਲਿਆ ਗਿਆ ਤਾਂ ਦਲ ਖਾਲਸੇ ਦੇ ਜੱਥਿਆਂ ਨੇ ਪਹਿਲਾਂ ਵਾਂਗ ਫਿਰ ਪੰਜਾਬ ਦੇ ਸ਼ਹਿਰਾਂ ਉਪਰ ਕਬਜ਼ਾ ਕਰ ਲਿਆ ਸੀ। 1765 ਈ. ਦੀ ਵਿਸਾਖੀ ਨੂੰ ਸਰਬੱਤ ਖਾਲਸਾ ਸਿਰੀ ਅਕਾਲ ਤਖ਼ਤ ਸਾਹਿਬ ਉਪਰ ਇਕੱਠਾ ਹੋਇਆ ਅਤੇ ਗੁਰਮਤਾ ਕੀਤਾ ਕਿ ਲਾਹੌਰ 'ਤੇ ਕਬਜ਼ਾ ਕੀਤਾ ਜਾਵੇ। ਦਲ ਖਾਲਸੇ ਵਲੋਂ ਭੰਗੀ ਸਰਦਾਰਾਂ ਦੀ ਅਗਵਾਈ ਹੇਠ ਦੋ ਹਜ਼ਾਰ ਸਿੰਘਾਂ ਦਾ ਜੱਥਾ ਭੇਜ ਕੇ ਲਾਹੌਰ ਨੂੰ ਕਬਜ਼ੇ ਵਿਚ ਲੈ ਲਿਆ ਗਿਆ ਅਤੇ ਇਸ ਨੂੰ ਤਿੰਨਾ ਭੰਗੀ ਸਰਦਾਰਾਂ (ਹਰੀ ਸਿੰਘ, ਲਹਿਣਾ ਸਿੰਘ, ਅਤੇ ਗੁੱਜਰ ਸਿੰਘ) ਵਿਚਕਾਰ ਵੰਡ ਦਿੱਤਾ ਗਿਆ ਸੀ।

ਭਰਤਪੁਰ ਦੇ ਰਾਜਾ ਜਵਾਹਰ ਮੱਲ ਦੀ ਮਦਦ ਕਰਨ ਦਾ ਗੁਰਮਤਾ 1765 : ਭਰਤਪੁਰ ਦਾ ਰਾਜਾ ਆਪਣੇ ਪਿਤਾ ਸੂਰਜ ਮਲ ਦੀ ਮੌਤ ਦਾ ਬਦਲਾ ਲੈਣਾ ਚਾਹੁੰਦਾ ਸੀ। ਇਸ ਦੀ ਪੂਰਤੀ ਲਈ ਉਸ ਨੇ ਦਿੱਲੀ ਦੇ ਵਜ਼ੀਰ ਨਾਜੀਬਉਲ-ਦੋਲਾ ਨੂੰ ਘੇਰਾ ਪਾਇਆ ਹੋਇਆ ਸੀ। ਜਦੋਂ ਘੇਰਾ ਲੰਮਾ ਹੁੰਦਾ ਗਿਆ ਅਤੇ ਨਾਜੀਬ ਨੇ ਹਾਰ ਮੰਨਣ ਦਾ ਕੋਈ ਮੌਕਾ ਨਹੀਂ ਦਿੱਤਾ ਤਾਂ ਇਸ ਕੰਮ ਨੂੰ ਛੇਤੀ ਪੂਰਾ ਕਰਨ ਲਈ ਜਵਾਹਰ ਮੱਲ ਨੇ ਦਲ ਖਾਲਸੇ ਦੀ ਮਦਦ ਲੈਣ ਦਾ ਮਨ ਬਣਾਇਆ। ਦਲ ਖਾਲਸੇ ਦੇ ਜੱਥੇ ਵੀ ਉਸ ਸਮੇਂ ਦਿੱਲੀ ਦੇ ਲਾਗਲਿਆਂ ਇਲਾਕਿਆਂ ਵਿਚ ਵਿਰ ਰਹੇ ਸਨ। ਜਦੋਂ ਜਵਾਹਰ ਮਲ ਦੇ ਬੰਦਿਆਂ ਨੇ ਦਲ ਖਾਲਸੇ ਦੇ ਆਗੂਆਂ ਪਾਸ ਮਦਦ ਦੀ ਬੇਨਤੀ ਕੀਤੀ ਤਾਂ ਜੱਥੇ ਉੱਥੇ ਹੀ ਸਰਬੱਤ ਖਾਲਸੇ ਦੇ ਰੂਪ ਵਿਚ ਇਕੱਠੇ ਹੋਏ ਅਤੇ ਜਵਾਹਰ ਮੱਲ ਦੀ ਮਦਦ ਕਰਨ ਜਾਂ ਨਾ ਕਰਨ ਬਾਰੇ ਵਿਚਾਰ

---

77. *ਨੂਰ ਮੁਹੰਮਦ ਦਾ ਜੰਗਨਾਮਾ* (ਸੰਪਾ. ਗੰਡਾ ਸਿੰਘ), ਅੰਮ੍ਰਿਤਸਰ, 1939, ਪੰਨਾ 35; ਰਤਨ ਸਿੰਘ ਭੰਗੂ, ਪੰਨੇ 417-18; ਗਯਾਨੀ ਗਯਾਨ ਸਿੰਘ, *ਸ੍ਰੀ ਗੁਰ ਪੰਥ ਪ੍ਰਕਾਸ਼* ਪੰਨੇ 632-36.
78. ਆਪਰੇਸ਼ਨ ਬਲਿਊ ਸਟਾਰ ਪਿੱਛੋ ਜਦੋਂ ਸਿਰੀ ਅਕਾਲ ਤਖ਼ਤ ਸਾਹਿਬ ਦੀ ਸਮੁੱਚੀ ਇਮਾਰਤ ਨੂੰ ਨਵੇਂ ਸਿਰਿਓਂ ਬਣਾਇਆ ਸੀ ਤਾਂ ਵੀ ਗੁਰਦੁਆਰਾ ਸ਼ਹੀਦ ਗੰਜ ਨੂੰ ਉਸੇ ਤਰ੍ਹਾਂ ਰੱਖਿਆ ਗਿਆ ਹੈ।

ਕੀਤੀ। ਗੁਰਮਤਾ ਪਾਸ ਹੋਇਆ ਕਿ ਮਦਦ ਕੀਤੀ ਜਾਵੇ।[79] ਫਲਸਰੂਪ, ਦਲ ਖਾਲਸਾ ਅਤੇ ਜਵਾਹਰ ਮਲ ਦੀ ਸਾਝੀਆਂ ਫੌਜਾਂ ਨੇ ਦਿੱਲੀ ਨੂੰ ਘੇਰਾ ਪਾ ਲਿਆ। ਨਾਜੀਬਉਦ-ਦੌਲਾ ਨੂੰ ਨਜ਼ਾਰਾਨਾ ਭੇਟ ਕਰਨ ਲਈ ਮਜ਼ਬੂਰ ਕਰ ਦਿੱਤਾ ਗਿਆ। ਦੂਜੇ ਪਾਸੇ ਪੰਜਾਬ ਵਿਚ ਅਬਦਾਲੀ ਵਲੋਂ ਫਿਰ ਤੋਂ ਹਮਲਾ ਕਰਨ ਦੀਆਂ ਖ਼ਬਰਾਂ ਉਥੇ ਜਾ ਪਹੁੰਚੀਆਂ। ਇਸ ਵਾਰ ਦਲ ਖਾਲਸਾ ਪੰਜਾਬ ਵਿਚ ਰਹਿ ਕੇ ਹੀ ਅਬਦਾਲੀ ਨਾਲ ਸਿੱਧੀ ਟੱਕਰ ਲੈਣੀ ਚਾਹੁੰਦਾ ਸੀ। ਇਸ ਲਈ ਦਲ ਖਾਲਸੇ ਦੇ ਜੱਥਿਆਂ ਨੇ ਜਵਾਹਰ ਮਲ ਨੂੰ ਜਾਣੂ ਕਰਵਾਇਆ ਕਿ ਘੇਰਾ ਛਡ ਕੇ ਪੰਜਾਬ ਨੂੰ ਜਾ ਰਹੇ ਹਨ। ਜਵਾਹਰ ਮਲ ਨੇ ਭਾਵੇਂ ਸਿੰਘਾਂ ਨੂੰ ਉਥੇ ਰਹਿਣ ਲਈ ਬਹੁਤ ਜ਼ੋਰ ਪਾਇਆ ਸੀ ਅਤੇ ਇਸ ਮੰਤਵ ਲਈ ਹੋਰ ਵਧੇਰੇ ਧਨ ਦੇਣ ਦਾ ਵੀ ਵਾਅਦਾ ਕੀਤਾ ਸੀ ਪਰ ਦਲ ਖਾਲਸੇ ਦੇ ਨੇਤਾ ਪੰਜਾਬ ਦੀ ਤਤਕਾਲੀਨ ਸਥਿਤੀ ਅਨੁਸਾਰ ਪੰਜਾਬ ਵਿਚ ਹਰ ਹਾਲਤ ਵਿਚ ਰਹਿਣਾ ਚਾਹੁੰਦੇ ਹਨ।

10 ਅਪਰੈਲ, 1765 ਦਾ ਸਰਬੱਤ ਖਾਲਸਾ ਸਮਾਗਮ :— ਪੰਜਾਬ ਵਿਚ ਇਸ ਵਾਰ ਦਲ ਖਾਲਸੇ ਦੇ ਜੱਥਿਆਂ ਨੇ ਅਬਦਾਲੀ ਨੂੰ ਕਿਸੇ ਵੀ ਅਸਥਾਨ 'ਤੇ ਟਿਕਣ ਨਹੀਂ ਦਿੱਤਾ ਅਤੇ ਨਾ ਹੀ ਅਬਦਾਲੀ ਲਾਹੌਰ ਤੋਂ ਬਾਹਰ ਜਾ ਸਕਿਆ ਸੀ। ਇਸ ਸਾਲ ਵੀ ਵਿਸਾਖੀ (10 ਅਪਰੈਲ, 1765) ਦੇ ਦਿਹਾੜੇ 'ਤੇ ਦਲ ਖਾਲਸੇ ਨੇ ਸਰਬੱਤ ਖਾਲਸਾ ਸਮਾਗਮ ਕੀਤਾ। ਇਹ ਸਮਾਗਮ ਖਾਲਸੇ ਦੀ ਚੜ੍ਹਦੀ ਕਲਾ ਦਾ ਪਰਤੀਕ ਸੀ। ਅਬਦਾਲੀ ਨੂੰ ਕਰਾਰੀ ਹਾਰ ਦਿੱਤੀ ਜਾ ਚੁੱਕੀ ਸੀ। ਸਰਬੱਤ ਖਾਲਸਾ ਦੇ ਸਮਾਗਮ ਵਿਚ ਸਭ ਤੋਂ ਪਹਿਲਾਂ ਗੁਰਮਤਾ ਇਹ ਕੀਤਾ ਗਿਆ ਕਿ ਲਾਹੌਰ ਵਿਚ ਖਾਲਸੇ ਦੀ ਸਰਕਾਰ ਸਥਾਪਤ ਕੀਤੀ ਜਾਵੇ ਅਤੇ ਖਾਲਸੇ ਦਾ ਸਿੱਕਾ ਜਾਰੀ ਕੀਤਾ ਜਾਵੇ।[80] ਸਿੱਕੇ ਉਪਰ ਉਲੀਕੀ ਜਾਣ ਵਾਲੀ ਇਬਾਰਤ ਤਕਰੀਬਨ ਉਹ ਹੀ ਰੱਖੀ ਗਈ ਸੀ ਜੋ ਬੰਦਾ ਸਿੰਘ ਬਹਾਦਰ ਨੇ ਆਪਣੇ ਸਿੱਕਿਆ ਉਪਰ ਉਲੀਕੀ ਸੀ। ਮੋਹਰ ਦੇ ਇਕ ਪਾਸੇ ਦੀ ਇਬਾਰਤ ਸੀ :

ਦੇਗ ਓ ਤੇਗ ਓ ਫਤਿਹ ਓ ਨੁਸਰਤ ਬੇਦਰੰਗ।
ਯਾਫਤ ਅਜ਼ ਨਾਨਕ ਗੁਰੂ ਗੋਬਿੰਦ ਸਿੰਘ।

ਇਸ ਦਾ ਭਾਵ ਹੈ ਕਿ ਖਾਲਸੇ ਦੇ ਤਹਿਤ ਲੰਗਰ ਦੀ ਅਮੁੱਕਤਾ, ਤਲਵਾਰ ਦੀ ਸਰਬਉਚ ਮੁਹਾਰਤ, ਜੰਗ ਵਿਚ ਫਤਿਹ ਅਤੇ ਅਕਾਲ ਪੁਰਖ ਵਿਚ ਦਰਿੜ ਵਿਸ਼ਵਾਸ ਗੁਰੂ ਗੋਬਿੰਦ ਸਿੰਘ ਅਤੇ ਗੁਰੂ ਨਾਨਕ ਦੇਵ ਜੀ ਦੀ ਅਪਾਰ ਬਖ਼ਸ਼ਿਸ਼ ਕਾਰਨ ਹੀ ਹੈ।

ਸਿੱਕੇ ਦੇ ਦੂਜੇ ਪਾਸੇ ਦੀ ਜੋ ਇਬਾਰਤ ਸੀ ਉਸ ਦਾ ਭਾਵ ਹੈ ਕਿ ਖਾਲਸੇ ਨੇ ਸੰਮਤ 1822 ਬਿਕਰਮੀ (1765) ਵਿਚ ਲਾਹੌਰ ਰਾਜਧਾਨੀ ਤੋਂ ਆਪਣਾ ਸਿੱਕਾ ਜਾਰੀ ਕੀਤਾ।

---

79. ਅਸਲ ਵਿਚ ਜਦੋਂ ਜਵਾਹਰ ਮਲ ਦਲ ਖਾਲਸੇ ਦੇ ਇਕੱਠ ਵਿਚਕਾਰ ਹਾਜ਼ਰ ਹੋਇਆ ਸੀ। ਉਸ ਸਮੇਂ ਹੀ ਦੋਹਾਂ ਧਿਰਾਂ ਵਿਚਕਾਰ ਕੁਝ ਖਟਿਆਈ ਪੈਦਾ ਹੋ ਗਈ ਸੀ। ਦਲ ਖਾਲਸੇ ਦੇ ਆਗੂ ਆਪਣੇ ਸਿਪਾਹੀ ਸਿੰਘਾਂ ਵਿਚਕਾਰ ਇਕ ਦੂਜੇ ਦੇ ਬਰਾਬਰ ਦਰੀਆ ਉਪਰ ਬੈਠੇ ਸਨ ਪਰ ਜਵਾਹਰ ਮਲ ਮਹਾਰਾਜੇ ਦੇ ਤੌਰ 'ਤੇ ਵਿਚਰਨਾ ਚਾਹੁੰਦਾ ਸੀ ਜਿਸ ਤੋਂ ਸਿੰਘਾਂ ਨੇ ਉਸ ਨੂੰ ਰੋਕ ਦਿੱਤਾ ਸੀ।

80. James Brown, *op. cit.*, p. 41; Teja Singh Ganda Singh, *op.cit.*,p. 184, N.K. Sinha., *op. cit.*, p. 55-56 and Ganda Singh, *Sardar Jassa Singh Ahluwalia*, pp. 169-70.

ਉਕਤ ਤੋਂ ਇਲਾਵਾ ਦੂਜਾ ਗੁਰਮਤਾ ਇਹ ਪਾਸ ਕੀਤਾ ਗਿਆ ਕਿ ਅਧੂਰੇ ਪਏ ਸਿਰੀ ਦਰਬਾਰ ਸਾਹਿਬ ਦੀ, ਇਸ ਦੇ ਪਵਿੱਤਰ ਸਰੋਵਰ ਦੀ ਅਤੇ ਸਿਰੀ ਅਕਾਲ ਤਖ਼ਤ ਸਾਹਿਬ ਦੀ ਮੁੜ ਉਸਾਰੀ ਕੀਤੀ ਜਾਵੇ। ਚੇਤੇ ਰਹੇ ਇਸ ਸਾਲ ਦੇ ਸ਼ੁਰੂ ਦੇ ਮਹੀਨਿਆਂ ਵਿਚ ਜਦੋਂ ਅਬਦਾਲੀ ਵਾਪਸ ਜਾ ਰਿਹਾ ਸੀ ਤਾਂ ਸਿੰਘ ਨੇ ਉਸ ਦੇ ਕਾਫ਼ੀ ਸੈਨਿਕਾਂ ਨੂੰ ਗਰਿਫਤਾਰ ਕਰ ਲਿਆ ਸੀ। ਇਨ੍ਹਾਂ ਫੜੇ ਗਏ ਸੈਨਕਾਂ ਕੋਲੋਂ ਸਰੋਵਰ ਦੀ ਖੁਦਵਾਈ ਕਰਵਾਈ ਗਈ ਸੀ। ਸਮੁੱਚੀ ਕਾਰ ਸੇਵਾ ਲਈ ਜੱਸਾ ਸਿੰਘ ਆਹਲੂਵਾਲੀਆ, ਜੱਸਾ ਸਿੰਘ ਰਾਮਗੜ੍ਹੀਆ, ਜੈ ਸਿੰਘ ਕਨ੍ਹਈਆ, ਤਾਰਾ ਸਿੰਘ ਘੈਬਾ ਅਤੇ ਚੜ੍ਹਤ ਸਿੰਘ ਸ਼ੁਕਰਚਕੀਏ ਦੀ ਕਮੇਟੀ ਬਣਾਈ ਗਈ। ਇਸ ਕਮੇਟੀ ਨੇ ਸੰਗਤਾਂ ਤੋਂ ਮਾਇਆ ਇਕੱਠੀ ਕਰਨ ਲਈ ਸਿਰੀ ਅਕਾਲ ਤਖ਼ਤ ਸਾਹਿਬ ਦੇ ਸਾਹਮਣੇ ਇਕ ਚਾਦਰ ਵਿਛਾਈ। ਸੰਗਤਾਂ ਅਤੇ ਸ਼ਹਿਰ ਦੇ ਲੋਕਾਂ ਵਲੋਂ ਇਸ ਚਾਦਰ ਨੂੰ ਪੈਸਿਆਂ ਨਾਲ ਭਰ ਦਿੱਤਾ ਗਿਆ। ਇਹ ਰਕਮ ਮਾਲਵੇ ਦੇ ਪਰਸਿੱਧ ਪਰਚਾਰਕ ਸਿੱਖ ਭਾਈ ਦੇਸ ਰਾਜ ਕੋਲ ਜਮਾ ਕਰਵਾ ਦਿੱਤੀ ਗਈ ਸੀ। ਉਸ ਦੀ ਇਹ ਡਿਊਟੀ ਵੀ ਲਗਾਈ ਗਈ ਸੀ ਕਿ ਉਹ ਸਮੇਂ ਸਮੇਂ ਤੇ ਲੋੜ ਅਨੁਸਾਰ ਕਾਰ ਸੇਵਾ ਕਮੇਟੀ ਲਈ ਪੈਸੇ ਮੁਹੱਈਆ ਕਰਦਾ ਰਹੇ। ਖਾਲਸੇ ਨੇ ਉਸ ਨੂੰ ਇਕ ਮੋਹਰ ਵੀ ਦਿੱਤੀ ਸੀ ਜਿਸ ਨਾਲ ਉਹ ਲੋੜ ਪੈਣ 'ਤੇ ਸਿੱਖ ਸੰਗਤਾਂ ਕੋਲੋਂ ਪੈਸੇ ਦੀ ਉਗਰਾਹੀ ਵੀ ਕਰ ਸਕਦਾ ਸੀ। ਇਹ ਮੋਹਰ ਇਕ ਕਿਸਮ ਦੀ ਅਥਾਰਟੀ ਪੱਤਰ ਹੀ ਸੀ।[81]

ਇਹ ਕਾਰ ਸੇਵਾ ਤਕਰੀਬਨ ਇਕ ਸਾਲ ਚਲਦੀ ਰਹੀ। 1766 ਤਕ ਸਿਰੀ ਦਰਬਾਰ ਸਾਹਿਬ ਦੀ ਮੁੜ ਉਸਾਰੀ, ਪਵਿੱਤਰ ਸਰੋਵਰ ਦੀ ਮੁੜ-ਖੁਦਵਾਈ, ਦਰਸ਼ਨੀ ਡਿਉਢੀ, ਵਿਚਕਾਰਲਾ ਪੁਲ ਅਤੇ ਸਿਰੀ ਅਕਾਲ ਤਖ਼ਤ ਸਾਹਿਬ ਦਾ ਬੁੰਗਾ ਤਿਆਰ ਹੋ ਚੁੱਕਿਆ ਸੀ। ਕੰਪਲੈਕਸ ਦੇ ਆਲੇ ਦੁਆਲੇ ਕੁਝ ਸਿੰਘ ਸਰਦਾਰਾਂ ਨੇ ਆਪਣੇ ਆਪਣੇ ਬੁੰਗੇ ਵੀ ਉਸਾਰ ਲਏ ਸਨ। ਸਿੱਖ ਸਰਦਾਰ ਇਨ੍ਹਾਂ ਬੁੰਗਿਆਂ ਵਿਚ ਸਰਬੱਤ ਖਾਲਸੇ ਦੇ ਇਕੱਠਾ ਸਮੇਂ ਜਾਂ ਹੋਰ ਦਿਹਾੜਿਆ ਸਮੇਂ ਰਿਹਾ ਕਰਦੇ ਸਨ। ਗਯਾਨੀ ਗਯਾਨ ਸਿੰਘ ਅਨੁਸਾਰ ਦਰਸ਼ਨੀ ਡਿਊਢੀ 'ਤੇ ਉਸ ਸਮੇ ਤਿੰਨ ਹਜ਼ਾਰ ਰੁਪਏ ਖਰਚ ਆਏ ਸਨ ਅਤੇ ਇਹ ਇਮਾਰਤਾਂ ਉਤਨੀਆਂ ਹੀ ਵਿਸ਼ਾਲ ਅਤੇ ਮਜ਼ਬੂਤ ਸਨ ਜਿਤਨੇ ਵਿਸ਼ਾਲ ਅਤੇ ਮਜ਼ਬੂਤ ਸਿੰਘ ਸਰਦਾਰਾਂ ਦੇ ਹੌਸਲੇ ਸਨ।[82]

ਨਾਜੀਬਉਦ-ਦੋਲਾ ਉਪਰ ਚੜ੍ਹਾਈ ਕਰਨ ਦਾ ਗੁਰਮਤਾ (ਅਕਤੂਬਰ, 1765) : ਅਹਿਮਦ ਸ਼ਾਹ ਅਬਦਾਲੀ ਜਿਸ ਤਰ੍ਹਾਂ ਦੀਆਂ ਪਰਸਥਿਤੀਆਂ ਵਿਚ ਪੰਜਾਬ ਤੋਂ ਵਾਪਸ ਗਿਆ ਸੀ ਉਨ੍ਹਾਂ ਅਨੁਸਾਰ ਦਲ ਖਾਲਸੇ ਨੂੰ ਮਹਿਸੂਸ ਹੁੰਦਾ ਸੀ ਕਿ ਜਾਂ ਤਾਂ ਅਬਦਾਲੀ ਹੁਣ ਮੁੜ ਕੇ ਪੰਜਾਬ 'ਤੇ ਹਮਲਾ ਨਹੀਂ ਕਰੇਗਾ ਅਤੇ ਜੇ ਕਰੇਗਾ ਵੀ ਤਾਂ ਪਹਿਲਾਂ ਵਾਂਗ ਉਸ ਦੀ ਸ਼ਕਤੀ ਨਹੀਂ ਹੋਵੇਗੀ। ਦਲ ਖਾਲਸੇ ਦਾ ਇਸ ਸਮੇਂ ਪੰਜਾਬ ਦੇ ਤਕਰੀਬਨ ਹਰ ਉਸ ਇਲਾਕੇ ਉੱਤੇ ਕਬਜ਼ਾ ਸੀ ਜਿਹੜਾ ਸੈਨਿਕ ਦਰਿਸ਼ਟੀਕੋਣ ਤੋਂ ਮਹੱਤਵਪੂਰਨ ਸੀ। ਭਾਰਤ ਵਿਚ ਸਿਰਫ਼ ਦਿੱਲੀ

81. ਗਯਾਨੀ ਗਯਾਨ ਸਿੰਘ, *ਤਵਾਰੀਖ਼ ਸ੍ਰੀ ਅੰਮ੍ਰਿਤਸਰ*, ਪੰਨਾ 21 ਅਤੇ ਦੀਵਾਨ ਰਾਮ ਜਸ, *ਤਾਰਿਖ-ਏ-ਰਿਆਸਤ ਕਪੂਰਥਲਾ*, ਗੁਰੂ ਗੋਬਿੰਦ ਸਿੰਘ ਪਰੈਸ, ਲਾਹੌਰ, 1897, ਪੰਨੇ 196-97.
82. ਗਯਾਨੀ ਗਯਾਨ ਸਿੰਘ, *ਤਵਾਰੀਖ਼ ਸ੍ਰੀ ਅੰਮ੍ਰਿਤਸਰ*, ਪੰਨਾ 21

ਵਿਖੇ ਹੀ ਨਾਜੀਬਉਦ-ਦੌਲਾ, ਅਬਦਾਲੀ ਦਾ ਨੁਮਾਇੰਦਾ ਸੀ। 1765 ਦੀ ਦੀਵਾਲੀ ਨੂੰ ਜਦੋਂ ਸਿਰੀ ਅਕਾਲ ਤਖ਼ਤ ਸਾਹਿਬ 'ਤੇ ਸਰਬੱਤ ਖ਼ਾਲਸਾ ਸਮਾਗਤ ਹੋਇਆ ਸੀ ਤਾਂ ਉਸ ਵਿਚ ਵਿਚਾਰ ਹੋਈ ਸੀ ਕਿ ਦਿੱਲੀ ਉਪਰ ਹਮਲਾ ਕਰ ਕੇ ਨਾਜੀਬਉਦ-ਦੌਲਾ ਨੂੰ ਭਜਾ ਦਿੱਤਾ ਜਾਵੇ। ਇਸ ਤਹਿਤ ਦਲ ਖ਼ਾਲਸੇ ਦੇ ਦੋ ਹਿੱਸਿਆਂ ਨੇ ਦੋ ਪਾਸਿਆਂ ਤੋਂ ਦਿੱਲੀ 'ਤੇ ਚੜ੍ਹਾਈ ਕਰਨੀ ਸੀ। ਇਕ ਹਿੱਸੇ ਨੇ ਬੁੜੀਆ ਘਾਟ ਤੋਂ ਦੀ ਹਮਲਾ ਕਰਨਾ ਸੀ ਅਤੇ ਦੂਜੇ ਹਿੱਸੇ ਨੇ ਨਾਜੀਬਉਦ-ਦੌਲਾ ਦੀ ਉਤਰੀ ਦਿੱਲੀ ਵਾਲੀ ਜਾਗੀਰ ਉਪਰ ਹਮਲਾ ਕਰਨਾ ਸੀ। ਇਸ ਤਰ੍ਹਾਂ ਕੀਤਾ ਗਿਆ ਅਤੇ ਨਾਜੀਬ ਤੋਂ ਨਜ਼ਰਾਨਾ ਲਿਆ ਗਿਆ।[83] ਇਸ ਦੇ ਪਰਤੀਕਰਮ ਵਜੋਂ ਭਾਵੇਂ ਅਬਦਾਲੀ ਇਕ ਵਾਰ ਫਿਰ ਹਮਲਾਵਰ ਹੋ ਕੇ ਆਇਆ ਪਰ ਉਹ ਲਾਹੌਰ ਤਕ ਨਹੀਂ ਪਹੁੰਚ ਸਕਿਆ। ਇਸ ਸਮੇਂ ਭਾਵੇਂ ਪੰਜਾਬ ਵਿਚ ਕਈ ਐਸੀਆਂ ਰਿਆਸਤਾਂ ਸਨ ਜੋ ਅਬਦਾਲੀ ਦੀਆਂ ਹਮਾਇਤੀ ਸਨ ਜਿਵੇਂ ਕਿ ਕਸੂਰ, ਮਲੇਰ ਕੋਟਲਾ ਅਤੇ ਮੁਲਤਾਨ ਆਦਿ। ਪਰ ਇਹ ਰਿਆਸਤਾਂ ਅਬਦਾਲੀ ਦੀ ਸਹਾਇਤਾ ਤੋਂ ਬਿਨ੍ਹਾਂ ਪੰਜਾਬ ਵਿਚ ਬਿਲਕੁਲ ਪਰਭਾਵਹੀਣ ਸਨ। ਇਨ੍ਹਾਂ ਨੇ ਸਿੱਖ ਸਰਦਾਰਾਂ ਨਾਲ ਬਣਾ ਕੇ ਰਖਣ ਵਿਚ ਹੀ ਆਪਣੀ ਭਲਾਈ ਸਮਝੀ ਸੀ।

1765 ਦਾ ਸਾਲ ਪੰਜਾਬ ਦੀ ਧਰਤੀ ਉੱਤੇ ਸਿੱਖ ਸਰਦਾਰਾਂ ਦੀ ਰਾਜ ਸ਼ਕਤੀ ਦੀ ਸ਼ੁਰੂਆਤ ਦਾ ਸਾਲ ਸੀ। ਬੰਦਾ ਸਿੰਘ ਬਹਾਦਰ ਦੀ ਸ਼ਹਾਦਤ (1716) ਤੋਂ ਲੈ ਕੇ ਇਕ ਲੰਮੀ ਖ਼ੂਨੀ ਜਦੋ-ਜਹਿਦ ਅਤੇ ਅਨੇਕਾਂ ਉਤਰਾਵਾਂ ਚੜ੍ਹਾਵਾਂ ਪਿੱਛੋਂ ਇਹ ਸਮਾਂ ਪਰਾਪਤ ਹੋਇਆ ਸੀ। ਇਹ ਪਰਾਪਤੀ ਸਿੱਖ ਸਰਦਾਰਾਂ ਦੇ ਉਸ ਵਿਸ਼ਵਾਸ ਦੀ ਪਰਾਪਤੀ ਸੀ ਜਿਸ ਤਹਿਤ ਉਨ੍ਹਾਂ ਨੇ ਹੱਸ ਹੱਸ ਕੇ ਦੁਖ-ਤਸੀਹੇ ਝਲਦੇ ਹੋਇਆਂ ਨੇ ਸ਼ਹਾਦਤਾਂ ਦਿੱਤੀਆਂ ਸਨ। ਖ਼ਾਲਸੇ ਦਾ ਵਿਸ਼ਵਾਸ ਸੀ ਕਿ ਦਸਮ ਪਾਤਸ਼ਾਹ ਆਪਣੇ ਪੰਥ ਨੂੰ ਇਕ ਦਿਨ ਜ਼ਰੂਰ ਪੰਜਾਬ ਦੀ ਧਰਤੀ ਦਾ ਹੁਕਮਰਾਨ ਬਣਾਵੇਗਾ। ਇਹ ਜਿੱਤ ਸਿੱਖ ਸਰਦਾਰਾਂ ਦੀ ਉਸ ਦਰਿੜਤਾ ਦਾ ਪਰਤੀਕ ਸੀ ਜਿਸ ਰਾਹੀਂ ਉਹ ਖ਼ੂਨੀ ਘਲੂਘਾਰਿਆਂ ਵਿਚੋਂ ਚਟਾਨ ਵਾਂਗ ਅਡੋਲ ਰਹਿੰਦਿਆਂ ਵਿਚਰੇ ਸਨ। ਖ਼ਾਲਸੇ ਦਾ ਭਰੋਸਾ ਸੀ ਕਿ ਉਸ ਨੂੰ ਸਿਰਫ਼ ਰਾਜ ਕਰਨ ਲਈ ਹੀ ਸਾਜਿਆ ਗਿਆ ਹੈ ਅਤੇ ਗਰੀਬਾਂ ਨੂੰ ਉਪਰ ਚੁਕਣਾ ਹੀ ਉਸ ਦਾ ਮਨੋਰਥ ਹੈ।

ਇਹ ਸਿੱਖ ਸਰਦਾਰ ਜਿਹੜੇ ਅਜ ਪੰਜਾਬ ਦੀ ਧਰਤੀ ਦੇ ਹਾਕਮ ਬਣ ਗਏ ਹਨ, ਕਿਸੇ ਸਮੇਂ ਖ਼ੁਦ ਵੀ ਹਲ ਵਾਹਕ, ਕਿਰਤੀ ਅਤੇ ਨੀਵੀਆਂ ਜਾਤਾਂ ਨਾਲ ਸੰਬੰਧਤ ਸਨ। ਇਸ ਸਮੇਂ ਦੇ ਪੰਜਾਬ ਦੇ ਸਰਦਾਰ ਹਾਕਮਾਂ ਵਿਚ ਸਿਰਫ਼ ਜੱਟ ਹੀ ਨਹੀਂ ਸਨ ਸਗੋਂ ਜੱਸਾ ਸਿੰਘ ਆਹਲੂਵਾਲੀਆ ਵਰਗੇ ਉਸ ਕਲਾਲ ਜਾਤੀ ਦੇ ਲੋਕ ਵੀ ਸਨ ਜਿਨਾਂ ਨੂੰ ਬ੍ਰਾਹਮਣਵਾਦੀ ਸਮਾਜ ਨੇ ਸ਼ਰਾਬ ਕੱਢਣ ਦਾ ਧੰਧਾ ਕਰਨ ਕਰਕੇ ਛੁਟਿਆਇਆ ਹੋਇਆ ਸੀ। ਇਹ ਸਰਦਾਰ ਸਮੁੱਚੀ ਸਿੱਖ ਸ਼ਕਤੀ ਦਾ ਪਰਤੀਕ ਸੀ। ਜੱਸਾ ਸਿੰਘ ਰਾਮਗੜ੍ਹੀਆ ਵਰਗੇ ਹਾਕਮ ਵੀ ਸਨ ਜਿਹੜੇ ਪੰਜਾਬ ਦੀ ਪਛੜੀ ਜਾਂ ਕਿਰਤੀ ਸ਼ਰੈਣੀ ਨਾਲ ਸਬੰਧਤ ਸਨ। ਤਾਰਾ ਸਿੰਘ ਘੈਬਾ ਵਰਗੇ ਲੋਕ ਪਹਿਲਾਂ ਭੇਡਾਂ ਬਕਰੀਆਂ ਦੇ ਚਰਵਾਹੇ ਸਨ ਪਰ ਅਜ ਹਾਕਮ ਬਣੇ ਹੋਏ ਸਨ। ਘੋੜਿਆਂ ਦੀ ਲਿੱਦ ਇਕੱਠੀ ਕਰਨ ਵਾਲਾ ਕਪੂਰ ਸਿੰਘ ਖ਼ਾਲਸੇ ਦਾ ਸੁਪਰੀਮ ਕਮਾਂਡਰ ਰਿਹਾ ਸੀ। ਸਿੱਖ ਹਾਕਮਾਂ ਵਿਚ ਚੂੜੇ-ਚਮਿਆਰ ਜੈਸੀਆਂ ਅਛੂਤ ਜਾਤੀਆਂ ਦੇ ਲੋਕ ਵੀ ਸ਼ਾਮਲ ਸਨ

---

83. ਰਤਨ ਸਿੰਘ ਭੰਗੂ, ਪੰਨੇ 425-26.

ਜਿਨ੍ਹਾਂ ਨੇ ਆਪਣੀ ਆਪਣੀ ਧਰਤੀ ਮਲ ਲਈ ਸੀ। ਮਦਨ ਸਿੰਘ ਅਤੇ ਬੀਰ ਸਿੰਘ ਇਸ ਜਾਤੀ ਦੇ ਲੋਕਾਂ ਦੇ ਨੁਮਾਇੰਦੇ ਸਨ। ਇਸ ਸਭ ਕੁਝ ਦੇ ਪਿੱਛੇ ਜਿਹੜੀ ਸ਼ਕਤੀ ਸੀ ਉਹ ਸੀ ਸਿਰੀ ਅਕਾਲ ਤਖ਼ਤ ਸਾਹਿਬ, ਜਿਥੋਂ ਖਾਲਸਾ ਹਮੇਸ਼ਾਂ ਦਸਾਂ ਨੌਹਾਂ ਦੀ ਕਿਰਤ ਕਰਨ ਵਾਲੇ ਦੀ ਰੱਖਿਆ ਕਰਨ ਦੀ ਅਤੇ ਜਬਰ-ਜ਼ੁਲਮ ਨਾਲ ਲੜਨ ਦੀ ਪਰੇਰਨਾ ਲੈਂਦਾ ਰਿਹਾ ਸੀ। ਸਰਬੱਤ ਖਾਲਸਾ ਅਤੇ ਗੁਰਮਤਾ ਦੀਆਂ ਸੰਸਥਾਵਾਂ ਨੇ ਖਾਲਸੇ ਨੂੰ ਹਰ ਸੰਕਟ ਵਿਚ ਵਿਜਈ ਕਰ ਕੇ ਉਭਾਰਿਆ ਸੀ। ਇਨ੍ਹਾਂ ਸੰਸਥਾਵਾਂ ਦੀ ਛਤਰ ਛਾਇਆ ਹੇਠ ਰਹਿ ਕੇ ਖਾਲਸੇ ਨੂੰ ਨਾ ਹੀ ਕਦੇ ਆਪਣੇ ਆਗੂ ਚੁਣਨ ਦੀ ਕੋਈ ਔਕੜ ਆਈ ਸੀ ਅਤੇ ਨਾ ਹੀ ਖਾਲਸਾ ਕਦੇ ਮੌਤ ਤੋਂ ਡਰਿਆ ਸੀ। ਨੇਤਾ ਬਣਨ ਵਾਲਾ ਵਿਅਕਤੀ ਭਾਵੇਂ ਘੋੜਿਆਂ ਦੀ ਲਿੱਦ ਚੁਕਣ ਵਾਲਾ ਹੁੰਦਾ ਜਾਂ ਸ਼ਰਾਬ ਦਾ ਧੰਧਾ ਕਰਨ ਵਾਲੇ ਕਲਾਲ ਅਤੇ ਸਮਾਜ ਤੋਂ ਛੁਟਿਆਏ ਹੋਏ ਕਬੀਲੇ ਨਾਲ ਸੰਬੰਧਤ ਹੁੰਦਾ ਪਰ ਜਦੋਂ ਉਹ ਸਿਰੀ ਅਕਾਲ ਤਖ਼ਤ ਸਾਹਿਬ ਉਪਰ ਕੀਤੇ ਗਏ ਸਰਬੱਤ ਖਾਲਸਾ ਸਮਾਗਤ ਵਿਚੋਂ ਗੁਰਮਤੇ ਰਾਹੀਂ ਇਕ ਵਾਰ ਖਾਲਸੇ ਦਾ ਨੇਤਾ ਚੁਣਿਆ ਜਾਂਦਾ ਤਾਂ ਉਹੀ ਵਿਅਕਤੀ ਖਾਲਸੇ ਲਈ ਨਵਾਬ ਜਾਂ ਸੁਲਤਾਨ-ਉਲ-ਕੌਮ ਹੋ ਨਿਬੜਦਾ ਸੀ। ਇਹ ਸਭ ਸਿਰੀ ਅਕਾਲ ਤਖ਼ਤ ਸਾਹਿਬ, ਸਰਬੱਤ ਖਾਲਸਾ ਅਤੇ ਗੁਰਮਤੇ ਦੀਆਂ ਮਹਾਨ ਸੰਸਥਾਵਾਂ ਦੀ ਹੀ ਦੇਣ ਸੀ।

ਸਿਰੀ ਅਕਾਲ ਤਖ਼ਤ ਸਾਹਿਬ ਜੈਸੀ ਮਹਾਨ ਸੰਸਥਾ ਦਾ ਪਰਬੰਧ ਵੀ ਲੋਹੇ ਦੀਆਂ ਚਟਾਨਾਂ ਜੈਸੇ ਮਜ਼ਬੂਤ ਇਰਾਦਿਆਂ ਵਾਲੇ ਅਤੇ ਬੱਬਰ ਸ਼ੇਰਾਂ ਜੈਸਾ ਦਿਲ ਰੱਖਣ ਵਾਲੇ ਅਕਾਲੀ ਸਿੰਘਾਂ ਕੋਲ ਹੁੰਦਾ ਸੀ। ਅਕਾਲੀ ਜਾਂ ਨਿਹੰਗ ਤੇ ਇਕੋ ਹੀ ਭਾਵ ਹੈ। ਅਕਾਲੀ ਉਹ ਸਿੰਘ ਹਨ ਜੋ ਖਾਲਸੇ ਦੀ ਸਾਜਨਾ ਤੋਂ ਲੈ ਕੇ ਹੀ ਲਗਾਤਾਰ ਉਸੇ ਲਿਬਾਸ ਨੂੰ ਅਪਣਾਈ ਚਲੇ ਆ ਰਹੇ ਸਨ ਜੋ ਲਿਬਾਸ ਸਾਹਿਬ ਸਿਰੀ ਗੁਰੂ ਗੋਬਿੰਦ ਸਿੰਘ ਜੀ ਨੇ ਖਾਲਸੇ ਦੀ ਸਾਜਨਾ ਸਮੇਂ ਖਾਲਸੇ ਨੂੰ ਪਹਿਨਾਇਆ ਸੀ। ਅਰਥਾਤ ਅਕਾਲੀ ਜਾਂ ਨਿਹੰਗ ਖਾਲਸੇ ਦੇ ਮੌਲਿਕ ਰੂਪ ਦਾ ਹੀ ਦੀਦਾਰ ਸਨ। ਜਦੋਂ ਨਵਾਬ ਕਪੂਰ ਸਿੰਘ ਦੀ ਅਗਵਾਈ ਹੇਠ ਬੁੱਢਾ ਦੱਲ ਅਤੇ ਤਰੁਣਾ ਦਲ ਜੱਥਿਆਂ ਦੀ ਬਣਤਰ ਕੀਤੀ ਗਈ ਸੀ ਤਾਂ ਉਸ ਸਮੇਂ ਵੀ ਖਾਲਸੇ ਦਾ ਇਹੀ ਲਿਬਾਸ ਸੀ ਅਤੇ ਅਕਾਲੀ ਜਾਂ ਨਿਹੰਗ ਹੀ ਖਾਲਸਾ ਜੀ ਦੇ ਨਿਸ਼ਾਨਾਂ ਨੂੰ ਚੁੱਕ ਕੇ ਅਗੇ ਅਗੇ ਤੁਰਦੇ ਸਨ ਅਤੇ ਇਹ ਲੋਕ ਕੱਟ ਮਰਦੇ ਸਨ ਪਰ ਆਪਣੇ ਹੱਥਾਂ ਵਿਚ ਪਕੜੇ ਨਿਸ਼ਾਨ ਸਾਹਿਬ ਨੂੰ ਡਿਗਣ ਨਹੀਂ ਸੀ ਦਿੰਦੇ। ਇਸ ਕਰ ਕੇ ਹੀ ਇਹ ਸਿੱਖ, ਸ਼ਹੀਦ ਹੋਣ ਵਾਲੇ ਸਿੰਘਾਂ ਦੇ ਤੌਰ 'ਤੇ ਜਾਣੇ ਜਾਂਦੇ ਸਨ। ਦਲ ਖਾਲਸੇ ਦੀ ਬਣਤਰ ਸਮੇਂ ਬਾਬਾ ਦੀਪ ਸਿੰਘ ਜੀ ਦੀ ਅਗਵਾਈ ਹੇਠ ਇਕ ਪੂਰੇ ਦਾ ਪੂਰਾ ਜੱਥਾ ਇਨ੍ਹਾਂ ਅਕਾਲੀਆਂ ਜਾਂ ਨਿਹੰਗਾਂ ਦਾ ਹੀ ਬਣਾਇਆ ਗਿਆ ਸੀ। ਇਸੇ ਜੱਥੇ ਨੂੰ ਹੀ ਪਿੱਛੋਂ ਸ਼ਹੀਦੀ ਜੱਥਾ ਜਾਂ ਮਿਸਲ ਸ਼ਹੀਦਾਂ ਕਿਹਾ ਜਾਣ ਲੱਗ ਪਿਆ। ਮਿਸਲਾਂ ਦਾ ਰਾਜ ਸਥਾਪਤ ਹੋ ਜਾਣ ਸਮੇਂ ਇਹ ਸਿਰਫ਼ ਨਿਹੰਗ ਜਾਂ ਅਕਾਲੀ ਸਿੰਘਾਂ ਵਾਲੀ ਸ਼ਹੀਦੀ ਮਿਸਲ ਹੀ ਸੀ ਜਿਸ ਨੇ ਆਪਣੀ ਕੋਈ ਜ਼ਮੀਨ ਜਾਇਦਾਦ ਨਹੀਂ ਬਣਾਈ ਸਗੋਂ ਇਸ ਦਾ ਮੁੱਖ ਨਿਸ਼ਾਨਾ ਗੁਰਦੁਆਰਿਆਂ ਦੀ ਸਾਂਭ-ਸੰਭਾਲ ਦਾ ਹੀ ਹੁੰਦਾ ਸੀ। ਅਠਾਰਵੀਂ ਸਦੀ ਵਿਚ ਮੁਖ ਤੌਰ 'ਤੇ ਗੁਰਦੁਆਰੇ ਜਾਂ ਤਖ਼ਤ ਅੰਮ੍ਰਿਤਸਰ, ਕੇਸਗੜ੍ਹ ਸਾਹਿਬ, ਦਮਦਮਾ ਸਾਹਿਬ ਅਤੇ ਮੁਕਤਸਰ ਹੀ ਇਨ੍ਹਾਂ ਦੇ ਡੇਰੇ ਹੁੰਦੇ ਸਨ। ਇਹ ਲੋਕ ਆਪਣੀ ਨਿਤ ਦੀ ਬੋਲਚਾਲ ਵਿਚ ਜਾਂ ਨਾਮ ਜਪਣ ਵਿਚ ਅਕਾਲ ਅਕਾਲ ਦਾ ਉਚਾਰਣ ਜ਼ਿਆਦਾ ਕਰਨ ਕਰ ਕੇ ਅਕਾਲੀ ਵੀ ਕਹੇ ਜਾਂਦੇ ਸਨ।

ਨਿਹੰਗ ਅਤੇ ਅਕਾਲੀ ਦੋਵਾਂ ਸ਼ਬਦਾਂ ਦੇ ਅਰਥ ਇਕ ਹੀ ਹਨ। ਇਹ ਮੌਤ ਦੇ ਡਰ ਤੋਂ ਰਹਿਤ, ਸੂਰਬੀਰ ਅਤੇ ਯੋਧੇ ਲੋਕ ਸਨ।[84] ਸਿੱਖ ਮਿਸਲਾਂ ਦੇ ਉਥਾਨ ਨਾਲ ਹੀ ਅਕਾਲੀ ਸਿੰਘ, ਸਿਰੀ ਅਕਾਲ ਤਖ਼ਤ ਸਾਹਿਬ ਦੇ ਸੇਵਾਦਾਰ ਬਣ ਕੇ ਸਾਹਮਣੇ ਆ ਗਏ ਸਨ। ਇਸ ਕਰ ਕੇ ਸਿਰੀ ਅਕਾਲ ਤਖ਼ਤ ਸਾਹਿਬ ਉਪਰ ਹੋਣ ਵਾਲੇ ਹਰ ਸਮਾਗਮ ਦੀ ਦੇਖਭਾਲ ਜਾਂ ਕਾਰਵਾਈ ਸਿਰਫ਼ ਅਕਾਲੀ ਸਿੰਘ ਹੀ ਕਰਦੇ ਸਨ। ਯੂਰਪੀਅਨ ਲੇਖਕਾਂ ਨੇ ਵੀ ਇਸ ਗੱਲ ਦੀ ਪੁਸ਼ਟੀ ਕੀਤੀ ਹੈ : ਮੈਲਕਾਮ ਨੇ ਆਪਣੀ ਲਿਖਤ *ਸਕੈਚ ਆਫ਼ ਦਾ ਸਿਖਸ* ਵਿਚ ਅਕਾਲੀ ਜਾਂ ਨਿਹੰਗਾਂ ਬਾਰੇ ਕਾਫ਼ੀ ਵਿਸਥਾਰ ਵਿਚ ਲਿਖਿਆ ਹੈ ਜਿਸ ਦਾ ਸਾਰੰਸ਼ ਇਸ ਤਰ੍ਹਾਂ ਹੈ : ਅਕਾਲੀ ਸਿੰਘ ਸ਼ਰਧਾਲੂਆਂ ਦੀ ਇਕ ਜਮਾਤ ਹਨ। ਜਿਨ੍ਹਾਂ ਨੂੰ ਗੁਰੂ ਗੋਬਿੰਦ ਸਿੰਘ ਜੀ ਰਾਹੀਂ ਸਥਾਪਤ ਕੀਤਾ ਗਿਆ ਮੰਨਿਆ ਜਾਦਾ ਹੈ। ਇਹ ਨੀਲੇ ਰੰਗ ਦੇ ਕਪੜੇ ਪਹਿਨਦੇ ਸਨ, ਆਪਣੀਆਂ ਕਲਾਈਆਂ ਵਿਚ ਲੋਹੇ ਦੇ ਕੜੇ ਪਹਿਨਦੇ ਸਨ, ਸ਼ਰਧਾਲੂ ਨੂੰ ਸਿੱਖ ਧਰਮ ਵਿਚ ਲਿਆਉਂਦੇ ਸਨ ਅਤੇ ਅੰਮ੍ਰਿਤਸਰ ਵਿਖੇ ਹੋਣ ਵਾਲੀਆਂ ਸਾਰੀਆਂ ਕਾਰਵਾਈਆਂ ਦੇ ਇਕੋ-ਇਕ ਨਿਰਦੇਸ਼ਕ ਹੁੰਦੇ ਸਨ। ਇਹ ਅੰਮ੍ਰਿਤਸਰ ਵਿਖੇ ਹੀ ਰਹਿੰਦੇ ਸਨ। ਇਹ ਆਪਣੇ ਆਪ ਨੂੰ ਅੰਮ੍ਰਿਤਸਰ ਦੇ ਰਾਖੇ ਸਮਝਦੇ ਸਨ ਅਤੇ ਇਸ ਅਸਥਾਨ ਨੂੰ ਇਹ ਸਿਰਫ਼ ਅਤਿ ਦਰਜੇ ਦੇ ਸਕੰਟ ਕਾਲ ਵਿਚ ਹੀ ਛਡਣ ਲਈ ਤਿਆਰ ਸਨ ਨਹੀਂ ਤਾਂ ਇਹ ਇਸ ਅਸਥਾਨ ਨੂੰ ਛਡਣਾ ਚਾਹੁੰਦੇ ਹੀ ਨਹੀਂ। ਸਿੱਖਾਂ ਦਾ ਇਹ ਫਿਰਕਾ ਅੰਮ੍ਰਿਤਸਰ ਦੇ ਪਵਿੱਤਰ ਸਰੋਵਰ ਦੇ ਕੰਢੇ 'ਤੇ ਉਸਰੇ (ਅਕਾਲ) ਬੁੰਗੇ ਵਿਚ ਰਹਿੰਦਾ ਹੈ ਪਰ ਇਨ੍ਹਾਂ ਵਿਚੋਂ ਕੁਝ ਦੀਆਂ ਜਾਤੀ ਤੌਰ 'ਤੇ ਬਾਹਰ ਜਾਇਦਾਦਾਂ ਵੀ ਸਨ ਪਰ ਇਹ ਮੁੱਖ ਤੌਰ 'ਤੇ ਗਰੀਬ ਹੀ ਹੁੰਦੇ ਸਨ ਅਤੇ ਦਾਨ ਦੇ ਭੋਜਨ ਤੇ ਹੀ ਆਪਣਾ ਗੁਜ਼ਾਰਾ ਕਰਦੇ ਸਨ। ਇਹ ਕਸੂਰਵਾਰ ਸਿੱਖ ਸਰਦਾਰਾਂ ਨੂੰ ਤਨਖ਼ਾਹਾਂ ਲਾਉਂਦੇ ਸਨ ਅਤੇ ਸਜਾਵਾਂ ਦਿੰਦੇ ਸਨ। ਅੰਮ੍ਰਿਤਸਰ ਵਿਖੇ ਪੂਜਾ-ਪਾਠ ਕਰਨ ਤੋਂ ਵੀ ਰੋਕਦੇ ਸਨ। ਸਿੱਖ ਸਰਦਾਰ ਇਨ੍ਹਾਂ ਨਾਲ ਬਿਗਾੜਨ ਤੋਂ ਝਿਜਕਦੇ ਸਨ ਅਤੇ ਜਿਹੜਾ ਸਰਦਾਰ ਇਨ੍ਹਾਂ ਵਿਚ ਬਦਨਾਮ ਹੋ ਜਾਂਦਾ ਸੀ ਤਾਂ ਉਹ ਨਾ ਹੀ ਸਿਰਫ਼ ਅੰਮ੍ਰਿਤਸਰ ਆਉਣ ਤੋਂ ਹੀ ਗੁਰੇਜ਼ ਕਰਦਾ ਸੀ ਸਗੋਂ ਆਪਣੇ ਪੈਰੋਕਾਰਾਂ ਨੂੰ ਵੀ ਖ਼ਬਰਦਾਰ ਕਰਦਾ ਸੀ। ਅਕਾਲੀ, ਗੁਰੂ ਗੋਬਿੰਦ ਸਿੰਘ ਰਾਹੀਂ ਸਥਾਪਤ ਕੀਤੇ ਸਿਧਾਂਤਾਂ ਨੂੰ ਕਾਇਮ ਰਖਣ ਵਿਚ ਸਭ ਤੋਂ ਵਧ ਦਿਲਚਸਪੀ ਰਖਦੇ ਸਨ। ਇਹ ਅੰਮ੍ਰਿਤਸਰ ਨੂੰ ਵੀ ਖਾਲਸੇ ਦੀਆਂ ਸਰਗਰਮੀਆਂ ਦਾ ਕੇਂਦਰ ਬਣਾ ਕੇ ਰਖਣ ਵਿਚ ਆਪਣੀ ਦਿਲਚਸਪੀ ਰਖਦੇ ਸਨ। ਜਦੋਂ ਗੁਰਮਤਾ ਕਰਲ ਲਈ ਸਰਬੱਤ ਖਾਲਸਾ ਬੁਲਾਇਆ ਜਾਂਦਾ ਸੀ ਤਾਂ ਸਾਰੇ ਸਿੱਖ ਸਰਦਾਰ ਅੰਮ੍ਰਿਤਸਰ ਇਕੱਠੇ ਹੁੰਦੇ ਸਨ। ਇਹ ਗੁਰਮਤਾ ਪਾਸ ਕਰਨ ਵਾਲੀ ਅਸੈਂਬਲੀ (ਸਰਬੱਤ ਖਾਲਸਾ) ਅਕਾਲੀ ਸਿੰਘ ਰਾਹੀਂ ਹੀ ਬੁਲਾਈ ਜਾਂਦੀ ਸੀ। ਜਦੋਂ ਸਾਰੇ ਸਿੱਖ ਸਰਦਾਰ ਇਕੱਠੇ ਹੁੰਦੇ ਸਨ ਤਾਂ ਉਨ੍ਹਾਂ ਨੂੰ ਕਿਹਾ ਜਾਦਾ ਸੀ ਕਿ ਉਹ ਆਪਣੀਆਂ ਜਾਤੀ ਰੰਜਸ਼ਾਂ ਨੂੰ ਇਕ ਪਾਸੇ ਰੱਖ ਦੇਣ ਅਤੇ ਸਿਰਫ਼ ਆਪਣੀ ਸਮੁੱਚੀ ਭਲਾਈ ਬਾਰੇ ਸੋਚਣ। ਸਮੁਚੀ ਸਭਾ ਵਿਚਕਾਰ ਦਸਮ ਗ੍ਰੰਥ (ਸ੍ਰੀ ਗੁਰੂ ਗ੍ਰੰਥ ਸਾਹਿਬ) ਬਿਰਾਜਮਾਨ ਕੀਤੇ ਜਾਂਦੇ ਸਨ ਅਤੇ ਇਕੱਠਾ ਹੋਣ ਵਾਲਾ ਹਰ ਸਰਦਾਰ ਪਹਿਲਾਂ ਇਥੇ ਸੀਸ ਝੁਕਾਉਂਦਾ ਸੀ। ਬਹੁਤ ਵੱਡੀ ਮਾਤਰਾ ਵਿਚ ਕੜਾਹ ਪਰਸ਼ਾਦ ਤਿਆਰ ਕਰਕੇ ਰਖਿਆ ਜਾਂਦਾ ਸੀ। ਸ਼ਬਦ ਕੀਰਤਨ ਹੁੰਦਾ ਸੀ। ਅਕਾਲੀ ਸਿੰਘ

---

84. ਕਾਨ੍ਹ ਸਿੰਘ ਨਾਭਾ, ਪੰਨੇ 27 ਅਤੇ 527.

ਅਰਦਾਸ ਕਰਦਾ ਸੀ ਅਤੇ ਕੜਾਹ ਪ੍ਰਸ਼ਾਦ ਵਰਤਾਉਂਦਾ ਸੀ। ਉਪਰੰਤ, ਅਕਾਲੀ, ਸਾਰੀ ਸਭਾ ਨੂੰ ਸੰਬੋਧਨ ਕਰਕੇ ਕਹਿੰਦੇ ਸਨ ਕਿ ਇਹ ਗੁਰਮਤਾ ਪਾਸ ਕਰਨਾ ਹੈ। ਫਿਰ ਇਸ ਬਾਰੇ ਵਿਚਾਰ-ਵਟਾਂਦਰਾ ਹੁੰਦਾ ਸੀ। ਇਸ ਤਰ੍ਹਾਂ ਖੁੱਲ੍ਹੇ ਵਿਚਾਰ ਵਟਾਂਦਰੇ ਤੋਂ ਪਿੱਛੋਂ ਅਕਾਲੀ ਸਿੰਘ ਗੁਰਮਤਾ ਪਾਸ ਹੋਣ ਦਾ ਐਲਾਨ ਕਰਦਾ ਸੀ।[85]

ਕਨਿੰਘਮ ਅਕਾਲੀਆਂ ਬਾਰੇ ਲਿਖਦਾ ਹੋਇਆ ਦੱਸਦਾ ਹੈ ਕਿ ਖਾਲਸੇ ਦੀਆਂ ਬਾਕਾਇਦਾ ਮਿਸਲਾਂ ਦੇ ਨਾਲ ਨਾਲ, ਜਿਹੜੀਆਂ ਕਿ ਕੁਝ ਹੱਦ ਤਕ ਦੂਜੀ ਦੇ ਮਾਤਹਿਤ ਸਨ, ਇਕ ਮਿਸਲ ਅਜਿਹੇ ਲੋਕਾਂ ਦੀ ਵੀ ਸੀ ਜਿਨ੍ਹਾਂ ਨੇ ਕਿਸੀ ਵੀ ਦੁਨਿਆਵੀ ਹਾਕਮ ਦੀ ਅਧੀਨਗੀ ਨਹੀਂ ਸੀ ਕਬੂਲੀ ਹੋਈ ਅਤੇ ਜਿਹੜੇ ਸਿਰਫ਼ ਸਿੱਖ ਧਰਮ ਦੇ ਧਾਰਮਿਕ ਪੱਖ ਦੀ ਹੀ ਪਰਤੀਨਿਧਤਾ ਕਰਦੇ ਸਨ। ਇਹ ਲੋਕ ਅਕਾਲੀ ਸਨ ਜਿਹੜੇ ਆਪਣੇ ਆਪ ਨੂੰ ਅਮਰ ਅਤੇ ਅਕਾਲ ਪੁਰਖ ਦੇ ਸਿਪਾਹੀ ਸਮਝਦੇ ਸਨ। ਇਨ੍ਹਾਂ ਦਾ ਵਿਸ਼ਵਾਸ ਹੈ ਕਿ ਗੁਰੂ ਗੋਬਿੰਦ ਸਿੰਘ ਜੀ ਨੇ ਇਨ੍ਹਾਂ ਨੂੰ ਆਪਣਾ ਸਭ ਕੁਝ ਤਿਆਗ ਕੇ ਅਤੇ ਹਥਿਆਰਬੰਦ ਹੋ ਕੇ, ਆਪਣਾ ਆਪ ਪੰਥ ਉਤੋਂ ਦੀ ਕੁਰਬਾਨ ਕਰਨ ਦਾ ਹੁਕਮ ਦਿੱਤਾ ਹੋਇਆ ਹੈ। ਅਕਾਲੀਆਂ ਨੇ ਸੰਸਾਰ ਨੂੰ ਤਿਆਗਣ ਦੀ ਭਾਵਨਾ ਦੇ ਨਾਲ ਨਾਲ ਆਪਣੇ ਆਪ ਨੂੰ ਸਿੱਖ ਸੰਘਰਸ਼ ਦੌਰਾਨ ਜੰਗਜੂ ਕਾਰਵਾਈਆਂ ਨਾਲ ਵੀ ਜੋੜ ਕੇ ਰੱਖਿਆ ਸੀ। ਇਨ੍ਹਾਂ ਵਿਚਲੇ ਕੁਝ ਗਰੀਬ ਵਿਅਕਤੀ ਸਿਰਫ਼ ਗੁਰਦੁਆਰਿਆਂ ਵਿਚਲੀ ਸੇਵਾ ਕਰਕੇ ਹੀ ਸੰਤੁਸ਼ਟ ਰਹਿੰਦੇ ਸਨ ਪਰ ਕੁਝ ਵਧੇਰੇ ਜੋਸ਼ ਵਾਲੇ ਆਪਣੇ ਆਪ ਨੂੰ ਅੰਮ੍ਰਿਤਸਰ ਦੇ ਰਾਖੇ ਸਮਝਣ ਦੀ ਹੱਦ ਤਕ ਚਲੇ ਜਾਂਦੇ ਸਨ ਜਾਂ ਫਿਰ ਲੜਾਈ ਵਿਚ ਅੱਖਾਂ ਮੀਟ ਕੇ ਉਤਰਦੇ ਸਨ। ਇਹ ਆਪਣੇ ਆਪ ਨੂੰ ਧਰਮ ਦੇ ਵਿਆਖਿਆਕਾਰ ਵੀ ਸਮਝਦੇ ਹਨ। ਸਿੱਖ ਸਰਦਾਰਾਂ ਵਿਚ ਇਨ੍ਹਾਂ ਦਾ ਹਮੇਸ਼ਾਂ ਭੈਅ ਬਣਿਆ ਰਹਿੰਦਾ ਸੀ।[86]

ਇਸ ਤਰ੍ਹਾਂ ਤਕਰੀਬਨ 1760-61 ਤੋਂ ਪਿੱਛੋਂ ਸਿਰੀ ਦਰਬਾਰ ਸਾਹਿਬ ਅਤੇ ਸਿਰੀ ਅਕਾਲ ਤਖ਼ਤ ਸਾਹਿਬ ਸਮੇਤ ਹੋਰ ਧਾਰਮਿਕ ਅਸਥਾਨਾਂ 'ਤੇ ਅਕਾਲੀ ਸਿੰਘ ਹੀ ਕਾਬਜ਼ ਸਨ। ਸ਼ਹੀਦ ਗੁਰਬਖ਼ਸ਼ ਸਿੰਘ ਜੋ ਆਪਣੇ 30 ਸਾਥੀਆਂ ਸਮੇਤ, ਅਕਾਲ ਤਖ਼ਤ ਸਾਹਿਬ ਦੀ ਰੱਖਿਆ ਕਰਦੇ ਹੋਏ ਸ਼ਹੀਦ ਹੋਏ ਸਨ, ਅਕਾਲੀ ਸਿੰਘਾਂ ਦੇ ਮੁਖੀ ਹੀ ਸਨ। ਇਨ੍ਹਾਂ ਤੋਂ ਪਿੱਛੋਂ ਸਿਰਫ਼ ਅਕਾਲੀ ਨੈਣਾਂ ਸਿੰਘ ਜਾਂ ਨਰਾਇਣ ਸਿੰਘ ਦਾ ਨਾਂ ਹੀ ਆਉਂਦਾ ਹੈ ਜੋ ਮਿਸਲਾਂ ਸਮੇਂ ਅਕਾਲੀਆਂ ਦੇ ਅਤੇ ਅਕਾਲ ਤਖ਼ਤ ਸਾਹਿਬ ਦੇ ਜੱਥੇਦਾਰ ਸਨ।

1765 ਤੋਂ ਪਿੱਛੋਂ ਪੰਜਾਬ ਦੀ ਧਰਤੀ ਉਪਰ ਖਾਲਸਾ ਰਾਜ ਸਥਾਪਤ ਹੋ ਗਿਆ ਸੀ। ਪਹਿਲਾਂ ਮਿਸਲਾਂ ਦੇ ਰੂਪ ਵਿਚ ਅਤੇ ਪਿੱਛੋਂ ਮਹਾਰਾਜਾ ਰਣਜੀਤ ਸਿੰਘ ਅਤੇ ਉਸ ਦੇ ਉਤਰਧਿਕਾਰੀਆਂ ਦੇ ਰੂਪ ਵਿਚ। ਕਿਉਂਕਿ 1765 ਤੋਂ ਪਹਿਲਾਂ ਦੀ ਸਮੁਚੀ ਸਿੱਖ ਜਦੋ-ਜਹਿਦ ਸਿਰੀ ਅਕਾਲ ਤਖ਼ਤ ਸਾਹਿਬ, ਸਰਬੱਤ ਖਾਲਸਾ ਅਤੇ ਗੁਰਮਤੇ ਦੀਆਂ ਸੰਸਥਾਵਾਂ ਨਾਲ ਸਬੰਧਤ ਸੀ ਇਸ ਕਰਕੇ ਮਿਸਲਾਂ ਦੇ ਰੂਪ ਵਿਚ ਕਾਇਮ ਹੋਈਆਂ ਸਿੱਖ ਰਿਆਸਤਾਂ ਰਾਜ-ਭਾਗ ਪਰਾਪਤ ਕਰ ਲੈਣ ਪਿੱਛੋਂ ਵੀ ਇਨ੍ਹਾਂ ਹੀ ਸੰਸਥਾਵਾਂ ਨਾਲ ਸਬੰਧਤ ਰਹੀਆਂ। ਗੁਰਮਤਾ ਜਾਂ ਹੁਕਮਨਾਮਾ ਅਤੇ ਸਰਬੱਤ ਖਾਲਸੇ ਦਾ ਸੰਕਲਪ ਕੇਵਲ ਤੇ ਕੇਵਲ ਸਿੱਖਾਂ ਨਾਲ

85. Malcolm, *op. cit.*, pp. 92-98.

86. Cunningham, *op.cit.*, pp. 99-100.

ਹੀ ਸਬੰਧਤ ਹੈ।

ਬੰਦਾ ਸਿੰਘ ਬਹਾਦਰ ਦੀ ਸ਼ਹਾਦਤ (1716 ਈ.) ਤੋਂ ਲੈ ਕੇ ਮਿਸਲਾਂ ਦੇ ਰਾਜ ਦੀ ਸਥਾਪਤੀ ਤਕ ਪੰਜਾਬ ਦੀ ਧਰਤੀ 'ਤੇ ਜੋ ਵੀ ਸੰਘਰਸ਼ ਚਲਿਆ ਉਸ ਵਿਚ ਸਿਰਫ਼ ਸਿੱਖ ਹੀ ਸ਼ਾਮਲ ਸਨ। ਇਸ ਲਈ ਸਿੱਖਾਂ ਨੇ ਆਪਣੇ ਸੰਘਰਸ਼ ਨੂੰ ਸਮੇਂ ਸਮੇਂ 'ਤੇ ਸੇਧ ਦੇਣ ਲਈ ਆਪਣੇ ਆਪ ਨੂੰ ਸਿਰੀ ਅਕਾਲ ਤਖ਼ਤ ਸਾਹਿਬ, ਸਰਬੱਤ ਖਾਲਸਾ ਅਤੇ ਗੁਰਮਤੇ ਦੀਆਂ ਸੰਸਥਾਵਾਂ ਨਾਲ ਸਬੰਧਤ ਕਰ ਲਿਆ ਸੀ। ਚੰਗੇ ਨੇਤਾਵਾਂ ਦਾ ਫ਼ਰਜ਼ ਹੁੰਦਾ ਹੈ ਕਿ ਉਹ ਆਪਣੇ ਲੋਕਾਂ ਦੀ ਸਹੀ ਤਰ੍ਹਾਂ ਅਗਵਾਈ ਕਰਦੇ ਰਹਿਣ ਅਤੇ ਘਟ ਤੋਂ ਘਟ ਨੁਕਸਾਨ ਸਹਿ ਕੇ ਵੱਧ ਤੋਂ ਵੱਧ ਪਰਾਪਤੀਆਂ ਕਰਨ। ਸੰਕਟ ਦੀ ਹਾਲਤ ਵਿਚ ਅੱਗੇ ਹੋ ਕੇ ਦਰਿੜਤਾ ਅਤੇ ਸਿਆਣਪ ਨਾਲ ਅਗਵਾਈ ਕਰਨਾ ਵੀ ਚੰਗੇ ਨੇਤਾ ਦੀ ਨਿਸ਼ਾਨੀ ਹੈ। ਇਸ ਦੇ ਉਲਟ ਜਦੋਂ ਕਿਸੇ ਕਮਿਊਨਿਟੀ ਸਾਹਮਣੇ ਕੋਈ ਨੇਤਾ ਹੀ ਨਾ ਹੋਵੇ ਜਾਂ ਉਸ ਦੀ ਲੀਡਰਸ਼ਿਪ ਕੋਈ ਮਸਲਾ ਹਲ ਕਰਨ ਤੋਂ ਅਸਮਰਥ ਹੋਵੇ ਤਾਂ ਅਜਿਹੀ ਸੂਰਤ ਵਿਚ ਸਬੰਧਤ ਕਮਿਊਨਿਟੀ ਦੇ ਸਿਧਾਂਤ ਜਾਂ ਸੰਸਥਾਵਾਂ ਹੀ ਅਗਵਾਈ ਕਰਦੀਆਂ ਹਨ। ਸਿਰੀ ਅਕਾਲ ਤਖ਼ਤ ਸਾਹਿਬ, ਸਰਬੱਤ ਖਾਲਸਾ ਅਤੇ ਗੁਰਮਤਾ ਸਿੱਖ ਕੌਮ ਦੀਆਂ ਐਸੀਆਂ ਸੰਸਥਾਵਾਂ ਹਨ ਜਿਹੜੀਆਂ ਆਪਣੇ ਆਪ ਵਿਚ ਸੁਪਰੀਮ ਅਦਾਲਤ ਦੀ ਨਿਆਈਂ ਹਨ। ਜਦੋਂ ਜਦੋਂ ਵੀ ਸਿੱਖ ਲੀਡਰਸ਼ਿਪ ਯੋਗ ਅਤੇ ਨਿਪੁੰਨ ਰਹੀ ਉਕਤ ਸੰਸਥਾਵਾਂ ਦੀ ਵਰਤੋਂ ਘਟ ਹੀ ਹੁੰਦੀ ਰਹੀ ਸੀ ਪਰ ਜਦੋਂ ਵੀ ਲੀਡਰਸ਼ਿਪ ਦੀ ਘਾਟ ਮਹਿਸੂਸ ਹੋਈ ਜਾਂ ਲੀਡਰਸ਼ਿਪ ਕਿਸੇ ਮਸਲੇ ਨੂੰ ਹਲ ਕਰਨ ਵਿਚ ਅਸਮਰਥ ਰਹੀ ਤਾਂ ਉਕਤ ਸੰਸਥਾਵਾਂ ਦੀ ਵਰਤੋਂ ਵਧ ਜਾਂਦੀ ਸੀ।

ਸਿੱਖ ਇਤਿਹਾਸ ਵਲ ਝਾਤੀ ਮਾਰਿਆਂ ਪਤਾ ਲਗਦਾ ਹੈ ਕਿ ਗੁਰੂ ਗੋਬਿੰਦ ਸਿੰਘ ਜੀ ਤਕ ਅਤੇ ਫਿਰ ਬੰਦਾ ਸਿੰਘ ਬਹਾਦਰ ਦੀ ਅਗਵਾਈ ਸਭ ਪੱਖਾਂ ਤੋਂ ਮਜ਼ਬੂਤ ਅਤੇ ਯੋਗ ਸੀ ਇਸ ਕਰਕੇ ਇਸ ਸਮੇਂ ਦੌਰਾਨ (1706-1716) ਉਕਤ ਸੰਸਥਾਵਾਂ ਨਾਲ ਸਬੰਧਤ ਕੋਈ ਵੀ ਘਟਨਾ ਸਾਡੇ ਸਾਹਮਣੇ ਨਹੀਂ ਆਉਂਦੀ। ਪਰ ਜਦੋਂ ਬੰਦਾ ਸਿੰਘ ਬਹਾਦਰ ਦੀ ਸ਼ਹਾਦਤ ਨਾਲ ਸਿੱਖਾਂ ਦੀ ਲੀਡਰਸ਼ਿਪ ਖ਼ਤਮ ਹੋ ਗਈ ਸੀ ਅਤੇ ਪਿੱਛੋਂ ਲਗਾਤਾਰ 18-19 ਸਾਲਾਂ ਤੀਕ ਸਿੱਖਾਂ ਪਾਸ ਕੋਈ ਵੀ ਲੀਡਰਸ਼ਿਪ ਨਹੀਂ ਸੀ ਤਾਂ ਇਹ ਬਹੁਤ ਵਡਾ ਐਸਾ ਖੱਪਾ ਸੀ ਜਿਸ ਨੂੰ ਦੂਰ ਕਰਨਾ ਜ਼ਰੂਰੀ ਸੀ। ਇਹ ਸਮਾਂ ਵੀ ਐਸਾ ਸੀ ਕਿ ਸੌਖਿਆਂ ਕੋਈ ਪਰਵਾਣਤ ਲੀਡਰਸ਼ਿਪ ਸਥਾਪਤ ਨਹੀਂ ਹੋ ਸਕਦੀ ਸੀ। ਹਕੂਮਤ ਦੁਸ਼ਮਣ ਸੀ ਅਤੇ ਸਮੁਚੀ ਦੀ ਸਮੁਚੀ ਸਿੱਖ ਕੌਮ ਗੈਰ-ਕਾਨੂੰਨੀ ਕਰਾਰ ਦਿੱਤੀ ਹੋਈ ਸੀ। ਅਜਿਹੇ ਸਮੇਂ ਭਾਈ ਮਨੀ ਸਿੰਘ ਜੈਸੇ ਸੂਝਵਾਨ ਸਿੱਖ ਬਜ਼ੁਰਗਾਂ ਨੇ ਸਿੱਖਾਂ ਨੂੰ ਸਿਰੀ ਅਕਾਲ ਤਖ਼ਤ ਸਾਹਿਬ ਉਪਰ ਬੈਠ ਕੇ ਆਪਣੇ ਮਸਲਿਆਂ ਨੂੰ ਹਨ ਕਰਨ ਦੀ ਸਲਾਹ ਦਿੱਤੀ। ਸਿੱਟੇ ਵਜੋਂ ਸਿੱਖ ਪੂਰੀ ਦਿਆਨਤਦਾਰੀ ਨਾਲ ਆਪਣੇ ਸਿਰ ਜੋੜ ਕੇ ਸਿਰੀ ਅਕਾਲ ਤਖ਼ਤ ਸਾਹਿਬ ਉਪਰ ਬੈਠੇ ਅਤੇ ਸੋਚ ਵਿਚਾਰ ਕੀਤੀ ਤਾਂ ਲੀਡਰਸ਼ਿਪ ਦਾ ਮੁੱਖ ਮਸਲਾ ਵੀ ਹਲ ਹੋ ਗਿਆ। ਕਪੂਰ ਸਿੰਘ ਫੈਜ਼ਪੁਰੀਏ ਨੂੰ ਸਮੁੱਚੇ ਸਿੱਖਾਂ ਦਾ ਨੇਤਾ ਚੁਣਿਆ ਗਿਆ। ਭਾਵੇਂ ਕਪੂਰ ਸਿੰਘ ਇਕ ਸਧਾਰਨ ਵਿਆਕਤੀ ਸੀ ਪਰ ਜਦੋਂ ਸਮੁਚੇ ਖਾਲਸੇ ਨੇ ਗੁਰੂ ਵਿਚ ਵਿਸ਼ਵਾਸ ਰੱਖ ਕੇ ਉਸ ਨੂੰ ਆਪਣਾ ਨੇਤਾ ਚੁਣ ਲਿਆ ਤਾਂ ਉਹ ਵੀ ਲਾਹੌਰ ਦੇ ਨਵਾਬ ਵਾਂਗ ਸਿੱਖਾਂ ਦਾ ਨਵਾਬ ਅਖਵਾਉਣ ਲੱਗ ਪਿਆ। ਇਸੇ ਤਰ੍ਹਾਂ ਨਵਾਬ ਕਪੂਰ ਸਿੰਘ

ਤੇ ਪਿੱਛੋਂ ਸਰਦਾਰ ਜੱਸਾ ਸਿੰਘ ਆਹਲੂਵਾਲੀਆ ਨੂੰ ਖਾਲਸੇ ਦਾ ਨੇਤਾ ਚੁਣਿਆ ਗਿਆ ਅਤੇ ਉਹ ਪੰਥ ਦਾ ਸੁਲਤਾਨ-ਉਲ-ਕੌਮ ਹੋ ਨਿਬੜਿਆ ਸੀ।[87]

ਇਸੇ ਤਰ੍ਹਾਂ ਲੀਡਰਸ਼ਿਪ ਦਾ ਦੂਜਾ ਪੱਖ ਸਾਹਮਣੇ ਆਉਂਦਾ ਹੈ। ਜਦੋਂ ਜਦੋਂ ਵੀ ਇਹ ਲੀਡਰਸ਼ਿਪ ਆਪਣੇ ਮਸਲੇ ਆਪ ਹਲ ਕਰਨ ਦੇ ਸਮੱਰਥ ਰਹੀ ਸੀ ਤਾਂ ਸਿਰੀ ਅਕਾਲ ਤਖ਼ਤ ਸਾਹਿਬ ਉਪਰ ਇਕੱਠੇ ਹੋ ਕੇ ਬੈਠਣ ਦੀ ਲੋੜ ਨਹੀਂ ਪਈ ਸੀ ਪਰ ਜਦੋਂ ਵੀ ਇਹ ਲੀਡਰਸ਼ਿਪ ਕੋਈ ਮਸਲਾ ਹਲ ਕਰਨ ਤੋਂ ਅਸਮਰਥ ਹੁੰਦੀ ਸੀ ਤਾਂ ਸਮੁਚਾ ਪੰਥ ਆਪਣੇ ਪਰਤੀਨਿਧਾਂ ਦੇ ਰੂਪ ਵਿਚ ਸਿਰੀ ਅਕਾਲ ਤਖ਼ਤ ਸਾਹਿਬ 'ਤੇ ਆ ਬੈਠਦਾ ਸੀ ਅਤੇ ਸਰਬਸੰਮਤੀ ਨਾਲ ਜੋ ਵੀ ਫੈਸਲਾ ਹੁੰਦਾ ਸੀ ਉਸ-ਅਨੁਸਾਰ ਕੰਮ ਕਰ ਲਿਆ ਜਾਂਦਾ ਸੀ। ਮਿਸਾਲ ਦੇ ਤੌਰ 'ਤੇ ਜੇ ਕਦੇ ਲਾਹੌਰ ਉਪਰ ਹਮਲਾ ਕਰਨ ਦੀ ਲੋੜ ਪੈਂਦੀ ਜਾਂ ਅਬਦਾਲੀ ਨਾਲ ਡਟ ਕੇ ਟੱਕਰ ਲੈਣ ਦੀ ਲੋੜ ਪੈਂਦੀ ਤਾਂ ਸਿੱਖ ਲੀਡਰਸ਼ਿਪ ਪਹਿਲਾਂ ਸਮੁੱਚੇ ਪੰਥ ਨੂੰ ਸਿਰੀ ਅਕਾਲ ਤਖ਼ਤ ਸਾਹਿਬ 'ਤੇ ਇਕੱਠਾ ਕਰਦੀ ਸੀ ਅਤੇ ਇਥੋਂ ਸਭ ਤੋਂ ਸਲਾਹ ਲੈ ਕੇ ਗੁਰਮਤਾ ਪਾਸ ਕਰ ਲੈਂਦੀ ਸੀ। ਇਸ ਤਰ੍ਹਾਂ ਸਿੱਖਾਂ ਵਿਚਲੀ ਉਹ ਫੁਟ ਜਾਂ ਈਰਖਾ ਖਤਮ ਹੋ ਜਾਂਦੀ ਸੀ ਜਿਸ ਨੂੰ ਲੀਡਰਸ਼ਿਪ ਆਪ ਸੌਖਿਆਂ ਕੀਤੇ ਖ਼ਤਮ ਨਹੀਂ ਕਰ ਸਕਦੀ ਸੀ।

ਉਕਤ ਗੱਲਾਂ ਤੋਂ ਭਾਵ ਇਹ ਹੀ ਹੈ ਕਿ ਸਿਰੀ ਅਕਾਲ ਤਖ਼ਤ ਸਾਹਿਬ, ਸਰਬੱਤ ਖਾਲਸਾ ਅਤੇ ਗੁਰਮਤਾ ਦੀਆਂ ਸੰਸਥਾਵਾਂ ਨਿਰੋਲ ਸਿੱਖਾਂ ਨਾਲ ਹੀ ਸਬੰਧਤ ਸਨ ਅਤੇ ਸਿਰਫ ਸੰਕਟ ਦੇ ਸਮੇਂ ਹੀ ਵਰਤੋਂ ਵਿਚ ਲਿਆਂਦੀਆਂ ਜਾਂਦੀਆਂ ਸਨ। ਸੌਖੇ ਸਮਿਆਂ ਵਿਚ ਸਿੱਖ ਲੀਡਰਸ਼ਿਪ ਖੁਦ ਹੀ ਮਸਲੇ ਹਲ ਕਰ ਲੈਂਦੀ ਸੀ। ਇਸ ਗੱਲ ਨੂੰ ਦੂਜੇ ਸ਼ਬਦਾਂ ਵਿਚ ਅਸੀ ਇਉਂ ਵੀ ਕਹਿ ਸਕਦੇ ਹਾਂ ਕਿ ਇਹ ਸੰਸਥਾਵਾਂ ਲੋਕਤੰਤਰੀ ਸਿਧਾਂਤਾਂ ਨੂੰ ਜਨਮ ਦੇਣ ਵਾਲੀਆਂ ਹਨ ਅਤੇ ਇਨ੍ਹਾਂ ਰਾਹੀਂ ਸਿੱਖੀ ਦਾ ਜਮਹੂਰੀ ਸਿਧਾਂਤ ਅਮਲ ਵਿਚ ਆਇਆ।

ਇਸ ਦੀ ਰੋਸ਼ਨੀ ਵਿਚ ਹੀ ਅਸੀ ਸਿੱਖ ਰਾਜ ਦੇ ਅਤੇ ਸਿਰੀ ਅਕਾਲ ਤਖ਼ਤ ਸਾਹਿਬ ਦੇ ਆਪਸੀ ਸਬੰਧਾਂ ਨੂੰ ਦੇਖਣਾ ਹੈ। ਮਿਸਲਾਂ ਦਾ ਰਾਜ ਸਥਾਪਤ ਹੋਣ ਨਾਲ ਸਿੱਖ ਮਿਸਲਦਾਰ ਆਪੋ ਆਪਣੇ ਇਲਾਕਿਆਂ ਅੰਦਰ ਪੂਰਨ ਸੁਤੰਤਰ ਹਾਕਮ ਸਨ। ਸੁਤੰਤਰ ਹਾਕਮ ਬਣਨ ਨਾਲ ਇਕ ਤਾਂ ਉਹ ਸਭ ਸਮਸਿਆਵਾਂ ਖ਼ਤਮ ਹੋ ਜਾਂਦੀਆਂ ਹਨ ਜਿਹੜੀਆਂ ਗੁਲਾਮੀ ਵੇਲੇ ਸੰਘਰਸ਼ ਦੌਰਾਨ ਸਾਹਮਣੇ ਆਉਂਦੀਆਂ ਹਨ। ਜਿਹੜੀਆਂ ਨਵੀਆਂ ਮੁਸ਼ਕਲਾਂ ਸਾਹਮਣੇ ਆ ਰਹੀਆਂ ਸਨ ਇਹ ਪਹਿਲੀਆਂ ਨਾਲੋਂ ਵੱਖਰੀ ਕਿਸਮ ਦੀਆਂ ਸਨ। ਇਨ੍ਹਾਂ ਦਾ ਸੰਬੰਧ ਕਾਨੂੰਨ ਅਤੇ ਵਿਵਸਥਾ ਨਾਲ ਸੀ। ਕਾਨੂੰਨ ਅਤੇ ਵਿਵਸਥਾ ਅਧੀਨ ਹਿੰਦੂ ਅਤੇ ਮੁਸਲਮਾਨ ਵੀ ਆਉਂਦੇ ਸਨ। ਸਿਰੀ ਅਕਾਲ ਤਖ਼ਤ ਸਾਹਿਬ, ਸਰਬੱਤ ਖਾਲਸਾ ਅਤੇ ਗੁਰਮਤਾ ਦੀਆਂ ਸੰਸਥਾਵਾਂ ਦਾ ਕਾਰਜ ਖੇਤਰ ਨਿਰੋਲ ਸਿੱਖ ਸਮਾਜ ਹੈ। ਸਿੱਖ ਮਿਸਲਾਂ ਦੇ ਰਾਜ ਸਮੇਂ ਸਿਰਫ਼ ਦੋ ਮਸਲੇ ਹੀ ਮੁਖ ਤੌਰ 'ਤੇ ਉਕਤ ਸੰਸਥਾਵਾਂ ਨਾਲ ਜੁੜੇ ਹੋਏ ਸਨ। ਇਹ ਸਨ ਸਿੱਖ ਮਿਸਲਾਂ ਦੇ ਆਪਸੀ ਝਗੜਿਆਂ ਦਾ ਨਿਬੇੜਾ ਅਤੇ ਸਿੱਖ ਮਿਸਲਦਾਰਾਂ ਨੂੰ ਬਾਹਰੋਂ ਆਏ ਹਮਲਾਵਰ ਦਾ ਖਤਰਾ। ਅਜਿਹੇ ਹਾਲਾਤ ਅੰਦਰ ਸਿੱਖ ਮਿਸਲਦਾਰ ਸਿਰੀ ਅਕਾਲ ਤਖ਼ਤ ਸਾਹਿਬ ਉਪਰ ਇਕੱਠੇ ਹੋ ਕੇ ਸੋਚ-ਵਿਚਾਰ ਕਰਦੇ ਸਨ।

---

87. See also Malcolm, *op.cit.*, p. 71.

ਅਹਿਮਦ ਸ਼ਾਹ ਅਬਦਾਲੀ ਦਾ ਪੁੱਤਰ ਤੈਮੂਰ ਦੋ ਵਾਰ ਪੰਜਾਬ ਉਪਰ ਹਮਲਾਵਰ ਹੋ ਕੇ ਆਇਆ। ਪਹਿਲਾਂ 1792 ਵਿਚ ਅਤੇ ਦੂਜੀ ਵਾਰ 1798 ਵਿਚ। ਇਨ੍ਹਾਂ ਦੋਵਾਂ ਹਮਲਿਆਂ ਵੇਲੇ ਸਿੱਖ ਸਰਦਾਰ ਸਿਰੀ ਅਕਾਲ ਤਖ਼ਤ ਸਾਹਿਬ 'ਤੇ ਇਕੱਠੇ ਹੁੰਦੇ ਰਹੇ ਅਤੇ ਹਮਲਾਵਰ ਦਾ ਸਾਹਮਣਾ ਕਰਨ ਲਈ ਇਥੇ ਗੁਰਮਤਾ ਕਰ ਕੇ ਆਪਣਾ ਸਾਂਝਾ ਆਗੂ ਚੁਣਦੇ ਰਹੇ ਸਨ। ਉਕਤ ਦੋਹਾਂ ਹਮਲਿਆਂ ਸਮੇਂ ਹੀ ਸਿਰੀ ਅਕਾਲ ਤਖ਼ਤ ਸਾਹਿਬ ਤੋਂ ਗੁਰਮਤਾ ਕਰ ਕੇ ਮਹਾਰਾਜਾ ਰਣਜੀਤ ਸਿੰਘ (ਉਸ ਵੇਲੇ ਸਾਧਾਰਣ ਸਿੱਖ ਸਰਦਾਰ) ਨੂੰ ਸਮੂਹ ਮਿਸਲਾਂ ਦਾ ਨੇਤਾ ਚੁਣਿਆ ਗਿਆ ਸੀ।[88] ਇਹੀ ਕਾਰਨ ਸੀ ਕਿ ਨਾ ਹੀ ਤੈਮੂਰ ਸ਼ਾਹ ਅਤੇ ਨਾ ਹੀ ਸ਼ਾਹ ਜ਼ਮਾਨ ਸਿੱਖਾਂ ਦੀ ਸੰਯੁਕਤ ਸ਼ਕਤੀ ਨੂੰ ਹਰਾ ਸਕਿਆ। ਰਣਜੀਤ ਸਿੰਘ ਦੇ ਦੋ ਵਾਰ ਸਾਂਝਾ ਨੇਤਾ ਚੁਣੇ ਜਾਣ ਕਰਕੇ ਹੀ ਬਾਕੀ ਮਿਸਲਦਾਰਾਂ ਉਪਰ ਉਸ ਦੀ ਸਰਦਾਰੀ ਕਾਇਮ ਹੋ ਗਈ ਸੀ।

ਤੈਮੂਰ ਸ਼ਾਹ ਅਤੇ ਸ਼ਾਹ ਜ਼ਮਾਨ ਦੇ ਪਿੱਛੋਂ ਪੰਜਾਬ ਨੂੰ ਕਿਸੇ ਪਾਸਿਆਂ ਤੋਂ ਵੀ ਕੋਈ ਖ਼ਤਰਾ ਨਹੀਂ ਰਿਹਾ ਸੀ। ਸਿੱਖ ਮਿਸਲਦਾਰ ਜਾਂ ਤਾਂ ਆਪਣੇ ਆਪਣੇ ਇਲਾਕੇ ਮੱਲਣ ਵਿਚ ਮਸ਼ਰੂਫ ਸਨ ਜਾ ਆਪੋ ਆਪਣੀਆਂ ਰਿਆਸਤਾਂ ਵਿਚ ਆਰਾਮ ਨਾਲ ਜ਼ਿੰਦਗੀ ਜੀਣ ਵਿਚ ਗਲਤਾਨ ਸਨ। ਮਹਾਰਾਜਾ ਰਣਜੀਤ ਸਿੰਘ ਦੇ ਰੂਪ ਵਿਚ ਸਿੱਖਾਂ ਦੀ ਇਕ ਮਜ਼ਬੂਤ ਲੀਡਰਸ਼ਿਪ ਉਭਰ ਰਹੀ ਸੀ। ਇਸ ਨਾਲ ਲੀਡਰਸ਼ਿਪ ਦੀ ਸਮਰੱਥਾ ਸਥਾਪਤ ਹੋਣੀ ਸ਼ੁਰੂ ਹੋ ਗਈ ਸੀ। ਉਸ ਦੇ ਮਹਾਰਾਜਾ ਬਣਨ ਨਾਲ ਉਸ ਦੀ ਵਜ਼ੀਰ ਮੰਡਲੀ ਵੀ ਸਥਾਪਤ ਹੋ ਗਈ ਅਤੇ ਫ਼ੌਜਾਂ ਦੇ ਯੋਗ ਸੈਨਾਪਤੀ ਵੀ ਉਸ ਦੇ ਪਾਸ ਸਨ। ਇਸ ਕਰਕੇ ਜਿਹੜਾ ਕਾਰਨ ਲੀਡਰਸ਼ਿਪ ਦੀ ਅਸਮਰਥਾ ਵਾਲਾ ਸੀ ਉਹ ਖ਼ਤਮ ਹੋ ਗਿਆ ਸੀ। ਜਦੋਂ ਇਹ ਮੁੱਖ ਕਾਰਨ ਜਾਂ ਘਾਟ ਹੀ ਪੂਰੀ ਹੋ ਗਈ ਤਾਂ ਸਰਬੱਤ ਖਾਲਸੇ ਦੇ ਰੂਪ ਵਿਚ ਸਿਰੀ ਅਕਾਲ ਤਖ਼ਤ ਸਾਹਿਬ 'ਤੇ ਮੁੜ ਜੁੜ ਬੈਠਣ ਦੀ ਲੋੜ ਹੀ ਨਹੀਂ ਰਹੀ ਸੀ। ਜੋ ਸੋਚ ਵਿਚਾਰ ਸਰਬੱਤ ਖਾਲਸੇ ਵਿਚ ਕਿਸੇ ਸਮੱਸਿਆ ਬਾਰੇ ਹੁੰਦੀ ਸੀ ਉਸੇ ਤਰ੍ਹਾਂ ਹੀ ਬਹਿਸ ਜਾਂ ਸੋਚ-ਵਿਚਾਰ ਮਹਾਰਾਜੇ ਦੀ ਵਜ਼ੀਰ ਮੰਡਲੀ ਵਿਚ ਹੋਣ ਲੱਗ ਪਈ ਸੀ। ਫਲਸਰੂਪ ਸਿਰੀ ਅਕਾਲ ਤਖ਼ਤ ਸਾਹਿਬ ਉਪਰ ਸਰਬੱਤ ਖਾਲਸਾ ਸਮਾਗਮਾਂ ਦੀ ਰਸਮ ਘਟ ਗਈ ਸੀ।

ਪਰ ਇਸ ਸਭ ਕੁਝ ਦੇ ਬਾਵਜੂਦ ਵੀ ਮਹਾਰਾਜਾ ਰਣਜੀਤ ਸਿੰਘ ਦੇ ਰਾਜ ਦੌਰਾਨ ਕੁਝ ਮੌਕੇ ਐਸੇ ਵੀ ਆਏ ਸਨ ਜਦੋਂ ਕਿ ਮਹਾਰਾਜੇ ਨੂੰ ਸਿਰੀ ਅਕਾਲ ਤਖ਼ਤ ਸਾਹਿਬ ਤੋਂ ਸੇਧ ਲੈਣੀ ਪਈ ਸੀ ਅਤੇ ਇਕ ਸਮਾਂ ਐਸਾ ਵੀ ਆਇਆ ਸੀ ਕਿ ਜਦੋਂ ਕਿ ਮਹਾਰਾਜੇ ਨੂੰ ਸਿਰੀ ਅਕਾਲ ਤਖ਼ਤ ਸਾਹਿਬ ਅਗੇ ਇਕ ਦੋਸ਼ੀ ਦੇ ਰੂਪ ਵਿਚ ਵੀ ਖੜਾਇਆ ਗਿਆ ਸੀ।

ਮਹਾਰਾਜਾ ਰਣਜੀਤ ਸਿੰਘ ਦੇ ਸਮੇਂ ਸਿਰੀ ਅਕਾਲ ਤਖ਼ਤ ਸਾਹਿਬ ਸਮੇਤ ਸਿਰੀ ਦਰਬਾਰ ਸਾਹਿਬ ਦੇ, ਅਕਾਲੀ ਸਿੰਘਾਂ ਦੇ ਪਰਬੰਧ ਵਿਚ ਸੀ। ਉਸ ਸਮੇਂ ਅਕਾਲੀ ਸਿੰਘਾਂ ਦਾ ਜੱਥੇਦਾਰ ਅਕਾਲੀ ਫੂਲਾ ਸਿੰਘ ਸੀ।[89]

---

88. Fakir Syed Waheedudin, *The Real Ranjit Singh*, Punjabi University, Patiala, 1981, (reprint), pp. 50-51 and 130.
89. ਅਕਾਲੀ ਫੂਲਾ ਸਿੰਘ ਜੀ 1762 ਈ. ਦੇ ਨੇੜੇ ਤੇੜੇ ਭਾਈ ਈਸ਼ਰ ਸਿੰਘ ਦੇ ਘਰ ਪਿੰਡ ਸ਼ੀਹਾਂ (ਬਾਂਗਰ) ਜ਼ਿਲ੍ਹਾ ਸੰਗਰੂਰ ਵਿਚ ਜਨਮੇ ਸਨ।

ਅਕਾਲੀ ਫੂਲਾ ਸਿੰਘ ਅਕਾਲੀ ਨੈਣਾ ਸਿੰਘ ਜਾਂ ਨਰਾਇਣ ਸਿੰਘ ਦੇ ਚੇਲੇ ਸਨ। ਜਾਪਦਾ ਹੈ ਕਿ 1764 ਈ. ਵਿਚ ਜੱਥੇਦਾਰ ਗੁਰਬਖ਼ਸ਼ ਸਿੰਘ ਦੀ ਸ਼ਹਾਦਤ ਪਿੱਛੋਂ ਜੱਥੇਦਾਰ ਨੈਣਾ ਸਿੰਘ/ਨਰਾਇਣ ਸਿੰਘ ਅਕਾਲੀ ਤਖ਼ਤ ਸਾਹਿਬ ਦੇ ਸੇਵਾਦਾਰ ਬਣੇ ਸਨ। ਅਠਾਰਵੀਂ ਸਦੀ ਦੇ ਅਖੀਰਲੇ ਸਾਲਾਂ ਵਿਚ ਨੈਣਾ ਸਿੰਘ/ਨਰਾਇਣ ਸਿੰਘ ਪਰਲੋਕ ਸਿਧਾਰ ਗਏ ਸਨ। ਪਿੱਛੋਂ ਅਕਾਲੀ ਫੂਲਾ ਸਿੰਘ ਅਕਾਲੀ ਜੱਥੇ ਦੇ ਮੁਖੀ ਬਣ ਗਏ ਸਨ ਅਤੇ 1800 ਈ. ਦੇ ਨੇੜੇ ਤੇੜੇ ਅਕਾਲੀ ਜੀ ਅਕਾਲ ਤਖ਼ਤ ਸਾਹਿਬ ਅੰਮ੍ਰਿਤਸਰ ਪਹੁੰਚ ਗਏ ਸਨ। ਜਦੋਂ 1802 ਈ. ਵਿਚ ਮਹਾਰਾਜਾ ਰਣਜੀਤ ਸਿੰਘ ਨੇ ਭੰਗੀ ਸਰਦਾਰਾਂ ਕੋਲੋਂ ਖੋਹਣ ਲਈ ਅੰਮ੍ਰਿਤਸਰ 'ਤੇ ਹਮਲਾ ਕੀਤਾ ਤਾਂ ਕਈ ਦਿਨ ਸ਼ਹਿਰ ਘੇਰੇ ਵਿਚ ਘਿਰਿਆ ਰਿਹਾ ਸੀ। ਇਸ ਤਰ੍ਹਾਂ ਅੰਮ੍ਰਿਤਸਰ ਦੇ ਲੋਕ ਬਹੁਤ ਤੰਗ ਹੋਏ ਸਨ। ਉਧਰ ਅਕਾਲੀ ਫੂਲਾ ਸਿੰਘ ਜੀ ਅਕਾਲ ਤਖ਼ਤ ਸਾਹਿਬ ਦੇ ਜੱਥੇਦਾਰ ਸਨ ਪਰ ਉਨ੍ਹਾਂ ਦਾ ਨਾ ਹੀ ਭੰਗੀ ਸਰਦਾਰਾਂ ਵਲ ਝੁਕਾਅ ਸੀ ਅਤੇ ਨਾ ਹੀ ਮਹਾਰਾਜਾ ਰਣਜੀਤ ਸਿੰਘ ਵਲ। ਭੰਗੀ ਸਰਦਾਰ ਨਾਅਹਿਲ ਸਨ ਅਤੇ ਲੋਕਾਂ ਵਿਚ ਬਦਨਾਮ ਵੀ ਸਨ। ਰਣਜੀਤ ਸਿੰਘ ਭਾਵੇਂ ਹਮਲਾਵਾਰ ਸੀ ਪਰ ਉਸ ਦੀ ਅਗਵਾਈ ਹੇਠ ਇਕ ਮਜ਼ਬੂਤ ਸਿੱਖ ਰਾਜ ਕਾਇਮ ਹੋ ਰਿਹਾ ਸੀ। ਅਕਾਲੀ ਫੂਲਾ ਸਿੰਘ ਜੀ ਦੋਹਾਂ ਧਿਰਾਂ ਦੇ ਵਿਚਕਾਰ ਆ ਕੇ ਖਲੋ ਗਏ ਅਤੇ ਬਿਨਾਂ ਕਿਸੇ ਖ਼ੂਨ ਖਰਾਬੇ ਦੇ ਸ਼ਹਿਰ ਮਹਾਰਾਜਾ ਰਣਜੀਤ ਸਿੰਘ ਦੇ ਹਵਾਲੇ ਕਰ ਦਿੱਤਾ ਅਤੇ ਭੰਗੀ ਸਰਦਾਰਾਂ ਨੂੰ ਮਾਣ-ਸਤਿਕਾਰ ਨਾਲ ਉਚਿਤ ਜਾਗੀਰਾਂ ਦਿਵਾ ਦਿੱਤੀਆਂ।[90] ਇਸ ਤਰ੍ਹਾਂ ਮਹਾਰਾਜਾ ਰਣਜੀਤ ਸਿੰਘ ਦੀ ਸਿਰੀ ਅਕਾਲ ਤਖ਼ਤ ਸਾਹਿਬ ਦੀ ਸੇਵਾ-ਸੰਭਾਲ ਵਿਚ ਪਹਿਲੀ ਵਾਰ ਸਿੱਧੀ ਜਿੰਮੇਵਾਰੀ ਹੋ ਗਈ ਸੀ। ਮਹਾਰਾਜੇ ਦੀਆਂ ਅਕਾਲ ਤਖ਼ਤ ਨਾਲ ਸਬੰਧਤ ਘਟਨਾਵਾਂ ਦਾ ਕੁਝ ਵੇਰਵਾ ਇਸ ਤਰ੍ਹਾਂ ਹੈ :

ਘਟਨਾ ਸੰਨ 1805 ਈ. ਦੀ ਹੈ ਜਦੋਂ ਮਰਹੱਟਾ ਆਗੂ ਜਸਵੰਤ ਰਾਓ ਹੋਲਕਰ ਬਰਿਟਿਸ਼ ਸੈਨਾ ਤੋਂ ਹਾਰ ਖਾ ਕੇ ਪੰਜਾਬ ਵਿਚ ਆ ਗਿਆ ਸੀ। ਉਸ ਦੀ ਉਮੀਦ ਸੀ ਕਿ ਉਹ ਮਹਾਰਾਜਾ ਰਣਜੀਤ ਸਿੰਘ ਅਤੇ ਹੋਰ ਸਿੱਖ ਸਰਦਾਰਾਂ ਕੋਲੋਂ ਸੈਨਿਕ ਮਦਦ ਲੈ ਕੇ ਬਰਿਟਿਸ਼ ਸੈਨਾ ਦਾ ਮੁਕਾਬਲਾ ਕਰੇਗਾ। ਮਹਾਰਾਜਾ ਰਣਜੀਤ ਸਿੰਘ ਅਤੇ ਹੋਰ ਸਿੱਖ ਸਰਦਾਰ ਪਿਛਲੇ ਸਮੇਂ ਦੇ ਮਰਹੱਟਾਂ ਨੇਤਾਵਾਂ ਦੇ ਪੰਜਾਬ ਪਰਤੀ ਰਵਈਏ ਤੋਂ ਜਾਣੂ ਸਨ ਇਸ ਕਰਕੇ ਕਿਸੇ ਨੂੰ ਵੀ ਮਰਹੱਟਿਆਂ ਉਪਰ ਵਿਸ਼ਵਾਸ ਨਹੀਂ ਸੀ। ਮਹਾਰਾਜਾ ਰਣਜੀਤ ਸਿੰਘ ਵੀ ਦਿਲੋਂ ਮਦਦ ਕਰਨੀ ਨਹੀਂ ਚਾਹੁੰਦਾ ਸੀ ਪਰ ਮਰਹੱਟਾ ਜਰਨੈਲ ਉਸ ਦੀ ਵਡਿਆਈ ਕਰਨੋਂ ਨਹੀਂ ਹਟਦਾ ਸੀ। ਉਹ ਗੱਲਾਂ ਗੱਲਾਂ ਵਿਚ ਰਣਜੀਤ ਸਿੰਘ ਨੂੰ ਕਰਿਸ਼ਨ ਭਗਵਾਨ ਦਾ ਰੂਪ ਵੀ ਕਹਿ ਦਿੰਦਾ ਸੀ। ਇਸ ਦਾ ਨਤੀਜਾ ਇਹ ਹੋਇਆ ਕਿ ਇਕ ਪਾਸੇ ਬਰਿਟਿਸ਼ ਸੈਨਾ ਦੀ ਤਾਕਤ ਦਾ ਡਰ ਅਤੇ ਦੂਜੇ ਪਾਸੇ ਜਸਵੰਤ ਰਾਓ ਹੋਲਕਰ ਦੀਆਂ ਪਰਸੰਸਾ ਵਾਲੀਆਂ ਗੱਲਾਂ ਦੀ ਭਰਮਾਰ। ਰਣਜੀਤ ਸਿੰਘ ਦੋ ਚਿੱਤੀ ਵਿਚ ਫਸਿਆ ਹੋਇਆ ਸੀ। ਜਦੋਂ ਉਸ ਨੇ ਦੋ ਚਿੱਤੀ ਵਿਚ ਹੋਣ ਕਰਕੇ ਆਪਣੇ ਆਪ ਨੂੰ ਇਕ ਫੈਸਲਾ ਲੈਣ ਤੋਂ ਅਸਮਰਥ ਮਹਿਸੂਸ ਕੀਤਾ ਤਾਂ ਉਸ ਨੇ ਇਕ ਸਪੱਸ਼ਟ ਫੈਸਲਾ ਲੈਣ ਲਈ ਸਿਰੀ ਅਕਾਲ ਤਖ਼ਤ ਸਾਹਿਬ ਉਪਰ ਸਿੱਖ ਸਰਦਾਰਾਂ ਦਾ ਇਕੱਠ

90. ਦੇਖੋ ਬਾਵਾ ਪ੍ਰੇਮ ਸਿੰਘ ਹੋਤੀ, *ਜੀਵਨ ਬ੍ਰਿਤਾਂਤ ਅਕਾਲੀ ਫੂਲਾ ਸਿੰਘ ਜੀ*, ਭਾਸ਼ਾ ਵਿਭਾਗ, ਪੰਜਾਬ, ਪਟਿਆਲਾ, 1971, ਪੰਨਾ 42.

ਬੁਲਾਇਆ। ਇਸ ਇਕੱਠ ਵਿਚ ਜਸਵੰਤ ਰਾਓ ਹੋਲਕਾਰ ਦੀ ਮਦਦ ਕਰਨ ਜਾਂ ਨਾ ਕਰਨ ਬਾਰੇ ਵਿਚਾਰ ਕੀਤੀ। ਫੈਸਲਾ ਹੋਇਆ ਕਿ ਉਸ ਦੀ ਮਦਦ ਨਾ ਕੀਤੀ ਜਾਵੇ।[91] ਇਸ ਤਰ੍ਹਾਂ ਰਣਜੀਤ ਸਿੰਘ ਨੂੰ ਅਕਾਲ ਤਖ਼ਤ ਤੋਂ ਸਪਸ਼ਟ ਸੇਧ ਮਿਲ ਗਈ ਸੀ ਅਤੇ ਉਸ ਨੇ ਇਸ ਦੀ ਰੋਸ਼ਨੀ ਵਿਚ ਮਰਹਟਿਆਂ ਦੀ ਮਦਦ ਕਰਨ ਤੋਂ ਇਨਕਾਰ ਕਰ ਦਿੱਤਾ ਸੀ। ਇਸ ਇਕੱਠ ਬਾਰੇ ਇਤਿਹਾਸਕਾਰਾਂ ਦੇ ਇਕ ਸਰਕਲ ਵਿਚ ਇਹ ਧਾਰਨਾ ਵੀ ਹੈ ਕਿ ਇਸ ਇਕੱਠ ਵਿਚ ਬਹੁਤ ਘਟ ਸਿੱਖ ਸਰਦਾਰ ਸ਼ਾਮਲ ਹੋਏ ਸਨ। ਇਹ ਠੀਕ ਹੈ। ਪਰ ਗੱਲ ਇਥੇ ਇਹ ਨਹੀਂ ਕਿ ਇਸ ਇਕੱਠ ਵਿਚ ਸਿੱਖ ਸਰਦਾਰ ਥੋੜ੍ਹੇ ਸ਼ਾਮਲ ਹੋਏ ਜਾਂ ਬਹੁਤੇ, ਦੇਖਣ ਵਾਲੀ ਗੱਲ ਇਹ ਹੈ ਕਿ ਰਣਜੀਤ ਸਿੰਘ ਨੇ ਇਕ ਸੰਸਥਾ ਅਤੇ ਪਰੰਪਰਾ ਦੀ ਪਾਲਣਾ ਤਾਂ ਕੀਤੀ ਸੀ। ਇਹ ਵੀ ਕਿ ਇਥੋਂ ਲਿਆ ਗਿਆ ਫੈਸਲਾ ਵੀ ਆਖਰੀ ਫੈਸਲਾ ਮੰਨਿਆ ਗਿਆ ਸੀ।

ਦੂਜੀ ਘਟਨਾ ਹੈ ਮਹਾਰਾਜਾ ਵਲੋਂ ਆਪਣੀ ਕੀਤੀ ਕਿਸੇ ਅਵਗਿਆ ਦੀ ਸਜਾ ਭੁਗਤਣ ਲਈ ਸਿਰੀ ਅਕਾਲ ਤਖ਼ਤ ਸਾਹਿਬ ਅਤੇ ਪੇਸ਼ ਹੋਣਾ। ਅਕਾਲੀ ਨੇਤਾ ਅਤੇ ਅਕਾਲ ਤਖ਼ਤ ਸਾਹਿਬ ਦੇ ਜੱਥੇਦਾਰ ਅਕਾਲੀ ਫੂਲਾ ਸਿੰਘ ਨੇ ਮਹਾਰਾਜਾ ਰਣਜੀਤ ਸਿੰਘ ਵਲੋਂ ਕੀਤੀ ਅਵਗਿਆ ਨੂੰ ਦੇਖ ਲਿਆ ਸੀ। ਉਨ੍ਹਾਂ ਨੇ ਇਸ ਦਾ ਸਖ਼ਤ ਰੋਸ ਮਨਾਇਆ। ਸਿੱਟੇ ਵਜੋਂ ਉਨ੍ਹਾਂ ਨੇ ਰਣਜੀਤ ਸਿੰਘ ਨੂੰ ਸਜਾ ਭੁਗਤਣ ਲਈ ਅਕਾਲ ਤਖ਼ਤ 'ਤੇ ਤਲਬ ਕੀਤਾ। ਰਣਜੀਤ ਸਿੰਘ ਉਥੇ ਪਹੁੰਚਿਆ ਅਤੇ ਸਜਾ ਲਈ ਤਿਆਰ ਹੋਇਆ। ਸਜਾ ਕੋਰੜੇ ਲਾਉਣ ਦੀ ਸੀ। ਰਣਜੀਤ ਸਿੰਘ ਕੋਰੜੇ ਖਾਣ ਲਈ ਤਿਆਰ ਹੋ ਗਿਆ। ਅਕਾਲੀਆਂ ਨੇ ਉਸ ਨੂੰ ਨਾਲ ਲਗਵੇਂ ਇਕ ਦਰਖਤ ਨਾਲ ਬੰਨ੍ਹ ਦਿਤਾ। ਭਾਵੇਂ ਕੋਰੜੇ ਨਾ ਲਾਏ ਗਏ ਅਤੇ ਰਣਜੀਤ ਸਿੰਘ ਨੂੰ ਛੱਡ ਦਿੱਤਾ ਗਿਆ ਸੀ। ਇਸ ਤੋਂ ਇਹ ਗੱਲ ਤਾਂ ਸਪਸ਼ਟ ਹੈ ਕਿ ਰਣਜੀਤ ਸਿੰਘ ਅਕਾਲ ਤਖ਼ਤ ਸਾਹਿਬ ਦੀ ਸੁਪਰੀਮ ਅਥਾਰਟੀ ਨੂੰ ਮੰਨਦਾ ਸੀ। ਇਹ ਰਣਜੀਤ ਸਿੰਘ ਦੇ ਮੁਤੱਲਕ ਇਕ ਅਤੀ ਉਤਮ ਮਿਸਾਲ ਹੈ।

ਕਿਉਂਕਿ ਮਹਾਰਾਜੇ ਦਾ ਸਮਕਾਲੀ ਜੱਥੇਦਾਰ, ਅਕਾਲੀ ਫੂਲਾ ਸਿੰਘ ਸੀ ਇਸ ਲਈ ਮਹਾਰਾਜੇ ਅਤੇ ਅਕਾਲੀ ਫੂਲਾ ਸਿੰਘ ਦੇ ਆਪਸੀ ਸਬੰਧ ਵੀ ਇਸ ਵਿਸ਼ੇ ਨੂੰ ਕਾਫੀ ਸਪਸ਼ਟ ਕਰਦੇ ਹਨ। ਮਹਾਰਾਜੇ ਨੇ ਕਦੀ ਵੀ ਅਕਾਲੀ ਫੂਲਾ ਸਿੰਘ ਨੂੰ ਅੰਮ੍ਰਿਤਸਰ ਵਿਚੋਂ ਬਾਹਰ ਕੱਢਣ ਦੀ ਜਾਂ ਅਕਾਲ ਤਖ਼ਤ ਸਾਹਿਬ ਤੋਂ ਹਟਾਉਣ ਦੀ ਕੋਈ ਕੋਸ਼ਿਸ਼ ਨਹੀਂ ਕੀਤੀ। ਹਾਲਾਂ ਕਿ ਅਕਾਲੀ ਫੂਲਾ ਸਿੰਘ ਨੇ ਕਈ ਵਾਰ ਮਹਾਰਾਜੇ ਲਈ ਮੁਸ਼ਕਲਾਂ ਖੜੀਆਂ ਕੀਤੀਆਂ ਸਨ। ਜਿਸ ਤਰ੍ਹਾਂ ਰਣਜੀਤ ਸਿੰਘ ਤੋਂ ਪਹਿਲਾਂ ਮੁਗ਼ਲ ਹਕੂਮਤ ਆਪਣੇ ਹੱਥ-ਠੋਕਿਆ ਨੂੰ ਸਿਰੀ ਦਰਬਾਰ ਸਾਹਿਬ 'ਤੇ ਕਾਬਜ਼ ਕਰਵਾਉਂਦੀ ਰਹੀ ਜਾਂ ਜਿਸ ਤਰ੍ਹਾਂ ਰਣਜੀਤ ਸਿੰਘ ਤੋਂ ਪਿੱਛੋਂ ਬਰਿਟਿਸ਼ ਹਕੂਮਤ ਆਪ ਖੁਦ ਸਰਬਰਾਹ ਨਿਯੁਕਤ ਕਰਦੀ ਰਹੀ ਸੀ ਅਤੇ ਅਜ ਭਾਰਤ ਸਰਕਾਰ ਆਪਣੇ ਹੱਥ-ਠੋਕੇ ਵਿਅਕਤੀ ਇਥੇ ਤਾਇਨਾਤ ਕਰਵਾਉਂਦੀ ਰਹੀ ਹੈ ਇਸ ਤਰ੍ਹਾਂ ਦੀ ਮਹਾਰਾਜਾ ਰਣਜੀਤ ਸਿੰਘ ਵਲੋਂ ਇਕ ਵਾਰ ਵੀ ਕੋਸ਼ਿਸ਼ ਨਹੀਂ ਕੀਤੀ ਗਈ। ਉਹ ਬੜੀ ਆਸਾਨੀ ਨਾਲ ਅਕਾਲੀ ਫੂਲਾ ਸਿੰਘ ਨੂੰ ਅੰਮ੍ਰਿਤਸਰ ਵਿਚੋਂ ਕੱਢ ਸਕਦਾ ਸੀ ਕਿਉਂਕਿ ਇਕ

91. cf. N.K. Sinha, *Ranjit Singh*, Culcutta, 1975, p. 18; Khushwant Singh, *Ranjit Singh : Maharaja of The Punjab*, Oxford, 1962, p. 62; and Bhagat Singh, *Sikh Polity*, New Delhi, 1978, pp. 118-19.

ਤਾਂ ਫੂਲਾ ਸਿੰਘ ਹਰ ਇਕ ਬਰਿਟਿਸ਼ ਯਾਤਰੀ ਜਾਂ ਅਧਿਕਾਰੀ ਲਈ ਖ਼ਤਰਾ ਬਣਿਆ ਰਹਿੰਦਾ ਸੀ, ਦੂਜਾ 1809 ਵਿਚ ਮੈਟਕਾਫ਼ ਦੀ ਸੈਨਿਕ ਟੁਕੜੀ ਨਾਲ ਹੋਈ ਝੜਪ ਸਮੇਂ ਮਹਾਰਾਜਾ ਨੂੰ ਬਹੁਤ ਵਧੀਆ ਬਹਾਨਾ ਮਿਲ ਗਿਆ ਸੀ, ਤੀਜਾ ਫੂਲਾ ਸਿੰਘ ਖ਼ੁਦ ਕਈ ਵਾਰ ਰੁੱਸ ਕੇ ਅੰਮ੍ਰਿਤਸਰ ਤੋਂ ਬਾਹਰ ਚਲਿਆ ਗਿਆ, ਚੌਥੇ ਬਰਿਟਿਸ਼ ਸਰਕਾਰ ਕਈ ਵਾਰ ਰਣਜੀਤ ਸਿੰਘ ਉਪਰ ਦਬਾਅ ਪਾ ਚੁੱਕੀ ਸੀ ਕਿ ਉਹ ਅਕਾਲੀ ਫੂਲਾ ਸਿੰਘ ਨੂੰ ਉਸ ਦੇ ਹਵਾਲੇ ਕਰ ਦੇਵੇ। ਜੇਕਰ ਚਲਾਕ ਹੁਕਮਰਾਨਾਂ ਜਾਂ ਸੰਸਥਾ ਦੇ ਵਿਰੋਧੀ ਹੁਕਮਰਾਨਾਂ ਵਾਂਗ ਮਹਾਰਾਜਾ ਰਣਜੀਤ ਸਿੰਘ ਦੇ ਮਨ ਵਿਚ ਅਕਾਲ ਤਖ਼ਤ ਜੈਸੀ ਸੁਪਰੀਮ ਸੰਸਥਾ ਨੂੰ ਆਪਣੇ ਕੰਟਰੋਲ ਹੇਠ ਰੱਖ ਕੇ ਆਪਣੇ ਹਿੱਤਾਂ ਲਈ ਵਰਤਣ ਲਈ ਥੋੜ੍ਹੀ ਜਿਹੀ ਵੀ ਤਮੰਨਾ ਹੁੰਦੀ ਤਾਂ ਉਸ ਨੇ ਅਕਾਲੀ ਫੂਲਾ ਸਿੰਘ ਜੈਸੇ ਸੁਤੰਤਰ ਅਤੇ ਬਾਗ਼ੀ ਤਬੀਅਤ ਦੇ ਜਥੇਦਾਰ ਨੂੰ ਹਟਾ ਕੇ ਜ਼ਰੂਰ ਆਪਣੇ ਕਿਸੇ ਹੱਥ-ਠੋਕੇ ਵਿਅਕਤੀ ਨੂੰ ਅਕਾਲ ਤਖ਼ਤ ਉਪਰ ਬਿਠਾ ਦੇਣਾ ਸੀ। ਅਜ ਸ਼ਰੋਮਣੀ ਗੁਰਦੁਆਰਾ ਪਰਬੰਧਕ ਕਮੇਟੀ ਦਾ ਪਰਧਾਨ ਵੀ ਆਪਣੇ ਆਪ ਨੂੰ ਜਥੇਦਾਰ ਅਕਾਲ ਤਖ਼ਤ ਨਾਲੋਂ ਜ਼ਿਆਦਾ ਸ਼ਕਤੀਸ਼ਾਲੀ ਸਮਝਦਾ ਹੈ ਅਤੇ ਇਸ ਗੱਲ ਨੂੰ ਵੀ ਸਹਿਣ ਕਰਨ ਨੂੰ ਤਿਆਰ ਨਹੀਂ ਹੁੰਦਾ ਕਿ ਜਥੇਦਾਰ ਅਕਾਲ ਤਖ਼ਤ ਉਸ ਦੀ ਹਾਂ ਵਿਚ ਹਾਂ ਕਿਉਂ ਨਹੀਂ ਮਿਲਾਉਂਦਾ ਹਾਲਾਂ ਕਿ ਸ਼ਰੋਮਣੀ ਕਮੇਟੀ ਦਾ ਪਰਧਾਨ ਤਾਕਤ ਦੇ ਖੇਤਰ ਵਿਚ ਮਹਾਰਾਜਾ ਰਣਜੀਤ ਸਿੰਘ ਦੇ ਨੇੜੇ ਤੇੜੇ ਵੀ ਨਹੀਂ ਖੜ ਸਕਦਾ। ਇਨ੍ਹਾਂ ਗੱਲਾਂ ਨਾਲ ਜਦੋਂ ਮਹਾਰਾਜਾ ਰਣਜੀਤ ਸਿੰਘ ਦੇ ਰਵਈਏ ਨੂੰ ਤੁਲਨਾ ਕੇ ਦੇਖਿਆ ਜਾਂਦਾ ਹੈ ਤਾਂ ਸਾਨੂੰ ਇਨ੍ਹਾਂ ਦੇ ਮੁਕਾਬਲੇ ਵਿਚ ਰਣਜੀਤ ਸਿੰਘ ਇਕ ਮਹਾਨ ਸ਼ਰਧਾਲੂ ਅਤੇ ਸੱਚਾ-ਸੁੱਚਾ ਗੁਰਸਿੱਖ ਦਿਖਾਈ ਦੇਵੇਗਾ। ਮਹਾਰਾਜਾ ਰਣਜੀਤ ਸਿੰਘ ਨੇ ਨਾ ਸਿਰਫ਼ ਅਕਾਲੀ ਫੂਲਾ ਸਿੰਘ ਨੂੰ ਸਹਿਣ ਹੀ ਕੀਤਾ ਸਗੋਂ ਉਹ ਅਕਾਲੀ ਜੀ ਨੂੰ ਰੁੱਸ ਕੇ ਗਏ ਹੋਏ ਨੂੰ ਵੀ ਮਨਾ ਕੇ ਲਿਆਉਂਦਾ ਹੁੰਦਾ ਸੀ। ਜਿਸ ਤਰ੍ਹਾਂ ਦੀ ਸੁਤੰਤਰਤਾ ਰਣਜੀਤ ਸਿੰਘ ਨੇ ਅਕਾਲੀ ਫੂਲਾ ਸਿੰਘ ਨੂੰ ਜਾਂ ਉਸ ਦੇ ਅਕਾਲੀ ਜੱਥੇ ਨੂੰ ਪਰਦਾਨ ਕੀਤੀ ਹੋਈ ਸੀ ਉਸ ਤਰ੍ਹਾਂ ਦੀ ਸੁਤੰਤਰਤਾ ਉਹ ਹੋਰ ਕਿਸੇ ਵੀ ਸਿੱਖ ਹੁਕਮਰਾਨ ਦੀ ਰਿਆਸਤ ਵਿਚ ਨਹੀਂ ਮਾਣ ਸਕਦੇ ਸਨ। ਮਿਸਾਲ ਦੇ ਤੌਰ 'ਤੇ ਖਾਲਸੇ ਦੇ ਪੰਜਾਂ ਤਖ਼ਤਾਂ ਵਿਚੋਂ ਇਕ ਤਖ਼ਤ ਸਿਰੀ ਦਮਦਮਾ ਸਾਹਿਬ, ਤਲਵੰਡੀ ਸਾਬੋ ਰਿਆਸਤ ਪਟਿਆਲਾ ਵਿਚ ਸਥਿਤ ਸੀ। ਇਸ ਨੂੰ ਇਕ ਜਾਗੀਰਦਾਰ ਦੀ ਜਾਗੀਰ ਦੇ ਰੂਪ ਵਿਚ ਬਦਲ ਦਿੱਤਾ ਗਿਆ ਸੀ। ਇਸ ਤਰ੍ਹਾਂ ਇਸ ਦੀ ਧਾਰਮਿਕ ਮਹੱਤਤਾ ਨੂੰ ਇਸ ਹੱਦ ਤਕ ਖ਼ਤਮ ਕਰ ਦਿੱਤਾ ਸੀ ਕਿ ਸਿੱਖ ਇਸ ਬਾਰੇ ਭੁਲ ਹੀ ਗਏ ਸਨ ਕਿ ਕੀ ਤਖ਼ਤ ਦਮਦਮਾ ਸਾਹਿਬ ਵੀ ਸਿੱਖਾਂ ਦਾ ਇਕ ਤਖ਼ਤ ਹੈ? ਸਿਰਫ਼ 1966 ਵਿਚ ਹੀ ਸ਼ਰੋਮਣੀ ਗੁਰਦੁਆਰਾ ਪਰਬੰਧਕ ਕਮੇਟੀ ਨੇ ਇਕ ਇਤਿਹਾਸਕ ਫੈਸਲੇ ਰਾਹੀਂ ਇਸ ਅਸਥਾਨ ਨੂੰ ਤਖ਼ਤ ਦਾ ਦਰਜਾ ਮੁੜ ਕੇ ਕਾਇਮ ਕੀਤਾ ਸੀ। ਕੀ ਇਸ ਤਰ੍ਹਾਂ ਦੀ ਕੋਈ ਮਿਸਾਲ ਮਹਾਰਾਜਾ ਰਣਜੀਤ ਸਿੰਘ ਨਾਲ ਵੀ ਸਬੰਧਤ ਹੈ? ਮਹਾਰਾਜੇ ਨੇ ਸਗੋਂ ਅਕਾਲੀ ਫੂਲਾ ਸਿੰਘ ਨੂੰ ਸੁਤੰਤਰਤਾ ਨਾਲ ਤੁਰਨ-ਫਿਰਨ ਦੀ ਜਾਚ ਸਿਖਾਈ ਸੀ। ਉਸ ਨੇ ਅਕਾਲੀਆਂ ਨੂੰ ਬਿਨਾ ਕੋਈ ਅਹਿਸਾਸ ਕਰਵਾਏ ਦੇ ਜਾਗੀਰਾਂ ਦਿੱਤੀਆਂ, ਅਕਾਲੀ ਜੱਥੇ ਨੂੰ ਗੁਰਦੁਆਰੇ ਦੇ ਅਹਾਤਿਆਂ ਵਿਚੋਂ ਬਾਹਰ ਕੱਢ ਕੇ ਅਕਾਲੀ ਦੀ ਛਾਉਣੀ ਬਣਾ ਕੇ ਰਹਿਣਾ ਸਿਖਾਇਆ ਤਾਂ ਕਿ ਉਨ੍ਹਾਂ ਦੇ ਮਨਾਂ ਵਿਚ ਹਰ ਸਮੇਂ ਇਕ ਸੰਤ-ਸਿਪਾਹੀ ਦੀ ਭਾਵਨਾ ਬਣੀ ਰਹੇ। ਅਕਾਲੀ ਸਿੰਘ ਆਪਣੀ ਲੋੜ ਨੂੰ ਪੂਰੀ ਕਰਨ ਲਈ ਬਿਨਾਂ ਪੁੱਛਿ ਜਾਂ ਬਿਨਾ ਕਿਸੇ ਜਾਬਤੇ ਦਾ ਖ਼ਿਆਲ

ਰਖੇ ਕਿਸੇ ਸਿੱਖ ਸਰਦਾਰ ਦੀ ਹਵੇਲੀ ਵਿਚ ਜਾ ਵੜਦੇ ਸਨ ਅਤੇ ਧੱਕੇ ਨਾਲ ਉਸ ਕੋਲੋਂ ਚੀਜ਼ਾਂ ਵਸਤਾਂ ਖੋਹ ਕੇ ਬਾਹਰ ਆ ਜਾਂਦੇ ਸਨ।[92] ਜੇ ਕਦੇ ਪਰਭਾਵਤ ਸਿੱਖ ਸਰਦਾਰ ਮਹਾਰਾਜੇ ਪਾਸ ਸ਼ਕਾਇਤ ਕਰਦੇ ਸਨ ਤਾਂ ਮਹਾਰਾਜਾ ਸਬੰਧਤ ਅਕਾਲੀ ਸਿੰਘਾਂ ਨੂੰ ਬੁਲਾ ਕੇ ਉਸ ਤਰ੍ਹਾਂ ਦੀਆਂ ਕਈ ਗੁਣਾਂ ਹੋਰ ਜ਼ਿਆਦਾ ਵਸਤਾਂ ਦੇ ਕੇ ਸਮਝਾਉਂਦਾ ਸੀ ਕਿ ਇਹ ਸਿੱਖ ਸਰਦਾਰ ਤਾਂ ਤੁਹਾਡੀ ਛੱਤਰ ਛਾਇਆ ਹੇਠ ਰਹਿੰਦੇ ਹਨ। ਜਿਸ ਵਸਤੂ ਦੀ ਜ਼ਰੂਰਤ ਹੋਵੇ ਉਹ ਸਰਕਾਰੀ ਖ਼ਜ਼ਾਨੇ ਵਿਚੋਂ ਲੈ ਲਈ ਜਾਇਆ ਕਰੇ। ਇਥੇ ਇਹ ਗੱਲ ਲਿਖਣ ਵਿਚ ਕੋਈ ਝਿਜਕ ਨਹੀਂ ਹੈ ਕਿ ਮਹਾਰਾਜੇ ਵਲੋਂ ਅਕਾਲੀਆਂ ਨੂੰ ਲੱਖਾਂ-ਹਜ਼ਾਰਾਂ ਰੁਪਏ ਕੀਮਤ ਦੀਆਂ ਜਾਗੀਰਾਂ ਅਤੇ ਨਜ਼ਰਾਨੇ ਦੇਣ ਦੇ ਬਾਵਜੂਦ ਵੀ ਅਕਾਲੀ ਸਿੰਘ ਸਿੱਖ ਸਰਦਾਰਾਂ ਦੇ ਘਰੋਂ ਧੱਕੇ ਨਾਲ ਚੀਜ਼ਾਂ ਵਸਤਾਂ ਖੋਹਣ ਤੋਂ ਨਹੀਂ ਹਟਦੇ ਸਨ।

1809 ਈ. ਵਿਚ ਜਦੋਂ ਅੰਮ੍ਰਿਤਸਰ ਅਹਿਦਨਾਮੇ ਦੇ ਸਬੰਧ ਵਿਚ ਮੈਟਕਾਫ਼ ਆਪਣੀ ਸੈਨਿਕ ਟੁਕੜੀ ਨਾਲ ਅੰਮ੍ਰਿਤਸਰ ਠਹਿਰਿਆ ਹੋਇਆ ਸੀ ਤਾਂ ਤਾਜ਼ੀਏ ਕੱਢਣ ਸਮੇਂ ਅਕਾਲੀਆਂ ਨੇ ਮੈਟਕਾਫ਼ ਦੇ ਸ਼ੀਆ ਮੁਸਲਿਮ ਸੈਨਿਕਾਂ ਦਾ ਮਖੌਲ ਉਡਾਇਆ। ਇਸ ਦੇ ਸਿੱਟੇ ਵਜੋਂ ਅਕਾਲੀਆਂ ਅਤੇ ਮੈਟਕਾਫ਼ ਦੇ ਸ਼ੀਆ ਮੁਸਲਿਮ ਸੈਨਿਕਾਂ ਵਿਚਕਾਰ ਜੋ ਲੜਾਈ ਹੋਈ ਉਸ ਵਿਚ ਅਕਾਲੀਆਂ ਨੂੰ ਉਨ੍ਹਾਂ ਦੇ ਆਪਣੇ ਘਰ ਵਿਚ ਹੀ ਐਸੀ ਮਾਰ ਪਈ ਸੀ ਜਿਸ ਨੂੰ ਦੇਖ ਕੇ ਹਰ ਸਿੱਖ ਦਾ ਸਿਰ ਨੀਵਾਂ ਹੁੰਦਾ ਸੀ। ਇਸ ਘਟਨਾ ਰਾਹੀਂ ਜਾਂ ਅਕਾਲੀਆਂ ਦੀ ਮੂਰਖਤਾ ਰਾਹੀਂ ਰਣਜੀਤ ਸਿੰਘ ਨੂੰ ਖਾਹਮੁਖਾਹ ਹੀ ਇਕ ਐਸੇ ਸੰਕਟ ਵਿਚ ਫਸਾ ਦਿੱਤਾ ਗਿਆ ਸੀ ਜਿਸ ਵਿਚ ਉਸ ਦੀ ਉਭਰਦੀ ਰਿਆਸਤ ਭੰਗ ਦੇ ਭਾਣੇ ਹੀ ਖ਼ਤਮ ਹੋ ਸਕਦੀ ਸੀ। ਇਹ ਤਾਂ ਮਹਾਰਾਜੇ ਦੀ ਸਿਆਣਪ ਸੀ ਜਿਸ ਨਾਲ ਉਸ ਨੇ ਸਾਰੀ ਸਥਿਤੀ ਉੱਤੇ ਕਾਬੂ ਪਾ ਲਿਆ ਸੀ ਅਤੇ ਅਕਾਲੀਆਂ ਨੂੰ ਉਨ੍ਹਾਂ ਦੀ ਹੋਈ ਬੇਇਜ਼ਤੀ ਦਾ ਅਹਿਸਾਸ ਵੀ ਨਹੀਂ ਹੋਣ ਦਿੱਤਾ ਸੀ। ਇਸੇ ਇਕ ਘਟਨਾ ਨੇ ਰਣਜੀਤ ਸਿੰਘ ਨੂੰ ਅੰਗਰੇਜ਼ਾਂ ਨਾਲ ਦੋਸਤੀ ਬਣਾ ਕੇ ਰਖਣ ਲਈ ਮਜਬੂਰ ਕਰ ਦਿੱਤਾ ਸੀ। ਇਸ ਘਟਨਾ ਵਿਚ ਨਾ ਹੀ ਤਾਂ ਅਕਾਲੀਆਂ ਦੀ ਕੋਈ ਪੰਥ-ਭਗਤੀ ਹੀ ਪਰਗਟ ਹੁੰਦੀ ਸੀ ਅਤੇ ਨਾ ਹੀ ਬਹਾਦਰੀ। ਸਗੋਂ ਇਸ ਵਿਚੋਂ ਅਕਾਲੀਆਂ (ਨਿਹੰਗਾਂ) ਦਾ ਫ਼ਿਰਕੂ-ਤੰਗ-ਨਜ਼ਰੀਆ ਹੀ ਦਿਖਾਈ ਦਿੰਦਾ ਸੀ।

1809-10 ਦੇ ਸਾਲਾਂ ਦੀ ਹੀ ਇਕ ਹੋਰ ਘਟਨਾ ਹੈ। ਅੰਗਰੇਜ਼ਾਂ ਨਾਲ ਦੋਸਤੀ ਪੈ ਜਾਣ ਕਰਕੇ ਰਣਜੀਤ ਸਿੰਘ ਨੇ ਆਪਣੇ ਰਾਜ ਪਰਬੰਧ ਨੂੰ ਵੀ ਆਧੁਨਿਕ ਲੀਹਾਂ 'ਤੇ ਚਲਾਉਣ ਦੀ ਕੋਸ਼ਿਸ਼ ਕੀਤੀ ਸੀ। ਇਸ ਕੋਸ਼ਿਸ਼ ਵਜੋਂ ਰਣਜੀਤ ਸਿੰਘ ਨੇ ਅੰਗਰੇਜ਼ ਅਫਸਰਾਂ ਤੋਂ ਆਪਣੀ ਜ਼ਮੀਨ ਦੀ ਮਿਣਤੀ ਕਰਵਾਉਣੀ ਚਾਹੀ। ਮਿਣਤੀ ਕਰਵਾਉਣ ਲਈ ਜਦੋਂ ਕੁਝ ਅੰਗਰੇਜ਼ ਅਫ਼ਸਰ ਕੈਪਟਨ ਵਾਈਟ ਰਾਹੀਂ ਜ਼ਮੀਨ ਦੀ ਮਿਣਤੀ ਕਰਵਾ ਰਹੇ ਸਨ ਤਾਂ ਅਕਾਲੀਆਂ ਵਿਚ ਇਹ ਗੱਲ ਫੈਲ ਗਈ ਕਿ ਅੰਗਰੇਜ਼ ਮਹਾਰਾਜੇ ਦਾ ਰਾਜ ਖਰੀਦ ਰਹੇ ਹਨ। ਬੱਸ ਬਿਨਾਂ ਕੁਝ ਸੋਚੇ ਸਮਝੇ ਅਕਾਲੀਆਂ ਨੇ ਕੈਪਟਨ ਵਾਈਟ ਅਤੇ ਉਸ ਦੇ ਅਫ਼ਸਰਾਂ ਉਪਰ ਹਮਲਾ ਕਰ ਦਿੱਤਾ। ਕੈਪਟਨ ਵਾਈਟ ਅਤੇ ਉਸ ਦੇ ਸਾਥੀ ਲਾਗਲੇ ਪਿੰਡ ਵਿਚ ਜਾ ਛੁਪੇ। ਅਕਾਲੀਆਂ ਨੇ ਉਸ ਪਿੰਡ ਨੂੰ ਘੇਰ ਲਿਆ।[93] ਅਖ਼ੀਰ 'ਤੇ ਜਦੋਂ ਇਸ ਗੱਲ ਦਾ ਪਤਾ ਮਹਾਰਾਜੇ ਨੂੰ ਲਗਿਆ

92. ਬਾਵਾ ਪ੍ਰੇਮ ਸਿੰਘ ਹੋਤੀ, *ਪੂਰਵ ਅੰਕਤ*, ਪੰਨਾ 60.
93. *ਉਕਤ*, ਪੰਨੇ 21-22.

ਤਾਂ ਕਿਤੇ ਉਸ ਵਲੋਂ ਭੇਜੇ ਗਏ ਸਿੱਖ ਸਰਦਾਰਾਂ ਨੇ ਅਕਾਲੀਆਂ ਨੂੰ ਸਮਝਾ-ਬੁਝਾ ਕੇ ਵਾਪਸ ਲਿਆਂਦਾ। ਇਸ ਘਟਨਾ ਦਾ ਬਰਿਟਿਸ਼ ਸਰਕਾਰ ਨੇ ਬਹੁਤ ਬੁਰਾ ਮਨਾਇਆ ਅਤੇ ਅਕਾਲੀ ਫੂਲਾ ਸਿੰਘ ਨੂੰ ਬਰਿਟਿਸ਼ ਸਰਕਾਰ ਦੇ ਹਵਾਲੇ ਕਰਨ ਦੀ ਮੰਗ ਕੀਤੀ। ਮਹਾਰਾਜੇ ਨੇ ਬਰਿਟਿਸ਼ ਅਧਿਕਾਰੀਆਂ ਨੂੰ ਅਕਾਲੀਆਂ ਦੀ ਸਥਿਤੀ, ਸੁਭਾਅ ਅਤੇ ਸੋਚਣੀ ਬਾਰੇ ਸਮਝਾਇਆ ਅਤੇ ਮਾਮਲੇ ਨੂੰ ਰਫ਼ਾ ਦਫ਼ਾ ਕਰਵਾਇਆ।

1814 ਦੇ ਸਾਲ ਵਿਚ ਅਕਾਲੀ ਫੂਲਾ ਸਿੰਘ ਮਹਾਰਾਜੇ ਨਾਲ ਇਸ ਗੱਲੋਂ ਗੁੱਸੇ ਹੋ ਗਿਆ ਸੀ ਕਿ ਮਹਾਰਾਜੇ ਨੇ ਆਪਣੇ ਦਰਬਾਰ ਅਤੇ ਆਪਣੀਆਂ ਫ਼ੌਜਾਂ ਵਿਚ ਡੋਗਰਿਆਂ ਅਤੇ ਹੋਰ ਗੈਰ-ਸਿੱਖ ਲੋਕਾਂ ਨੂੰ ਕਿਉਂ ਰੱਖਿਆ ਹੈ। ਮਹਾਰਾਜੇ ਨੇ ਅਕਾਲੀ ਜੀ ਨੂੰ ਸਮਝਾਉਣ ਦੀ ਬਹੁਤ ਕੋਸ਼ਿਸ਼ ਕੀਤੀ ਪਰ ਉਹ ਨਹੀਂ ਸਮਝੇ। ਅਖੀਰ ਰੋਸ ਵਜੋਂ ਆਪਣੇ ਜੱਥੇ ਸਮੇਤ ਅੰਮ੍ਰਿਤਸਰ ਛੱਡ ਕੇ ਆਨੰਦਪੁਰ ਸਾਹਿਬ ਚਲੇ ਗਏ। ਆਨੰਦਪੁਰ ਸਾਹਿਬ ਮਹਾਰਾਜੇ ਦੀ ਰਿਆਸਤ ਅਤੇ ਬਰਿਟਿਸ਼ ਇਲਾਕੇ ਦੇ ਐਨ ਹੱਦ ਉਪਰ ਸਥਿਤ ਸੀ। ਇਥੇ ਹੀ ਅਕਾਲੀ ਜੀ ਪਾਸ, ਜੀਂਦ ਰਿਆਸਤ ਦਾ ਕੰਵਰ ਪਰਤਾਪ ਸਿੰਘ ਆਪਣੇ ਪਿਤਾ ਦੇ ਖ਼ਿਲਾਫ਼ ਬਾਗੀ ਹੋ ਕੇ, ਪਹੁੰਚ ਗਿਆ। ਉਸ ਦਾ ਨਿਸ਼ਾਨਾ ਨਿਰੋਲ ਰਾਜਨੀਤਕ ਸੀ। ਬਰਿਟਿਸ਼ ਹਕੂਮਤ ਉਸ ਦੇ ਪਿੱਛੇ ਪਈ ਹੋਈ ਸੀ। ਬਰਿਟਿਸ਼ ਹਕੂਮਤ ਨੇ ਅਕਾਲੀ ਫੂਲਾ ਸਿੰਘ ਨੂੰ ਸੁਨੇਹਾ ਭੇਜਿਆ ਕਿ ਉਹ ਕੰਵਰ ਪਰਤਾਪ ਸਿੰਘ ਨੂੰ ਉਨ੍ਹਾਂ ਦੇ ਹਵਾਲੇ ਕਰ ਦੇਣ ਪਰ ਅਕਾਲੀ ਜੀ ਨੇ ਜਵਾਬ ਦੇ ਦਿੱਤਾ। ਬਰਿਟਿਸ਼ ਹਕੂਮਤ ਨੇ ਫੌਜੀ ਕਾਰਵਾਈ ਕਰਨ ਤੋਂ ਪਹਿਲਾਂ ਰਣਜੀਤ ਸਿੰਘ ਨੂੰ ਬੇਨਤੀ ਕੀਤੀ ਕਿ ਅਕਾਲੀ ਫੂਲਾ ਸਿੰਘ ਨੂੰ ਉਹ ਵਾਪਸ ਅੰਮ੍ਰਿਤਸਰ ਲੈ ਜਾਣ। ਮਹਾਰਾਜੇ ਨੇ ਅਕਾਲੀ ਜੀ ਨੂੰ ਵਾਪਸ ਅੰਮ੍ਰਿਤਸਰ ਆਉਣ ਲਈ ਬੜੇ ਸਨੇਹੇ ਭੇਜੇ ਪਰ ਉਹ ਨਾ ਗਏ ਅਖ਼ੀਰ ਨੂੰ ਤਕੜੀ ਸੈਨਿਕ ਟੁਕੜੀ ਭੇਜੀ ਗਈ। ਇਸ ਸੈਨਿਕ ਟੁਕੜੀ ਨੇ ਕਿਹਾ ਕਿ ਉਹ ਅਕਾਲੀ ਜੀ ਨੂੰ ਸਤਿਕਾਰ ਸਹਿਤ ਵਾਪਸ ਲੈ ਕੇ ਜਾਣਗੇ। ਅਕਾਲੀ ਫੂਲਾ ਸਿੰਘ ਅਖ਼ੀਰ ਇਸ ਸੈਨਿਕ ਟੁਕੜੀ ਰਾਹੀਂ ਅੰਮ੍ਰਿਤਸਰ ਲਿਜਾਏ ਗਏ। ਅੰਮ੍ਰਿਤਸਰ ਪਹੁੰਚਣ 'ਤੇ ਮਹਾਰਾਜੇ ਨੇ ਅਕਾਲੀ ਜੀ ਦਾ ਬਹੁਤ ਮਾਣ-ਸਤਿਕਾਰ ਕੀਤਾ।

ਉਸ ਸਮੇਂ ਮਹਾਰਾਜਾ ਰਣਜੀਤ ਸਿੰਘ ਦੇ ਖਾਲਸਾ ਰਾਜ ਦੇ ਨਾਲ ਨਾਲ ਪਟਿਆਲਾ, ਨਾਭਾ, ਜੀਂਦ ਅਤੇ ਫਰੀਦਕੋਟ ਜੈਸੀਆਂ ਸਿੱਖ ਰਿਆਸਤਾਂ ਵੀ ਸਨ। ਪਰ ਜਿਸ ਤਰ੍ਹਾਂ ਅਕਾਲੀ ਫੂਲਾ ਸਿੰਘ ਜੀ ਆਪਣੀ ਅਕਾਲ ਸੈਨਾ ਨੂੰ ਲੈ ਕੇ ਮਹਾਰਾਜੇ ਦੀ ਬੇਨਤੀ 'ਤੇ ਹਰ ਮੁਹਿੰਮ ਵਿਚ ਸ਼ਾਮਲ ਹੋ ਜਾਂਦੇ ਸਨ ਉਸ ਤਰ੍ਹਾਂ ਉਹ ਹੋਰ ਕਿਸੇ ਵੀ ਸਿੱਖ ਰਿਆਸਤ 'ਤੇ ਮਹਾਰਾਜੇ ਦੀ ਸੈਨਾ ਵਿਚ ਕਦੇ ਵੀ ਸ਼ਾਮਲ ਹੋ ਕੇ ਨਹੀਂ ਗਏ। ਨਾ ਹੀ ਕਿਸੇ ਸਿੱਖ ਰਿਆਸਤ ਵਿਚ ਅਕਾਲੀਆਂ ਦੀ ਕੋਈ ਸੈਨਾ ਹੀ ਸੀ। ਇਹ ਤਾਂ ਮਹਾਰਾਜਾ ਰਣਜੀਤ ਸਿੰਘ ਹੀ ਸੀ ਜਿਸ ਨੇ ਅਕਾਲੀਆਂ ਨੂੰ ਇਕ ਬਕਾਇਦਾ ਸੈਨਿਕ ਰੂਪ ਦੇਣ ਵਿਚ ਮਦਦ ਵੀ ਕੀਤੀ ਸੀ ਅਤੇ ਦਿਲਚਸਪੀ ਵੀ ਲਈ ਸੀ। ਅੰਮ੍ਰਿਤਸਰ ਵਿਖੇ ਅਕਾਲੀਆਂ ਦੀ ਛਾਉਣੀ ਸਿਰਫ਼ ਰਣਜੀਤ ਸਿੰਘ ਦੀ ਹੀ ਦੇਣ ਸੀ।

ਇਹ ਸਭ ਕੁਝ ਲਿਖਣ ਦਾ ਭਾਵ ਇਹ ਹੀ ਹੈ ਕਿ ਜਿਸ ਤਰ੍ਹਾਂ ਦਾ ਮਾਣ-ਸਤਿਕਾਰ ਮਹਾਰਾਜੇ ਨੇ ਅਕਾਲੀ ਫੂਲਾ ਸਿੰਘ ਨੂੰ ਦਿੱਤਾ ਸੀ ਉਸ ਤਰ੍ਹਾਂ ਦਾ ਮਾਣ-ਸਤਿਕਾਰ ਇਨ੍ਹਾਂ ਨੂੰ ਨਾ ਹੀ ਕਿਸੇ ਹੋਰ ਸਿੱਖ ਰਿਆਸਤ ਵਿਚ ਮਿਲਿਆ ਅਤੇ ਨਾ ਹੀ ਬਰਿਟਿਸ਼ ਹਕੂਮਤ ਵਲੋਂ ਮਿਲਿਆ। ਇਹੀ ਕਾਰਨ ਸੀ ਕਿ ਅਕਾਲੀ ਫੂਲਾ ਸਿੰਘ ਨੇ ਅਨੇਕਾਂ ਮਤਭੇਦ ਰਖਣ ਦੇ

ਬਾਵਜੂਦ ਵੀ ਮਹਾਰਾਜੇ ਦੀ ਹਰ ਬੇਨਤੀ 'ਤੇ ਆਪਣੀ ਜਾਨ ਕੁਰਬਾਨ ਕਰਨ ਦੀ ਕੋਸ਼ਿਸ਼ ਕੀਤੀ ਸੀ।

1816 ਵਿਚ ਮਹਾਰਾਜੇ ਦੀ ਬੇਨਤੀ ਤੇ ਅਕਾਲੀ ਫੂਲਾ ਸਿੰਘ ਆਪਣੇ ਅਕਾਲੀ ਜੱਥੇ ਨੂੰ ਲੈ ਕੇ ਭੱਖਰ ਅਤੇ ਲੀਹੇ ਦੇ ਅਫ਼ਗਾਨਾਂ ਨਾਲ ਲੜਨ ਲਈ ਗਿਆ ਅਤੇ ਉਨ੍ਹਾਂ 'ਤੇ ਫਤਿਹ ਹਾਸਲ ਕੀਤੀ। ਫਿਰ ਝੰਗ ਨੂੰ ਜਿੱਤਣ ਲਈ ਵੀ ਅਕਾਲੀ ਜੀ ਨੂੰ ਭੇਜਿਆ ਗਿਆ। ਜਦੋਂ ਮਹਾਰਾਜਾ ਕਈ ਮੁਹਿੰਮਾਂ ਭੇਜ ਕੇ ਵੀ ਮੁਲਤਾਨ ਨੂੰ ਪੂਰੀ ਤਰ੍ਹਾਂ ਨਾ ਜਿੱਤ ਸਕਿਆ ਤਾਂ ਉਸ ਨੇ ਮੁਲਤਾਨ ਨੂੰ ਫਤਿਹ ਕਰਨ ਲਈ ਅਕਾਲੀ ਫੂਲਾ ਸਿੰਘ ਨਾਲ ਵਿਚਾਰ ਕੀਤੀ। ਇਸ ਮਕਸਦ ਲਈ ਮਹਾਰਾਜੇ ਨੇ ਆਪਣੇ ਵਜ਼ੀਰਾਂ ਅਤੇ ਜਰਨੈਲਾਂ ਦੀ ਜਿਹੜੀ ਮੀਟਿੰਗ ਵਿਚਾਰ-ਵਟਾਂਦਰਾ ਕਰਨ ਲਈ ਬੁਲਾਈ ਉਹ ਅੰਮ੍ਰਿਤਸਰ (ਸ਼ਾਇਦ ਅਕਾਲ ਤਖ਼ਤ ਸਾਹਿਬ ਉਪਰ) ਵਿਖੇ ਬੁਲਾਈ। ਇਸ ਦੀ ਪਰਧਾਨਗੀ ਬਾਬਾ ਸਾਹਿਬ ਸਿੰਘ ਬੇਦੀ ਨੇ ਕੀਤੀ ਸੀ। ਇਸ ਵਿਚ ਫੈਸਲਾ ਹੋਇਆ ਕਿ ਮੁਲਤਾਨ 'ਤੇ ਹਮਲਾ ਕਰਨ ਵਾਲੀ ਫ਼ੌਜ ਅਕਾਲੀ ਫੂਲਾਂ ਸਿੰਘ ਦੀ ਕਮਾਂਡ ਹੇਠ ਭੇਜੀ ਜਾਵੇ। ਮੈਂ ਉਪਰ ਇਹ ਲਿਖਿਆ ਹੈ ਕਿ ਸ਼ਾਇਦ ਇਹ ਮੀਟਿੰਗ ਅਕਾਲ ਤਖ਼ਤ 'ਤੇ ਕੀਤੀ ਗਈ ਹੋਵੇ। ਇਸ ਦੀ ਸੰਭਾਵਨਾ ਇਸ ਕਰਕੇ ਹੈ ਕਿਉਂਕਿ ਇਸ ਦੀ ਪਰਧਾਨਗੀ ਬਾਬਾ ਸਾਹਿਬ ਸਿੰਘ ਬੇਦੀ ਕਰ ਰਹੇ ਸਨ। ਦੂਜਾ ਇਸ ਵਿਚ ਲਏ ਗਏ ਫੈਸਲੇ ਅਨੁਸਾਰ ਜਾਣ ਵਾਲੀ ਫ਼ੌਜ ਦਾ ਕਮਾਂਡਰ ਕੋਈ ਤਨਖ਼ਾਹਦਾਰ ਜਰਨੈਲ ਨਹੀਂ ਸੀ ਸਗੋਂ ਸਿਰੀ ਅਕਾਲ ਤਖ਼ਤ ਸਾਹਿਬ ਦਾ ਜੱਥੇਦਾਰ ਸੀ। ਇਨ੍ਹਾਂ ਗੱਲਾਂ ਤੋਂ ਇਹ ਧਾਰਨਾ ਸਪਸ਼ਟ ਹੋ ਜਾਂਦੀ ਹੈ ਕਿ ਭਾਵੇਂ ਰਣਜੀਤ ਸਿੰਘ ਕਿਸੇ ਵੀ ਤਰੀਕੇ ਨਾਲ ਰਿਹਾ ਹੋਵੇ ਪਰ ਉਸ ਦੇ ਮਨ ਵਿਚ ਅਕਾਲ ਤਖ਼ਤ ਸਾਹਿਬ ਦੀ ਸੁਪਰੀਮੇਸੀ ਅਤੇ ਪਵਿੱਤਰਤਾ ਵਸੀ ਹੋਈ ਸੀ।

ਮੁਲਤਾਨ ਦੀ ਫਤਹਿ ਨਾਲ ਹੀ ਤਖ਼ਤ ਸਿਰੀ ਪਟਣਾ ਸਾਹਿਬ ਦਾ ਇਕ ਹੁਕਮਨਾਮਾ ਵੀ ਸਬੰਧਤ ਹੈ। ਇਸ ਹੁਕਮਨਾਮੇ ਰਾਹੀਂ ਮਹਾਰਾਜਾ ਰਣਜੀਤ ਸਿੰਘ ਨੂੰ ਤਖ਼ਤ ਸਿਰੀ ਪਟਣਾ ਸਾਹਿਬ ਵਲੋਂ ਅਸੀਰਵਾਦ ਦਿੱਤੀ ਗਈ ਸੀ ਕਿ ਮੁਲਤਾਨ ਫਤਿਹ ਹੋਵੇਗਾ। ਇਹ ਹੁਕਮਨਾਮਾ ਇਸ ਤਰ੍ਹਾਂ ਹੈ :

ਤਖ਼ਤ ਪਟਣਾ ਸਾਹਿਬ ਦੀ ਮੋਹਰ
੧ਓ ਸਤਿਗੁਰ ਪ੍ਰਸਾਦਿ

੧ਓ ਸਤਿਗੁਰ ਪ੍ਰਸਾਦਿ ॥ ਸਿਰੀ ਵਾਹਿਗੁਰੂ ਜੀ ਕੇ ਪਿਆਰੇ ॥ ਸਿਰੀ ਵਾਹਿਗੁਰੂ ਜੀ ਕੇ ਸਵਾਰੇ ॥ ਸ੍ਰੀ ਵਾਹਿਗੁਰੂ ਜੀ ਕੇ ਮੰਨੇ ॥ ਸਭ ਜਨਮ ਧੰਨ ਧੰਨੇ ॥ ਪਰਉਪਕਾਰੀ ॥ ਸਨਮੁਖ ਦਰਬਾਰੀ ॥ ਉਜਲੇ ਮਸਤਕ ॥ ਜਿਨਾ ਮਿਲਿਆ ਸਿਰੀ ਵਾਹਿਗੁਰੂ ਜੀ ਕਾ ਨਾਮ ਚਿਤ ਆਵੈ ॥ ਸੋ ਸਿੰਘ ਸਾਹਿਬ ਪਾਤਸ਼ਾਹ ਰਣਜੀਤ ਸਿੰਘ ਜੀ ਪਾਸੇ ਲਿਖਤਮ ਸਿਰੀ ਪਟਣਾ ਸਾਹਿਬ ਤਖ਼ਤ ਬੁੰਗਾ ਜੀ ਕੀ ਖੁਸ਼ੀ ਵਾਚਣੀ। ਹਕੀਕਤ ਇਹ ਹੈ ਕਿ .... ਤੇ ਤੁਮਰੇ ਸਭ ਮਨੋਰਥ ਪੂਰੇ ਸਿਧ ਹੋਣਗੇ ॥ ਔਰ ਸਭ ਮੁਹਿੰਮ ਫਤੇ ਹੋਵੇਗੀ ॥ ਸਤਿਕਾਰ ਮੰਨਣਾ ॥ ਸੰਮਤ 1872 ॥ ਅਰਦਾਸ ਲਿਖੀ ॥ ਵੈਸਾਖ ਵਦੀ ਪੰਚਮੀ ॥ ਮੁਲਤਾਨ ਫਤੇ ਹੋਏਗਾ ॥[94]

94. ਦੇਖੋ, *ਗੁਰਦੁਆਰਾ ਗਜ਼ਟ*, ਸ਼੍ਰੋਮਣੀ ਗੁਰਦੁਆਰਾ ਪਰਬੰਧਕ ਕਮੇਟੀ, ਅੰਮ੍ਰਿਤਸਰ, ਮਈ, 1964, ਪੰਨਾ 46.

ਇਹ ਹੁਕਮਨਾਮਾ ਭਾਵੇਂ ਤਖ਼ਤ ਸਿਰੀ ਪਟਣਾ ਸਾਹਿਬ ਦਾ ਹੈ ਅਤੇ ਇਸ ਦਾ ਸੰਬੰਧ ਵੀ ਭਾਵੇਂ ਸਿਰੀ ਅਕਾਲ ਤਖ਼ਤ ਸਾਹਿਬ ਨਾਲ ਨਹੀਂ ਹੈ ਪਰ ਇਸ ਨਾਲ ਪਿੱਛੇ ਲਿਖੀ ਗਈ ਉਸ ਗੱਲ ਦੀ ਪਰੋੜ੍ਹਤਾ ਤਾਂ ਹੁੰਦੀ ਹੈ ਕਿ ਮਹਾਰਾਜਾ ਖਾਲਸਾ ਪੰਥ ਦੀਆਂ ਮਹਾਨ ਸੰਸਥਾਵਾਂ ਨਾਲ ਜਜ਼ਬਾਤੀ ਤੌਰ 'ਤੇ ਜੁੜਿਆ ਹੋਇਆ ਸੀ। ਮੁਲਤਾਨ ਦੀ ਫਤਿਹ ਲਈ ਜਿਥੇ ਸਿਰੀ ਅਕਾਲ ਤਖ਼ਤ ਸਾਹਿਬ ਤੋਂ ਆਸ਼ੀਰਵਾਦ ਲਈ ਸੀ ਉਥੇ ਤਖ਼ਤ ਸਿਰੀ ਪਟਣਾ ਸਾਹਿਬ ਤੋਂ ਵੀ ਆਸ਼ੀਰਵਾਦ ਲਈ ਗਈ ਸੀ। ਇਹ ਵੀ ਕਿ ਮੁਲਤਾਨ ਫਤਿਹ ਹੋਣ ਪਿੱਛੋਂ, ਅਕਾਲੀ ਫੂਲਾ ਸਿੰਘ ਨਾਲ ਪਹਿਲਾਂ ਤੋਂ ਹੀ ਕੀਤੇ ਗਏ ਵਾਇਦੇ ਅਨੁਸਾਰ, ਸਿਰੀ ਦਰਬਾਰ ਸਾਹਿਬ ਦੀ ਪਰਿਕਰਮਾ ਪੱਕੀ ਕਰਵਾਈ ਗਈ ਸੀ।[95]

ਉਕਤ ਤੋਂ ਇਲਾਵਾ ਕਸ਼ਮੀਰ ਦੀਆਂ ਮੁਹਿੰਮਾਂ ਸਮੇਂ ਅਕਾਲੀ ਫੂਲਾ ਸਿੰਘ ਜੀ ਆਪਣੇ ਅਕਾਲੀ ਜੱਥੇ ਨਾਲ ਹਰ ਸਮੇਂ ਨਾਲ ਰਹੇ ਸਨ। ਪਿਸ਼ਾਵਰ ਨੂੰ ਜਿੱਤਣ ਸਮੇ ਅਕਾਲੀ ਜੀ ਸਿੱਖ ਫੌਜਾਂ ਨਾਲ ਸਨ। 1823 ਵਿਚ ਜਦੋਂ ਮਹਾਰਾਜੇ ਨੂੰ ਨੌਸ਼ਹਿਰੇ ਦੇ ਮੈਦਾਨ ਵਿਚ ਜ਼ਬਰਦਸਤ ਚਣੌਤੀ ਦਿੱਤੀ ਗਈ ਸੀ ਤਾਂ ਇਸ ਲੜਾਈ ਦਾ ਮੁੱਖ ਹੀਰੋ ਅਕਾਲੀ ਫੂਲਾ ਸਿੰਘ ਹੀ ਸੀ। ਅਸਲ ਵਿਚ ਪਠਾਣ ਫੌਜਾਂ ਵਲੋਂ ਜੋ ਚਣੌਤੀ ਨੌਸ਼ਹਿਰੇ ਦੇ ਮੈਦਾਨ ਵਿਚ ਦਿੱਤੀ ਗਈ ਸੀ ਉਤਨੀ ਭਿਆਨਕ ਅਤੇ ਜ਼ਬਰਦਸਤ ਚਣੌਤੀ ਮਹਾਰਾਜੇ ਨੂੰ ਉਸ ਦੇ ਸਮੁਚੇ ਰਾਜ ਸਮੇਂ ਵਿਚ ਕਦੇ ਵੀ ਨਹੀਂ ਮਿਲੀ ਸੀ। ਮਹਾਰਾਜੇ ਦੀ ਫ਼ੌਜ ਪਠਾਣਾਂ ਸਾਹਮਣੇ ਬੇਬਸ ਹੋਈ ਖੜੀ ਸੀ। ਇਹ ਸਿਰਫ਼ ਅਕਾਲੀ ਫੂਲਾ ਸਿੰਘ ਅਤੇ ਉਸ ਦੇ ਅਕਾਲੀ ਜੱਥੇ ਦੀ ਹਠਧਰਮੀ ਕਰਕੇ ਹੀ ਸੀ ਕਿ ਪਠਾਣ ਫੌਜਾਂ ਵਿਚ ਭਗਦੜ ਮੱਚ ਗਈ ਸੀ। ਮਚਾਈ ਗਈ ਇਸ ਭਗਦੜ ਨੂੰ ਪਿੱਛੋਂ ਸਿੱਖ ਫ਼ੌਜਾਂ ਨੇ ਸੰਭਾਲ ਲਿਆ ਸੀ। ਨੌਸ਼ਹਿਰੇ ਦੀ ਸਾਰੀ ਲੜਾਈ ਬਿਨਾਂ ਕਿਸੇ ਨਿਰਧਾਰਤ ਕੀਤੀ ਨੀਤੀ ਤੋਂ ਅਤੇ ਨਿਰੋਲ ਅਕਾਲੀ ਜੀ ਦੀ ਆਪਣੀ ਮਨਮਰਜ਼ੀ ਅਨੁਸਾਰ ਲੜੀ ਗਈ ਸੀ। ਇਸ ਵਿਚ ਅਕਾਲੀ ਫੂਲਾ ਸਿੰਘ ਜੀ ਸ਼ਹੀਦ ਹੋ ਗਏ ਸਨ ਅਤੇ ਉਨ੍ਹਾਂ ਦੇ ਅਕਾਲੀ ਸਿੰਘ ਵੀ ਤਕੜੀ ਗਿਣਤੀ ਵਿਚ ਸ਼ਹੀਦ ਹੋ ਗਏ ਸਨ। ਅਕਾਲੀ ਫੂਲਾ ਸਿੰਘ ਜੀ ਦੀ ਅਤੇ ਉਸ ਦੇ ਅਕਾਲੀ ਸਿੰਘਾਂ ਦੀ ਇਹੀ ਸ਼ਹਾਦਤ ਸਭ ਤੋਂ ਵੱਡਾ ਸਬੂਤ ਹੈ ਮਹਾਰਾਜਾ ਰਣਜੀਤ ਸਿੰਘ ਦੀ ਅਕਾਲੀਆਂ ਪਰੱਤੀ ਤਾਬੇਦਾਰੀ ਦਾ। ਅਕਾਲੀਆਂ ਪਰੱਤੀ ਤਾਬੇਦਾਰੀ ਸਿਰੀ ਅਕਾਲ ਤਖ਼ਤ ਸਾਹਿਬ ਪਰੱਤੀ ਵਫ਼ਾਦਾਰੀ ਦਾ ਪਰਮਾਣ ਹੈ।

ਸਿਰੀ ਅਕਾਲ ਤਖ਼ਤ ਸਾਹਿਬ ਦੀ ਜੋ ਇਮਾਰਤ 1984 ਤਕ ਸਾਡੇ ਸਾਹਮਣੇ ਸੀ ਉਹ ਸਾਰੀ ਦੀ ਸਾਰੀ ਹੀ ਮਹਾਰਾਜਾ ਰਣਜੀਤ ਸਿੰਘ ਜਾਂ ਉਸ ਦੇ ਜਰਨੈਲਾਂ ਦੀ ਹੀ ਬਣਵਾਈ ਹੋਈ ਸੀ। ਤਖ਼ਤ ਸਾਹਿਬ ਦੀਆ ਉਪਰਲੀਆਂ ਚਾਰ ਮੰਜ਼ਿਲਾਂ ਮਹਾਰਾਜੇ ਨੇ ਖੁਦ ਬਣਵਾਈਆਂ ਸਨ।[96] ਸਭ ਤੋਂ ਉਪਰਲਾ ਬੰਗਲਾ ਅਤੇ ਸੁਨਹਿਰੀ ਗੁੰਬਦ ਸਰਦਾਰ ਹਰੀ ਸਿੰਘ ਨਲੂਏ ਨੇ ਬਣਵਾਇਆ ਸੀ। ਇਸ ਦੇ ਉਪਰ ਪੰਜ਼ੀ ਹਜ਼ਾਰ ਰੁਪਏ ਦਾ ਸੋਨਾ ਵੀ ਸਰਦਾਰ ਨਲੂਏ ਨੇ ਗਿਆਨੀ ਗੁਰਮੁਖ ਸਿੰਘ ਰਾਹੀਂ ਲਗਵਾਇਆ ਸੀ।

---

95. *ਕਲਕੱਤਾ ਰੀਵਿਊ*, ਜਿਲਦ 6, ਦਸੰਬਰ, 1846, ਪੰਨਾ 279 ਅਤੇ *ਪਿਸ਼ਾਵਰ ਗਜ਼ਟੀਅਰ*, ਪੰਨਾ 65, ਬਾਵਾ ਪ੍ਰੇਮ ਸਿੰਘ ਹੋਤੀ ਅਨੁਸਾਰ, *ਪੂਰਵਅੰਕਤ*, ਪੰਨਾ 37.
96. ਗਯਾਨ ਸਿੰਘ, *ਤਵਾਰੀਖ਼ ਸ੍ਰੀ ਅੰਮ੍ਰਿਤਸਰ*, ਪੰਨਾ 16.

ਉਕਤ ਗੱਲਾਂ ਦੀ ਰੋਸ਼ਨੀ ਵਿਚ ਇਹ ਕਿਹਾ ਜਾ ਸਕਦਾ ਹੈ ਕਿ ਭਾਵੇਂ ਮਹਾਰਾਜਾ ਰਣਜੀਤ ਸਿੰਘ ਦੇ ਸਮੇਂ ਦੀਆਂ ਬਹੁਤ ਘਟਨਾਵਾਂ ਸਿਰੀ ਅਕਾਲ ਤਖ਼ਤ ਸਾਹਿਬ ਨਾਲ ਸਬੰਧਤ ਹਨ ਪਰ ਜਿੰਨੀਆਂ ਵੀ ਹਨ ਉਨ੍ਹਾਂ ਤੋਂ ਇਹ ਗੱਲ ਭਲੀ ਭਾਂਤੀ ਸਪਸ਼ਟ ਹੋ ਜਾਂਦੀ ਹੈ ਕਿ ਮਹਾਰਾਜਾ, ਸਿਰੀ ਅਕਾਲ ਤਖ਼ਤ ਸਾਹਿਬ ਦੀ ਸਰਬਉਚਤਾ ਨੂੰ ਸਮਝਦਾ ਸੀ। ਇਹੀ ਕਾਰਨ ਸੀ ਕਿ ਉਸ ਨੇ ਅਕਾਲੀ ਫੂਲਾ ਸਿੰਘ ਨੂੰ ਲਗਦੀ ਵਾਹ ਪੂਰਾ ਮਾਣ ਅਤੇ ਸਤਿਕਾਰ ਦਿੱਤਾ। ਕਈ ਵਾਰੀ ਅਕਾਲੀ ਜੀ ਦੀਆਂ ਆਪਹੁਦਰੀਆਂ ਅਤੇ ਵਿਰਕ੍ਰ ਰੰਗਤ ਵਾਲੀਆਂ ਗਤੀ ਵਿਧੀਆਂ ਨੂੰ ਵੀ ਨਜ਼ਰਅੰਦਾਜ਼ ਕਰ ਦਿੱਤਾ ਜਾਂਦਾ। ਮਹਾਰਾਜਾ ਬਹੁਤ ਵੱਡੀ ਸੈਨਿਕ ਸ਼ਕਤੀ ਦਾ ਮਾਲਕ ਹੋਣ 'ਤੇ ਵੀ ਅਕਾਲੀ ਫੂਲਾ ਸਿੰਘ ਅਗੇ ਸਿਰ ਝੁਕਾ ਦਿੰਦਾ ਸੀ। ਇਹ ਸਿਰਫ਼ ਇਸੇ ਕਰਕੇ ਸੀ ਕਿ ਉਹ ਸਿਰੀ ਅਕਾਲਤ ਤਖ਼ਤ ਸਾਹਿਬ ਦੇ ਜੱਥੇਦਾਰ ਸਨ। ਸਭ ਤੋਂ ਵੱਧ ਹੈਰਾਨ ਕਰਨ ਵਾਲੀ ਗੱਲ ਤਾਂ ਇਹ ਹੈ ਕਿ ਅਕਾਲੀ ਫੂਲਾ ਸਿੰਘ ਦਾ ਮਹਾਰਾਜੇ ਨਾਲ ਅਨੇਕਾਂ ਵਾਰੀ ਨਾਰਾਜ਼ ਹੋਣ ਦੇ ਬਾਵਜੂਦ ਵੀ, ਅਕਾਲੀ ਜੀ ਮਹਾਰਾਜੇ ਦੇ ਹਰ ਹੁਕਮ ਤੇ ਫੁੱਲ ਚੜ੍ਹਾਉਂਦੇ ਸਨ। ਇਥੋਂ ਤਕ ਕਿ ਅਕਾਲੀ ਜੀ ਨੇ ਮਹਾਰਾਜੇ ਦੇ ਰਾਜ-ਭਾਗ ਦੀ ਰਾਖੀ ਲਈ ਨੌਸ਼ਹਿਰੇ ਦੇ ਜੰਗੇ ਮੈਦਾਨ ਵਿਚ ਆਪਣੀ ਸ਼ਹਾਦਤ ਦੇ ਦਿੱਤੀ ਸੀ। ਇਹੀ ਸ਼ਹਾਦਤ ਹੀ ਮਹਾਰਾਜੇ ਦੀ ਸਿਰੀ ਅਕਾਲ ਤਖ਼ਤ ਸਾਹਿਬ ਦੇ ਨਾਲ ਜੁੜੀ ਜਜ਼ਬਾਤੀ ਸਾਝ ਨੂੰ ਸਪਸ਼ਟ ਰੂਪ ਵਿਚ ਦਰਸਾ ਦਿੰਦੀ ਹੈ। ਅਕਾਲੀ ਫੂਲਾ ਸਿੰਘ ਨੂੰ ਪਤਾ ਸੀ ਕਿ ਮਹਾਰਾਜਾ ਰਣਜੀਤ ਸਿੰਘ ਆਖ਼ਰਕਾਰ ਸਿੱਖ ਕੌਮ ਦੀ ਆਨ ਸ਼ਾਨ ਨੂੰ ਚਮਕਾਉਣ ਵਾਲਾ ਹੀ ਹੈ।

1849 ਈ. ਵਿਚ ਪੰਜਾਬ ਨੂੰ ਬਰਿਟਿਸ਼ ਭਾਰਤ ਵਿਚ ਮਿਲਾ ਲਿਆ ਗਿਆ ਸੀ। ਇਸ ਕਰਕੇ ਪੰਜਾਬ ਦਾ ਸਮੁੱਚਾ ਪਰਬੰਧ ਬਰਿਟਿਸ਼ ਸਰਕਾਰ ਦੇ ਅਧੀਨ ਹੋ ਗਿਆ ਸੀ। ਇਸ ਦਾ ਪਰਭਾਵ ਸਿੱਖਾਂ ਦੇ ਧਾਰਮਕ ਅਸਥਾਨਾਂ ਅਤੇ ਸਿਰੀ ਅਕਾਲ ਤਖ਼ਤ ਸਾਹਿਬ 'ਤੇ ਵੀ ਪਿਆ ਸੀ। ਸਿੱਖਾਂ ਦੇ ਧਾਰਮਕ ਅਸਥਾਨਾਂ ਉਪਰ ਪਏ ਬਰਿਟਿਸ਼ ਪਰਭਾਵ ਨੂੰ ਸਮਝਣ ਲਈ ਦੋ ਨੁਕਤਿਆਂ ਨੂੰ ਧਿਆਨ ਵਿਚ ਰੱਖਣਾ ਜ਼ਰੂਰੀ ਹੈ। ਇਕ ਇਹ ਕਿ ਬਰਿਟਿਸ਼ ਰਾਜ ਤੋਂ ਪਹਿਲਾਂ ਇਨ੍ਹਾਂ ਅਸਥਾਨਾਂ ਦਾ ਪਰਬੰਧ ਕਿਸ ਤਰ੍ਹਾਂ ਦਾ ਸੀ ਅਤੇ ਦੂਜਾ ਇਥੋਂ ਦੇ ਸੇਵਾਦਾਰਾਂ ਦੀ ਸਥਿਤੀ ਕੀ ਹੁੰਦੀ ਸੀ? ਬਰਤਾਨਵੀ ਹਾਕਮਾਂ ਨੇ ਲਗਪਗ ਪਿਛਲੇ ਸਮੇ ਦੇ ਪਰਬੰਧ ਨੂੰ ਪੈਟਰਨ ਬਣਾ ਕੇ ਹੀ ਇਨ੍ਹਾਂ ਅਸਥਾਨਾਂ ਦਾ ਪਰਬੰਧ ਕਰਨ ਦੀ ਕੋਸ਼ਿਸ਼ ਕੀਤੀ ਸੀ।

ਜਿਵੇਂ ਕਿ ਅਸੀਂ ਦੇਖ ਚੁਕੇ ਹਾਂ ਕਿ ਮਹਾਰਾਜਾ ਰਣਜੀਤ ਸਿੰਘ ਦੇ ਰਾਜ ਸਮੇਂ ਸਿਰੀ ਦਰਬਾਰ ਸਾਹਿਬ ਅਤੇ ਸਿਰੀ ਅਕਾਲ ਤਖ਼ਤ ਸਾਹਿਬ ਦਾ ਪਰਬੰਧ ਇਕੱਠਾ ਹੀ ਹੁੰਦਾ ਸੀ। ਮਹਾਰਾਜੇ ਵਲੋਂ ਇਕ ਖਾਸ ਅਧਿਕਾਰੀ ਇਨ੍ਹਾਂ ਦੇ ਪਰਬੰਧ ਲਈ ਨਿਯੁਕਤ ਕੀਤਾ ਜਾਦਾ ਸੀ। ਉਹ ਅਧਿਕਾਰੀ ਹੀ ਸਮੁਚੇ ਤੋਰ 'ਤੇ ਅਛੇ ਪਰਬੰਧ ਦਾ ਇੰਤਜਾਮ ਕਰਵਾਉਂਦਾ ਸੀ। ਆਮ ਤੌਰ 'ਤੇ ਸਿੱਖ ਰਾਜ ਦੇ ਸਮੁਚੇ ਸਮੇਂ ਵਿਚ ਮਜੀਠੀਏ ਸਰਦਾਰਾਂ ਪਾਸ ਹੀ ਅੰਮ੍ਰਿਤਸਰ ਦਾ ਸਮੁਚਾ ਪਰਬੰਧ ਰਿਹਾ ਸੀ। ਸਿਰੀ ਅਕਾਲ ਤਖ਼ਤ ਸਾਹਿਬ ਦੀ ਸੇਵਾ-ਸੰਭਾਲ ਆਮ ਤੌਰ 'ਤੇ ਅਕਾਲੀ ਸਿੰਘ (ਨਿਹੰਗ) ਹੀ ਕਰਦੇ ਹੁੰਦੇ ਸਨ। ਇਨ੍ਹਾਂ ਦੀ ਨਿਯੁਕਤੀ ਲਈ ਕੋਈ ਖਾਸ ਨੀਯਮ ਦਰਜ ਨਹੀਂ ਸਨ ਸਗੋਂ ਜਿਹੜਾ ਵੀ ਵਿਅਕਤੀ ਅਕਾਲੀ ਸਿੰਘਾਂ ਦਾ ਮੁੱਖੀ ਹੁੰਦਾ ਸੀ ਉਹ ਹੀ ਸਿਰੀ ਅਕਾਲ ਤਖ਼ਤ ਸਾਹਿਬ ਦਾ ਸੇਵਾਦਾਰ ਜਾਂ ਜੱਥੇਦਾਰ ਮੰਨਿਆ ਜਾਂਦਾ ਸੀ।

ਜਦੋਂ ਬਰਿਟਿਸ਼ ਸਰਕਾਰ ਪੰਜਾਬ 'ਤੇ ਕਾਬਜ਼ ਹੋਈ ਤਾਂ ਉਸ ਨੇ ਵੀ ਇਸੇ ਆਧਾਰ 'ਤੇ

ਪਰਬੰਧ ਕਰਨ ਦੀ ਕੋਸ਼ਿਸ਼ ਕੀਤੀ। ਫ਼ਰਕ ਇਹ ਸੀ ਕਿ ਸਿੱਖ ਰਾਜ ਸਮੇਂ ਦੇ ਅਕਾਲੀ ਸਿੰਘ ਬਰਤਾਨਵੀ ਕਬਜ਼ੇ ਤੋਂ ਬਾਅਦ ਜਾਂ ਤਾਂ ਮਾਰ ਦਿੱਤੇ ਗਏ ਸਨ ਅਤੇ ਜਾਂ ਅੰਮ੍ਰਿਤਸਰ ਵਿਚੋਂ ਕੱਢ ਦਿੱਤੇ ਗਏ ਸਨ। ਇਸ ਕਰਕੇ ਸਿਰੀ ਅਕਾਲ ਤਖ਼ਤ ਸਾਹਿਬ ਦਾ ਪਰਬੰਧ ਅਕਾਲੀ ਸਿੰਘਾਂ ਕੋਲੋਂ ਖੁੱਸ ਗਿਆ ਸੀ। ਜਿਹੜੇ ਗ੍ਰੰਥੀ ਪੰਜਾਬ ਦੇ ਕਬਜ਼ੇ ਸਮੇਂ ਸਿਰੀ ਦਰਬਾਰ ਸਾਹਿਬ ਦੇ ਵਿਚ ਕੰਮ ਕਰਦੇ ਸਨ ਉਨ੍ਹਾਂ ਨੂੰ ਬਦਲਾਉਣ ਦੀ ਕੋਸ਼ਿਸ਼ ਨਾ ਹੀ ਬਰਿਟਿਸ਼ ਸਰਕਾਰ ਨੇ ਹੀ ਕੀਤੀ ਅਤੇ ਨਾ ਹੀ ਸਿੱਖ ਸਰਦਾਰਾਂ ਨੇ। ਅਸਲ ਵਿਚ ਪੰਜਾਬ ਉਪਰ ਬਰਤਾਨਵੀ ਸਰਕਾਰ ਦਾ ਕਬਜ਼ਾ ਹੋ ਜਾਣ ਨਾਲ ਸਿੱਖ ਸਰਦਾਰ ਮਾਨਸਿਕ ਤੌਰ 'ਤੇ ਇਤਨੇ ਝਟਕ ਗਏ ਸਨ ਕਿ ਉਨ੍ਹਾਂ ਸਾਹਮਣੇ ਸਿੱਖਾਂ ਦੇ ਧਾਰਮਕ ਅਸਥਾਨਾਂ ਦੇ ਪਰਬੰਧ ਦੀ ਜਾਂ ਪੰਜਾਬ ਦੇ ਸਿਵਲ ਸ਼ਾਸ਼ਨ ਦੀ ਕੋਈ ਸੁਧ-ਬੁਧ ਹੀ ਨਹੀਂ ਸੀ। ਉਨ੍ਹਾਂ ਸਭ ਨੂੰ ਆਪਣੀਆਂ ਜਾਨਾਂ ਅਤੇ ਜਾਗੀਰਾਂ ਸੁਰੱਖਿਅਤ ਰੱਖਣ ਦੀ ਹੀ ਚਿੰਤਾ ਸੀ। ਇਸ ਕਰਕੇ ਬਰਿਟਿਸ਼ ਸਰਕਾਰ ਨੇ ਜਿਸ ਤਰ੍ਹਾਂ ਦਾ ਵੀ ਪਰਬੰਧ, ਮਾੜਾ ਜਾਂ ਚੰਗਾ, ਅੰਮ੍ਰਿਤਸਰ ਦੇ ਧਾਰਮਕ ਅਸਥਾਨਾਂ ਦਾ ਕੀਤਾ ਕਿਸੇ ਵੀ ਸਿੱਖ ਸਰਦਾਰ ਨੂੰ ਇਸ ਨਾਲ ਕੋਈ ਲਗਾਓ ਨਹੀ ਸੀ। ਇਹ ਸਿੱਖ ਸਰਦਾਰ ਹੀ ਉਸ ਸਮੇਂ ਦੀ ਸਿੱਖ ਲੀਡਰਸ਼ਿਪ ਸਨ। ਇਸ ਤਰ੍ਹਾਂ ਜਦੋਂ ਸਮੁਚੀ ਸਿੱਖ ਲੀਡਰਸ਼ਿਪ ਹੀ ਮਾਨਸਿਕ ਤੌਰ 'ਤੇ ਹੋਸ਼-ਹਵਾਸ਼ ਗੁਆ ਚੁੱਕੀ ਸੀ ਤਾਂ ਧਾਰਮਕ ਅਸਥਾਨਾਂ ਦੇ ਪਰਬੰਧ ਨੂੰ ਕੌਣ ਚਲਾ ਸਕਦਾ ਸੀ?

ਉਕਤ ਤੱਥਾਂ ਦੀ ਰੋਸ਼ਨੀ ਵਿਚ ਸਭ ਤੋਂ ਵਧ ਫਾਇਦਾ ਉਨ੍ਹਾਂ ਲੋਕਾਂ ਨੂੰ ਹੋਇਆ ਜੋ ਉਸ ਸਮੇਂ ਸਿਰੀ ਦਰਬਾਰ ਸਾਹਿਬ ਦੇ ਗ੍ਰੰਥੀ ਜਾਂ ਸੇਵਾਦਾਰ ਸਨ। ਇਹ ਗ੍ਰੰਥੀ ਜਾਂ ਸੇਵਾਦਾਰ ਸਿਰੀ ਅਕਾਲ ਤਖ਼ਤ ਸਾਹਿਬ ਦਾ ਪਰਬੰਧ ਵੀ ਸੰਭਾਲ ਕੇ ਬੈਠੇ ਹੋਏ ਸਨ ਅਤੇ ਇਨ੍ਹਾਂ ਦੀ ਪੁੱਛ-ਗਿੱਛ ਅਨੁਸਾਰ ਹੀ ਬਰਿਟਿਸ਼ ਅਧਿਕਾਰੀਆਂ ਨੇ ਸਿਰੀ ਦਰਬਾਰ ਸਾਹਿਬ ਅਤੇ ਸਿਰੀ ਅਕਾਲ ਤਖ਼ਤ ਸਾਹਿਬ ਦਾ ਪਰਬੰਧ ਕੀਤਾ। ਹੁਣ ਉਹੀ ਗ੍ਰੰਥੀ ਤੇ ਸੇਵਾਦਾਰ ਉਕਤ ਅਸਥਾਨਾਂ ਦੇ ਅਸਲੀ ਅਤੇ ਪੱਕੇ ਪਰਬੰਧਕ ਬਣ ਗਏ ਸਨ। ਬਰਿਟਿਸ਼ ਸਰਕਾਰ ਨੂੰ ਨਾ ਹੀ ਸਿੱਖ ਸਰਦਾਰਾਂ ਨਾਲ ਕੋਈ ਹਮਦਰਦੀ ਸੀ ਅਤੇ ਨਾ ਹੀ ਉਸ ਨੂੰ ਗੁਰਦੁਆਰਾ ਪਰਬੰਧ ਦੀ ਕੋਈ ਚਿੰਤਾ ਸੀ ਸਗੋਂ ਕੁਝ ਹਦ ਤਕ ਬਰਿਟਿਸ਼ ਅਧਿਕਾਰੀ ਸਿੱਖ ਸਰਦਾਰਾਂ ਪਰੱਤੀ ਨਫ਼ਰਤ ਦੀ ਭਾਵਨਾ ਰਖਦੇ ਸਨ। ਇਹ ਤਾਂ ਸਿਰਫ਼ 1857 ਦਾ ਹਿੰਦੁਸਤਾਨੀ ਸੈਨਕਾਂ ਦਾ ਗਦਰ ਸੀ ਜਿਸ ਨੇ ਬਰਿਟਿਸ਼ ਸਰਕਾਰ ਨੂੰ ਸਿੱਖ ਸਰਦਾਰਾਂ ਪਰੱਤੀ ਆਪਣੀ ਪਹਿਲੀ ਨੀਤੀ ਨੂੰ ਬਦਲਣ ਲਈ ਮਜ਼ਬੂਤ ਕਰ ਦਿੱਤਾ ਸੀ ਨਹੀਂ ਤਾਂ ਪਤਾ ਨਹੀਂ ਕਿਤਨਾ ਲੰਮਾ ਸਮਾਂ ਸਿੱਖ ਸਰਦਾਰਾਂ ਅਤੇ ਸਿੱਖ ਧਾਰਮਕ ਅਸਥਾਨਾਂ ਨੇ ਬਰਿਟਿਸ਼ ਸਰਕਾਰ ਦੀ ਨਫ਼ਰਤ ਦਾ ਸ਼ਿਕਾਰ ਬਣੇ ਰਹਿਣਾ ਸੀ।

ਮਹਾਰਾਜਾ ਰਣਜੀਤ ਸਿੰਘ ਸਮੇਂ ਆਮ ਤੌਰ 'ਤੇ ਜਿਹੜਾ ਗ੍ਰੰਥੀ ਜਾਂ ਸੇਵਾਦਾਰ ਸਿਰੀ ਦਰਬਾਰ ਸਾਹਿਬ ਵਿਚ ਕੰਮ ਕਰਦਾ ਹੁੰਦਾ ਸੀ ਉਸ ਦੀ ਮੌਤ ਪਿੱਛੋਂ ਆਮ ਕਰ ਕੇ ਉਸ ਦੇ ਪੁੱਤਰ ਨੂੰ ਹੀ ਗ੍ਰੰਥੀ ਜਾਂ ਸੇਵਾਦਰ ਨਿਯੁਕਤ ਕਰ ਦਿੱਤਾ ਜਾਂਦਾ ਸੀ। ਇਸ ਤਰ੍ਹਾਂ ਗ੍ਰੰਥੀਆਂ ਤੇ ਸੇਵਾਦਾਰਾਂ ਦੀ ਨਿਯੁਕਤੀ ਪਿਤਾ-ਪੁਰਖੀ ਤਰੀਕੇ ਅਨੁਸਾਰ ਹੀ ਚਲਦੀ ਸੀ। ਇਹ ਪਿਤਾ-ਪੁਰਖੀ ਨਿਯੁਕਤੀ ਭਾਵੇਂ ਕਿਸੇ ਕਾਨੂੰਨ ਤਹਿਤ ਨਹੀਂ ਸੀ ਪਰ ਇਸ ਨੇ ਬਰਿਟਿਸ਼ ਸਰਕਾਰ ਨੂੰ ਇਕ ਸੇਧ ਦੇ ਦਿੱਤੀ ਸੀ। ਇਸੇ ਸੇਧ ਅਨੁਸਾਰ ਹੀ ਬਰਿਟਿਸ਼ ਅਧਿਕਾਰੀਆਂ ਨੇ ਗ੍ਰੰਥੀਆਂ ਜਾਂ ਸੇਵਾਦਾਰਾਂ ਨੂੰ ਪਿਤਾ-ਪੁਰਖੀ ਅਸੂਲਾਂ ਅਨੁਸਾਰ ਨਿਯੁਕਤ ਕਰਨਾ ਸ਼ੁਰੂ ਕਰ ਦਿੱਤਾ

ਸੀ। ਬਿਲਕੁਲ ਇਸੇ ਤਰ੍ਹਾਂ ਬਰਿਟਿਸ਼ ਸਰਕਾਰ ਨੇ ਸਿਰੀ ਦਰਬਾਰ ਸਾਹਿਬ ਦਾ ਸਰਬਰਾਹ ਨਿਯੁਕਤ ਕਰਨਾ ਸ਼ੁਰੂ ਕਰ ਦਿੱਤਾ। ਇਸ ਦੀ ਦਲੀਲ ਸੀ ਕਿ ਜਦੋਂ ਸਿੱਖ ਰਾਜ ਸਮੇਂ ਅੰਮ੍ਰਿਤਸਰ ਦਾ ਨਿਗਰਾਨ ਇਨ੍ਹਾਂ ਧਾਰਮਿਕ ਅਸਥਾਨਾਂ ਦੀ ਵੀ ਨਿਗਰਾਨੀ ਕਰਦਾ ਸੀ ਤਾਂ ਬਰਿਟਿਸ਼ ਸਾਸ਼ਨ ਸਮੇਂ ਉਸ ਦਾ ਅਧਿਕਾਰੀ ਕਿਵੇਂ ਨਹੀਂ ਕਰ ਸਕੇਗਾ?

ਉਕਤ ਗੱਲਾਂ ਦੀ ਰੋਸ਼ਨੀ ਵਿਚ ਅਸੀਂ ਇਕ ਗੱਲ ਨਿਰਣਈ ਤੌਰ 'ਤੇ ਕਹਿ ਸਕਦੇ ਹਾਂ ਕਿ 1849 ਤੋਂ ਲੈ ਕੇ 1947 ਤੀਕ ਅੰਗਰੇਜ਼ ਸਰਕਾਰ ਦੀ ਨੀਤੀ ਸਿੱਖਾਂ ਪਰੱਤੀ ਮੁੱਖ ਤੌਰ 'ਤੇ ਤਿੰਨ ਤਰ੍ਹਾਂ ਦੀ ਰਹੀ ਸੀ। ਇਕ ਨੀਤੀ ਉਹ ਸੀ ਜੋ 1849 ਤੋਂ ਤੁਰੰਤ ਬਾਦ ਅਪਣਾਈ ਗਈ ਸੀ। ਇਹ ਮੁੱਖ ਤੌਰ 'ਤੇ ਸਿੱਖ ਵਿਰੋਧੀ ਨੀਤੀ ਸੀ ਅਤੇ ਇਹ 1857 ਤਕ ਰਹੀ। ਦੂਜੀ ਨੀਤੀ ਉਹ ਸੀ ਜੋ 1857 ਤੋਂ ਪਿਛੋਂ ਅਪਣਾਈ ਗਈ ਸੀ। ਇਹ ਮੁੱਖ ਤੌਰ 'ਤੇ ਸਿੱਖਾਂ ਨਾਲ ਹਮਦਰਦੀ ਰੱਖਣ ਵਾਲੀ ਸੀ। ਇਹ 1920 ਦੇ ਨੇੜੇ ਦੇ ਸਮੇਂ ਤਕ ਰਹੀ। ਤੀਜੀ ਨੀਤੀ ਉਹ ਸੀ ਜੋ ਅੰਗਰੇਜ਼ਾਂ ਨੇ 1920 ਤੋਂ ਪਿੱਛੋਂ ਅਪਣਾਈ। ਇਹ ਨੀਤੀ ਦੋਵੇਂ ਤਰ੍ਹਾਂ ਦੀ ਹੀ ਸੀ ਅਰਥਾਤ ਸਿੱਖ ਵਿਰੋਧੀ ਵੀ ਅਤੇ ਸਿੱਖਾਂ ਨਾਲ ਹਮਦਰਦੀ ਵਾਲੀ ਵੀ। ਇਹ ਸਮਾਂ ਕਾਂਗਰਸ ਦੇ ਉਥਾਨ ਦਾ ਸੀ ਅਤੇ ਕਾਂਗਰਸੀ ਲੀਡਰਾਂ ਨੇ ਸਿੱਖਾਂ-ਨੂੰ ਅੰਗਰੇਜ਼ ਸਰਕਾਰ ਦੇ ਖ਼ਿਲਾਫ਼ ਚੁੱਕਣ ਦੀ ਕੋਸ਼ਿਸ਼ ਕੀਤੀ ਹੋਈ ਸੀ। ਇਸ ਕਰਕੇ ਜਿਹੜੇ ਸਿੱਖ ਕਾਂਗਰਸ ਦੇ ਬਹਿਕਾਵੇ ਵਿਚ ਆ ਕੇ ਬਰਿਟਿਸ਼ ਸਰਕਾਰ ਦੇ ਖ਼ਿਲਾਫ਼ ਬੋਲਦੇ ਸਨ ਉਨ੍ਹਾਂ ਪਰੱਤੀ ਬਰਿਟਿਸ਼ ਨੀਤੀ ਵਿਰੋਧੀਆਂ ਵਾਲੀ ਸੀ ਪਰ ਜਿਹੜੇ ਸਿੱਖ ਬਰਿਟਿਸ਼ ਸਰਕਾਰ ਦੇ ਹਮਾਇਤੀ ਸਨ ਉਨ੍ਹਾਂ ਪਰੱਤੀ ਦੋਸਤਾਨਾ ਸੀ। ਸਿਰੀ ਦਰਬਾਰ ਸਾਹਿਬ, ਸਿਰੀ ਅਕਾਲ ਤਖ਼ਤ ਸਾਹਿਬ ਅਤੇ ਹੋਰ ਧਾਰਮਕ ਅਸਥਾਨਾਂ ਦਾ ਸਮੁਚਾ ਪਰਬੰਧ ਇਨ੍ਹਾਂ ਹੀ ਨੀਤੀਆਂ ਤੋਂ ਪਰਭਾਵਤ ਹੁੰਦਾ ਸੀ।

1849 ਵਿਚ ਬਰਿਟਿਸ਼ ਸਰਕਾਰ ਦੀ ਸਿੱਖਾਂ ਪਰੱਤੀ ਸਮੁਚੀ ਨੀਤੀ ਪੂਰੀ ਨਫ਼ਰਤ ਭਰੀ ਦੁਸ਼ਮਣੀ ਨਾਲ ਸ਼ੁਰੂ ਹੁੰਦੀ ਹੈ। ਇਸ ਤਹਿਤ ਸਭ ਤੋਂ ਪਹਿਲਾਂ ਸਿੱਖ ਰਾਜਨੀਤਕ ਸੱਤਾ ਨੂੰ ਖ਼ਤਮ ਕੀਤਾ ਗਿਆ ਪਿੱਛੋਂ ਉਚੇ ਅਹੁਦਿਆਂ ਉਪਰੋਂ ਸਿੱਖ ਅਫ਼ਸਰਾਂ ਨੂੰ ਹਟਾ ਕੇ ਯੂ.ਪੀ. ਦੇ ਭਈਆਂ ਲੋਕਾਂ ਨੂੰ, ਜਿਨ੍ਹਾਂ ਨੂੰ ਆਮ ਤੌਰ 'ਤੇ ਹਿੰਦੁਸਤਾਨੀ ਲੋਕ ਕਿਹਾ ਜਾਦਾ ਸੀ, ਲਗਾ ਦਿੱਤਾ ਜਾਂਦਾ ਸੀ। ਦੂਜੇ ਸ਼ਬਦਾਂ ਵਿਚ ਸਿੱਖ ਬਾਦਸ਼ਾਹਤ ਨੂੰ ਇਸ ਤਰ੍ਹਾਂ ਖ਼ਤਮ ਕੀਤਾ ਗਿਆ ਕਿ ਇਸ ਦੇ ਨਾਂ ਨਿਸ਼ਾਨ ਬਿਲਕੁਲ ਮਿਟਾ ਦਿਤੇ ਗਏ ਸਨ। ਹਿੰਦੁਸਤਾਨ ਦੀਆਂ ਹੋਰ ਜਿੰਨੀਆਂ ਵੀ ਰਿਆਸਤਾਂ ਜੁੱਧ ਵਿਚ ਹਰਾ ਕੇ ਬਰਿਟਿਸ਼ ਰਾਜ ਵਿਚ ਮਿਲਾਈਆਂ ਸਨ ਉਨ੍ਹਾਂ ਦੀ ਸਿਰਫ ਬਾਹਰੀ ਸੁਤੰਤਰਤਾ ਹੀ ਖ਼ਤਮ ਕੀਤੀ ਗਈ ਸੀ ਅੰਦਰੂਨੀ ਸੁਤੰਤਰਤਾ ਪਹਿਲਾਂ ਵਾਂਗ ਹੀ ਬਰਕਰਾਰ ਰਖੀ ਜਾਂਦੀ ਸੀ। ਪੰਜਾਬ ਦੇ ਮੁਤੱਲਕ ਇਹ ਨੀਤੀ ਨਹੀਂ ਅਪਣਾਈ ਗਈ। ਅਜਿਹੀ ਨੀਤੀ ਦੇ ਸਾਹਮਣੇ ਸਿੱਖ ਧਾਰਮਕ ਅਸਥਾਨਾਂ ਪਰੱਤੀ ਬਰਿਟਿਸ਼ ਸਰਕਾਰ ਦੀ ਨੀਤੀ ਦਾ ਅੰਦਾਜ਼ਾ ਹੀ ਲਗਾਇਆ ਜਾ ਸਕਦਾ ਹੈ। ਜਿਸ ਗੱਲ ਨੂੰ ਸਿੱਖ ਸਮਝਣ ਤੋਂ ਅਸਮਰਥ ਸਨ ਉਸ ਗੱਲ ਨੂੰ ਅੰਗਰੇਜ਼ ਸਮਝ ਰਹੇ ਸਨ ਅਰਥਾਤ ਬਰਿਟਿਸ਼ ਸਰਕਾਰ ਸਮਝਦੀ ਸੀ ਕਿ ਸਿਰੀ ਅਕਾਲ ਤਖ਼ਤ ਸਾਹਿਬ ਦੀ ਮਹਾਨ ਸੰਸਥਾ ਵਿਚੋਂ ਸਿੱਖਾਂ ਨੂੰ ਸੁਤੰਤਰਤਾ ਦੀ ਪਰੇਰਨਾ ਮਿਲਦੀ ਹੈ।

ਉਪਰੋਕਤ ਤੋਂ ਇਲਾਵਾ ਪੰਜਾਬ ਦੀ ਬਾਦਸ਼ਾਹਤ ਇਕ ਹੋਰ ਨੁਕਤੇ ਤੋਂ ਬਾਕੀਆਂ ਨਾਲੋਂ ਨਿਵੇਕਲੀ ਸੀ। ਪੰਜਾਬ ਉਪਰ ਬਾਦਸ਼ਾਹਤ ਉਸ ਸਿੱਖ ਕੌਮ ਦੀ ਸੀ ਜੋ ਜਨਸੰਖਿਆ ਦੇ ਤੌਰ

'ਤੇ ਬਹੁਤ ਘੱਟ-ਗਿਣਤੀ ਵਾਲੀ ਸੀ। ਜੇਕਰ ਸਿੱਖਾਂ ਦੀ ਸਥਿਤੀ ਬਹੁਗਿਣਤੀ ਆਬਾਦੀ ਵਾਲੀ ਵੀ ਹੁੰਦੀ ਤਾਂ ਵੀ ਕਾਫ਼ੀ ਹਦ ਤਕ ਇਹ ਪੰਜਾਬ ਦੇ ਰਾਜ ਪਰਬੰਧ ਉਪਰ ਆਪਣਾ ਗਲਬਾ ਬਣਾ ਕੇ ਰੱਖ ਸਕਦੇ ਸਨ ਪਰ ਇਹ ਤਾਂ ਘਟ ਗਿਣਤੀ ਵਿਚ ਸਨ ਇਸ ਕਰਕੇ ਪੰਜਾਬ ਦਾ ਰਾਜ ਪਰਬੰਧ ਖੁਸਣ ਨਾਲ ਸਿੱਖ ਇਕ ਦਮ ਪੰਜਾਬ ਦਾ ਇਕ ਘੱਟ ਗਿਣਤੀ ਵਾਲਾ ਫਿਰਕਾ ਬਣ ਕੇ ਰਹਿ ਗਏ ਸਨ। ਹਿੰਦੂ ਅਤੇ ਮੁਸਲਮਾਨ ਇਸ ਹਿਸਾਬ ਨਾਲ ਫਾਇਦੇ ਵਿਚ ਰਹੇ। ਉਹ ਪਹਿਲਾਂ ਵੀ ਪੰਜਾਬ ਦੇ ਵਿਚ ਬਹੁ-ਗਿਣਤੀ ਵਾਲੇ ਫਿਰਕੇ ਸਨ ਅਤੇ ਅੰਗਰੇਜ਼ਾਂ ਦੇ ਆਉਣ ਨਾਲ ਨਾ ਹੀ ਸਿਰਫ ਪਹਿਲਾਂ ਵਾਂਗ ਹੀ ਪੰਜਾਬ ਦੇ ਰਾਜ-ਪਰਬੰਧ ਵਿਚ ਸਥਿਰ ਰਹੇ ਸਗੋਂ ਜਿਹੜੇ ਹਿੰਦੁਸਤਾਨੀ ਅਫਸਰ ਅਤੇ ਫੌਜ ਅੰਗਰੇਜ਼ਾ ਅਧੀਨ ਸੀ ਉਨ੍ਹਾਂ ਵਿਚ ਵੀ ਹਿੰਦੂ ਅਤੇ ਮੁਸਲਮਾਨ ਸਨ। ਇਹ ਪੰਜਾਬ ਦੇ ਹਿੰਦੂਆਂ ਅਤੇ ਮੁਸਲਮਾਨਾਂ ਨਾਲੋਂ ਜ਼ਿਆਦਾ ਪੜ੍ਹੇ ਲਿਖੇ ਅਤੇ ਰਾਜਨੀਤਕ ਤੌਰ 'ਤੇ ਜਾਗਰਿਤ ਸਨ। ਇਸ ਕਰਕੇ ਜਿਹੜਾ ਮਾੜਾ ਪਰਭਾਵ ਰਾਜਨੀਤਕ ਤਾਕਤ ਖੁਸਣ ਨਾਲ ਸਿੱਖਾਂ ਉਪਰ ਪਿਆ ਸੀ ਹਿੰਦੂ ਅਤੇ ਮੁਸਲਮਾਨ ਉਸ ਪਰਭਾਵ ਤੋਂ ਨਾ ਹੀ ਸਿਰਫ ਬਚੇ ਰਹੇ ਸਗੋਂ ਕੁਝ ਪੱਖਾਂ ਤੋਂ ਉਹ ਫਾਇਦੇ ਵਿਚ ਵੀ ਰਹੇ ਸਨ। ਇਹ ਲੋਕ ਬਰਿਟਿਸ਼ ਸਰਕਾਰ ਦੇ ਵਿਸ਼ਵਾਸਪਾਤਰ ਵੀ ਸਨ। ਇਸ ਤਰ੍ਹਾਂ ਇਨ੍ਹਾਂ ਲਈ ਨੌਕਰੀਆਂ ਦੇ ਦਰਵਾਜ਼ੇ ਪਹਿਲਾਂ ਨਾਲੋਂ ਜ਼ਿਆਦਾ ਖੁੱਲ ਗਏ ਸਨ।[97]

ਇਕ ਹੋਰ ਪੱਖ ਸਿੱਖਾਂ ਲਈ ਬਹੁਤ ਹੀ ਮਾੜਾ ਸੀ। ਪੰਜਾਬ ਦੀ ਬਾਦਸ਼ਾਹਤ ਖੁਸ ਜਾਣ ਨਾਲ ਹੀ ਸਿੱਖਾਂ ਵਿਚੋ ਹਿੰਦੂਆਂ ਅਤੇ ਇਸਾਈਆਂ ਵਿਚ ਧਰਮ ਪਰਿਵਰਤਨ ਹੋਣਾ ਸ਼ੁਰੂ ਹੋ ਗਿਆ ਸੀ। ਹਿੰਦੂ ਅਤੇ ਮੁਸਲਮਾਨ ਜਿਹੜੇ ਪਹਿਲਾਂ ਸਿੱਖ ਮਹਾਰਾਜਿਆਂ ਜਾਂ ਸਰਦਾਰਾਂ ਦਾ ਆਸਰਾ ਲੈਣ ਲਈ ਖੁਦ ਵੀ ਸਿੱਖਾਂ ਵਾਲਾ ਰੂਪ ਧਾਰ ਚੁੱਕੇ ਸਨ ਹੁਣ ਧੜਾਧੜ ਇਸ ਸਿੱਖੀ ਸਰੂਪ ਨੂੰ ਛਡ ਰਹੇ ਸਨ। ਇਹ ਕੰਮ ਇਤਨੀ ਤੇਜ਼ ਗਤੀ ਨਾਲ ਹੋ ਰਿਹਾ ਸੀ ਕਿ ਕਈ ਅੰਗਰੇਜ਼ ਅਫਸਰ ਤਾਂ ਇਹ ਵੀ ਕਹਿਣ ਲਗ ਪਏ ਸਨ ਕਿ ਸਿੱਖ ਸਰੂਪ ਆਉਂਦੇ ਪੰਜਾਹ ਸਾਲਾਂ ਨੂੰ ਬਿਲਕੁਲ ਹੀ ਖ਼ਤਮ ਹੋ ਕੇ ਰਹਿ ਜਾਵੇਗਾ।[98]

ਜਿਹੜੇ ਕਿਲੇ ਸਿੱਖ ਰਾਜਨੀਤਕ ਸੱਤਾ ਦੇ ਪਰਤੀਕ ਸਨ ਉਹ ਜਾਂ ਤਾਂ ਢਾਹ ਦਿੱਤੇ ਗਏ ਅਤੇ ਜਾਂ ਫਿਰ ਖਾਲਸਾ ਫੌਜਾਂ ਕੋਲੋ ਖੋਹ ਕੇ ਹਿੰਦੁਸਤਾਨੀ (ਪੂਰਬੀ) ਸਿਪਾਹੀਆਂ ਦੇ ਹਵਾਲੇ ਕਰ ਦਿੱਤੇ ਗਏ ਸਨ। ਲਾਹੌਰ ਦਾ ਸ਼ਾਹੀ ਮਹਿਲ, ਕਿਲਾ ਅਤੇ ਮੀਆਂ ਮੀਰ ਦੀ ਛਾਉਣੀ ਜਿਹੜੇ ਸਿੱਖ ਗੌਰਵ ਅਤੇ ਸਿੱਖ ਸ਼ਾਨ ਦੇ ਪਰਤੀਕ ਸਨ ਸਭ ਪੂਰਬੀ ਸਿਪਾਹੀਆਂ ਦੇ ਕਬਜ਼ੇ ਵਿਚ ਸਨ। ਅੰਮ੍ਰਿਤਸਰ ਦਾ ਸ਼ਹਿਰ, ਜਿਥੇ ਅਕਾਲੀ ਘੋੜਸੁਆਰ ਆਪਣੇ ਮਹਾਰਾਜੇ ਦਾ ਵੀ ਹੁਕਮ ਮੰਨਣ ਨੂੰ ਤਿਆਰ ਨਹੀਂ ਸੀ ਹੁੰਦੇ, ਹੁਣ ਪੂਰਬੀਆਂ ਦੇ ਕਬਜ਼ੇ ਵਿਚ ਸੀ। ਅਕਾਲੀਆਂ ਨੂੰ ਜਾਂ ਤਾਂ ਮਾਰ ਦਿੱਤਾ ਗਿਆ ਸੀ ਜਾਂ ਫਿਰ ਸ਼ਹਿਰੋਂ ਬਾਹਰ ਕੱਢ ਦਿੱਤਾ ਗਿਆ ਸੀ। ਅਕਾਲੀ ਸਿੰਘਾਂ ਨੂੰ ਦੇਖਦਿਆਂ ਸਾਰ ਹੀ ਪੂਰਬੀ ਸਿਪਾਹੀ ਉਸ ਨੂੰ ਘੇਰ ਲੈਂਦੇ ਸਨ ਅਤੇ ਉਸ ਦੀ ਪੂਰੀ ਬੇਪਤੀ ਕਰਦੇ ਸਨ। ਅੰਮ੍ਰਿਤਸਰ ਦੀਆਂ ਉਹ ਸਭ ਥਾਵਾਂ ਜੋ ਸਿੱਖ ਸਲਤਨਤ ਦੀ ਸ਼ਾਨ ਦੀਆਂ

97. Khushwant Singh, *A History of The Sikhs*, Vol. II, oxford university Press, 1966, p. 122.
98. J.F.A. Baird, *Private Letters of the Marquess of Dalhosie*, Edinburg, 1911, p. 69.

ਪਰਤੀਕ ਮੰਨੀਆਂ ਜਾਦੀਆਂ ਸਨ ਸਭ ਢਾਹ ਦਿੱਤੀਆਂ ਗਈਆਂ ਸਨ। ਸ਼ਹਿਰ ਦੇ ਦੁਆਲੇ ਬਗਲਿਆਂ ਕੋਟ, ਜਿਸ ਨੂੰ ਧੂੜ ਕੋਟ ਕਿਹਾ ਜਾਂਦਾ ਸੀ, ਢਾਹ ਦਿੱਤਾ ਗਿਆ ਸੀ। ਸ਼ਹਿਰ ਦੀ ਸੁਰਖਿਆ ਲਈ ਉਸਾਰੇ ਹੋਏ ਬੁਰਜ ਅਤੇ ਕਿਲੇਨੁਮਾ ਦਰਵਾਜ਼ੇ ਢਾਹ ਦਿੱਤੇ ਗਏ ਸਨ। ਸਿਰੀ ਦਰਬਾਰ ਸਾਹਿਬ ਵਿਚੋਂ ਅਠਾਰਵੀਂ ਸਦੀ ਦੇ ਅਖ਼ੀਰਲੇ ਦਹਾਕਿਆਂ ਵਿਚ ਸਿੱਖ ਮਿਸਲਦਾਰਾਂ ਵਲੋਂ ਉਸਾਰੇ ਗਏ ਕੁਝ ਇਤਿਹਾਸਕ ਬੁੰਗੇ ਵੀ ਢਾਹ ਦਿੱਤੇ ਗਏ ਸਨ।[99]

ਪੂਰਬੀ ਸਿਪਾਹੀਆਂ ਦੇ ਸਾਹਮਣੇ ਨਾ ਹੀ ਗੁਰਦੁਆਰੇ ਦੀ ਪਵਿੱਤਰਤਾ ਦਾ ਅਹਿਸਾਸ ਸੀ ਅਤੇ ਨਾ ਹੀ ਉਨ੍ਹਾਂ ਨੂੰ ਸਿੱਖ ਸਰਦਾਰਾਂ ਦੀ ਕੋਈ ਇੱਜ਼ਤ ਸੀ।[100] ਸਿੱਖ ਜਜ਼ਬਾਤਾਂ ਨਾਲ ਖਿੱਲੀ ਉਡਾਉਂਦੇ ਹੋਏ ਪੂਰਬੀ (ਹਿੰਦੁਸਤਾਨੀ) ਸਿਪਾਹੀ ਇਤਨਾ ਅਗੇ ਵਧ ਜਾਂਦੇ ਸਨ ਕਿ ਅੰਗਰੇਜ਼ ਅਫ਼ਸਰਾਂ ਨੂੰ ਆਪ ਦਖ਼ਲ ਦੇ ਕੇ ਰੋਕਣਾ ਪੈਂਦਾ ਸੀ। ਇਨ੍ਹਾਂ ਹਿੰਦੁਸਤਾਨੀ ਸਿਪਾਹੀਆਂ ਨੂੰ ਨਾ ਹੀ ਇਸ ਗੱਲ ਦਾ ਕੋਈ ਅਹਿਸਾਸ ਸੀ ਕਿ ਉਹ ਖੁਦ ਵੀ ਅੰਗਰੇਜ਼ਾਂ ਦੇ ਗੁਲਾਮ ਹਨ ਅਤੇ ਅੰਗਰੇਜ਼ੀ ਝੰਡੇ ਹੇਠ ਉਸ ਕੌਮ ਦੀ ਸੁਤੰਤਰਤਾ ਨੂੰ ਕੁਚਲ ਰਹੇ ਸਨ ਜਿਸ ਦੇ ਰਾਜ ਵਿਚ ਹਿੰਦੂ ਅਤੇ ਮੁਸਲਮਾਨ ਦਾ ਕੋਈ ਵੀ ਭੇਦ-ਭਾਵ ਨਹੀਂ ਸੀ। ਨਾ ਹੀ ਇਨ੍ਹਾਂ ਪੂਰਬੀਏ ਸਿਪਾਹੀਆਂ ਨੂੰ ਆਪਣੇ ਤੋਂ ਮਾੜੇ ਵਿਅਕਤੀ ਨਾਲ ਪੇਸ਼ ਆਉਣ ਦੀ ਕਿਸੇ ਸਭਿਅਤਾ ਭਰੇ ਵਤੀਰੇ ਦੀ ਸੂਝ-ਬੂਝ ਹੀ ਸੀ। ਇਹ ਲੋਕ ਅੰਗਰੇਜ਼ਾਂ ਨਾਲੋਂ ਵੀ ਵਧ ਜ਼ਾਲਮ ਸਾਬਤ ਹੋਏ ਸਨ। ਅੰਗਰੇਜ਼ਾਂ ਨੇ ਤਾਂ ਸਿਰਫ਼ ਰਾਜਨੀਤਕ ਸੱਤਾ ਹੀ ਖੋਹੀ ਸੀ ਪਰ ਇਨ੍ਹਾਂ ਲੋਕਾਂ ਨੇ ਤਾਂ ਸਿੱਖਾਂ ਦੇ ਵਿਅਕਤੀਗਤ ਸਤਿਕਾਰ ਅਤੇ ਇੱਜ਼ਤ ਨੂੰ ਵੀ ਮਿੱਟੀ ਵਿਚ ਰੋਲ ਦਿੱਤਾ ਸੀ।

ਉਕਤ ਗੱਲਾਂ ਨੂੰ ਵਰਨਣ ਕਰਨ ਤੋਂ ਭਾਵ ਇਹ ਹੀ ਹੈ ਕਿ ਜਿਥੇ ਅੰਗਰੇਜ਼ਾਂ ਪਰਤੀ ਸਿੱਖਾਂ ਦੇ ਮਨਾਂ ਵਿਚ ਇਹ ਨਫ਼ਰਤ ਸੀ ਕਿ ਉਨ੍ਹਾਂ ਨੇ ਇਨ੍ਹਾਂ ਦਾ ਰਾਜ ਭਾਗ ਖੋਹਿਆ ਹੈ ਉਥੇ ਇਸ ਤੋਂ ਵੱਧ ਨਫ਼ਰਤ ਪੂਰਬੀਏ ਸਿਪਾਹੀਆਂ ਪਰਤੀ ਵੀ ਸੀ। ਅੰਗਰੇਜ਼ ਤਾਂ ਰਾਜਨੀਤਕ ਤੌਰ 'ਤੇ ਸਿਆਣੇ ਸਨ ਅਤੇ ਸਭਿਆ ਲੋਕ ਸਨ ਇਸ ਕਰਕੇ ਉਨ੍ਹਾਂ ਨੇ ਛੇਤੀ ਹੀ ਸਿੱਖ ਜਜ਼ਬਾਤਾਂ ਨੂੰ ਠੰਡਿਆਂ ਕਰਨਾ ਸ਼ੁਰੂ ਕਰ ਦਿੱਤਾ ਸੀ।[101] ਪਰ ਪੂਰਬੀ ਸਿਪਾਹੀ ਜਿਹੜੇ ਨਾ ਹੀ ਸਭਿਆ ਲੋਕ ਸਨ ਅਤੇ ਨਾ ਹੀ ਰਾਜਨੀਤੀ ਤੋਂ ਹੀ ਜਾਣੂ ਸਨ ਇਸ ਕਰਕੇ ਇਹ ਲਗਾਤਾਰ ਸਿੱਖਾਂ ਦੀ ਨਫ਼ਰਤ ਦਾ ਨਿਸ਼ਾਨਾ ਬਣੇ ਰਹੇ ਸਨ।[102] ਹੋ ਸਕਦਾ ਹੈ ਕਿ ਇਸ ਵਿਚ ਅੰਗਰੇਜ਼ ਹਕੂਮਤ ਦੀ ਹੀ ਕੋਈ ਨੀਤੀ ਕੰਮ ਕਰਦੀ ਹੋਵੇ ਪਰ ਇਹ ਸੀ ਇਕ ਅਸਲੀਅਤ ਹੀ।

ਅਜਿਹੀ ਹਾਲਤ ਵਿਚ ਸਿੱਖਾਂ ਜੈਸੀ ਨਿਰਾਸ਼ ਹੋ ਚੁੱਕੀ ਘੱਟ-ਗਿਣਤੀ ਕੌਮ ਦੀ ਮਾਨਸਿਕ ਸੋਚ ਸਿਰਫ਼ ਉਹ ਵਿਅਕਤੀ ਹੀ ਸਮਝ ਸਕਦਾ ਹੈ ਜੋ ਖੁਦ ਘਟ ਗਿਣਤੀ ਕੌਮ ਨਾਲ ਸਬੰਧਤ ਹੋਵੇ। ਅਜੋਕੇ ਭਾਰਤੀ ਇਤਿਹਾਸਕਾਰਾਂ ਦਾ ਇਹ ਇਕ ਦੁਖਾਂਤ ਹੀ ਹੈ ਜਿਨ੍ਹਾਂ ਨੇ ਪੰਜਾਬ ਦੇ

---

99. ਗਯਾਨੀ ਗਜਾਨ ਸਿੰਘ, *ਤਵਾਰੀਖ਼ ਸ੍ਰੀ ਅੰਮ੍ਰਿਤਸਰ* ਪੰਨਾ 10. ਅਤੇ ਜੇ.ਐਸ. ਗਰੇਵਾਲ, *ਦ ਸਿਟੀ ਆਫ਼ ਗੋਲਡਨ ਟੈਂਪਲ*, ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ, 1986, ਪੰਨਾ 25.
100. ਕਿਰਪਾਲ ਸਿੰਘ ਨਾਰੰਗ ਦਾ ਲੇਖ, *'ਪੰਜਾਬ 1849 ਤੋਂ 1900'* ਪੁਸਤਕ ਗੰਡਾ ਸਿੰਘ (ਸੰ.) *ਪੰਜਾਬ—ਭਾਈ ਜੋਧ ਸਿੰਘ ਅਭਿਨੰਦਨ ਗ੍ਰੰਥ*, ਲੁਧਿਆਣਾ, 1962, ਪੰਨਾ 30.
101. J.S. Grewal, *The New Cambridge History of India: The Sikhs of the Punjab*, Combridge university, 1990, p. 136.
102. F. Cooper, *Crises In The Punjab*, London, 1858, p. 27

ਹਿੰਦੁਸਤਾਨ ਵਿਚ ਰਲੇਵੇ ਨੂੰ ਤਾਂ ਸਿਰਫ਼ ਡਲਹੋਜ਼ੀ ਦੀਆਂ ਸੈਨਿਕ ਪਰਾਪਤੀਆਂ ਹੀ ਦੱਸਿਆ ਹੈ ਜਦੋਂ ਕਿ 1857 ਦੇ ਸੈਨਿਕ ਵਿਦਰੋਹ ਨੂੰ ਸੁਤੰਤਰਤਾ ਦੀ ਜੰਗ ਦਸਦਿਆ ਇਸ ਗੱਲ ਦਾ ਸਿੱਟਾ ਕਢਿਆ ਹੈ ਕਿ ਇਸ ਸੁਤੰਤਰਤਾ ਦੀ ਜੰਗ ਵਿਚ ਪੰਜਾਬ ਨੇ ਆਮ ਕਰ ਕੇ ਅਤੇ ਸਿੱਖਾਂ ਨੇ ਖਾਸ ਕਰਕੇ ਅੰਗਰੇਜ਼ਾਂ ਦਾ ਸਾਥ ਦਿੱਤਾ ਸੀ। ਉਨ੍ਹਾਂ ਨੇ ਇਹ ਸਮਝਣ ਦੀ ਕੋਸ਼ਿਸ਼ ਹੀ ਨਹੀਂ ਕੀਤੀ ਕਿ ਜਿਸ ਸੁਤੰਤਰਤਾ ਦੀ ਲੜਾਈ ਵਿਚ ਉਹ ਪੰਜਾਬ ਦੇ ਸਿੱਖਾਂ ਕੋਲੋਂ ਮਦਦ ਦੀ ਉਮੀਦ ਕਰਦੇ ਸਨ ਉਹੀ ਸੁਤੰਤਰਤਾ ਤਾਂ ਉਨ੍ਹਾਂ (1857 ਦੇ ਗਦਰ ਵਿਚ ਹਿੱਸਾ ਲੈਣ ਵਾਲਿਆਂ) ਨੇ ਅੱਠ ਸਾਲ (1849) ਪਹਿਲਾਂ ਖੁਦ ਹੀ ਖ਼ਤਮ ਕਰ ਦਿੱਤੀ ਸੀ। ਇਹ ਅਜੀਬ ਸਿਧਾਂਤ ਹੈ ਹਿੰਦੁਸਤਾਨ ਦਾ ਇਤਿਹਾਸ ਲਿਖਣ ਵਾਲੇ ਅਖਾਉਤੀ ਰਾਸ਼ਟਰਵਾਦੀ ਇਤਿਹਾਸਕਾਰਾਂ ਦਾ।

ਸਿੱਖਾਂ ਦੇ ਰਾਜ ਦਾ ਖ਼ਾਤਮਾ ਉਸ ਵਿਅਕਤੀ ਦੇ ਸੁੰਦਰ ਸੁਪਨੇ ਦੀ ਤਰ੍ਹਾਂ ਸੀ ਜਿਸ ਨੂੰ ਥੱਪੜ ਮਾਰ ਕੇ ਨੀਂਦ ਵਿਚੋਂ ਸੁੰਦਰ ਸੁਪਨਾ ਦੇਖ ਰਹੇ ਨੂੰ ਜਗਾ ਦਿੱਤਾ ਗਿਆ ਹੋਵੇ। ਜਿਸ ਤਰ੍ਹਾਂ ਨੀਂਦ ਖੁੱਲ੍ਹ ਜਾਣ ਨਾਲ ਸੁੰਦਰ ਸੁਪਨੇ ਦਾ ਕੋਈ ਨਾਂ ਨਿਸ਼ਾਨ ਨਹੀਂ ਰਹਿੰਦਾ ਬਿਲਕੁਲ ਉਸ ਤਰ੍ਹਾਂ ਪੰਜਾਬ ਦੀ ਬਾਦਸ਼ਾਹਤ ਖ਼ਤਮ ਕਰ ਦਿੱਤੇ ਜਾਣ ਪਿੱਛੋਂ ਸਿੱਖਾਂ ਪਾਸ ਵੀ ਇਸ ਦਾ ਕੋਈ ਨਾਂ ਨਿਸ਼ਾਨ ਨਹੀਂ ਰਿਹਾ।

ਸਿੱਖਾਂ ਨੂੰ ਆਪਣੇ ਰਾਜ ਦੇ ਖੁਸ ਜਾਣ ਦਾ ਅਫ਼ਸੋਸ ਤਾਂ ਸੀ ਪਰ ਹੁਣ ਉਸ ਦੇ ਦੁਬਾਰਾ ਪਰਾਪਤ ਕਰਨ ਦੀ ਉਮੀਦ ਕੋਈ ਨਹੀ ਸੀ ਰਹੀ।[103] ਘੱਟੋ ਘੱਟ ਇਸ ਨੂੰ ਲੜਾਈ ਦੇ ਮੈਦਾਨ ਵਿਚ ਜਿੱਤ ਕੇ ਤਾਂ ਬਿਲਕੁਲ ਹੀ ਨਹੀਂ ਸੀ ਲਿਆ ਜਾ ਸਕਦਾ। ਹਾਂ ਇਹ ਉਮੀਦ ਜ਼ਰੂਰ ਕੀਤੀ ਜਾ ਸਕਦੀ ਸੀ ਕਿ ਅੰਗਰੇਜ਼ ਹਕੂਮਤ ਦੀਆਂ ਖੁਸ਼ੀਆਂ ਹਾਸਲ ਕਰ ਕੇ ਸਿੱਖ ਆਪਣੀ ਰਾਜਨੀਤਕ ਤਾਕਤ ਦਾ ਕੋਈ ਨਾ ਕੋਈ ਬਾਨਣੂ ਬੰਨ ਸਕਦੇ ਸਨ। 1850ਵਿਆਂ ਦੇ ਮੁਢਲੇ ਸਾਲਾਂ ਵਿਚ ਆਈ ਆਰਥਕ ਖੁਸ਼ਹਾਲੀ ਨੇ ਵੀ ਇਸ ਸੋਚਣੀ ਨੂੰ ਪਰਪੱਕ ਕਰ ਦਿੱਤਾ ਸੀ।[104] ਇਸ ਸਭ ਕੁਝ ਦਾ ਸਿੱਟਾ ਇਹ ਹੋਇਆ ਸੀ ਕਿ ਸਿੱਖਾਂ ਦੇ ਮਨਾਂ ਵਿਚ ਅੰਗਰੇਜ਼ਾਂ ਪਰੱਤੀ ਤਾਂ ਨਫ਼ਰਤ ਘਟਦੀ ਗਈ ਸੀ ਪਰ ਇਹੀ ਨਫ਼ਰਤ ਪੂਰਬੀ ਸਿਪਾਹੀਆਂ ਪਰੱਤੀ ਵਧਦੀ ਜਾਂਦੀ ਸੀ। ਇਨ੍ਹਾਂ ਪੂਰਬੀ ਸਿਪਾਹੀਆਂ ਨੂੰ ਸਿੱਖ ਨਫ਼ਰਤ ਵਜੋਂ ਪੂਰਬੀਏ ਜਾਂ ਬਈਏ ਕਹਿ ਕੇ ਬੁਲਾਉਂਦੇ ਸਨ। ਇਹ ਹਿੰਦੁਸਤਾਨੀ ਸਿਪਾਹੀ (ਪੂਰਬੀਏ) ਸਿੱਖਾਂ ਨੂੰ ਸੂਦਰਾਂ ਅਤੇ ਵੈਸ਼ਾਂ ਵਿਚੋਂ ਹੀ ਸਮਝਦੇ ਸਨ।[105]

ਇਹੀ ਕਾਰਨ ਸਨ ਕਿ ਜਦੋਂ 1857 ਵਿਚ ਅੰਗਰੇਜ਼ਾਂ ਦੇ ਖ਼ਿਲਾਫ਼ ਪੂਰਬੀ ਰਿਆਸਤਾਂ ਦੇ ਕੁਝ ਬੇਉਲਾਦ ਰਾਜਿਆਂ ਜਾਂ ਰਾਣੀਆਂ ਵਲੋਂ ਸੈਨਿਕ ਵਿਦਰੋਹ ਕੀਤਾ ਗਿਆ ਤਾਂ ਸਿੱਖ ਸਰਦਾਰ ਅਤੇ ਸਿੱਖ ਸਿਪਾਹੀ ਪੂਰੀ ਤਨ ਦੇਹੀ ਨਾਲ ਅੰਗਰੇਜ਼ਾਂ ਦੀ ਮਦਦ ਲਈ ਖੜੇ ਹੋ ਗਏ ਅਤੇ ਉਨ੍ਹਾ ਨੂੰ ਪੂਰਬੀ ਸਿਪਾਹੀ ਜਿਥੇ ਵੀ ਮਿਲਦੇ ਸਨ ਉਹ ਉਨ੍ਹਾਂ ਨੂੰ ਘੇਰ ਕੇ ਮਾਰ ਦਿੰਦੇ ਸਨ। ਪੰਜਾਬ ਦੇ ਜਿਨ੍ਹਾਂ ਵੀ ਪਿੰਡਾ ਵਿਚੋ ਬਾਗੀ ਪੂਰਬੀ ਸਿਪਾਹੀ ਲੰਘਦੇ ਸਨ ਪਿੰਡ ਦੀ ਸਾਰੀ ਅਬਾਦੀ ਉਨ੍ਹਾਂ ਦੇ ਪਿੱਛੇ ਪੈ ਜਾਂਦੀ। ਅਸਲ ਵਿਚ 1857 ਦਾ ਪੂਰਬੀ ਸੈਨਿਕਾਂ ਦਾ ਵਿਦਰੋਹ ਨਾਂ

103. Khushwant Singh, *op. cit.*,pp. 101-2; See also J.S. Grewal, *op. cit.*,p. 135.

104. J.S. Grewal, *op. cit.*,p. 137.

105. *Ibid*, p. 137.

ਹੀ ਰਾਸ਼ਟਰੀ ਜੰਗ ਸੀ ਅਤੇ ਨਾ ਹੀ ਇਹ ਕਿਸੇ ਸੋਚੀ ਸਮਝੀ ਸਕੀਮ ਦਾ ਹੀ ਸਿੱਟਾ ਸੀ। ਇਸ ਵਿਦਰੋਹ ਵਿਚ ਤਿੰਨ ਧਿਰਾਂ ਸ਼ਾਮਲ ਸਨ। ਪੂਰਬੀ ਸਿਪਾਹੀਆਂ ਦੇ ਪੈਟਰਨ ਨਾਨਾ ਫਰਨਵੀਸ, ਰਾਣੀ ਝਾਂਸੀ ਅਤੇ ਤਾਂਤੀਆਂ ਤੋਪੇ। ਇਸ ਦੇ ਨਾਲ ਹੀ ਸਰੀਰਕ ਤੌਰ 'ਤੇ ਬੇਕਾਰ ਹੋ ਚੁੱਕੇ ਮੁਗ਼ਲ ਬਾਦਸ਼ਾਹ ਬਹਾਦਰ ਸ਼ਾਹ ਜ਼ਫ਼ਰ ਨੂੰ ਇਕ ਪਰਤੀਕ ਵਜੋਂ ਸ਼ਾਮਲ ਕਰ ਲਿਆ ਗਿਆ ਸੀ। ਇਹ ਸਭ ਧਿਰਾਂ ਮੁਢ ਤੋਂ ਹੀ ਹਾਰੀ ਹੋਈ ਲੜਾਈ ਲੜ ਰਹੀਆਂ ਸਨ ਅਤੇ ਲੜਾਈ ਦੌਰਾਨ ਵੀ ਨਾਨਾ ਫਰਨਵੀਸ ਅਤੇ ਰਾਣੀ ਝਾਂਸੀ ਦੀਆਂ ਕੋਸ਼ਿਸ਼ਾਂ ਸਨ ਕੇ ਜੇਕਰ ਅੰਗਰੇਜ਼ ਸਰਕਾਰ ਉਨ੍ਹਾਂ ਨੂੰ ਮੁਤਬੰਨਾ ਪੁੱਤਰ ਬਣਾਉਣ ਦਾ ਅਧਿਕਾਰ ਦੇ ਦੇਵੇ ਤਾਂ ਉਹ ਲੜਾਈ ਬੰਦ ਕਰ ਦੇਣਗੇ।[106] ਸਿੱਟੇ ਦੇ ਤੌਰ 'ਤੇ ਇਸ ਵਿਦਰੋਹ ਨੂੰ ਬਹੁਤ ਛੇਤੀ ਅਤੇ ਬਹੁਤ ਅਸਾਨੀ ਨਾਲ ਕੁਚਲ ਦਿੱਤਾ ਗਿਆ ਸੀ। ਇਸ ਨੂੰ ਕੁਚਲਣ ਪਿੱਛੋਂ ਪੰਜਾਬ ਉਪਰ ਸਭ ਤੋਂ ਵੱਧ ਪਰਭਾਵ ਪਿਆ ਸੀ। ਦੂਜੇ ਸ਼ਬਦਾਂ ਵਿਚ 1857 ਦੇ ਗਦਰ ਦੀ ਅਸਫਲਤਾ ਪੰਜਾਬ ਦੀ ਰਾਜਨੀਤੀ ਵਿਚ ਇਕ ਨਵਾਂ ਮੋੜ ਸਾਬਤ ਹੋਈ ਸੀ। ਇਸ ਪਿੱਛੋਂ ਪੰਜਾਬ ਪਰੱਤੀ ਆਮ ਕਰਕੇ ਅਤੇ ਸਿੱਖਾਂ ਪਰੱਤੀ ਖਾਸ ਕਰਕੇ ਬਰਿਟਿਸ਼ ਨੀਤੀ ਵਿਚ ਇਕ ਦਮ ਤਬਦੀਲੀ ਆ ਗਈ। ਗਦਰ ਤੋਂ ਪਹਿਲਾਂ ਸਿੱਖ ਅੰਗਰੇਜ਼ਾਂ ਦੀ ਨਫ਼ਰਤ ਦਾ ਸ਼ਿਕਾਰ ਸਨ ਪਰ ਹੁਣ ਸਿੱਖ ਅੰਗਰੇਜ਼ਾਂ ਦੇ ਲਾਡਲੇ ਸਿਪਾਹੀ ਬਣ ਗਏ ਸਨ। ਇਸ ਦਾ ਪਰਭਾਵ ਸਿਰੀ ਦਰਬਾਰ ਸਾਹਿਬ ਅਤੇ ਸਿਰੀ ਅਕਾਲ ਤਖ਼ਤ ਸਾਹਿਬ 'ਤੇ ਵੀ ਪਿਆ ਸੀ। ਮਾਰਚ, 1847 ਵਿਚ ਲਾਹੌਰ ਦਰਬਾਰ ਵਿਚ ਨਿਯੁਕਤ ਬਰਿਟਿਸ਼ ਏਜੰਟ ਸਰ ਹੈਨਰੀ ਲਾਰੈਂਸ ਨੇ ਹਿੰਦੁਸਤਾਨ ਦੇ ਗਵਰਨਰ ਜਨਰਲ ਦੇ ਹੁਕਮ ਅਨੁਸਾਰ ਸਿਰੀ ਦਰਬਾਰ ਸਾਹਿਬ ਦੀ ਪਵਿਤਰਤਾ ਨੂੰ ਧਿਆਨ ਗੋਚਰੇ ਰਖਦੇ ਹੋਏ ਇਸ ਦੇ ਬਾਹਰਵਾਰ ਇਕ ਬੋਰਡ ਲਿਖ ਕੇ ਲਗਵਾ ਦਿੱਤਾ ਸੀ ਜਿਸ ਉਪਰ ਲਿਖਿਆ ਸੀ ਕਿ ਅੰਦਰ ਜਾਣ ਤੋਂ ਪਹਿਲਾਂ ਜੁੱਤੇ ਉਤਾਰ ਦਿੱਤੇ ਜਾਣ।

ਇਕ ਨਿਰਮਲ ਸੰਤ, ਸੰਤ ਨਿਹਾਲ ਸਿੰਘ ਜੋ ਉਸ ਸਮੇਂ ਇਸ ਬੋਰਡ ਨੂੰ ਲਗਾਏ ਜਾਣ ਦੀ ਕਾਰਵਾਈ ਨੂੰ ਦੇਖ ਰਿਹਾ ਸੀ ਉਸ ਨੇ ਇਸ ਦਾ ਵਿਸਥਾਰ ਆਪਣੀ ਪੁਸਤਕ ਸ੍ਰੀ ਭਵ ਸਾਗਰ ਸੇਤੁ ਵਿਚ ਪਰੱਸ਼ਨਾਂ ਉਤਰਾਂ ਵਿਚ ਇਉਂ ਦਿੱਤਾ ਹੈ :

ਤਾਮ੍ਰ ਪੱਤਰ ਅਦਬ ਕੀ ਲਿਖਤ ਕਰੀ ਅੰਗਰੇਜ।
ਅਦਬ ਕਰਨ ਹਰਿਮੰਦ੍ਰ ਕੋ ਪਾਲਤ ਮੁਖਨ ਸਤੇਜ।
ਪ੍ਰਸ਼ਨ : ਕਿਸ ਨੇ ਤਾਂਬੇ ਕੇ ਪਤ੍ਰ ਪਰ ਲਿਖਤ ਕਰਵਾਈ।
ਅਤੇ ਕਿਸ ਨੇ ਕੀਤੀ। ਅਤੇ ਕਉਨ ਸੇਂ ਸੰਮਤ ਮੇਂ।
ਉਤਰ : ਭਾਈ ਮਾਖਨ ਸਿੰਘ ਗੁੰਬੀ ਨੇ ਲਿਖਤ ਕਰਵਾਈ।
ਕਰੀ ਸਾਹਿਬ ਤੇ ਹੈਨਰੀ ਲਾਰਨਿਸ ਸਾਹਿਬ ਨੇ ਕੀਨੀ।
ਈਸਵੀ ਸੰਨ 1847 ਅਠਾਰਾਂ ਸੈ ਸੈਤਾਲੀ ਬੀਚ ਮਹੀਨੇ ਮਾਰਚ ਕੇ।
ਰਾਜਾ ਬਿਕ੍ਰਮਾਜੀਤ ਜੁ ਕੇ ਸੰਮਤ 1904

---

106. ਹੋਰ ਦੇਖੋ ਆਰ. ਸੀ. ਮਾਜੂਮਦਾਰ, ਐਚ. ਸੀ. ਚੋਧਰੀ ਅਤੇ ਕੇ. ਕੇ. ਦੱਤ, *ਭਾਰਤ ਦਾ ਬ੍ਰਿਹਤ ਇਤਿਹਾਸ*, ਭਾਗ ਤੀਜਾ (ਪੰਜਾਬੀ ਅਨੁਵਾਦ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1987) ਪੰਨੇ 163-72.

ਉਨੀ ਸੌ ਚਾਰ ਬੀਚ ਮਹੀਨੇ ਚੇਤ੍ਰ ਕੇ ।[107]

ਭਾਈ ਕਾਨ੍ਹ ਸਿੰਘ ਨਾਭਾ ਨੇ ਵੀ ਇਸ ਬਾਰੇ ਇਉਂ ਲਿਖਿਆ ਹੈ :

> ਅਮ੍ਰਿਤਸਰ ਪੁਜਾਰੀਆਂ ਦੀ ਸ਼ਕਾਯਤ ਪੁਰ ਗਵਰਨਰ ਜਨਰਲ ਦੇ ਹੁਕਮ ਅਨੁਸਾਰ ਸਭ ਨੂੰ ਖ਼ਬਰਦਾਰ ਕੀਤਾ ਜਾਂਦਾ ਹੈ ਕਿ ਦਰਬਾਰ ਅਮ੍ਰਿਤਸਰ ਅਤੇ ਹੋਰ ਗੁਰਦੁਆਰਿਆਂ ਵਿਚ ਕੋਈ ਜੁਤੀ ਪਹਿਨੇ ਹੋਏ ਨਾ ਜਾਵੇ। ਪਰਕੰਮਿਆਂ ਵਿਚ ਜਾਣ ਤੋਂ ਪਹਿਲਾਂ ਤਾਲ ਦੇ ਕਿਨਾਰੇ ਦੇ ਬੁੰਗੇ ਜੋੜੇ ਉਤਾਰ ਦਿੱਤੇ ਜਾਣ.........ਸਿੱਖਾਂ ਨੂੰ ਕਿਸੇ ਤਰ੍ਹਾਂ ਵੀ ਦੁਖਾਇਆ ਨਾ ਜਾਵੇ ਅਰ ਨਾ ਉਨ੍ਹਾਂ ਦੇ ਮੁਆਮਲਿਆਂ ਵਿਚ ਕੋਈ ਮੁਦਾਖ਼ਲਤ ਕੀਤੀ ਜਾਵੇ ।[108]

ਇਕ ਬਰਿਟਿਸ਼ ਅਧਿਕਾਰੀ ਮੇਜਰ ਮੇਨਵਰਿੰਗ ਆਪਣੇ ਦੋ ਚਪੜਾਸੀਆਂ ਸਮੇਤ, ਸਣੇ ਜੁਤੀ ਦੇ ਦਰਬਾਰ ਸਾਹਿਬ ਵਿਚ ਜਾ ਵੜਿਆ ਸੀ। ਉਸ ਨੇ ਸੇਵਾਦਾਰਾਂ ਵਲੋਂ ਜੁਤੀ ਲਾਹੁਣ ਦੀ ਬੇਨਤੀ ਨੂੰ ਵੀ ਨਹੀਂ ਮੰਨਿਆ ਸੀ। ਦੂਸਰੇ ਦਿਨ ਜਦੋਂ ਕੁਝ ਸਿੱਖ ਸਰਦਾਰਾਂ ਨੇ ਉਸ ਦੀ ਸ਼ਿਕਾਇਤ ਸਰ ਹੇਨਰੀ ਪਾਸ ਕੀਤੀ ਅਤੇ ਇਹ ਗੱਲ ਅਖ਼ਬਾਰਾਂ ਵਿਚ ਵੀ ਆ ਗਈ ਸੀ ਤਾਂ ਹੈਨਰੀ ਲਾਰੈਂਸ ਨੇ ਮੇਜਰ ਮੇਨਵਰਿੰਗ ਨੂੰ ਸਖ਼ਤ ਝਾੜ ਪਾਈ ਅਤੇ ਤਿੰਨ ਭਾਸ਼ਾਵਾਂ (ਅੰਗਰੇਜ਼ੀ, ਹਿੰਦੀ, ਪੰਜਾਬੀ) ਵਿਚ ਲਿਖ ਕੇ ਬੋਰਡ ਲਗਵਾਇਆ।

1849 ਵਿਚ ਜਿਥੇ ਸਿਰੀ ਦਰਬਾਰ ਸਾਹਿਬ ਦਾ ਪਰਬੰਧ ਸਿੱਧੇ ਤੌਰ 'ਤੇ ਪੰਜਾਬ ਦੇ ਰੈਜ਼ੀਡੈਂਟ ਸਰ ਹੈਨਰੀ ਲਾਰੰਸ ਦੇ ਹਵਾਲੇ ਕਰ ਦਿੱਤਾ ਗਿਆ ਸੀ। ਹੁਣ ਇਹ ਸਾਰਾ ਪਰਬੰਧ ਪਰਮੁਖ ਸਿੱਖ ਸਰਦਾਰਾਂ ਦੀ ਕਮੇਟੀ ਦੇ ਹਵਾਲੇ ਕਰ ਦਿੱਤਾ ਗਿਆ ਸੀ। ਅੰਮ੍ਰਿਤਸਰ ਦੇ ਡਿਪਟੀ ਕਮਿਸ਼ਨਰ ਸਰ ਫਰੈਡਰਿਕ ਕੂਪਰ (Sir Frederic Cooper) ਨੇ ਰਾਜਾ ਤੇਜ ਸਿੰਘ ਦੀ ਸਲਾਹ 'ਤੇ ਰਾਜਾ ਸਾਹਿਬ ਦੀ ਹੀ ਹਵੇਲੀ ਵਿਚ ਪੰਜ ਸਤੰਬਰ, 1859 ਨੂੰ ਪਰਮੁਖ ਸਿੱਖ ਸਰਦਾਰਾਂ ਦੀ ਮੀਟਿੰਗ ਬੁਲਾਈ ਸੀ। ਇਨ੍ਹਾਂ ਪਰਮੁਖ ਸਿੰਘ ਸਰਦਾਰਾਂ ਵਿਚ ਇਹ ਸਰਦਾਰ ਸ਼ਾਮਲ ਸਨ : ਰਾਜਾ ਤੇਜ ਸਿੰਘ, ਸਰਦਾਰ ਸ਼ਮਸ਼ੇਰ ਸਿੰਘ ਸੰਧਾਵਾਲੀਆ, ਸਰਦਾਰ ਦਿਆਲ ਸਿੰਘ ਮਜੀਠੀਆ, ਭਾਈ ਪਰਦੁਮਨ ਸਿੰਘ, ਸਰਦਾਰ ਜੈਮਲ ਸਿੰਘ ਖੰਡੇਵਾਲੀਆ, ਸਰਦਾਰ ਮਹਿਤਾਬ ਸਿੰਘ ਮਜੀਠੀਆ, ਰਾਏ ਮੂਲ ਸਿੰਘ, ਸਰਦਾਰ ਮੰਗਲ ਸਿੰਘ ਰਾਮਗੜ੍ਹੀਆ, ਸਰਦਾਰ ਲਾਲ ਸਿੰਘ ਤਲਵੰਡੀ ਅਤੇ ਸਰਦਾਰ ਹਰਦਿਤ ਸਿੰਘ ਪਧਾਣੀਆਂ ।[109]

ਇਹ ਮੀਟਿੰਗ 12 ਸਤੰਬਰ ਤਕ ਚਲਦੀ ਰਹੀ ਸੀ। ਇਸ ਵਿਚ ਹੋਰਨਾ ਪੱਖਾਂ ਦੇ ਨਾਲ ਨਾਲ ਇਹ ਗੱਲ ਵੀ ਵਿਚਾਰੀ ਗਈ ਸੀ ਕਿ ਕੀ ਸਿਰੀ ਦਰਬਾਰ ਸਾਹਿਬ ਦਾ ਪਰਬੰਧ

---

107. ਸੰਤ ਨਿਹਾਲ ਸਿੰਘ, *ਸ੍ਰੀ ਭਵ ਸਾਗਰ ਸੇਤੁ*, ਸੰਨ 1848, ਪੰਨਾ 88.
108. *ਮਹਾਨ ਕੋਸ਼*, ਪੰਨਾ 704.
109. Madanjit Kaur, *The Golden Temple : Past And Present*, Guru Nanak Dev University, Amritsar, 1983, p. 61.
ਭਾਈ ਹਮੀਰ ਸਿੰਘ ਵਲੋਂ ਦਿੱਤੀ ਗਈ ਲਿਸਟ ਵਿਚ ਇਨ੍ਹਾਂ ਨਾਵਾਂ ਦਾ ਵੀ ਵੇਰਵਾ ਹੈ। ਸਰਦਾਰ ਸੁਰਤ ਸਿੰਘ ਮਜੀਠੀਆ, ਜਨਰਲ ਗੁਲਾਬ ਸਿੰਘ ਭਾਗੋਵਾਲੀਆ, ਸਰਦਾਰ ਸਰਦੂਲ ਸਿੰਘ ਮਾਨ ਅਤੇ ਸਰਦਾਰ ਰਾਜਾ ਸਿੰਘ ਮਾਨ। ਦੇਖੋ ਗਯਾਨ ਸਿੰਘ *ਤਵਾਰੀਖ਼ ਸ੍ਰੀ ਅੰਮ੍ਰਿਤਸਰ*, ਜ਼ਮੀਮਾ, ਪੰਨਾ 117.

ਬਰਿਟਿਸ਼ ਸਰਕਾਰ ਦੀ ਸਹਾਇਤਾ ਦੇ ਬਿਨਾਂ ਚਲਾਇਆ ਜਾ ਸਕਦਾ ਹੈ? ਇਸ ਗੱਲ 'ਤੇ ਸਰਬਸੰਮਤੀ ਨਾਲ ਫੈਸਲਾ ਹੋਇਆ ਕਿ ਬਰਿਟਿਸ਼ ਸਰਕਾਰ ਦੀ ਸਿੱਧੀ ਮਦਦ ਤੋਂ ਬਿਨਾਂ ਇਹ ਪਰਬੰਧ ਨਹੀਂ ਚਲਾਇਆ ਜਾ ਸਕਦਾ। ਤਹਿ ਕੀਤਾ ਗਿਆ ਕਿ ਬਰਿਟਿਸ਼ ਸਰਕਾਰ ਦੀ ਈਮਾਨਦਾਰ ਨੀਤੀ ਅਤੇ ਦਰਬਾਰ ਸਾਹਿਬ ਦਾ ਸ਼ਾਤਮਈ ਪਰਬੰਧ ਇਕ ਦੂਜੇ ਨਾਲ ਅੰਤਰ ਸਬੰਧਤ ਹੈ।[110]

ਇਸ ਫੈਸਲੇ ਦੇ ਨਾਲ ਉਕਤ ਵਰਨਣ ਕੀਤੇ ਸਰਦਾਰਾਂ ਦੀ ਕਮੇਟੀ ਬਣਾ ਦਿੱਤੀ ਗਈ ਅਤੇ ਸਿਰੀ ਦਰਬਾਰ ਸਾਹਿਬ ਦੇ ਪਰਬੰਧ ਲਈ ਇਕ ਦਸਤੂਰ-ਉਲ-ਅਮਲ ਤਿਆਰ ਕੀਤਾ ਗਿਆ ਜਿਸ ਦਾ ਸੰਖੇਪ ਰੂਪ ਇਸ ਤਰ੍ਹਾਂ ਹੈ :

ੳ. ਕਿ ਸਿਰੀ ਦਰਬਾਰ ਸਾਹਿਬ ਦੀ ਸਮੁੱਚੀ ਜਾਇਦਾਦ ਸਿਰੀ ਗੁਰੂ ਰਾਮ ਦਾਸ ਜੀ ਦੀ ਹੈ। ਇਹ ਕਿਸੇ ਵੀ ਵਿਅਕਤੀ ਵਿਸ਼ੇਸ਼ ਦੇ ਨਾਂ ਨਹੀਂ ਹੋ ਸਕਦੀ। ਸਮੂਹ ਸਿੱਖਾਂ ਨੂੰ ਇਥੇ ਪੂਜਾ ਕਰਨ ਦਾ ਅਧਿਕਾਰ ਹੈ।

ਅ. ਕਿ ਇਥੋਂ ਦੇ ਸਾਰੇ ਪੁਜਾਰੀਆਂ, ਗਰੰਥੀਆਂ, ਰਾਗੀਆਂ ਅਤੇ ਰਬਾਬੀਆਂ ਨੂੰ ਸਿਰੀ ਦਰਬਾਰ ਸਾਹਿਬ ਦੇ ਚੜ੍ਹਾਵੇ ਵਿਚੋਂ ਰੋਜ਼ਾਨਾ ਦਾ ਜੇਬ ਖਰਚ ਦਿੱਤਾ ਜਾਇਆ ਕਰੇਗਾ।

ੲ. ਕਿ ਸਰਦਾਰ ਜੋਧ ਸਿੰਘ ਨੂੰ ਇਸ ਦਾ ਸਰਬਰਾਹ ਨੀਯਤ ਕੀਤਾ ਜਾਵੇ ਪਰ ਉਹ ਸਿਰੀ ਦਰਬਾਰ ਸਾਹਿਬ ਦੀ ਧਾਰਮਕ ਮਰਯਾਦ ਵਿਚ ਕੋਈ ਦਖਲਅੰਦਾਜ਼ੀ ਨਹੀਂ ਕਰੇਗਾ।

ਸ. ਇਕ ਵੱਖਰੀ ਸਬ-ਕਮੇਟੀ ਨੀਯਤ ਕੀਤੀ ਜਾਵੇ ਜਿਹੜੀ ਸਰਬਰਾਹ ਦੀ ਸਲਾਹਕਾਰ ਹੋਵੇ। ਇਸ ਕਮੇਟੀ ਨੂੰ ਗੋਲਡਨ ਟੈਂਪਲ ਕਮੇਟੀ ਕਿਹਾ ਜਾਵੇਗਾ।

ਹ. ਜਿਹੜੇ ਪੁਜਾਰੀ, ਗਰੰਥੀ ਤੇ ਰਾਗੀ ਆਪਣੇ ਕਿਰਦਾਰ ਜਾਂ ਕਰਤੱਵ ਵਿਚ ਗਿਰਾਵਟ ਵਾਲੇ ਸਮਝੇ ਜਾਣਗੇ ਉਨ੍ਹਾਂ ਦਾ ਰੋਜ਼ਾਨਾ ਦਾ ਜੇਬ ਖਰਚਾ ਬੰਦ ਕਰ ਦਿੱਤਾ ਜਾਵੇਗਾ ਪਰ ਜਿਨ੍ਹਾਂ ਦਾ ਕਿਰਦਾਰ ਅਤੇ ਕਰਤੱਵ ਬਹੁਤ ਅੱਛਾ ਪਾਇਆ ਜਾਵੇਗਾ ਉਨ੍ਹਾਂ ਨੂੰ ਸਨਮਾਨਿਆ ਜਾਵੇਗਾ।

ਕ. ਕਿ ਸਿਰੀ ਦਰਬਾਰ ਸਾਹਿਬ ਦੇ ਸਟਾਫ਼ ਜਿਸ ਵਿਚ ਗਰੰਥੀ ਅਤੇ ਪੁਜਾਰੀ ਸ਼ਾਮਲ ਹਨ, ਨੂੰ ਕਸੂਰਵਾਰ ਸਮਝੇ ਜਾਣ 'ਤੇ ਸਿੱਖ ਪੰਥ ਨੂੰ ਬਰਖਾਸਤ ਕਰਨ ਦਾ ਪੂਰਾ ਅਖ਼ਤਿਆਰ ਹੋਵੇਗਾ?

ਖ. ਸਿਰੀ ਦਰਬਾਰ ਸਾਹਿਬ ਉਸਾਰੀ ਦਾ ਜਾਂ ਮੁਰੰਮਤ ਦਾ ਕੰਮ ਗਯਾਨੀ ਸੰਤ ਸਿੰਘ ਦੇ ਪੁੱਤਰ ਗਯਾਨੀ ਪਰਦੁਮਨ ਸਿੰਘ ਨੂੰ ਸੌਂਪ ਦਿੱਤਾ ਜਾਵੇ।

ਗ. ਸਿਰੀ ਦਰਬਾਰ ਸਾਹਿਬ ਦੀ ਆਮਦਨ ਦਾ ਅਤੇ ਖਰਚੇ ਦਾ ਸਮੁਚਾ ਹਿਸਾਬ ਕਿਤਾਬ ਸਰਬਰਾਹ ਰਾਹੀਂ ਰੱਖਿਆ ਜਾਵੇ।

ਘ. ਬਰਿਟਿਸ਼ ਸਰਕਾਰ ਸਰਬਰਾਹ ਦੀ ਨਿਯੁਕਤੀ ਕਰੇਗੀ। ਸਰਬਰਾਹ ਦੇ ਨਿਤ ਦੇ

---

110. Ian J. Kerr, British Relationship with the Golden Temple 1849-90 in *The Indian Economic and Social History Review*, London, 21.2.1984, p. 144.

ਕੰਮਾਂ ਵਿਚ ਸਲਾਹ ਦੇਣ ਲਈ ਇਕ ਸਬ-ਕਮੇਟੀ ਬਣਾਈ ਜਾਵੇਗੀ।[111]

ਇਹ ਗੱਲ ਧਿਆਨ ਦੇਣ ਯੋਗ ਹੈ ਕਿ ਬਰਿਟਿਸ਼ ਸਰਕਾਰ ਦੇ ਸਮੇਂ ਸਿਰੀ ਦਰਬਾਰ ਸਾਹਿਬ ਦੇ ਪਰਬੰਧ ਵਿਚ ਹੀ ਸਿਰੀ ਅਕਾਲ ਤਖ਼ਤ ਸਾਹਿਬ ਦਾ ਪਰਬੰਧ ਵੀ ਸ਼ਾਮਲ ਸੀ। ਆਮ ਤੌਰ 'ਤੇ ਤਖ਼ਤ ਸਾਹਿਬ ਨੂੰ ਸਿਰੀ ਦਰਬਾਰ ਸਾਹਿਬ ਨਾਲ ਇਕਮਿਕ ਕਰ ਕੇ ਹੀ ਰੱਖਿਆ ਜਾਂਦਾ ਸੀ। ਇਸ ਰੋਸ਼ਨੀ ਵਿਚ ਦੇਖਿਆਂ ਉਕਤ ਦਸਤੂਰ-ਉਲ-ਅਮਲ ਦਾ ਇਹ ਮਤਲਬ ਨਹੀਂ ਹੈ ਕਿ ਇਹ ਸਿਰਫ਼ ਸਿਰੀ ਦਰਬਾਰ ਸਾਹਿਬ ਦੇ ਪਰਬੰਧ ਲਈ ਹੀ ਸੀ। ਸਿਰੀ ਅਕਾਲ ਤਖ਼ਤ ਸਾਹਿਬ ਦਾ ਪਰਬੰਧ ਵੀ ਇਸ ਵਿਚ ਸ਼ਾਮਲ ਸੀ।

ਦਸਤੂਰ-ਉਲ-ਅਮਲ ਦੀ ਉਪਰੋਕਤ ਸੰਖੇਪ ਵਿਆਖਿਆ ਤੋਂ ਸਪਸ਼ਟ ਹੈ ਕਿ ਉਸ ਸਮੇਂ ਇਹ ਅਮਲ ਇਕ ਅਤੀ ਉੱਤਮ ਪਰਬੰਧ ਸੀ। ਮੰਨੇ ਪਰਮੰਨੇ ਸਿੱਖ ਸਰਦਾਰਾਂ ਦੀ ਕਮੇਟੀ ਬਣਾ ਦਿਤੀ ਗਈ ਸੀ। ਇਹ ਕਮੇਟੀ ਹਰ ਤਰ੍ਹਾਂ ਨਾਲ ਸੁਤੰਤਰ ਸੀ। ਪੁਜਾਰੀਆਂ ਦੀ ਸਮੁੱਚੀ ਜਾਇਦਾਦ ਸਿਰੀ ਗੁਰੂ ਰਾਮ ਦਾਸ ਜੀ ਦੇ ਨਾਂ ਹੋਣੀ ਸੀ। ਕੋਈ ਵੀ ਵਿਅਕਤੀ ਵਿਸ਼ੇਸ਼ ਇਸ ਦਾ ਅਧਿਕਾਰੀ ਨਹੀਂ ਸੀ ਹੋਣਾ। ਭਰਿਸ਼ਟ ਜਾਂ ਕਸੂਰਵਾਰ ਸਟਾਫ਼ ਮੈਂਬਰਾਂ ਨੂੰ ਬਰਖਾਸ਼ਤ ਕਰਨ ਦੇ ਅਧਿਕਾਰ ਇਸ ਕਮੇਟੀ ਕੋਲ ਸਨ। ਹੋਰ ਇਸ ਤੋਂ ਉੱਤਮ ਪਰਬੰਧ ਕਿਹੜਾ ਹੋਣਾ ਸੀ? ਇਹ ਸਭ ਬਰਿਟਿਸ਼ ਸਰਕਾਰ ਦੀ ਸਿੱਖਾਂ ਪਰੱਤੀ ਉਸ ਹਮਦਰਦੀ ਭਰੀ ਨੀਤੀ ਦੇ ਸਿੱਟੇ ਵਜੋਂ ਸੀ ਜਿਹੜੀ ਉਸ ਨੇ 1857 ਈ. ਦੇ ਸੈਨਿਕ ਵਿਦਰੋਹ ਨੂੰ ਦਬਾਉਣ ਦੇ ਪਿੱਛੋਂ ਅਪਣਾਈ ਸੀ।

ਅਫਸੋਸ ਦੀ ਗੱਲ ਤਾਂ ਇਹ ਹੈ ਕਿ ਜਿਨ੍ਹਾਂ ਸਿੱਖ ਸਰਦਾਰਾਂ ਦੀ ਕਮੇਟੀ ਬਣਾਈ ਗਈ ਸੀ ਉਨ੍ਹਾਂ ਨੇ ਹੀ ਸਿਰੀ ਦਰਬਾਰ ਸਾਹਿਬ ਦੇ ਪਰਬੰਧ ਵਿਚ ਕੋਈ ਦਿਲਚਸਪੀ ਨਹੀਂ ਲਈ। ਐਵੇਂ ਬਿਨਾਂ ਸੋਚੇ ਸਮਝੇ ਹੀ ਇਹ ਕਹੀ ਜਾਣਾ ਕਿ ਅੰਗਰੇਜ਼ਾਂ ਨੇ ਜਾਣ ਬੁਝ ਕੇ ਦਰਬਾਰ ਸਾਹਿਬ ਦਾ ਪਰਬੰਧ ਪੁਜਾਰੀਆਂ ਨੂੰ ਸੌਂਪ ਦਿੱਤਾ ਸੀ ਇਹ ਕੋਈ ਤੱਥ ਆਧਾਰਤ ਗੱਲ ਨਹੀਂ ਹੈ। ਉਕਤ ਸਰਦਾਰ ਦਰਬਾਰ ਸਾਹਿਬ ਦਾ ਪਰਬੰਧ ਸੁਧਾਰਨ ਨਾਲੋਂ ਆਪੋ ਆਪਣੇ ਸੁਆਰਥਾਂ ਨੂੰ ਸੁਰੱਖਿਅਤ ਕਰਨ ਵਿਚ ਜ਼ਿਆਦਾ ਰੁਚੀ ਰਖਦੇ ਸਨ। ਇਕ ਸਰਬਰਾਹ ਸੀ ਜਿਸ ਦਾ ਰੋਜ਼ਾਨਾ ਦਾ ਵਾਹ ਰਹਿੰਦਾ ਸੀ। ਕਮੇਟੀ ਮੈਂਬਰਾਂ ਦੇ ਸਹਿਯੋਗ ਦੀ ਅਣਹੋਂਦ ਕਰਕੇ ਇਹ ਸਰਬਰਾਹ ਵੀ ਪੁਜਾਰੀਆਂ ਅਤੇ ਸਰਕਾਰ ਵਿਚਕਾਰ ਇਕ ਬੇਬਸ ਧਿਰ ਬਣ ਕੇ ਰਹਿ ਗਿਆ ਸੀ। ਵੈਸੇ ਸਰਬਰਾਹ ਆਪਣੇ ਆਪ ਵਿਚ ਸ਼ਰਧਾਵਾਨ ਅਤੇ ਯੋਗ ਪਰਬੰਧਕ ਸਨ। ਕਮੇਟੀ ਦੀ ਦਿਲਚਸਪੀ ਨਾ ਹੋਣ ਕਾਰਨ ਅੰਗਰੇਜ ਸਰਕਾਰ ਨੇ ਵੀ ਦਿਲਚਸਪੀ ਲੈਣੀ ਛਡ ਦਿੱਤੀ ਅਤੇ ਨਤੀਜਾ ਇਸ ਦਾ ਇਹ ਹੋਇਆ ਕਿ ਜਦੋਂ ਵੀ ਕੋਈ ਕਮੇਟੀ ਮੈਂਬਰ ਸਵਰਗਵਾਸ ਹੋ ਜਾਂਦਾ ਸੀ ਤਾਂ ਉਸ ਦੀ ਥਾਂ ਪੂਰੀ ਕਰਨ ਦੀ ਕੋਈ ਕੋਸ਼ਿਸ਼ ਨਹੀਂ ਹੁੰਦੀ ਸੀ। ਇਸ ਤਰ੍ਹਾਂ ਜਦੋਂ ਕੁਝ ਸਾਲਾਂ ਬਾਦ ਇਹ ਕਮੇਟੀ ਆਪਣੇ ਆਪ ਹੀ ਖ਼ਤਮ ਹੋ ਗਈ ਤਾਂ 1871 ਵਿਚ ਜੀਂਦ ਦੇ ਮਹਾਰਾਜਾ ਦੀ ਸਲਾਹ ਨਾਲ ਇਕ ਹੋਰ ਨਵੀ ਨੌ ਮੈਂਬਰੀ ਕਮੇਟੀ ਬਣਾਈ ਗਈ।[112] ਇਸ ਕਮੇਟੀ ਦੇ ਮੈਂਬਰ ਇਹ ਸਨ :

ਰਾਜਾ ਹਰਬੰਸ ਸਿੰਘ ਸ਼ੇਖੂਪੁਰਾ; ਰਾਜਾ ਸਾਹਿਬ ਦਿਆਲ ਕਿਸ਼ਨ ਕੋਟ; ਸਰਦਾਰ

111. cf. Madanjit Kaur, *op.cit.*,p. 62-63.

112. Ian J.Kerr, *op.cit.*, p. 145.

ਅਜੀਤ ਸਿੰਘ ਅਟਾਰੀ; ਸਰਦਾਰ ਠਾਕੁਰ ਸਿੰਘ ਸੰਧਾਵਾਲੀਆ; ਕੈਪਟਨ ਗੁਲਾਬ ਸਿੰਘ ਅਟਾਰੀ; ਸਰਦਾਰ ਅਰਜਨ ਸਿੰਘ ਬਾਹਲ; ਰਾਇ ਕਲਿਆਣ ਸਿੰਘ ਅੰਮ੍ਰਿਤਸਰ; ਸਰਦਾਰ ਅਤਰ ਸਿੰਘ ਭਦੌੜ ਅਤੇ ਮਹਾਰਾਜਾ ਜਗਤ ਸਿੰਘ ਆਫ ਜੀਂਦ।[113]

ਇਸ ਕਮੇਟੀ ਦੇ ਤਹਿਤ ਇਕ ਸਰਬਰਾਹ ਦੀ ਨਿਯੁਕਤੀ ਕੀਤੀ ਗਈ। ਕੁਝ ਸਮਾਂ ਇਸ ਕਮੇਟੀ ਨੇ ਦਿਲਚਸਪੀ ਲੈ ਕੇ ਅੱਛਾ ਪਰਬੰਧ ਚਲਾਇਆ ਪਰ ਇਸ ਦੇ ਸਾਹਮਣੇ ਕੁਝ ਇਕ ਐਸੇ ਮਸਲੇ ਆਏ ਜਿਨਾਂ ਦੇ ਹੱਲ ਨਾ ਕੀਤੇ ਜਾ ਸਕਣ ਕਰਕੇ ਇਹ ਕਮੇਟੀ ਵੀ ਪਰਭਾਵਹੀਣ ਹੋ ਕੇ ਰਹਿ ਗਈ ਸੀ। ਪਹਿਲਾ ਮਸਲਾ ਸੀ ਗਰੰਥੀਆਂ ਅਤੇ ਪੁਜਾਰੀਆਂ ਦੇ ਖਰਚੇ ਵਿਚ ਵਾਧਾ ਕਰਨ ਦਾ। ਕੁਝ ਪੁਜਾਰੀਆਂ ਨੇ ਪੰਜਾਬ ਚੀਫ਼ ਕੋਰਟ ਵਿਚ ਇਸ ਤਰ੍ਹਾਂ ਦੇ ਮੁਕੱਦਮੇ ਵੀ ਕਰ ਰਖੇ ਸਨ। ਦੂਜਾ ਮਸਲਾ ਸੀ ਬਰਿਟਿਸ਼ ਫ਼ੌਜ ਵਿਚ ਮਜ਼ਹਬੀ ਸਿੱਖਾਂ ਦੀ ਰਜਮੈਂਟ ਦਾ। ਇਹ ਮਜ਼ਹਬੀ ਸਿੰਘ ਸਿਰੀ ਦਰਬਾਰ ਸਾਹਿਬ ਵਿਚ ਮੱਥਾ ਟੇਕਣਾ ਚਾਹੁੰਦੇ ਸਨ ਪਰ ਪੁਜਾਰੀ ਅਤੇ ਗਰੰਥੀ ਇਸ ਨੂੰ ਰੋਕ ਰਹੇ ਸਨ। ਬਰਿਟਿਸ਼ ਅਧਿਕਾਰੀ ਗਰੰਥੀਆਂ ਅਤੇ ਪੁਜਾਰੀਆਂ ਦੇ ਸਟੈਂਡ 'ਤੇ ਬਹੁਤ ਹੈਰਾਨ ਸਨ ਅਤੇ ਗੁਸੇ ਵੀ। ਕਮੇਟੀ ਦੇ ਕੁਝ ਮੈਂਬਰ ਵੀ ਪੁਜਾਰੀਆਂ ਦੀ ਗੱਲ ਨਾਲ ਸਹਿਮਤ ਸਨ। ਫਲਸਰੂਪ ਕਮੇਟੀ ਕਿਸੇ ਵੀ ਮਸਲੇ ਵਿਚ ਕੋਈ ਦੋ-ਟੂਕ ਫੈਸਲਾ ਨਹੀਂ ਲੈਂਦੀ ਸੀ। ਉਹ ਹਰ ਮਸਲਾ ਬਰਿਟਿਸ਼ ਸਰਕਾਰ ਦੇ ਸਪੁਰਦ ਕਰ ਦਿੰਦੀ ਸੀ। ਨਤੀਜਾ ਇਸ ਦਾ ਇਹ ਹੋਇਆ ਕਿ ਗਰੰਥੀਆਂ ਅਤੇ ਪੁਜਾਰੀਆਂ ਨੂੰ ਪਤਾ ਲੱਗ ਗਿਆ ਕਿ ਕਮੇਟੀ ਵਾਲੇ ਸਿੱਖ ਸਰਦਾਰ ਨਿਪੁੰਸਕ ਹਨ ਅਤੇ ਅਸਲ ਕਰਤਾ-ਧਰਤਾ ਤਾਂ ਬਰਿਟਿਸ਼ ਅਧਿਕਾਰੀ ਹੀ ਹਨ। ਇਸ ਲਈ ਗਰੰਥੀ ਅਤੇ ਪੁਜਾਰੀ ਲੋਕ ਕਮੇਟੀ ਦੀ ਪਰਵਾਹ ਨਾ ਕਰਦੇ ਹੋਏ ਸਿੱਧਾ ਬਰਿਟਿਸ਼ ਅਧਿਕਾਰੀਆਂ ਦੀ ਖੁਸ਼ਨੂੰਦੀ ਹਾਲਤ ਕਰਨ ਵਾਲੇ ਪਾਸੇ ਪੈ ਗਏ। ਪੁਜਾਰੀਆਂ ਤੇ ਗਰੰਥੀਆਂ ਦੇ ਇਸ ਝੁਕਾਅ ਨੇ ਸਿੱਖ ਧਾਰਮਿਕ ਅਸਥਾਨਾਂ ਦੇ ਪਰਬੰਧ ਦੇ ਸੰਕਲਪ ਨੂੰ ਹੀ ਬਦਲ ਦਿੱਤਾ ਸੀ।

ਜਿਹੜੀ ਇਹ ਗੱਲ ਕਹੀ ਜਾਂਦੀ ਹੈ ਕਿ ਬਰਿਟਿਸ਼ ਸਰਕਾਰ ਨੇ ਜਾਣਬੁਝ ਕੇ ਦਰਬਾਰ ਸਾਹਿਬ ਦੇ ਪੁਜਾਰੀਆਂ ਅਤੇ ਗਰੰਥੀਆਂ ਨੂੰ ਆਪਣੇ ਹੱਥ ਵਿਚ ਕਰਨਾ ਸ਼ੁਰੂ ਕਰ ਦਿੱਤਾ ਸੀ ਅਤੇ ਇਹ ਵੀ ਕਿ ਇਸ ਮਨੋਰਥ ਲਈ ਇਨ੍ਹਾਂ ਲੋਕਾਂ ਨੂੰ ਜੱਦੀ ਹੱਕ ਦੇਣੇ ਸ਼ੁਰੂ ਕਰ ਦਿੱਤੇ ਸੀ ਇਸ ਵਿਚ ਕੋਈ ਸਚਾਈ ਨਹੀਂ ਹੈ ਅਸਲ ਵਿਚ ਅੰਗਰੇਜ਼ ਅਧਿਕਾਰੀ ਸਿਰੀ ਦਰਬਾਰ ਸਾਹਿਬ ਦੇ ਪਰਬੰਧ ਨੂੰ ਸੁਧਾਰਨ ਵਿਚ ਪੂਰੀ ਦਿਲਚਸਪੀ ਰਖਦੇ ਸਨ ਅਤੇ ਚਾਹੁੰਦੇ ਸਨ ਕਿ ਇਥੋਂ ਦਾ ਪਰਬੰਧ ਸਿੱਖ ਕਾਇਦੇ-ਕਾਨੂੰਨਾਂ ਅਨੁਸਾਰ ਹੀ ਹੋਵੇ। ਪਰ ਨਾ ਹੀ ਸਿੱਖ ਸਰਦਾਰਾਂ ਵਿਚੋਂ ਅਤੇ ਨਾ ਹੀ ਗਰੰਥੀਆਂ ਅਤੇ ਪੁਜਰੀਆਂ ਵਿਚੋਂ ਕੋਈ ਬਰਿਟਿਸ਼ ਸਰਕਾਰ ਲਈ ਨਵੀਂ ਪਰਬੰਧਕੀ ਸਕੀਮ ਲੈ ਕੇ ਆਇਆ। ਬਰਿਟਿਸ਼ ਸਰਕਾਰ ਨੂੰ ਸਿੱਖਾਂ ਵਲੋਂ ਵੀ ਕੋਈ ਨਵਾਂ ਪਰਬੰਧਕੀ ਸੰਕਲਪ ਨਹੀਂ ਲਿਆ। ਪੁਜਾਰੀਆਂ ਨੂੰ ਜੱਦੀ ਅਧਿਕਾਰਾਂ ਦੀ ਗੱਲ ਤਾਂ ਦਸਤੂਰ-ਉਲ-ਅਮਲ ਦੀ ਉਸ ਧਾਰਾ ਨਾਲ ਹੀ ਖ਼ਤਮ ਹੋ ਗਈ ਸੀ ਜਿਹੜੀ ਸਿਰੀ ਦਰਬਾਰ ਸਾਹਿਬ ਦੀ ਸਮੁੱਚੀ ਜਾਇਦਾਦ ਨੂੰ ਸਿਰੀ ਗੁਰੂ ਰਾਮ ਦਾਸ ਜੀ ਦੀ ਦਰਸਾਉਂਦੀ ਸੀ।

113. ਜ਼ਮੀਮਾ ਭਾਈ ਹਮੀਰ ਸਿੰਘ, ਪੂਰਵਅੰਕਤ, ਪੰਨਾ 118.

ਇਸ ਕਰਕੇ ਇਹ ਕਹਿਣਾ ਜ਼ਿਆਦਾ ਮੁਨਾਸਬ ਹੋਵੇਗਾ ਕਿ ਪੁਜਾਰੀ ਅਤੇ ਗਰੰਥੀ ਤਬਕਾ ਸਿੱਖ ਸਰਦਾਰਾਂ ਅਤੇ ਬਰਿਟਿਸ਼ ਸਰਕਾਰ ਦੀ ਅਚੇਤ ਅਵਸਥਾ ਵਿਚੋਂ ਹੀ ਪੈਦਾ ਹੋ ਕੇ ਧਾਰਮਕ ਅਸਥਾਨਾਂ ਦੇ ਪਰਬੰਧ ਉਪਰ ਛਾ ਗਿਆ ਸੀ। ਸਰਬਰਾਹ ਦਾ ਸਰਕਾਰ ਅਤੇ ਪੁਜਾਰੀ ਕੋਈ ਭੈਅ ਨਹੀਂ ਮੰਨਦੇ ਸਨ। ਇਸ ਕਰਕੇ ਸਰਬਰਾਹ ਦੇ ਸਾਹਮਣੇ ਵੀ ਬਰਿਟਿਸ਼ ਅਧਿਕਾਰੀਆਂ ਦੀ ਹਾਂ ਵਿਚ ਹਾਂ ਮਿਲਾਉਣ ਤੋਂ ਸਿਵਾ ਹੋਰ ਕੋਈ ਚਾਰਾ ਨਹੀਂ ਰਹਿ ਗਿਆ ਸੀ।

ਇਸ ਤਰ੍ਹਾਂ ਜੇਕਰ ਬਰਿਟਿਸ਼ ਹਕੂਮਤ ਸਿਰੀ ਦਰਬਾਰ ਸਾਹਿਬ ਅਤੇ ਸਿਰੀ ਅਕਾਲ ਤਖ਼ਤ ਸਾਹਿਬ ਦੇ ਪਰਬੰਧ ਲਈ ਉਥੋ ਦੇ ਗਰੰਥੀਆਂ ਅਤੇ ਪੁਜਾਰੀਆਂ 'ਤੇ ਨਿਰਭਰ ਰਹੀ ਹੈ ਤਾਂ ਇਸ ਵਿਚ ਸਭ ਤੋਂ ਵਧ ਕਸੂਰਵਾਰ ਉਸ ਸਮੇਂ ਦੇ ਪਰਮੁੱਖ ਸਿੱਖ ਸਰਦਾਰ ਸਨ ਜਿਨਾਂ ਨੇ ਆਪਣੇ ਸੁਆਰਥਾਂ ਤੋਂ ਪਰੇ ਜਾ ਕੇ ਕੁਝ ਸੋਚਿਆ ਹੀ ਨਹੀਂ ਸੀ। ਜੇ ਸਿੱਖ ਸਰਦਾਰ ਚਾਹੁੰਦੇ ਤਾਂ 1857 ਤੋਂ ਪਿੱਛੋਂ ਜਿਹੋ ਜਿਹਾ ਮਰਜ਼ੀ ਗੁਰਦੁਆਰਾ ਕਾਨੂੰਨ ਬਣਵਾ ਸਕਦੇ ਸਨ। ਅਸਲ ਵਿਚ 1859 ਦਾ ਦਸਤੂਰ-ਉਲ-ਅਮਲ ਉਸ ਸਮੇਂ ਦਾ ਸਭ ਤੋਂ ਉੱਤਮ ਪਰਬੰਧਕੀ ਖਰੜਾ ਸੀ ਅਤੇ ਸਿੱਖ ਸਰਦਾਰ ਇਸ ਵਿਚ ਹੋਰ ਵੀ ਅਛੀਆਂ ਗੱਲਾਂ ਦਰਜ ਕਰਵਾ ਸਕਦੇ ਸਨ। ਬਰਿਟਿਸ਼ ਅਧਿਕਾਰੀ ਸਿੱਖ ਧਾਰਮਕ ਅਸਥਾਨਾਂ ਦੇ ਪਰਬੰਧ ਵਿਚ ਘੱਟ ਤੋਂ ਘਟ ਦਖ਼ਲ-ਅੰਦਾਜ਼ੀ ਕਰਨਾ ਚਾਹੁੰਦੇ ਸੀ। ਇਹ ਸਿਰਫ਼ ਸਿੱਖ ਸਰਦਾਰ ਹੀ ਸਨ ਜਿਨ੍ਹਾਂ ਨੇ ਹਰ ਕੰਮ ਵਿਚ ਅੰਗਰੇਜ਼ ਅਧਿਕਾਰੀਆਂ ਦੀ ਦਖ਼ਲ-ਅੰਦਾਜ਼ੀ ਦੀ ਮੰਗ ਕੀਤੀ। ਇਸ ਗੱਲ ਨੂੰ ਜਦੋਂ ਗਰੰਥੀਆਂ ਅਤੇ ਪੁਜਾਰੀਆਂ ਨੇ ਭਾਂਪ ਲਿਆ ਸੀ ਤਾਂ ਉਹ ਵੀ ਸਿੱਖ ਸਰਦਾਰਾਂ ਨੂੰ ਛੱਡ ਕੇ ਸਿਧਾ ਹੀ ਬਰਿਟਿਸ਼ ਅਧਿਕਾਰੀਆਂ ਨਾਲ ਸਬੰਧ ਰਖਣ ਲਗ ਗਏ ਸਨ। ਇਸ ਝੁਕਾਅ ਨੇ ਸਾਰੇ ਪਰਬੰਧ ਨੂੰ ਹੀ ਬਦਲ ਕੇ ਰੱਖ ਦਿੱਤਾ ਸੀ।

ਗਰੰਥੀਆਂ ਅਤੇ ਪੁਜਾਰੀਆਂ ਨੇ ਬਰਿਟਿਸ਼ ਅਧਿਕਾਰੀਆਂ ਦੀ ਚਾਪਲੂਸੀ ਕਰ ਕੇ ਵਧ ਤੋਂ ਵੱਧ ਅਧਿਕਾਰ ਪਰਾਪਤ ਕਰਨੇ ਸ਼ੁਰੂ ਕਰ ਦਿੱਤੇ। ਇਥੋ ਤਕ ਕਿ ਉਨ੍ਹਾਂ ਨੇ ਜੱਦੀ ਹੱਕ ਵੀ ਪਰਾਪਤ ਕਰਨੇ ਸ਼ੁਰੂ ਕਰ ਦਿੱਤੇ ਸਨ। ਪਾਠ-ਪੂਜਾ ਦੀ ਮਰਯਾਦਾ ਆਪਣੀ ਮਰਜ਼ੀ ਨਾਲ ਨੀਯਤ ਕਰਨੀ ਸ਼ੁਰੂ ਕਰ ਦਿੱਤੀ ਸੀ। ਉਹ ਹਰ ਉਸ ਤਰ੍ਹਾਂ ਦੀ ਗੱਲ ਕਰਦੇ ਸਨ ਜਿਸ ਵਿਚ ਉਨ੍ਹਾਂ ਨੂੰ ਆਰਥਕ ਲਾਭ ਹੁੰਦਾ ਸੀ। ਇਸ ਗੱਲ ਦੀ ਉਨ੍ਹਾਂ ਨੂੰ ਉਕਾ ਹੀ ਕੋਈ ਪਰਵਾਹ ਨਹੀਂ ਸੀ ਹੁੰਦੀ ਕਿ ਉਨ੍ਹਾਂ ਵਲੋਂ ਕੀਤਾ ਜਾਣ ਵਾਲਾ ਕੋਈ ਕੰਮ ਸਿੱਖ ਮਰਯਾਦਾ ਅਨੁਸਾਰ ਹੈ ਜਾਂ ਨਹੀਂ। ਇਕ ਵਾਰ ਸ਼ੁਰੂ ਹੋਈ ਗੱਲ ਨੂੰ ਨਾ ਹੀ ਫਿਰ ਸਿੱਖ ਸਰਦਾਰ ਹੀ ਰੋਕ ਸਕੇ ਅਤੇ ਨਾ ਹੀ ਬਰਿਟਿਸ਼ ਹਕੂਮਤ ਨੇ ਕੋਈ ਦਿਲਚਸਪੀ ਲਈ। 1857 ਤੋਂ ਪਿੱਛੋਂ ਸਿੱਖਾਂ ਪਰਤੀ ਪੈਦਾ ਹੋਈ ਬਰਿਟਿਸ਼ ਹਕੂਮਤ ਦੀ ਹਮਦਰਦੀ ਨੂੰ ਸਿੱਖ ਸਰਦਾਰ ਵਰਤ ਹੀ ਨਹੀਂ ਸਕੇ ਸਗੋਂ ਕੁਝ ਸੰਪਰਦਾਈ ਕਾਰਵਾਈਆਂ ਨੇ ਇਹ ਹਮਦਰਦੀ ਭਰੇ ਮਾਹੌਲ ਨੂੰ ਬਿਗਾੜਨਾ ਸ਼ੁਰੂ ਕਰ ਦਿੱਤਾ ਸੀ। ਨਾਮਧਾਰੀਆਂ ਜਾਂ ਕੂਕਿਆਂ ਨੇ ਸਭ ਤੋਂ ਪਹਿਲਾਂ ਇਸ ਹਮਦਰਦੀ ਭਰੇ ਮਹੌਲ ਨੂੰ ਬਿਗਾੜਿਆ। ਇਨ੍ਹਾਂ ਦੀਆਂ ਆਪਹੁਦਰੀਆਂ ਕਾਰਵਾਈਆਂ ਨਾਲ ਸਿੱਖਾਂ ਦਾ ਸੰਵਰਿਆ ਕੁਝ ਨਹੀਂ ਸਗੋਂ ਗਲਤ ਪਰਭਾਵ ਹੀ ਪਏ ਸਨ। ਉਨੀਵੀਂ ਸਦੀ ਦੇ ਅਖ਼ਰੀ ਤਕ ਸਿੱਖ ਗੁਰਦੁਆਰੇ ਸਿੱਖ ਸਰਦਾਰਾਂ ਦੀਆਂ ਕਮੇਟੀਆਂ ਦੇ ਅਧੀਨ ਹੀ ਸਨ ਇਸ ਲਈ ਜੇ ਕਿਸੇ ਗੁਰਦੁਆਰੇ ਵਿਚ

ਕੂਕਿਆਂ ਨੂੰ ਵੜਨ ਤੋਂ ਰੋਕਿਆ ਜਾਂਦਾ ਸੀ ਤਾਂ ਇਸ ਦਾ ਮਤਲਬ ਵੀ ਇਹੀ ਸੀ ਕਿ ਗੁਰਦੁਆਰਿਆਂ ਦੇ ਪਰਬੰਧਕ ਨਹੀਂ ਚਾਹੁੰਦੇ ਸਨ ਕਿ ਕੂਕਿਆਂ ਦੇ ਗਲਤ ਪਰਚਾਰ ਦਾ ਗੁਰਦੁਆਰੇ ਸ਼ਿਕਾਰ ਹੋ ਜਾਣ।

ਆਰੀਆ ਸਮਾਜ ਲਹਿਰ ਨੇ ਵੀ ਪੰਜਾਬੀ ਸਮਾਜ ਵਿਚ ਜ਼ਹਿਰ ਹੀ ਘੋਲੀ ਸੀ। ਸਿੱਖ ਰਾਜ ਦੀ ਸਭ ਤੋਂ ਵੱਡੀ ਦੇਣ ਸਮਾਜਿਕ ਏਕਤਾ ਨੂੰ, ਆਰੀਆ ਸਮਾਜੀ ਲਹਿਰ ਨੇ ਫਿਰਕੂ ਨਫ਼ਰਤ ਵਿਚ ਵੰਡ ਦਿੱਤਾ ਸੀ। ਹੈਰਾਨੀ ਇਸ ਗੱਲ ਦੀ ਹੁੰਦੀ ਹੈ ਕਿ ਕਿਵੇਂ ਗੁਜਰਾਤ ਦਾ ਜੰਮਿਆ ਸੁਆਮੀ ਦਯਾ ਨੰਦ ਪੰਜਾਂ ਦਰਿਆਵਾਂ ਦੇ ਪਵਿਤਰ ਪਾਣੀ ਨਾਲ ਵਰੋਸਾਈ ਧਰਤੀ ਪੰਜਾਬ 'ਤੇ ਆਪਣਾ ਫਿਰਕੂ ਪਰਚਾਰ ਕਰਦਾ ਰਿਹਾ ਅਤੇ ਪੰਜਾਬੀ ਲੋਕ ਉਸ ਨੂੰ ਸੁਣਦੇ ਰਹੇ।

ਸਿੰਘ ਸਭਾ ਲਹਿਰ ਨੇ ਇਸ ਫਿਰਕੂ ਪਰਚਾਰ ਨੂੰ ਰੋਕਣ ਲਈ ਕੁਝ ਕੋਸ਼ਿਸ਼ ਜ਼ਰੂਰ ਕੀਤੀ ਸੀ। ਇਸ ਲਹਿਰ ਦੇ ਬਾਨੀਆਂ ਨੇ ਪਹਿਲੀ ਵਾਰ ਇਕ ਜੱਥੇਬੰਦਕ ਰੂਪ ਵਿਚ ਸਾਰਥਕ ਪਹੁੰਚ ਅਪਣਾਈ। ਇਸ ਦੇ ਸਾਹਮਣੇ ਮੁੱਖ ਨਿਸ਼ਾਨਾ ਇਹ ਸੀ ਕਿ ਆਰੀਆ ਸਮਾਜ ਅਤੇ ਨਾਮਧਾਰੀ ਜੈਸੀਆਂ ਲਹਿਰਾਂ ਦੇ ਕੁੜੀਲੇ ਪਰਚਾਰ ਵਿਚ ਗਰੱਸੇ ਹੋਏ ਪੰਜਾਬੀ ਭਾਈਚਾਰੇ ਨੂੰ ਕਿਸ ਤਰ੍ਹਾਂ ਪਹਿਲਾਂ ਵਾਲੀ ਪੰਜਾਬੀ ਚੇਤਨੰਤਾ ਵਿਚ ਲਿਆਂਦਾ ਜਾਵੇ। ਸਾਹਿਤਕ ਸੋਧ ਜਾਂ ਵਿਦਿਅਕ ਜਾਗਰਤੀ ਪੰਜਾਬੀ ਬੋਲੀ ਨੂੰ ਪਰਚਾਰ ਕੇ ਪੂਰੀ ਕੀਤੀ ਗਈ। ਰਾਜਨੀਤਕ ਖੇਤਰ ਵਿਚ ਬਰਿਟਿਸ਼ ਸਰਕਾਰ ਅਤੇ ਸਿੱਖ ਸਰਦਾਰਾਂ ਦੇ ਆਪਸੀ ਸੰਬੰਧਾਂ ਨੂੰ ਹੋਰ ਦੋਸਤਾਨਾ ਬਣਾਉਣ ਦੀ ਕੋਸ਼ਿਸ਼ ਕੀਤੀ ਗਈ। ਅਸਲ ਵਿਚ ਵਿਦਿਅਕ ਜਾਂ ਸਾਹਿਤਕ ਜਾਗਰਤੀ ਵਿਚੋਂ ਹੀ ਰਾਜਨੀਤਿਕ ਚੇਤੰਨਤਾ ਪੈਦਾ ਹੁੰਦੀ ਹੈ ਅਤੇ ਵਿਦਿਅਕ ਚੇਤੰਨਤਾ ਲਿਆਉਣੀ ਸਿੰਘ ਸਭਾ ਦਾ ਇਕ ਅਹਿਮ ਨਿਸ਼ਾਨਾ ਸੀ। ਪਰ ਅਫਸੋਸ ਕਿ ਇਹ ਸਿੰਘ ਸਭਾ ਵੀ ਛੇਤੀ ਹੀ ਫੁੱਟ ਦਾ ਸ਼ਿਕਾਰ ਹੋ ਕੇ ਆਪਣੇ ਅਸਲ ਨਿਸ਼ਾਨੇ ਤੋਂ ਥਿੜਕ ਗਈ ਸੀ। ਜਿਨਾਂ ਆਸ਼ੇ ਅਤੇ ਉਦੇਸ਼ਾਂ ਨੂੰ ਸਾਹਮਣੇ ਰੱਖ ਕੇ ਇਹ ਲਹਿਰ ਜੱਥੇਬੰਦ ਕੀਤੀ ਗਈ ਸੀ ਉਹ ਸਭ ਭੁਲਾ ਦਿੱਤੇ ਗਏ ਸਨ। ਇਕ ਦੂਜੇ ਦੀਆਂ ਲੱਤਾਂ ਖਿੱਚਣ ਲਈ ਜਿੰਨੀ ਕੁ ਧਾਰਮਕ ਅਸਥਾਨਾਂ ਦੀ ਇਹ ਲੋਕ ਵਰਤੋਂ ਕਰ ਸਕੇ ਉਨੀ ਕੁ ਇਨ੍ਹਾਂ ਵਲੋਂ ਕੀਤੀ ਗਈ। ਹੇਠ ਲਿਖਿਆ ਹੁਕਮਨਾਮਾ ਪਰੋਫੈਸਰ ਗੁਰਮੁਖ ਸਿੰਘ ਜੀ ਦੇ ਖ਼ਿਲਾਫ਼ ਜਾਰੀ ਕੀਤਾ ਗਿਆ ਸੀ। ਇਹ ਉਪਰੋਕਤ ਗਲ ਦੀ ਮਿਸਾਲ ਹੈ :

ਸਿਰੀ ਅਕਾਲ ਸਹਾਇ। ਸਿਰੀ ਅਕਾਲ ਸਹਾਇ।

ੴ ਸਤਿਗੁਰੁ ਪਰਸਾਦਿ।

ਤਖ਼ਤ ਅਕਾਲੀ ਬੁੰਗਾ ਸਾਹਿਬ ਸਿਰੀ ਦਰਬਾਰ ਸਾਹਿਬ ਹਮ ਜੁਮਲੇ ਸਿੰਘਾਨ ਪੁਜਾਰੀਆਂ ਤਖ਼ਤ ਸਿਰੀ ਬੁੰਗਾ ਜੀ ਸਾਹਿਬ ਤੇ ਸਿਰੀ ਦਰਬਾਰ ਸਾਹਿਬ ਜੀ ਵਾ ਬਾਬਾ ਅਟਲ ਰਾਇ ਸਾਹਿਬ ਵ ਝੰਡਾ ਬੁੰਗਾ ਸਾਹਿਬ ਵਾ ਸ਼ਹੀਦ ਬੁੰਗਾ ਜੀ ਨੇ ਮੁਲਾਹਜ਼ੇ ਕਾਰਵਾਈ ਗੁਰਮੁਖ ਸਿੰਘ ਸਕੱਤਰ ਕਾ ਕੀਆ। ਮਾਲੂਮ ਹੁਆ ਕਿ ਇਸ ਸਖ਼ਸ਼ ਨੇ ਚੰਦ ਜਗਾਹ ਬਰਖ਼ਿਲਾਫ ਗੁਰੂ ਇਸ਼ਟ ਕੇ ਤੌਹੀਨ ਸਿਰੀ ਗੁਰੂ ਗ੍ਰੰਥ ਸਾਹਿਬ ਵਾ ਗੁਰੂ ਅੰਸ਼ ਵਾ ਗੁਰਬਾਣੀ ਕੇ ਤਹਿਰੀਕ ਵਾ ਤਕਰੀਰ ਕੀਆ

ਹੈ ਜਿਸ ਸੇ ਸਾਬਤ ਹੋਤਾ ਹੈ ਕਿ ਉਸ ਕਾ ਏਤਕਾਦ ਸਿੱਖੀ ਧਰਮ ਸੇ ਬਿਲਕੁਲ ਬਰਖਿਲਾਫ਼ ਹੈ ਇਸ ਵਾਸਤੇ ਹਮ ਤਮਾਮ ਪੁਜਾਰੀਅਨ ਵਾ ਗਰੰਥੀਅਨ ਸਿਰੀ ਗੁਰਦੁਆਰੇ ਹਾਇ ਅਮਦੂਹ ਸੇ ਅਲਾਹਿਦਾ ਕੀਆ ਗਿਆ ਹੈ। ਗੁਰਦੁਆਰੇ ਹਾਇ ਮੌਸੂਫ ਮੇ ਉਸ ਕੀ ਅਰਦਾਸ ਨਾ ਹੋਗੀ ਨਾ ਵਰਤਾਉ ਨਾ ਹੋਗਾ। ਤਮਾਮ ਸਿੰਘਾਨ ਕੋ ਵਾਜ਼ਿਆ ਰਹੇ ਕਿ ਕੋਈ ਸਖ਼ਸ਼ ਉਸ ਦਾ ਪੈਰੋਕਾਰ ਨਾ ਹੋ ਜੋ ਸਖ਼ਸ਼ ਉਸ ਕੀ ਪੈਰਵੀ ਕਰੇਗਾ ਵੋ ਭੀ ਬੇਮੁਖ ਔਰ ਲਾਇਕ ਤਨਖ਼ਾਹ ਪੰਥ ਕੇ ਸਮਝਾ ਜਾਏਗਾ ਔਰ ਵੈਸਾ ਹੀ ਸਲੂਕ ਉਸ ਕੇ ਸਾਥ ਭੀ ਕੀਆ ਜਾਏਗਾ ਵਕਤ ਬ ਤਾਰੀਖ਼ ਸਤਵੀਂ ਮਾਹ ਸੰਮਤ 418 ਨਾਨਕ ਸ਼ਾਹੀ ਮੁਤਾਬਕ 18 ਮਾਰਚ, ਸੰਨ 1887 ਦਸਤਖ਼ਨ ਹਾਜ਼ਰੀਨ, ਸਿੰਘਾਨ ਔਹਦੇਦਾਰ ਵਾ ਗਰੰਥੀਅਨ।

ਇਸ ਹੁਕਮਨਾਮੇ ਵਿਚ ਇਕ ਸ਼ਬਦ 'ਗੁਰੂ ਅੰਸ਼' ਆਇਆ ਹੈ। ਇਸ ਦਾ ਭਾਵ ਬਾਬਾ ਖੇਮ ਸਿੰਘ ਬੇਦੀ ਤੋਂ ਹੈ। ਉਹ, ਗੁਰੂ ਨਾਨਕ ਦੇਵ ਜੀ ਦੀ ਅੰਸ਼ ਵਿਚੋਂ ਹੋਣ ਕਰਕੇ, ਆਪਣੀ ਵਿਸ਼ੇਸ਼ ਪੁਜੀਸ਼ਨ ਸਮਝਦਾ ਸੀ ਅਤੇ ਇਸ ਦੀ ਪੂਰਤੀ ਲਈ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਹਜ਼ੂਰੀ ਵਿਚ ਗੱਦੇ ਲਾ ਕੇ ਬੈਠਦਾ ਸੀ। ਪਰੋਫੈਸਰ ਗੁਰਮੁਖ ਸਿੰਘ ਇਸ ਗੱਲ ਦੇ ਖ਼ਿਲਾਫ਼ ਬੋਲਦੇ ਸਨ। ਇਸੇ ਮੁਖਾਲਫ਼ਤ ਨੂੰ 'ਗੁਰੂ ਅੰਸ਼' ਕੀ ਤੋਹੀਨ ਲਿਖਿਆ ਗਿਆ ਹੈ। ਇਥੋਂ ਹੀ ਸਪਸ਼ਟ ਹੈ ਕਿ ਇਸ ਹੁਕਮਨਾਮੇ ਨੂੰ ਜਾਰੀ ਕਰਨ ਵਾਲੇ ਕਿਹੋ ਜਿਹੀ ਸੋਚ ਦੇ ਧਾਰਨੀ ਸਨ।

1896-97 ਵਿਚ ਸਿਰੀ ਦਰਬਾਰ ਸਾਹਿਬ ਵਿਚ ਬਿਜਲੀ ਫਿਟ ਕਰਵਾਉਣ ਦੇ ਮਸਲੇ 'ਤੇ ਤਕੜੀ ਵਿਰੋਧਤਾ ਖੜੀ ਹੋ ਗਈ ਸੀ। ਅਖ਼ੀਰ 'ਤੇ ਅੰਮ੍ਰਿਤਸਰ ਦੀ ਸਿੰਘ ਸਭਾ ਦੀ ਯੂਨਿਟ ਨੇ ਪਰਮੁੱਖ ਸਿੱਖ ਸਰਦਾਰਾਂ ਦੀ ਮੀਟਿੰਗ 25 ਅਪਰੈਲ, 1897 ਨੂੰ ਸਿਰੀ ਅਕਾਲ ਤਖ਼ਤ ਸਾਹਿਬ 'ਤੇ ਬੁਲਾਈ ਅਤੇ ਇਸ ਵਿਚ ਬਿਜਲੀ ਫਿੱਟ ਕਰਵਾਉਣ ਦਾ ਫੈਸਲਾ ਲਿਆ ਗਿਆ।

ਵੀਹਵੀਂ ਸਦੀ ਦੇ ਮੁਢਲੇ ਸਾਲਾਂ ਤੀਕ ਅੰਗਰੇਜ਼ ਸਰਕਾਰ ਅਤੇ ਸਿੱਖਾਂ ਵਿਚਕਾਰ ਅੱਛੇ ਸਬੰਧ ਬਣੇ ਰਹੇ ਸਨ ਪਰ ਬੀਹਵੀਂ ਸਦੀ ਦੇ ਪਹਿਲੇ ਦਹਾਕੇ ਦੌਰਾਨ ਕਾਂਗਰਸੀ ਅਤੇ ਕਮਿਊਨਿਸਟ ਪਰਚਾਰ ਨੇ ਪੰਜਾਬ ਦੇ ਮਾਹੌਲ ਨੂੰ ਬਿਗਾੜਨਾ ਸ਼ੁਰੂ ਕਰ ਦਿੱਤਾ ਸੀ। ਇਹ ਪਰਚਾਰ ਬਾਹਰੀ ਤੌਰ 'ਤੇ ਕਿਸਾਨ ਪੱਖੀ ਕਿਸਮ ਦਾ ਸੀ ਅਤੇ ਇਸ ਦੇ ਆਗੂ ਲਾਲਾ ਲਾਜਪਤ ਰਾਇ ਅਤੇ ਅਜੀਤ ਸਿੰਘ ਵਰਗੇ ਗੈਰ-ਕਿਸਾਨ ਸਨ। ਮੈਂ ਇਸ ਪਰਚਾਰ ਨੂੰ ਮਾਹੌਲ ਬਿਗਾੜਨ ਵਾਲਾ ਇਸ ਕਰਕੇ ਲਿਖਿਆ ਹੈ ਕਿਉਂਕਿ ਇਨ੍ਹਾਂ ਲੀਡਰਾਂ ਨੇ ਅਗਲੇ ਪੰਜਾਂ ਦਸਾਂ ਸਾਲਾਂ ਵਿਚ ਜੋ ਰਵਈਆ ਅਖ਼ਤਿਆਰ ਕੀਤਾ ਸੀ ਉਹ ਪਹਿਲੇ ਰਵਈਏ ਤੋਂ ਬਿਲਕੁਲ ਉਲਟ ਸੀ ਜਿਸ ਤੋਂ ਸਾਬਤ ਹੁੰਦਾ ਹੈ ਕਿ ਇਨ੍ਹਾਂ ਦੋਹਾਂ ਲੀਡਰਾਂ ਨੇ ਆਪਣੇ ਆਰਥਿਕ ਪਰੋਗਰਾਮ ਨੂੰ ਸਿੱਖੀ ਦਾ ਨਾਂ ਦੇ ਕੇ ਵੀ ਪਰਚਾਰਿਆ ਅਤੇ ਸਿੱਖ ਕਿਸਾਨਾਂ ਨੂੰ ਅੰਗਰੇਜ਼ ਸਰਕਾਰ ਦੇ ਖ਼ਿਲਾਫ਼ ਭਰਮਾਉਣ ਦੀ ਪੂਰੀ ਪੂਰੀ ਕੋਸ਼ਿਸ਼ ਵੀ ਕੀਤੀ ਸੀ। ਇਹ ਗੱਲ 1908-9 ਦੇ ਸਾਲਾਂ ਦੀ ਸੀ ਪਰ ਜਦੋਂ 1914-15 ਵਿਚ ਅਮਰੀਕਾ ਅਤੇ ਕੈਨੇਡਾ ਵਿਚੋਂ ਆਏ ਗਦਰੀ ਸਿੱਖ ਬਾਬਿਆਂ ਨੇ ਅੰਗਰੇਜ਼ ਸਰਕਾਰ ਦੇ ਖ਼ਿਲਾਫ਼ ਹਥਿਆਰਬੰਦ ਬਗਾਵਤ ਕਰਨ ਦੀ ਕੋਸ਼ਿਸ਼ ਕੀਤੀ ਸੀ ਤਾਂ ਨਾ

ਹੀ ਕਿਧਰੇ ਲਾਲਾ ਲਾਜਪਤ ਰਾਏ ਰੜਕਿਆ ਸੀ ਅਤੇ ਨਾ ਹੀ ਕਿਧਰੇ ਅਜੀਤ ਸਿੰਘ ਨੇ ਕੋਈ ਕੰਮ ਕੀਤਾ ਸੀ।

ਜੇ ਜ਼ਰਾ ਗਹੁ ਨਾਲ ਦੇਖਿਆ ਜਾਵੇ ਤਾਂ 1857 ਦੇ ਗਦਰ ਦੇ ਸਾਹਮਣੇ 1914-15 ਦਾ ਗਦਰ ਪਾਰਟੀ ਦਾ ਗਦਰ ਕਿਤੇ ਜ਼ਿਆਦਾ ਸੰਗਠਤ ਅਤੇ ਇਕ ਨੀਯਤ ਕੀਤੇ ਰਾਸ਼ਟਰੀ ਪਰੋਗਰਾਮ ਵਾਲਾ ਸੀ। ਇਹ ਆਪਣੇ ਆਪ ਵਿਚ ਐਸਾ ਸੈਕੂਲਰ ਸੀ ਕਿ ਹਿੰਦੁਸਤਾਨ ਦੇ ਇਤਿਹਾਸ ਵਿਚ ਤਾਂ ਇਸ ਤਰ੍ਹਾਂ ਦੀ ਕੋਈ ਮਿਸਾਲ ਮਿਲਦੀ ਨਹੀਂ ਹੈ। ਫਿਰ ਵੀ ਕੋਈ ਕਾਂਗਰਸੀ ਨੇਤਾ ਨਾ ਹੀ ਇਸ ਦੇ ਹੱਕ ਵਿਚ ਬੋਲਿਆ ਸੀ ਅਤੇ ਨਾ ਹੀ ਕਾਂਗਰਸ ਨੇ ਅੱਜ ਤਕ ਇਸ ਗਦਰ ਨੂੰ ਉਸ ਤਰਾਂ ਅਪਣਾਇਆ ਹੈ ਜਿਸ ਤਰ੍ਹਾਂ ਉਹ 1857 ਦੇ ਗਦਰ ਨੂੰ ਅਪਣਾਉਂਦੀ ਆ ਰਹੀ ਹੈ। 1857 ਦਾ ਗਦਰ ਕੁਝ ਰਿਆਸਤਾਂ ਦੇ ਬੇਉਲਾਦ ਰਜਵਾੜਿਆਂ ਅਤੇ ਰਾਣੀਆਂ ਦੇ ਮੁਤਬੰਨਾ ਪੁੱਤਰ ਬਣਾਉਣ ਦੀ ਮੰਗ ਦੁਆਲੇ ਹੀ ਕੇਂਦਰਤ ਸੀ ਅਤੇ ਆਪਣੇ ਆਪ ਨੂੰ ਫਿਰਕੂ ਰੰਗਤ ਤੋਂ ਸਾਫ਼ ਨਹੀਂ ਕਰ ਸਕਿਆ ਸੀ। ਸੂਰ ਅਤੇ ਗਊ ਦੀ ਚਰਬੀ ਵਾਲੇ ਅਖਾਉਤੀ ਕਾਰਤੂਸ ਇਸ ਗਦਰ ਦੀ ਭੜਕਾਹਟ ਲਈ ਮੁੱਖ ਕਾਰਨ ਸਨ। ਪਰ 1914-15 ਦਾ ਗਦਰ ਪਾਰਟੀ ਦਾ ਗਦਰ ਆਪਣੇ ਆਪ ਵਿਚ ਇਕ ਸੈਕੂਲਰ ਅਤੇ ਰਾਸ਼ਟਰੀ ਭਾਵਨਾ ਵਾਲਾ ਸੀ।

ਪਹਿਲਾ ਸੰਸਾਰ ਜੁੱਧ ਅੰਗਰੇਜ਼ਾਂ ਅਤੇ ਇਨ੍ਹਾਂ ਦੇ ਸਾਥੀ ਦੇਸ਼ਾਂ ਦੀ ਜਿੱਤ ਵਿਚ ਖ਼ਤਮ ਹੋਇਆ ਸੀ। ਇਸ ਜੁੱਧ ਵਿਚ ਸਿੱਖਾਂ ਨੇ ਪੂਰਾ ਵੱਧ ਚੜ੍ਹ ਕੇ ਅੰਗਰੇਜ਼ ਸਰਕਾਰ ਦਾ ਸਾਥ ਦਿੱਤਾ ਸੀ। 1857 ਦੇ ਗਦਰ ਨੂੰ ਕੁਚਲ ਦੇਣ ਵਾਲਾ ਇਤਿਹਾਸ ਫਿਰ ਤੋਂ ਦੁਹਰਾ ਦਿੱਤਾ ਗਿਆ ਸੀ। ਜੁੱਧ ਵਿਚ ਸਿੱਖਾਂ ਦੇ ਸਹਿਯੋਗ ਤੋਂ ਬਰਿਟਿਸ਼ ਸਰਕਾਰ ਇਤਨੀ ਪਰਭਾਵਤ ਸੀ ਕਿ ਉਸ ਦੇ ਸਾਹਮਣੇ ਸਿੱਖ ਗਦਰੀ ਬਾਬਿਆਂ ਦੀਆਂ ਹਿੰਸਕ ਗਤੀਵਿਧੀਆਂ ਦਾ ਕੋਈ ਪਰਭਾਵ ਨਹੀਂ ਸੀ। ਜੁੱਧ ਦੇ ਖ਼ਾਤਮੇ ਪਿੱਛੋਂ ਸਿੱਖ ਬਰਿਟਿਸ਼ ਸਰਕਾਰ ਪਾਸੋਂ ਉਸੇ ਤਰ੍ਹਾਂ ਹੀ ਰਾਜਸੀ ਰਿਆਇਤਾਂ ਦੀ ਉਮੀਦ ਰਖਦੇ ਸਨ ਜਿਸ ਤਰ੍ਹਾਂ ਕਿ 1857 ਦੇ ਗਦਰ ਨੂੰ ਕੁਚਲਣ ਪਿੱਛੋਂ ਰਖਦੇ ਸਨ। ਇਹ ਰਿਆਇਤਾਂ ਮਿਲ ਵੀ ਰਹੀਆਂ ਸਨ ਪਰ ਕਾਂਗਰਸ ਹਰ ਹਾਲਤ ਵਿਚ ਪੰਜਾਬ ਦੇ ਹਾਲਾਤ ਨੂੰ ਵਿਗਾੜਨ 'ਤੇ ਤੁਲੀ ਹੋਈ ਸੀ। ਜੁੱਧ ਤੋਂ ਬਾਦ ਕਾਂਗਰਸ ਨੇ ਆਪਣੀਆਂ ਸਾਰੀਆਂ ਕਾਰਵਾਈਆਂ ਪੰਜਾਬ ਵਿਚ ਕੇਂਦਰਿਤ ਕਰ ਦਿੱਤੀਆਂ ਸਨ। ਸਿੱਟੇ ਵਜੋਂ ਬਰਿਟਿਸ਼ ਸਰਕਾਰ ਨੂੰ ਕੁਝ ਕਾਂਗਰਸੀ ਨੇਤਾਵਾਂ ਨੂੰ ਗਰਿਫ਼ਤਾਰ ਕਰਨਾ ਪਿਆ ਸੀ। ਇਨ੍ਹਾਂ ਗਰਿਫ਼ਤਾਰੀਆਂ ਦੇ ਜਵਾਬ ਵਿਚ ਕਾਂਗਰਸੀ ਵਰਕਰਾਂ ਨੇ ਅੰਮ੍ਰਿਤਸਰ ਵਿਚ ਹਿੰਸਕ ਕਾਰਵਾਈਆਂ ਕੀਤੀਆਂ ਅਤੇ ਕੁਝ ਬਰਿਟਿਸ਼ ਅਧਿਕਾਰੀ ਮਾਰ ਦਿੱਤੇ ਗਏ ਸਨ। ਇਕ ਬਰਿਟਿਸ਼ ਬੈਂਕ ਨੂੰ ਅੱਗ ਲਾ ਦਿੱਤੀ ਗਈ ਸੀ। ਇਹ ਹਿੰਸਕ ਕਾਰਵਾਈ ਵਧ ਹੀ ਰਹੀ ਸੀ ਕਿ ਸਰਕਾਰ ਨੂੰ ਅੰਮ੍ਰਿਤਸਰ ਵਿਚ ਦਫ਼ਾ 44 ਲਾਉਣੀ ਪਈ ਅਤੇ ਲੋਕਾਂ ਦੇ ਇਕੱਠ ਹੋਣ 'ਤੇ ਵੀ ਪਾਬੰਦੀ ਲਾਉਣੀ ਪਈ ਸੀ। ਇਹ ਦਿਨ ਵਿਸਾਖੀ ਵਾਲੇ ਸਨ। ਅੰਗਰੇਜ਼ ਸਰਕਾਰ ਨੇ ਸਿਰੀ ਦਰਬਾਰ ਸਾਹਿਬ ਵਿਚ ਸਿੱਖ ਸੰਗਤਾਂ ਇਕੱਠੀਆਂ ਹੋਈਆਂ। ਸਿਰੀ ਦਰਬਾਰ ਸਾਹਿਬ ਵਿਚ ਇਸ਼ਨਾਨ ਕਰਨ ਪਿੱਛੋਂ ਸਿੱਖ ਜਲਿਆਂਵਾਲਾ ਬਾਗ ਵਿਖੇ ਸਾਧਾਰਣ ਤੌਰ 'ਤੇ ਹੀ ਆਰਾਮ

ਕਰਨ ਵਜੋ ਬੈਠ ਗਏ ਸਨ। ਇਥੇ ਰੈਲੀ ਕਰਨ ਦਾ ਕੋਈ ਪਰੋਗਰਾਮ ਨਹੀਂ ਸੀ। ਜਦੋ ਕਾਂਗਰਸੀ ਨੇਤਾਵਾਂ ਨੇ ਦੇਖਿਆ ਕਿ ਜਲ੍ਹਿਆਵਾਲਾ ਬਾਗ ਵਿਚ ਸਿੱਖ ਸੰਗਤਾਂ ਦਾ ਬਹੁਤ ਵੱਡਾ ਇਕੱਠ ਜੁੜ ਗਿਆ ਹੈ ਤਾਂ ਉਨ੍ਹਾਂ ਨੇ ਇਥੇ ਪਹੁੰਚ ਕੇ ਕਾਨਫਰੰਸ ਕਰਨੀ ਸ਼ੁਰੂ ਕਰ ਦਿੱਤੀ। ਅੰਗਰੇਜ ਸਰਕਾਰ ਦੇ ਖਿਲਾਫ ਕਾਂਗਰਸੀ ਨੇਤਾਵਾਂ ਨੇ ਭੜਕਾਊ ਤਕਰੀਰਾਂ ਕੀਤੀਆਂ। ਜਦੋ ਬਰਿਟਿਸ਼ ਅਧਿਕਾਰੀਆਂ ਨੂੰ ਇਸ ਕਾਨਫਰੰਸ ਦਾ ਪਤਾ ਲਗਿਆ ਤਾਂ ਉਹ ਹਕੇ-ਬਕੇ ਰਹਿ ਗਏ ਕਿ ਸਾਰੇ ਸ਼ਹਿਰ ਵਿਚ ਦਫ਼ਾ 44 ਲਾਗ ਸੀ ਫਿਰ ਇਹ ਕਾਨਫਰੰਸ ਕਿਵੇਂ ਹੋ ਗਈ? ਇਹ ਗਲ ਜਨਰਲ ਓਡਵਾਇਰ, ਜਿਸ ਦੇ ਸਿਰ 'ਤੇ ਸ਼ਹਿਰ ਦੇ ਅਮਨ-ਕਾਨੂੰਨ ਨੂੰ ਕਾਇਮ ਰੱਖਣ ਦੀ ਜਿੰਮੇਵਾਰੀ ਸੀ, ਨੂੰ ਜਦੋ ਪਤਾ ਲਗੀ ਤਾਂ ਉਸ ਨੇ ਆਪਦੀ ਬੈਇੱਜ਼ਤੀ ਸਮਝ ਕੇ, ਕਾਂਗਰਸੀ ਨੇਤਾਵਾਂ ਨੂੰ ਕਰੜਾ ਸਬਕ ਸਿਖਾਉਣ ਦਾ ਫੈਸਲਾ ਕਰ ਲਿਆ ਸੀ। ਅਸਲੀਅਤ ਦਾ ਕਿਸੇ ਨੂੰ ਪਤਾ ਨਹੀਂ ਸੀ ਉਸ ਨੇ ਜਲ੍ਹਿਆਵਾਂਲਾ ਬਾਗ ਪਹੁੰਚਣ ਸਾਰ ਹੀ ਕਾਨਫਰੰਸ 'ਤੇ ਅੰਧਾ-ਧੁੰਦ ਗੋਲੀ ਚਲਾਉਣੀ ਸ਼ੁਰੂ ਕਰ ਦਿੱਤੀ। ਉਹੀ ਸਿੱਖ ਸੰਗਤਾਂ ਜੋ ਬਾਗ ਵਿਚ ਆਰਾਮ ਕਰਦੀਆ ਕਰਦੀਆਂ, ਕਾਂਗਰਸੀਆਂ ਵਲੋਂ ਅਚਾਨਕ ਹੀ ਕਾਨਫਰੰਸ ਕਰਨ ਕਰਕੇ ਪੰਡਾਲ ਦੇ ਰੂਪ ਵਿਚ ਬੈਠ ਗਈਆਂ ਸਨ, ਓਡਵਾਇਰ ਦੀਆਂ ਗੋਲੀਆਂ ਦਾ ਨਿਸ਼ਾਨਾ ਬਣ ਗਈਆ ਸਨ। ਕਾਂਗਰਸੀ ਲੀਡਰ ਕੋਈ ਨਹੀਂ ਮਰਿਆ ਸੀ। ਇਹ ਸਭ ਭੱਜ ਗਏ ਸਨ। ਮਰਨ ਵਾਲੀਆਂ ਸਿੱਖ ਸੰਗਤਾਂ ਸਨ। ਇਸ ਗੱਲ ਦਾ ਜਦੋ ਪਿੱਛੋਂ ਪਤਾ ਲਗਿਆ ਤਾਂ ਬਰਿਟਿਸ਼ ਅਧਿਕਾਰੀਆਂ ਨੂੰ ਅਤੇ ਸਿੱਖ ਨੇਤਾਵਾਂ ਨੂੰ ਵੀ ਹਥਾਂ-ਪੈਰਾਂ ਦੀ ਪੈ ਗਈ। ਇਸ ਦਾ ਸਮੂਚੀ ਸਿੱਖ ਕੌਮ ਉਪਰ ਭੈੜਾ ਪਰਭਾਵ ਪੈਣ ਤੋਂ ਰੋਕਣ ਲਈ ਸਿੱਖ ਨੇਤਾਵਾਂ ਵਲੋ ਜਨਰਲ ਓਡਵਾਇਰ ਨੂੰ ਸਿਰੀ ਅਕਾਲ ਤਖ਼ਤ ਸਾਹਿਬ ਵਲੋ ਸਿਰੋਪਾਓ ਦਿਵਾਇਆ ਗਿਆ। ਜਨਰਲ ਓਡਵਾਇਰ ਨੂੰ ਸਿਰੋਪਾਓ ਦਿਵਾਉਣ ਦਾ ਭਾਵ ਸਿਰਫ਼ ਇਹ ਹੀ ਸੀ ਕਿ ਜਲ੍ਹਿਆਂਵਾਲਾ ਬਾਗ ਵਿਚ ਕਾਂਗਰਸੀਆਂ ਦੇ ਭੁਲੇਖੇ ਵਿਚ ਮਾਰੇ ਗਏ ਸਿੱਖਾਂ ਦਾ ਸਿੱਖ ਭਾਈਚਾਰੇ ਉਪਰ ਮਾੜਾ ਪਰਭਾਵ ਨਾ ਪਵੇ। ਜਨਰਲ ਓਡਵਾਇਰ ਵਲੋਂ ਸਿੰਘ ਸਜਣ ਦੇ ਐਲਾਨ ਵੀ ਕਰਵਾਏ ਗਏ ਪਰ ਕਾਂਗਰਸੀ ਅਖ਼ਬਾਰਾਂ ਨੇ ਇਹ ਕੰਮ ਨਾ ਹੋਣ ਦਿਤਾ। ਉਨ੍ਹਾਂ ਨੇ ਸਿੱਖ ਨੇਤਾਵਾਂ ਦੇ ਪਰਚਾਰ ਨੂੰ ਜ਼ੀਰੋ ਬਣਾ ਕੇ ਰੱਖ ਦਿੱਤਾ ਸੀ। ਇਸ ਦਾ ਉਹ ਉਲਟਾ ਪਰਭਾਵ ਪਾਉਣ ਦੀ ਕੋਸ਼ਿਸ਼ ਕਰ ਰਹੇ ਸਨ। ਉਨ੍ਹਾਂ ਨੇ ਜਨਰਲ ਓਡਵਾਇਰ ਨੂੰ ਦਿਤੇ ਗਏ ਸਿਰੋਪਾਓ ਨੂੰ ਉਲਟੀ ਰੰਗਤ ਦੇ ਕੇ ਪਰਚਾਰਨਾ ਸ਼ੁਰੂ ਕਰ ਦਿੱਤਾ ਸੀ। ਯਾਦ ਰਹੇ ਕਿ ਇਸ ਸਮੇਂ ਤਾਂ ਕਾਂਗਰਸੀ ਲੀਡਰ ਸਿਰੀ ਦਰਬਾਰ ਸਾਹਿਬ ਦੇ ਸੇਵਾਦਾਰਾਂ ਨੂੰ ਨਿੰਦ ਰਹੇ ਸਨ ਪਰ ਜਦੋਂ ਸਿਰਫ਼ ਇਕ ਸਾਲ ਪਿੱਛੋਂ ਹੀ ਗੁਰਦੁਆਰਾ ਸੁਧਾਰ ਲਹਿਰ ਚਲੀ ਤਾਂ ਇਹ ਕਾਂਗਰਸੀ ਲੀਡਰ ਅੰਦਰੋਗਤੀ ਗੁਰਦੁਆਰਿਆਂ ਦੇ ਪੁਜਾਰੀਆਂ ਅਤੇ ਸੇਵਾਦਾਰਾਂ ਦੀ ਮਦਦ ਕਰ ਰਹੇ ਸਨ।

1920 ਵਿਚ ਗੁਰਦੁਆਰਾ ਲਹਿਰ ਚਲੀ ਸੀ ਇਸ ਦਾ ਮੁੱਖ ਨਿਸ਼ਾਨਾ ਗੁਰਦੁਆਰਿਆ ਦਾ ਪਰਬੰਧ ਸਿੱਖ ਸੰਗਤਾਂ ਦੇ ਹੱਥਾਂ ਵਿਚ ਲੈਣ ਦਾ ਸੀ ਅਤੇ ਗੁਰਦੁਆਰਿਆਂ ਅੰਦਰਲੀ ਧਾਰਮਿਕ ਰਹਿਤ-ਮਰਯਾਦਾ ਨੂੰ ਸਿੱਖ ਪਰੰਪਰਾਵਾਂ ਅਨੁਸਾਰ ਸਥਾਪਤ ਕਰਨ ਦਾ ਸੀ। ਇਸ ਗੁਰਦੁਆਰਾ ਸੁਧਾਰ ਲਹਿਰ ਦਾ ਸਿੱਟਾ ਸਿੱਖ ਗੁਰਦੁਆਰਾ ਐਕਟ ਦੇ ਰੂਪ ਵਿਚ ਨਿਕਲਿਆ

ਸੀ। ਸਿਰੀ ਅਕਾਲ ਤਖ਼ਤ ਸਾਹਿਬ ਦਾ ਪਰਬੰਧ ਵੀ ਇਤਿਹਾਸਕ ਸਿੱਖ ਗੁਰਦੁਆਰਿਆਂ ਵਾਂਗ ਸਿੱਖ ਗੁਰਦੁਆਰਾ ਐਕਟ ਦੇ ਅਧੀਨ ਆ ਗਿਆ ਸੀ। ਇਸ ਕਰਕੇ ਇਸ ਦਾ ਸਾਰਾ ਪਰਬੰਧ ਸਿੱਧੇ ਤੋਰ 'ਤੇ ਸ਼ਰੋਮਣੀ ਗੁਰਦੁਆਰਾ ਪਰਬੰਧਕ ਕਮੇਟੀ ਦੇ ਹੱਥਾਂ ਵਿਚ ਆ ਗਿਆ ਸੀ। ਇਸ ਤੋਂ ਪਿੱਛੋਂ ਸਿਰੀ ਅਕਾਲ ਤਖ਼ਤ ਸਾਹਿਬ ਦੇ ਇਤਿਹਾਸ ਨੇ ਇਕ ਨਵਾਂ ਮੋੜ ਕੱਟਿਆ ਹੈ ਜਿਸ ਨੂੰ ਕਿਸੇ ਵੱਖਰੇ ਰੂਪ ਵਿਚ ਬਿਆਨ ਕਰਨਾ ਹੈ।

ਚੈਪਟਰ ਦੂਜਾ

ਤਖ਼ਤ ਸਿਰੀ ਪਟਣਾ ਸਾਹਿਬ (ਬਿਹਾਰ)

ਇਤਿਹਾਸਕ ਕਰੱਮ ਅਨੁਸਾਰ ਤਖ਼ਤ ਸਿਰੀ ਪਟਣਾ ਸਾਹਿਬ, ਸਿਰੀ ਅਕਾਲ ਤਖ਼ਤ ਸਾਹਿਬ ਤੋਂ ਦੂਸਰੇ ਨੰਬਰ 'ਤੇ ਆਉਂਦਾ ਹੈ ਕਿਉਂਕਿ ਪਟਣਾ ਸ਼ਹਿਰ ਗੁਰੂ ਹਰਿਗੋਬਿੰਦ ਸਾਹਿਬ ਜੀ ਦੇ ਸਮੇਂ ਤੋਂ ਹੀ ਸਿੱਖ ਧਰਮ ਦਾ ਕੇਂਦਰ ਬਣ ਚੁਕਿਆ ਸੀ। ਇਹ ਭਾਰਤ ਦੇ ਪੂਰਬੀ ਇਲਾਕਿਆਂ ਵਿਚਲੇ ਸਿੱਖੀ ਪਰਚਾਰ ਦਾ ਕੇਂਦਰ ਸੀ। ਗੁਰੂ ਤੇਗ ਬਹਾਦਰ ਜੀ ਸਮੇਂ ਹੀ ਇਹ ਅਸਥਾਨ ਸੰਪੂਰਨ ਰੂਪ ਵਿਚ ਕੇਂਦਰ ਬਣਿਆ ਹੋਇਆ ਸੀ। 1666 ਈ. ਵਿਚ ਗੁਰੂ ਗੋਬਿੰਦ ਸਿੰਘ ਜੀ ਦਾ ਇਥੇ ਜਨਮ ਹੋਇਆ। ਇਸ ਤਰ੍ਹਾਂ ਇਸ ਅਸਥਾਨ ਨਾਲ ਸਿੱਖਾਂ ਦੀ ਜਜ਼ਬਾਤੀ ਸਾਂਝ ਹੋਰ ਵੀ ਪੀਡੀ ਹੋ ਗਈ। ਪਿੱਛੋਂ ਗੁਰੂ ਦਸਮ ਪਾਤਸ਼ਾਹ ਵਲੋਂ ਮਸੰਦ ਸਿਸਟਮ ਖ਼ਤਮ ਕਰ ਕੇ, ਜਦੋਂ ਖਾਲਸਾ ਸਾਜਿਆ ਗਿਆ ਤਾਂ ਸਮੁੱਚੇ ਸਿੱਖ ਸੰਗਠਨ ਨੂੰ ਪੰਜ ਹਿੱਸਿਆਂ ਜਾਂ ਜ਼ੋਨਾਂ ਵਿਚ ਵੰਡ ਕੇ ਪੰਜਾਂ ਜੋਨਾਂ ਨੂੰ ਪੰਜ ਤਖ਼ਤਾਂ ਦੇ ਰੂਪ ਵਿਚ ਵੱਖ ਵੱਖ ਕੇਂਦਰ ਬਣਾ ਦਿੱਤਾ ਗਿਆ ਸੀ। ਇਸ ਤਰ੍ਹਾਂ ਤਖ਼ਤ ਸਿਰੀ ਪਟਣਾ ਸਾਹਿਬ ਭਾਰਤ ਦੇ ਪੂਰਬੀ ਇਲਾਕਿਆਂ ਦਾ ਸਿੱਖ ਕੇਂਦਰ ਬਣਿਆ।

ਸਿੱਖ ਕੇਂਦਰਾਂ ਤੋਂ ਇਲਾਵਾ, ਪਟਣਾ ਸਾਹਿਬ ਭਾਰਤ ਦੇ ਬਿਹਾਰ ਸੂਬੇ ਦੀ ਰਾਜਧਾਨੀ ਵੀ ਹੈ। ਅਜ ਕਲ ਪਟਣਾ ਸ਼ਹਿਰ ਨੂੰ ਦੋ ਨਾਂਵਾਂ ਨਾਲ ਪੁਕਾਰਿਆ ਜਾਂਦਾ ਹੈ। ਇਕ ਪਟਣਾ ਸ਼ਹਿਰ ਅਤੇ ਦੂਜਾ ਪਟਣਾ ਜੰਕਸ਼ਨ। ਪੁਰਾਣਾ ਪਟਣਾ, ਸ਼ਹਿਰ ਦੇ ਨਾਂ ਨਾਲ ਜਾਣਿਆ ਜਾਂਦਾ ਹੈ। ਇਸ ਦਾ ਰੇਲਵੇ ਸਟੇਸ਼ਨ ਅੱਲਗ ਹੈ। ਪਟਣਾ ਜੰਕਸ਼ਨ ਨਵੇਂ ਪਟਣਾ ਸ਼ਹਿਰ ਨੂੰ ਕਿਹਾ ਜਾਂਦਾ ਹੈ। ਰਾਜ ਦੀ ਰਾਜਧਾਨੀ ਦੇ ਦਫ਼ਤਰ ਅਤੇ ਸਕੱਤਰੇਤ ਇਥੇ ਹੀ ਹਨ। ਇਸ ਦਾ ਰੇਲਵੇ ਸਟੇਸ਼ਟ ਅਲੱਗ ਹੈ ਦੋਹਾਂ ਵਿਚਕਾਰ ਭਾਵੇਂ 6-7 ਕਿਲੋਮੀਟਰ ਦਾ ਫ਼ਰਕ ਹੈ ਪਰ ਆਬਾਦੀ ਇਤਨੀ ਜ਼ਿਆਦਾ ਵਸ ਗਈ ਹੈ ਕਿ ਦੋਵੇਂ ਸ਼ਹਿਰ ਇਕ ਦੂਜੇ ਨਾਲ ਹੀ ਮਿਲੇ ਪਰਤੀਤ ਹੁੰਦੇ ਹਨ। ਪੁਰਾਣੇ ਪਟਣਾ ਸ਼ਹਿਰ ਨੂੰ ਤਖ਼ਤ ਸਾਹਿਬ ਦੇ ਸਥਿਤ ਹੋਣ ਕਰਕੇ 'ਪਟਣਾ ਸਾਹਿਬ' ਦੇ ਨਾਂ ਨਾਲ ਜਾਣਿਆ ਜਾਂਦਾ ਹੈ।

ਪਟਣਾ ਸਾਹਿਬ ਦਾ ਇਤਿਹਾਸ ਬਹੁਤ ਪੁਰਾਣਾ ਹੈ। ਇਸ ਅਨੁਮਾਨ ਅਨੁਸਾਰ ਇਹ ਸ਼ਹਿਰ ਈਸਾ ਸੰਨ ਤੋਂ ਵੀ ਪੰਜ ਸੌ ਸਾਲ ਪੁਰਾਣਾ ਹੈ। ਪਟਣਾ ਸਭ ਤੋਂ ਪਹਿਲਾਂ ਰਾਜਾ ਅਜਾਤਸ਼ਤਰੂ ਨੇ ਆਬਾਦ ਕੀਤਾ। ਜਿਸ ਤਰ੍ਹਾਂ ਪੁਰਾਣੀ ਦਿੱਲੀ ਦੇ ਖੰਡਰ ਨਵੀਂ ਦਿੱਲੀ ਤੋਂ ਵੱਖ

ਤੇ ਹਨ, ਉਸੇ ਤਰ੍ਹਾਂ ਹੀ ਪਾਟਲੀ ਪੁਤਰ ਦੇ ਖੰਡਰ ਵੀ ਪਟਣੇ ਪਾਸ ਪਾਏ ਜਾਂਦੇ ਹਨ ਅਤੇ ਮਹਾਰਾਜਾ ਅਸ਼ੋਕ ਦੇ ਚਿੰਨ ਵੀ ਮਿਲਦੇ ਹਨ। ਸੰਸਕਰਿਤੀ ਗਰੰਥਾਂ ਵਿਚ ਪਟਣੇ ਦੇ ਨਾਂ ਕੁਸੁਮਪੁਰ, ਪਦਮਾਵਤੀ ਜਾਂ ਪੁਸ਼ਪਪੁਰ ਵੀ ਰਹੇ ਹਨ।[1] ਪਰ ਪਾਟਲੀਪੁਤਰ ਜ਼ਿਆਦਾ ਹਰਮਨ ਪਿਆਰਾ ਅਤੇ ਪਰਚਲਤ ਰਿਹਾ ਹੈ। ਔਰੰਗਜ਼ੇਬ ਬਾਦਸ਼ਾਹ ਨੇ ਜਦ ਇਸ ਸ਼ਹਿਰ 'ਤੇ ਕਬਜ਼ਾ ਕੀਤਾ ਤਾਂ ਇਸ ਦਾ ਨਾਂ ਬਦਲ ਕੇ ਆਜ਼ੀਮਾਬਾਦ ਰਖਿਆ। ਪਰ ਇਹ ਨਾਂ ਜ਼ਿਆਦਾ ਚਿਰ ਚਲ ਨਾ ਸਕਿਆ। ਪਟਣੇ ਦੇ ਕੁਝ ਹਿਸੇ ਨੂੰ ਕੂਚਾ ਫਾਰੂਕ ਸ਼ਾਹ ਵੀ ਕਿਹਾ ਜਾਂਦਾ ਹੈ।

ਰਵਾਇਤ ਅਨੁਸਾਰ ਜੈਨੀਆਂ ਦਾ ਤੀਸਰਾ ਮਹਾਨ ਸੰਮੇਲਨ ਵੀ ਇਥੇ ਹੀ ਹੋਇਆ ਸੀ ਜੋ ਜੈਨੀਆਂ ਦੀ ਆਪਸੀ ਵਾਰਤਾਲਾਪ ਦੇ ਨਾਮ ਨਾਲ ਯਾਦ ਕੀਤਾ ਜਾਂਦਾ ਹੈ। ਇਸ ਸੰਮੇਲਨ ਵਿਚ ਬੀਹ ਹਜ਼ਾਰ ਜੈਨੀ ਇਕਠੇ ਹੋਏ ਦਸੇ ਜਾਂਦੇ ਹਨ। ਦੂਸਰਾ ਸੰਮੇਲਨ ਇਸ ਧਰਤੀ 'ਤੇ ਬੋਧੀ ਭਿਕਸ਼ੂਆਂ ਦਾ ਹੋਇਆ ਸੀ ਜੋ ਮਹਾਰਾਜਾ ਅਸ਼ੋਕ ਦੇ ਰਾਜ ਸਮੇਂ ਉਨ੍ਹਾਂ ਦੀ ਪਰਧਾਨਗੀ ਹੇਠ ਹੋਇਆ ਤੇ ਇਸ ਸੰਮੇਲਨ ਤੋਂ ਪਿਛੋਂ ਸੰਸਾਰ ਵਿਚ ਬੁਧ ਮਤ ਦੇ ਸ਼ਾਂਤੀ ਦੂਤ ਭੇਜੇ ਗਏ।

ਮਹਾਨ ਅਰਥ ਸ਼ਾਸ਼ਤਰੀ ਕੌਟਲਯਾ ਨੇ ਆਪਣੇ ਅਰਥ-ਸ਼ਾਸਤਰ ਦੀ ਰਚਨਾ ਇਸੇ ਪਵਿਤਰ ਧਰਤੀ 'ਤੇ ਕੀਤੀ ਅਤੇ ਪਰਸਿਧ ਵਿਆਕਰਨ-ਗਿਆਤਾ ਪਾਨਿਨੀ ਨੇ ਵੀ ਆਪਣੀ ਪੁਸਤਕ, 'ਅਸ਼ਧਾ ਅਧਿਆਇ' ਦੀ ਰਚਨਾ ਇਥੇ ਹੀ ਕੀਤੀ। ਕੁਝ ਰਵਾਇਤਾਂ ਅਨੁਸਾਰ ਇਹ ਸ਼ਹਿਰ ਮਹਾਰਾਜਾ ਪੱਤਰਕ ਨੇ ਆਪਣੀ ਪਿਆਰੀ ਰਾਣੀ ਪਾਟਲ ਦੇ ਨਾਂ 'ਤੇ ਵਸਾਇਆ ਸੀ। ਇਹ ਹੋਰ ਰਵਾਇਤ ਅਨੁਸਾਰ, ਸ਼ਹਿਰ ਦੀ ਸਥਾਪਨਾ ਕਸ਼ਨਾਗ ਦੇ ਪੁਤਰ ਮਹਾਵਲੀ ਪਾਲੀ ਨੇ ਆਪਣੀ ਪਿਆਰੀ ਪਾਟਲ ਦੇ ਨਾਂ 'ਤੇ ਕੀਤੀ।

ਮਹਾਤਮਾ ਬੁਧ ਦੇ ਸਮੇਂ ਇਸ ਸ਼ਹਿਰ ਦਾ ਨਾ ਪਾਟਲੀਪੁਤਰ ਸੀ ਜਿਹੜਾ ਕਿ ਕਸਬੇ ਦੇ ਰੂਪ ਵਿਚ ਸੀ। ਰਾਜਾ ਆਜ਼ਾਤ ਸ਼ਤਰੂ ਨੇ ਇਸ ਥਾਂ 'ਤੇ ਇਕ ਮਜ਼ਬੂਤ ਕਿਲਾ ਉਸਾਰਿਆ ਸੀ। ਕਿਉਂਕਿ ਉਸ ਦੀ ਪਹਿਲੀ ਰਾਜਧਾਨੀ ਰਾਜਗਰਿਹ ਉਸ ਸਮੇਂ ਦੁਸ਼ਮਣ ਲਿਜ਼ਿਵੀ ਰੀਪਬਲਕ ਦਾ ਮੁਕਾਬਲਾ ਕਰਨ ਦੇ ਲਈ ਯੋਗ ਥਾਂ ਨਹੀਂ ਸੀ। ਇਸ ਸ਼ਹਿਰ ਦੀ ਮਜ਼ਬੂਤ ਕਿਲਾਬੰਦੀ ਕਰ ਕੇ ਉਸ ਨੇ ਮਹਾਤਮਾ ਬੁਧ ਨੂੰ ਇਥੇ ਚਰਨ ਪਾਉਣ ਦੀ ਬੇਨਤੀ ਕੀਤੀ। ਬੁਧ ਜੀ ਇਥੇ ਆਏ ਅਤੇ ਕੁਝ ਚਿਰ ਇਥੇ ਰਹੇ। ਰਵਾਇਤ ਅਨੁਸਾਰ ਬੁਧ ਨੇ ਪਾਟਲੀਪੁਤਰ ਸ਼ਹਿਰ ਬਾਰੇ ਪੇਸ਼ੀਨਗੋਈ ਕਰਦਿਆਂ ਕਿਹਾ ਕਿ ਇਥੇ ਤਿੰਨ ਚੀਜ਼ਾਂ ਹਮੇਸ਼ਾਂ ਰਹਿਣਗੀਆਂ। ਇਹ ਸਨ : ਅਗਨੀ, ਪਾਣੀ ਤੇ ਫੁਟ। ਪਰ ਇਨ੍ਹਾਂ ਚੀਜ਼ਾਂ ਦੀ ਹੋਂਦ ਦੇ ਬਾਵਜੂਦ ਵੀ ਇਥੋਂ ਦੇ ਲੋਕ ਖੁਸ਼ਹਾਲ ਹੀ ਰਹਿਣਗੇ।

320 ਬੀ.ਸੀ. ਵਿਚ ਪਾਟਲੀਪੁਤਰ ਨੰਦ ਰਾਜਿਆਂ ਦੀ ਰਾਜਧਾਨੀ ਸੀ। ਇਹ ਰਾਜੇ ਭਾਰਤ ਦੇ ਕਾਫ਼ੀ ਵੱਡੇ ਹਿੱਸੇ ਉੱਤੇ ਰਾਜ ਕਰਦੇ ਸਨ। ਮੋਰੀਆਂ ਦੇ ਰਾਜ ਸਮੇਂ ਸਲਿਊਕਸ ਨਿਕੋਟਰ ਦਾ ਰਾਜਦੂਤ ਮੇਗਸਥਨੀਜ਼ ਕਾਫ਼ੀ ਸਮਾਂ ਇਥੇ ਚੰਦਰ ਗੁਪਤ ਦੇ ਰਾਜ ਵਿਚ ਠਹਿਰਿਆ। ਚੰਦਰ ਗੁਪਤ ਦੇ ਵੇਲੇ ਪਟਣੇ ਦਾ ਖੇਤਰ 9 ਮੀਲ ਲੰਮਾ ਤੇ ਡੇਢ ਮੀਲ ਚੌੜਾ ਸੀ। ਸ਼ਹਿਰ ਦੇ ਚਾਰੇ ਪਾਸੇ ਪੱਕੀ ਕੰਧ ਬਣੀ ਹੋਈ ਸੀ। ਜਿਸ ਦੇ 570 ਬੁਰਜ ਅਤੇ 64

1. ਭਾਈ ਕਾਨ੍ਹ ਸਿੰਘ ਨਾਭਾ, *ਗੁਰਸ਼ਬਦ ਰਤਨਾਕਰ ਮਹਾਨਕੋਸ਼*, ਭਾਸ਼ਾ ਵਿਭਾਗ ਪੰਜਾਬ, 1960, ਪੰਨਾ 550.

ਦਰਵਾਜ਼ੇ ਸਨ। ਇਸ ਦੀ ਖਾਈ ਸੱਠ ਫੁੱਟ ਚੌੜੀ ਤੇ ਪੰਤਾਲੀ ਫੁਟ ਡੂੰਘੀ ਸੀ। ਗੁਪਤ ਰਾਜਿਆਂ ਦੇ ਰਾਜਕਾਲ ਸਮੇਂ ਕਿਤੇ ਕਿਤੇ ਇਸ ਸ਼ਹਿਰ ਦਾ ਉਲੇਖ ਪਟਣਾ ਨਾਂ ਨਾਲ ਮਿਲਦਾ ਹੈ। ਚੀਨੀ ਯਾਤਰੂ ਹੀਨਯਾਨ ਤੇ ਫਾਹੀਜਾਨ ਵੀ ਇਥੇ ਆਏ ਸਨ। ਫਾਹੀਜਾਨ ਇਥੇ ਤਿੰਨ ਸਾਲ ਸੰਸਕਰਿਤ ਪੜਦਾ ਰਿਹਾ। ਮੈਗਥਨੀਜ਼ ਆਪਣੀ ਯਾਤਰਾ ਵਿਚ ਲਿਖਦਾ ਹੈ ਕਿ ਪਾਟਲੀਪੁਤਰ ਭਾਰਤ ਦਾ ਇਕ ਲੰਬਾ ਤੇ ਵਡਾ ਸ਼ਹਿਰ ਹੈ ਜੋ ਚਾਰੋ ਤਰਫ ਲਕੜ ਦੀ ਦੀਵਾਰ ਨਾਲ ਘਿਰਿਆ ਹੋਇਆ ਹੈ। ਫਾਹੀਯਾਨ ਤੋਂ 200 ਸਾਲ ਬਾਦ ਇਸ ਸ਼ਹਿਰ ਦਾ ਪਤਨ ਸ਼ੁਰੂ ਹੋ ਗਿਆ। ਪਾਟਲੀਪੁਤਰ ਸ਼ਹਿਰ ਦੇ ਵਪਾਰੀ ਜਾਵਾ, ਸਮੁਾਟਰਾ ਤੇ ਮਾਲਦੀਵ ਤਕ ਚਲੇ ਜਾਂਦੇ ਸਨ। 530 ਈ. ਵਿਚ ਇਥੇ ਇਕ ਭਿਆਨਕ ਤੂਫ਼ਾਨ ਆਇਆ ਸੀ ਜਿਸ ਨੇ ਇਸ ਦਾ ਬਹੁਤ ਨੁਕਸਾਨ ਕੀਤਾ ਸੀ।

ਇਸ ਤਰ੍ਹਾਂ ਇਹ ਸ਼ਹਿਰ ਸਿੱਖ ਧਰਮ ਦੀ ਪਵਿੱਤਰ ਛੋਹ ਪਰਾਪਤ ਕਰਨ ਤੋਂ ਪਹਿਲਾਂ ਇਕ ਲੰਮੀ ਅਤੇ ਮਹਤਵਪੂਰਨ ਜ਼ਿੰਦਗੀ ਬਤੀਤ ਕਰ ਚੁਕਿਆ ਸੀ। ਇਤਨੀ ਅਮੀਰ ਤੇ ਲੰਮੀ ਜ਼ਿੰਦਗੀ ਵਾਲੇ ਸ਼ਹਿਰ ਨੇ 1504 ਈ. ਦੇ ਕਰੀਬ ਸਹਿਬ ਸਿਰੀ ਗੁਰੂ ਨਾਨਕ ਦੇਵ ਜੀ ਦੇ ਪਵਿਤਰ ਚਰਨਾਂ ਦੀ ਛੋਹ ਪਰਾਪਤ ਕੀਤੀ। ਜਿਸ ਸਮੇਂ ਗੁਰੂ ਨਾਨਕ ਸਾਹਿਬ ਪੂਰਬੀ ਭਾਰਤ ਦਾ ਦੌਰਾ ਕਰ ਰਹੇ ਸਨ ਤਾਂ ਇਥੇ ਆਏ। ਇਸ ਸਮੇਂ ਇਹ ਸ਼ਹਿਰ ਚਾਰ-ਚੁਫੇਰਿਉਂ ਲਕੜ ਦੀ ਦੀਵਾਰ ਨਾਲ ਘਿਰਿਆ ਹੋਇਆ ਸੀ ਅਤੇ ਇਸ ਦੇ 64 ਦਰਵਾਜ਼ੇ ਸਨ। ਗੁਰੂ ਨਾਨਕ ਸਾਹਿਬ ਪਛਮੀ ਦਰਵਾਜ਼ੇ ਰਾਹੀਂ ਅੰਦਰ ਦਾਖ਼ਲ ਹੋਏ। ਇਥੋਂ ਹੀ ਗੁਰੂ ਜੀ ਨੇ ਭਾਈ ਮਰਦਾਨੇ ਨੂੰ ਇਕ ਕੀਮਤੀ ਹੀਰਾ ਦੇ ਕੇ ਸ਼ਹਿਰ ਵਿਚੋਂ ਕੁਝ ਖਾਣ ਵਾਲੀਆਂ ਵਸਤੂਆਂ ਲਿਆਉਣ ਲਈ ਕਿਹਾ। ਇਸ ਤਰ੍ਹਾਂ ਜਦ ਭਾਈ ਮਰਦਾਨਾ ਹੀਰੇ ਦੇ ਪੈਸੇ ਲੈਣ ਲਈ ਇਕ ਜੋਹਰੀ ਦੀ ਦੁਕਾਨ 'ਤੇ ਗਿਆ ਤਾਂ ਉਸ ਜੌਹਰੀ ਨੇ ਇਤਨੇ ਕੀਮਤੀ ਹੀਰੇ ਨੂੰ ਦੇਖ ਕੇ ਇਸ ਦੇ ਮਾਲਕ ਨੂੰ ਮਿਲਣ ਦੀ ਇੱਛਾ ਕੀਤੀ। ਇਹ ਜੌਹਰੀ ਸਾਲਸ ਰਾਏ ਸੀ। ਉਸ ਨੇ ਇਸ ਹੀਰੇ ਦਾ ਦਰਸ਼ਨੀ ਮੁੱਲ ਇਕ ਸੌ ਰੁਪਿਆ ਦਿੱਤਾ। ਮਰਦਾਨਾ ਪੈਸੇ ਲੈ ਕੇ ਗੁਰੂ ਜੀ ਕੋਲ ਵਾਪਸ ਆ ਗਿਆ। ਗੁਰੂ ਜੀ ਨੇ ਮਰਦਾਨੇ ਨੂੰ ਕਿਹਾ ਕਿ ਉਹ ਪੈਸੇ ਵਾਪਸ ਮੋੜ ਆਵੇ। ਜਦ ਮਰਦਾਨਾ ਜੋਹਰੀ ਕੋਲ ਵਾਪਸ ਆਇਆ ਤਾਂ ਜੌਹਰੀ ਗੁਰੂ ਜੀ ਕੋਲ ਪਹੁੰਚਿਆ। ਗੁਰੂ ਜੀ ਦੇ ਦਰਸ਼ਨ ਕਰ ਕੇ ਸਾਲਸ ਰਾਏ ਜੌਹਰੀ, ਗੁਰੂ ਜੀ ਦਾ ਇਕ ਸੱਚਾ ਸ਼ਰਧਾਲੂ ਸਿੱਖ ਬਣ ਗਿਆ। ਸਾਲਸ ਰਾਏ ਨੇ ਪਟਣਾ ਸ਼ਹਿਰ ਵਿਚ ਸਿੱਖ ਸੰਗਤ ਜਥੇਬੰਦ ਕੀਤੀ ਅਤੇ ਆਪਣੇ ਮਕਾਨ ਨੂੰ ਹੀ ਸਿੱਖ ਸੰਗਤ ਦੇ ਇਕਠੇ ਹੋਣ ਲਈ ਇਕ ਧਰਮਸ਼ਾਲਾ ਦਾ ਰੂਪ ਦੇ ਦਿੱਤਾ। ਗੁਰੂ ਨਾਨਕ ਦੇਵ ਜੀ ਇਥੇ ਚਾਰ ਮਹੀਨੇ ਦੇ ਕਰੀਬ ਸਮਾਂ ਰਹੇ ਅਤੇ ਇਕ ਤਕੜੀ ਸੰਗਤ ਸਥਾਪਤ ਕਰ ਗਏ ਸਨ। ਸਾਲਸ ਰਾਏ ਜੌਹਰੀ ਨੂੰ ਇਥੋ ਦੀ ਸੰਗਤ ਦਾ ਮੁੱਖੀ ਥਾਪਿਆ ਗਿਆ ਅਤੇ ਸਾਲਸ ਰਾਏ ਪਿੱਛੋਂ ਅਧਰਕੇ ਨੂੰ ਸੰਗਤ ਦਾ ਮੁੱਖੀ ਬਣਾਏ ਜਾਣ ਦੀ ਹਦਾਇਤ ਕੀਤੀ।[2]

ਗੁਰੂ ਨਾਨਕ ਦੇਵ ਜੀ ਦੇ ਸਮੇਂ ਤੋਂ ਹੀ ਪਟਣਾ ਪੂਰਬੀ ਭਾਰਤ ਦੀਆਂ ਸਿੱਖ ਸੰਗਤਾਂ ਦਾ ਕੇਂਦਰੀ ਅਸਥਾਨ ਬਣ ਗਿਆ ਸੀ। ਭਾਵੇਂ ਗੁਰੂ ਨਾਨਕ ਦੇਵ ਜੀ ਤੋਂ ਪਿੱਛੋਂ ਨੌਵੇਂ ਗੁਰੂ, ਤੇਗ

---

2. *ਜਨਮਸਾਖੀ ਭਾਈ ਮਨੀ ਸਿੰਘ* (ਪੱਥਰ ਛਾਪ), ਬੰਬਈ, ਨਾਨਕ ਸ਼ਾਹੀ ਸੰਮਤ 423 (1892 ਈ.) ਪੰਨਾ 258.

ਬਹਾਦਰ ਜੀ ਤਕ ਕੋਈ ਵੀ ਗੁਰੂ ਪਟਨਾ ਸਾਹਿਬ ਨਹੀਂ ਪਹੁੰਚ ਸਕਿਆ ਪਰ ਗੁਰੂ ਹਰਿਗੋਬਿੰਦ ਸਾਹਿਬ ਦੇ ਹੁਕਮਨਾਮੇ ਤੋਂ ਸਪਸ਼ਟ ਹੁੰਦਾ ਹੈ ਕਿ ਪਟਨਾ ਦੀ ਸਿੱਖ ਸੰਗਤ, ਲਗਾਤਾਰ, ਸਿੱਖ ਗੁਰੂ ਸਾਹਿਬਾਨ ਨਾਲ ਜੁੜੀ ਹੋਈ ਸੀ। ਜਿਸ ਤਰ੍ਹਾਂ ਗੁਰੂ ਜੀ ਦੇ ਹੁਕਮਨਾਮੇ ਵਿਚ ਪਟਣੇ ਦੀ ਸੰਗਤ ਦੇ ਮੁੱਖੀ ਸਿੱਖਾਂ ਦੇ ਨਾਂ ਕਾਫ਼ੀ ਗਿਣਤੀ ਵਿਚ ਆਏ ਹਨ ਇਸ ਤੋਂ ਪਤਾ ਲਗਦਾ ਹੈ ਕਿ ਇਥੋਂ ਦੀ ਸੰਗਤ ਬਹੁਤ ਵਿਸ਼ਾਲ ਅਤੇ ਚੰਗੀ ਤਰ੍ਹਾ ਸੰਗਠਿਤ ਸੀ। ਇਸ ਹੁਕਮਨਾਮੇ ਵਿਚੋਂ ਇਹ ਵੀ ਪਤਾ ਲਗਦਾ ਹੈ ਕਿ ਉਸ ਸਮੇਂ ਪਟਣੇ ਦੀ ਸੰਗਤ ਦੇ ਮੁਖੀ ਭਾਈ ਜਾਪੂ ਅਤੇ ਭਾਈ ਗੁਰਦਾਸ ਸਨ। ਇਸ ਹੁਕਮਨਾਮੇ ਵਿਚ ਗੁਰੂ ਹਰਿਗੋਬਿੰਦ ਸਾਹਿਬ ਨੇ ਪਟਣੇ ਦੀ ਸੰਗਤ ਕੋਲੋਂ ਕੋਇਲ ਦੇ ਬੱਚੇ ਅਤੇ ਤਕੜੇ ਕਬੂਤਰਾਂ ਦੀ ਇਕ ਜੋੜੀ ਮੰਗਵਾਈ ਸੀ। ਮਹਿਸੂਸ ਹੁੰਦਾ ਹੈ ਕਿ ਗੁਰੂ ਸਾਹਿਬ ਨੂੰ ਭਾਂਤ ਭਾਂਤ ਦੇ ਅਤੇ ਅੱਛੇ ਅੱਛੇ ਜਾਨਵਰ ਇਕੱਠੇ ਕਰਨ ਦਾ ਬਹੁਤ ਸ਼ੌਕ ਸੀ। ਇਹ ਹੁਕਮਨਾਮਾ ਤਖ਼ਤ ਸਿਰੀ ਪਟਣਾ ਸਾਹਿਬ ਵਿਚ ਸੁਰਖਿਆਤ ਪਿਆ ਹੈ। ਇਸ ਦੀ ਇਬਾਰਤ ਇਸ ਤਰ੍ਹਾਂ ਹੈ

ੴ ਗੁਰੂ ਸਤਿ

ਲਾਲ ਦਾਸ ਦੀ ਧੀ ਆਇਗੀ ਹੋਇ ਬੇਹਤੂ ਮਾਨ ਰਖਣਾ ਸੇਵਾ ਕਰਣੀ ਤਾਰਾ ਚੰਦ ਦਾ ਖਸਮਾਨਾ ਕਰਣਾ

ਭਾਈ ਜਾਪੁ ਭਾਈ ਗੁਰਦਾਸ ਭਾਈ ਲਾਲ ਭਾਈ ਸੰਗਤੀਏ ਭਾਈ ਅਨੰਤਾ ਭਾਈ ਸਾਮਦਾਸ ਭਾਈ ਨਥਾ ਭਾਈ ਬਨਵਾਲੀ ਭਾਈ ਨਾਨਾ ਭਾਈ ਗਜੁਭਾਨ ਭਾਈ ਸੇਠ ਜੈਤਾ ਭਾਈ ਮਥਰੇ ਅਨੰਤੇ ਭਾਈ ਹਰਿ ਰਾਮ ਭਾਈ ਕੇਵਲ ਰਾਮੁ ਭਾਈ ਰਾਮ ਸਊ ਭਾਈ ਦਰਗਹ ਕੇਸੁ ਭਾਈ ਮਨੋਹਰੇ ਭਾਈ ਪਖਰੀਏ ਭਾਈ ਜਗਜੀਵਨ ਭਾਈ ਰਾਮੁ ਰਾਇ ਭਾਈ ਗੋਪੀ ਭਾਈ ਕਿਰਪਾਲੇ ਭਾਈ ਬਨਾਰਸੀਏ ॥ ਕਲਿਆਣੇ ਭਾਈ ਗੰਗੇ ॥ ਜਗ ਜੀਵਨ ਭਾਈ ਬਾਲੇ ॥ ਸੁਕੇਰ ॥ ਜੈਰਾਮ ॥ ਹਰਿਦੇ ਰਾਮ ॥ ਡੇਡੇ ॥ ਇਹਾਰੀ ॥ ਦਿਆਲੇ ॥ ਬਲ ॥ ਜਗ ਦਾਸੁ ਮਹੇਸੇ ॥ ਚੇਤੂ ॥ ਕਲਿਆਣੇ ॥ ਉਤਮ ॥ ਦਿਆਲ ਚਢਾ ॥ ਉਤਮ ਹਰਦੁਆਰੇ ॥ ਦੁਆਰਕਾ ਦਾਸ ॥ ਮੋਹਣ ਦਾਸ ॥ ਨਿਹਾਲ ॥ ਗੋਪੀ ॥ ਸੁੰਦਰ ਸੰਗਤੀਏ ॥ ਜਾਪੁ ॥ ਸੁੰਦਰ ਗਰੁਦਾਸ ਬਾਸੁ ॥ ਕਿਸਨ ॥ ਧਰਮਾ ਪਿਰਥੀ ਮਲ ॥ ਦਰਗਹ ਮਲ ॥ ਹਰਦਾਸ ॥ ਫਿਰੰਦੇ ॥ ਰਾਊ ॥ ਗੁਰਦਾਸ ॥ ਸਾਈਦਿਤਾ ॥ ਸਰਬਤ ਸੰਗਤਿ ਪਟਣੇ ਕੀ ਤਥਾ ਆਲਮ ਗੰਜ ਦੀ ॥ ਸ਼ੇਰਪੁਰ ਕੀ ॥ ਥੀਨੈ ॥ ਮੁਗੇਰ ਕੀ ਸੰਗਤਿ ਪਰਮਾਨੰਦ ਕੇ ਵਾੜੇ ਪਾਸੇ ਲਿਖਤੇ ਗੁਰੂ ਹਰਿ ਗੁਬਿੰਦ ਕਰਤਾਰ ਕਰਤਾਰ ਵਾਚਣੀ ਗੁਰੂ ਤੁਹਾਡੀ ਲਾਜ ਰਖਗੁ ਗੁਰੂ ਗੁਰੂ ਜਪਣਾ ਜਨਮੁ ਸਵਰੁ ਸੰਗਤ ਦੀ ਕਾਮਨਾ ਗੁਰੂ ਪੂਰੀ ਕਰੇਗ ਸੰਗਤੀ ਦਾ ਰੁਜ਼ਗਾਰ ਹੋਗੁ ਇਕ ਦਾਸੀ ਰਹਣਾ ਮਾਸੁ ਮਛੀ ਦੇ ਨੇੜੇ ਨਹੀ ਆਵਣਾ ਸੰਗਤਿ ਦੀ ਚੀਠੀ ਪਹੁਤੀ ਹਕੀਕਤ ਸਭ ਮਾਲੂਮ ਹੋਈ ਸੰਗਤਿ ਦੀ ਮਨਸਾ ਪੂਰੀ ਹੋਗੁ ਗੁਰੂ ਕੀ ਆਗਿਆ ਹੋਇ ਸੰਗਤਿ ਸਰਬਤਿ ਇਕ ਮਜਤਿ ਹੋਹਿ ਤਿਵੇਂ ਰਹਣਾ ਜਾਪੇ ਗੁਰਦਾਸ ਨਾਲ ਲਾਗ ਰਹਣਾ ਕਾਰਵਾਰ ਇਤ ਨੋ ਦੇਂਦਿਆਂ ਰਹਣਾ ਸੰਗਤੀ ਉਪਰਿ ਗੁਰੂ ਦੀ ਖਰੀ ਖੁਸੀ

ਹੋਇ ਸੰਗਤੀ ਦਾ ਰੁਜਗਾਰੁ ਹੋਗਾ ਸੰਗਤਿ ਆਪ ਵਿਚਿ ਇਕਤੁ ਕਰਣਾ ਸੰਗਤੀ ਦੀ ਖਰੀ ਖੁਸੀ ਗੁਰੂ ਦੀਨ ਦੇ ਹੋਂਦੇ ਹੋਇ ਸਭ ਮੇਰੇ ਪੁਤ ਹੈਨਿ ਸਭਨਾ ਇਕਤੈ ਜੀਐ ਹੋਣਾ ਆਗੇ ਕਾਰਵਾਹੁ ਲੈ ਦੇ ਹਥ ਲਿਖਿ ਭੇਜੀ ਹੋਇ ਉਹ ਸਭ ਕਾਰ ਕਰ ਭੇਜਣੀ। ਇਲਾਇਚੇ ਮੁਲ ਦਹਾ ਦਸ 10 ਮੇਥੇ ਭੇਜਣੇ ॥ ਇਕ ਬਾਸਲਾ ਗਾੜ੍ਹੇ ਦਾ ਭਰਿ ਭੇਜਣਾ ਜਿਥਹੁ ਕਿਥਹੁ ਟੋਲ ਭੇਜਣੇ ਇਕ ਜੋੜੀ ਕੋਇਲ ਦੇ ਬਚੇ ਪਾਲਣੇ ਵਡੇ ਹੋਨਿ ਬੋਲਣਿ ਲਗਨਿ ਤਾਂ ਪਿੰਜਰੇ ਵਿਚ ਪਾਇ ਕੇ ਭੇਜਣੇ ਇਕ ਜੋੜਾ ਪਟਣੇ ਦੇ ਕੁਕੋ ਕਬੂਤਰ ਭੇਜਣੇ ਬਹੁਤੁ ਦਮ ਪਕੜਨਿ ਟੋਲ ਕੇ ਭਾਲ ਭੇ ਜਣੇ ਭਾਈ ਦਿਆਲੇ ਗੁਰੂ ਤੇਰੀ ਰਖਗੁ ਤੇਰਾ ਪਗਟ ਪਹੁਤਾ ਗੁਰੂ ਥਾਇ ਪਾਇਆ ਬਾਈਹ ਰੁਪਯੈ ਭੇਟ ਪਹੁਤੀ 22) 15) ਗੁਰੂ ਸਭ ਥਾਇ ਭਾਈ ਤੁਸਾਡਾ ਜੀਉ ਪਿੰਡ ਸਭ ਗੁਰੂ ਦਾ ਹੋਇ।

ਇਸ ਪਵਿਤਰ ਹੁਕਮਨਾਮੇ ਵਿਚ ਕੁਝ ਗੱਲਾਂ ਬਹੁਤ ਮਹਤਵਪੂਰਨ ਹਨ, ਜਿਨ੍ਹਾਂ ਬਾਰੇ ਧਿਆਨ ਦੇਣਾ ਬਹੁਤ ਜਰੂਰੀ ਹੈ। ਇਹ ਹਨ : ਇਕ ਤਾਂ ਇਹ ਕਿ ਗੁਰੂ ਜੀ ਸੰਗਤ ਨੂੰ ਇਕ-ਦਾਸੀ ਰਹਿਣ ਲਈ ਪਰੇਰਦੇ ਹਨ। ਇਕ ਦਾਸੀ ਦਾ ਮਤਲਬ ਹੈ ਕਿ ਇਕੋ ਪਰਮਾਤਮਾ ਦੇ ਲੜ ਲਗੇ ਰਹਿਣਾ। ਦੂਸਰੀ ਗੱਲ ਇਹ ਹੈ ਕਿ ਗੁਰੂ ਜੀ ਪਟਣੇ ਦੀ ਸੰਗਤ ਵਲੋਂ ਮਿਲੀ ਚਿਠੀ ਦਾ ਜਿਕਰ ਕਰਦੇ ਹਨ। ਇਸ ਦਾ ਭਾਵ ਹੈ ਕਿ ਪਟਣੇ ਦੀ ਸੰਗਤ ਦਾ ਚਿਠੀ ਪਤਰਾਂ ਰਾਹੀਂ ਗੁਰੂ ਸਾਹਿਬ ਨਾਲ ਸੰਪਰਕ ਬਣਿਆ ਰਹਿੰਦਾ ਸੀ। ਤੀਸਰਾ, ਗੁਰੂ ਸਾਹਿਬ ਪਟਣੇ ਦੀ ਸੰਗਤ ਨੂੰ ਕਹਿ ਰਹੇ ਹਨ ਕਿ ਉਹ ਭਾਈ ਜਾਪੇ ਅਤੇ ਗੁਰਦਾਸ ਦੀ ਅਗਵਾਈ ਹੇਠ ਰਹੇ। ਚੌਥਾ ਜੋ ਸਭ ਤੋਂ ਮਹਤਵਪੂਰਨ ਹੈ ਇਹ ਕਿ ਗੁਰੂ ਸਾਹਿਬ ਸੰਗਤ ਨੂੰ ਆਪਣਾ ਪੁੱਤਰ ਕਹਿ ਕੇ ਕਿਤਨਾ ਪੀਡਾ ਤੇ ਜਜ਼ਬਾਤੀ ਰਿਸ਼ਤਾ ਦਰਸਾ ਰਹੇ ਹਨ। ਪੰਜਵਾਂ, ਭਾਈ ਦਿਆਲੇ ਦਾ ਵਿਸ਼ੇਸ਼ ਨਾਂ ਵੀ ਆਇਆ ਹੈ ਜਿਸ ਦਾ ਭਾਵ ਹੈ ਕਿ ਭਾਈ ਦਿਆਲਾ ਪੂਰਬ ਦੀਆਂ ਸੰਗਤਾਂ ਦਾ ਇਕ ਮੁੱਖੀ ਸਿੱਖ ਸੀ। ਅਗੇ ਚਲ ਕੇ ਗੁਰੂ ਤੇਗ ਬਹਾਦਰ ਜੀ ਦੇ ਹੁਕਮਨਾਮੇ ਵਿਚੋਂ ਸਪਸ਼ਟ ਹੋਵੇਗਾ ਕਿ ਭਾਈ ਦਿਆਲਾ ਪਟਣੇ ਦਾ ਮੁਖੀ ਸਿੱਖ ਸੀ।

ਗੁਰੂ ਹਰਿਗੋਬਿੰਦ ਸਾਹਿਬ ਦਾ ਹੀ ਇਕ ਹੋਰ ਹੁਕਮਨਾਮਾ[3] ਪਟਣੇ ਦੀ ਸੰਗਤ ਦੇ ਨਾਂ ਹੈ ਜਿਸ ਵਿਚ ਕਿਹਾ ਗਿਆ ਹੈ ਕਿ ਪਟਣੇ ਦੀ ਸੰਗਤ ਗੁਰੂ ਦਾ ਖਾਲਸਾ ਹੈ। ਗੁਰੂ ਦਾ ਖਾਲਸਾ ਕਹਿਣ ਤੋਂ ਭਾਵ ਹੈ ਕਿ ਪਟਣੇ ਦੀ ਸੰਗਤ ਕਿਸੇ ਮਸੰਦ ਜਾਂ ਹੋਰ ਤੀਸਰੇ ਮਨੁੱਖ ਦੇ ਅਧੀਨ ਨਹੀਂ ਸਗੋਂ ਸਿਧੀ ਹੀ ਗੁਰੂ ਨਾਲ ਜੁੜੀ ਹੋਈ ਸੀ। ਉਸ ਸਮੇਂ ਸੰਗਤਾਂ ਤਿੰਨ ਕਿਸਮ ਦੀਆਂ ਹੁੰਦੀਆਂ ਸਨ। ਇਕ ਸੰਗਤ ਗੁਰੂ ਵਲੋਂ ਨੀਯਤ ਕੀਤੇ ਮਸੰਦ ਦੇ ਅਧੀਨ ਹੁੰਦੀ ਸੀ ਅਤੇ ਇਸ ਸੰਗਤ ਦੀ ਕਾਰਵਾਈ ਸਿਰਫ਼ ਉਸ ਮਸੰਦ ਦੇ ਰਾਹੀਂ ਹੁੰਦੀ ਸੀ। ਦੂਸਰੀ ਸੰਗਤ ਉਹ ਹੁੰਦੀ ਸੀ ਜਿਹੜੀ ਮਸੰਦ ਵਲੋਂ ਅਗੋਂ ਕਿਸੇ ਹੋਰ ਆਪਣੇ ਉਪ-ਮਸੰਦ ਰਾਹੀਂ ਵੱਡੇ ਮਸੰਦ ਨਾਲ ਰਾਬਤਾ ਰਖਦੀ ਸੀ ਤੇ ਅਗੋਂ ਵਡਾ ਮਸੰਦ ਗੁਰੂ ਜੀ ਨਾਲ ਰਾਬਤਾ ਕਾਇਮ ਰਖਦਾ ਸੀ। ਪਰ ਜਿਹੜੀ ਤੀਜੀ ਕਿਸਮ ਦੀ ਸੰਗਤ ਹੁੰਦੀ ਸੀ ਉਹ ਕਿਸੇ ਵੀ ਮਸੰਦ ਦੇ ਅਧੀਨ ਨਹੀਂ ਸੀ ਹੁੰਦੀ। ਇਸ ਤਰ੍ਹਾ ਦੀ ਸੰਗਤ ਸਿੱਧੀ ਹੀ ਗੁਰੂ ਨਾਲ ਜੁੜੀ ਹੁੰਦੀ ਸੀ। ਇਸ ਸੰਗਤ ਦੇ ਨਾਂ

3. ਇਹ ਹੁਕਮਨਾਮਾ ਤਖ਼ਤ ਸਿਰੀ ਪਟਣਾ ਸਾਹਿਬ ਵਿਚ ਸੁਰੱਖਿਅਤ ਹੈ।

ਜਦ ਗੁਰੂ ਸਾਹਿਬ ਦਾ ਕੋਈ ਹੁਕਮਨਾਮਾ ਜਾਂ ਸੁਨੇਹਾ ਪਹੁੰਚਦਾ ਸੀ ਤਾਂ ਉਹ ਸੰਗਤ ਦੇ ਨਾਂ ਹੀ ਹੁੰਦਾ ਸੀ ਕਿਸੇ ਇਕ ਵਿਅਕਤੀ ਦੇ ਨਾਂ ਨਹੀਂ। ਹੁਕਮਨਾਮਿਆਂ ਵਿਚ ਇਕ ਤੋਂ ਵੱਧ ਆਏ ਨਾਂ ਇਸੇ ਗੱਲ ਦੇ ਸੂਚਕ ਹਨ। ਇਸ ਸੰਗਤ ਨੂੰ 'ਗੁਰੂ ਦਾ ਖ਼ਾਲਸਾ' ਕਿਹਾ ਜਾਂਦਾ ਸੀ। 'ਗੁਰੂ ਦਾ ਖ਼ਾਲਸਾ' ਸਿਰਫ਼ ਉਹੀ ਸੰਗਤ ਹੁੰਦੀ ਸੀ ਜਿਹੜੀ ਬਹੁਤ ਅੱਛੀ ਤਰ੍ਹਾਂ ਜਾਗਰਿਤ, ਸੰਗਠਤ ਅਤੇ ਪਰਬੀਨ ਹੁੰਦੀ ਸੀ। ਇਸ ਤਰ੍ਹਾਂ ਅਸੀ ਜਾਣ ਸਕਦੇ ਹਾਂ ਕਿ ਪਟਣੇ ਦੀ ਸੰਗਤ ਮੁਢ ਤੋਂ ਹੀ ਕੇਂਦਰੀ ਸੰਗਤ ਬਣ ਕੇ ਸਾਰੇ ਪੂਰਬੀ ਇਲਾਕੇ ਦੀਆਂ ਸੰਗਤਾਂ ਵਿਚੋਂ ਜ਼ਿੰਮੇਵਾਰੀ ਵਾਲਾ ਰੋਲ ਅਦਾ ਕਰਦੀ ਆ ਰਹੀ ਸੀ। ਇਸ ਹੁਕਮਨਾਮੇ ਦੀ ਇਬਾਰਤ ਇਸ ਤਰ੍ਹਾਂ ਹੈ :

ਗੁਰੂ ਗੁਰੂ ਜਪਣਾ ਜਨਮੁ ਸਵਰੂ

੧ੳ ਸਤਿਗੁਰ

ਦੁਇ ਜੋੜੀ ਭੁਕੋ ਖਰੇ ਭਾਲਿ ਬਹੁਤ ਦਮ ਪਕੜਦੇ ਹੋਨ ਉਹ ਟੋਲ ਕੇ ਭੇਜਣੇ
ਜਹਾ ਕਹਾ ਤੇ ਭੇਜਣੇ ਚੰਗੇ ਟੋਲ ਕੇ ਭੇਜਣੇ
ਭਾਈ ਜਾਪੁ ਭਾਈ ਗੁਰਦਾਸ ਭਾਈ ਮੁਰਾਰੀ ਭਾਈ ਜੈਤਾ ਭਾਈ ਦਿਆਲਾ ਗੁਰੂ ਜਪਣਾ ਜਨਮੁ ਸਵਰੈ। ਸੰਗਤ ਦੀ ਕਾਮਨਾ ਪੂਰੀ ਹੋਗੁ ਸੰਗਤੀ ਦਾ ਰੁਜਗਾਰੁ ਹੋਗੁ ਸੰਗਤਿ ਦੀ ਕਾਰ ਜੁ ਲੇਹਗੁ ਗੁਰੂ ਦੀ ਆਗਿਆ ਹੋਇ ਕੀਰਤਨੁ ਕਰਣਾ ਇਕ ਦਾਸ ਭਲੀ ਜੁਗਤਿ ਰਹਣਾ ਮਾਸੁ ਮਛੀ ਦੇ ਨੇੜੇ ਨਹੀ ਆਵਣਾ। ਪੂਰਬ ਦੀ ਸੰਗਤਿ ਗੁਰੂ ਦਾ ਖਾਲਸਾ ਹੋਇ ਉਪਰੰਤਿ ਗੁਰੂ ਦੀ ਆਗਿਆ ਏ ਭਾਈ ਜਾਪੁ ਭਾਈ ਗੁਰਦਾਸ ਤੁਸਾ ਸਭਨਾ ਰਲਕੇ ਗੁਰਪੁਰਬ ਦੀ ਕਾਰ ਕਰਣੀ ਇਸ ਦਾ ਰੁਪਯਾ ਗੁਰੂ ਦੀ ਕਾਰ ਵਿਚਿ ਪਵਗੁ ਤਿਸ ਦਾ ਗੁਰੂ ਦੀ ਦਰਗਾਹ ਥਾਇ ਪਵਗੁ ਤਿਸਨੋ ਕਦੇ ਕਿਛੁ ਥੁੜ ਨ ਹੋਸਉ ਏ ਹਵਾਲ ਸਵ ਕੀ ਹੋਇ ਰੁਪਯੈ ਸਇ ਸਤਿ ਦੀ ਹੁੰਡੀ ਕਰਿ ਭੇਜਣੀ ਪੰਦਰਹ ਜੋੜੇ ਮੈਨੋ ਸਵਾਇ ਭੇਜਣਾ ਪੰਦਰਹ ਬਾਬਾ ਜੀਉ ਨੋ ਸਵਾਇ ਭੇਜਣਾ।

ਗੁਰੂ ਤੇਗ ਬਹਾਦਰ ਜੀ ਪਹਿਲੇ ਗੁਰੂ ਸਨ ਜਿਹੜੇ ਗੁਰੂ ਨਾਨਕ ਦੇਵ ਜੀ ਪਿੱਛੋਂ ਪੰਜਾਬ ਤੋਂ ਬਾਹਰ ਪੂਰਬੀ ਭਾਰਤ ਦੀਆਂ ਸੰਗਤਾਂ ਕੋਲ ਗਏ ਸੀ। ਇਹ ਯਾਤਰਾ 1666 ਈ. ਵਿਚ ਕੀਤੀ ਗਈ ਸੀ। ਗਰੂ ਤੇਗ ਬਹਾਦਰ ਜੀ ਪੂਰੇ ਪਰਿਵਾਰ ਅਤੇ ਮੁਖੀ ਸਿੱਖਾਂ ਸਮੇਤ ਆਨੰਦਪੁਰ ਸਾਹਿਬ ਤੋਂ ਪੂਰਬੀ ਭਾਰਤ ਦੇ ਇਲਾਕਿਆਂ ਵਿਚਲੀਆਂ ਸੰਗਤਾਂ ਨੂੰ ਮਿਲਣ ਲਈ ਚਲੇ। ਅਨੇਕਾਂ ਥਾਵਾਂ 'ਤੇ ਜਾਣ ਉਪਰੰਤ ਗੁਰੂ ਸਾਹਿਬ ਪਟਨੇ ਪਹੁੰਚੇ ਅਤੇ ਉਥੇ ਪਹੁੰਚ ਕੇ ਸਭ ਤੋਂ ਪਹਿਲਾਂ ਭਾਈ ਜੈਤਾ ਸੇਠ (ਜਾਂ ਜੈਤਾ ਮਲ) ਦੇ ਘਰ ਗਏ। ਇਥੇ ਹੀ ਪਟਨੇ ਦੀਆਂ ਸਿੱਖ ਸੰਗਤਾਂ ਗੁਰੂ ਜੀ ਦੇ ਦਰਸ਼ਨ ਕਰਨ ਆਈਆਂ। ਪਰ ਭਾਈ ਜੈਤਾ ਸੇਠ ਦਾ ਘਰ ਇਤਨਾ ਖੁੱਲਾ

---

4. *ਪਟਨਾਂ ਸਹਿਰ ਲੋਕ ਬਹੁਤ ਬਸੈ। ਬੇਸੁਮਾਰ ਗੁਰ ਜਸੁ ਬਹੁ ਲਸੈ ॥*
ਅਨਿਕ ਭਾਂਤਿ ਕੀ ਆਨਿ ਮਿਠਾਈ। ਖਰੈ ਹੋਇ ਅਰਦਾਸ ਕਰਾਈ ॥
ਤਹਿ ਕੇ ਥਭ ਮਸੰਦ ਚਲਿ ਆਏ। ਬ੍ਰਿੰਦ ਸੰਗਤਾਂ ਸੰਗ ਸੁ ਲਯਾਏ ॥
ਛੋਟੇ ਥਾਨ ਲੋਕ ਸਮੁਦਾਏ। ਭਈ ਭੀਰ, ਬਿਤ ਥਾਉ ਨ ਪਾਏ।
ਭਾਈ ਸੰਤੋਖ ਸਿੰਘ, *ਸ੍ਰੀ ਗੁਰੂ ਪ੍ਰਤਾਪ ਸੂਰਜ ਗ੍ਰੰਥ*, ਰਾਸ 11, ਅੰਸੂ 57, ਪੰਨਾ 4203.

ਨਹੀਂ ਸੀ ਕਿ ਉਥੇ ਸਾਰੀ ਸੰਗਤ ਸਮਾ ਸਕਦੀ।[4] ਇਸ ਕਰਕੇ ਉਥੋਂ ਦੇ ਮੁਖੀਆਂ ਨੇ ਸਲਾਹ ਕੀਤੀ ਕਿ ਗੁਰੂ ਜੀ ਨੇ ਇਥੇ ਕਾਫ਼ੀ ਚਿਰ ਠਹਿਰਣਾ ਹੈ ਇਸ ਲਈ ਕੋਈ ਵਡਾ ਮਕਾਨ ਲਭਣਾ ਚਾਹੀਦਾ ਹੈ ਜਿਥੇ ਬੈਠ ਕੇ ਅਸਾਨੀ ਨਾਲ ਸਾਰੀ ਸੰਗਤ ਦਾ ਦਰਬਾਰ ਲਗਾਇਆ ਜਾ ਸਕੇ। ਤਾਂ ਇਕ ਸਿੱਖ ਨੇ ਕਿਹਾ ਕਿ ਮੈਂ ਆਪਣੀ ਹਵੇਲੀ ਗੁਰੂ ਜੀ ਦੇ ਠਹਿਰਣ ਲਈ ਦਿਆਂਗਾ। ਇਸ ਤਰ੍ਹਾਂ ਸਾਰੀ ਸੰਗਤ ਨੇ ਗੁਰੂ ਜੀ ਨੂੰ ਬੇਨਤੀ ਕੀਤੀ ਕਿ ਉਹ ਇਸ ਸਿੱਖ ਦੀ ਖੁੱਲੀ ਹਵੇਲੀ ਵਿਚ ਰਹਿਣ। ਗੁਰੂ ਸਾਹਿਬ ਸੰਗਤ ਦੇ ਕਹਿਣ ਅਨੁਸਾਰ ਉਸ ਸਿੱਖ ਦੇ ਘਰ ਵਿਚ ਗਏ। ਗੁਰੂ ਜੀ ਦੇ ਮਹਿਲ ਅਤੇ ਬਾਕੀ ਦਾ ਪਰਿਵਾਰ ਇਸ ਹਵੇਲੀ ਵਿਚ ਰਹਿਣ ਲਗਾ।[5]

ਇਹ ਸਿੱਖ ਕੌਣ ਸੀ? ਇਸ ਦਾ ਨਾਮ ਨਾ ਤਾ ਭਾਈ ਸੰਤੋਖ ਸਿੰਘ ਦੇ ਸ੍ਰੀ ਗੁਰੂ ਪ੍ਰਤਾਪ ਸੂਰਜ ਗ੍ਰੰਥ ਵਿਚ ਹੈ ਅਤੇ ਨਾਲ ਹੀ *ਮਹਿਮਾ ਪ੍ਰਕਾਸ਼* ਵਿਚ ਹੈ ਅਤੇ ਨਾ ਹੀ ਕਿਸੇ ਹੁਕਮਨਾਮੇ ਵਿਚ ਇਹ ਨਾਮ ਹੈ ਪਰ ਜਿਸ ਤਰ੍ਹਾਂ ਹੁਕਮਨਾਮੇ ਵਿਚ ਇਕ ਚੰਗੀ ਹਵੇਲੀ ਲੈਣ ਦਾ ਜ਼ਿਕਰ ਜ਼ਰੂਰ ਹੈ, ਉਸ ਅਨੁਸਾਰ ਤਾਂ ਇਹ ਹਵੇਲੀ ਗੁਰੂ ਜੀ ਦੇ ਪਟਣੇ ਤੋਂ ਢਾਕਾ ਰਵਾਨਾ ਹੋਣ ਤੋਂ ਪਿੱਛੋਂ ਦਿੱਤੀ ਗਈ ਸੀ। ਪਰ ਭਾਈ ਸੰਤੋਖ ਸਿੰਘ ਦੇ ਸੂਰਜ ਗ੍ਰੰਥ ਵਿਚ ਗਲ ਸਪਸ਼ਟ ਨਹੀਂ ਅਤੇ ਨਾ ਹੀ ਕਿਸੇ ਹੋਰ ਪੁਸਤਕ ਵਿਚ ਹੀ ਸਪਸ਼ਟ ਹੈ। ਇਸ ਲਈ ਠੀਕ ਇਹ ਹੈ ਕਿ ਗੁਰੂ ਜੀ ਪਹਿਲਾਂ ਭਾਈ ਜੈਤਾ ਸੇਠ ਦੇ ਛੋਟੇ ਘਰ ਵਿਚ ਹੀ ਰਹਿੰਦੇ ਸਨ ਪਰ ਜਦ ਪਟਣੇ ਤੋਂ ਅੱਗੇ ਢਾਕੇ ਗਏ ਸਨ ਤਾਂ ਹੋ ਸਕਦਾ ਹੈ ਕਿ ਜਾਂਦੇ ਹੋਏ ਸੰਗਤਾਂ ਨੂੰ ਨਿਰਦੇਸ਼ ਦੇ ਗਏ ਹੋਣ ਕਿ ਪਰਿਵਾਰ ਲਈ ਕਿਸੇ ਖੁੱਲੀ ਹਵੇਲੀ ਦੀ ਤਲਾਸ਼ ਕੀਤੀ ਜਾਵੇ। ਕਿਉਂਕਿ ਇਕ ਤਾਂ ਮਾਤਾ ਗੁਜਰੀ ਜੀ ਉਸ ਸਮੇਂ ਗਰਭਵਤੀ ਸਨ ਜਿਨ੍ਹਾਂ ਲਈ ਅਲਾਹਿਦਾ ਰਿਹਾਇਸ਼ ਦੀ ਲੋੜ ਅਤਿ ਜ਼ਰੂਰੀ ਸੀ। ਦੂਸਰਾ, ਪਰਿਵਾਰ ਵੀ ਕਾਫ਼ੀ ਵੱਡਾ ਸੀ ਅਤੇ ਸੰਗਤਾਂ ਸਵੇਰੇ ਸ਼ਾਮ ਉਥੇ ਇਕਠੀਆਂ ਵੀ ਹੁੰਦੀਆਂ ਹੋਣਗੀਆਂ। ਜਾਣ ਸਮੇਂ ਨਿਰਦੇਸ਼ ਦੇਣ ਤੋਂ ਇਲਾਵਾ ਅਗੇ ਜਾ ਕੇ ਗੁਰੂ ਜੀ ਨੇ ਜੋ ਇਕ ਹੁਕਮਨਾਮਾ ਇਸ ਭਾਵ ਦਾ ਭੇਜਿਆ ਸੀ। ਪਹਿਲਾਂ ਸਾਰੇ ਮੁਖੀ ਸਿੱਖਾਂ ਦੇ ਨਾਂ ਲਿਖ ਕੇ ਫਿਰ ਸੰਗਤ ਨੂੰ ਤਾਕੀਦ ਕਰਦੇ ਹਨ :

> *ਸਰਬਤਿ ਸੰਗਤਿ ਪਟਣੇ ਕੀ ਸੂਬੇ ਕੀ ਗੁਰੂ ਰਖੇਗਾ ਜਿਨ ਸਿਖ ਵਾਹਗੁਰੂ ਕੀਤਾ ਹੈ ਤਿਸ ਕੇ ਮਨੋਰਥ ਗੁਰੂ ਪੂਰੇ ਕਰੇਗਾ ਅਸੀ ਪਰੈ ਰਾਜੇ ਜੀ ਕੇ ਸਾਥ ਗਏ ਹਾਂ ਕਬੀਲਾ ਹਮੋ ਪਟਣੇ ਮੋ ਛੋਡਾ ਹੈ ਜਿਨ ਸਿਖ ਵਾਹਗੁਰੂ ਕੀਆ ਹੈ ਤਿਨ ਸੇਵਾ ਕਰਣੀ ਰੁਪਯਾ ਕੀ ਮੁਹਰ ਥਾਇ ਪੜੇਗੀ ਸੰਗਤ ਕੀ ਸੇਵਾ ਕੀ ਵੇਲਾ ਹੈ ਜੁ ਸਿਖ ਸੇਵਾ ਕਰੇਗਾ ਤਿਸ ਕੇ ਰੁਜਗਾਰ ਮੋ ਬਰਕਤਿ ਹੋਵੇਗੀ ਸੇਵਾ ਕਾ ਵਖਤ ਹੈ ਕੋਈ ਅਵਲ ਹਵੇਲੀ ਹੋਵੇ ਬੜੀ ਹੋਵੇ ਤਿਸ ਮੋ ਕਬੀਲੇ ਹਮਾਰੈ ਰਖਣੇ ਸੰਗਤਿ ਕੇ ਗੁਰੂ ਰੁਜਗਾਰ ਮੋ ਬਰਕਤਿ ਕਰੇਗ ਸੇਵਾ ਕੀ ਵੇਲਾ ਹੈ।*[6]

---

5. *ਮੈ ਇਕ ਦੇਊਂ ਹਵੇਲੀ ਗੁਰ ਕੇ। ਹਾਥ ਜੋਰਿ ਕਰਿ ਭਾਉ ਸੁ ਉਰ ਕੇ ॥*
ਤਿਸ ਮਹਿ ਬਸਹਿ ਸਦਾ ਸੁਖ ਪਾਇ। ਮੇਰੋ ਜਨਮ ਸਫਲ ਹੁਇ ਜਾਇ ॥
ਇਮ ਕਹਿ ਮਨ ਮਹਿ ਸਰਧਾ ਧਾਰਿ। ਸਤਿਗੁਰੂ ਕੇ ਢਿਗ ਕੀਨਿ ਉਚਾਰ ॥
ਪ੍ਰਭੁ ਜੀ ! ਲੇਹੁ ਹਵੇਲੀ ਹਮੇ ਤੇ। ਤਿਸ ਮਹਿੰ ਬਸਹੁ ਅਨੰਦ ਉਦੇ ਤੇ ॥
ਉਕਤ, ਪੰਨਾ 4204.
6. ਇਹ ਹੁਕਮਨਾਮਾ ਤਖ਼ਤ ਸਿਰੀ ਪਟਣਾ ਸਾਹਿਬ ਵਿਖੇ ਸੁਰੱਖਿਅਤ ਹੈ।

ਉਪਰੋਕਤ ਹੁਕਮਨਾਮੇ ਤੋਂ ਸਪਸ਼ਟ ਹੈ ਕਿ ਗੁਰੂ ਤੇਗ ਬਹਾਦਰ ਜੀ ਪਟਨਾ ਵਿਖੇ ਕੁਝ ਸਮਾਂ ਠਹਿਰ ਕੇ, ਅਗੇ ਬੰਗਾਲ ਅਤੇ ਆਸਾਮ ਵਲ ਕਿਸੇ ਰਾਜੇ ਨਾਲ ਸਾਥ ਕਰਦੇ ਹੋਏ ਜਾ ਰਹੇ ਸਨ। ਲੇਕਿਨ, ਪਟਨਾ ਕਿਉਂਕਿ ਪੂਰਬ ਦੇ ਇਲਾਕਿਆਂ ਦੀਆਂ ਸਿੱਖ ਸੰਗਤਾਂ ਦਾ ਕੇਂਦਰ ਸੀ ਇਸ ਲਈ ਗੁਰੂ ਜੀ ਪਟਣੇ ਨੂੰ ਹੀ ਕੇਂਦਰ ਮੰਨ ਕੇ ਅਤੇ ਆਪਣਾ ਕੇਂਦਰੀ ਅਸਥਾਨ ਬਣਾ ਕੇ ਅਗੇ ਵਿਚਰ ਰਹੇ ਸਨ। ਸਾਰਾ ਪਰਿਵਾਰ ਪਟਣੇ ਵਿਚ ਹੀ ਸੀ। ਅਗੇ ਨੂੰ ਜਾਂਦਿਆਂ, ਗੁਰੂ ਸਾਹਿਬ ਨੂੰ ਜਿਸ ਚੀਜ਼ ਦੀ ਵੀ ਲੋੜ ਹੁੰਦੀ ਸੀ ਉਸ ਦੀ ਪੂਰਤੀ ਲਈ ਪਟਣੇ ਦੀ ਸੰਗਤ ਨੂੰ ਹੀ ਲਿਖਦੇ ਸਨ। ਗੁਰੂ ਸਾਹਿਬ ਦੇ ਸਮੇਂ ਪਟਣੇ ਦੀ ਸੰਗਤ ਦੇ ਜਾਂ ਪਟਣੇ ਦੇ ਇਲਾਕਿਆਂ ਦੀਆਂ ਸੰਗਤਾਂ ਦੇ ਮੁਖੀ ਸਿੱਖਾਂ ਦੇ ਨਾਂ ਇਸ ਪਰਕਾਰ ਸਨ : ਭਾਈ ਦਿਆਲ ਦਾਸ, ਭਾਈ ਰਾਮਰਾਇ ਅਤੇ ਭਾਈ ਦਰਬਾਰੀ, ਪਟਣਾ ਸ਼ਹਿਰ ਦੀ ਸੰਗਤ ਅਤੇ ਇਲਾਕੇ ਦੇ ਮੁਖੀ ਸਿੱਖ ਸਨ। ਜਿਤਨੇ ਵੀ ਹੁਕਮਨਾਮੇ ਗੁਰੂ ਜੀ ਦੇ ਪਟਣਾ ਦੀ ਸੰਗਤ ਦੇ ਨਾਂ ਲਿਖੇ ਮਿਲਦੇ ਹਨ ਉਨ੍ਹਾਂ ਸਭ ਵਿਚ ਭਾਈ ਦਿਆਲ ਦਾਸ ਅਤੇ ਬਾਕੀ ਦੇ ਦੋ ਨਾਂ ਸਭ ਤੋਂ ਪਹਿਲੇ ਲਿਖੇ ਹੋਏ ਮਿਲਦੇ ਹਨ। ਦੂਜਾ, ਜਦੋਂ ਵੀ ਪਟਣੇ ਦੀ ਸੰਗਤ ਨੂੰ ਸੰਬੋਧਨ ਕੀਤਾ ਜਾਂਦਾ ਹੈ ਇਸ ਦਾ ਮਤਲਬ ਹੈ ਕਿ ਗੁਰੂ ਜੀ ਪਟਣੇ ਦੀ ਸੰਗਤ ਰਾਹੀ ਇਸ ਇਲਾਕੇ ਦੀਆਂ ਸਾਰੀਆਂ ਸਿੱਖ ਸੰਗਤਾਂ ਨੂੰ ਸੰਬੋਧਨ ਕਰਦੇ ਹਨ।

ਉਪਰੋਕਤ ਤਿੰਨ ਸਿੱਖਾਂ ਤੋਂ ਬਿਨਾਂ ਹੋਰ ਵੀ ਅਨੇਕਾਂ ਸਿੱਖ ਮੁਖੀਆਂ ਦੇ ਨਾਂ ਹੁਕਮਨਾਮਿਆਂ ਵਿਚ ਮਿਲਦੇ ਹਨ। ਜਿਵੇਂ ਕਿ ਭਾਈ ਚੈਨਸੁਖ, ਭਾਈ ਮਿਹਰ ਚੰਦ, ਭਾਈ ਸੋਭਾ ਚੰਦ, ਭਾਈ ਜੇਠੂ ਮਲੁ, ਭਾਈ ਡੇਡ ਮਲ, ਭਾਈ ਨੰਦ ਕੁਮਾਰ, ਭਾਈ ਪਰਲਾਦ ਦਾਸ, ਭਾਈ ਬੰਸੀ, ਭਾਈ ਮੁਰਲੀ, ਭਾਈ ਪਰੀਤਮ ਦਾਸ, ਭਾਈ ਰਾਘੋ ਦਾਸ, ਭਾਈ ਮੋਹਨ ਦਾਸ, ਬੇਬੇ ਪੇੜੀ ਬਾਈ। ਭਾਈ ਸਦਾ ਨੰਦ, ਭਾਈ ਕਵਲ ਨੈਨ, ਭਾਈ ਲਾਲ ਮੰਨ, ਭਾਈ ਛਬੀਲ ਦਾਸ, ਭਾਈ ਕਿਰਪਾਲ, ਭਾਈ ਅਮਾਲੀਆ, ਭਾਈ ਬੈਜਨਾਥ, ਭਾਈ ਸੰਗਤਿ ਦਾਸ, ਭਾਈ ਝਬਰ ਸਿੰਘ ਆਦਿ।

ਇਸ ਤਰ੍ਹਾਂ ਪਟਣਾ ਇਕ ਕੇਂਦਰ ਵਜੋਂ, ਇਕ ਹੋਰ ਹੁਕਮਨਾਮੇ ਤੋਂ ਵੀ ਸਾਬਤ ਹੋ ਜਾਂਦਾ ਹੈ ਜਿਹੜਾ ਕਿ ਗੁਰੂ ਜੀ ਨੇ ਆਸਾਮ ਨੂੰ ਜਾਂਦਿਆਂ ਬਨਾਰਸ ਦੀ ਸੰਗਤ ਨੂੰ ਲਿਖਿਆ ਸੀ। ਇਸ ਰਾਹੀ ਬਨਾਰਸ ਦੀ ਸੰਗਤ ਨੂੰ ਲਿਖਿਆ ਗਿਆ ਹੈ ਕਿ ਉਸ ਨੇ ਆਪਣੀਆਂ ਸੇਵਾਵਾਂ ਭਾਈ ਜਵਾਹਰ ਮਲ ਨੂੰ ਦੇਣੀਆਂ ਅਤੇ ਭਾਈ ਜਵਾਹਰ ਮਲ ਅਗੇ ਭਾਈ ਦਿਆਲ ਦਾਸ ਨੂੰ ਪਹੁੰਚਾ ਦੇਵੇਗਾ।

> *"ਸਰਬਤ ਸੰਗਤਿ ਬਨਾਰਸ ਕੀ ਗੁਰੂ ਰਖੇਗਾ ਕਾਰਬਾਰ ਲੋਚ ਕੇ ਸੰਗਤਿ ਭਾਈ ਜਵੇਹਰੀ ਨੋ ਦੇਣੀ ਜਵੇਹਰੀ ਭਾਈ ਦਿਆਲ ਦਾਸ ਪਾਸ ਪਹੁਚਾਵੇਗਾ ਹਜੂਰਿ ਪਹੁਚੇਗੀ"* [7]

ਭਾਈ ਜਵੇਹਰੀ ਬਨਾਰਸ ਦੀ ਸੰਗਤ ਦਾ ਮੁਖੀਆ ਸੀ। ਆਸਾਮ ਨੂੰ ਜਾਂਦਿਆਂ, ਪਿੱਛੇ ਲਗਾਤਾਰ ਸੰਗਤਾਂ ਨਾਲ ਸੰਬੰਧ ਬਣਾਈ ਰਖਿਆ ਜਾਂਦਾ ਸੀ। ਪਟਣੇ ਤੋਂ ਚਲਿਆਂ ਨੂੰ ਅਜੇ ਚਾਰ ਦਿਨ ਹੀ ਹੋਏ ਸਨ ਕਿ ਗੁਰੂ ਸਾਹਿਬ ਪਟਣੇ ਦੇ ਮੁਖੀ ਭਾਈ ਦਿਆਲ ਦਾਸ, ਭਾਈ

---

7. ਇਹ ਹੁਕਮਨਾਮਾ ਤਖ਼ਤ ਸਿਰੀ ਪਟਣਾ ਸਾਹਿਬ ਵਿਖੇ ਸੁਰੱਖਿਅਤ ਹੈ।

ਰਾਮ ਰਾਇ ਅਤੇ ਭਾਈ ਦਰਬਾਰੀ ਨੂੰ ਹੁਕਮ ਕਰਦੇ ਹਨ ਕਿ ਉਹ ਜਲਦੀ ਜਲਦੀ ਉਨ੍ਹਾਂ ਨਾਲ ਆ ਮਿਲਣ। ਜਲਦੀ ਆਉਣ ਬਾਰੇ ਵੀ ਇਹ ਖਾਸ ਤਾਕੀਦ ਕਰਦੇ ਹਨ ਕਿ ਚੰਗੀ ਤਰਾਂ ਤੇਜ ਦੌੜਨ ਵਾਲੀ ਅਸਵਾਰੀ ਲੈ ਕੇ ਅਠ ਪਹਿਰਾਂ ਵਿਚ ਹੀ ਆ ਪਹੁੰਚਣਾ, ਢਿੱਲ ਨਹੀਂ ਕਰਨੀ।

> *"ਕੂਚ ਕੀਏ ਹਮ ਕੋ ਚਾਰ ਦਿਨ ਹੂਏ ਹਹਿ ਰਾਜੇ ਜੀ ਕੇ ਕੂਚ ਕੀਏ ਸਾਤ ਰੋਜ ਹੂਏ ਤੇ ਤੁਮਾਰੇ ਵਾਸਤੈ ਹਮੋ ਨੇ ਮੁਕਾਮ ਕੀਏ ਹੈ ਰਾਤ ਰਾਤ ਕਰ ਕੈ ਬਹੁਤ ਸਿਤਾਬੀ ਸਾਥ ਹਮਾਰੇ ਪਾਸ ਆਇ ਪਹੁੰਚਣਾ ਦਊੜਨ ਵਾਲਾ ਕੋਸਾ ਕਰਿਕੇ ਆਠ ਪਹਰ ਮੋ ਆਇ ਪਹੁਚਣਾ ਢੀਲ ਪਾਉ ਘੜੀ ਕੀ ਨਾਹੀ ਕਰਣੀ।*[8]

ਇਕ ਹੋਰ ਹੁਕਮਨਾਮੇ ਰਾਹੀਂ ਭਾਈ ਦਿਆਲ ਦਾਸ ਨੂੰ ਹੁਕਮ ਕਰਦੇ ਹਨ ਕਿ ਅਸੀਂ ਮੁੰਗੇਰ (ਬਿਹਾਰ ਦਾ ਇਕ ਸ਼ਹਿਰ) ਠਹਿਰੇ ਹੋਏ ਹਾਂ। ਛੇਤੀ ਹੀ ਸੂਬੇ ਦੇ ਮਸੰਦਾਂ ਨੂੰ ਨਾਲ ਲੈ ਕੇ ਮਿਲਣ ਆਵੇ। ਇਸ ਦੇ ਨਾਲ ਹੀ ਕੁਝ ਪੱਗਾਂ ਮੰਗਵਾਈਆਂ ਹਨ।

> *"ਭਾਈ ਜੀ ਅਸਾਂ ਮੁੰਗੇਰ ਛਾਵਣੀ ਕੀਤੀ ਹੈ ਸੰਗਤਿ ਕੀ ਸੇਵਾ ਕੀ ਵੇਲਾ ਹੈ ਭਾਈ ਜੀ ਪਰੇ ਕੇ ਜੁ ਤੁਮਾਰੇ ਸੂਬੇ ਕੇ ਮਸੰਦ ਹੈਨਿ ਸਰਬਤ ਸੰਗਤ ਪਰੇ ਕੀ ਲੈ ਕੇ ਦਰਸ਼ਨ ਆਵਣਾ........ਭਾਈ ਜੀ ਸਹਜਾਦਪੁਰ ਕੋ ਡੇਰੇ ਦੇ ਖੇਮੇ ਕੇ ਵਾਸਤੇ ਲਿਖਿਆ ਚਾਹਤੇ ਹਹਿ ਜਿਉ ਤੁਮ ਕਹਿ ਭੇਜਹੁ ਤਿਉ ਹਮ ਹੁਕਮ ਨਾਵਾ ਸੰਗਤਿ ਕੇ ਲਿਖਹ ਦੇ ਕੋੜੀਆਂ ਪਗਾ ਬਿਹਾਰ ਕੀ ਭੇਜਣੀ ਏਕ ਕੋੜੀ ਪਗਾ ਕੀ ਚਾਲੀਸ ਰੁਪਯੇ ਕੀ ਭੇਜਣੀ।"*[9]

ਇਕ ਹੋਰ ਹੁਕਮਨਾਮੇ ਰਾਹੀਂ, ਜੋ ਪਟਣੇ ਦੀ ਸੰਗਤ ਦੇ ਨਾਮ ਹੈ ਗੁਰੂ ਸਾਹਿਬ ਕੁਝ ਚੀਜ਼ਾਂ ਮੰਗਵਾਉਂਦੇ ਹਨ। ਭਾਈ ਦਿਆਲ ਦਾਸ ਨੂੰ ਗੁਰੂ ਜੀ ਭਯਾ ਜੀ (ਭਾਈ ਜੀ) ਕਹਿ ਕੇ ਸੰਬੋਧਨ ਕਰਦੇ ਹਨ। ਪਟਣੇ ਨੂੰ ਗੁਰੂ ਕਾ ਘਰ ਲਿਖਦੇ ਹਨ :

> *ਸਰਬਤਿ ਸੰਗਤਿ ਗੁਰੂ ਮਨੋਰਥ ਪੂਰੇ ਕਰੇਗਾ ਅਸੂਨ ਕੋਚ ਹੈ ਸਤਰੀ ਰੁਪਯਾ ਕੀ ਵਸਤ ਲਿਖੀ ਹੈ ਡੇਰੇ ਕੇ ਵਾਸਤੇ ਹੁਕਮ ਦੇਖਦੇ ਹੀ ਵਸਤ ਭੇਜਣੀ ਸਿਤਾਬੀ ਸਾਥ ਡੇਰਾ ਤਯਾਰ ਹੋਣਾ ਹੈ ਸੰਗਤਿ ਸਰਬਤ ਲੈ ਕੇ ਭਯਾ ਜੀ ਤੁਮੇ ਦਰਸਨ ਕਰ ਜਾਣਾ ਸਿਤਾਬ ਆਵਣਾ ਸੰਗਤਿ ਕਾ ਗੁਰੂ ਰੁਜਗਾਰ ਮੋ ਬਰਕਤਿ ਕਰੈਗਾ ਪਟਣਾ ਗੁਰੂ ਕਾ ਘਰ ਹੈ।"*[10]

ਜਿਸ ਸਮੇਂ ਗੁਰੂ ਜੀ ਬੰਗਾਲ ਅਤੇ ਆਸਾਮ ਵਿਚ ਵਿਚਰ ਰਹੇ ਸਨ ਤਾਂ ਪਿੱਛੇ ਪਟਣਾ ਸਾਹਿਬ ਵਿਖੇ ਬਾਲ ਗੋਬਿੰਦ ਜੀ ਦਾ ਜਨਮ ਹੋਇਆ। ਸਹਿਬਜ਼ਾਦੇ ਦੇ ਜਨਮ ਦੀ ਖੁਸ਼ੀ ਦੀ ਖ਼ਬਰ ਗੁਰੂ ਜੀ ਨੂੰ ਭੇਜੀ ਗਈ। ਸਾਹਿਬਜ਼ਾਦੇ ਦੀ ਦੇਖਭਾਲ ਉਪਰ ਜੋ ਖਰਚ ਕੀਤਾ ਜਾ ਰਿਹਾ ਸੀ, ਗੁਰੂ ਜੀ ਇਸ ਸਭ ਬਾਰੇ ਪਟਣੇ ਦੀ ਸੰਗਤ ਦਾ ਧੰਨਵਾਦ ਕਰਦੇ ਹਨ :

> *"ਸਰਬਤ ਸੰਗਤਿ ਪਟਣੇ ਕੀ ਜਿਨਿ ਸਿਖ ਵਾਹਗੁਰੂ ਕੀਆ ਹੈ ਤਿਸ ਕੇ ਮਨੋਰਥ*

---

8. ਉਕਤ।
9. ਉਕਤ।
10. ਉਕਤ।

ਪੂਰੇ ਹੋਵਹਿਗੇ ਗੋਬਿੰਦ ਦਾਸ ਕੀ ਬਧਾਈ ਉਪਰਿ ਸੰਗਤਿ ਖਰਚ ਕੀਆ ਗੁਰੂ ਕੀ ਦਰਗਾਹ ਥਾਇ ਪਯਾ ਰੁਪਯੇ ਕੀ ਮੁਹਰ ਥਾਇ ਪੜੀ ਪੀਛੇ ਸੇਵਾ ਕੀਤੀ ਸੋ ਥਾਇ ਪਈ ਆਗੇ ਜੁ ਸੇਵਾ ਕਰੇਗਾ ਤਿਸਕਾ ਭਲਾ ਹੋਗੁ ਸੰਗਤਿ ਕੇ ਰੁਜ਼ਗਾਰ ਮੋ ਬਰਕਤ ਹੋਗ ਭਾਈ ਜੀ ਸਰਪਾਉ ਭੇਜਿਆ ਹੈ ਪਟਣਾ ਗੁਰੂ ਕਾ ਘਰ ਹੈ ਸੰਗਤਿ ਦਾ ਭਲਾ ਹੋਗੁ।"[11]

ਇਸ ਤਰ੍ਹਾਂ ਦੇ ਹੋਰ ਵੀ ਕਈ ਹੁਕਮਨਾਮੇ ਹਨ ਜੋ ਗੁਰੂ ਤੇਗ ਬਹਾਦਰ ਜੀ ਵਲੋਂ ਪਟਣੇ ਦੀ ਸੰਗਤ ਦੇ ਨਾਂ ਭੇਜੇ ਗਏ ਸਨ। ਸਾਰੇ ਹੁਕਮਨਾਮਿਆਂ ਤੋਂ ਇਕ ਗਲ ਖਾਸ ਰੂਪ ਵਿਚ ਸਪਸ਼ਟ ਹੁੰਦੀ ਹੈ ਕਿ ਪਟਣਾ, ਪੂਰਬੀ ਇਲਾਕੇ ਦੀਆਂ ਸਿੱਖ ਸੰਗਤਾਂ ਦਾ ਕੇਂਦਰ ਸੀ ਅਤੇ ਭਾਈ ਦਿਆਲ ਦਾਸ ਇਸ ਇਲਾਕੇ ਦਾ ਮੁੱਖੀ ਸੀ। ਆਲੇ ਦੁਆਲੇ ਦੀਆਂ ਸਿੱਖ ਸੰਗਤਾਂ ਆਪਣਾ ਦਸਵੰਧ ਜਾਂ ਚੜ੍ਹਾਵਾ ਪਟਣੇ ਵਿਖੇ ਭਾਈ ਦਿਆਲ ਦਾਸ ਨੂੰ ਭੇਜਦੀਆਂ ਸਨ ਅਤੇ ਭਾਈ ਦਿਆਲ ਦਾਸ ਅਗੇ ਗੁਰੂ ਜੀ ਨੂੰ ਭੇਜਦਾ ਸੀ। ਇਸ ਤਰ੍ਹਾਂ ਦਾ ਜ਼ਿਕਰ ਕਈ ਹੁਕਮਨਾਮਿਆਂ ਵਿਚ ਮਿਲਦਾ ਹੈ।

ਗੁਰੂ ਤੇਗ ਬਹਾਦਰ ਜੀ ਅਸਾਮ ਦੀ ਮੁਹਿੰਮ ਵਿਚ, ਰਾਜਾ ਰਾਮ ਸਿੰਘ ਅਤੇ ਆਸਾਮ ਦੇ ਰਾਜੇ ਵਿਚਕਾਰ ਜੰਗੀ-ਸੰਧੀ ਕਰਵਾ ਕੇ ਵਾਪਸ ਪਟਣਾ ਸਾਹਿਬ ਆਏ। ਇਸ ਵਾਰ ਆਪ ਜੀ ਦਾ ਡੇਰਾ ਪਟਣੇ ਤੋਂ ਬਾਹਰ ਗੁਰਦੁਆਰਾ ਗੁਰੂ ਕਾ ਬਾਗ ਵਾਲੀ ਥਾਂ ਵਿਖੇ ਸੀ। ਇਹ ਗੁਰਦੁਆਰਾ ਇਸ ਸਮੇਂ ਤਖ਼ਤ ਪਟਣਾ ਸਾਹਿਬ ਤੋਂ ਲਗਭਗ ਦੋ ਮੀਲ ਪੂਰਬ ਵਲ ਹੈ। ਇਥੇ ਗੁਰੂ ਜੀ ਦੇ ਸਮੇਂ ਨਵਾਬ ਰਹੀਮ ਬਖਸ਼ ਅਤੇ ਕਰੀਮ ਬਖਸ਼ ਦਾ ਸੁੱਕਿਆ ਹੋਇਆ ਬਾਗ ਸੀ। ਗੁਰੂ ਸਾਹਿਬ ਦੇ ਇਥੇ ਆਉਣ ਸਮੇਂ, ਸਥਾਨਕ ਰਵਾਇਤਾਂ ਅਨੁਸਾਰ, ਬਾਗ ਹਰਾ ਭਰਾ ਹੋ ਗਿਆ ਸੀ। ਨਵਾਬ ਭਰਾਵਾਂ ਵਲੋਂ ਬਾਗ ਨੂੰ ਗੁਰੂ ਸਾਹਿਬ ਦੇ ਹੀ ਨਾਂ ਕਰਵਾ ਦਿੱਤਾ ਗਿਆ ਸੀ। ਗੁਰੂ ਜੀ ਦੇ ਪਿੱਛੋਂ ਨਵਾਬ ਭਰਾਵਾਂ ਨੇ ਹੀ ਇਸ ਨੂੰ ਗੁਰੂ ਜੀ ਦੀ ਯਾਦ ਵਿਚ ਸੰਭਾਲ ਕੇ ਰਖਿਆ। ਪਿੱਛੋਂ ਸਿੱਖ ਸੰਗਤਾਂ ਵਲੋਂ ਇਥੇ ਇਕ ਗੁਰਦੁਆਰਾ ਉਸਾਰਿਆ ਗਿਆ ਹੁਣ ਇਹ ਗੁਰਦੁਆਰਾ ਤਖ਼ਤ ਸਿਰੀ ਪਟਣਾ ਸਾਹਿਬ ਦੀ ਪਰਬੰਧਕੀ ਕਮੇਟੀ ਦੇ ਅਧੀਨ ਹੀ ਹੈ। ਇਸ ਸਮੇਂ ਪਰਬੰਧਕੀ ਕਮੇਟੀ ਵਲੋਂ ਪੰਜਾਹ ਹਜ਼ਾਰ ਰੁਪਏ ਦੀ ਲਾਗਤ ਨਾਲ ਇਕ ਨਵੀਂ ਇਮਾਰਤ ਦੀ ਉਸਾਰੀ ਕਰਵਾਈ ਜਾ ਰਹੀ ਹੈ। ਸਥਾਨਕ ਰਵਾਇਤਾਂ ਅਨੁਸਾਰ ਇਥੇ ਜੋ ਨਿੰਮ ਦਾ ਇਕ ਦਰਖਤ ਖੜਾ ਹੈ, ਕਿਹਾ ਜਾਂਦਾ ਹੈ ਕਿ ਉਹ ਉਸ ਦਾਤਣ ਤੋਂ ਹਰਾ ਹੋਇਆ ਸੀ ਜਿਹੜੀ ਗੁਰੂ ਸਾਹਿਬ ਨੇ ਗਡੀ ਸੀ। ਉਹ ਖੂਹ ਵੀ ਅਜੇ ਤਕ ਸੁਰਖਿਅਤ ਹੈ ਜਿਥੇ ਇਕ ਸਾਧੂ ਦਾ ਭਰਮ ਤੋੜਿਆ ਸੀ। ਸਾਰਾ ਪਰਿਵਾਰ, ਬਾਲ ਗੋਬਿੰਦ ਸਮੇਤ ਇਥੇ ਹੀ ਗੁਰੂ ਜੀ ਨੂੰ ਮਿਲਣ ਆਇਆ। ਪਰ ਇਸ ਸਮੇਂ ਗੁਰੂ ਜੀ ਪਟਣੇ ਵਿਖੇ ਕੋਈ ਲੰਮਾ ਠਹਿਰਾਅ ਕਰਨ ਦੇ ਵਿਚਾਰ ਵਿਚ ਨਹੀਂ ਸਨ। ਗੁਰੂ ਸਾਹਿਬ ਪਰਿਵਾਰ ਨੂੰ ਪੰਜਾਬ ਆਉਣ ਦੀਆਂ ਹਦਾਇਤਾਂ ਕਰ ਕੇ ਖ਼ੁਦ ਪੰਜਾਬ ਵਲ ਚਲ ਪਏ ਸਨ। ਸ਼ਾਇਦ ਪੰਜਾਬ ਵਿਚਲੀ ਬਿਗੜ ਰਹੀ ਫਿਰਕੂ ਹਾਲਤ ਤੋਂ, ਗੁਰੂ ਜੀ ਚਿੰਤਤ ਸਨ।

---

11. ਉਕਤ।

ਗੁਰੂ ਤੇਗ ਬਹਾਦਰ ਜੀ ਤੋਂ ਪਿੱਛੋਂ, ਗੁਰੂ ਗੋਬਿੰਦ ਸਿੰਘ ਜੀ ਦਸਵੇਂ ਗੁਰੂ ਦੇ ਤੌਰ 'ਤੇ ਪਰਗਟ ਹੋਏ। ਦਸਮ ਪਾਤਸ਼ਾਹ ਭਾਵੇਂ ਸਖਸ਼ੀ ਰੂਪ ਵਿਚ ਗੁਰੂ ਦੇ ਤੌਰ 'ਤੇ ਪਰਗਟ ਹੋਣ ਪਿੱਛੋਂ, ਪਟਨੇ ਨਹੀਂ ਜਾ ਸਕੇ ਪਰ ਉਨ੍ਹਾਂ ਦਾ ਸੰਬੰਧ, ਪਟਨੇ ਦੀ ਸੰਗਤ ਨਾਲ ਬਣਿਆ ਹੋਇਆ ਸੀ। ਗੁਰੂ ਗੋਬਿੰਦ ਸਿੰਘ ਜੀ ਦੇ ਵੀ ਕਈ ਹੁਕਮਨਾਮੇ ਤਖ਼ਤ ਪਟਨਾ ਸਾਹਿਬ ਵਿਖੇ ਸੁਰੱਖਿਅਤ ਪਏ ਹਨ ਜਿਹੜੇ ਪਟਨਾ ਦੀ ਸੰਗਤ ਦੇ ਮੁਖੀ ਸਿੰਘਾਂ ਦੇ ਨਾਂ ਹਨ। ਪਰ ਇਨ੍ਹਾਂ ਹੁਕਮਨਾਮਿਆਂ ਉਪਰ, ਗੁਰੂ ਤੇਗ ਬਹਾਦਰ ਜੀ ਦੇ ਹੁਕਮਨਾਮਿਆਂ ਦੀ ਤਰ੍ਹਾਂ, ਜ਼ਿਆਦਾ ਗਿਣਤੀ ਵਿਚ ਸਿੱਖਾਂ ਦੇ ਨਾਂ ਨਹੀਂ। ਇਨ੍ਹਾਂ ਉਪਰ ਸਗੋਂ ਇਕ ਜਾਂ ਦੋ ਸਿੱਖਾਂ ਦੇ ਹੀ ਨਾਂ ਹਨ। ਗੁਰੂ ਗੋਬਿੰਦ ਸਿੰਘ ਜੀ ਦਾ ਇਕ ਹੁਕਮਨਾਮਾ ਮਾਘ ਸੁਦੀ 9, ਸੰਮਤ 1748 ਬਿ. (17 ਜਨਵਰੀ, 1692 ਈ.) ਦਾ ਹੈ ਜੋ ਭਾਈ ਗੁਰਦਾਸ ਦੇ ਨਾਂ ਹੈ :

> *"ਸਿਰੀ ਗੁਰੂ ਜੀਉ ਕੀ ਆਗਿਆ ਹੈ ਭਾਈ ਗੁਰਦਾਸ ਸਰਬਤ ਸੰਗਤ ਗੁਰੂ ਰਖੇਗਾ ਕਾਰ ਸੰਗਤ ਲੈ ਆਵਣਾ ਜੋ ਸਿਖੁ ਆਵਗੁ ਸੋ ਨਿਹਾਲੁ ਹੋਗੁ "*

ਦੂਸਰਾ ਹੁਕਮਨਾਮਾ ਭਾਈ ਰਾਮ ਰਾਇ ਤੇ ਦਾਈ ਲਾਡੋ ਦੇ ਨਾਂ ਹੈ :

> *"ਭਾਈ ਰਾਮ ਰਾਇ ਦਾਈ ਲਾਡੋ ਗੁਰੂ ਰਖੇਗਾ ਦਰਬਾਰੀ ਸੋਭਾ ਚੰਦ ਹਜ਼ੂਰ ਪਹੁਚੇ ਮੇਰੀ ਖੁਸ਼ੀ ਹੈ ਨਿਹਾਲੁ ਹੋਏ।"*

ਤੀਜਾ ਹੁਕਮਨਾਮਾ ਮਿਤੀ ਅਸੂ ਵਦੀ 10, ਸੰਮਤ, 1749 ਬਿ. (25 ਦਸੰਬਰ, 1692 ਈ.) ਦਾ ਹੈ ਜੋ ਭਾਈ ਗੁਰਦਾਸ ਦੇ ਨਾਂ ਹੈ :

> *"ਸਿਰੀ ਗੁਰੂ ਜੀਉ ਦੀ ਆਗਿਆ ਹੈ ਭਾਈ ਗੁਰਦਾਸ ਸਰਬਤ ਸੰਗਤ ਗੁਰੂ ਰਖੇਗਾ ੧ ਇਕ ਖੁਲਗਾਰ ਬੋਇਦਾਰ ਭੇਜਣੀ ਖੁਸ਼ੀ ਹੈ।"*

ਗੁਰੂ ਗੋਬਿੰਦ ਸਿੰਘ ਜੀ ਪਿੱਛੋਂ ਮਾਤਾ ਸੁੰਦਰੀ ਜੀ ਵਲੋਂ ਵੀ ਪਟਨੇ ਦੀ ਸੰਗਤ ਨਾਲ ਸੰਬੰਧ ਕਾਇਮ ਰਖੇ ਹੋਏ ਸਨ। ਮਾਤਾ ਸੁੰਦਰੀ ਜੀ ਵਲੋਂ ਜੋ ਹੁਕਮਨਾਮੇ ਪਟਨੇ ਦੀ ਸੰਗਤ ਨੂੰ ਭੇਜੇ ਗਏ ਸਨ ਉਨ੍ਹਾਂ ਵਿਚ ਵੀ ਅਨੇਕਾਂ ਸਿੱਖਾਂ ਦੇ ਨਾਂ ਹਨ ਅਤੇ ਇਨ੍ਹਾਂ ਹੁਕਮਨਾਮਿਆਂ ਵਿਚ, ਆਪਣੇ ਲਈ ਅਤੇ ਲੰਗਰ ਲਈ ਰੁਪਈਆ ਦੀ ਮੰਗ ਕੀਤੀ ਗਈ ਹੈ :

> *"ਸਰਬਤਿ ਸੰਗਤ ਸਿਰੀ ਅਕਾਲ ਪੁਰਖ ਜੀ ਕਾ ਖਾਲਸਾ ਵਾਸੀ ਪਟਣੇ ਕਾ ਗੁਰੂ ਰਖੈਗਾ ਗੁਰੂ ਗੁਰੂ ਜਪਣਾ ਜਨਮੁ ਸਵਾਰਣਾ 200) ਦੁਇ ਸੈ ਰੁਪਇਐ ਲੰਗਰ ਕੇ ਖਰਚ ਦੇ ਵਾਸਤੇ ਤੁਸਾਂ ਉਪਰ ਫੁਰਮਾਇਸ ਹੋਈ ਹੈ ਹੁਕਮ ਦੇਖਦੇ ਹੁੰਡੀ ਕਰਾਇ ਭੇਜਣੀ ਨਿਹਾਲੁ ਹੋਵਹੁਗੇ ਤੁਹਾਡੀ ਖਟੀ ਕਮਾਈ ਵਿਚਿ ਗੁਰੂ ਬਰਕਤਿ ਪਾਵੇਗਾ ਤੁਸੀ ਮੇਰੇ ਫਰਜੰਦ ਹੋ ਤੁਸਾਂ ਉਪਰ ਮੇਰੀ ਬਹੁਤੁ ਖੁਸੀ ਹੈ।"*

ਇਹ ਹੁਕਮਨਾਮਾ 12 ਅਕਤੂਬਰ, 1717 ਈ. ਦਾ ਹੈ। ਇਕ ਹੋਰ ਹੁਕਮਨਾਮਾ ਜੋ 29 ਮਾਰਚ, 1721 ਦਾ ਹੈ। ਇਸ ਰਾਹੀਂ ਮਾਤਾ ਜੀ ਨੇ ਪਟਣੇ ਦੀ ਸੰਗਤ ਕੋਲੋਂ ਚੇਤ ਸਿੰਘ ਰਾਹੀਂ ਲੰਗਰ ਲਈ ਖਰਚ ਮੰਗਵਾਇਆ ਹੈ :

> *"ਭਾਈ ਚੇਤ ਸਿੰਘ ਸਰਕਾਰ ਮੇਵੜਾ ਹਜੂਰ ਆਇ ਪਹੁਤਾ ਅਰਦਾਸ ਤੁਮਾਰੀ ਗੁਜਰਾਨੀ ਸਭ ਹਕੀਕਤਿ ਮਾਲੂਮ ਹੋਈ ਜਬਾਨੀ ਭੀ ਸਭ ਹਕੀਕਤਿ ਭਾਈ ਚੇਤ ਸਿੰਘ ਨੇ ਜਾਹਰ ਕੀਤੀ ਇਸ ਤੇ ਪਿਛੋ ਕਾਰ ਭੇਟ ਸਿਰੀ ਗੁਰੂ ਜੀ ਕੇ ਨਮਿਤ ਕੀ*

ਕਉਡੀ ਦਮੜੀ ਹਜੂਰ ਭੇਜੀ ਸੀ ਜੋ ਮਾਫਕ ਅਰਦਾਸਾਂ ਸਭ ਪਹੁਤਾ ਸਰਬਤਿ ਖਾਲਸੇ ਨੋ ਬਹੁਤ ਖੁਸ਼ੀ ਹੋਈ ਅਗੇ ਭਾਈ ਚੇਤ ਸਿੰਘ ਤੁਸਾਂ ਸਰਬਤਿ ਖਾਲਸੇ ਪਾਸ ਭੇਜਿਆ ਹੈ ਸਿਰੀ ਗੁਰੂ ਜੀ ਕੇ ਨਮਿਤ ਕਾ ਕਾਰ ਭੇਟ ਸਖਮਲਤ ਗੋਲਕ ਦਸੋਧ ਚਲੀਆ ਜਿਸ ਪਾਸ ਹੈ ਲੰਗਰ ਕੇ ਖਰਚ ਨੋ ਛਿਮਾਹੀ ਕੀ ਛਿਮਾਹੀ ਮਾਰਫਤਿ ਚੇਤ ਸਿੰਘ ਕੀ ਹਜੂਰ ਦੇ ਭੇਜਿਆ ਕਰਣਾ।"

ਅਜਿਹੇ ਕਈ ਹੋਰ ਵੀ ਹੁਕਮਨਾਮੇ ਹਨ ਜੋ ਮਾਤਾ ਸੁੰਦਰੀ ਜੀ ਵਲੋਂ ਪਟਨਾ ਸਾਹਿਬ ਦੀ ਸੰਗਤ ਨੂੰ ਭੇਜੇ ਗਏ ਸਨ ਜਿਨ੍ਹਾਂ ਤੋਂ ਸਪਸ਼ਟ ਹੁੰਦਾ ਹੈ ਕਿ ਪਟਨੇ ਦੀ ਸੰਗਤ ਦਾ ਰੁਤਬਾ, ਗੁਰੂ ਪਰਿਵਾਰ ਦੀਆਂ ਨਜ਼ਰਾਂ ਵਿਚ ਬਹੁਤ ਉਚਾ ਸੀ। ਬੰਦਾ ਸਿੰਘ ਬਹਾਦਰ ਵੇਲੇ ਦਾ ਭਾਵੇਂ ਸਾਨੂੰ ਐਸਾ ਹੁਕਮਨਾਮਾ ਨਹੀਂ ਮਿਲਦਾ ਜਿਸ ਤਰ੍ਹਾਂ ਉਪਰੋਕਤ ਹੁਕਮਨਾਮਿਆਂ ਰਾਹੀਂ ਪਟਨੇ ਦੀ ਸੰਗਤ ਨਾਲ ਜੁੜੇ ਸੰਬੰਧਾਂ ਦਾ ਪਤਾ ਲਗਦਾ ਹੋਵੇ। ਪਰ ਬੰਦਾ ਸਿੰਘ ਬਹਾਦਰ ਸਮੇਂ ਵੀ ਜ਼ਰੂਰ ਪਟਣੇ ਦੀ ਸੰਗਤ ਆਪਣਾ ਫ਼ਰਜ ਨਿਭਾਉਂਦੀ ਹੋਵੇਗੀ।

ਅਠਾਰਵੀਂ ਸਦੀ ਦੇ ਅਧ ਵਿਚ ਜਦੋਂ ਖ਼ਾਲਸਾ, ਪੰਜਾਬ ਵਿਚ, ਜ਼ਿੰਦਗੀ ਅਤੇ ਮੌਤ ਦੀ ਲੜਾਈ ਲੜ ਰਿਹਾ ਸੀ। ਇਸ ਸਮੇਂ ਦਾ ਇਕ ਅਜਿਹਾ ਹੁਕਮਨਾਮਾ ਮਿਲਦਾ ਹੈ ਜਿਸ ਰਾਹੀਂ ਖਾਲਸਾ ਪੰਥ ਨੇ ਸਿਰੀ ਦਰਬਾਰ ਸਾਹਿਬ ਅੰਮ੍ਰਿਤਸਰ ਦੀ ਉਸਾਰੀ ਲਈ ਪਟਨਾ ਸਾਹਿਬ ਦੀ ਸੰਗਤ ਤੋਂ ਪੈਸੇ ਦੀ ਮਦਦ ਮੰਗੀ ਹੈ। ਇਹ ਹੁਕਮਨਾਮਾ 12 ਅਪਰੈਲ, 1759 ਈ. ਦਾ ਹੈ। ਇਹ ਹੁਕਮਨਾਮਾ ਸਰਬੱਤ ਖਾਲਸੇ ਵਲੋਂ ਹੈ। ਪਰ ਇਸ 'ਤੇ ਭੇਜਣ ਵਾਲੇ ਜਾਂ ਲਿਖਣ ਵਾਲੇ ਦਾ ਨਾਂ ਨਹੀਂ।

"ਸਤ ਸਿਰੀ ਅਕਾਲ ਪੁਰਖ ਜੀ ਕੇ ਖਾਲਸੇ ਜੀ ਦਾ ਬਚਨ ਹੈ ॥ ਭਾਈ ਆਇਆ ॥ ਭਾਈ ਮਿਹਰ ਸਿੰਘ ॥ ਭਾਈ ਮਹਿਬੂਬ ॥ ਹੋਰ ਸਮੂਹ ਵਾਸੀ ਪਟਣੇ ਕੀ ਪਾਸੇ ਵਾਹਗੁਰੂ ਜੀ ਕੀ ਫਤੇ ਬੋਲੀ ਹੈ ਬੁਲਾਵਣੀ ॥ ਉਪਰੰਤ ਰੁਪਯੇ ਸਵਾ ਸਉ 125) ਅਖਰੀ ਰੁਪਯੇ ਸਵਾ ਸਉ ਭਾਈ ਦਿਆਲ ਸਿੰਘ ਆਇਆ ਏ ਹੇ ਭਾਈ ਦਿਆਲ ਸਿੰਘ ਜੋਗੁ ਦੇਵਣੇ। ਤੁਸਾਡੀ ਗੁਰੂ ਖਾਲਸੇ ਨਾਲਿ ਬਣਿਆਉਗੁ ॥ ਗੁਰੂ ਕਿਰਤਿ ਬਰਕਤਿ ਕਰੁਗੁ ॥ ਹੋਰੁ ਗੁਰੂ ਦਾ ਦਸਵੰਧੁ ਚਲੀਹਾ ਕਾਰ ਭੇਟ ਅਰਦਾਸ ਜੋ ਕੁਛ ਗੁਰੂ ਕੇ ਨਿਮਤਿ ਕਾ ਹੋਵੇ ਸੋ ਦੀਪ ਮਾਲਾ ਉੱਤੇ ਲੈ ਆਵਣਾ। ਕਉੜੀ ਸਿਰੀ ਹਰਮੰਦਰ ਜੀ ਉਪਰ ਲਗੁਗੁ ॥ ਤੁਸਾਨੂੰ ਖੁਸੀ ਹੋਗੁ ॥"

ਕੁਝ ਵਰਨਣ, ਗੁਰੂ ਗੋਬਿੰਦ ਸਿੰਘ ਜੀ ਦੇ ਬਾਲ ਅਵਵਸਥਾ ਸਮੇਂ ਇਥੇ ਰਹਿਣ ਦਾ, ਕਰਨਾ ਜ਼ਰੂਰੀ ਹੈ। ਅਸਲ ਵਿਚ ਪਟਣਾ ਸ਼ਹਿਰ ਵਿਚ ਸਾਰੇ ਗੁਰਦੁਆਰੇ (ਸਿਰਫ ਗੁਰਦੁਆਰਾ ਗੁਰੂ ਕਾ ਬਾਗ ਨੂੰ ਛੱਡ ਕੇ) ਮੁਖ ਰੂਪ ਵਿਚ ਗੁਰੂ ਗੋਬਿੰਦ ਸਿੰਘ ਜੀ ਦੀ ਬਾਲ ਅਵਸਥਾ ਦੇ ਕਾਰਨਾਮਿਆਂ ਨਾਲ ਹੀ ਸਬੰਧਤ ਹਨ। ਖਾਸ ਤਖ਼ਤ ਸਿਰੀ ਹਰਿਮੰਦਰ ਸਾਹਿਬ, ਉਹ ਥਾਂ ਹੈ ਜਿਥੇ ਗੁਰੂ ਜੀ ਦਾ ਜਨਮ ਹੋਇਆ ਸੀ। ਇਹ ਸਾਲਸ ਰਾਇ ਜੌਹਰੀ ਦੀ ਉਹੀ ਥਾਂ ਸੀ ਜਿਹੜੀ ਉਸ ਨੇ ਗੁਰੂ ਘਰ ਨੂੰ ਭੇਟ ਕਰਕੇ ਧਰਮਸ਼ਾਲਾ ਦੇ ਰੂਪ ਵਿਚ ਬਦਲ ਦਿੱਤੀ ਸੀ। ਇਥੇ ਹੀ ਮਾਤਾ ਗੁਜਰੀ ਜੀ ਦਾ ਖੂਹ ਹੈ, ਜਿਹੜਾ ਇਸ ਸਮੇਂ ਤਖ਼ਤ ਸਾਹਿਬ ਵਾਲੀ ਇਮਾਰਤ

ਦੇ ਵਿਚ ਸੁਰੱਖਿਆਤ ਰਖਿਆ ਹੋਇਆ ਹੈ। ਇਹ ਹੁਣ ਉਪਰੋਂ ਛੱਤਿਆ ਹੋਇਆ ਹੈ ਅਤੇ ਇਕ ਚਰਖੀ-ਨੁਮਾ ਲਕੜੀ ਦੀ ਵਹਿੰਗੀ ਰਾਹੀਂ ਇਸ ਵਿਚੋਂ ਪਾਣੀ ਕਢਿਆ ਜਾਂਦਾ ਹੈ ਜਿਸ ਨੂੰ ਸ਼ਰਧਾਲੂ ਅਮ੍ਰਿਤ ਦਾ ਰੂਪ ਸਮਝ ਕੇ ਪੀਂਦੇ ਹਨ। ਸਾਰੇ ਪਟਣੇ ਦੇ ਇਸ ਮਹਲੇ ਵਿਚ ਉਸ ਸਮੇਂ ਸਿਰਫ਼ ਇਹੋ ਹੀ ਇਕ ਖੂਹ ਸੀ ਜਿਥੋਂ ਸਾਰੇ ਮਹਲਾਵਾਸੀ ਪਾਣੀ ਭਰਦੇ ਸਨ। ਆਮ ਤੌਰ 'ਤੇ ਲੋਕ ਗੰਗਾਂ ਦਰਿਆ ਤੋਂ ਹੀ ਪਾਣੀ ਭਰਦੇ ਹੁੰਦੇ ਸਨ, ਜਿਹੜੀ ਕਿ ਇਥੋਂ ਨੇੜੇ ਹੀ ਵਗਦੀ ਸੀ। ਗੁਰੂ ਤੇਗ ਬਹਾਦਰ ਜੀ ਨੇ ਪਟਣੇ ਪਹੁੰਚ ਕੇ ਸਭ ਤੋਂ ਪਹਿਲਾਂ ਇਹ ਖੂਹ ਲਗਵਾਇਆ ਸੀ।

ਗੁਰੂ ਜੀ ਦੀ ਬਾਲ ਅਵਸਥਾ ਨਾਲ ਸਬੰਧਤ ਦੂਜੀ ਮੁਖ ਥਾਂ ਗੁਰਦੁਆਰਾ ਮੈਣੀ ਸੰਗਤ ਹੈ। ਇਹ, ਇਥੋਂ ਦੇ ਸਥਾਨਕ ਹਾਕਮ, ਰਾਜਾ ਫਤਿਹ ਚੰਦ ਮੈਣੀ ਦੇ ਮਹਿਲ ਸਨ। ਇਥੇ ਉਸ ਰਾਜੇ ਦੀ ਰਾਣੀ ਦੀ ਰਿਹਾਇਸ਼ ਸੀ। ਇਹ ਥਾਂ ਤਖ਼ਤ ਸਾਹਿਬ ਵਾਲੀ ਥਾਂ ਤੋਂ ਤਕਰੀਬਨ ਪੌਣੇ ਕੁ ਮੀਲ ਦੀ ਵਿੱਥ 'ਤੇ ਹੈ। ਰਾਜਾ ਫਤਿਹ ਚੰਦ ਮੈਣੀ ਦੇ ਕੋਈ ਔਲਾਦ ਨਹੀਂ ਸੀ। ਰਾਜਾ ਅਤੇ ਰਾਣੀ ਔਲਾਦ ਬਿਨਾ ਬੇਚੈਨ ਸਨ। ਉਨ੍ਹਾਂ ਨੇ ਸਾਧਾਂ-ਸੰਤਾਂ ਅਤੇ ਹੋਰ ਪੀਰਾਂ-ਫ਼ਕੀਰਾਂ ਦੀ ਹਰ ਤਰ੍ਹਾਂ ਦੀ ਸੇਵਾ ਕੀਤੀ ਪਰ ਔਲਾਦ ਦਾ ਸੁਭਾਗ ਪਰਾਪਤ ਨਾ ਹੋਇਆ। ਇਸੇ ਕਰਕੇ ਹੀ ਉਸ ਪਰਿਵਾਰ ਦਾ ਗੁਰੂ ਘਰ ਨਾਲ ਅਟੁੱਟ ਪਿਆਰ ਸੀ। ਬਾਲ ਗੋਬਿੰਦ ਜੀ ਖੇਡਦੇ ਖੇਡਦੇ ਰਾਣੀ ਦੇ ਮਹਿਲਾਂ ਵਿਚ ਚਲੇ ਜਾਇਆ ਕਰਦੇ ਸਨ ਅਤੇ ਅਛੋਪਲੇ ਹੀ ਰਾਣੀ ਦੀ ਗੋਦ ਵਿਚ ਬੈਠ ਕੇ ਕੁਝ ਖਾਣ ਲਈ ਮੰਗਿਆ ਕਰਦੇ ਸਨ। ਰਾਣੀ ਨੂੰ ਸੰਬੋਧਨ ਕਰਨ ਸਮੇਂ, ਬਾਲ ਗੋਬਿੰਦ ਜੀ, ਮਾਂ ਕਹਿ ਕੇ ਪੁਕਾਰਿਆ ਕਰਦੇ ਸਨ। ਬਾਲ ਗੋਬਿੰਦ ਜੀ ਜੈਸੇ ਖ਼ੂਬਸੂਰਤ, ਚੁਸਤ ਅਤੇ ਛੋਟੇ ਬਾਲ ਨੂੰ ਆਪਣੀ ਗੋਦੀ ਵਿਚ ਬੈਠਾ ਦੇਖ ਕੇ, ਰਾਣੀ ਦੀ ਮਮਤਾ ਜਾਗ ਪੈਂਦੀ ਅਤੇ ਇਸ ਨੂੰ ਆਪਣੇ ਪੁੱਤਰ ਵਾਂਗ ਲਾਡ ਪਿਆਰ ਦਿੰਦੀ। ਇਸ ਤਰ੍ਹਾਂ ਬਾਲ ਗੋਬਿੰਦ ਜੀ ਰੋਜ਼ਾਨਾ ਹੀ ਰਾਣੀ ਪਾਸ ਜਾਂਦੇ ਅਤੇ ਉਨ੍ਹਾਂ ਦੀ ਗੋਦ ਵਿਚ ਬੈਠ ਕੇ ਲਾਡ ਪਿਆਰ ਕਰ ਕੇ ਆਉਂਦੇ। ਰਾਣੀ, ਬਾਲ ਗੋਬਿੰਦ ਜੀ ਨੂੰ ਅਤੇ ਉਨਾਂ ਦੇ ਹੋਰ ਸਾਥੀਆਂ ਨੂੰ ਪਿਆਰ ਨਾਲ ਛੋਲਿਆਂ ਦੀਆਂ ਤੜਕਵੀਆਂ ਬੱਕਲੀਆਂ ਜਿਨਾਂ ਨੂੰ ਘੁੰਗਣੀਆਂ ਕਿਹਾ ਜਾਂਦਾ ਸੀ, ਬਣਾ ਕੇ ਖੁਆਇਆ ਕਰਦੀ ਸੀ। ਘੁੰਗਣੀਆਂ ਬਣਾ ਕੇ ਦੇਣ ਦੀ ਰਵਾਇਤ ਇਤਨੀ ਪੱਕੀ ਹੈ ਕਿ ਅਜ ਵੀ ਇਸ ਗੁਰਦੁਆਰੇ ਵਿਚ ਘੁੰਗਣੀਆਂ ਦਾ ਹੀ ਪਰਸ਼ਾਦਿ ਵੰਡਿਆ ਜਾਂਦਾ ਹੈ ਅਤੇ ਕੁਝ ਖਾਸ ਨੀਯਤ ਦਿਨਾਂ 'ਤੇ ਇਹ ਘੁੰਗਣੀਆਂ ਬੱਚਿਆਂ ਨੂੰ ਇਕੱਠਿਆਂ ਕਰ ਕੇ ਖੁਆਈਆਂ ਜਾਂਦੀਆਂ ਹਨ।

ਰਾਜਾ ਅਤੇ ਰਾਣੀ, ਬਾਲ ਗੋਬਿੰਦ ਜੀ ਦੇ ਪਿਆਰ ਵਿਚ ਇਤਨੇ ਮੁਗਧ ਹੋ ਗਏ ਸਨ ਕਿ ਉਨ੍ਹਾਂ ਨੂੰ ਆਪਣੇ ਪੁੱਤਰ ਦੀ ਅਣਹੋਂਦਤਾ ਹੀ ਮਹਿਸੂਸ ਹੋਣੋ ਹਟ ਗਈ ਸੀ ਅਤੇ ਉਨ੍ਹਾਂ ਨੇ ਆਪਣੇ ਮਹਿਲ, ਬਾਲ ਗੋਬਿੰਦ ਜੀ ਦੀ ਯਾਦ ਨੂੰ ਹੀ ਅਰਪਤ ਕਰ ਦਿਤੇ ਸਨ। ਗੁਰੂ ਪਰਿਵਾਰ ਦੇ ਪਟਣਾ ਸਾਹਿਬ ਤੋਂ ਪੰਜਾਬ ਨੂੰ ਆਉਣ ਪਿੱਛੋਂ, ਰਾਜੇ ਨੇ ਇਥੇ ਇਕ ਗੁਰਦੁਆਰਾ ਬਣਵਾ ਦਿਤਾ। ਅਜ ਕਲ ਇਸ ਗੁਰਦੁਆਰੇ ਨੂੰ ਗੁਰਦੁਆਰਾ ਬਾਲਾ ਲੀਲਾ ਮੈਣੀ ਸੰਗਤ ਕਿਹਾ ਜਾਂਦਾ ਹੈ। ਕਿਉਂਕਿ ਰਾਜਾ ਸਿੱਖ ਬਣ ਗਿਆ ਸੀ ਇਸ ਲਈ ਉਸ ਨੇ ਇਥੇ ਇਕ ਸੰਗਤ ਕਾਇਮ ਕਰ ਲਈ ਸੀ। ਇਸ ਸੰਗਤ ਨੂੰ ਮੈਣੀ ਸੰਗਤ ਕਿਹਾ ਜਾਂਦਾ ਹੈ। ਇਹ

ਗੁਰਦੁਆਰਾ ਮੁਢ ਤੋਂ ਹੀ ਤਖ਼ਤ ਸਾਹਿਬ ਵਾਲੀ ਪਰਬੰਧਕ ਕਮੇਟੀ ਦੇ ਪਰਬੰਧ ਤੋਂ ਵਖਰਾ ਹੀ ਚਲਿਆ ਆਉਂਦਾ ਹੈ ਅਤੇ ਅਜ ਕਲ ਇਸ ਦਾ ਪਰਬੰਧ ਨਿਰਮਲੇ ਸੰਤਾਂ ਕੋਲ ਹੈ। ਕਿਉਂਕਿ ਇਹ ਨਿਰਮਲੇ ਸੰਤ ਲਗਭਗ ਸਿੱਖੀ ਪਰੰਪਰਾਵਾਂ ਹੀ ਅਪਣਾਉਂਦੇ ਆ ਰਹੇ ਹਨ। ਇਸ ਲਈ ਸਿੱਖਾਂ ਨੇ ਵੀ ਇਥੋਂ ਦਾ ਪਰਬੰਧ ਨਿਰਮਲਿਆਂ ਕੋਲੋਂ ਖੋਹਣ ਦੀ ਗੱਲ ਨਹੀਂ ਸੋਚੀ। ਪੰਡਤ ਤਾਰਾ ਸਿੰਘ ਨਰੋਤਮ ਇਸ ਅਸਥਾਨ ਬਾਰੇ ਇਉਂ ਲਿਖਦੇ ਹਨ :

> *"ਈਹਾਂ ਗੁਰੂ ਜੀ ਬਾਲਕੋਂ ਸਾਥ ਖੇਲਤੇ ਥੇ ਮਾਤਾ ਜੀ ਖਾਨੇ ਵਾਸਤੇ ਦੁਧ ਪੂਰੀ ਅਰ ਤਲੇ ਹੂਏ ਚਣੇ ਭੇਜਤੀ ਥੀ। ਅਬ ਭੀ ਇਸ ਗੁਰਦੁਆਰੇ ਮੇਂ ਬਾਲਕੋਂ ਕੋ ਸਦਾ ਯਹੀ ਗੁਰੂ ਜੀ ਕੇ ਭੋਗ ਦਾ ਪਰਸਾਦ ਮਿਲਤਾ ਹੈ। ਯਹ ਗੁਰਦੁਆਰਾ ਬਹੁਤ ਸੁੰਦਰ ਬਨਾ ਹੂਆ ਹੈ। ਗੁਰੂ ਜੀ ਕੇ ਸਮੇਂ ਕਾ ਈਹਾਂ ਕਰੌਦੇ ਕਾ ਪੇਡ ਹੈ। ਅਰ ਗੁਰੂ ਜੀ ਕੇ ਚਰਨੋ ਕੇ ਮੋਜੇ ਹਨ। ਮੈਨੀ ਖਤਰੀ ਨੇ ਯਹ ਗੁਰਦੁਵਾਰਾ ਬਨਵਾਯਾ ਥਾ। ਸੰਗਤ ਪੂਰਬ ਦੇਸ ਮੇ ਧਰਮਸਾਲਾ ਕੋ ਬੋਲਤੇ ਹੈ। ਇਸ ਲੀਏ ਇਸ ਦਾ ਨਾਮ ਮੈਨੀ ਸੰਗਤ ਹੈ ਹਰਿਮੰਦਰ ਜੀ ਕੇ ਸਮੀਪ ਹੈ।"*[12]

ਇਥੇ ਬਾਲ ਗੋਬਿੰਦ ਜੀ ਦੀਆਂ ਕੁਝ ਯਾਦਗਾਰੀ ਵਸਤਾਂ ਹਨ। ਇਨ੍ਹਾਂ ਵਿਚ ਇਕ ਖੀਨ ਖ਼ਾਬ ਦਾ ਜੁਤਾ, ਜੋ ਬਾਲ ਅਵਸਥਾ ਸਮੇਂ ਗੋਬਿੰਦ ਜੀ ਪਹਿਨਿਆ ਕਰਦੇ ਸਨ। ਇਕ ਕਰੌਦਾ ਨਾਂ ਦਾ ਦਰਖ਼ਤ ਹੈ ਜੋ ਬਾਲ ਗੋਬਿੰਦ ਜੀ ਦੀ ਕੀਤੀ ਹੋਈ, ਦਾਤਨ ਤੋਂ ਉਗਿਆ ਦਸਿਆ ਜਾਂਦਾ ਹੈ। ਇਕ ਛੋਟਾ ਕੰਘਾ, ਇਕ ਗੁਲੇਲ ਅਤੇ ਇਸ ਦੀ ਇਕ ਮਿਟੀ ਦੀ ਗੋਲੀ, ਬਚਪਨ ਦੇ ਖੇਡਣ ਸਮੇਂ ਦੇ ਤੀਰ ਕਮਾਨ ਦੇ ਚਾਰ ਤੀਰ, ਇਕ ਮੋਟੀ ਤਲਵਾਰ, ਦੋ ਚੱਕਰ, ਛੋਟੀ ਚਕਰੀ, ਇਕ ਬਾਘ ਨਾਖ਼ ਅਤੇ ਇਕ ਖੰਜਰ, ਆਦਿ ਵਸਤੂਆਂ ਹਨ।

ਤੀਸਰਾ ਅਸਥਾਨ ਗੁਰਦੁਆਰਾ ਗੋਬਿੰਦ ਘਾਟ ਹੈ। ਇਹ ਥਾਂ ਗੰਗਾ ਨਦੀ ਦੇ ਕਿਨਾਰੇ ਉਪਰ ਸੀ। ਪਰ ਗੰਗਾ ਦਾ ਵਹਾ ਬਦਲ ਕੇ ਦੂਰ ਚਲਾ ਗਿਆ ਹੈ ਇਸ ਲਈ ਇਹ ਥਾਂ ਸੁੱਕੀ ਹੈ ਅਤੇ ਝਾੜੀਆਂ ਤੇ ਮਲ੍ਹਿਆਂ ਵਾਲੀ ਥਾਂ ਬਣ ਗਈ ਹੈ। ਇਥੇ ਬਾਲ ਗੋਬਿੰਦ ਜੀ ਆਪਣੇ ਸਾਥੀਆਂ ਨਾਲ ਖੇਡਣ ਆਇਆ ਕਰਦੇ ਸਨ। ਇਥੇ ਹੀ ਗੰਗਾ ਦਾ ਰਮਣੀਕ ਕਿਨਾਰਾ ਹੋਣ ਕਰਕੇ, ਪੰਡਤ ਸ਼ਿਵ ਦਤ ਭਜਨ ਬੰਦਗੀ ਕਰਿਆ ਕਰਦਾ ਸੀ। ਇਕ ਦਿਨ ਬਾਲ ਗੋਬਿੰਦ ਜੀ ਨੇ ਖੇਡਦੇ ਹੋਏ ਅਤੇ ਤੀਰ ਕਮਾਨ ਪਹਿਨੇ ਹੋਏ, ਭਗਤੀ ਵਿਚ ਮੁਗਧ ਬੈਠੇ ਪੰਡਤ ਸ਼ਿਵ ਦੱਤ ਦੇ ਕੰਨਾਂ ਵਿਚ ਜਾ ਆਵਾਜ਼ ਦਿੱਤੀ। ਜਦ ਪੰਡਤ ਸ਼ਿਵ ਦਤ ਨੇ ਅਖਾਂ ਖੋਲ ਕੇ ਬਾਲ ਜੀ ਦੇ ਦਰਸ਼ਨ ਕੀਤੇ ਤਾਂ ਉਨ੍ਹਾਂ ਨੂੰ ਇਸ ਬਾਲ ਵਿਚੋ ਕਰਿਸ਼ਨ ਜੀ ਦੇ ਹੀ ਦਰਸ਼ਨ ਦਿਖਾਈ ਦਿੱਤੇ। ਪੰਡਤ ਨੂੰ ਗਿਆਨ ਹੋ ਗਿਆ ਅਤੇ ਉਸ ਨੇ ਬਾਲ ਜੀ ਨੂੰ ਇਕ ਰਬੀ ਅਵਤਾਰ ਮੰਨ ਕੇ ਆਪਣੇ ਮਨ ਵਿਚ ਧਾਰ ਲਿਆ।

ਇਸ ਥਾਂ ਨਾਲ ਇਕ ਹੋਰ ਘਟਨਾ ਵੀ ਸਬੰਧਤ ਹੈ। ਬਾਲ ਗੋਬਿੰਦ ਜੀ ਇਥੇ ਇਕ ਬਾਰ ਆਪਣਾ ਸੋਨੇ ਦਾ ਕੰਗਣ, ਗੰਗਾ ਵਿਚ ਖੋ ਬੈਠੇ ਸਨ। ਜਦੋਂ ਪਿੱਛੋਂ ਪਤਾ ਲਗਾ ਤੇ ਪਰਿਵਾਰ ਦੇ ਜੀਅ ਕੰਗਣ ਲਭਣ ਗਏ ਤਾਂ ਬਾਲ ਜੀ ਤੋਂ ਪੁੱਛਿਆ ਗਿਆ ਕਿ ਕੰਗਣ ਕਿਥੇ

---

12. ਸ੍ਰੀ ਗੁਰ ਤੀਰਥ ਸੰਗ੍ਰਹਿ (ਪੱਥਰ ਛਾਪ), ਟੈਂਪਲ ਪ੍ਰੈਸ, ਅੰਬਾਲਾ, 1884, ਪੰਨਾ108.

ਡਿਗਿਆ ਸੀ ਇਸ ਤੇ ਬਾਲ ਜੀ ਨੇ ਦੂਸਰਾ ਕੰਗਣ ਸੁਟ ਕੇ ਦਸਿਆ ਕਿ ਉਸ ਥਾਂ 'ਤੇ ਡਿਗਿਆ ਸੀ। ਇਸ ਤਰ੍ਹਾਂ ਦੂਸਰਾ ਕੰਗਣ ਵੀ ਪਾਣੀ ਵਿਚ ਡਿਗ ਪਿਆ। ਪਰਿਵਾਰ ਦੇ ਮੈਂਬਰ ਬਾਲ ਗੋਬਿੰਦ ਜੀ ਦੀ ਮਰਜ਼ੀ ਸਮਝ ਕੇ ਘਰ ਵਾਪਸ ਆ ਗਏ। ਇਥੇ ਅਜ ਕਲ ਇਕ ਛੋਟਾ ਜਿਹਾ ਗੁਰਦੁਆਰਾ ਹੈ ਜਿਹੜਾ ਇਕ ਪੁਲ ਦੀ ਸ਼ਕਲ ਨੁਮਾ ਬਣੇ ਦਰਵਾਜ਼ੇ ਉਪਰ ਬਣਿਆ ਹੋਇਆ ਹੈ। ਆਲੇ ਦੁਆਲੇ ਅਨੇਕਾਂ ਹੀ ਮੰਦਰ ਅਤੇ ਪਥਰ ਦੀਆਂ ਮੂਰਤੀਆਂ ਹਨ।

ਬਾਲ ਗੋਬਿੰਦ ਜੀ ਅਤੇ ਪਰਿਵਾਰ ਦੇ ਪਟਣੇ ਤੋਂ ਆਉਣ ਪਿੱਛੋਂ, ਤਖ਼ਤ ਸਾਹਿਬ ਵਾਲਾ ਗੁਰਦੁਆਰਾ ਹੀ ਮੁੱਖ ਰੂਪ ਵਿਚ ਉਭਰ ਕੇ ਸਾਹਮਣੇ ਆਇਆ। ਗੁਰੂ ਗੋਬਿੰਦ ਸਿੰਘ ਜੀ ਨੇ ਪੰਜ ਤਖ਼ਤ ਸਥਾਪਤ ਕਰਨ ਸਮੇਂ ਇਸ ਅਸਥਾਨ ਨੂੰ ਹੀ ਤਖ਼ਤ ਦੇ ਤੌਰ 'ਤੇ ਸਥਾਪਤ ਕਰਵਾਇਆ। ਇਸ ਦੀ ਪਰੋੜਤਾ ਵਜੋਂ ਤਲਵੰਡੀ ਸਾਬੋ ਤੋਂ ਦਖਣ ਨੂੰ ਤੁਰਨ ਸਮੇਂ ਚਾਰ ਪਰਕਾਸ਼ਤ ਬੀੜਾਂ ਵਿੱਚ ਇਕ ਬੀੜ ਇਥੇ ਭਿਜਵਾਈ ਅਤੇ ਇਹ ਬੀੜ ਤਖ਼ਤ ਸਾਹਿਬ 'ਤੇ ਪਰਕਾਸ਼ ਕੀਤੀ ਗਈ।[13] ਪਟਣੇ ਦੀ ਸੰਗਤ ਨੇ ਇਥੇ ਗੁਰਦੁਆਰਿਆਂ ਦੀਆਂ ਇਮਾਰਤਾਂ ਬਣਾਈਆਂ ਅਤੇ ਉਨ੍ਹਾਂ ਦੀ ਸੇਵਾ ਸੰਭਾਲ ਕੀਤੀ। 1780 ਵਿਆਂ ਦੇ ਵਿਚ ਇਕ ਅੰਗਰੇਜ਼ ਯਾਤਰੀ ਸਰ ਚਾਰਲਸ ਵਿਲਕਿਨ ਨੇ ਪਟਣਾ ਸਾਹਿਬ ਦੇ ਆਪਣੇ ਅਖੀ ਦੇਖੇ ਹਾਲਾਤ ਲਿਖੇ ਹਨ। ਇਨ੍ਹਾਂ ਦਾ ਵਰਨਣ ਇਤਿਹਾਸਕ ਤੌਰ 'ਤੇ ਬਹੁਤ ਹੀ ਮਹੱਤਵਪੂਰਣ ਹੈ। ਇਹ ਸਮਾਂ ਅਠਾਰਵੀਂ ਸਦੀ ਦੀ ਅਖੀਰਲੀ ਚੌਥਾਈ ਦਾ ਹੈ। ਅਜਿਹੇ ਮਧਾਕਲੀਨ ਯੁਗ ਵਿਚ ਵੀ ਜੇ ਤਖ਼ਤ ਪਟਣਾ ਸਾਹਿਬ ਇਕ ਵਿਦਿਅਕ ਕੇਂਦਰ ਦੇ ਤੌਰ 'ਤੇ, ਆਏ ਯਾਤਰੂਆਂ ਨੂੰ ਪਰਭਾਵਤ ਕਰਦਾ ਸੀ, ਇਸ ਤੋਂ ਇਸ ਅਸਥਾਨ ਦੀ ਮਹੱਤਤਾ ਦਾ ਅੰਦਾਜ਼ਾ ਆਪਣੇ ਆਪ ਲੱਗ ਜਾਂਦਾ ਹੈ।

ਸਰ ਚਾਰਲਸ ਵਿਲਕਿਨਜ਼, ਆਪਣੇ ਸਮੇਂ (1749-50—1836 ਈਸਵੀ) ਦਾ ਏਸ਼ੀਆਈ ਭਾਸ਼ਾਵਾਂ ਦਾ ਇਕ ਪਰਸਿਧ ਵਿਦਵਾਨ ਸੀ। ਉਹ ਈਸਟ ਇੰਡੀਆ ਕੰਪਨੀ ਦੀ ਸੇਵਾ ਵਿਚ ਭਰਤੀ ਹੋ ਕੇ, 21 ਸਾਲ ਦੀ ਉਮਰ ਵਿਚ ਹੀ 1770 ਵਿਆਂ ਦੇ ਸਮੇਂ, ਭਾਰਤ ਵਿਚ ਆ ਗਿਆ ਸੀ। ਇਥੇ ਪਹੁੰਚ ਕੇ ਉਸ ਨੇ ਭਾਰਤੀ ਭਾਸ਼ਾਵਾਂ ਦੇ ਅਧਿਯਨ ਵਿਚ ਬਹੁਤ ਦਿਲਚਸਪੀ ਲਈ। ਸਰ ਵਿਲੀਅਮ ਜੋਨਜ਼ ਦੀ ਯਾਦ ਵਿਚ ਜੋ ਏਸ਼ੀਆਟਕ ਸੁਸਾਇਟੀ ਆਫ ਬੰਗਾਲ ਬਣਾਈ ਗਈ ਸੀ ਇਸ ਦਾ ਉਸ ਵਿਚ ਬਹੁਤ ਯੋਗਦਾਨ ਸੀ। ਇਸੇ ਸੁਸਾਇਟੀ ਦਾ ਨਾਂ, ਪਿਛੋਂ 'ਰਾਇਲ ਏਸ਼ੀਆਟਕ ਸੁਸਾਇਟੀ ਆਫ ਬੰਗਾਲ' ਰਖਿਆ ਗਿਆ ਅਤੇ ਫਿਰ 'ਏਸ਼ੀਆਟਕ ਸੁਸਾਇਟੀ' ਰਖਿਆ ਗਿਆ। ਇਸ ਦਾ ਹੈਡ-ਕੁਆਰਟਰ ਕਲਕੱਤਾ ਵਿਖੇ ਸੀ। ਇਸ ਸੁਸਾਇਟੀ ਨੇ 'ਏਸ਼ੀਆਟਕ ਰੀਸਰਚਜ਼' ਦੇ ਸਿਰਲੇਖ ਹੇਠ ਇਕ ਮੈਗਜ਼ੀਨ ਲੜੀ ਸ਼ੁਰੂ ਕੀਤੀ ਹੋਈ ਸੀ। ਮਾਰਚ, 1718 ਵਿਚ ਜਦੋਂ ਸਰ ਚਾਰਲਸ ਵਿਲਕਿਨਜ਼ ਨੇ ਤਖ਼ਤ ਬਾਰੇ ਜੋ ਪਰਭਾਵ ਪਰਾਪਤ ਕੀਤੇ ਉਨ੍ਹਾਂ ਨੂੰ ਇਸ ਨੇ ਇਕ ਪਤਰ ਦੀ ਸ਼ਕਲ ਵਿਚ 'ਏਸ਼ੀਆਟਕ ਸੁਸਾਇਟੀ' ਦੇ ਸਕਤਰ ਨੂੰ ਲਿਖ ਕੇ ਭੇਜੇ। ਉਸ ਨੇ ਇਹ ਪੱਤਰ ਬਨਾਰਸ ਤੋਂ ਲਿਖਿਆ ਸੀ ਅਤੇ ਤਖ਼ਤ ਸਾਹਿਬ ਨੂੰ ਸਿੱਖਾਂ ਦਾ ਇਕ ਕਾਲੇਜ ਲਿਖਿਆ ਹੈ।[14] ਵਿਲਕਿਨਜ਼ ਦੀ ਪਹਿਲੀ

---

13. ਪੰਡਿਤ ਤਾਰਾ ਸਿੰਘ ਨਰੋਤਮ, *ਪੂਰਵਅੰਕਤ*, ਪੰਨਾ 107.
14. *ਅਰਲੀ ਯੂਰਪੀਅਨ ਅਕਾਊਂਟਸ ਆਫ ਦਾ ਸਿਖਸ* (ਸੰ. ਗੰਡਾ ਸਿੰਘ), ਇੰਡੀਅਨ ਸਟੱਡੀਜ਼, ਕਲਕੱਤਾ, 1962, ਪੰਨੇ 69-70.

ਚਿਠੀ, ਜੋ ਮੂਲ ਰੂਪ ਵਿਚ ਅੰਗਰੇਜ਼ੀ ਵਿਚ ਹੈ, ਦਾ ਗੁਰਮੁਖੀ ਤਰਜਮਾ ਇਸ ਤਰ੍ਹਾਂ ਹੈ। :

ਸਕੱਤਰ ਏਸ਼ੀਆਟਕ ਸੁਸਾਇਟੀ,

ਸਿਰੀ ਮਾਨ ਜੀ,

> *ਕਲਕੱਤੇ ਲਈ ਰਵਾਨਾ ਹੋਣ ਤੋਂ ਪਹਿਲਾਂ, ਇਕ ਸਜਣ ਪੁਰਸ਼ ਨਾਲ ਉਸ ਫਿਰਕੇ ਦੇ ਲੋਕਾਂ ਬਾਰੇ ਵਿਚਾਰ ਕਰਨ ਦਾ ਮੌਕਾ ਮਿਲਿਆ। ਜਿਹੜਾ ਮੁਸਲਮਾਨ ਅਤੇ ਹਿੰਦੂ ਫਿਰਕੇ ਨਾਲੋਂ ਬਿਲਕੁਲ ਵੱਖਰਾ ਹੈ ਅਤੇ ਇਹ ਲੋਕ ਆਪਣੇ ਆਪ ਨੂੰ ਸਿੱਖ ਕਹਾਉਂਦੇ ਹਨ। ਮੈਨੂੰ ਦੱਸਿਆ ਗਿਆ ਹੈ ਕਿ ਇਨ੍ਹਾਂ ਲੋਕਾਂ ਦੀ ਪਟਨੇ ਸ਼ਹਿਰ ਵਿਚ ਕਾਫ਼ੀ ਗਿਣਤੀ ਹੈ। ਜਿਥੇ ਕਿ ਇਨ੍ਹਾਂ ਦੇ ਧਰਮ ਬਾਰੇ ਜਾਣਕਾਰੀ ਦੇਣ ਲਈ ਇਕ ਉਚ-ਵਿਦਿਆਰਲਾ (ਕਾਲੇਜ) ਸਥਾਪਤ ਕੀਤਾ ਹੋਇਆ ਹੈ। ਕਿਉਂਕਿ ਪਟਨਾ ਮੇਰੇ ਬਨਾਰਸ ਜਾਣ ਵਾਲੇ ਰਸਤੇ ਵਿਚ ਵਾਕਿਆ ਸੀ ਇਸ ਕਰਕੇ ਜਿਉਂ ਹੀ ਮੈਂ ਉਥੇ ਪਹੁੰਚਿਆ ਤਾਂ ਮੈਂ ਉਥੇ ਦੇ ਕਾਲੇਜ ਬਾਰੇ ਪੁੱਛ-ਪੜਤਾਲ ਕੀਤੀ। ਮੈਨੂੰ ਇਸ ਬਾਰੇ ਜਾਣਕਾਰੀ ਦਿਤੀ ਗਈ। ਮੈਂ ਤੁਹਾਨੂੰ ਹੁਣ ਇਹ ਬੇਨਤੀ ਕਰ ਰਿਹਾ ਹਾਂ ਕਿ ਜੋ ਕੁਝ ਮੈਂ ਆਪਣੀ ਦੋ ਘੰਟਿਆਂ ਦੀ ਸੰਖੇਪ ਯਾਤਰਾ ਦੌਰਾਨ, ਪਰਭਾਵ ਤੇ ਜਾਣਕਾਰੀ ਇਕਤਰ ਕਰ ਕੇ ਭੇਜੀ ਹੈ ਉਸ ਨੂੰ ਸੁਸਾਇਟੀ ਦੇ ਹਵਾਲੇ ਕਰ ਦਿੱਤਾ ਜਾਵੇ। ਇਸ ਤਰ੍ਹਾਂ ਕਰਨ ਨਾਲ ਇਸ ਖੇਤਰ ਵਿਚ ਹੋਰ ਖੋਜ ਕਰਨ ਲਈ ਕਾਫ਼ੀ ਅਗਵਾਈ ਮਿਲੇਗੀ ਜਾਂ ਭਵਿਖ ਵਿਚ ਮਿਲੀ ਜਾਣਕਾਰੀ ਨੂੰ ਸੰਪੂਰਣ ਕਰਨ ਵਿਚ ਹੋਰ ਵਾਧਾ ਕਰੇਗੀ। ਇਹ ਸਾਰੀ ਜਾਣਕਾਰੀ ਨੂੰ ਸੁਸਾਇਟੀ ਸਾਹਮਣੇ ਰਖਣ ਲਈ ਜੋ ਆਪ ਜੀ ਨੂੰ ਕਸ਼ਟ ਦੇ ਰਿਹਾ ਹਾਂ ਉਸ ਦਾ ਮੈਂ ਤਲਬਗਾਰ ਹਾਂ।*[15]

ਤੁਹਾਡਾ ਅਤੀ ਵਫ਼ਦਾਰ ਸੇਵਕ ਕਹਾਉਣ ਦਾ ਮਾਣ ਪਰਾਪਤ ਕਰਨ ਵਾਲਾ

ਬਨਾਰਸ, 1 ਮਾਰਚ, 1781 — *ਸਿਰੀ ਮਾਨ ਜੀ ਮੈਂ ਹਾਂ,*

ਚਾਰਲਸ ਵਿਲਕਿਨਜ਼

ਇਸ ਪਿੱਛੋਂ ਜੋ ਜਾਣਕਾਰੀ ਵਖਰੇ ਅਤੇ ਵਿਸਥਾਰ ਰੂਪ ਵਿਚ ਭੇਜੀ ਗਈ ਸੀ ਉਸ ਦਾ ਗੁਰਮੁਖੀ ਤਰਜਮਾ[16] ਇਸ ਤਰ੍ਹਾਂ ਹੈ : "ਕਸਟਮ ਹਾਊਸ ਤੋਂ ਕੁਝ ਦੂਰ, ਪਟਨਾ ਸ਼ਹਿਰ ਦੀਆਂ ਤੰਗ ਗਲੀਆਂ ਵਿਚ ਸਥਿਤ, ਮੈਂ ਸਿੱਖਾਂ ਦੇ ਕਾਲੇਜ ਨੂੰ ਦੇਖਿਆ। ਮੈਨੂੰ ਬਾਹਰਲੇ ਦਰਵਾਜ਼ੇ ਰਾਹੀਂ ਅੰਦਰ ਆਉਣ ਦੀ ਇਜਾਜ਼ਤ ਤਾਂ ਦਿਤੀ ਗਈ ਪਰ ਜਦੋਂ ਮੈਂ ਦਰਬਾਰ ਸਾਹਿਬ ਦੇ ਦਰਵਾਜ਼ੇ ਅੰਦਰ ਜਾਣ ਵਾਲੀਆਂ ਪੌੜੀਆਂ ਉਪਰ ਚੜਨ ਲਗਿਆ ਤਾਂ ਮੇਰੇ ਕੋਲ ਉਥੇ ਦੀ ਕਮੇਟੀ ਦੇ ਦੋ ਬੰਦੇ ਆ ਗਏ। ਮੈਂ ਉਨ੍ਹਾਂ ਨੂੰ ਪੁੱਛਿਆ ਕਿ ਕੀ ਮੈਂ ਅੰਦਰ ਹਾਲ ਵਿਚ ਜਾ ਸਕਦਾ ਹਾਂ। ਉਨ੍ਹਾਂ ਨੇ ਜਵਾਬ ਦਿਤਾ ਕਿ ਇਹ ਭਜਨ-ਪਾਠ ਕਰਨ ਵਾਲਾ ਅਸਥਾਨ ਹੈ ਇਸ ਲਈ ਉਸ ਨੂੰ ਅਤੇ ਹੋਰ ਸਭ ਨੂੰ ਅੰਦਰ ਜਾਣ ਦੀ ਪੂਰੀ ਖੁੱਲ ਹੈ। ਪਰ ਇਸੇ ਸਮੇਂ ਹੀ ਮੈਨੂੰ ਕਿਹਾ

---

15. ਉਕਤ, ਪੰਨਾ 71.
16. ਇਹ ਤਰਜਮਾ ਭਾਵ ਰੂਪ ਵਿਚ ਹੈ, ਸ਼ਬਦ ਤੋਂ ਸ਼ਬਦ ਜਾਂ ਵਾਕ ਤੋਂ ਵਾਕ ਦਾ ਤਰਜਮਾ ਨਹੀਂ।

ਗਿਆ ਕਿ ਮੈਂ ਆਪਣੇ ਜੁੱਤੇ ਉਤਾਰ ਦਿਆਂ। ਜਿਸ ਤਰ੍ਹਾਂ ਅਸੀਂ ਆਪਣੇ ਧਰਮ-ਮੰਦਰ (ਚਰਚ) ਵਿਚ ਨੰਗੇ ਸਿਰ ਜਾਣਾ ਠੀਕ ਸਮਝਦੇ ਹਾਂ ਉਸੇ ਤਰ੍ਹਾਂ ਇਥੇ ਵੀ ਕੁਝ ਨਿਯਮ ਹਨ ਇਸ ਲਈ ਮੈਂ ਇਨ੍ਹਾਂ ਦੀ ਪਾਲਣਾ ਕਰਨ ਵਿਚ ਕੋਈ ਝਿਜਕ ਮਹਿਸੂਸ ਨਹੀਂ ਕੀਤੀ। ਫਿਰ ਮੈਨੂੰ ਪਿਆਰ ਸਹਿਤ ਦਰਬਾਰ ਸਾਹਿਬ (ਹਾਲ) ਵਿਚ ਲਿਜਾਇਆ ਗਿਆ ਅਤੇ ਇਕ ਦਰੀ ਉਪਰ ਬੈਠਾਇਆ ਗਿਆ। ਦਰਬਾਰ ਸਾਹਿਬ ਵਿਚ ਸੰਗਤਾਂ ਦੀ ਹਾਜ਼ਰੀ ਬਹੁਤ ਸੀ ਅਤੇ ਇਸ ਨਾਲ ਤਕਰੀਬਨ ਸਾਰਾ ਹਾਲ ਭਰਿਆ ਹੋਇਆ ਸੀ। ਸਾਰੀ ਇਮਾਰਤ ਤਕਰੀਬਨ 40 ਵਰਗ ਫੁਟ ਦੀ ਹੈ ਜਿਹੜੀ ਕਿ ਜ਼ਮੀਨ ਦੇ ਤਲ ਤੋਂ ਛੇ ਜਾਂ ਅੱਠ ਫੁਟ ਉਚੀ ਹੈ। ਬਿਲਕੁਲ ਵਿਚਕਾਰ ਦਰਬਾਰ ਹਾਲ ਹੈ ਜਿਹੜਾ ਕਿ ਲਕੜੀ ਦੀਆਂ ਕੰਧਾਂ ਰਾਹੀਂ ਚਾਰ ਹਿਸਿਆਂ ਵਿਚ ਵੰਡਿਆ ਹੋਇਆ ਹੈ ਇਸ ਲਕੜੀ ਦੀਆਂ ਕੰਧਾਂ ਅਤੇ ਥੰਮਾਂ ਉਪਰ ਤਰਾਸ ਕੇ ਮੀਨਾਕਾਰੀ ਕੀਤੀ ਹੋਈ ਹੈ। ਇਹ ਦਰਬਾਰ ਹਾਲ ਦਾ ਕਮਰਾ ਚੌੜਾਈ ਵਿਚ ਘਟ ਪਰ ਲੰਬਾਈ ਵਿਚ ਜ਼ਿਆਦਾ ਹੈ। ਫਰਸ਼ ਉੱਤੇ ਬਹੁਤ ਹੀ ਸਾਫ਼ ਤੇ ਸਵੱਛ ਦਰੀ ਵਿਛੀ ਹੋਈ ਹੈ। ਇਸ ਦਰੀ ਉਪਰ ਛੇ ਜਾਂ ਸਤ ਮੇਜ਼ ਪਏ ਹਨ ਜਿਨਾਂ ਉਪਰ ਇਨ੍ਹਾਂ ਦੇ ਧਰਮ ਦੀਆਂ ਕਿਤਾਬਾਂ ਰਖੀਆਂ ਹੋਈਆਂ ਹਨ। ਮਹਿਰਾਬਾਂ ਉਪਰਲੀਆਂ ਕੰਧਾਂ ਉਪਰ ਯੂਰਪੀ ਸ਼ੀਸ਼ਿਆਂ ਵਿਚ ਸੁਨਹਿਰੀ ਫਰੇਮਾਂ ਨਾਲ ਜੜੀਆਂ ਮੁਸਲਮਾਨ ਅਤੇ ਹਿੰਦੂ ਨੇਤਾਵਾਂ ਦੀਆਂ ਤਸਵੀਰਾਂ ਲਟਕ ਰਹੀਆਂ ਹਨ।[17]

ਹਾਲ ਦੇ ਖਬੇ ਹੱਥ ਇਕ ਛੋਟਾ ਕਮਰਾ ਹੈ ਅਤੇ ਦਰਬਾਰ ਦੇ ਅਖੀਰ 'ਤੇ ਉਹ (ਗੁਰੂ ਗ੍ਰੰਥ ਸਾਹਿਬ ਦੇ ਪਰਕਾਸ਼ ਅਸਥਾਨ ਵਾਲਾ) ਥਾਂ ਹੈ ਜਿਹੜਾ ਸੁਨਹਿਰੀ ਕਪੜੇ ਦੀ ਚਾਨਣੀ ਨਾਲ ਢਕਿਆ ਹੋਇਆ ਹੈ। ਇਸ ਉਪਰ ਕਾਲੇ ਕਪੜੇ ਦੀ ਗੋਲ ਚਾਦਰ ਹੈ। ਇਸ ਦੇ ਨਾਲ ਹੀ ਇਕ ਲੰਮੀ ਚੌੜੀ ਤਲਵਾਰ ਹੈ ਅਤੇ ਇਸ ਦੇ ਦੋਹੀਂ ਪਾਸੀਂ ਮੋਰ ਖੰਭਾਂ ਵਾਲੇ ਚੌਰ ਪਏ ਹਨ। ਇਨ੍ਹਾਂ ਦੇ ਮੁਠੇ ਚਾਂਦੀ ਦੇ ਹਨ। ਇਹ ਪੂਜਾ ਅਸਥਾਨ ਧਰਤੀ ਤੋਂ ਢਲਾਈ ਅਨੁਸਾਰ ਕੁਝ ਉੱਚਾ ਬਣਾਇਆ ਹੋਇਆ ਹੈ।[18] ਇਸ ਦੇ ਸਾਹਮਣੇ ਇਕ ਛੋਟਾ ਤਖ਼ਤ (ਕੁਰਸੀ) ਹੈ ਜਿਸ ਉਪਰ ਚਾਂਦੀ ਦੀਆਂ ਪਲੇਟਾਂ ਲਗੀਆਂ ਹੋਈਆਂ ਹਨ। ਇਹ ਇਤਨਾ ਛੋਟਾ ਹੈ ਕਿ ਇਸ ਨੂੰ ਵਰਤੋਂ ਵਿਚ ਨਹੀਂ ਲਿਆਂਦਾ ਜਾ ਸਕਦਾ। ਇਸ ਉਪਰ ਕਈ ਫੁੱਲਦਾਨ ਅਤੇ ਕੁਝ ਗੁਲਾਬ ਦੇ ਅਰਕ ਦੀਆਂ ਬੋਤਲਾਂ ਪਈਆਂ ਹਨ। ਸਜੇ ਪਾਸੇ ਤਾਂਬੇ ਦੀਆਂ ਤਿੰਨ ਗਾਗਰਾਂ (ਗੋਲਕਾਂ) ਪਈਆਂ ਹਨ। ਇਨ੍ਹਾਂ ਗਾਗਰਾਂ ਦੇ ਮੂੰਹਾਂ ਨੂੰ ਇਸ ਤਰ੍ਹਾਂ ਬੰਦ ਕੀਤਾ ਗਿਆ ਹੈ ਕਿ ਇਸ ਵਿਚ, ਸਿਰਫ਼ ਚੜ੍ਹਾਵੇਂ ਵਾਲੇ ਪੈਸੇ ਪਾਉਣ ਜੋਗੀ ਹੀ ਥਾਂ ਹੈ। ਇਸ ਪੂਜਾ ਅਸਥਾਨ 'ਤੇ ਹੀ ਇਕ ਨੀਵੀ ਮੰਜੀ ਉਪਰ ਇਕ ਬਹੁਤ ਵਡੀ ਪੁਸਤਕ (ਗੁਰੂ ਗ੍ਰੰਥ ਸਾਹਿਬ) ਪਈ ਸੀ ਇਸ ਤੋਂ ਹਰ ਰੋਜ਼ ਕੁਝ ਹਿਸੇ ਦਾ ਪਾਠ ਕੀਤਾ ਜਾਂਦਾ ਹੈ। ਜਿਸ ਕਪੜੇ ਨਾਲ ਇਹ (ਸਰੂਪ) ਢਕਿਆ ਹੋਇਆ ਹੈ ਉਸ ਤੇ ਚਾਂਦੀ ਦੇ ਧਾਗੇ ਦੀ ਕਢਾਈ ਕੀਤੀ ਹੋਈ ਹੈ, ਕਝ ਸਲੋਕ ਜਾਂ ਸ਼ਬਦ

---

17. ਇਹ ਤਸਵੀਰਾਂ ਸੰਭਵ ਤੌਰ ਤੇ ਮੁਸਲਿਮ ਫਕੀਰਾਂ ਜਿਵੇਂ ਕਿ ਸਾਈਂ ਮੀਆਂ ਮੀਰ ਜਾਂ ਪੀਰ ਬੁਧੂ ਸ਼ਾਹ ਜਾਂ ਫਿਰ ਉਨ੍ਹਾਂ ਮੁਗਲ ਹਾਕਮਾਂ ਦੀਆਂ, ਜਿਨਾਂ ਨੇ ਸਿੱਖਾਂ ਉਪਰ ਜ਼ੁਲਮ ਢਾਹੇ ਸਨ, ਹੋਣਗੀਆਂ ਹੋਰ ਕਿਸੇ ਮੁਸਲਿਮ ਨੇਤਾ ਦੀ ਤਸਵੀਰ ਨਹੀਂ ਹੋ ਸਕਦੀ।
18. ਸੰਭਵ ਤੌਰ 'ਤੇ ਇਹ ਸਾਰਾ ਵਰਨਣ ਗੁਰੂ ਗ੍ਰੰਥ ਸਾਹਿਬ ਦੇ ਰੁਮਾਲਿਆਂ ਅਤੇ ਉਪਰਲੀ ਚਾਨਣੀ ਦਾ ਹੈ।

ਲਿਖੇ ਹੋਏ ਹਨ ਅਤੇ ਇਹ ਨੀਲੇ ਰੰਗ ਦਾ ਹੈ।

ਦੋ ਸਜਣ, ਜਿਹੜੇ ਬਹੁਤ ਹੀ ਸਤਿਕਾਰ ਨਾਲ ਮੇਰੇ ਦੋਵੇਂ ਪਾਸੇ ਦਰੀ ਉਪਰ ਬੈਠੇ ਹੋਏ ਸਨ ਅਤੇ ਜੋ ਮੈਨੂੰ ਬਹੁਤ ਸਮਝ-ਬੂਝ ਵਾਲੇ ਜਾਪਦੇ ਹਨ, ਨਾਲ ਲੰਮੀ ਬਹਿਸ ਕਰਨ ਬਾਦ ਮੈਨੂੰ ਦਸਿਆ ਗਿਆ ਕਿ ਹੁਣ ਦੁਪਹਿਰ ਦੇ ਸਮੇਂ ਦੀ ਭਜਨ-ਬੰਦਗੀ ਕਰਨ ਦਾ ਸਮਾਂ ਹੈ। ਜੁੜੀ ਸੰਗਤ ਦੇ ਹਾਲ ਦੇ ਅੰਦਰ ਬਾਹਰ ਆਪਣੇ ਆਪ ਨੂੰ ਦਰੀ ਦੇ ਉਪਰ ਇਸ ਤਰ੍ਹਾਂ ਬਿਰਾਜਮਾਨ ਕਰ ਲਿਆ ਕਿ ਵਿਚੋ ਦੀ ਲੰਘਣ ਲਈ ਇਕ ਛੋਟਾ ਜਿਹਾ ਰਸਤਾ ਬਣਾ ਕੇ ਰਖਿਆ ਗਿਆ। ਗੁਰੂ ਗ੍ਰੰਥ ਸਾਹਿਬ (ਮਹਾਨ ਪੁਸਤਕ) ਨੂੰ ਕੁਝ ਖਾਸ ਨੀਯਮਾਂ ਅਧੀਨ ਲਿਆ ਕੇ ਹਾਲ ਦੇ ਇਕ ਸਿਰੇ 'ਤੇ ਰਖਿਆ ਗਿਆ। ਚਾਂਦੀ ਰੰਗ ਦੀ ਦਾੜ੍ਹੀ ਵਾਲੇ ਇਕ ਬੁਢੇ ਵਿਅਕਤੀ ਨੇ (ਗੁਰੂ ਗ੍ਰੰਥ ਸਾਹਿਬ ਅਗੇ) ਗੋਡਿਆਂ ਭਾਰ ਝੁਕ ਕੇ ਨਮਸਕਾਰ ਕੀਤੀ ਅਤੇ ਉਸ ਦੇ ਦੋਵੇ ਪਾਸੇ ਤਿੰਨ ਵਿਅਕਤੀ ਕੀਰਤਨ ਕਰਨ ਵਾਲੇ ਬੈਠ ਗਏ। (ਗੁਰੂ) ਗ੍ਰੰਥ ਸਾਹਿਬ ਨੂੰ ਖੋਲਿਆ ਗਿਆ ਅਤੇ ਉਸ ਬਜ਼ੁਰਗ ਨੇ ਆਪਣੇ ਕੀਰਤਨ ਕਰਨ ਵਾਲੇ ਸੰਦਾਂ ਨਾਲ ਇਕ ਖਾਸ ਤਰਜ ਵਿਚ ਗਾਉਣਾ ਸ਼ੁਰੂ ਕਰ ਦਿੱਤਾ। ਹਰ ਇਕ ਸ਼ਬਦ ਦੇ ਅਖੀਰ ਵਿਚ, ਉਥੇ ਬੈਠੀ ਸੰਗਤ ਵੀ ਪੂਰੇ ਆਨੰਦ ਨਾਲ ਆਪ ਗਾਉਂਦੀ। ਸੰਗਤ ਦੀ ਆਵਾਜ ਕਿਸੇ ਵੀ ਤਰੀਕੇ ਨਾਲ ਅਢੁਕਵੀਂ ਨਹੀਂ ਸੀ। ਸਮਾਂ ਬਹੁਤ ਬੀਤ ਗਿਆ ਸੀ ਅਤੇ ਮੈਨੂੰ ਪਤਾ ਲਗਿਆ ਕਿ ਇਹ ਸਾਰੇ ਸ਼ਬਦ, ਸਰਬ-ਸ਼ਕਤੀਮਾਨ ਅਤੇ ਸਰਬ-ਵਿਆਪਕ ਇਕ ਅਕਾਲ ਪੁਰਖ ਦੀ ਉਸਤਤ ਵਿਚ ਹੀ ਗਾਇਨ ਕੀਤੇ ਗਏ ਹਨ।

ਮੈਨੂੰ ਉਸ ਬੁਢੇ ਵਿਅਕਤੀ ਵਲੋਂ ਖਾਸ ਤੌਰ 'ਤੇ ਇਸ਼ਾਰਿਆਂ ਨਾਲ ਸਮਝਾਇਆ ਜਾਂਦਾ ਸੀ। ਮੈਂ ਕਦੇ ਵੀ ਐਸਾ ਆਨੰਦਦਾਇਕ ਪਰਭਾਵ ਨਹੀ ਦੇਖਿਆ। ਜਦੋਂ ਵੀ ਉਹ ਬਜ਼ੁਰਗ ਇਕ ਵਿਅਕਤੀ ਵਲੋਂ ਦੂਜੇ ਵਲ ਮੂੰਹ ਘੁੰਮਾਉਂਦਾ ਸੀ ਤਾਂ ਉਹ ਸ਼ਬਦ ਗਾਇਨ ਕਰਨ ਵਿਚ ਆਪਣੀ ਧੁਰ ਅੰਤਰਆਤਮਾ ਤਕ ਪਹੁੰਚ ਚੁਕਿਆ ਹੋਇਆ ਲਗਦਾ ਸੀ। ਜੋ ਸ਼ਬਦ ਗਾਇਆ ਜਾ ਰਿਹਾ ਸੀ ਉਹ ਬੀਹ ਬੰਦਾਂ ਦਾ ਸੀ ਅਤੇ ਜਦ ਇਸ ਦੀ ਸਮਾਪਤੀ ਹੋਈ ਤਾਂ ਸਾਰੀ ਸੰਗਤ ਉਠ ਖੜੀ ਹੋਈ ਅਤੇ ਦੋਵੇਂ ਹਥ ਜੋੜ ਕੇ ਪੂਜਾ-ਅਸਥਾਨ (ਗੁਰੂ ਗ੍ਰੰਥ ਸਾਹਿਬ) ਵਲ, ਪਰਾਥਨਾ ਦੇ ਰੂਪ ਵਿਚ ਖੜੋ ਗਈ। ਇਕ ਨੌਜੁਆਨ ਆਦਮੀ ਸਭ ਤੋ ਮੂਹਰੇ ਹੋ ਕੇ ਭਾਰੀ ਅਤੇ ਖਾਸ ਆਵਾਜ਼ ਵਿਚ ਅਰਦਾਸ ਕਰਨ ਲਗਿਆ ਅਤੇ ਇਸ ਲੰਮੀ ਪਰਾਰਥਨਾ ਵਿਚਕਾਰ ਕਦੇ ਕਦੇ ਸਾਰੀ ਸੰਗਤ ਵਲੋਂ ਇਕੱਠਿਆਂ ਹੀ ਵਾਹਿਗੁਰੂ ਵਾਹਿਗੁਰੂ ਕਿਹਾ ਜਾਂਦਾ ਸੀ। ਇਸ ਅਰਦਾਸ ਵਿਚ ਮਨ ਦੀ ਇੱਛਾ ਦੀ ਪੂਰਤੀ ਬਾਰੇ, ਖਾਸ ਤੌਰ 'ਤੇ ਸਿੱਖਾਂ ਲਈ ਬਖ਼ਸ਼ਿਸ਼ਾਂ ਦੀ ਪਰਾਪਤੀ ਬਾਰੇ ਅਤੇ ਯਾਤਰਾ ਕਰ ਰਹੇ ਯਾਤਰੂਆਂ ਦੀ ਸੁਰਖਿਆ ਬਾਰੇ ਪਰਾਰਥਨਾ ਕੀਤੀ ਗਈ ਸੀ। ਅਰਦਾਸ ਪਿੱਛੋਂ ਸੰਖਿਪ ਤੌਰ 'ਤੇ ਬਜ਼ੁਰਗ ਗ੍ਰੰਥੀ ਵਲੋਂ ਸ਼ੁਭ ਕਾਮਨਾਵਾਂ ਦਿੱਤੀਆਂ ਗਈਆਂ ਅਤੇ ਸੰਗਤ ਨੂੰ ਸੱਦਾ ਦਿੱਤਾ ਗਿਆ ਕਿ ਉਹ ਲੰਗਰ ਜ਼ਰੂਰ ਛਕੇ। ਗੁਰੂ (ਗ੍ਰੰਥ ਸਾਹਿਬ) ਨੂੰ ਫਿਰ ਪਹਿਲਾਂ ਵਾਲੇ ਥਾਂ 'ਤੇ ਲਿਜਾ ਕੇ ਸੁਖ-ਆਸਨ ਕਰ ਦਿੱਤਾ। ਲੋਕ ਪਹਿਲਾਂ ਦੀ ਤਰ੍ਹਾਂ ਹੀ ਬੈਠੇ ਹੀ ਰਹੇ ਅਤੇ ਦੋ ਵਿਅਕਤੀ ਵਡੇ ਕੜਾਹੇ ਵਿਚ ਕੜਾਹ (ਪਰਸਾਦਿ) ਲੈ ਕੇ ਅੰਦਰ ਆਏ। ਇਹ ਹੁਣੇ ਹੀ ਅਗ ਉਪਰੋਂ ਚੁਕ ਕੇ ਲਿਆਂਦਾ ਗਿਆ ਸੀ ਅਤੇ ਦਰਬਾਰ ਹਾਲ ਦੇ ਵਿਚਕਾਰ ਇਕ ਸਟੂਲ ਉਪਰ ਰਖਿਆ ਗਿਆ ਸੀ। ਪਿੱਛੋਂ ਪੰਜ ਛੇ ਹੋਰ ਬੰਦਿਆਂ ਨੇ ਵੀ ਚਾਂਦੀ ਦੀਆਂ

ਕੌਲੀਆਂ ਅਤੇ ਬਹੁਤ ਸਾਰੀਆਂ, ਪੱਤਿਆਂ ਤੋਂ ਬਣਾਈਆਂ ਗਈਆਂ ਪੱਤਲਾਂ ਵੀ ਦਿੱਤੀਆਂ। ਹਰ ਇਕ ਬੰਦੇ ਨੂੰ ਬਿਨਾਂ ਕਿਸੇ ਭੇਦ-ਭਾਵ ਦੇ ਇਕ ਇਕ ਪੱਤਲ ਦਿਤੀ ਗਈ। ਹਰ ਕੌਲੀ ਕੜਾਹੇ ਵਿਚੋਂ ਭਰੀ ਗਈ ਅਤੇ ਸਭ ਨੂੰ ਇਕੋ ਜਿਹਾ ਵਰਤਾਇਆ ਗਿਆ। ਮੈਨੂੰ ਵੀ ਦਿੱਤਾ ਗਿਆ। ਮੈਂ ਇਹ ਫੈਸਲਾ ਕਰ ਲਿਆ ਸੀ ਕਿ ਮੈਂ ਇਨ੍ਹਾਂ ਨੂੰ ਜਰਾ ਵੀ ਐਸਾ ਮੌਕਾ ਨਹੀਂ ਦੇਣਾ ਜਿਸ ਨਾਲ ਇਹ ਨਾਰਾਜ ਹੋਣ। ਮੈਂ ਆਪਣਾ ਹਿੱਸਾ ਖਾ ਲਿਆ। ਇਹ ਇਕ ਕਿਸਮ ਦੀ ਮਿੱਠੀ ਡਿਸ਼ ਜਿਹੇ ਸੁਆਦ ਦਾ ਸੀ। ਇਸ ਨੂੰ ਚੀਨੀ, ਆਟਾ ਅਤੇ ਘੀ ਦੇ ਸੰਗਮ ਨਾਲ ਤਿਆਰ ਕੀਤਾ ਗਿਆ ਸੀ। ਜੇਕਰ ਇਸ ਵਿਚ ਘੀ ਨਾ ਪਾਇਆ ਜਾਂਦਾ ਤਾਂ ਮੈਂ ਹੋਰ ਵੀ ਜਿਆਦਾ ਆਨੰਦ ਨਾਲ ਖਾਣਾ ਸੀ। ਸਭ ਤੋਂ ਪਿੱਛੋਂ ਸਾਨੂੰ ਮਿੱਠੇ ਫਲ ਵਰਤਾਏ ਗਏ ਅਤੇ ਇਸ ਤਰ੍ਹਾਂ ਖਾਣਾ ਅਤੇ ਦਿਨ ਭਰ ਦੀਆਂ ਰਸਮਾਂ ਸਮਾਪਤ ਹੋਈਆਂ। ਮੈਨੂੰ ਦਸਿਆ ਗਿਆ ਸੀ ਕਿ ਇਸ ਤਰ੍ਹਾਂ ਦਿਨ ਵਿਚ ਪੰਜ ਬਾਰ ਰੋਜ਼ਾਨਾ ਕੀਤਾ ਜਾਂਦਾ ਹੈ। ਮੈਂ ਉਨ੍ਹਾਂ ਵਿਚੋਂ ਕੁਝ ਮੁਖੀ ਵਿਅਕਤੀਆਂ ਨੂੰ ਆਪਣੇ ਪਾਸ ਆਉਣ ਦਾ ਸਦਾ ਦੇ ਕੇ ਉਨ੍ਹਾਂ ਕੋਲੋਂ ਵਿਦਾਇਗੀ ਲਈ।

ਅਗੇ ਤਕਰੀਬਨ ਦੋ ਪੰਨਿਆਂ ਦਾ ਮੈਟਰ ਸਿਰਫ਼ ਸਿੱਖ ਧਰਮ ਦੀ ਇਤਿਹਾਸਕ ਜਾਣਕਾਰੀ ਬਾਰੇ ਹੈ ਜਿਸ ਦਾ ਬਿਰਤਾਂਤ ਇਥੇ ਦੇਣ ਦਾ ਕੋਈ ਮਕਸਦ ਨਹੀਂ।

ਇਕ ਹੋਰ ਲਿਖਾਰੀ ਅਤੇ ਯਾਤਰੂ ਮੁਲਾਹ ਅਹਿਮਦ ਬੁਖਾਰੀ ਅਠਾਰਵੀਂ ਸਦੀ ਦੇ ਅਖਰੀਲੇ ਦਹਾਕੇ ਵਿਚ ਪਟਣੇ ਆਇਆ ਅਤੇ ਉਸ ਨੇ ਇਥੇ ਦੇ ਦੇਖੇ ਹਾਲਾਤ ਨੂੰ ਆਪਣੀ ਪੁਸਤਕ ਮੀਰਾਤ-ਉਲ-ਅਹਵਾਲ ਜਹਾਨ ਨੁਮਾ ਵਿਚ ਇਸ ਤਰ੍ਹਾਂ ਲਿਖਿਆ ਹੈ : "ਗੁਰੂ ਗੋਬਿੰਦ (ਸਿੰਘ) ਦੇ ਜਨਮ ਅਸਥਾਨ 'ਤੇ ਸਿੱਖਾਂ ਨੇ ਇਕ ਜਨਤਕ ਯਾਦਗਾਰੀ ਉਸਾਰੀ ਹੋਈ ਹੈ ਇਸ ਨੂੰ ਤਾਕਤ ਅਤੇ ਉਤਸ਼ਾਹ ਦੇਣ ਵਾਲੀ ਜਗਾਹ ਸਮਝਿਆ ਜਾਂਦਾ ਹੈ ਅਤੇ ਉਹ ਇਸ ਨੂੰ ਹਰਿਮੰਦਰ ਕਹਿੰਦੇ ਹਨ। ਇਸ ਨੂੰ ਸੰਗਤ ਵੀ ਕਿਹਾ ਜਾਂਦਾ ਹੈ ਅਤੇ ਇਸ ਸੰਗਤ ਨੂੰ ਮਹਾਨ ਸ਼ਰਧਾ ਨਾਲ ਸਤਿਕਾਰਿਆ ਜਾਂਦਾ ਹੈ। ਉਨ੍ਹਾਂ (ਸਿੱਖਾਂ) ਨੇ ਇਸ ਨੂੰ ਇਕ ਮਹਾਨ ਯਾਤਰਾ ਵਾਲੀ ਥਾਂ ਬਣਾ ਲਿਆ ਹੈ।"[19]

ਇਸ ਤਰ੍ਹਾਂ ਉਪਰੋਕਤ ਟੂਕਾਂ ਤੋਂ ਤਖ਼ਤ ਸਾਹਿਬ ਦੀ ਇਮਾਰਤ ਅਤੇ ਇਥੋਂ ਦੀ ਗੁਰਮਤ ਮਰਯਾਦਾ ਬਾਰੇ ਕੁਝ ਪਤਾ ਲਗਦਾ ਹੈ। ਪਰ ਕਿਉਂਕਿ ਕਈ ਗੱਲਾਂ ਦੀ ਕਿਸੇ ਬਾਹਰਲੇ ਯਾਤਰੂ ਨੂੰ ਪੂਰੀ ਤਰ੍ਹਾਂ ਸਮਝ ਨਹੀਂ ਹੁੰਦੀ ਇਸ ਲਈ ਉਹ ਸਹੀ ਭਾਵ ਨਹੀਂ ਦਰਸਾ ਸਕਦਾ ਹੁੰਦਾ।

ਜਿਹੜੀ ਪਹਿਲੀ ਇਮਾਰਤ ਸੀ ਉਹ 1834 ਈ. ਵਿਚ ਆਏ ਇਕ ਭੂਚਾਲ ਰਾਹੀਂ ਗਿਰ ਗਈ ਸੀ। ਪਰ ਉਸ ਸਮੇਂ ਪੰਜਾਬ ਵਿਚ ਮਹਾਰਾਜਾ ਰਣਜੀਤ ਸਿੰਘ ਨੇ ਸਿੱਖ ਰਾਜ ਕਾਇਮ ਕੀਤਾ ਹੋਇਆ ਸੀ ਇਸ ਲਈ ਉਸ ਨੇ ਤਖ਼ਤ ਸਾਹਿਬ ਦੀ ਨਵੀਂ ਇਮਾਰਤ ਬਣਾਉਣ ਦੀ ਸੇਵਾ ਕੀਤੀ। ਇਸ ਸੇਵਾ ਨੂੰ ਦਰਸਾਉਣ ਵਾਲੇ ਤਖ਼ਤ ਸਾਹਿਬ ਦੇ ਅਜਾਇਬ ਘਰ ਵਿਚ ਦੋ ਪੱਥਰ ਪਏ ਹਨ ਜਿਨ੍ਹਾਂ ਉੱਤੇ ਮਹਾਰਾਜਾ ਰਣਜੀਤ ਸਿੰਘ ਰਾਹੀਂ ਸੇਵਾ ਕਰਵਾਉਣ ਬਾਰੇ

19. ਸੁਰਿੰਦਰ ਸਿੰਘ ਜੌਹਰ ਦੇ ਹਵਾਲੇ ਅਨੁਸਾਰ, *ਦਾ ਸਿੱਖ ਗੁਰੂਜ਼ ਐਂਡ ਦੇਅਰ ਸ਼ਰਾਈਨਜ਼*, ਨਵੀਂ ਦਿੱਲੀ, 1976, ਪੰਨਾ 241.

ਲਿਖਿਆ ਹੋਇਆ ਹੈ। ਪਹਿਲੀ ਸੇਵਾ ਬਾਰੇ ਇਊਂ ਲਿਖਿਆ ਹੈ :

> *"ੴ ਵਾਹਿਗੁਰੂ ਜੀ ਕੀ ਫਤਿਹ। ਸੰਮਤ 1896 ਮਿਤੀ ਹਾੜ ਤਖ਼ਤ ਹਰਿਮੰਦਰ ਜੀ ਟਹਲ ਸਰਕਾਰ ਰਣਜੀਤ ਸਿੰਘ ਜੀ ਦੀ ਰਾਹੀਂ ਭਾਈ ਗੁਰਮੁਖ ਸਿੰਘ ਜੀ ਗਿਆਨੀ ਦੇ ਹਥੋਂ ਭਾਈ ਸ਼ਿਆਮ ਸਿੰਘ ਦਰੋਗਾ। ਰਾਜਾ ਭਾਈ ਰੂਪ ਸਿੰਘ ਕਾਰਖਾਨੀਏ। ਗੁਰਦੁਆਰੋਂ ਏਹ ਦਾਨ, ਨਾਮ ਚਿਤ ਆਵੇ।"*

ਇਸ 'ਤੇ ਦਿਤੀ ਮਿਤੀ ਅਨੁਸਾਰ ਸੰਨ 1839 ਈ. ਦਾ ਬਣਦਾ ਹੈ ਜਿਸ ਦਾ ਮਤਲਬ ਹੈ ਕਿ ਮਹਾਰਾਜਾ ਰਣਜੀਤ ਸਿੰਘ ਨੇ ਇਹ ਸੇਵਾ ਆਪਣੀ ਅਖੀਰਲੀ ਉਮਰ ਵਿਚ ਕਰਵਾਈ ਸੀ। ਦੂਜੇ ਪੱਥਰ 'ਤੇ ਸੰਮਤ 1898 ਦਾ ਲਿਖਿਆ ਹੈ ਜਿਸ ਦਾ ਭਾਵ ਹੈ ਕਿ ਦੂਜੀ ਸੇਵਾ ਮਹਾਰਾਜਾ ਰਣਜੀਤ ਸਿੰਘ ਦੀ ਮੌਤ ਦੇ ਦੋ ਸਾਲਾਂ ਪਿੱਛੋਂ ਹੋਈ ਸੀ। ਭਾਵੇਂ ਨਾਂ ਮਹਾਰਾਜਾ ਰਣਜੀਤ ਸਿੰਘ ਦਾ ਹੀ ਲਿਖਿਆ ਹੋਇਆ ਹੈ। ਦੂਜੇ ਪੱਥਰ ਦੀ ਇਬਾਰਤ ਹੈ :

> *"ੴ ਸਤਿਗੁਰ ਪ੍ਰਸਾਦਿ ॥ ਸਤਿਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰ ਅਕਾਲ ਮੂਰਤਿ ਅਜੂਨੀ ਸੈਭੰ ਗੁਰ ਪਰਸਾਦਿ ॥ ਜਪੁ ॥ ਆਦਿ ਸਚੁ ਜੁਗਾਦਿ ਸਚੁ ਹੈ ਭੀ ਸਚੁ ਨਾਨਕ ਹੋ ਸੀ ਭੀ ਸਚੁ। ਸੰਬਤ 1722 ਮਿਤੀ ਜੇਠ ਸੁਦੀ। ਤਖ਼ਤ ਸਿਰੀ ਹਰਿਮੰਦਰ ਜੀ ਟਹਿਲ ਪਹਿਲੀ ॥ ਟਹਿਲ ਦੂਸਰੀ ਬਰ ਸਰਕਾਰ ਰਣਜੀਤ ਸਿੰਘ ਬਹਾਦਰ ਦੀ ॥ ਰਾਹੀਂ ਭਾਈ ਗੁਰਮੁਖ ਸਿੰਘ ਗਿਆਨੀ ਦੀ ॥ ਦਸਤੀ ਭਾਈ ਸਿਯਾਮ ਸਿੰਘ ਜੀ ॥ ਮੁਮਾਰ ਰੂਪ ਸਿੰਘ ਰਾਜਾ ॥ ਸੰਬਤ 1898 ਮਿਤੀ ਚੇਤ ਸੁਦੀ ॥13॥"[20]*

ਇਸ ਤਰ੍ਹਾਂ ਮਹਾਰਾਜਾ ਰਣਜੀਤ ਸਿੰਘ ਨੇ ਨਵੀਂ ਇਮਾਰਤ ਬਣਾਈ ਜਿਹੜੀ 19 ਵੀਂ ਸਦੀ ਦੇ ਪਹਿਲੇ ਅਧ ਤਕ ਕਾਇਮ ਰਹੀ। ਪਰ 1934 ਈ. ਵਿਚ ਭਿਆਨਕ ਅਗ ਲਗ ਜਾਣ ਕਰਕੇ, ਪਹਿਲੀ ਇਮਾਰਤ ਗਿਰ ਗਈ। ਇਸ ਲਈ ਵਰਤਮਾਨ ਇਮਾਰਤ ਬਣਾਉਣੀ ਸ਼ੁਰੂ ਕੀਤੀ ਗਈ। ਇਸ ਸੇਵਾ ਲਈ ਸ਼ਰੋਮਣੀ ਕਮੇਟੀ ਅੰਮ੍ਰਿਤਸਰ, ਚੀਫ ਖਾਲਸਾ ਦੀਵਾਨ ਅੰਮ੍ਰਿਤਸਰ ਅਤੇ ਹੋਰ ਸਿੱਖ ਸੰਤਾਂ ਨੇ ਇਕੱਠਿਆਂ ਹੋ ਕੇ ਸੇਵਾ ਆਰੰਭ ਕੀਤੀ।

10 ਨਵੰਬਰ, 1954 ਈ. ਨੂੰ ਕੱਤਕ ਦੀ ਪੂਰਨਮਾਸ਼ੀ, ਗੁਰੂ ਨਾਨਕ ਦੇਵ ਜੀ ਦੇ ਜਨਮ ਉਤਸਵ 'ਤੇ ਵਰਤਮਾਨ ਪੰਜ ਮੰਜ਼ਲੀ ਇਮਾਰਤ ਦਾ ਨੀਂਹ ਪਥਰ ਰਖਿਆ ਗਿਆ। ਕਲਕੱਤੇ ਦੀ ਸੰਗਤ ਨੇ ਚਾਲੀ ਹਜ਼ਾਰ ਰੁਪਏ ਭੇਜੇ। ਕਾਨ੍ਹਪੁਰ ਦੀ ਸੰਗਤ ਨੇ ਇੱਕੀ ਹਜ਼ਾਰ ਰੁਪਏ ਭੇਜੇ। ਇਸ ਤਰ੍ਹਾਂ ਬਾਕੀ ਇਲਾਕਿਆਂ ਦੀਆਂ ਸੰਗਤਾਂ ਨੇ ਆਪਣੀ ਆਪਣੀ ਸ਼ਕਤੀ ਅਨੁਸਾਰ ਮਾਇਆ ਅਰਦਾਸ ਕਰਾਈ। ਇਸ ਇਮਾਰਤ 'ਤੇ ਕੁਲ ਖਰਚਾ 20 ਲੱਖ ਰੁਪਏ ਹੋਇਆ। ਜੋ ਸਿੱਖ ਸੰਗਤਾਂ ਨੇ ਹੀ ਇਕੱਠਾ ਕੀਤਾ ਸੀ। ਇਸ ਹਾਲ ਦੀ ਉਚਾਈ 31 ਫੁਟ ਤੇ ਗੁਥੰਦ ਸਮੇਤ ਕੁਲ ਉਚਾਈ 108 ਫੁਟ ਹੈ। ਸੰਤ ਨਿਸ਼ਚਲ ਸਿੰਘ ਜੀ ਜਮਨਾ ਨਗਰ ਅਤੇ ਸੰਤ ਬਾਬਾ ਕਰਤਾਰ ਸਿੰਘ ਜੀ ਕਪੂਰਥਲਾ ਨੇ ਅਣਗਿਣਤ ਸੇਵਾ ਕਰਵਾਈ। ਇਹ ਮਹਾਨ ਇਮਾਰਤ ਦਸੰਬਰ, 1957 ਈ. ਵਿਚ ਸੰਪੂਰਨ ਹੋਈ। ਇਸ ਦਾ ਉਦਘਾਟਨ ਮਹਾਰਾਜਾ ਪਟਿਆਲਾ

20. ਇਹ ਦੋਵੇਂ ਪੱਥਰ ਅਜ ਕਲ ਤਖ਼ਤ ਸਾਹਿਬ ਦੇ ਅਜਾਇਬ ਘਰ ਵਿਚ ਸੰਭਾਲੇ ਪਏ ਹਨ ਪਹਿਲਾਂ ਇਹ ਤਖ਼ਤ ਸਾਹਿਬ ਦੀਆਂ ਡਾਟਾਂ ਵਿਚ ਫਿੱਟ ਕੀਤੇ ਹੋਏ ਸਨ।

ਸਰਦਾਰ ਯਾਦਵਿੰਦਰ ਸਿੰਘ ਨੇ ਇਕ ਲੱਖ ਰੁਪਿਆ ਦੇਣ ਉਪਰੰਤ ਕੀਤਾ ਸੀ।[21]

ਇਸ ਇਮਾਰਤ ਦੇ ਹੇਠਾਂ ਇਕ ਭੋਰਾ ਹੈ। ਇਸ ਨੂੰ ਅੰਡਰ ਗਰਾਊਂਡ ਫਲੋਰ ਵੀ ਕਿਹਾ ਜਾਂਦਾ ਹੈ। ਇਸ ਨੂੰ ਹੀ ਗੁਰੂ ਗੋਬਿੰਦ ਸਿੰਘ ਜੀ ਦਾ ਅਸਲ ਜਨਮ ਅਸਥਾਨ ਕਿਹਾ ਜਾਂਦਾ ਹੈ। ਇਥੇ ਗੁਰੂ ਗ੍ਰੰਥ ਸਾਹਿਬ ਦੀ ਬੀੜ, ਦਸਮ ਗ੍ਰੰਥ ਗੁਰੂ ਮਹਾਰਾਜ ਦੇ ਬਸਤਰ, ਗੁਰੂ ਗੋਬਿੰਦ ਸਿੰਘ ਜੀ ਅਤੇ ਗੁਰੂ ਤੇਗ ਬਹਾਦਰ ਜੀ ਦੇ ਪਊਏ, ਬਾਲ ਗੋਬਿੰਦ ਜੀ ਦਾ ਪੁਰਾਣਾ ਚੋਲਾ ਆਦਿ ਵਸਤਾਂ ਪਈਆਂ ਹਨ। ਪੰਡਿਤ ਤਾਰਾ ਸਿੰਘ ਨਰੋਤਮ ਨੇ ਇਨ੍ਹਾਂ ਯਾਦਗਾਰੀ ਵਸਤਾਂ ਦੀ ਸੂਚੀ ਆਪਣੇ ਸਮੇਂ ਇਸ ਤਰ੍ਹਾਂ ਦਿਤੀ ਹੈ। 1. ਬਾਲ ਅਵਸਥਾ ਦਾ ਪੰਘੂੜਾ ਸਾਹਿਬ, 2. ਗੁਰੂ ਜੀ ਕਾ ਕੂਆ, 3. ਛੋਟਾ ਸਿਰੀ ਸਾਹਿਬ, 4. ਵਡਾ ਸਿਰੀ ਸਾਹਿਬ, 5. ਇਕ ਢੋਲਕ, 6. ਇਕ ਰਬਾਬ, 7. ਕਬੀਰ ਜੀ ਕੇ ਰੱਛ ਤੁਰ, 8. ਗੁਰੂ ਜੀ ਦੇ ਪੰਜ ਤੀਰ, 9. ਇਕ ਸੌ ਆਠ ਹੁਕਮਨਾਮਿਆਂ ਦੀ ਪੋਥੀ ਹੈ।

"ਗੁਰੂ ਸਾਹਿਬ ਦੀ ਇਕ ਤਸਵੀਰ ਜੋ ਇਟਲੀ ਵਲਾਇਤ ਦੇ ਮੁਸਵਰ ਸੇ ਬਹਾਦਰ ਸ਼ਾਹ ਨੇ ਲਿਖਵਾਈ ਸੀ ਅਤੇ ਆਪਣੇ ਗੁਜਰਨੇ ਸਮੇਂ ਪਟਣਾ ਸਾਹਿਬ ਪਹੁੰਚਾਈ। ਕਈਓਂ ਸੇ ਸੁਨਾ ਹੈ ਕਿ ਇਹ ਉਹ ਤਸਵੀਰ ਹੈ ਜੋ ਰਾਜਾ ਹਜ਼ੂਰੀ ਸਿੰਘ ਗੁਰੂ ਜੀ ਦੇ ਹਜ਼ੂਰ ਪਹੁੰਚ ਆਨੰਦਪੁਰ ਤੋਂ ਲਿਖਵਾ ਕੇ ਕਲਕੱਤੇ ਲੈ ਗਿਆ ਸੀ। ਉਸ ਦੇ ਗੁਜਰਨ ਪਿੱਛੋਂ ਇਥੇ ਹਰਿਮੰਦਰ ਵਿਚ ਲਿਆਂਦੀ ਗਈ ਸੀ।[22] ਇਮਾਰਤ ਦੀ ਦੂਸਰੀ ਮੰਜ਼ਲ 'ਤੇ ਸੰਗਤਾਂ ਵਲੋਂ ਕਰਵਾਏ ਜਾਂਦੇ ਆਖੰਡ ਪਾਠਾਂ ਦੀ ਲੜੀ ਚਲਦੀ ਰਹਿੰਦੀ ਹੈ। ਤੀਸਰੀ ਮੰਜ਼ਲ 'ਤੇ ਅਜਾਇਬ ਘਰ ਹੈ। ਚੋਥੀ ਮੰਜ਼ਲ 'ਤੇ ਅੰਮ੍ਰਿਤ ਛਕਾਉਣ ਅਤੇ ਆਨੰਦ ਕਾਰਜ ਕਰਵਾਉਣ ਦਾ ਇੰਤਜ਼ਾਮ ਹੈ। ਪੰਜਵੀਂ ਮੰਜ਼ਿਲ 'ਤੇ ਹੱਥ ਲਿਖਤ ਅਤੇ ਪੱਥਰ ਤੇ ਛਾਪੇ ਦੀਆਂ ਬਿਰਧ ਬੀੜਾਂ ਦੀ ਸੰਭਾਲ ਹੈ।

ਇਸ ਤੋਂ ਇਲਾਵਾ, ਤਖ਼ਤ ਸਾਹਿਬ ਦੀ ਇਮਾਰਤ ਨਾਲ ਇਕ ਬਹੁਤ ਸੁੰਦਰ ਸਰਾਂ ਹੈ ਜਿਸ ਵਿਚ ਆਏ ਯਾਤਰੂਆਂ ਦੀ ਰਿਹਾਇਸ਼ ਕੀਤੀ ਜਾਂਦੀ ਹੈ। ਇਕ ਵਿਸ਼ਾਲ ਲੰਗਰ ਦੀ ਇਮਾਰਤ ਹੈ ਜਿਥੇ 24 ਘੰਟੇ ਪਰਸ਼ਾਦਾ ਤਿਆਰ ਮਿਲਦਾ ਹੈ ਇਕ ਪਾਸੇ ਪੂਰੀਆਂ ਸਹੂਲਤਾਂ ਵਾਲਾ ਵੀ.ਆਈ.ਪੀਜ਼. ਦਾ ਰਿਹਾਇਸ਼ੀ ਪਰਬੰਧ ਹੈ ਜਿਸ ਵਿਚ ਫਲੱਸ਼ ਬਾਥਰੂਮ ਅਟੈਚਡ ਹਨ। ਇਥੇ ਹੀ ਪਰਬੰਧਕ ਕਮੇਟੀ ਦਾ ਦਫ਼ਤਰ ਹੈ।

ਤਖ਼ਤ ਸਾਹਿਬ ਦਾ ਪਰਬੰਧ

ਜਿਥੋਂ ਤਕ ਤਖ਼ਤ ਸਾਹਿਬ ਦੇ ਪਰਬੰਧ ਦਾ ਸੰਬੰਧ ਹੈ, ਇਹ ਮੁਢ ਤੋਂ ਹੀ ਚਰਚਾ ਦਾ ਵਿਸ਼ਾ ਬਣਿਆ ਰਿਹਾ ਹੈ। ਭਾਵੇਂ ਇਹ ਤਖ਼ਤ ਪੰਜਾਬ ਦੇ ਗੁਰਦੁਆਰਿਆਂ ਦੇ ਪੁਜਾਰੀਆਂ ਵਰਗੇ ਪਰਬੰਧ ਤੋਂ ਤਾਂ ਬਚਿਆ ਰਿਹਾ ਹੈ ਪਰ ਫਿਰ ਵੀ ਇਹ ਸਹੀ ਤਰ੍ਹਾਂ ਸਿੱਖਾਂ ਦੇ ਸਿਧੇ ਪਰਬੰਧ ਹੇਠ ਨਹੀਂ ਰਿਹਾ। ਇਥੋਂ ਦਾ ਪਰਬੰਧ ਕਰਨ ਵਾਲੇ ਸੰਤਾਂ ਮਹੰਤਾਂ ਦੀ ਮੁਖ ਟੇਕ, ਪੰਜਾਬ ਦੇ ਸਿੱਖ ਅਤੇ ਸਿੱਖ ਮਹਾਰਾਜੇ ਹੁੰਦੇ ਸੀ, ਜਿਹੜੇ ਸਮੇਂ ਸਮੇਂ ਚੜ੍ਹਾਵਿਆਂ ਦੇ ਰੂਪ ਵਿਚ ਖੁੱਲੀਆਂ ਰਕਮਾਂ ਦੇ ਦਿੰਦੇ ਸੀ। ਪਰ ਸਿੱਖ ਰਾਜ ਦੇ ਖਾਤਮੇ ਤੋਂ ਪਿੱਛੋਂ ਇਹ ਟੇਕ ਵੀ

21. ਇਹ ਜਾਣਕਾਰੀ ਤਖ਼ਤ ਸਾਹਿਬ ਦੀ ਪਰਬੰਧਕ ਕਮੇਟੀ ਵਲੋਂ ਪਰਕਾਸ਼ਤ ਪੈਂਫਲਿਟ ਤੋਂ ਲਈ ਗਈ ਹੈ।

22. *ਸ੍ਰੀ ਗੁਰ ਤੀਰਥ ਸੰਗ੍ਰਹਿ*, ਪੰਨੇ 106-7.

ਖ਼ਤਮ ਹੋ ਗਈ ਸੀ ਅਤੇ ਤਖ਼ਤ ਸਾਹਿਬ ਸਿਰਫ਼ ਮੁਠੀ ਭਰ ਸਿੱਖਾਂ ਦੇ ਚੜ੍ਹਾਵੇਂ 'ਤੇ ਹੀ ਰਹਿ ਗਿਆ ਸੀ।

ਇਕ ਗੱਲ ਤਾਂ ਇਸ ਦੇ ਪਰਬੰਧ ਬਾਰੇ ਨਿਸ਼ਚਿਤ ਹੈ ਕਿ ਇਹ ਹਮੇਸ਼ਾਂ ਹੀ ਪੰਜਾਬ ਦੇ ਕੇਂਦਰੀ ਗੁਰਦੁਆਰਿਆਂ ਦੀ ਗੁਰਮਤ-ਮਰਯਾਦਾ ਤੋਂ ਵੱਖਰਾ ਰਿਹਾ ਹੈ। ਇਥੋਂ ਦੀ ਗੁਰਮਤ-ਮਰਯਾਦਾ ਹਮੇਸ਼ਾ ਹੀ ਸਿੱਖ-ਵਿਰੋਧੀ ਰਹੀ ਹੈ। ਹੁਣ ਕੁਝ ਇਸ ਵਿਚ ਤਬਦੀਲੀ ਹੋਣੀ ਸ਼ੁਰੂ ਹੋਈ ਹੈ ਪਰ ਅਜੇ ਵੀ ਨਾਂ ਤਾਂ ਇਹ ਪਰਬੰਧ ਠੀਕ ਹੋਇਆ ਹੈ ਅਤੇ ਨਾਂ ਹੀ ਤਖ਼ਤ ਸਾਹਿਬ ਵਾਲਾ ਕਨਸੈਪਟ ਅਪਣਾਇਆ ਗਿਆ ਹੈ। ਇਥੇ ਅਜੇ ਤਕ ਵੀ ਜਥੇਦਾਰ ਦੀ ਆਸਾਮੀ ਨਹੀਂ। ਅਜੇ ਵੀ ਇਕੋ ਹੀ ਆਦਮੀ ਜੱਦੀ ਤੌਰ 'ਤੇ ਹੈਡ ਗ੍ਰੰਥੀ (ਪੁਜਾਰੀ) ਤੁਰਿਆ ਆਉਂਦਾ ਹੈ। ਲੋੜ ਪੈਣ 'ਤੇ ਇਹੋ ਹੀ ਪੁਜਾਰੀ, ਜਥੇਦਾਰ ਬਣ ਜਾਂਦਾ ਹੈ ਅਤੇ ਇਹੋ ਹੀ ਹੈੱਡ ਗ੍ਰੰਥੀ ਬਣ ਜਾਂਦਾ ਹੈ। ਇਥੇ ਅਰਦਾਸ ਕਰਨ ਦਾ ਢੰਗ-ਤਰੀਕਾ ਵੀ ਕੁਝ ਵੱਖਰਾ ਹੈ, ਪਿੱਛੋਂ ਆਰਤੀ ਤਾਂ ਬਿਲਕੁਲ ਹੀ ਸਿੱਖ ਵਿਰੋਧੀ ਰੀਤਾਂ ਅਨੁਸਾਰ ਹੁੰਦੀ ਹੈ।

ਤਖ਼ਤ ਸਾਹਿਬ ਦੇ ਪਰਬੰਧ ਅਤੇ ਮਹੰਤਾਂ ਬਾਰੇ ਕੁਝ ਦੱਸਣ ਤੋਂ ਪਹਿਲਾਂ ਇਸ ਦੀ ਉਸ ਆਮਦਨ ਬਾਰੇ ਜਾਣ ਲੈਣਾ ਚਾਹੀਦਾ ਹੈ ਜਿਸ ਨੂੰ ਸਿੱਖ ਰਾਜਿਆਂ ਨੇ ਸਮੇਂ ਸਮੇਂ 'ਤੇ ਤਖ਼ਤ ਸਾਹਿਬ ਦੇ ਨਾਂ ਲਗਾਇਆ ਸੀ। ਮਹਾਰਾਜਾ ਰਣਜੀਤ ਸਿੰਘ ਵਲੋਂ ਸੋਨੇ ਦੀ ਸੇਵਾ ਕਰਵਾਉਣ ਤੋਂ ਇਲਾਵਾ, ਬਿਹਾਰ ਦੇ ਇਕ ਅਮੀਰ ਗੋਪਾਲ ਸਿੰਘ ਨੇ 450 ਬਿਘੇ ਜ਼ਮੀਨ ਤਖ਼ਤ ਸਾਹਿਬ ਦੇ ਨਾਂ ਲਗਵਾਈ ਸੀ ਜਿਸ ਤੋਂ ਇਕ ਹਜ਼ਾਰ ਰੁਪਿਆ ਸਲਾਨਾ ਆਮਦਨ ਸੀ। ਸਰਕਾਰ ਤੋਂ 31 ਰੁਪਏ ਮਾਸਕ, ਰਿਆਸਤ ਨਾਭਾ ਤੋਂ ਪੰਜ ਸੋ ਰੁਪਏ ਸਾਲਾਨਾ, ਰਿਆਸਤ ਜੀਂਦ ਤੋਂ 470 ਰੁਪਏ ਸਾਲਾਨਾ, ਰਿਆਸਤ ਪਟਿਆਲਾ ਤੋਂ ਦੋ ਰੁਪਏ ਰੋਜ਼ ਦੇ ਹਿਸਾਬ ਨਾਲ 730 ਰੁਪਏ ਸਾਲਾਨਾ, ਫਰੀਦਕੋਟ ਤੋਂ 456 ਰੁਪਏ, ਪਟਨੇ ਦੇ ਮਹੱਲਾ ਰਾਣੀਪੁਰ ਦੀ 22 ਬਿਘੇ ਜ਼ਮੀਨ ਤੋਂ 160 ਰੁਪਏ ਮਹੱਲਾ ਰਕਾਬਗੰਜ ਦੀ ਜ਼ਮੀਨ ਤੋਂ 44 ਰੁਪਏ, ਮਹੱਲਾ ਜਲਾ ਦੀ ਜ਼ਮੀਨ ਤੋਂ 40 ਰੁਪਏ, ਨਾਭੇ ਦੇ ਅਹਿਲਕਾਰ ਬਿਸ਼ਨ ਸਿੰਘ ਵਲੋਂ 47 ਰੁਪਏ ਸਾਲਾਨਾ ਦੀ ਆਮਦਨ ਸੀ।

ਤਖ਼ਤ ਸਾਹਿਬ ਦਾ ਪਰਬੰਧ ਪਹਿਲਾਂ ਪਹਿਲ ਬੰਗਾਲ ਬੋਰਡ ਆਫ ਰੈਵਿਨਿਊ ਰੈਗੂਲੇਸ਼ਨ ਨੰ. 19/1810 ਈ. ਅਨੁਸਾਰ ਈਸਟ ਇੰਡੀਆ ਕੰਪਨੀ ਦੇ ਅਧੀਨ ਸੀ। ਫਿਰ ਰਿਲੀਜਸ ਇੰਡੋਮੈਂਟ ਐਕਟ ਨੰ. 20/1863 ਦੇ ਅਧੀਨ ਮਿਤੀ 11 ਮਾਰਚ, 1865 ਨੂੰ ਇਹ ਹੁਕਮ ਮਹੰਤ ਗੰਡਾ ਸਿੰਘ ਨੂੰ ਦੇ ਦਿਤੇ ਗਏ ਅਤੇ ਐਕਟ 1863 ਦੀ ਧਾਰਾ 4 ਦੇ ਅਧੀਨ ਬੋਰਡ ਆਫ ਰੈਵਨਿਊ ਨੇ, ਮੈਨੇਜਰ, ਮਹੰਤ ਅਤੇ ਟਰਸਟੀ ਦੀ ਨਿਯੁਕਤੀ ਦੇ ਅਧਿਕਾਰ ਪਟਨਾ ਡਿਸਟਰਿਕਟ ਦੇ ਜੱਜ ਨੂੰ ਦੇ ਦਿੱਤੇ। 1930 ਈ. ਤੀਕ ਇਹ ਪਰਬੰਧ ਚਲਦਾ ਰਿਹਾ ਅਤੇ ਇਸੇ ਅਧੀਨ ਗ੍ਰੰਥੀ-ਮਹੰਤ ਅਤੇ ਮੈਨੇਜਰ ਨਿਯੁਕਤ ਹੁੰਦੇ ਰਹੇ ਹਨ। ਇਸ ਤਰ੍ਹਾਂ ਹੇਠ ਲਿਖੇ ਮਹੰਤ ਤੇ ਮੈਨੇਜਰ ਆਏ ਤੇ ਗਏ।

ਪਹਿਲਾਂ ਪਹਿਲ ਭਾਈ ਨਵਲ ਸਿੰਘ ਮਹੰਤ ਦਾ ਨਾਂ ਰਿਕਾਰਡ ਵਿਚ ਮਿਲਦਾ ਹੈ ਜਿਸ ਨੇ 1787 ਈ. ਵਿਚ ਮਹੰਤੀ ਕੀਤੀ। ਉਸ ਪਿੱਛੋਂ ਭਾਈ ਦਿਆਲ ਸਿੰਘ 1787 ਈ. ਤੋਂ 1832 ਤਕ। ਭਾਈ ਸੁਖਾ ਸਿੰਘ 1832 ਤੋਂ 1861 ਤਕ। ਭਾਈ ਦੀਦਾਰ ਸਿੰਘ 1861 ਤੋਂ 1865 ਤਕ। ਭਾਈ ਦੀਦਾਰ ਸਿੰਘ ਦੇ ਸਮੇਂ ਦਾ ਇਕ ਹੁਕਮਨਾਮਾ ਵੀ ਮਿਲਦਾ ਹੈ ਜਿਹੜਾ ਤਖ਼ਤ

ਸਿਰੀ ਪਟਣਾ ਸਾਹਿਬ ਤੋਂ ਪੂਰਬ ਦੇ ਇਲਾਕੇ ਦੀਆਂ ਸਿੱਖ ਸੰਗਤਾਂ ਦੇ ਨਾਂ ਜਾਰੀ ਕੀਤਾ ਗਿਆ ਸੀ। ਭਾਈ ਗੰਡਾ ਸਿੰਘ 1865 ਤੋਂ ਲੈ ਕੇ 1875 ਈ. ਤਕ। ਭਾਈ ਧਰਮ ਸਿੰਘ 1875 ਈ. ਤੋਂ 1882 ਈ. ਤਕ। ਭਾਈ ਧਰਮ ਸਿੰਘ ਨੇ ਬੜੇ ਸਾਹਿਬ (ਗੁਰੂ ਗੋਬਿੰਦ ਸਿੰਘ ਜੀ) ਦੇ ਲਿਖੇ ਮੂਲ ਮੰਤਰ ਵਾਲੀ ਬੀੜ ਨੂੰ ਮਹਾਰਾਜਾ ਜੀਂਦ ਨੂੰ ਦੋ ਲੱਖ ਰੁਪਏ ਵਿਚ ਵੇਚਣਾ ਕਰ ਲਿਆ ਸੀ। ਇਸ ਗੱਲ ਦਾ ਪਤਾ ਸੰਗਤਾਂ ਨੂੰ ਲੱਗ ਗਿਆ। ਸੰਗਤਾਂ ਨੇ ਰੌਲਾ ਪਾ ਕੇ ਇਹ ਕਾਰਾ ਹੋਣ ਤੋਂ ਬਚਾਇਆ ਅਤੇ ਮਹੰਤ ਧਰਮ ਸਿੰਘ ਨੂੰ ਮਹੰਤੀ ਤੋਂ ਕਢਵਾ ਦਿੱਤਾ। ਮਹੰਤ ਧਰਮ ਸਿੰਘ ਨੂੰ ਮਹੰਤੀ ਤੋਂ ਹਟਾਉਣ ਪਿੱਛੋਂ ਜ਼ਿਲਾ ਜੱਜ ਨੇ ਰਾਇ ਇਸ਼ਵਰੀ ਪਰਸ਼ਾਦਿ, ਲਾਲਾ ਬੁਲਾਕੀ ਲਾਲ, ਪੰਡਤ ਸ਼ਾਮ ਨਰਾਇਣ ਬਾਜਪਾਈ ਅਤੇ ਕੰਵਰ ਸੁਖਰਾਜ ਬਹਾਦਰ ਨਾਮੀ ਹਿੰਦੂਆਂ ਨੂੰ ਕੁਝ ਮਹੀਨਿਆਂ ਲਈ ਟਰਸਟੀ (ਰਿਸੀਵਰ) ਦੇ ਤੌਰ 'ਤੇ ਨਿਯੁਕਤ ਕਰ ਦਿੱਤਾ ਗਿਆ ਅਤੇ ਮਹੰਤ ਬਾਵਾ ਸੁਮੇਰ ਸਿੰਘ ਜੀ ਬਣਾਏ ਗਏ। ਇਹ 1882 ਤੋਂ ਲੈ ਕੇ 1903 ਈ. ਤਕ ਮਹੰਤ ਰਹੇ। ਬਾਵਾ ਸੁਮੇਰ ਸਿੰਘ ਜੀ ਦੇ ਸਮੇਂ ਤਖ਼ਤ ਸਾਹਿਬ ਨੂੰ ਬਹੁਤ ਪਰਸਿੱਧੀ ਪਰਾਪਤ ਹੋਈ ਕਿਉਂਕਿ ਬਾਵਾ ਜੀ ਸੰਸਕਰਿਤ, ਫ਼ਾਰਸੀ ਅਤੇ ਬਰਿਜ ਭਾਸ਼ਾ ਦੇ ਬਹੁਤ ਵੱਡੇ ਵਿਦਵਾਨ ਸਨ। ਇਨ੍ਹਾਂ ਨੇ ਸਿੱਖ ਧਰਮ ਬਾਰੇ ਕੁਝ ਪੁਸਤਕਾਂ ਵੀ ਲਿਖਿਆ ਸਨ।[23] ਪਰ ਅੱਜ ਕੱਲ ਇਹ ਪੁਸਤਕਾਂ ਉਪਲਬਧ ਨਹੀਂ ਹਨ। ਇਨ੍ਹਾਂ ਦੀ ਵਿਦਵਤਾ ਕਾਰਨ ਹੀ ਇਨ੍ਹਾਂ ਨੂੰ ਗੁਰੂ ਗ੍ਰੰਥ ਸਾਹਿਬ ਦੇ ਟੀਕੇ ਨੂੰ ਸੋਧਣ ਵਾਲੀ ਕਮੇਟੀ ਦਾ ਮੁਖੀ ਬਣਾਇਆ ਗਿਆ ਸੀ।

ਬਾਵਾ ਜੀ ਦੀ ਮੌਤ ਪਿੱਛੋਂ ਛੇ ਕੁ ਮਹੀਨਿਆਂ ਲਈ ਬਾਵਾ ਦਲੀਪ ਸਿੰਘ ਮਹੰਤ ਨਿਯੁਕਤ ਕੀਤੇ ਗਏ। ਇਹ ਆਰਜ਼ੀ ਤੌਰ 'ਤੇ ਸਨ। ਪੱਕੇ ਤੌਰ 'ਤੇ 1903 ਵਿਚ ਇਨ੍ਹਾਂ ਨੂੰ ਹਟਾ ਕੇ ਬਾਬਾ ਬਚਿੱਤਰ ਸਿੰਘ ਮਹੰਤ ਬਣਾਏ ਗਏ ਅਤੇ ਇਹ 1913 ਈ. ਤਕ ਰਹੇ। ਫਿਰ ਬਾਵਾ ਮੁਕੰਦ ਸਿੰਘ 1913 ਤੋਂ 1930 ਈ. ਤਕ ਰਹੇ। ਬਾਬਾ ਮੁਕੰਦ ਸਿੰਘ ਦੀ ਮੌਤ ਪਿੱਛੋਂ 29 ਮਾਰਚ, 1930 ਨੂੰ ਸ. ਗੁਰਚਰਨ ਸਿੰਘ ਅਤੇ ਸਥਾਨਕ ਬਿਹਾਰੀ ਸਿੱਖ ਸਨਮੁਖ ਸਿੰਘ ਨੂੰ ਆਰਜ਼ੀ ਤੌਰ 'ਤੇ ਮੈਨੇਜਰ ਨਿਯੁਕਤ ਕੀਤਾ ਗਿਆ। ਇਹ 15 ਜੁਲਾਈ, 1932 ਈ. ਤਕ ਰਹੇ। 16 ਜੁਲਾਈ, 1932 ਈ. ਨੂੰ ਬਿਹਾਰ ਹਾਈਕੋਰਟ ਵਲੋਂ ਬਾਬਾ ਕਰਤਾਰ ਸਿੰਘ ਬੇਦੀ ਸਰਬਰਾਹ ਬਣਾਏ ਗਏ ਅਤੇ ਉਨ੍ਹਾਂ ਦੀ ਸਹਾਇਤਾ ਲਈ ਪੰਜ ਮੈਂਬਰਾਂ ਦੀ ਇਕ ਸੁਪਰਵਾਇਜ਼ਰੀ ਕਮੇਟੀ ਬਣਾਈ ਗਈ। ਇਹ ਪੰਜ ਮੈਂਬਰ ਸਨ ਸ. ਲਖਮੀਰ ਸਿੰਘ ਪਰਧਾਨ,

---

23. ਬਾਵਾ ਸੁਮੇਰ ਸਿੰਘ ਗੁਰੂ ਅਮਰਦਾਸ ਜੀ ਦੀ ਬੰਸ ਵਿਚੋਂ ਸਨ। ਇਨ੍ਹਾਂ ਦੇ ਪਿਤਾ ਦਾ ਨਾਂ ਸ. ਸਾਧੂ ਸਿੰਘ ਸੀ। ਇਨ੍ਹਾਂ ਦੀਆਂ ਰਚਨਾਵਾਂ ਇਸ ਤਰ੍ਹਾਂ ਹਨ :

1. ਗੁਰੂ ਨਾਨਕ ਦਿਗ ਵਿਜੈ ਗ੍ਰੰਥ।
2. ਬ੍ਰਹਮਾਂਡ ਪੁਰਾਣ (ਅਨੁਵਾਦ)।
3 ਗੁਰ ਕਵਿਤਾਵਲੀ।
4. ਸ੍ਰੀ ਗੁਰੂ ਪਦ ਪਰੇਮ ਪ੍ਰਕਾਸ਼।
5. ਦਾਰਿਦ੍ਰ ਦੁਖ ਦੰਡਣ ਦੋਹਾਵਲੀ।
6. ਖ਼ਾਲਸਾ ਪਰਾਰਾ।
7. ਖ਼ਾਲਸਾ ਸ਼ਤਕ।
8. ਖ਼ਾਲਸਾ ਪੰਚਾਸਿਕਾ।

ਸ. ਅਰਜਨ ਸਿੰਘ, ਜਨਰਲ ਸਕੱਤਰ, ਸ. ਕਰਤਾਰ ਸਿੰਘ ਬੇਦੀ ਮੈਂਬਰ, ਸ. ਠਾਕਰ ਸਿੰਘ ਮੈਂਬਰ, ਤੇ ਸ. ਬਚਨ ਸਿੰਘ ਮੈਂਬਰ, ਪਰ ਕੁਝ ਚਿਰ ਪਿੱਛੋਂ ਸਿੱਖ ਸੰਗਤਾਂ ਦਾ ਬਾਬਾ ਕਰਤਾਰ ਸਿੰਘ ਬੇਦੀ ਨਾਲ ਝਗੜਾ ਹੋ ਗਿਆ। ਪੰਜਾਬ ਵਿਚ ਬਾਬਾ ਕਰਤਾਰ ਸਿੰਘ ਬੇਦੀ ਦੇ ਖ਼ਿਲਾਫ ਸਿਰੀ ਅਕਾਲ ਤਖ਼ਤ ਸਾਹਿਬ ਤੋਂ ਇਕ ਹੁਕਮਨਾਮਾ ਜਾਰੀ ਕਰਵਾ ਦਿੱਤਾ ਗਿਆ ਸੀ। ਕਿਉਂਕਿ ਇਸ ਨੇ ਨਨਕਾਣਾ ਸਾਹਿਬ ਦੇ ਸਾਕੇ ਵੇਲੇ ਮਹੰਤ ਨਰੈਣੂ ਦੀ ਮਦਦ ਕੀਤੀ ਸੀ। ਪਰ ਪਿੱਛੋਂ ਇਸ ਵਲੋਂ ਅਕਾਲ ਤਖ਼ਤ ਸਾਹਿਬ 'ਤੇ ਹਾਜ਼ਰ ਹੋ ਕੇ ਮੁਆਫ਼ੀ ਮੰਗ ਲਈ ਗਈ ਸੀ। ਇਸੇ ਹੀ ਇਸ਼ੂ 'ਤੇ ਪਿੱਛੋਂ ਪਟਣਾ ਸਾਹਿਬ ਦੀ ਸੰਗਤ ਦਾ ਇਸ ਨਾਲ ਝਗੜਾ ਹੋ ਗਿਆ ਪਰ ਇਸ ਵਲੋਂ ਮੁਆਫ਼ੀ ਮੰਗ ਲਈ ਗਈ। ਨਤੀਜੇ ਵਜੋਂ ਪਟਣਾ ਹਾਈਕੋਰਟ ਨੇ, ਪੰਜ ਮੈਂਬਰੀ ਕਮੇਟੀ ਤੋੜ ਕੇ ਬਾਬਾ ਕਰਤਾਰ ਸਿੰਘ ਬੇਦੀ ਦੀ ਸਹਾਇਤਾ ਲਈ ਪੰਦਰਾਂ ਮੈਂਬਰੀ ਕਮੇਟੀ ਬਣਾ ਦਿੱਤੀ।

ਇਹ ਕਮੇਟੀ ਅਤੇ ਸਰਬਰਾਹ 1954 ਤਕ ਰਹੇ। ਪਰ ਸਿੱਖ ਸੰਗਤਾਂ ਬਾਬਾ ਕਰਤਾਰ ਸਿੰਘ ਬੇਦੀ ਨਾਲ ਆਪਣੇ ਜਜ਼ਬਾਤ ਜੋੜ ਹੀ ਨਹੀਂ ਸਕੀਆਂ। ਸਿੱਟੇ ਵਜੋਂ 1954 ਵਿਚ ਉਸ ਦੇ ਖ਼ਿਲਾਫ ਕੀਤੇ ਇਕ ਮੁਕਦਮੇ ਸੂਟ ਨੰ. 3/8, 1943/51 ਅਨੁਸਾਰ, ਬੇਦੀ ਨੂੰ ਸਰਬਰਾਹੀ ਤੋਂ ਹਟਾ ਦਿੱਤਾ ਗਿਆ। 16 ਮਈ, 1955 ਨੂੰ ਜ਼ਿਲਾ ਜੱਜ ਪਟਣਾ ਵਲੋਂ ਅੰਮ੍ਰਿਤਸਰ, ਕਲਕੱਤਾ ਅਤੇ ਪਟਣਾ ਦੇ ਮੁਖੀ ਸਿੱਖਾਂ ਦਾ ਇਕੱਠ ਬੁਲਾਇਆ ਗਿਆ ਅਤੇ ਉਨ੍ਹਾਂ ਕੋਲੋਂ ਤਖ਼ਤ ਸਾਹਿਬ ਦਾ ਪਰਬੰਧ ਬਾਰੇ ਸੁਝਾਅ ਮੰਗੇ। 15 ਅਗਸਤ, 1955 ਨੂੰ ਇਨ੍ਹਾਂ ਸਿੱਖਾਂ ਦਾ ਇਕੱਠ ਫਿਰ ਬੁਲਾਇਆ ਗਿਆ ਅਤੇ ਇਸ ਇਕੱਠ ਵਿਚ ਫੈਸਲਾ ਕੀਤਾ ਗਿਆ ਕਿ ਇਕੋ ਹੀ ਪਰਬੰਧਕ ਕਮੇਟੀ ਹੋਣੀ ਚਾਹੀਦੀ ਹੈ, ਸਰਬਰਾਹ ਕੋਈ ਨਹੀਂ ਹੋਣਾ ਚਾਹੀਦਾ। 12 ਅਕਤੂਬਰ, 1955 ਨੂੰ ਇਕ ਕਮੇਟੀ ਬਣਾਈ ਗਈ ਜਿਸ ਦੇ ਪੰਦਰਾਂ ਮੈਂਬਰ ਸਨ। ਸਮਾਂ ਇਸ ਦਾ ਪੰਜ ਸਾਲ ਦਾ ਸੀ। ਇਸ ਕਮੇਟੀ ਦੀ ਪਹਿਲੀ ਮੀਟਿੰਗ 29 ਜਨਵਰੀ, 1956 ਨੂੰ ਹੋਈ। 21-22 ਜੁਲਾਈ, 1956 ਨੂੰ ਇਸ ਕਮੇਟੀ ਵਲੋਂ ਤਖ਼ਤ ਸਾਹਿਬ ਦੇ ਪਰਬੰਧਕੀ ਨਿਯਮਾਂ ਦਾ ਖਰੜਾ ਤਿਆਰ ਕੀਤਾ ਗਿਆ ਅਤੇ ਪਰਵਾਨਗੀ ਲਈ ਜ਼ਿਲਾ ਜੱਜ ਨੂੰ ਭੇਜਿਆ ਗਿਆ। ਇਸ ਵਿਚ ਜੱਜ ਨੇ ਕੁਝ ਤਰਮੀਮਾਂ ਕਰ ਕੇ ਪੱਤਰ ਨੰ. 2885 ਮਿਤੀ 16 ਮਈ, 1957 ਅਨੁਸਾਰ ਪਰਵਾਨਗੀ ਦੇ ਕੇ, ਕਮੇਟੀ ਦੇ ਹੇਠ ਲਿਖੇ ਅਹੁਦੇਦਾਰ (ਆਨਰੇਰੀ) ਚੁਣੇ ਗਏ : ਪਰਧਾਨ; ਸੀਨੀਅਰ ਮੀਤ-ਪਰਧਾਨ, ਜੂਨੀਅਰ ਮੀਤ-ਪਰਧਾਨ, ਜਨਰਲ ਸਕੱਤਰ ਅਤੇ ਸਕੱਤਰ। ਕਮੇਟੀ ਦੇ ਪੰਦਰਾਂ ਮੈਂਬਰਾਂ ਦੀ ਨਾਮਜ਼ਦਗੀ ਤੇ ਚੋਣ ਇਸ ਤਰ੍ਹਾਂ ਹੋਣੀ ਸੀ।

1.	ਦਿੱਲੀ ਗੁਰਦੁਆਰਾ ਬੋਰਡ ਦੇ ਸਿੱਖਾਂ ਦਾ ਪਰਤੀਨਿਧ ਮੈਂਬਰ	ਇਕ
2.	ਸ਼ਰੋਮਣੀ ਗੁਰਦੁਆਰਾ ਪਰਬੰਧਕ ਕਮੇਟੀ ਅੰਮ੍ਰਿਤਸਰ ਦਾ ਨਾਮਜ਼ਦ ਮੈਂਬਰ	ਇਕ
3.	ਚੀਫ਼ ਖਾਲਸਾ ਦੀਵਾਨ ਅੰਮ੍ਰਿਤਸਰ ਵਲੋਂ ਨਾਮਜ਼ਦ ਮੈਂਬਰ	ਇਕ
4.	ਯੂ.ਪੀ. ਸਿੱਖ ਪਰਤੀਨਿਧੀ ਬੋਰਡ ਲਖਨਊ ਦਾ ਨਾਮਜ਼ਦ ਮੈਂਬਰ	ਇਕ
5.	ਉਤਰੀ ਬਿਹਾਰ ਦੀਆਂ ਸਿੰਘ ਸਭਾਵਾਂ ਦਾ ਚੁਣਿਆ ਹੋਇਆ ਮੈਂਬਰ	ਇਕ
6.	ਦੱਖਣੀ ਬਿਹਾਰ ਦੀਆਂ ਸਭਾਵਾਂ ਦਾ ਚੁਣਿਆ ਮੈਂਬਰ	ਇਕ
7.	ਸਿਰੀ ਗੁਰੂ ਸਿੰਘ ਸਭਾ ਕਲਕੱਤਾ ਦਾ ਨਾਮਜ਼ਦ ਮੈਂਬਰ	ਇਕ

8.	ਸਨਾਤਨੀ ਸਿੱਖ ਸਭਾ ਪਟਣਾ ਸ਼ਹਿਰ ਵਲੋਂ ਨਾਮਜ਼ਦ ਮੈਂਬਰ	ਇਕ
9.	ਪਟਣਾ ਜ਼ਿਲਾ ਸਿੱਖ ਸੰਗਤ ਦਾ ਪਰਤੀਨਿਧ ਚੋਣ ਹਲਕਾ ਨੰ. 1	ਇਕ
10.	ਪਟਣਾ ਜ਼ਿਲੇ ਦਾ ਪਰਤੀਨਿਧ ਮੈਂਬਰ ਹਲਕਾ ਨੰ. 2	ਇਕ
11.	ਪਟਣਾ ਜ਼ਿਲੇ ਦੇ ਸਿੱਖਾਂ ਦਾ ਪਰਤੀਨਿਧ ਮੈਂਬਰ ਚੋਣ ਹਲਕਾ ਨੰ. 3	ਇਕ
12.	ਜ਼ਿਲਾ ਜੱਜ ਪਟਣਾ ਵਲੋਂ ਨਾਮਜ਼ਦ ਮੈਂਬਰ	ਇਕ
13.	ਇਨ੍ਹਾਂ ਉਪਰੋਕਤ 14 ਮੈਂਬਰਾਂ ਵਲੋਂ ਸਾਂਝੀ ਰਾਏ ਨਾਲ ਕੋਆਪਿਟਡ ਮੈਂਬਰ	ਇਕ
	ਕੁਲ	ਪੰਦਰਾਂ

ਇਹ ਪੰਦਰਾਂ ਮੈਂਬਰ ਆਪਣੇ ਵਿਚੋਂ ਪਰਧਾਨ, ਮੀਤ-ਪਰਧਾਨ ਆਦਿ ਅਹੁਦੇਦਾਰ ਚੁਣਦੇ ਹਨ। ਇਸ ਤਰ੍ਹਾਂ ਪਿੱਛੇ ਜਿਹੇ ਸ਼ਰੋਮਣੀ ਗੁਰਦੁਆਰਾ ਪਰਬੰਧਕ ਕਮੇਟੀ ਵਲੋਂ ਨਾਮਜ਼ਦ ਮੈਂਬਰਾਂ ਦੇ ਰੂਪ ਵਿਚ ਸ. ਗੁਰਚਰਨ ਸਿੰਘ ਟੋਹੜਾ ਨੂੰ ਭੇਜਿਆ ਗਿਆ ਸੀ। ਉਥੇ ਜਾ ਕੇ ਉਥੋਂ ਦੀ ਕਮੇਟੀ ਵਲੋਂ ਵੀ ਇਨ੍ਹਾਂ ਨੂੰ ਹੀ ਪਰਧਾਨ ਚੁਣ ਲਿਆ ਗਿਆ ਸੀ। ਪਿੱਛੋਂ ਕੁਝ ਸਮੇਂ ਲਈ ਬੀਬੀ ਨਿਰਲੇਪ ਕੋਰ, ਦਿੱਲੀ ਤੋਂ ਨਾਮਜ਼ਦ ਮੈਂਬਰ ਹੋਣ ਕਰਕੇ, ਉਥੋਂ ਦੀ ਪਰਧਾਨ ਬਣੀ। ਇਨ੍ਹਾਂ ਅਹੁਦੇਦਾਰਾਂ ਦੀ ਮਿਆਦ ਢਾਈ ਸਾਲ ਹੁੰਦੀ ਹੈ ਪਰ ਕਮੇਟੀ ਦੇ ਮੈਂਬਰਾਂ ਦੀ ਮਿਆਦ ਪੰਜ ਸਾਲ ਹੈ।

ਤਖ਼ਤ ਸਾਹਿਬ ਤੋਂ ਜਾਰੀ ਹੋਏ ਹੁਕਮਨਾਮੇ :

ਤਖ਼ਤ ਸਿਰੀ ਪਟਣਾ ਸਾਹਿਬ ਤੋਂ ਜਾਰੀ ਕੀਤੇ ਹੋਏ ਕੋਈ ਐਸੇ ਹੁਕਮਨਾਮੇ ਤਾਂ ਨਹੀਂ ਮਿਲਦੇ ਜਿਨਾਂ ਤੋਂ ਉਸ ਸਮੇਂ ਦੀ ਪੰਥਕ ਰਾਜਨੀਤੀ ਜਾਂ ਕਿਸੇ ਹੋਰ ਖੇਤਰ ਦੀ ਕੋਈ ਜਾਣਕਾਰੀ ਮਿਲਦੀ ਹੋਵੇ। ਪਰ ਇਸ ਦਾ ਮਤਲਬ ਇਹ ਵੀ ਨਹੀਂ ਕਿ ਇਥੋਂ ਕੋਈ ਹੁਕਮਨਾਮਾ ਹੀ ਜਾਰੀ ਨਾ ਹੋਇਆ ਹੋਵੇ। ਇਸ ਦਾ ਸਭ ਤੋਂ ਵੱਡਾ ਕਾਰਨ ਤਾਂ ਇਹ ਹੈ ਕਿ ਪੰਜਾਬ ਵਿਚਲੇ ਤਖ਼ਤ ਵਾਂਗ ਇਹ ਤਖ਼ਤ ਵੀ ਸਹੀ ਤਰ੍ਹਾਂ ਪੰਥਕ ਨੁਮਾਇੰਦਿਆਂ ਦੇ ਹੱਥਾਂ ਵਿਚ ਨਹੀਂ ਸੀ। ਦੂਸਰਾ ਇਥੇ ਸਿੱਖਾਂ ਦੀ ਗਿਣਤੀ ਘਟ ਹੋਣ ਕਰਕੇ, ਇਧਰਲੇ ਇਲਾਕਿਆ ਵਿਚ ਸਿੱਖ, ਸਰਗਰਮ ਰੋਲ ਅਦਾ ਨਹੀਂ ਸਨ ਕਰ ਸਕਦੇ। ਸਹੀ ਪੰਥਕ ਨੁਮਾਇੰਦੇ ਨਾ ਹੋਣ ਕਰਕੇ ਇਥੋਂ ਦੇ ਪਰਬੰਧਕਾਂ ਨੇ ਕਦੇ ਵੀ ਇਸ ਤਖ਼ਤ ਦੀ ਮਹੱਤਤਾ ਨੂੰ ਗੰਭੀਰਤਾ ਨਾਲ ਮਹਿਸੂਸ ਨਹੀਂ ਕੀਤਾ। ਜਦ ਪਰਬੰਧਕਾਂ ਵਿਚ ਗੰਭੀਰਤਾ ਹੁੰਦੀ ਹੈ ਤਾਂ ਥਾਂ ਦੀ ਮਹੱਤਤਾ ਵੀ ਵੱਧ ਜਾਂਦੀ ਹੈ ਅਤੇ ਉਸ ਦੇ ਰੋਜ਼ਾਨਾ ਦੀਆਂ ਕਾਰਵਾਈਆਂ ਦਾ ਰਿਕਾਰਡ ਵੀ ਰੱਖਿਆ ਜਾਂਦਾ ਹੈ। ਗੰਭੀਰਤਾ ਦੀ ਅਣਹੋਂਦ ਨਾਲ ਚੰਗੇ ਚੰਗੇ ਕੰਮ ਵੀ ਆਪਣੀ ਮਹੱਤਤਾ ਖੋ ਬੈਠਦੇ ਹਨ। ਇਥੇ ਮੁੱਢ ਤੋਂ ਹੀ ਪੁਜਾਰੀ ਕਿਸਮ ਦੇ ਲੋਕਾਂ ਦਾ ਗਲਬਾ ਰਿਹਾ ਹੈ। ਇਹ ਲੋਕ ਤਖ਼ਤ ਸਾਹਿਬ ਦੀ ਸੇਵਾ ਕਰਨ ਲਈ ਨਹੀਂ ਸਗੋਂ ਆਪਣਾ ਰੋਜ਼ਗਾਰ ਚਲਾਉਣ ਲਈ ਆਉਂਦੇ ਸਨ। ਜਦੋਂ ਤਕ ਇਹ ਰੁਜ਼ਗਾਰ ਚਲਦਾ ਰਹਿੰਦਾ ਸੀ ਇਹ ਪੁਜਾਰੀ ਕਿਸਮ ਦੇ ਗ੍ਰੰਥੀ ਇਥੇ ਰਹਿੰਦੇ ਰਹੇ ਸੀ। ਜਦੋਂ ਇਹ ਰੁਜ਼ਗਾਰ ਚਲਣੋਂ ਬੰਦ ਹੋ ਜਾਂਦਾ ਜਾਂ ਸੰਗਤਾਂ ਨੇ ਬੰਦ ਕਰ ਦਿੱਤਾ ਤਾਂ ਇਹ ਲੋਕ ਚਲਦੇ ਬਣਦੇ ਸਨ। ਜਾਣ ਸਮੇਂ ਜੋ ਰਿਕਾਰਡ ਹੁੰਦਾ ਸੀ ਜਾਂ ਤਾਂ ਆਪਣੇ ਨਾਲ ਹੀ ਲੈ ਜਾਂਦੇ ਸਨ ਤੇ

ਜਾਂ ਫਿਰ ਪਾੜ ਕੇ ਸੁਟ ਦਿਆ ਕਰਦੇ ਸਨ। ਅਜਿਹੀ ਹਾਲਤ ਅੰਦਰ ਅਜਿਹੀ ਉਮੀਦ ਵੀ ਨਹੀਂ ਕੀਤੀ ਜਾ ਸਕਦੀ ਸੀ ਕਿ ਇਥੇ ਪੁਰਾਣੇ ਜਾਰੀ ਕੀਤੇ ਹੋਈ ਹੁਕਮਨਾਮੇ ਪਏ ਹੋਣਗੇ।

ਸਾਡੇ ਸਾਹਮਣੇ ਤਿੰਨ ਹੁਕਮਨਾਮੇ ਉਪਲਭਦ ਹਨ, ਜਿਹੜੇ ਤਖ਼ਤ ਸਿਰੀ ਪਟਣਾ ਸਾਹਿਬ ਤੋਂ ਜਾਰੀ ਹੋਏ ਸਨ। ਇਹ ਤਿੰਨੇ ਹੁਕਮਨਾਮੇ ਵੀ ਤਿੰਨ ਵਖ ਵਖ ਪੁਸਤਕਾਂ ਵਿਚ ਦਰਜ ਕੀਤੇ ਹੋਏ ਹਨ। ਇਨ੍ਹਾਂ ਵਿਚ ਇਕ ਦਾ ਸੰਬੰਧ ਤਾਂ ਮਹਾਰਾਜਾ ਰਣਜੀਤ ਸਿੰਘ ਨਾਲ ਹੈ। ਇਸ ਹੁਕਮਨਾਮੇ ਰਾਹੀਂ ਤਖ਼ਤ ਸਿਰੀ ਪਟਣਾ ਸਾਹਿਬ ਤੋਂ ਮਹਾਰਾਜੇ ਨੂੰ ਮੁਲਤਾਨ ਫਤਿਹ ਹੋਣ ਦੀ ਅਸ਼ੀਰਵਾਦ ਦਿਤੀ ਗਈ ਹੈ। ਇਹ ਹੁਕਮਨਾਮਾ 1872 ਬਿਕਰਮੀ ਦਾ ਹੈ। ਇਸ ਦੀ ਇਬਾਰਤ ਇਸ ਤਰ੍ਹਾਂ ਹੈ:

(ਤਖ਼ਤ ਸਿਰੀ ਪਟਣਾ ਸਾਹਿਬ ਦੀ ਮੋਹਰ)

੧ੳ ਸਤਿਗੁਰੂ ਪਰਸਾਦਿ ॥

੧ੳ ਸਤਿਗੁਰੂ ਪਰਸਾਦਿ ॥ ਸਿਰੀ ਵਾਹਿਗੁਰੂ ਜੀ ਕੇ ਪਿਆਰੇ ॥ ਸਿਰੀ ਵਾਹਿਗੁਰੂ ਜੀ ਕੇ ਸਵਾਰੇ ॥
ਸਿਰੀ ਵਾਹਿਗੁਰੂ ਜੀ ਕੇ ਮੰਨੇ ॥ ਸਭ ਜਨਮ ਧੰਨ ਧੰਨੇ ॥ ਪਰ ਉਪਕਾਰੀ ॥ ਸਨਮੁਖ ਦਰਬਾਰੀ ॥
ਉਜਲੇ ਮਸਤਕ ॥ ਜਿਨਾਂ ਮਿਲਿਆਂ ਸਿਰੀ ਵਾਹਿਗੁਰੂ ਜੀ ਕਾ ਨਾਮ ਚਿਤ ਆਵੈ ॥ ਸੋ ਸਿੰਘ ਸਾਹਿਬ ਪਾਤਸ਼ਾਹ ਰਣਜੀਤ ਸਿੰਘ ਜੀ ਪਾਸੇ ਲਿਖਤੁਮ ਸਿਰੀ ਪਟਣਾ ਸਾਹਿਬ ਤਖ਼ਤ ਬੁੰਗਾ ਜੀ ਕੀ ਖ਼ੁਸ਼ੀ ਵਾਚਣੀ ਹਕੀਕਤ ਇਹ ਹੈ.......ਤੋ ਤੁਮਾਰੇ ਸਭ ਮਨੋਰਥ ਸਿਧ ਹੋਣਗੇ। ਔਰ ਸਭ ਮੁਹਿੰਮ ਫਤੇ ਹੋਵੇਗੀ। ਸਤਿਕਾਰ ਮੰਨਣਾ ॥ ਸੰਮਤ 1872 ॥ ਅਰਦਾਸ ਲਿਖੀ ॥ ਵੈਸਾਖ ਵਦੀ ਪੰਚਮੀ ॥ ਮੁਲਤਾਨ ਫਤੇ ਹੋਇਗਾ ॥

ਦੂਸਰਾ ਹੁਕਮਨਾਮਾ ਤਖ਼ਤ ਸਿਰੀ ਪਟਣਾ ਸਾਹਿਬ ਵਲੋਂ ਕੰਤ ਨਗਰ ਦੀ ਸੰਗਤ ਦੇ ਨਾਂ ਜਾਰੀ ਕੀਤਾ ਹੋਇਆ ਹੈ। ਇਹ 4 ਫਰਵਰੀ, 1862 ਈ. ਦਾ ਹੈ। ਇਸ ਦੀ ਇਬਾਰਤ ਇਸ ਤਰ੍ਹਾਂ ਹੈ :[25]

ਮੋਹਰ

੧ੳ ਸਿਰੀ ਵਾਹਿਗੁਰੂ ਜੀ ਕੀ ਫਤੇ ॥

ਲਿਖਤਿ ਤਖ਼ਤ ਦਰਬਾਰ ਹਜ਼ੂਰ ਸਿਰੀ ਹਰਿਮੰਦਰ ਜੀ ਸਾਹਿਬ ਤੇ ॥ ਦੋਹਰਾ ॥ ਪਰਮਾਤਮ ਪੂਰਣ ਪੁਰਖੁ ਸਿਰੀ ਗੁਰੂ ਗੋਬਿੰਦ ਸਿੰਘ ਜੀ ਔਤਾਰ ॥ ਪਰਗਟ ਭਏ ਪਟਣੇ ਸਹਰ ਸਿਰੀ ਪੰਘੂੜਾ ਜੀ ਦਰਬਾਰ ॥ ੧ ਲਿ: ਸਿਰੀ ਦਰਬਾਰ ਜੀ ਸੇ ਪੁਜਾਰੀ ਮਹੰਤ ਭਾਈ ਦੀਦਾਰ ਸਿੰਘ ਜੀ। ਪੁਜਾਰੀ ਭਾਈ ਸਿਯਾਮ ਸਿੰਘ ਜੀ ॥ ਗਰੰਥੀ ਭਾਈ ਚੜਤ ਸਿੰਘ ਜੀ ਸੇਵਾ ਸਿੰਘ ਜੀ। ਅਰਦਾਸੀਆ ਭਾਈ ਗੋਪਾਲ ਸਿੰਘ ਜੀ ਗੁਲਾਬ ਸਿੰਘ ਜੀ ॥ ਦੋਹਰਾ ॥ ਭਾਈ ਰਾਮ ਸਿੰਘ ਜੀ ॥ ਕਾਰਬਾਰੀ

---

24. ਗੁਰਦੁਆਰਾ ਗਜ਼ਟ, ਸ਼ਰੋਮਣੀ ਪਰਬੰਧਕ ਕਮੇਟੀ ਦਾ ਮਾਸਕ ਪੱਤਰ, ਮਈ, 1974, ਪੰ. 46.
25. ਹੁਕਮਨਾਮੇ, ਪੂਰਵਅੰਕਤ, ਪੰਨੇ 235-36.

ਭਾਈ ਖਦਰੇਨ ਸਿੰਘ ਜੀ ॥ ਹੋਰ ਸਰਬਤਰ ਖਾਲਸਾ ਜੀ ॥ ਅਗੇ ਸਿਰੀ ਵਾਹਗੁਰੂ ਜੀ ਕੇ ਪਿਆਰੇ ॥ ਸਿਰੀ ਸਤਿਗੁਰੂ ਜੀ ਕੇ ਸਵਾਰੇ ॥ ਸਿਰੀ ਵਾਹਗੁਰੂ ਜੀ ਕੇ ਮੰਨੇ ॥ ਸੁਭ ਜਨਮੁ ਧੰਨ ਧੰਨੇ ॥ ਪਰ ਉਪਕਾਰੀ ॥ ਸਨਮੁਖ ਦਰਬਾਰੀ ॥ ਉਜਲੇ ਮਸਤਕ ॥ ਪਰਮ ਸੁਜਾਨਿ ॥ ਮੁਖ ਉਜਾਗਰ ਜਗਤ ਮੈ ਗੁਰੂ ਦਰਗਹਿ ਪ੍ਰਵਾਨਿ ॥ ਸਰਬ ਉਪਮਾ ਜੋਗ ਸਿਰੀ ਸਰਬਤ ਖਾਲਸਾ ਜੀ ॥ ਬਾਸੀ ਕੰਤ ਨਗਰ ਕੇ ॥ ਔਰ ਮਹੇਸੁਏ ਕੇ। ਸਾਦਲ ਪੁਰਿ ਕੇ। ਭਵਾਨੀਪੁਰ ਕੇ ॥ ਚਿਤੌਰੀਏ ਕੇ ॥ ਬਹਰਖਾਲ ਕੇ ॥ ਪੁਰੈਨੀਏ ਕੇ ॥ ਸੰਬਹੂ ਖਾਲਸੇ ਜੀ ਜੋਗ ॥ ਵਾਹਗੁਰੂ ਜੀ ਕਾ ਖਾਲਸਾ ਜੀ ਸਿਰੀ ਵਾਹਗੁਰੂ ਜੀ ਕੀ ਫਤੇ ਬੁਲਾਈ ਹੈ। ਬੁਲਾਵਣੀ ਜੀ ॥ ਈਹਾਂ ਸੁਖ ਹੈ। ਆਪ ਸਰਬਤ ਪਿਆਰੇ ਕੋ ॥ ਗੁਰੂ ਬਾਬਾ ਰਾਜੀ ਪਰਸੰਨ ਅਨੰਦ ਰਖੇ ॥ ਅਗੇ ਸਿਰੀ ਦਰਬਾਰ ਜੀ ਸਾਹਿਬ ਕਾ ਹੁਕਮੁ ਹੈ ਸਰਬਤਰ ਪਿਆਰੇ ਕੋ ॥ ਜੋ ਹਮੇਸਾ ਆਪ ਸਭ ਪਿਆਰੇ ਅਪੁਨੀ ਕਿਰਤ ਭਾਵਨੀ ਤਨਖਾਹ ਮੰਨਤ ਗੁਰੂ ਕੇ ਨਮਿਤ ਕਾ ਏਕਠਾ ਕਰਕੇ। ਗੁਰੂਦਵਾਰੇ ਭੇਜਤੇ ਰਹੇ ਹੋ ॥ ਹੋਰ ਸਤਰੰਜੀ ਵੋ ਸੁਖੇ ਵਗੈਰਹ ਕੀ ਟਹਲ ਤੁਮਾਰੀ ਪਰਗਟ ਹੈ। ਸੋ ਬਹੁਤ ਰੋਜ ਸੇ ਆਪ ਸਭਿ ਪਿਆਰੇ ਕੀ ਟਹਿਲ ਭਾਵਨੀ ਹਜੂਰ ਮੇ ਦਾਖਿਲ ਨਹੀਂ ਹੂਈ। ਔਰ ਈਹਾ ਖੰਡੇ ਜੀ ਸਾਹਿਬ ਕੀ ॥ ਔਰ ਪਰਕਰਮੇ ਕੇ ਫਰਸ ਕੀ ਟਹਲ ਹੋਨੀ ਬਹੁਤ ਜ਼ਰੂਰ ਹੈ। ਸੋ ਆਪ ਸਰਬਤ ਕੀ ਕਿਰਤ ਭਾਵਨੀ ਸੇ ਹੋਗਾ। ਇਸ ਵਾਸਤੇ ਹੁਕਮਨਾਮਾ ਜੀ ਸਰਬਤ ਕੇ ਨਾਮ ਸੇ ਭੇਜਾ ॥ ਪਰੇਮ ਭਾਵਨੀ ਸੇ ਲੋਚਕੈ ਸਰਬਤ ਨੇ ਟਹਲ ਕਰਨਾ ॥ ਹੁਕਮਨਾਮੇ ਸਾਹਿਬ ਕੀ ਤਾਬਿਆ ਹੀਰਾ ਸਿੰਘ ਜੀ ਕੋ ਭੇਜਾ ਹੈ ॥ ਸੋ ਕੁਛ ਮਾਇਆ ਗੁਰੂ ਕੇ ਨਿਮਿਤ ਕਾ ਹੋਵੈ। ਸੋ ਇਨਕੋ ਦੇਨਾ ॥ ਔਰ ਹੁਕਮਨਾਮੀਏ ਕੀ ਟਹਲ ਸੇਵਾ ਲੋਚਕੈ ਕਰਨਾ ॥ ਸੋ ਗੁਰੂ ਲੇਖੇ ਲਗੇਗੀ। ਹੁਕਮੁ ਮੰਨੇਗਾ ਸੋ ਨਿਹਾਲ ਹੋਵੇਗਾ। ਔਰ ਜਿਸ ਦਿਨ ਪਰਕਰਮੇ ਕੇ ਫਰਸ ਕੀ ਟਹਿਲ। ਔਰ ਝੰਡੇ ਕੀ ਟਹਿਲ ਕਰਾਇਕੈ ਤੈਯਾਰ ਹੋਵੇਗੀ ਉਸ ਦਿਨ ਕੜਾਹ ਪਰਸਾਦਿ ਕਰਾਇਕੈ ਦਰਬਾਰ ਜੀ ਮੈ। ਆਪ ਸਰਬਤਰ ਪਿਆਰੋ ਕੀ ਅਰਦਾਸ ਹੋਵੇਗੀ। ਔਰ ਸਦਾ ਸਰਬ ਦਾ ਆਪ ਲੋਕੋ ਕੇ ਕੀਰਤ ਕਾ ਜਸ ਕਾਰ ਖੁੰਟ ਬਿਖੇ ਪਰਤਛ ਫੈਲ ਰਹੈਗਾ। ਹੋਰ ਸੁਖ ਨਾਮੁ ਚਿਤ ਆਵੈ ਸਿਖੀ ਦਾਨ ॥ ਸਬਰ ਸੁਖ ਹੋਵੈ। ਸੁਭ ਸੰ : 1918 ॥ ਮਾਘ ਸੁਕਲ ਪਖ ॥ 5 ਪੰਚਮੀ ॥ ਮੰਗਲਵਾਰ ॥ = ॥ = ॥ = ॥

ਤੀਸਰਾ ਹੁਕਮਨਾਮਾ ਤਾਂ ਵੈਸੇ ਇਕ ਪੱਤਰ ਹੀ ਹੈ ਜੋ ਕੂਕਾ ਕੁਫਰਤੋੜ ਕਾਨਫਰੰਸ ਮੁੱਲਾ ਪੁਰ ਵਿਖੇ ਭੇਜਿਆ ਗਿਆ ਸੀ। ਇਸ ਪੱਤਰ ਵਿਚ ਭਾਵੇਂ ਕੋਈ ਸਪਸ਼ਟ ਗਲ ਨਹੀਂ ਕੀਤੀ ਪਰ ਫਿਰ ਵੀ ਇਸ ਪੱਤਰ ਨੂੰ ਕੂਕਾ ਕੁਫਰਤੋੜ ਕਾਨਫਰੰਸ ਦੀ ਸਹਾਇਤਾ ਲਈ ਵਰਤਿਆ ਗਿਆ ਸੀ। ਇਸ ਸਹਾਇਤਾ ਕਰਕੇ ਹੀ ਕਾਨਫਰੰਸ ਕਰਨ ਵਾਲਿਆਂ ਨੇ ਇਸ ਪੱਤਰ ਨੂੰ ਹੁਕਮਨਾਮਾ ਦਾ ਵਿਸ਼ੇਸ਼ਣ ਦੇ ਕੇ ਵਰਤਿਆ। ਵੈਸੇ ਇਹ ਇਕ ਸਧਾਰਣ ਚਿੱਠੀ ਪੱਤਰ ਵਾਂਗ ਹੀ ਹੈ। ਇਸ ਦੀ ਇਬਾਰਤ ਇਸ ਤਰ੍ਹਾਂ ਹੈ:[1]

ੴ ਸਿਰੀ ਵਾਹਿਗੁਰੂ ਜੀ ਕੀ ਫਤਿਹ

(ਪਰਬੰਧਕ ਕਮੇਟੀ)

ਸਿਰੀ 108 ਤਖ਼ਤ ਸਿਰੀ ਹਰਿਮੰਦਰ ਸਾਹਿਬ ਪਟਣਾ ਸਿਟੀ (ਬਿਹਾਰ)

ਚਿਠੀ ਨੰ: 711 *ਤਾਰੀਕ 14.2.1942*

ਸੇਵਾ ਵਿਖੇ

ਗਿ. ਦਿਆਲ ਸਿੰਘ ਜੀ ਪਰਾਪੇਗੰਡਾ ਸਕੱਤਰ ਕੂਕਾ ਕੁਫਰ ਤੋੜ ਅਕਾਲੀ ਕਾਨਫਰੰਸ, ਅੱਡਾ ਮੂਲਾਂ ਪੁਰ।

ਸਿਰੀ ਮਾਨ ਜੀ,

ਵਾਹਿਗੁਰੂ ਜੀ ਕੀ ਫਤਿਹ। ਆਪ ਦੀ ਪੁੱਛ ਦੇ ਉੱਤਰ ਵਿਚ ਬੇਨਤੀ ਹੈ ਕਿ ਆਪ ਦੇ ਕਾਗਜ ਧਾਰਮਕ ਸਲਾਹਕਾਰਾਂ ਕੋਲ ਭੇਜ ਦਿੱਤੇ ਹਨ, ਜੋ ਉਤਰ ਉਹ ਦੇਣਗੇ ਆਪ ਪਾਸ ਭੇਜ ਦਿਤਾ ਜਾਵੇਗਾ। ਤਸਲੀ ਰਖੋ। ਕੋਈ ਸੇਵਾ?

ਦਾਸ, ਅਜੀਤ ਸਿੰਘ ਸੁਪਰਟੈਂਡੈਂਟ

ਇਸ ਤਰ੍ਹਾਂ ਭਾਵੇਂ ਬਹੁਤ ਹੀ ਘਟ ਹੁਕਮਨਾਮੇ ਤਖ਼ਤ ਸਿਰੀ ਪਟਣਾ ਸਾਹਿਬ ਤੋਂ ਜਾਰੀ ਹੋਏ ਮਿਲਦੇ ਹਨ, ਪਰ ਫਿਰ ਵੀ ਤਖ਼ਤ ਸਾਹਿਬ ਨੇ ਪੂਰਬ ਦੇ ਇਲਾਕੇ ਦੀਆਂ ਸਿੱਖ ਸੰਗਤਾਂ ਵਿਚ ਮਹਤਵਪੂਰਨ ਰੋਲ ਅਦਾ ਕੀਤਾ ਹੈ। ਇਸ ਦਾ ਖੇਤਰ ਵੀ ਪੂਰਬ ਦੇ ਇਲਾਕੇ ਹੀ ਹਨ।

p.f5Nµ ;oe)o fj8 ,1947 ਵਿਚ ਸੱਤਾ ਦੇ ਤਬਾਦਲੇ ਬਾਦ ਕਾਂਗਰਸ ਦਾ ਰਾਜ ਹੋਣ ਸਮੇਂ, ਭਾਰਤ ਸਰਕਾਰ ਨੇ ਤਖ਼ਤ ਸਿਰੀ ਪਟਣਾ ਸਾਹਿਬ ਨੂੰ ਪੰਜਾਬ ਦੇ ਸਿੱਖਾਂ ਨਾਲੋਂ ਤੋੜਨ ਦੀ ਪੂਰੀ ਪੂਰੀ ਕੋਸ਼ਿਸ਼ ਕੀਤੀ ਹੈ। ਮੰਗ ਤਾਂ ਹੋ ਰਹੀ ਸੀ ਭਾਰਤ ਦੇ ਸਾਰੇ ਇਤਿਹਾਸਕ ਗੁਰਦੁਆਰਿਆਂ ਨੂੰ ਇਕੱਠਾ ਕਰ ਕੇ ਆਲ ਇੰਡੀਆ ਸਿੱਖ ਗੁਰਦੁਆਰਾ ਐਕਟ ਬਨਾਉਣ ਦੀ ਤਾਂ ਕਿ ਪੰਜਾਬ ਤੋਂ ਬਾਹਰਲੇ ਗੁਰਦੁਆਰਿਆਂ ਦੀ ਰਹਿਤ-ਮਰਜਾਦਾ ਨੂੰ ਪੰਜਾਬ ਵਾਂਗ ਸਿੱਖ ਰਵਾਇਤਾਂ ਅਨੁਸਾਰ ਢਾਲਿਆ ਜਾਵੇ ਪਰ ਇਸ ਦੇ ਉਲਟ ਭਾਰਤ ਸਰਕਾਰ ਨੇ ਇਸ ਮੰਗ ਦੇ ਪੱਖੀ ਸਿੱਖਾਂ ਨੂੰ ਤਖ਼ਤ ਸਾਹਿਬ ਦੇ ਪਰਬੰਧ ਤੋਂ ਬਾਹਰ ਰੱਖ ਕੇ ਅਜਿਹੇ ਸਿੱਖ ਤਖ਼ਤ ਸਾਹਿਬ ਦੇ ਪਰਬੰਧਕ ਥਾਪੇ ਸਨ ਜਿਹੜੇ ਕਿ ਇਸ ਮੰਗ ਦੇ ਵਿਰੋਧੀ ਅਤੇ ਸਰਕਾਰ ਦੇ ਹਮਾਇਤੀ ਸਨ। ਇਹੀ ਕਾਰਨ ਹੈ ਕਿ ਸਮੁੱਚੇ ਖਾਲਸਾ ਪੰਥ ਦੀ ਸਿਆਸਤ ਵਿਚ ਤਖ਼ਤ ਪਟਣਾ ਸਾਹਿਬ ਦਾ ਕੋਈ ਵੀ ਰੋਲ ਨਹੀਂ ਭਾਵੇਂ ਕਿ 1978 ਤੋਂ ਪਿੱਛੋਂ ਅਨੇਕਾਂ ਐਸੀਆਂ ਘਟਨਾਵਾਂ ਹੋਈਆਂ ਹਨ ਜਦੋਂ ਕਿ ਸ਼ਰੋਮਣੀ ਗੁਰਦੁਆਰਾ ਪਰਬੰਧਕ ਕਮੇਟੀ ਅੰਮ੍ਰਿਤਸਰ ਨੇ ਪੰਜਾਂ ਤਖ਼ਤਾਂ ਦੇ ਜਥੇਦਾਰਾਂ ਨੂੰ ਇਕੱਠਾ ਕਰਕੇ ਹੁਕਮਨਾਮਾ ਜਾਰੀ ਕਰਾਉਣ ਦੀ ਇਕ ਵਿਸ਼ੇਸ਼ ਕਿਸਮ ਦੀ ਵਿਧੀ ਨੂੰ ਸੁਰਜੀਤ ਕਰਨ ਦੀ ਕੋਸ਼ਿਸ਼ ਕੀਤੀ ਸੀ। ਹਾਂ, ਜਦੋ ਵੀ ਕਾਂਗਰਸ ਸਰਕਾਰ ਨੂੰ ਪੰਜਾਬ ਦੇ ਸਿੱਖਾਂ ਦੇ ਖ਼ਿਲਾਫ ਕੋਈ ਮੁਹਿੰਮ ਚਲਾਉਣ ਦੀ ਲੋੜ ਪਈ ਤਾਂ ਉਹ ਤਖ਼ਤ ਪਟਣਾ ਸਾਹਿਬ ਦੇ ਪਰਬੰਧਕਾਂ ਨੂੰ ਪੂਰਾ ਪੂਰਾ ਵਰਤਦੀ ਰਹੀ ਹੈ।

ਅਗਸਤ 1981 ਵਿਚ ਜਥੇਦਾਰ ਸੰਤੋਖ ਸਿੰਘ ਦਿੱਲੀ ਵਲੋਂ ਸਿਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ, ਸਿੰਘ ਸਾਹਿਬ ਗਿਆਨੀ ਗੁਰਦਿਆਲ ਸਿੰਘ, ਅਜਨੋਹਾ (ਸਵਰਗਵਾਸੀ) ਦੀ ਸ਼ਾਨ ਦੇ ਖਿਲਾਫ਼ ਭੈੜੇ ਸ਼ਬਦ ਵਰਤਣ ਕਰਕੇ, ਸਿੰਘ ਸਾਹਿਬ ਅਜਨੋਹਾ

ਨੇ ਇਹ ਸ਼ਿਕਾਇਤ ਪੰਜਾਂ ਤਖ਼ਤਾਂ ਦੇ ਜਥੇਦਾਰਾਂ ਸਾਹਮਣੇ ਰਖੀ ਤਾਂ ਕਿ ਜਥੇਦਾਰ ਸੰਤੋਖ ਸਿੰਘ ਨੂੰ ਯੋਗ ਦੰਡ ਦਿਤਾ ਜਾ ਸਕੇ। ਪਰ ਸਿੰਘ ਸਾਹਿਬ ਅਜਨੋਹਾ ਵਲੋਂ ਬਾਰ ਬਾਰ ਬੇਨਤੀ ਕਰਨ 'ਤੇ ਵੀ, ਤਖ਼ਤ ਪਟਣਾ ਸਾਹਿਬ ਦੇ ਜਥੇਦਾਰ ਅਤੇ ਹੈਡ ਗਰੰਥੀ ਭਾਈ ਮਾਨ ਸਿੰਘ ਪੰਜਾਂ ਸਿੰਘ ਸਾਹਿਬਾਨਾਂ ਵਿਚ ਰਲ ਕੇ ਬੈਠਣ ਨੂੰ ਤਿਆਰ ਨਾ ਹੋਏ ਕਿਉਂਕਿ ਜਥੇਦਾਰ ਸੰਤੋਖ ਸਿੰਘ ਸਰਕਾਰ ਪੱਖੀ ਅਕਾਲੀ ਸੀ। ਇਸ ਲਈ ਭਾਈ ਮਾਨ ਸਿੰਘ ਸਰਕਾਰੀ ਹਦਾਇਤਾਂ ਦੀ ਉਲੰਘਣਾ ਨਹੀਂ ਕਰਨਾ ਚਾਹੁੰਦਾ ਸੀ।

ਜੂਨ, 1984 ਤੋਂ ਪਿੱਛੋਂ ਅਪਰੇਸ਼ਨ ਬਲਿਊ ਸਟਾਰ ਦੇ ਐਕਸ਼ਨ ਦੇ ਰੂਪ ਵਿਚ ਸਿੱਖ ਕੌਮ 'ਤੇ ਇਕ ਐਸਾ ਭਿਆਨਕ ਸਮਾਂ ਆਇਆ ਸੀ ਜਿਸ ਵਿਚ ਕੌਮ ਦੀ ਆਨ, ਸ਼ਾਨ ਅਤੇ ਸਤਿਕਾਰ ਸਭ ਕੁਝ ਮਿੱਟੀ ਵਿਚ ਮਿਲਾ ਦਿੱਤਾ ਗਿਆ ਸੀ। ਸਿੱਖ ਕੌਮ ਭਾਰਤੀ ਫੌਜ ਦੀਆਂ ਤੋਪਾਂ ਅਤੇ ਟੈਂਕਾਂ ਦੀ ਮਾਰ ਹੇਠ ਲਿਤਾੜੀ ਪਈ ਸੀ। ਸਿੱਖ ਕੌਮ ਦੇ ਮਹਾਨ ਨੇਤਾ ਸਿੰਘ ਸਾਹਿਬ, ਸੰਤ ਜਰਨੈਲ ਸਿੰਘ ਜੀ ਖਾਲਸਾ ਭਿੰਡਰਾਂਵਾਲੇ, ਲੱਖਾਂ ਫੌਜਾਂ ਦਾ ਟਾਕਰਾ ਕਰਦੇ ਹੋਏ, ਆਪਣੇ ਖ਼ੂਨ ਦਾ ਇਕ ਇਕ ਕਤਰਾ ਬਹਾ ਗਏ ਸਨ। ਇਸ ਲਈ ਸਿੱਖ ਕੌਮ ਨੇਤਾ ਹੀਣ ਹੋਈ, ਘੋਰ ਸੰਕਟ ਵਿਚੋਂ ਲੰਘ ਰਹੀ ਸੀ। ਇਸ ਸੰਕਟ ਸਮੇਂ ਸਿਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਨੇ ਪੰਜਾ ਸਿੰਘ ਸਾਹਿਬਾਨ ਨੂੰ ਇਕੱਠਾ ਕਰ ਕੇ, ਕੌਮ ਨੂੰ ਅਗਵਾਈ ਦੇਣ ਦੀ ਕੋਸ਼ਿਸ਼ ਕੀਤੀ। ਪਰ ਇਨ੍ਹਾਂ ਪੰਜਾਂ ਸਿੰਘ ਸਾਹਿਬਾਨ ਦੀ ਪਰਧਾਨਗੀ ਮੰਡਲ ਵਿਚ ਤਖ਼ਤ ਪਟਣਾ ਸਾਹਿਬ ਦੇ ਭਾਈ ਮਾਨ ਸਿੰਘ ਸ਼ਾਮਲ ਨਾ ਹੋਏ। ਸਗੋਂ ਇਸ ਦੇ ਉਲਟ ਜਦੋਂ ਭਾਰਤ ਸਰਕਾਰ ਨੇ ਸਿੱਖ ਸਿਧਾਤਾਂ ਨੂੰ ਬਿਗਾੜਨ ਲਈ ਆਪਦੇ ਇਕ ਪਾਲਤੂ ਮਸੰਦ, ਸੰਤਾ ਸਿੰਘ ਨਿਹੰਗ ਰਾਹੀਂ "ਸਰਬੱਤ ਖਾਲਸਾ ਕਨਵੈਨਸ਼ਨ" ਬੁਲਾਈ ਤਾਂ ਭਾਈ ਮਾਨ ਸਿੰਘ ਇਸ ਸੰਮੇਲਨ ਵਿਚ ਸ਼ਾਮਲ ਹੋਏ ਅਤੇ ਅੰਮ੍ਰਿਤਸਰ ਪਹੁੰਚ ਕੇ ਵੀ, ਢੱਠੇ ਹੋਏ ਅਕਾਲ ਤਖ਼ਤ ਨੂੰ ਅਤੇ ਅੱਗ ਵਿਚ ਸੜੀਆਂ ਹੋਰ ਇਮਾਰਤਾਂ ਨੂੰ ਵੇਖਣ ਵੀ ਨਹੀਂ ਗਏ ਸਨ।

ਦੋ ਸਤੰਬਰ, 1984 ਦੇ ਹੋਏ ਸਰਬ ਸਿੱਖ ਸੰਮੇਲਨ ਵਿਚ ਸਿਰੀ ਅਕਾਲ ਤਖ਼ਤ ਸਾਹਿਬ ਦੇ ਜੱਥੇਦਾਰ ਵਲੋਂ ਭਾਰਤ ਸਰਕਾਰ ਦੇ ਕੈਬਨਿਟ ਮੰਤਰੀ ਬੂਟਾ ਸਿੰਘ ਨੂੰ ਖਾਲਸਾ ਪੰਥ ਵਿਚੋ ਕੱਢ ਦਿੱਤਾ ਗਿਆ ਸੀ। ਪਰ ਤਖ਼ਤ ਸਿਰੀ ਪਟਣਾ ਸਾਹਿਬ ਦੇ ਭਾਈ ਮਾਨ ਸਿੰਘ ਨੇ ਇਨ੍ਹਾਂ ਦੇ ਹੱਕ ਵਿਚ ਆਵਾਜ਼ ਉਠਾਈ ਅਤੇ ਹਰ ਤਰ੍ਹਾਂ ਨਾਲ ਇਨ੍ਹਾਂ ਨੂੰ ਸਨਮਾਨਿਤ ਕੀਤਾ। ਇਸ ਪਿੱਛੋਂ ਵੀ ਸਮੇਂ ਸਮੇਂ 'ਤੇ ਭਾਈ ਮਾਨ ਸਿੰਘ ਸਿੱਖਾਂ ਦੇ ਹਿਤਾਂ ਦੇ ਖਿਲਾਫ਼, ਰੇਡੀਓ ਅਤੇ ਟੈਲੀਵੀਜ਼ਨਾਂ ਤੋਂ ਬੋਲਦੇ ਰਹੇ ਹਨ। ਭਾਈ ਮਾਨ ਸਿੰਘ ਦੇ ਇਸ ਕਿਰਦਾਰ ਬਾਰੇ ਭਾਂਤ ਭਾਂਤ ਦੀਆਂ ਅਫ਼ਵਾਹਾਂ ਫੈਲੀਆਂ ਹੋਈਆਂ ਹਨ। ਇਕ ਅਫ਼ਵਾਹ ਤਾਂ ਇਹ ਹੈ ਕਿ ਭਾਈ ਮਾਨ ਸਿੰਘ ਨੂੰ ਸਰਕਾਰ ਦੀ ਖੁਫ਼ੀਆ ਏਜੰਸੀ ਦੇ ਬੰਦਿਆਂ ਨੇ ਸਿਵਲੀਅਨ ਕਪੜਿਆਂ ਦੇ ਭੇਸ ਵਿਚ ਘੇਰ ਰੱਖਿਆ ਹੈ। ਉਹ ਹਰ ਸਮੇਂ ਭਾਈ ਮਾਨ ਸਿੰਘ ਦੀ ਬਰੇਨ-ਵਾਸ਼ਿੰਗ ਕਰਦੇ ਰਹਿੰਦੇ ਹਨ। ਮੈਂ ਭਾਈ ਮਾਨ ਸਿੰਘ ਨੂੰ ਕਈ ਬਾਰ ਮਿਲਿਆ ਹਾਂ ਅਤੇ ਉਨ੍ਹਾਂ ਨਾਲ ਕਾਫੀ ਚਿਰ ਵੱਖ ਵੱਖ ਵਿਸ਼ਿਆਂ ਬਾਰੇ ਗਲਾਂ ਕੀਤੀਆਂ ਹਨ। ਮੈਂ ਇਨ੍ਹਾਂ ਗੱਲਾਂ ਤੋਂ ਇਕੋ ਹੀ ਸਿੱਟਾ ਕਢਿਆ ਹੈ ਉਸ ਨੂੰ ਨਾ ਹੀ ਸਿੱਖ ਇਤਿਹਾਸ ਦੀ ਅਤੇ ਨਾ ਹੀ ਸਿੱਖ ਰਾਜਨੀਤੀ ਦੀ ਉੱਕਾ ਹੀ ਕੋਈ ਸਮਝ ਨਹੀਂ ਹੈ। ਉਹ ਸਾਧਾਰਨ ਕਿਸਮ ਦਾ ਵਿਅਕਤੀ ਹੈ ਅਤੇ ਗੁਰਦੁਆਰੇ ਦੀ ਮਹੰਤੀ ਕਰਨ ਤੋਂ ਜਾਂ

ਪੁਜਾਰੀਆਂ ਵਾਲੀਆਂ ਰਸਮਾਂ ਅਦਾ ਕਰਨ ਤੋਂ ਇਲਾਵਾ ਹੋਰ ਕੁਝ ਵੀ ਨਹੀਂ ਜਾਣਦਾ। ਜਿਸ ਕਰਕੇ ਅਜਿਹੇ ਬੰਦੇ ਦੀ ਬਰੇਨ-ਵਾਸ਼ਿੰਗ ਕਰਨਾ ਕੋਈ ਮੁਸ਼ਕਲ ਗਲ ਨਹੀਂ।

ਦੂਸਰੀ ਗੱਲ ਇਸ ਬਾਰੇ ਇਹ ਫੈਲੀ ਹੋਈ ਹੈ ਕਿ ਸਰਕਾਰ ਜਦੋਂ ਵੀ ਕੋਈ ਸਿੱਖ ਵਿਰੋਧੀ ਸੰਮੇਲਨ ਜਾਂ ਕਨਵੈਨਸ਼ਨ ਕਰਦੀ ਹੈ ਤਾਂ ਉਸ ਦੇ ਬੰਦੇ ਭਾਈ ਮਾਨ ਸਿੰਘ ਨੂੰ ਦੱਸੇ ਬਿਨਾਂ ਹੀ ਉਥੇ ਲੈ ਆਉਂਦੇ ਹਨ ਅਤੇ ਉਥੇ ਪਹੁੰਚ ਕੇ ਇਕ ਪੇਪਰ 'ਤੇ ਕੁਝ ਲਿਖ ਕੇ, ਪੜ੍ਹਨ ਲਈ ਦੇ ਦਿੰਦੇ ਹਨ। ਭਾਈ ਮਾਨ ਸਿੰਘ ਨੂੰ ਇਹ ਵੀ ਪਤਾ ਨਹੀਂ ਹੁੰਦਾ ਕਿ ਉਹ ਕਿਹੜੇ ਇਕੱਠ ਵਿਚ ਪਹੁੰਚਿਆ ਹੈ ਅਤੇ ਕਿਹੜੀ ਥਾਂ 'ਤੇ ਪਹੁੰਚਿਆ ਹੈ। ਸਰਕਾਰੀ ਬੰਦੇ ਜਿਹੜੀ ਸਟੇਟਮੈਂਟ ਉਸ ਕੋਲੋਂ ਪੜ੍ਹਾਉਂਦੇ ਹਨ, ਉਹ ਵੀ ਗੋਲ ਮੋਲ ਹੀ ਹੁੰਦੀ ਹੈ ਤਾਂ ਕਿ ਭਾਈ ਮਾਨ ਸਿੰਘ ਇਹ ਵੀ ਨਾ ਸਮਝ ਸਕੇ ਕਿ ਉਹ ਕੀ ਕਹਿ ਕੇ ਆਇਆ ਹੈ।

ਅਜ ਕਲ ਇਹ ਭਾਈ ਮਾਨ ਸਿੰਘ ਬਹੁਤ ਬਜ਼ੁਰਗ ਹਨ। ਜਿਹੜੀ ਪੰਦਰਾਂ ਮੈਂਬਰੀ ਕਮੇਟੀ ਇਸ ਸਮੇਂ ਤਖ਼ਤ ਸਾਹਿਬ ਦਾ ਪਰਬੰਧ ਕਰਨ ਵਾਸਤੇ ਬਣੀ ਹੋਈ ਹੈ, ਇਸ ਨੇ ਸਿਰਫ਼ ਭਾਈ ਮਾਨ ਸਿੰਘ ਦੀ ਬਜ਼ੁਰਗ ਅਵਸਥਾ ਵਲ ਦੇਖ ਕੇ ਹੀ ਇਸ ਨੂੰ ਉਮਰ ਭਰ ਲਈ ਹੈੱਡ ਗਰੰਥੀ ਥਾਪਿਆ ਹੋਇਆ ਹੈ।

ਲੋੜ ਹੈ ਤਖ਼ਤ ਸਿਰੀ ਪਟਨਾ ਸਾਹਿਬ ਨੂੰ ਖਾਲਸਾ ਰਹਿਤ ਮਰਯਾਦਾ ਵਿਚ ਪਰੋਣ ਦੀ ਤਾਂ ਕਿ ਪੰਜੇ ਤਖ਼ਤਾਂ ਦੀ ਇਕੋ ਮਰਯਾਦਾ ਹੋ ਸਕੇ ਅਤੇ ਇਹ ਮਹਾਨ ਸੰਸਥਾਵਾਂ ਸਿੱਖ ਧਰਮ ਦੇ ਵਿਕਾਸ ਵਿਚ ਆਪਣਾ ਸਹੀ ਯੋਗਦਾਨ ਪਾ ਸਕਣ। ਭਾਵੇਂ ਪਹਿਲਾਂ ਨਾਲੋਂ ਤਖ਼ਤ ਸਿਰੀ ਪਟਨਾ ਸਾਹਿਬ ਦਾ ਪਰਬੰਧ ਕਾਫ਼ੀ ਸੁਧਰਿਆ ਹੋਇਆ ਹੈ ਪਰ ਅਜੇ ਵੀ ਇਸ ਵਿਚ ਹੋਰ ਸੁਧਾਰ ਦੀ ਲੋੜ ਹੈ। ਇਹ ਮਹਾਨ ਅਸਥਾਨ ਪੂਰਬੀ ਭਾਰਤ ਦੀਆਂ ਸਿੱਖ ਸੰਗਤਾਂ ਦਾ ਕੇਂਦਰ ਹੈ ਅਤੇ ਇਸ ਦਾ ਪਰਬੰਧ ਵੀ ਪੂਰਬੀ ਭਾਰਤ ਦੀਆਂ ਸੰਗਤਾਂ ਪਾਸ ਹੀ ਹੋਣਾ ਚਾਹੀਦਾ ਹੈ।

ਚੈਪਟਰ ਤੀਜਾ

ਤਖ਼ਤ ਸਿਰੀ ਕੇਸਗੜ੍ਹ ਸਾਹਿਬ

(ਆਨੰਦਪੁਰ ਸਾਹਿਬ)

ਤਖ਼ਤ ਸਿਰੀ ਕੇਸਗੜ੍ਹ ਸਾਹਿਬ, ਦੱਖਣ-ਪੂਰਬੀ ਏਸ਼ੀਆ ਵਿਚ ਸਥਿਤ, ਪੰਜਾਬ ਦੀ ਪਵਿੱਤਰ ਭੂਮੀ 'ਤੇ ਵਾਕਿਆ ਹੈ। ਸ਼ਿਵਾਲਕ ਪਹਾੜਾਂ ਦੇ ਮੁਢ ਵਿਚ ਹੋਣ ਕਰਕੇ ਅਤੇ ਸਤਲੁਜ ਦਰਿਆ ਦੇ ਐਨ ਕੰਢੇ ਉਪਰ ਦੀ ਸਥਿਤੀ ਨੇ ਇਸ ਦੇ ਬਾਹਰੀ ਦਰਿਸ਼ ਨੂੰ ਬਹੁਤ ਹੀ ਰੌਚਿਕ ਅਤੇ ਦਿਲ ਖਿਚਵਾਂ ਬਣਾਇਆ ਹੋਇਆ ਹੈ। ਆਨੰਦਪੁਰ ਸਾਹਿਬ ਦੀਆਂ ਚੋਟੀਆਂ 'ਤੇ ਖੜੋ ਕੇ ਆਲੇ ਦੁਆਲੇ ਵਲ ਨਜ਼ਰ ਮਾਰਨ ਤੋਂ ਇਸ ਦੇ ਇਰਦ-ਗਿਰਦ ਇਕ ਐਸੀ ਪਹਾੜੀ-ਕੰਧ-ਨੁਮਾ ਉਚਾਈ ਨਜ਼ਰ ਆਉਂਦੀ ਹੈ ਜਿਸ ਨੂੰ ਇਕ ਵਾਦੀ ਦਾ ਨਾਂ ਦਿੱਤਾ ਜਾ ਸਕਦਾ ਹੈ। ਇਹ ਵਾਦੀ ਇਸ ਇਲਾਕੇ ਨੂੰ ਬਾਕੀ ਸਾਰੇ ਇਲਾਕੇ ਨਾਲੋਂ ਕਟ ਕੇ, ਇਕ ਖ਼ਾਸ ਕਿਸਮ ਦੀ ਭੂਗੋਲਕ ਵਿਸ਼ੇਸ਼ਤਾ ਪਰਦਾਨ ਕਰਦੀ ਹੈ। ਆਨੰਦਪੁਰ ਸਾਹਿਬ ਦੇ ਪਿੱਛੇ ਹਿਮਾਚਲ ਪਰਦੇਸ਼ ਦਾ ਪਹਾੜੀ ਇਲਾਕਾ ਅਤੇ ਇਸ ਦੇ ਸਾਹਮਣੇ ਦਾ ਪੰਜਾਬ ਦਾ ਮੈਦਾਨੀ ਇਲਾਕਾ, ਇਸ ਦੀ ਕੁਦਰਤੀ ਸੁੰਦਰਤਾ ਨੂੰ ਹੋਰ ਵੀ ਜ਼ਿਆਦਾ ਵਧਾ ਰਿਹਾ ਹੈ। ਜਿਹੜੀ ਪਹਾੜੀ-ਕੰਧ-ਨੁਮਾ ਉਚਾਈ ਇਸ ਦੇ ਮੈਦਾਨਾਂ ਵਾਲੇ ਪਾਸੇ ਘੇਰਾ ਘੱਤੀ ਹੋਈ ਦਿਸਦੀ ਹੈ ਉਸ ਨੂੰ ਪਹਿਲੇ ਸਮੇਂ ਵਿਚ ਬਾਈ ਧਾਰਾਂ ਵਿਚੋਂ, ਇਕ ਧਾਰ ਵੀ ਕਿਹਾ ਜਾਂਦਾ ਸੀ। ਪੰਜਾਬ ਦਾ ਇਹ ਉਤਰ-ਪੂਰਬੀ (ਜਾਂ ਸਮੁਚਾ ਪਹਾੜੀ ਅਤੇ ਨੀਮ ਪਹਾੜੀ) ਇਲਾਕਾ ਬਾਈ ਧਾਰਾਂ ਰਾਹੀਂ ਵੰਡਿਆ ਹੋਇਆ ਸੀ। ਹਾਰ ਧਾਰ ਇਕ ਵੱਖਰੀ ਸਟੇਟ ਦਾ ਰੂਪ ਸੀ। ਅਜ ਕਲ ਇਸ ਇਲਾਕੇ ਨੂੰ ਹਿਮਾਚਲ ਪਰਦੇਸ਼ ਦਾ ਨਾਂ ਦਿੱਤਾ ਗਿਆ ਹੈ। ਪਰ ਆਨੰਦਪੁਰ ਸਾਹਿਬ ਦੀ ਵਾਦੀ (Valley) ਪੰਜਾਬ ਰਾਜ ਵਿਚ ਹੈ। ਇਸ ਵਾਦੀ ਵਿਚਕਾਰ ਘਿਰਿਆ ਸੈਂਕੜੇ ਵਰਗ ਕਿਲੋਮੀਟਰਾਂ ਦਾ ਇਲਾਕਾ, ਗੁਰੂ ਤੇਗ ਬਹਾਦੁਰ ਜੀ ਅਤੇ ਗੁਰੂ ਗੋਬਿੰਦ ਸਿੰਘ ਜੀ ਦੇ ਪਵਿਤਰ ਚਰਨਾਂ ਦੀ ਛੋਹ ਨਾਲ ਵਰੋਸਾਇਆ ਹੋਇਆ ਹੈ। ਇਸ ਦਾ ਪਹਿਲਾ ਨਾਂ ਚੱਕ ਨਾਨਕੀ ਸੀ। ਪਰ 1688 ਈ. ਤੋਂ ਪਿੱਛੋਂ, ਆਨੰਦਪੁਰ ਸਾਹਿਬ ਦਾ ਨਾ ਚਾਲੂ ਹੋਇਆ।

ਇਸ ਦੇ ਪੱਛਮ ਵਲ ਨੰਗਲ ਦਾ ਸ਼ਹਿਰ ਸਥਿਤ ਹੈ ਜਿਥੇ ਕਿ ਸਤਲੁਜ ਦਰਿਆ ਦੇ ਐਨ ਕੰਢੇ 'ਤੇ ਗੁਰਦੁਆਰਾ ਭਿੰਭੋਰ ਸਾਹਿਬ ਹੈ। ਇਥੇ ਬੈਠ ਕੇ ਗੁਰੂ ਗੋਬਿੰਦ ਸਿੰਘ ਜੀ ਨੇ ਚੌਪਈ ਸਾਹਿਬ ਦੀ ਰਚਨਾ ਕੀਤੀ ਸੀ। ਇਹ ਉਸ ਸਮੇਂ ਬਸੋਲੀ ਜਾਂ ਬਸਾਲੀ ਨਾਂ ਦੀ ਰਿਆਸਤ ਵਿਚ ਵਾਕਿਆ ਸੀ। ਆਨੰਦਪੁਰ ਸਾਹਿਬ ਦੇ ਦੱਖਣ-ਪੂਰਬ ਵਲ ਅੱਠ ਕੁ

ਕਿਲੋਮੀਟਰ ਦੀ ਵਿੱਥ 'ਤੇ ਸਿਰੀ ਕੀਰਤਪੁਰ ਸਾਹਿਬ ਦਾ ਪਵਿਤਰ ਅਸਥਾਨ ਸਥਿਤ ਹੈ। ਇਥੇ ਗੁਰੂ ਹਰਿ ਗੋਬਿੰਦ ਸਾਹਿਬ ਜੀ, ਗੁਰੂ ਹਰਿ ਰਾਇ ਜੀ ਅਤੇ ਗੁਰੂ ਹਰਿ ਕਰਿਸ਼ਨ ਜੀ, ਬਿਰਾਜਦੇ ਰਹੇ ਸਨ। ਇਸ ਸੈਂਕੜੇ ਕਿਲੋਮੀਟਰਾਂ ਦੀ ਧਰਤੀ ਦਾ ਚੱਪਾ ਚੱਪਾ ਖਾਲਸੇ ਦੇ ਪਵਿਤਰ ਖੂਨ ਨਾਲ ਰੰਗਿਆ ਹੋਇਆ ਹੈ। ਇਸ ਧਰਤੀ ਨੇ ਅਨੇਕਾਂ ਉਤਰਾਅ-ਚੜ੍ਹਾਅ ਵੇਖੇ, ਅਨੇਕਾਂ ਭਿਆਨਕ ਲੜਾਈਆਂ ਦੇਖੀਆਂ ਅਤੇ ਦੁਸ਼ਮਣਾਂ ਹਥੋਂ ਸਮੇਂ ਸਮੇਂ 'ਤੇ ਹੋਈਆਂ ਤਬਾਹੀਆਂ ਵੀ ਵੇਖੀਆਂ। ਪਰ ਇਥੇ ਸਦਾ ਕੇਸਰੀ ਨਿਸ਼ਾਨ ਸਾਹਿਬ, ਅਸਮਾਨਾਂ ਦੇ ਖੁਲੇ ਅੰਬਰਾਂ ਵਿਚ ਫਰਾਟੇ ਮਾਰਦਾ ਰਿਹਾ ਹੈ ਅਤੇ ਅਜ ਤਖ਼ਤ ਸਿਰੀ ਕੇਸਗੜ੍ਹ ਸਾਹਿਬ ਦੇ ਨਾਂ ਹੇਠ ਜ਼ੁਲਮ ਅਤੇ ਜ਼ਬਰ ਨੂੰ ਚੈਲਿੰਜ ਬਣਿਆ ਹੋਇਆ ਹੈ।

ਖਾਲਸਾ ਰਵਾਇਤ ਅਨੁਸਾਰ, ਸਮੁਚਾ ਖਾਲਸਾ ਪੰਥ ਸਿਰੀ ਆਨੰਦਪੁਰ ਸਾਹਿਬ ਦਾ ਵਾਸੀ ਹੈ। ਕਿਉਂਕਿ ਖਾਲਸਾ ਪੰਥ ਦਾ ਜਨਮ ਇਥੇ ਹੀ ਹੋਇਆ ਸੀ। ਇਸ ਤਰ੍ਹਾਂ ਇਹ ਪਵਿਤਰ ਅਸਥਾਨ ਖਾਲਸੇ ਦੀ ਜਨਮ ਭੂਮੀ ਹੈ। ਖਾਲਸਾ ਪੰਥ ਦਾ ਹਰ ਮੈਂਬਰ ਆਪਣਾ ਪਿਤਾ, ਗੁਰੂ ਗੋਬਿੰਦ ਸਿੰਘ, ਮਾਤਾ, ਸਾਹਿਬ ਕੌਰ ਨੂੰ ਮੰਨਦਾ ਹੈ ਅਤੇ ਵਾਸੀ ਆਨੰਦਪੁਰ ਸਾਹਿਬ ਦਾ ਸਮਝਦਾ ਹੈ।

ਆਓ, ਇਸ ਮਹਾਨ ਅਤੇ ਗੁਰੂ ਚਰਨਾ ਦੀ ਛੋਹ ਪਰਾਪਤ ਹੋਈ ਪਵਿਤਰ ਭੂਮੀ ਦੇ ਇਤਿਹਾਸ 'ਤੇ ਨਜ਼ਰ ਮਾਰੀਏ। ਗੁਰੂ ਹਰਿਗੋਬਿੰਦ ਸਾਹਿਬ, ਸਿੱਖ ਰਾਸ਼ਟਰ ਦੇ ਛੇਵੇਂ ਪਾਤਸ਼ਾਹ, 1633-34 ਈ. ਵਿਚ ਅੰਮ੍ਰਿਤਸਰ ਤੋਂ ਕੀਰਤਪੁਰ ਸਾਹਿਬ ਆ ਕੇ ਰਹਿਣ ਲਗ ਪਏ ਸਨ। ਉਹ ਇਥੇ ਆਪਣੇ ਅੰਤਮ ਸਮੇਂ (1644 ਈ.) ਤਕ ਰਹੇ। ਇਹ ਉਨ੍ਹਾਂ ਦਾ ਸ਼ਾਂਤਮਈ ਸਮਾਂ ਸੀ। ਇਥੇ ਹੀ ਗੁਰੂ ਹਰਿ ਰਾਏ ਜੀ ਨੂੰ ਗੁਰਗੱਦੀ ਪਰਾਪਤ ਹੋਈ। ਗੁਰੂ ਹਰਿ ਰਾਇ ਜੀ ਵੀ 1664 ਈ. ਤਕ ਲਗਭਗ ਇਥੇ ਹੀ ਰਹਿੰਦੇ ਰਹੇ। 1664 ਈ. ਵਿਚ ਗੁਰੂ ਹਰਿ ਕਰਿਸ਼ਨ ਜੀ ਵੀ ਇਥੇ ਹੀ ਅਠਵੀਂ ਗੁਰਗੱਦੀ ਦੇ ਵਾਰਸ ਬਣੇ ਅਤੇ ਆਪਣੇ ਜੀਵਨ ਦਾ ਸੰਖੇਪ ਸਮਾਂ ਵੀ ਲਗਭਗ ਇਥੇ ਹੀ ਬਤੀਤ ਕੀਤਾ।

ਗੁਰੂ ਹਰਿ ਗੋਬਿੰਦ ਸਾਹਿਬ ਜੀ ਦੇ ਜੋਤੀ-ਜੋਤ ਸਮਾ ਜਾਣ ਪਿੱਛੋਂ ਅਤੇ ਗੁਰੂ ਹਰਿ ਰਾਇ ਜੀ ਦੇ ਸਤਵੇਂ ਗੁਰੂ[1] ਬਣਨ ਪਿੱਛੋਂ, ਸਾਹਿਬਜ਼ਾਦਾ ਤੇਗ ਬਹਾਦਰ ਜੀ, ਆਪਣੀ ਮਾਤਾ ਨਾਨਕੀ ਜੀ ਅਤੇ ਸੁਪਤਨੀ ਮਾਤਾ ਗੁਜਰੀ ਜੀ ਨਾਲ, ਆਪਣੇ ਨਾਨਕੇ ਪਿੰਡ ਬਾਬਾ ਬਕਾਲਾ[2] ਵਿਖੇ ਆ ਕੇ ਰਹਿਣ ਲਗ ਪਏ ਸਨ ਇਸ ਤਰ੍ਹਾਂ ਸੰਨ 1644 ਈ. ਤੋਂ ਲੈ ਕੇ 1664 ਈ. (ਗੁਰੂ ਬਣਨ

1. ਗੁਰੂ ਹਰਿ ਗੋਬਿੰਦ ਸਾਹਿਬ ਜੀ ਦੇ ਪੰਜ ਪੁੱਤਰ ਸਨ : ਬਾਬਾ ਗੁਰਦਿਤਾ ਜੀ, ਬਾਬਾ ਅਟਲ ਜੀ, ਬਾਬਾ ਤੇਗ ਬਹਾਦਰ ਜੀ, ਬਾਬਾ ਸੂਰਜ ਮਲ ਜੀ ਅਤੇ ਬਾਬਾ ਅਣੀ ਰਾਏ ਜੀ। ਬਾਬਾ ਗੁਰਦਿਤਾ ਜੀ, ਗੁਰੂ ਸਾਹਿਬ ਦੇ ਹੁੰਦਿਆਂ ਹੀ ਗੁਰਪੁਰੀ ਸਿਧਾਰ ਗਏ ਸਨ। ਗੁਰੂ ਹਰਿ ਰਾਇ ਜੀ ਬਾਬਾ ਗੁਰਦਿਤਾ ਜੀ ਦੇ ਛੋਟੇ ਸਪੁਤਰ ਸਨ। ਵਡੇ ਸਪੁਤਰ ਬਾਬਾ ਧੀਰਮਲ ਸਨ। ਇਸ ਤਰ੍ਹਾਂ ਗੁਰੂ ਹਰਿ ਰਾਇ ਜੀ, ਗੁਰੂ ਤੇਗ ਬਹਾਦਰ ਜੀ ਦੇ ਭਤੀਜੇ ਸਨ, ਜਿਨਾਂ ਦੀ ਵਾਰੀ ਪਹਿਲਾਂ ਆ ਗਈ ਸੀ।
2. ਬਾਬਾ ਅਕਾਲਾ, ਮਾਝੇ ਦੇ ਅੰਮ੍ਰਿਤਸਰ ਜ਼ਿਲੇ ਵਿਚ ਹੈ। ਜੀ. ਟੀ. ਰੋਡ ਉਪਰ, ਰਈਆ ਮੰਡੀ ਤੋਂ ਕੁਝ ਉਰਾਂ (ਬਿਆਸ ਵਲ) ਬਾਬਾ ਬਕਾਲਾ ਦਾ ਮੋੜ ਹੈ ਇਥੇ ਇਹ ਨਗਰ ਤਿੰਨ ਕੁ ਕਿਲੋਮੀਟਰ ਦੀ ਵਿੱਥ 'ਤੇ ਹੈ।

ਸਮੇਂ) ਤਕ, ਸਾਹਿਬਜ਼ਾਦਾ ਤੇਗ ਬਹਾਦਰ ਬਾਬਾ ਬਕਾਲਾ ਵਿਖੇ ਹੀ ਰਹਿੰਦੇ ਰਹੇ ਸਨ।

ਗੁਰੂ ਹਰਿ ਕਰਿਸ਼ਨ ਜੀ 30 ਮਾਰਚ, 1664 ਈ. ਨੂੰ ਜੋਤੀ ਜੋਤ ਸਮਾ ਗਏ ਸਨ। 11 ਅਗਸਤ, 1664 ਈ. ਨੂੰ ਸਾਹਿਬਜ਼ਾਦਾ ਤੇਗ ਬਹਾਦਰ ਜੀ ਨੂੰ ਗੁਰ-ਗੱਦੀ ਸੰਭਾਲੀ ਗਈ। ਗੁਰ-ਗੱਦੀ ਸੰਭਾਲਣ ਪਿੱਛੋਂ, ਗੁਰੂ ਤੇਗ ਬਹਾਦਰ ਜੀ ਮਾਝੇ ਵਿਚਲੇ ਪਿੰਡਾਂ ਦੇ ਪਰਚਾਰ ਦੌਰਿਆਂ ਨੂੰ ਗਏ। ਇਨ੍ਹਾਂ ਦੌਰਿਆਂ ਉਪਰੰਤ ਆਪ, ਆਪਣੇ ਪਰਿਵਾਰ ਸਮੇਤ ਮਈ, 1665 ਈ. ਵਿਚ ਕੀਰਤਪੁਰ ਸਾਹਿਬ ਪਹੁੰਚ ਗਏ। ਅਜੇ ਗੁਰੂ ਸਾਹਿਬ ਅਤੇ ਉਨ੍ਹਾਂ ਦਾ ਪਰਿਵਾਰ ਕੀਰਤਪੁਰ ਸਾਹਿਬ ਪਹੁੰਚਿਆ ਹੀ ਸੀ ਕਿ ਬਿਲਾਸਪੁਰ ਦੀ ਰਾਣੀ ਚੰਪਾ ਦੇਵੀ ਦਾ ਸੁਨੇਹਾ ਆ ਗਿਆ। ਬਿਲਾਸਪੁਰ ਦੇ ਰਾਜਾ ਦੀਪ ਚੰਦ ਦਾ ਚਲਾਣਾ ਹੋ ਗਿਆ ਸੀ ਅਤੇ ਰਾਣੀ ਚੰਪਾ ਦੇਵੀ ਨੇ ਗੁਰੂ ਜੀ ਅਤੇ ਉਨ੍ਹਾਂ ਦੇ ਪਰਿਵਾਰ ਨੂੰ, ਰਾਜੇ ਦੇ ਭੋਗ ਦੀ ਰਸਮ 'ਤੇ ਉਚੇਚੇ ਤੌਰ 'ਤੇ ਬੁਲਾਇਆ ਸੀ। ਗੁਰੂ ਜੀ ਅਤੇ ਉਨ੍ਹਾਂ ਦਾ ਪਰਿਵਾਰ 13 ਮਈ, 1665 ਈ. ਨੂੰ ਬਿਲਾਸਪੁਰ ਪਹੁੰਚੇ। ਰਾਣੀ ਚੰਪਾ ਨੇ ਉਨ੍ਹਾਂ ਦਾ ਬਹੁਤ ਆਦਰ ਸਤਿਕਾਰ ਕੀਤਾ। ਇਥੇ ਹੀ ਗੱਲਾਂ ਗੱਲਾਂ ਵਿਚ ਰਾਣੀ ਨੂੰ ਪਤਾ ਲਗਿਆ ਕਿ ਗੁਰੂ ਤੇਗ ਬਹਾਦਰ ਜੀ ਕੀਰਤਪੁਰ ਛੱਡ ਕੇ ਮਾਲਵੇ ਦੀ ਕਿਸੇ ਹੋਰ ਥਾਂ 'ਤੇ ਜਾ ਕੇ ਵਸਣਾ ਚਾਹੁੰਦੇ ਹਨ। ਇਸ 'ਤੇ ਰਾਣੀ ਚੰਪਾ ਨੇ ਮਾਤਾ ਨਾਨਕੀ ਜੀ ਨੂੰ ਕਿਹਾ ਕਿ ਉਹ ਕੀਰਤਪੁਰ ਛੱਡ ਕੇ ਨਾ ਜਾਣ। ਉਹ ਉਨ੍ਹਾਂ ਦੀ ਰਿਆਸਤ ਵਿਚ ਜਿਥੇ ਵੀ ਚਾਹੁਣ, ਨਵੀਂ ਥਾਂ ਲੈ ਕੇ ਰਹਿ ਸਕਦੇ ਹਨ। ਇਸ ਤਰ੍ਹਾਂ ਰਾਣੀ ਨੇ, ਵਰਤਮਾਨ ਆਨੰਦਪੁਰ ਸਾਹਿਬ ਵਾਲੀ ਥਾਂ ਦਿੱਤੀ। ਇਹ ਥਾਂ ਉਸ ਸਮੇਂ ਲੋਦੀਪੁਰ, ਮੀਆਂਪੁਰ ਅਤੇ ਸਹੋਦੇ ਪਿੰਡਾਂ ਦੀ ਧਰਤੀ ਸੀ। ਭੱਟ ਵਹੀ ਪੂਰਬੀ-ਦੱਖਣੀ ਖਾਤਾ ਜਲਹਾਨਾ ਅਨੁਸਾਰ :

> *"ਗੁਰੂ ਤੇਗ ਬਹਾਦੁਰ ਜੀ ਮਹਲ ਨਾਮਾ-ਬਾਸੀ ਕੀਰਤਪੁਰ ਪਰਗਨਾ ਕਹਿਲੂਰ ਬਿਲਾਸਪੁਰ ਆਏ ਰਾਣੀ ਚੰਪਾ ਕੇ ਬੁਲਾਵੇ ਤੇ ਰਾਜਾ ਦੀਪ ਚੰਦਾ ਬੇਟਾ ਰਾਜਾ ਤਾਰਾ ਚੰਦ ਕੀ ਸਤਾਰਵੀਂ ਤੇ ਸਾਲ ਸਤਰੇ ਸੈ ਬਾਈਸ ਜੇਠ ਪਰਬਿਸ਼ਟੇ 15 ਮੰਗਲਵਾਰ ਕੇ ਦਿਹੁੰ ਗੈਲ ਮਾਤਾ ਨਾਨਕੀ ਜੀ ਆਏ ਮਾਤਾ ਗੁਰੂ ਤੇਗ ਬਹਾਦੁਰ ਜੀ ਕੀ ਮਾਤਾ ਹਰ ਜੀ ਆਏ ਇਸਤਰੀ ਗੁਰੂ ਸੂਰਜ ਮਲ ਜੀ ਕੀ ਮਾਤਾ ਸੁਲਖਣੀ ਜੀ ਆਏ ਇਸਤਰੀ ਗੁਰੂ ਹਰਿ ਰਾਇ ਜੀ ਕੀ ਸਿਰੀ ਦੀਪ ਚੰਦ, ਨੰਦ ਚੰਦ ਆਏ ਬੇਟੇ (ਗੁਰੂ) ਸੂਰਜ ਮਲ ਜੀ ਕੇ ਦੀਵਾਨ ਦਰਘਾ ਮਲ ਆਇਆ ਬੇ ਟਾ ਦਵਾਰਕਾ ਦਾਸ ਛਿਬਰ ਕਾ ਜੇਠਾ ਦਿਆਲ ਦਾਸ ਆਏ ਬੇਟੇ ਮਾਈ ਦਾਸ ਜਲਹਾਨੇ ਕੇ ਦੁਰਗਾ ਦਾਸ ਆਇਆ ਬੇਟਾ ਪਦਮ ਰਾਏ ਹਜਾਵਤ ਦਾ ਦਰਯਾ ਆਇਆ ਬੇਟਾ ਮੂਲੇ ਜਲਹਾਨੇ ਕਾ ਹੋਰ ਸਿੱਖ ਫ਼ਕੀਰ ਆਏ ਰਾਣੀ ਚੰਪਾ ਨੇ ਗੁਰੂ ਜੀ ਕਾ ਬੜਾ ਆਉ ਭਗਤ ਕੀਆ ਨਮਾਂ ਗਾਮ ਬਸਾਨੇ ਕੇ ਲੀਏ ਲੋਦੀਪੁਰ ਮੀਆਂ ਪੁਰ ਸਹੋਦੇ ਗਾਮਾਂ ਦੀ ਭੁੰਇ ਦੀ ਤਿਨ ਦਿਹੁੰ ਗੁਰੂ ਜੀ ਚੰਪਾ ਕੇ ਗ੍ਰਿਹਿ ਮੈਂ ਰਹਿ ਕੇ ਵਾਪਸ ਕੀਰਤਪੁਰ ਆਇ ਗਏ।"*

ਰਾਣੀ ਵਲੋਂ ਕੀਤੀ ਗਈ ਪੇਸ਼ਕਸ਼ ਅਤੇ ਦਿੱਤੀ ਗਈ ਜ਼ਮੀਨ ਬਾਰੇ *ਗੁਰੂ ਕੀਆਂ ਸਾਖੀਆਂ* ਵਿਚ ਵੀ ਇਸ ਤਰ੍ਹਾਂ ਜ਼ਿਕਰ ਆਇਆ ਹੈ :

"ਮਸੰਦਾ ਅਰਦਾਸ ਕੀ ਜੀ ਸਚੇ ਪਾਤਸ਼ਾਹ ਜੇਠ ਮਾਸ ਕੀ ਪੰਦਰਸ ਕੋ ਰਾਜਾ ਜੀ ਕਾ ਬਿਲਾਸਪੁਰ ਨਗਰੀ ਮੇਂ ਸਤਾਰਮੀ ਕਾ ਦਿਹੁੰ ਹੈ। ਤੁਸਾਂ ਕੋ ਪਹਿਲੇ ਜਾਨਾ ਚਾਹੀਏ ਬਚਨ ਪਾਇ ਸਤਿਗੁਰਾਂ ਬਿਲਾਸਪੁਰ ਜਾਨੇ ਕੀ ਤਿਆਰੀ ਕੀ। ਗੈਲੇ ਦੀਵਾਨ ਦਰਘਾ ਮਲ-ਮਾਤਾ ਨਾਨਕੀ ਜੀ ਮਾਤਾ ਸੁਲਖਨੀ ਜੀ ਮਾਤਾ ਹਰੀ ਜੀ ਬੀਬੀ ਰੂਪ ਕੁਇਰ ਬਾਬਾ ਦੀਪ ਚੰਦ ਤੇ ਨੰਦ ਚੰਦ ਆਏ। ਰਾਨੀ ਚੰਪਾ ਨੇ ਗੁਰੂ ਜੀ ਕੇ ਆਏ ਕਾ ਬੜਾ ਆਉ ਭਗਤ ਕੀਆ ਰਹਿਨੇ ਕੇ ਲੀਏ ਇਕਾਂਤ ਥਾਇ ਦਈ। ਤੀਨ ਦਿਵਸ ਸਤਿਗੁਰੂ ਜੀ ਕੋ ਬਿਲਾਸਪੁਰ ਆਇਆ ਕੋ ਹੋਇ ਗਿਆ ਥਾਂ ਰਾਨੀ ਚੰਪਾ ਸਤਾਰਮੀ ਤੇਂ ਫਾਰਗ ਹੋਏ ਮਾਤਾ ਨਾਨਕੀ ਜੀ ਪਾਸ ਆਈ। ਇਸੇ ਮਾਤਾ ਜੀ ਕੇ ਪਾਉਂ ਪਕੜ ਬੇਨਤੀ ਕੀ-ਜੀ ਅਸਾ ਸੁਨਾ ਹੈ ਕਿ ਗੁਰੂ ਜੀ ਕੋਟ ਗੁਰੂ ਹਰਿ ਰਾਇ ਜੀ ਕਾ ਨਿਵਾਸ ਛੋਰ ਬਾਂਗਰ ਦੇਸ ਜਾਇ ਰਹੇ ਹੈਂ। ਐਸਾ ਨਾ ਕੀਜੀਏ ਜੇ ਸਤਿਗੁਰੂ ਜੀ ਕੋਟ ਗੁਰੂ ਹਰਿ ਰਾਇ ਮੇਂ ਨਹੀਂ ਰਹਿਨਾ ਚਾਹਤੇ ਤਾਂ ਮੈਂ ਨਿਆ ਗਾਮ ਬਸਾਨੇ ਕੇ ਲੀਏ ਹੋਰ ਭੋਇੰ ਅਰਦਾਸ ਕਰਨੇ ਕੋ ਤਿਆਰ ਹਾਂ। ਮਾਤਾ ਨਾਨਕੀ ਜੀ ਨੇ ਰਾਨੀ ਚੰਪਾ ਕੀ ਅਧੀਨਗੀ ਦੇਖ ਕੇ ਕਹਾ—ਰਾਨੀ ਅਸੀਂ ਨਹੀਂ ਜਾਏਂਗੇ। ਰਾਨੀ ਚੰਪਾ ਨੇ ਗਾਮ ਬਸਾਨੇ ਕੇ ਲੀਏ ਲੋਦੀ ਪੁਰ ਮੀਆਂ ਪੁਰ ਤੇ ਸਹੋਦੇ ਗਾਮਾਂ ਕੀ ਭੋਇੰ ਅਰਦਾਸ ਕਰਾਈ। ਗੁਰੂ ਜੀ ਬਿਲਾਸਪੁਰ ਨਗਰੀ ਸੇ ਵਿਦਿਆ ਹੋਏ ਕੋਟ ਗੁਰੂ ਹਰਿ ਰਾਇ ਮੇਂ ਆਇ ਗਏ। ਦੀਵਾਨ ਦਰਘਾ ਮਲ ਸੇ ਬਚਨ ਹੋਆ—ਕਿ ਇਨ ਤੀਨ ਗਾਮਾਂ ਮੇ ਸੇ ਕਾਈ ਅਛੀ ਜਗਾ ਦੇਖੋ ਜਹਾਂ ਨਿਆਂ ਗਾਉਂ ਬਸਾਇਆ ਜਾਏ।

"ਸੰਮਤ ਸਤਰਾਂ ਸੈ ਬਾਈਸ ਅਸਾੜ ਮਾਸ ਕੀ ਇਕੀਸ ਕੇ ਦਿਹੁੰ ਬਾਬਾ ਗੁਰਦਿਤਾ ਜੀ 'ਰੰਧਾਵਾ' ਕੇ ਹਾਥ ਸੇ ਸਹੋਦੇ ਗਾਉਂ ਕੇ ਰਕਬਾ ਮੇਂ ਮਾਖੋਵਾਲ ਕੇ ਥੇਹ ਤੇ ਮੋੜ੍ਹੀ ਗਾਡੀ। ਇਸ ਲੀਏ ਗਾਉਂ ਕਾ ਨਾਮ ਚਕ ਨਾਨਕੀ ਰਾਖਾ ਇਸੇ ਦੇਖ ਸਾਰੀ ਸੰਗਤ ਮੇਂ ਖੁਸ਼ੀ ਕੇ ਬਾਦਲ ਛਾਇ ਗਏ। ਦੀਵਾਨ ਦਰਘਾ ਮਲ ਨੇ ਖਲੋ ਹੋਇ ਅਰਦਾਸ ਕੀ—ਸੰਗਤ ਮੇਂ ਤਰਾ ਤਰਾ ਤਿਰਹਾਵਲ ਪਰਸਾਦਿ ਬਾਂਟਾ ਗਿਆ। ਸਤਿਗੁਰੂ ਏਸ ਸਾਲ ਕਾ ਚਮਾਸਾ ਚੱਕ ਨਾਨਕੀ ਮੇਂ ਗੁਜਾਰਾ।"[3]

ਇਸ ਤਰ੍ਹਾਂ ਭੱਟ ਵਹੀਆਂ ਅਤੇ ਗੁਰੂ ਕੀਆਂ ਸਾਖੀਆਂ ਅਨੁਸਾਰ ਤਾਂ ਇਉਂ ਲਗਦਾ ਹੈ ਜਿਵੇਂ ਕਿ ਇਹ ਥਾਂ, ਗੁਰੂ ਜੀ ਨੂੰ ਮੁਫ਼ਤ ਭੇਟ ਕੀਤੀ ਗਈ ਸੀ ਪਰ ਸਿੱਖ ਰਵਾਇਤਾਂ ਅਨੁਸਾਰ ਗੁਰੂ ਜੀ ਨੇ ਇਸ ਥਾਂ ਨੂੰ ਮੁਲ ਖਰੀਦਣਾ ਚਾਹਿਆ ਸੀ। ਇਹ ਖਰੀਦ ਮੁਲ ਘਟ-ਵਧ ਤਾਂ ਹੋ ਸਕਦਾ ਹੈ ਪਰ ਸਿੱਖ ਰਵਾਇਤਾਂ ਦੀ ਰੋਸ਼ਨੀ ਵਿਚ ਇਹ ਮੰਨਣਾ ਔਖਾ ਹੈ ਕਿ ਗੁਰੂ ਜੀ ਨੇ ਇਹ ਥਾਂ ਮੁਫ਼ਤ ਹੀ ਰੱਖ ਲਈ ਹੋਵੇ। ਹੁਸ਼ਿਆਰਪੁਰ ਡਿਸਟਰਿਕਟ ਗਜ਼ਟੀਅਰ ਅਨੁਸਾਰ ਇਹ ਜ਼ਮੀਨ ਬਿਲਾਸਪੁਰ ਦੇ ਰਾਜੇ ਤੋਂ ਖਰੀਦੀ ਗਈ ਸੀ। "ਮਾਖੋਵਾਲ, ਜਿਸ ਨੂੰ ਆਮ ਤੌਰ ਤੇ ਆਨੰਦਪੁਰ ਕਿਹਾ ਜਾਂਦਾ ਹੈ, ਤਾਲਿਕਾ ਜਿੰਦਬਾੜੀ ਵਿਚ ਸਤਲੁਜ ਦਰਿਆ ਦੇ ਖਬੇ ਕੰਢੇ

---

3. ਕਵੀ ਸਰੂਪ ਸਿੰਘ ਕੌਸ਼ਿਸ਼ ਰਚਿਤ *ਗੁਰੂ ਕੀਆਂ ਸਾਖੀਆਂ* (ਸੰ. ਪਿਆਰਾ ਸਿੰਘ ਪਦਮ), ਪਟਿਆਲਾ, 1986, ਪੰਨਾ 66.

ਉਪਰ ਸਥਿਤ ਹੈ। ਗੁਰੂ ਤੇਗ ਬਹਾਦਰ ਅੰਮ੍ਰਿਤਸਰ ਬਕਾਲਾ ਤੋਂ ਇਥੇ ਆਏ ਅਤੇ ਬਿਲਾਸਪੁਰ ਦੇ ਰਾਜੇ ਤੋ ਇਹ ਜ਼ਮੀਨ ਖਰੀਦੀ।[4] ਕਵੀ ਸੰਤੋਖ ਸਿੰਘ[5] ਅਤੇ ਗਯਾਨੀ ਗਯਾਨ ਸਿੰਘ[6], ਅਨੁਸਾਰ ਵੀ ਇਹ ਥਾਂ ਮੁੱਲ ਲਈ ਗਈ ਸੀ। ਤੇਜਾ ਸਿੰਘ ਗੰਡਾ ਸਿੰਘ ਅਨੁਸਾਰ, ਗੁਰੂ ਜੀ ਨੇ ਇਹ ਜ਼ਮੀਨ ਪੰਜ ਸੌ ਰੁਪਏ ਵਿਚ ਮੁੱਲ ਖਰੀਦੀ ਸੀ।[7]

ਇਸ ਤਰ੍ਹਾਂ ਇਕ ਨਵਾਂ ਨਗਰ ਸਥਾਪਤ ਕਰ ਕੇ ਗੁਰੂ ਤੇਗ ਬਹਾਦਰ ਜੀ ਆਪਣੇ ਪਰਿਵਾਰ ਸਮੇਤ ਕੀਰਤਪੁਰ ਸਾਹਿਬ ਤੋਂ ਆਕੇ ਇਥੇ ਰਹਿਣ ਲਗ ਪਏ ਸਨ। ਭਾਈ ਸੰਤੋਖ ਸਿੰਘ ਨੇ ਚੱਕ ਨਾਨਕੀ ਨਗਰ ਵਿਚ, ਵੱਖ ਵੱਖ ਇਮਾਰਤਾਂ ਦੀ ਉਸਾਰੀ ਬਾਰੇ ਕਾਫ਼ੀ ਵੇਰਵੇ ਸਹਿਤ ਲਿਖਿਆ ਹੈ। ਇਸ ਅਨੁਸਾਰ ਨਗਰ ਦੀ ਸਥਾਪਨਾ ਕਰ ਕੇ, ਇਥੇ ਭਾਂਤ ਭਾਂਤ ਦੇ ਕਾਰੀਗਰ ਅਤੇ ਵਿਦਵਾਨ ਲੋਕਾਂ ਨੂੰ ਲਿਆ ਕੇ ਵਸਾਇਆ ਗਿਆ। ਸੰਗਤਾਂ ਦੇ ਠਹਿਰਣ ਲਈ ਇਕ ਸੁੰਦਰ ਧਰਮਸ਼ਾਲਾ ਬਣਾਈ ਗਈ। ਇਸ ਧਰਮਸ਼ਾਲਾ ਦੇ ਚਾਰੇ ਪਾਸੇ ਦਰਵਾਜ਼ੇ ਰਖੇ ਗਏ। ਇਸ ਦੀ ਬਨਾਵਟ ਇਸ ਤਰ੍ਹਾਂ ਦੀ ਸੀ ਕਿ ਗਰਮੀ ਦੇ ਮੌਸਮ ਵਿਚ ਇਥੇ ਠੰਡੀ ਹਵਾ ਲਗਦੀ ਰਹਿੰਦੀ ਸੀ। ਕਈ ਮਕਾਨ ਇਕ ਇਕ ਦਰਵਾਜ਼ੇ ਵਾਲੇ ਵੀ ਬਣਾਏ ਗਏ।

ਸੁਨਿ ਕਾਰੀਗਰ ਲਗੇ ਉਸਾਰਨਿ ॥ ਸੁੰਦਰ ਘਰ ਸਮੇਤ ਬਿਸਤਾਰਨਿ ॥
ਇਕ ਧਰਮਸਾਲਾ ਬਡੀ ਬਨਾਈ ॥ ਜਿਸ ਮਹਿੰ ਸੰਗਤਿ ਉਤਰਹਿੰ ਆਈ ॥38॥
ਰਾਖੇ ਦਰ ਅਨੇਕ ਚਹੁੰ ਓਰ ॥ ਗੀਰਖਮ ਮਹਿ ਸਮੀਰ ਕੀ ਲੋਰ ॥
ਇਕ ਦਰ ਕੇ ਕੇਤਿਕ ਬਨਵਾਏ। ਇਸ ਪਰਕਾਰ ਪੁਰਿ ਗੁਰੂ ਬਸਾਏ[8] ॥ 39 ॥

ਇਸ ਧਰਮ ਸ਼ਾਲਾ ਦੀ ਅੰਦਰੋਂ ਸੁੰਦਰ ਚਿਤਰਕਾਰੀ ਕਰਨ ਲਈ ਨਿਪੁੰਨ ਕਾਰੀਗਰ ਬੁਲਾਏ ਗਏ। ਇਨ੍ਹਾਂ ਕਾਰੀਗਰਾਂ ਨੇ ਪੂਰੇ ਸ਼ੌਕ ਨਾਲ ਸ਼ਿਲਪ-ਕਲਾ ਨਾਲ ਇਸ ਦੀ ਬਾਹਰੀ ਦਿੱਖ ਨੂੰ ਬਹੁਤ ਦਿਲਖਿਚਵੀਂ ਬਣਾ ਦਿੱਤਾ ਸੀ। ਦਿਆਰ ਦੀ ਉਚ-ਕੋਟੀ ਦੀ ਅਤੇ ਸੁਗੰਧੀਆਂ ਦੇਣ ਵਾਲੀ ਲੱਕੜ ਵਰਤੀ ਗਈ ਸੀ।

ਮੰਦਿਰ ਸੁੰਦਰ ਹੇਤ ਕਰਾਵਨਿ। ਸ੍ਰੀ ਗੁਰ ਸ਼ਿਲਪੀ ਕਰੇ ਅਵਾਹਨਿ ॥
ਦਾਰ ਬਿਲੰਦ ਸੁਗੰਧਤਿ ਬ੍ਰਿੰਦ। ਨਾਨਾ ਚਿੱਤਰਤਿ ਬਨ ਅਰਬਿੰਦ ।[9]

ਇਸ ਤਰ੍ਹਾਂ ਖੂਬਸੂਰਤ ਮਕਾਨ ਬਣਵਾਏ ਗਏ। ਲੋਕਾਂ ਦੀਆਂ ਨਿਤ ਦੀਆਂ ਲੋੜਾਂ ਪੂਰੀਆਂ ਕਰਨ ਲਈ, ਦੁਕਾਨਾਂ ਖੁਲਵਾਈਆਂ ਗਈਆਂ। ਹਰ ਕਿਸਮ ਦੇ ਲੋਕ ਇਥੇ ਵਸਣ ਲਗੇ। ਰੋਜ਼ਾਨਾ ਸੈਂਕੜੇ ਨਰ-ਨਾਰੀ ਇਥੇ ਗੁਰੂ ਜੀ ਦੇ ਦਰਸ਼ਨਾਂ ਨੂੰ ਆਉਂਦੇ ਸਨ। ਗੁਰੂ ਜੀ ਦੇ ਦਰਬਾਰ ਵਿਚ ਹਰ ਸਮੇਂ ਸੰਗਤਾਂ ਦਾ ਤਾਂਤਾ ਲਗਿਆ ਰਹਿੰਦਾ ਸੀ। ਸਹਿਜੇ ਸਹਿਜੇ ਇਥੇ ਇਕ ਸੁੰਦਰ ਨਗਰ ਵਸ ਗਿਆ।

---

4. *ਹੁਸ਼ਿਆਰਪੁਰ ਡਿਸਟਰਿਕਟ ਗਜ਼ਟੀਅਰ*, 1883, ਪੰਨਾ 154.
5. ਜਰ ਖਰੀਦ ਕੇ ਪਟੇ ਲਿਖਾਏ। ਲੈ ਸਤਿਗੁਰ ਨਿਜ ਨਿਕਟਿ ਰਖਾਏ।
   ਸ੍ਰੀ ਗੁਰ ਪ੍ਰਤਾਪਿ ਸੂਰਜ ਗ੍ਰੰਥਿ (ਸੰ. ਭਾਈ ਵੀਰ ਸਿੰਘ), ਅੰਮ੍ਰਿਤਸਰ, 1962, ਪੰਨਾ 4079.
6. *ਤਵਾਰੀਖ ਗੁਰੂ ਖਾਲਸਾ* (ਪੱਥਰ ਛਾਪ, ਪਹਿਲੀ), ਸਿਆਲਕੋਟ, 1891, ਪੰਨਾ 267.
7. *ਏ ਸ਼ਾਰਟ ਹਿਸਟਰੀ ਆਫ ਸਿਖਸ*, ਲੌਂਗਮੈਨਜ਼, ਬੰਬੇ, 1950, ਪੰਨਾ 52.
8. *ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ*, ਪੰਨਾ 4081.
9. ਉਕਤ, ਪੰਨਾ 4985.

ਸੁੰਦਰ ਸਦਨ ਸੁਧਾਰਿ ਕਰਿ ਬਸੇਂ ਗੁਰੂ ਮਹਾਰਾਜ।
ਪਰਜਾ ਬਸ ਵਨਿ ਪੁਨ ਕਰੀਦੇ ਸਭਿ ਬਿਧਿਨਿ ਸਮਾਜ।
ਨਿਤ ਪ੍ਰਤੀ ਸੰਗਤਿ ਆਇ ਨਵੀਨ।
ਡੇਰਾ ਪਰਹਿ ਬਨਜ ਹੁਇ ਪੀਨ।
ਬੇਸਨ ਆਦਿ ਦੁਕਾਨ ਬਨਾਈ।
ਗਨੀ ਗਰੀਬ ਬਸੇਂ ਸਮੁਦਾਈ।[10]

ਪਰ ਇਥੇ ਗੁਰੂ ਸਾਹਿਬ ਨੂੰ ਜ਼ਿਆਦਾ ਸਮਾਂ ਰਹਿਣ ਲਈ ਨਾ ਮਿਲਿਆ ਪੂਰਬੀ ਭਾਰਤ ਦੀਆਂ ਸਿੱਖ ਸੰਗਤਾਂ, ਬਹੁਤ ਲੰਮੇ ਸਮੇਂ ਤੋਂ ਗੁਰੂ ਸਾਹਿਬਾਨ ਦੇ ਦਰਸ਼ਨਾਂ ਤੋਂ ਵਾਂਝੀਆਂ ਹੀ ਰਹਿ ਰਹੀਆਂ ਸਨ।[11] ਜਿਸ ਸਮੇਂ ਗੁਰੂ ਜੀ ਕੀਰਤਪੁਰ ਸਾਹਿਬ ਹੀ ਰਹਿ ਰਹੇ ਸਨ ਅਤੇ ਕੇਂਦਰੀ ਸਿੱਖ ਸੰਗਤਾਂ ਦੇ ਪਰਤੀਨਿਧ, ਗੁਰੂ ਤੇਗ ਬਹਾਦੁਰ ਜੀ ਪਰਤੀ ਆਪਣੇ ਦਸਵੰਧ ਲੈ ਕੇ ਆਏ ਸਨ ਤਾਂ ਇਸੇ ਸਮੇਂ ਪੂਰਬ ਤੋਂ ਆਏ ਕੁਝ ਮੁਖੀ ਸਿੱਖਾਂ ਨੇ ਗੁਰੂ ਜੀ ਨੂੰ ਪੂਰਬੀ ਭਾਰਤ ਦੇ ਦੌਰਿਆਂ ਤੇ ਆਉਣ ਦਾ ਸੱਦਾ ਦਿੱਤਾ।[12] ਗੁਰੂ ਜੀ ਨੇ ਇਸ ਸੱਦੇ ਮੁਤਾਬਕ ਪੂਰਬੀ ਭਾਰਤ ਦੇ ਦੌਰੇ ਦਾ ਪਰੋਗਰਾਮ ਬਣਾਇਆ। ਇਹ ਦੌਰਾ ਕਾਫ਼ੀ ਲੰਮੇਰਾ ਸੀ। ਗੁਰੂ ਜੀ ਨਵੰਬਰ, 1665 ਈ. ਨੂੰ ਚੱਕ ਨਾਨਕੀ ਤੋਂ ਰਵਾਨਾ ਹੋਏ ਅਤੇ ਸਾਰੇ ਦੌਰੇ ਕਰਕੇ 29 ਮਾਰਚ, 1672 ਈ. ਨੂੰ ਵਾਪਸ ਚੱਕ ਨਾਨਕੀ ਆਏ ਸਨ।[13]

ਇਸ ਤਰ੍ਹਾਂ ਗੁਰੂ ਸਾਹਿਬ ਲਗਾਤਾਰ 6-7 ਸਾਲ ਚੱਕ ਨਾਨਕੀ ਤੋਂ ਬਾਹਰ ਹੀ ਰਹੇ। ਇਹ ਵੀ ਕੁਦਰਤੀ ਗਲ ਹੈ ਕਿ ਇਸ ਸਮੇਂ ਦੌਰਾਨ ਚੱਕ ਨਾਨਕੀ ਦੀ ਉਸਾਰੀ ਵੀ ਰੁਕ ਗਈ ਹੋਣੀ ਹੈ ਕਿਉਂਕਿ ਗੁਰੂ ਜੀ ਦੇ ਸਭ ਮੁਖੀ ਸਿੱਖ, ਗੁਰੂ ਜੀ ਦੇ ਨਾਲ ਹੀ ਸਨ।

ਇਨ੍ਹਾ ਦੌਰਿਆਂ ਤੋਂ ਵਾਪਸ ਆ ਕੇ ਵੀ ਗੁਰੂ ਜੀ ਜ਼ਿਆਦਾ ਸਮਾਂ ਚੱਕ ਨਾਨਕੀ ਨਹੀਂ ਰਹੇ। ਗੁਰੂ ਸਾਹਿਬ ਤਕਰੀਬਨ ਇਕ ਚੁਮਾਸਾ ਕੱਟ ਕੇ ਫਿਰ ਬਾਂਗਰ ਅਤੇ ਮਾਲਵਾ ਦੇਸ਼ ਦੇ ਇਲਾਕਿਆਂ ਦੇ ਦੌਰੇ 'ਤੇ ਰਵਾਨਾ ਹੋ ਗਏ। ਇਹ ਦੌਰਾ ਤਕਰੀਬਨ 1675 ਈ. ਦੇ ਮੱਧ ਵਿਚ ਖ਼ਤਮ ਹੋਇਆ ਅਤੇ ਗੁਰੂ ਸਾਹਿਬ ਵਾਪਸ ਚੱਕ ਨਾਨਕੀ ਪਹੁੰਚੇ। ਪਰ ਇਸ ਵਾਰ ਵੀ ਗੁਰੂ ਜੀ ਨੂੰ ਜ਼ਿਆਦਾ ਸਮਾਂ ਇਥੇ ਠਹਿਰਣ ਦਾ ਨਾ ਮਿਲਿਆ। ਇਸ ਸਮੇਂ ਗੁਰੂ ਜੀ ਦੇ ਜੀਵਨ ਦੀ ਅਤਿ ਮਹਤਵਪੂਰਨ ਘਟਨਾ ਵਾਪਰੀ। ਸਮੇਂ ਦੀ ਹਕੂਮਤ ਵਲੋਂ ਵੜੀ ਸਖ਼ਤ ਕਿਸਮ ਦਾ ਦੌਰ

---

10. *ਉਕਤ*, ਪੰਨਾ 4090.
11. ਗੁਰੂ ਨਾਨਕ ਦੇਵ ਜੀ ਤੋਂ ਪਿੱਛੋਂ ਕੋਈ ਵੀ ਗੁਰੂ ਪੂਰਬੀ ਅਤੇ ਦੱਖਣੀ ਭਾਰਤ ਦੀਆਂ ਸਿੱਖ ਸੰਗਤਾਂ ਕੋਲ ਨਹੀਂ ਜਾ ਸਕਿਆ। ਗੁਰੂ ਹਰਿਗੋਬਿੰਦ ਸਾਹਿਬ ਵੀ ਕੇਂਦਰੀ ਭਾਰਤ ਦੇ ਇਲਾਕਿਆਂ ਤਕ ਹੀ ਜਾ ਸਕੇ ਸਨ। ਇਸ ਤਰ੍ਹਾਂ ਗੁਰੂ ਨਾਨਕ ਦੇਵ ਜੀ ਤੋਂ ਪਿੱਛੋਂ ਗੁਰੂ ਤੇਗ ਬਹਾਦਰ ਜੀ ਹੀ ਪਹਿਲੇ ਗੁਰੂ ਸਨ ਜਿਨ੍ਹਾਂ ਨੇ ਸਾਰੇ ਭਾਰਤ ਵਿਚਲੀਆਂ ਥਾਵਾਂ ਦਾ ਦੌਰਾ ਕੀਤਾ ਅਤੇ ਸਿੱਖ ਸੰਗਤਾਂ ਕੋਲ ਗਏ। ਆਪ ਭਾਰਤ ਦੇ ਧੁਰ-ਪੂਰਬ ਦੇ ਇਲਾਕਿਆਂ (ਆਸਾਮ ਦਾ ਕਾਮਰੂਪ) ਤਕ ਚਲੇ ਗਏ ਸਨ।
12. ਤ੍ਰਿਲੋਚਨ ਸਿਘ, *ਗੁਰੂ ਤੇਗ ਬਹਾਦਰ-ਪ੍ਰਾਫਟ ਐਂਡ ਮਾਰਟਾਇਰ*, ਦਿੱਲੀ, 1967, ਪੰ. 178.
13. ਇਸ ਦੌਰੇ ਦੌਰਾਨ ਕਈ ਭਾਵਪੂਰਤ ਘਟਨਾਵਾਂ ਵਾਪਰੀਆਂ ਸਨ। ਗੁਰੂ ਜੀ ਦੀ ਧਮਧਾਨ ਤੋਂ ਗਰਿਫਤਾਰੀ, ਗੁਰੂ ਜੀ ਦਾ ਰਾਜਾ ਰਾਮ ਸਿੰਘ ਦਾ ਸਾਥ ਦੇਣਾ, ਆਸਾਮ ਦੇ ਰਾਜੇ ਨਾਲ ਜੰਗਬੰਦੀ ਕਰਵਾਉਣਾ ਅਤੇ ਬਾਲ ਗੋਬਿੰਦ ਜੀ ਦਾ ਪਟਣੇ ਵਿਖੇ ਪਰਕਾਸ਼ ਧਾਰਨਾ ਆਦਿ।

ਚਲਾਇਆ ਹੋਇਆ ਸੀ। ਕਸ਼ਮੀਰ ਵਿਚ ਜਿੰਨੀ ਵੀ ਹਿੰਦੂ ਆਬਾਦੀ ਸੀ ਉਹ ਸਭ ਬਰਾਹਮਣ ਜਾਤੀ ਦੇ ਲੋਕਾਂ ਦੀ ਹੀ ਸੀ। ਇਨ੍ਹਾਂ ਬਾਹਮਣਾਂ ਨੇ ਸਮੂਹਕ ਰੂਪ ਵਿਚ ਸਿੱਖ ਧਰਮ ਨੂੰ ਆਪਣਾ ਲਿਆ ਸੀ ਭਾਵੇਂ ਕਿ ਇਹ ਆਪਣੇ ਪੁਰਾਣੇ ਚਿੰਨਾਂ, ਜੰਞੂ ਤੇ ਤਿਲਕਾਂ ਦੀ ਵਰਤੋਂ ਕਰਦੇ ਸਨ ਹਕੂਮਤ ਇਸ ਗਲੋਂ ਖਫਾ ਸੀ ਕਿ ਇਹ ਬਾਹਮਣ ਇਸਲਾਮ ਨੂੰ ਛੱਡ ਕੇ ਸਿੱਖ ਧਰਮ ਨੂੰ ਕਿਉਂ ਧਾਰਨ ਕਰ ਰਹੇ ਹਨ। ਇਸ ਕਰਕੇ ਇਨ੍ਹਾਂ ਬਾਹਮਣਾਂ ਨੇ ਆਨੰਦਪੁਰ ਸਾਹਿਬ ਵਿਖੇ ਪਹੁੰਚ ਕੇ ਗੁਰੂ ਤੇਗ ਬਹਾਦਰ ਜੀ ਅਗੇ ਫਰਿਆਦ ਕੀਤੀ। ਇਹ ਵਫਦ ਪੰਡਤ ਕਿਰਪਾ ਰਾਮ ਦੀ ਅਗਵਾਈ ਹੇਠ ਆਇਆ। 'ਭੱਟ ਵਹੀ' ਤਲੌਂਡਾ ਪਰਗਨਾ ਜੀਂਦ ਵਿਚ ਇਸ ਤਰ੍ਹਾਂ ਲਿਖਿਆ ਹੈ :

> *"ਕਿਰਪਾ ਰਾਮ ਬੇਟਾ ਅੜੂ ਰਾਮ ਕਾ ਪੋਤਾ ਨਰੈਣ ਦਾਸ ਕਾ ਪੜਪੋਤਾ ਬਰੱਹਮ ਦਾਸ ਕਾ ਬੰਸ ਠਾਕਰ ਦਾਸ ਕਾ ਭਾਰਦਵਾਜੀ ਗੋਤਰਾ ਸਰਸੁਤ ਦੱਤ ਬਰਾਹਮਣ ਬਾਸੀ ਮਟਨ ਪਰਗਨਾ ਸਿਰੀ ਨਗਰ ਦੇਸ ਕਸ਼ਮੀਰ ਖੋੜਸ ਮੁਖੀ ਬਰਾਹਮਣੋ ਕਾ ਸੰਗ ਲੈ ਕੇ ਚੱਕ ਨਾਨਕੀ ਆਇਆ ਪਰਗਨਾ ਕਹਿਲੂਰ ਮੇਂ ਸੰਬਤ ਸਤਰੈ ਸੈ ਬਤੀਸ ਜੇਠ ਮਾਸੇ ਸੁਦੀ ਇਕਾਦਸੀ ਕੇ ਦਿਹੁੰ ਗੁਰੂ ਤੇਗ ਬਹਾਦਰ ਮਹਿਲਾ ਨਾਮਾ ਨੇ ਇਨੇ ਧੀਰਜ ਦਈ।"*

ਗੁਰੂ ਕੀਆਂ ਸਾਖੀਆਂ ਵਿਚ ਇਸ ਤਰ੍ਹਾਂ ਲਿਖਿਆ ਹੈ :

> *"ਭਾਈ ਅੜੂ ਰਾਮ ਦਤ ਮਟਨ ਨਿਵਾਸੀ ਕਾ ਬੇਟਾ ਕਿਰਪਾ ਰਾਮ ਖੋੜਸ ਬਰਾਹਮਣੋ ਕੋ ਸਾਥ ਲੈ ਕੇ ਕਸ਼ਮੀਰ ਦੇਸ ਸੇ ਗੁਰੂ ਜੀ ਕੇ ਦਰਬਾਰ ਮੇ ਆਇ ਫਰਆਦੀ ਹੂਆ। ਇਸੇ ਹਾਥ ਬਾਂਧ ਬੇਨਤੀ ਕੀ ਜੀ ਗਰੀਬ ਨਿਵਾਜ ਕਸ਼ਮੀਰ ਦੇਸ ਕਾ ਹਾਕਮ ਹਮੇਂ ਜਬਰੀ ਮੁਸਲਮਾਨ ਬਨਾਏ ਰਿਹਾ ਹੈ ਸਹਾਈ ਹੋਨਾ। ਸਚੇ ਪਾਤਸ਼ਾਹ ਅਸੀਂ ਦੁਖੀ ਹੈਂ ਆਪ ਕੇ ਦਰਬਾਰ ਮੇਂ ਆਏ ਹਾਂ ਹੋਰ ਸਾਡੀ ਫਰਿਆਦ ਸੁਣਨੇਂ ਵਾਲਾ ਕਾਈ ਨਹੀਂ। ਗੁਰੂ ਜੀ ਨੇ ਧੀਰਜ ਦਈ ਕਹਾ ਤੁਸਾਂ ਕੀ ਸਹਾਇਤਾ ਬਾਬਾ ਨਾਨਕ ਕਰੇਗਾ।"* (ਸਾਖੀ 24ਵੀਂ)

ਸ਼ਹੀਦ ਬਿਲਾਸ ਭਾਈ ਮਨੀ ਸਿੰਘ ਅਨੁਸਾਰ :

> *"ਹਾਥ ਜੋੜ ਕਹਯੋ ਕਿਰਪਾ ਰਾਮ। ਦਤ ਬਰਾਮਣ ਮਟਨ ਗਰਾਮ।*
> *ਹਮਰੋ ਬਲ ਅਬ ਰਹਯੋ ਨਾ ਕਾਈ। ਹੇ ਗੁਰ ਤੇਗ ਬਹਾਦਰ ਰਾਈ।*
> *ਗਜ ਕੇ ਬੰਧਨ ਕਾਟਨ ਹਾਰੇ। ਤਉ ਗੁਰ ਨਾਨਕ ਹੈਂ ਅਵਤਾਰੇ।*
> *ਜਿਮ ਦਰੋਪਤੀ ਰਾਖੀ ਲਾਜ। ਦੀਯੋ ਸਮਾਰ ਸੁਦਾਮੇਂ ਕਾਜ।*
> *ਫਿਰਤ ਫਿਰਤ ਪ੍ਰਭ ਆਏ ਥਾਰੇ।*
> *ਥਾਕ ਪਰੇ ਹਉਂ ਤਉਂ ਦਰਬਾਰੇ।"*[14]

ਸਿੱਖ ਰਵਾਇਤ ਅਨੁਸਾਰ ਜਿਸ ਸਮੇਂ ਗੁਰੂ ਜੀ ਦਾ ਦਰਬਾਰ ਲਗਿਆ ਹੋਇਆ ਸੀ ਅਤੇ ਇਸ ਦਰਬਾਰ ਵਿਚ ਗੁਰੂ ਜੀ ਬਾਹਰੋ ਆਏ ਬਰਾਹਮਣ ਵਫਦ ਨਾਲ ਵਿਚਾਰ ਵਟਾਂਦਰਾ

---

14. ਕਵੀ ਸੇਵਾ ਸਿੰਘ, *ਸ਼ਹੀਦ ਬਿਲਾਸ ਭਾਈ ਮਨੀ ਸਿੰਘ* (ਸੰ. ਗਰਜਾ ਸਿੰਘ), ਲੁਧਿਆਣਾ, 1961, ਪੰਨੇ 59-60.

ਕਰ ਰਹੇ ਸਨ ਤਾਂ ਬਾਲ ਗੋਬਿੰਦ ਜੀ ਵੀ ਉਥੇ ਆ ਗਏ ਸਨ। ਸਾਰੇ ਦਰਬਾਰ ਵਿਚ ਗੰਭੀਰ ਕਿਸਮ ਦੀ ਨਮੋਸ਼ੀ ਦੇਖ ਕੇ, ਬਾਲ ਗੋਬਿੰਦ ਜੀ ਨੇ ਗੁਰੂ ਪਿਤਾ ਪਾਸੋ ਇਸ ਦਾ ਕਾਰਨ ਪੁੱਛਿਆ। ਗੁਰੂ ਜੀ ਨੇ ਕਿਹਾ ਕਿ ਇਹ ਸਭ ਕੁਝ ਦੇਸ਼ ਵਿਚ ਹੋ ਰਹੇ ਜ਼ੁਲਮ ਕਰਕੇ ਹੈ। ਇਹ ਜ਼ੁਲਮ ਉਦੋਂ ਤਕ ਖ਼ਤਮ ਨਹੀਂ ਹੋਵੇਗਾ ਜਦੋਂ ਤਕ ਕੋਈ ਮਹਾਂਪੁਰਸ਼ ਆਪਣਾ ਬਲੀਦਾਨ ਨਹੀਂ ਦੇਵੇਗਾ। ਬਾਲ ਗੋਬਿੰਦ ਜੀ ਨੇ ਝੱਟ ਹੀ ਕਹਿ ਦਿੱਤਾ ਕਿ ਆਪ ਜੀ ਤੋਂ ਵੱਡਾ ਹੋਰ ਮਹਾਂਪੁਰਸ਼ ਕੌਣ ਹੈ? ਗੁਰੂ ਜੀ ਲਈ ਬਾਲ ਗੋਬਿੰਦ ਜੀ ਦਾ ਇਹ ਸੰਕੇਤ ਕਾਫ਼ੀ ਸੀ। ਸਿੱਟੇ ਵਜੋਂ ਗੁਰੂ ਜੀ ਕਸ਼ਮੀਰ ਦੇ ਬ੍ਰਾਹਮਣਾ ਦੇ ਸੁਤੰਤਰ ਅਕੀਦੇ ਦੀ ਰਾਖੀ ਲਈ ਮਘਰ ਸੁਦੀ ਪੰਚਮੀ, ਸੰਮਤ 1732 ਬਿ. ਨੂੰ ਸ਼ਹੀਦੀ ਪਰਾਪਤ ਕਰ ਗਏ। *"ਦਿਆਲ ਦਾਸ ਬੇਟਾ ਮਾਈ ਦਾਸ ਕਾ ਪੋਤਾ ਬਲੂ ਕਾ ਪੜਪੋਤਾ ਮੂਲੇ ਕਾ ਗੁਰੂ ਗੈਲੋ ਸਾਲ ਸਤਰੈ ਸੈ ਬਤੀਸ ਮੰਘਰ ਸੁਦੀ ਪੰਚਮੀ ਕੋ ਦਿਲੀ ਚਾਂਦਨੀ ਚੌਕ ਕੇ ਮਲਹਾਨ ਸ਼ਾਹੀ ਹੁਕਮ ਗੈਲ ਮਾਰਾ ਗਿਆ ਸਾਥ ਸਤੀ ਦਾਸ ਮਤੀ ਦਾਸ ਬੇਟੇ ਹੀਰਾ ਮਲ ਕੇ ਭਗਵੰਤ ਗੋਤਰੇ ਛਿਬਰ ਬਰਾਹਮਣ ਗਾਰੇ ਗਏ।"* ਭੱਟ ਵਹੀ ਮੁਲਤਾਨੀ ਸਿੰਧੀ।

ਦਿੱਲੀ ਨੂੰ ਸ਼ਹਾਦਤ ਦੇਣ ਜਾਣ ਤੋਂ ਪਹਿਲਾਂ ਭੱਟ ਵਹੀ ਤਲੌਡਾ ਪਰਗਨਾ ਜੀਂਦ ਅਨੁਸਾਰ *"ਸਾਵਨ ਪਰਬਿਸਟਾ ਅਠਵੇਂ ਕੇ ਦਿਹੁੰ ਗੁਰੂ ਗੋਬਿੰਦ ਦਾਸ ਜੀ ਕੋ ਗੁਰਗਦੀ ਕਾ ਟਿਕਾ ਦੇ ਕੇ ਦਿਲੀ ਦੀ ਤਰਫ ਜਾਣੇ ਕੀ ਤਿਆਰੀ ਕੀ ਸਾਥ ਦੀਵਾਨ ਸਤੀ ਦਾਸ ਮਤੀ ਦਾਸ ਰਸੋਈਆ ਬੇਟੇ ਹੀਰਾ ਨੰਦ ਛਿਬਰ ਕੇ ਦਿਆਲ ਦਾਸ ਬੇਟਾ ਮਾਈ ਦਾਸ ਕਾ ਜਲਹਾਨਾ ਬਲੌਤ ਆਇਆ।"* ਗੁਰੂ ਕੀਆਂ ਸਾਖੀਆ ਵਿਚ ਲਿਖਿਆ ਹੈ : *"ਸੰਮਤ ਸਤਰਾਂ ਸੈ ਬਤੀਸ ਸਾਵਨ ਪਰਵਿਸ਼ਟੇ ਅਠੇ ਕੇ ਦਿਹੁੰ ਗੁਰੂ ਜੀ ਕਾ ਦਰਬਾਰ ਹੋਆ ਦੀਵਾਨ ਦਰਘਾ ਮਲ ਸੇ ਬਚਨ ਕੀਆ ਤਿਆਰੀ ਕੀਜੀਏ। ਹਮੇਂ ਗੋਬਿੰਦ ਦਾਸ ਕੁ ਗੁਰਿਆਈ ਦੇਨੀ ਹੈ ਦੀਵਾਨ ਜੀ ਤੁਸਾਂ ਗੁਰਿਆਈ ਕੀ ਸਾਮਗਰੀ ਲੈ ਆਈਏ। ਸਤਿਗੁਰੂ ਸਾਹਿਬਜ਼ਾਦੇ ਕੋ ਸਸ਼ਤਰ ਬਸਤਰ ਸਜਾਏ ਅਪਨੈ ਆਸਨ ਤੇ ਲਿਆਏ ਬੇਠਾਇਆ। ਦੀਵਾਨ ਦਰਗਾਹ ਮਲ ਨੇ ਗੁਰਆਈ ਕੀ ਸਮਗਰੀ ਲਿਆਈ ਸਾਹਿਬਜ਼ਾਦੇ ਕੇ ਆਗੇ ਰਾਖ ਕੇ ਮਥਾ ਟੇਕਾ। ਬਾਬੇ ਬੁੱਢੇ ਕੇ ਸਿਰੀ ਰਾਮ ਕੁਇਰ ਨੇ ਨੰਨੀ ਅਵਸਥਾ ਮੈਂ ਸਿਰੀ ਗੋਬਿੰਦ ਦਾਸ ਜੀ ਦੇ ਭਾਲ ਮੈਂ ਚੰਦਨ ਕਾ ਟੀਕਾ ਕੀਆ। ਬਚਨ ਹੋਆ ਸਿੱਖੋ ਆਗੇ ਸੇ ਅਸਾਂ ਕੀ ਥਾਇ ਸਿਰੀ ਗੋਬਿੰਦ ਦਾਸ ਜੀ ਕੋ ਗੁਰੂ ਜਾਨਨਾਂ ਜੋ ਜਾਨੇਗਾ ਤਿਸ ਕੀ ਘਾਲ ਥਾਇ ਪਏਗੀ।"*[15]

ਗੁਰਿਆਈ ਪਰਾਪਤ ਕਰਨ ਪਿੱਛੋਂ, ਸਾਹਿਬ ਦਸਮ ਪਾਤਸ਼ਾਹ, ਚੱਕ ਨਾਨਕੀ ਵਿਖੇ ਕਿੰਨਾ ਕੁ ਸਮਾਂ ਰਹੇ ਅਤੇ ਕਿਸ ਤਰ੍ਹਾਂ ਰਹੇ? ਇਸ ਬਾਰੇ ਕਿਸੇ ਵੀ ਸੋਮੇ ਤੋਂ ਕੁਝ ਨਹੀਂ ਮਿਲਦਾ। *ਦਸਮ ਗਰੰਥ* ਦੀ ਲਿਖਤ *'ਬਚਿਤ੍ਰ ਨਾਟਕ'* ਵਿਚ ਸਿਰਫ ਇਸ਼ਾਰੇ ਮਾਤਰ ਹੀ ਦਸਿਆ ਗਿਆ ਹੈ। ਸਿਰਫ ਦੋ ਲਾਈਨਾਂ ਵਿਚ ਹੀ ਸੰਖੇਪ ਭਾਵ ਲਿਖ ਕੇ ਗੁਰੂ ਜੀ ਨੇ ਪਾਉਂਟਾ ਸਹਿਬ ਜਾ ਕੇ ਰਹਿਣ ਦੀ ਗੱਲ ਲਿਖੀ ਹੈ। ਗੁਰੂ ਜੀ ਲਿਖਦੇ ਹਨ ਕਿ ਜਦੋਂ (ਗੁਰੂ ਤੇਗ ਬਹਾਦਰ ਜੀ ਦੀ ਸ਼ਹਾਦਤ ਪਿੱਛੋਂ) ਰਾਜ-ਸਾਜ ਦੀਆਂ ਜਿਮੇਵਾਰੀਆਂ ਉਨ੍ਹਾਂ ਤੇ ਆ ਪਈਆਂ ਤਾਂ ਉਨ੍ਹਾਂ ਨੇ ਯਥਾ-ਯੋਗ ਢੰਗ ਅਨੁਸਾਰ ਧਰਮ ਪਰਚਾਰ ਦਾ ਕੰਮ ਜਾਰੀ ਕੀਤਾ।

---

15. *ਪੂਰਵਅੰਕਤ*, ਪੰਨਾ 72.

ਭਾਂਤ ਭਾਂਤ ਦੇ ਜੰਗਲਾਂ ਵਿਚ ਸ਼ਿਕਾਰ ਖੇਡਿਆ ਜਾਂਦਾ ਸੀ ਅਤੇ ਇਹ ਸ਼ਿਕਾਰ ਖੇਡਣ ਸਮੇਂ ਰਿੱਛ, ਰੋਝ ਤੇ ਬਾਰਾ ਸਿੰਗਿਆ ਨੂੰ ਮਾਰਿਆ ਜਾਂਦਾ ਸੀ। ਫਿਰ ਇਕ ਵਾਰ ਮੁੜ ਦੇਸ਼ ਛਡ ਕੇ ਚਾਲੇ ਪਾਏ ਅਤੇ ਪਾਉਂਟਾ ਸ਼ਹਿਰ ਵਿਚ ਜਾ ਕੇ ਰਹਿਣ ਲਗੇ।

"ਰਾਜ ਸਾਜ ਹਮ ਪਰ ਜਬ ਆਯੋ। ਜਥਾ ਸਕਤ ਤਬ ਧਰਮ ਚਲਾਯੋ।
ਭਾਂਤਿ ਭਾਂਤਿ ਬਨ ਖੇਲ ਸਿਕਾਰਾ। ਮਾਰੇ ਰੀਛ ਰੋਝ ਝੰਖਾਰਾ।
ਦੇਸ ਚਾਲ ਹਮ ਤੇ ਪੁਨਿ ਭਈ। ਸਹਰ ਪਾਂਵਟਾ ਕੀ ਸੁਧਿ ਲਈ।"[16]

ਪਰ ਗੁਰੂ ਸਾਹਿਬ ਨੇ 1675 ਈ. ਤੋਂ ਲੈ ਕੇ 1684-85 ਈ. ਤਕ ਦੇ ਤਕਰੀਬਨ 9-10 ਸਾਲ ਚੱਕ ਨਾਨਕੀ ਵਿਖੇ ਹੀ ਗੁਜ਼ਾਰੇ ਸਨ। ਇਨ੍ਹਾਂ ਨੌ-ਦਸ ਸਾਲਾਂ ਦਾ ਵੇਰਵਾ, 'ਬਚਿੱਤ੍ਰ ਨਾਟਕ' ਦੇ ਉਪਰੋਕਤ ਕਥਨ ਵਿਚ ਬਹੁਤ ਹੀ ਸੰਖੇਪ ਹੈ ਅਤੇ ਉਸ ਤੋਂ ਕੋਈ ਸਿੱਟਾ ਨਹੀਂ ਕੱਢਿਆ ਜਾ ਸਕਦਾ। *ਗੁਰੂ ਕੀਆਂ ਸਾਖੀਆਂ* ਵਿਚ ਇਸ ਅਰਸੇ ਬਾਰੇ ਕੁਝ ਜਾਣਕਾਰੀ ਮਿਲਦੀ ਹੈ। ਇਨ੍ਹਾਂ ਅਨੁਸਾਰ ਗੁਰੂ ਦਸਮ ਪਾਤਸ਼ਾਹ ਨੇ, ਇਕ ਰਣਜੀਤ ਨਗਾਰਾ ਬਣਵਾਇਆ। ਸਵੇਰੇ ਸ਼ਾਮ ਹਰ ਰੋਜ਼ ਰਣਜੀਤ ਨਗਾਰਾ ਵਜਾਇਆ ਜਾਣ ਲਗਿਆ। ਗੁਰੂ ਜੀ ਹਰ ਰੋਜ਼ ਬਾਹਰ ਸ਼ਿਕਾਰ ਖੇਡਣ ਜਾਇਆ ਕਰਦੇ। ਨਗਰੀ ਵਿਚ ਖੂਬ ਰੌਣਕਾਂ ਹੋਣ ਲਗੀਆਂ। ਚੜ੍ਹਦੇ ਸਾਲ, ਸਤਾਰਾਂ ਸੌ ਸੈਂਤੀ ਬਿਕਰਮੀ ਵਿਚ, ਸਭ ਸਿੱਖ ਸੰਗਤਾਂ ਦੇ ਨਾਂ ਹੁਕਮਨਾਮੇ ਲਿਖ ਕੇ ਭੇਜੇ ਗਏ। ਕਿਹਾ ਗਿਆ ਕਿ ਜੋ ਵੀ ਗੁਰੂ ਕਾ ਸਿੱਖ ਚੰਗੀ ਪੋਥੀ[17] ਵਧੀਆ ਘੋੜੇ ਅਤੇ ਸ਼ਸਤਰ ਲੈ ਕੇ ਦਰਬਾਰ ਵਿਚ ਹਾਜ਼ਰ ਹੋਵੇਗਾ ਉਸ ਸਿੱਖ 'ਤੇ ਗੁਰੂ ਜੀ ਦੀ ਬੜੀ ਖੁਸ਼ੀ ਹੋਵੇਗੀ। ਇਸ ਤਰ੍ਹਾਂ ਇਕ ਸਾਲ ਬੀਤ ਗਿਆ। ਸੰਮਤ ਸਤਾਰਾਂ ਸੌ ਉਨਤਾਲੀਸ 1739 (1682 ਈ.) ਵਿਸਾਖੀ ਕਾ ਮੇਲਾ ਲਗਿਆ। ਸੰਗਤਾਂ ਸਭ ਪਾਸਿਓਂ ਹੁੰਮ ਹੁਮਾ ਕੇ ਪਹੁੰਚੀਆਂ। ਕੋਈ ਵਾਰਾ ਪਾਰ ਨਾ ਰਿਹਾ।[18]

ਇਸੀ ਸਮੇਂ ਚੱਕ ਨਾਨਕੀ ਵਿਖੇ, ਅਰਬੀ ਤੇ ਫ਼ਾਰਸੀ ਦੇ ਪਰਸਿੱਧ ਵਿਦਵਾਨ ਭਾਈ ਨੰਦ ਲਾਲ ਜੀ ਗੋਯਾ ਆਏ। ਇਨ੍ਹਾਂ ਨੇ ਗੁਰੂ ਜੀ ਦੇ ਚਰਨਾਂ ਵਿਚ ਆਪਣੀਆਂ ਲਿਖਤਾਂ ਰਖੀਆਂ। ਗੁਰੂ ਜੀ ਨੂੰ 'ਬੰਦਗੀਨਾਮਾ' ਲਿਖਤ ਅੱਛੀ ਲਗੀ ਅਤੇ ਇਸ ਦਾ ਨਾਂ ਜ਼ਿੰਦਗੀਨਾਮਾ ਰਖਿਆ। ਭਾਈ ਨੰਦ ਲਾਲ ਜੀ ਗੁਰੂ ਜੀ ਦੇ ਸਿੱਖ ਬਣ ਗਏ।[19]

ਸੰਮਤ 1742 ਬਿ. (1685 ਈ.) ਦੀ ਵਿਸਾਖੀ 'ਤੇ ਨਾਹਨ ਰਾਜੇ ਦਾ ਸੱਦਾ ਗੁਰੂ ਜੀ ਨੂੰ ਆਇਆ। ਨਾਹਨ ਦੇ ਰਾਜੇ ਮੇਦਨੀ ਪਰਕਾਸ਼ ਦੇ ਵਜ਼ੀਰ ਨੇ ਹੱਥ ਬੰਨ ਕੇ ਬੇਨਤੀ ਕੀਤੀ ਕਿ ਗੁਰੂ ਜੀ, ਸਮੇਤ ਪਰਿਵਾਰ ਦੇ, ਨਾਹਨ ਰਿਆਸਤ ਵਿਚ ਆ ਜਾਣ।[20]

ਜਾਪਦਾ ਹੈ ਕਿ ਬਿਲਾਸਪੁਰ ਦੇ ਰਾਜੇ ਨਾਲ ਅਚਾਨਕ ਹੀ ਸੰਬੰਧ ਖਰਾਬ ਹੋ ਗਏ ਸਨ।

---

16. *ਬਚਿੱਤ੍ਰ ਨਾਟਕ*, ਅਠਵਾਂ ਅਧਿਆਇ (*ਦਸ ਗ੍ਰੰਥੀ*, ਸ਼ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਅੰਮ੍ਰਿਤਸਰ, 1978) ਪੰਨੇ 127-28.
17. ਚੰਗੀ ਪੋਥੀ ਤੋਂ ਇਹ ਭਾਵ ਹੋ ਸਕਦਾ ਹੈ ਕਿ ਗੁਰੂ ਜੀ ਨੇ ਵਿਦਵਾਨ ਲੋਕਾਂ ਨੂੰ ਆਪਣੀਆਂ ਲਿਖਤਾਂ ਲਿਆਉਣ ਲਈ ਕਿਹਾ ਹੋਵੇ।
18. *ਗੁਰੂ ਕੀਆਂ ਸਾਖੀਆਂ*, ਪੰਨਾ 83.
19. ਉਕਤ, ਪੰਨਾ 84.
20. ਉਕਤ, ਪੰਨਾ ਓਹੀ।

ਇਸ ਕਰਕੇ ਗੁਰੂ ਜੀ ਨੇ ਬਿਲਾਸਪੁਰ ਰਿਆਸਤ ਨੂੰ ਛੱਡ ਕੇ ਨਾਹਨ ਰਿਆਸਤ ਵਿਚ ਰਹਿਣ ਦਾ ਫੈਸਲਾ ਕੀਤਾ। ਨਾਹਨ ਦਾ ਇਲਾਕਾ ਕਹਿਲੂਰ ਰਿਆਸਤ ਨਾਲੋਂ ਜ਼ਿਆਦਾ ਸੁਰੱਖਿਅਤ ਸੀ।

ਇਸ ਤਰ੍ਹਾਂ ਗੁਰੂ ਸਾਹਿਬ 1684-85 ਈ., ਵਿਚ ਚੱਕ ਨਾਨਕੀ ਤੋਂ ਪੂਰੇ ਅਮਲੇ-ਫੈਲੇ ਨਾਲ ਨਾਹਨ ਲਈ ਰਵਾਨਾ ਹੋਏ ਅਤੇ ਪਾਉਂਟਾ ਸਾਹਿਬ ਜਾ ਕੇ ਰਹਿਣ ਲਗ ਪਏ ਸਨ। ਇਸ ਬਾਰੇ ਭਾਈ ਸੁੱਖਾ ਸਿੰਘ ਨੇ ਇਉਂ ਲਿਖਿਆ ਹੈ :

"ਨਗਰ ਖਿਰਾਜਿਤ ਉਤ ਸਿਰੀ ਇਤ ਨਾਹਨ ਕੀ ਹੱਦ।
ਮਧਿ ਭਾਗ ਦੋਹਾਨ ਕੇ ਲਗਯੋ ਨਾਥ ਕੋ ਗੱਦ ॥17॥
ਐਸ ਕਹੀ ਪ੍ਰਭ ਰਾਵ ਕੋ, ਤਯਾਗ ਚਿੰਤ ਨ੍ਰਿਪ ਗੈਰ ॥
ਤੋਰ ਭੂਯ ਮੱਧ ਅਰਨ ਕੋ ਪਰਨ ਨਾ ਦੇਸਾਂ ਪੈਰ ॥18॥
ਸਾਰਮੌਰ ਕੇ ਦੇਸ ਮੇ ਜਮਨਾ ਨਦੀ ਕਿਨਾਰ ॥
ਨਗਰ ਬਸਾਯੋ ਸਤਿਗੁਰੂ ਪੁਰੀ ਜਨਕ ਅਸੁਰਾਰਿ ॥19॥"[21]

ਪਾਉਂਟਾ ਸਾਹਿਬ, ਨਾਹਨ ਅਤੇ ਗੜ੍ਹਵਾਲ ਦੀ ਰਿਆਸਤ ਦੀ ਹੱਦ ਸੀ ਅਤੇ ਜਮਨਾ ਦੇ ਉਰਲੇ ਕਿਨਾਰੇ ਉੱਤੇ ਹੋਣ ਕਰਕੇ ਨਾਹਨ ਦੀ ਰਿਆਸਤ ਵਿਚ ਪੈਂਦਾ ਸੀ। ਇਥੇ 1688 ਈ. ਨੂੰ ਭੰਗਾਣੀ ਦੀ ਲੜਾਈ ਹੋਈ ਜਿਸ ਵਿਚ ਗੁਰੂ ਸਾਹਿਬ ਦੀ ਸ਼ਾਨਦਾਰ ਜਿੱਤ ਹੋਈ। ਇਸ ਜਿੱਤ ਤੋਂ ਤੁਰੰਤ ਪਿੱਛੋਂ ਗੁਰੂ ਸਾਹਿਬ ਆਪਣਾ ਪੂਰਾ ਕੈਂਪ ਨਾਲ ਲੈ ਕੇ, ਵਾਪਸ ਆਨੰਦਪੁਰ ਸਾਹਿਬ ਆ ਗਏ ਅਤੇ ਇਸ ਦਾ ਨਾਂ ਆਨੰਦਪੁਰ ਰਖਿਆ।

"ਕਾਹਲੂਰ ਮੈ ਬਾਂਧਿਯੋ ਆਨ ਆਨੰਦਪੁਰ ਗਾਂਵ।"

(ਬਚਿੱਤ੍ਰ ਨਾਟਕ)

ਜੀਤ ਕੇ ਖੇਤ ਪ੍ਰਭ ਆਨ ਕੇ ਪਾਂਵਟੇ ਕੂਚ ਕੋ ਸਾਜ ਮੰਗਾਇ ਲੀਨੋ।
ਭਾਰ ਬਰਦਾਰ ਤਯਾਰ ਕੀਨੇ ਸਬੇ ਲਾਦ ਅਸਬਾਬ ਕੈ ਕੂਚ ਕੀਨੋ।
ਆਨ ਕਹਿਲੂਰ ਮੈ ਆਪ ਤਾਹੀ ਸਮੇ ਅਨੰਦਪੁਰ ਬਾਂਧਿ ਬਿਸਰਾਮ ਕੀਨੋ।

(ਸੈਨਾਪਤਿ, ਸ੍ਰੀ ਗੁਰ ਸੋਭਾ)

ਸੰਮਤੁ ਸਤਾਰਾਂ ਸੈ ਛਿਤਾਲੀ ਗਏ। ਤਬ ਸਾਹਿਬ ਤਹਾਂ ਤੇ ਆਵਤ ਭਏ।
ਅਨੰਦਪੁਰ ਗਾਉਂ ਤਬ ਪਾਇਆ। ਡੇਰਾ ਅਪਨਾ ਤਹਾਂ ਲਗਾਇਆ।

(ਕੇਸਰ ਸਿੰਘ ਛਿਬਰ, ਬੰਸਾਵਲੀਨਾਮਾ)

ਆਨੰਦਪੁਰ ਸਾਹਿਬ ਵਿਖੇ ਪਰਤ ਆਉਣ 'ਤੇ ਇਸ ਨਗਰ ਦੀ ਨਵੇਂ ਸਿਰੇ ਤੋਂ ਸਥਾਪਨਾ ਕਰਨੀ ਸ਼ੁਰੂ ਕਰ ਦਿੱਤੀ। ਇਸੇ ਸਾਲ ਗੁਰੂ ਸਾਹਿਬ ਨੇ ਚੰਗੇ ਚੰਗੇ ਕਾਰੀਗਰ ਬੁਲਾਕੇ

---

21. ੳ. ਸੁੱਖਾ ਸਿੰਘ, *ਗੁਰਬਿਲਾਸ ਦਸਵੀਂ ਪਾਤਸ਼ਾਹੀ* (1797 ਈ.), ਭਾਸ਼ਾ ਵਿਭਾਗ, ਪੰਜਾਬ, ਪਟਿਆਲਾ, 1989, ਪੰ. 92.
    ਅ. ਕਾਲਿੰਦ੍ਰੀ ਤਟਿ ਕਰੇ ਬਿਲਾਸਾ। ਅਨਿਕ ਭਾਂਤ ਕੇ ਪੇਖ ਤਮਾਸਾ ॥
    ਤਹ ਕੇ ਸਿੰਘ ਘਨੇ ਚੁਨਿ ਮਾਰੇ। ਰੋਝ ਰੀਛ ਬਹੁ ਭਾਂਤਿ ਬਿਦਾਰੇ ॥
    ਫਤੇ ਸਾਹ ਕੋਪਾ ਤਬਿ ਰਾਜਾ। ਲੋਹ ਪਰਾ ਹਮ ਸੋ ਬਿਨੁ ਕਾਜਾ ॥ 3 ॥
    'ਬਚਿਤ੍ਰ ਨਾਟਕ', ਪੰਨਾ 128.

ਸ਼ਸਤਰਾਂ ਦਾ ਕਾਰਖਾਨਾ ਜਾਰੀ ਕਰ ਦਿੱਤਾ। ਬੰਦੂਕਾਂ, ਜੰਬੂਰੇ ਬਹੁਤ ਢਲਵਾਏ ਅਨੇਕਾਂ ਪਰਕਾਰ ਦੇ ਤੀਰ ਜਮਾ ਕਰ ਲਏ। ਸੰਜੋਏ ਫੌਲਾਦੀ, ਚਿਰਾਨੇ, ਸ਼ੇਰ ਪੰਜੇ ਤਲਵਾਰਾਂ, ਕਟਾਰ ਅਧਿਕ ਬਹੁਤ ਬਣਵਾਏ। ਸੱਤ ਤੋਪਾਂ ਢਲਵਾਈਆਂ ਜਿਨਾਂ ਵਿਚੋਂ ਹੁਣ ਭੀ ਦੋ ਤੋਪਾਂ ਲਾਹੌਰ ਦੇ ਅਜਾਇਬ ਘਰ ਵਿਚ ਹਨ।[22] ਆਨੰਦਗੜ੍ਹ ਨਾਮੀ ਜੰਗੀ ਕਿਲਾ ਬਣਵਾਇਆ ਪਾਣੀ ਦੀ ਥੁੜ ਨੂੰ ਪੂਰਾ ਕਰਨ ਲਈ ਬਾਉਲੀ ਬਣਾਈ ਗਈ। ਇਹ ਬਾਉਲੀ ਆਨੰਦਗੜ੍ਹ ਕਿਲੇ ਦੇ ਨਾਲ ਲਗਵੀਂ ਹੀ ਸੀ। ਜੰਗ ਦੇ ਮੌਕੇ 'ਤੇ ਇਸ ਬਾਉਲੀ ਵਿਚੋਂ ਹੀ ਪਾਣੀ ਲਿਆ ਜਾਂਦਾ ਸੀ। ਇਸ ਦੇ ਨਾਲ ਹੀ ਚਾਰ ਕਿਲੇ ਹੋਰ ਸਥਾਪਤ ਕੀਤੇ ਗਏ। ਇਹ ਸਨ : ਕਿਲਾ ਲੋਹਗੜ੍ਹ ਸਾਹਿਬ, ਕਿਲਾ ਫਤਿਹਗੜ੍ਹ ਸਾਹਿਬ, ਕਿਲਾ ਹੋਲਗੜ੍ਹ ਸਾਹਿਬ ਆਗੰਮਪੁਰ ਅਤੇ ਕਿਲਾ ਤਾਰਾ ਗੜ੍ਹ ਸਾਹਿਬ ਤਾਰਾਪੁਰ ਗਾਂਵ ਵਿਚ। ਇਸ ਸਮੇਂ ਤਕ, ਭੰਗਾਣੀ ਦੀ ਲੜਾਈ ਵਿਚ ਜਿੱਤ ਹੋਣ ਕਰਕੇ, ਗੁਰੂ ਸਾਹਿਬ ਦਾ, ਸਾਰੇ ਪਹਾੜੀ ਰਾਜਿਆਂ ਉਪਰ ਪੂਰਾ ਦਬਦਬਾ ਪੈ ਚੁਕਿਆ ਸੀ। ਪਰ ਗੁਰੂ ਸਾਹਿਬ ਨੇ ਇਸ ਦਬਦਬੇ ਨੂੰ ਧਰਤੀ ਹੜੱਪ ਕਰਨ ਲਈ ਨਹੀਂ ਵਰਤਿਆ। ਸਗੋਂ ਉਨਾਂ ਨੇ ਪੂਰੀ ਕੋਸ਼ਿਸ਼ ਕੀਤੀ ਸੀ ਕਿ ਸਭ ਪਹਾੜੀ ਰਾਜੇ ਇਕੱਠੇ ਹੋ ਕੇ, ਹਕੂਮਤ ਦਾ ਸਾਹਮਣਾ ਕਰਨ ਲਈ ਡਟ ਜਾਣ। ਇਹ ਘੜੀ ਵੀ ਛੇਤੀ ਹੀ ਆ ਗਈ ਜਦੋਂ ਕਿ ਗੁਰੂ ਜੀ ਨੇ ਇਸ ਖ਼ਿਆਲ ਨੂੰ ਅਮਲੀ ਤੌਰ 'ਤੇ ਵਰਤੋਂ ਵਿਚ ਲਿਆਂਦਾ।

ਆਨੰਦਪੁਰ ਸਾਹਿਬ ਰਹਿੰਦਿਆਂ ਕਾਫ਼ੀ ਅਰਸਾ ਹੋ ਗਿਆ ਸੀ। ਇਸੀ ਸਮੇਂ ਇਕ ਮੁਗਲ ਜਰਨੈਲ ਮੀਆਂ ਖ਼ਾਨ ਨੇ ਪਹਾੜੀ ਰਾਜਿਆਂ 'ਤੇ ਹਮਲਾ ਕਰਨ ਲਈ ਆਪਣੇ ਇਕ ਜਰਨੈਲ ਅਲਫ਼ ਖਾਨ ਨੂੰ ਭੇਜ ਦਿੱਤਾ। ਉਸ ਦੇ ਹਮਲੇ ਤੋਂ ਡਰ ਕੇ ਕਹਿਲੂਰ ਦੇ ਰਾਜਾ ਭੀਮ ਚੰਦ ਨੇ ਗੁਰੂ ਜੀ ਤੋਂ ਸੈਨਿਕ ਮਦਦ ਮੰਗੀ। ਗੁਰੂ ਜੀ ਨੇ ਸਭ ਪਹਾੜੀ ਰਾਜਿਆਂ ਨੂੰ ਇਕੱਠਾ ਕਰ ਕੇ, ਨਾਦੌਣ ਦੇ ਅਸਥਾਨ 'ਤੇ ਅਲਫ਼ ਖ਼ਾਨ ਦਾ ਮੁਕਾਬਲਾ ਕੀਤਾ ਅਤੇ ਜਿੱਤ ਪਰਾਪਤ ਕੀਤੀ। ਗੁਰੂ ਜੀ ਨੇ 'ਬਚਿਤ੍ਰ ਨਾਟਕ' ਵਿਚ ਇਸ ਲੜਾਈ ਦਾ ਵਿਸਥਾਰ ਪੂਰਬਕ ਹਾਲ ਦਿੱਤਾ ਹੈ :

"ਬਹੁਤ ਕਾਲ ਇਹ ਭਾਂਤਿ ਬਿਤਾਯੋ ॥ ਮੀਆ ਖਾਨ ਜੰਮੂ ਕਹ ਆਯੋ ॥
ਅਲਫ ਖਾਨ ਨਾਦੌਣ ਪਠਾਵਾ ॥ ਭੀਮ ਚੰਦ ਤਨ ਬੈਰ ਬਢਾਵਾ ॥
ਜੁਧ ਕਾਜ ਨ੍ਰਿਪ ਹਮੈ ਬੁਲਾਯੋ ॥ ਆਪਿ ਤਵਨ ਕੀ ਓਰ ਸਿਧਾਯੋ ॥

....

ਭਜਿਓ ਖਾਨੰ ਨ ਖਾਨਾ ਸੰਭਾਰਿਓ ॥ ਭਜੇ ਅਉਰ ਬੀਰੰ ਨ ਧੀਰੰ ਬਿਚਾਰਿਓ।
ਨਦੀ ਪੈ ਦਿਨੰ ਅਸਟ ਕੀਨੇ ਮੁਕਾਮੰ ॥
ਭਲੀ ਭਾਂਤਿ ਦੇਖੇ ਸਭੇ ਰਾਜ ਧਾਮੰ ॥

ਇਸ ਜਿੱਤ ਪਿੱਛੋਂ ਗੁਰੂ ਸਾਹਿਬ ਅੱਠ ਦਿਨ ਉਥੇ ਹੀ ਰਹੇ। ਪਰ ਛੇਤੀ ਹੀ ਪਿੱਛੋਂ ਰਾਜਾ ਭੀਮ ਚੰਦ ਨੇ ਜਿੱਤੇ ਹੋਏ ਹੋਣ ਦੇ ਬਾਵਜੂਦ ਵੀ, ਮੁਗਲ ਫ਼ੌਜਦਾਰ ਦੀ ਈਨ ਮੰਨ ਕੇ, ਉਸ ਨਾਲ ਸੰਧੀ ਕਰ ਲਈ ਸੀ।

ਸੰਧਿ ਇਨੈ ਉਨ ਕੈ ਸੰਗਿ ਕਈ। ਹੇਤ ਕਥਾ ਪੂਰਨ ਇਤ ਭਈ ॥

'ਬਚਿੱਤ੍ਰ ਨਾਟਕ'

22. ਗਯਾਨ ਸਿੰਘ, *ਤਵਾਰੀਖ ਗੁਰੂ ਖਾਲਸਾ*, ਪੰਨਾ 293.

ਗੁਰੂ ਜੀ ਨੇ ਇਸ ਸੰਧੀ ਨੂੰ ਮਨਜ਼ੂਰ ਨਹੀਂ ਕੀਤਾ। ਸਿੱਟੇ ਵਜੋਂ ਗੁਰੂ ਸਾਹਿਬ ਆਪਣੇ ਸਿੰਘਾਂ ਨੂੰ ਲੈ ਕੇ ਵਾਪਸ ਆਨੰਦਪੁਰ ਆ ਗਏ ਅਤੇ ਰਸਤੇ ਵਿਚ ਪੈਂਦੇ ਚੰਦੇਲ ਰਾਜਪੂਤਾਂ ਦੀ ਆਬਾਦੀ ਵਾਲੇ ਇਕ ਆਲਸੂਨ[23] ਪਿੰਡ ਨੂੰ ਸਿੰਘਾਂ ਨੇ ਉਜਾੜ ਦਿੱਤਾ ਸੀ।

ਆਲਸੂਨ ਕੱਹ ਮਾਰਿ ਕੇ ਇਹ ਦਿਸਿ ਕੀਓ ਪਿਯਾਨ।
ਭਾਂਤਿ ਅਨੇਕਨ ਕੇ ਕਰੇ ਪੁਰ ਅਨੰਦ ਸੁਖ ਆਨ ॥

'ਬਚਿੱਤ੍ਰ ਨਾਟਕ'

ਡਾ. ਗੰਡਾ ਸਿੰਘ ਦੇ ਸ਼ਬਦਾਂ ਅਨੁਸਾਰ, "ਨਾਦੌਣ ਦੀ ਲੜਾਈ ਗੁਰੂ ਗੋਬਿੰਦ ਸਿੰਘ ਦੇ ਮਹਾਨ ਉਦਾਰ ਅਤੇ ਨਿਰਵੈਰ ਦਿਲ ਦਾ ਇਕ ਜਿਉਂਦਾ ਜਾਗਦਾ ਪਰਤੱਖ ਸਬੂਤ ਹੈ ਕਿ ਉਹ ਨਾਜਾਇਜ਼ ਸਖ਼ਤੀ ਅਤੇ ਜ਼ੁਲਮ ਤੇ ਸਤਾਏ ਲੋਕਾਂ ਦੀ, ਭਾਵੇਂ ਉਹ ਉਨ੍ਹਾਂ ਦੇ ਆਪਣੇ ਹੀ ਜਾਨੀ ਵੈਰੀ ਭੀ ਕਿਉਂ ਨਾ ਹੋਣ, ਸਹਾਇਤਾ ਲਈ ਤਿਆਰ ਬਰ ਤਿਆਰ ਰਹਿੰਦੇ ਸਨ।[24]

ਨਾਦੌਣ ਦੀ ਲੜਾਈ, ਗੁਰੂ ਜੀ ਦੀ ਸੈਨਿਕ ਤਾਕਤ ਦੇ ਤੌਰ ਤੇ ਅਤੇ ਇਕ ਸਰਬ ਉੱਚ ਸਖਸ਼ੀਅਤ ਦੇ ਤੌਰ ਤੇ ਬਹੁਤ ਮਹੱਤਵਪੂਰਨ ਸੀ। ਇਸ ਲੜਾਈ ਵਿਚ ਜਿੱਤ ਪਰਾਪਤ ਕਰਨ ਪਿਛੋਂ ਗੁਰੂ ਸਾਹਿਬ, ਸਭ ਪਹਾੜੀ ਰਾਜਿਆਂ ਦੇ ਨੇਤਾ ਬਣ ਗਏ ਸਨ। ਲੜਾਈ ਵਿਚ ਜਿੱਤ ਪਰਾਪਤ ਕਰਨ ਪਿਛੋਂ, ਗੁਰੂ ਸਾਹਿਬ ਰਾਜਿਆਂ ਦੀ ਬੇਨਤੀ ਤੇ ਉਨ੍ਹਾਂ ਦੀਆਂ ਰਿਆਸਤਾਂ ਵਿਚ ਗਏ।[25] ਹਿਮਾਚਲ ਵਿਚਲੀਆਂ ਥਾਪਾਂ ਦੇ ਦੌਰੇ ਇਸੀ ਸਮੇਂ ਦੇ ਸਨ ਗੁਰੂ ਸਾਹਿਬ ਖੁਦ ਵੀ ਲਿਖਦੇ ਹਨ :

"ਨਦੀ ਪੈ ਦਿਨੰ ਅਸਟ ਕੀਨੇ ਮੁਕਾਮੰ। ਭਲੀ ਭਾਂਤਿ ਦੇਖੇ ਸਬੈ ਰਾਜ ਧਾਮੰ ॥

ਇਸ ਦਾ ਭਾਵ ਇਹੀ ਹੋਇਆ ਕਿ ਜਿਹੜੇ ਅੱਠ ਦਿਨ ਗੁਰੂ ਜੀ ਨਾਦੌਣ ਦੀ ਲੜਾਈ ਤੋਂ ਪਿਛੋਂ ਇਧਰ ਰਹੇ ਸਨ, ਉਹ ਵਖ ਵਖ ਰਿਆਸਤਾਂ ਦੇ ਦੌਰਿਆਂ ਵਿਚ ਗੁਜ਼ਾਰੇ ਸਨ। ਮੈਂ ਯਾਤਰਾਵਾਂ ਦਾ ਸਰਵੇ ਕਰਨ ਉਪਰ ਜੋ ਜਾਣਕਾਰੀ ਪਰਾਪਤ ਕੀਤੀ ਹੈ, ਉਸ ਅਨੁਸਾਰ ਲੜਾਈ ਤੋਂ ਪਿਛੋਂ ਸਭ ਰਾਜਿਆਂ ਨੇ ਇਕ ਕਾਨਫਰੰਸ ਰਵਾਲਸਰ ਦੇ ਅਸਥਾਨ ਤੇ ਕੀਤੀ ਸੀ। ਗੁਰੂ ਜੀ ਇਸ ਕਾਨਫਰੰਸ ਦੇ ਮੁਖ ਮਹਿਮਾਨ ਸਨ। ਜੋ ਰਵਾਇਤਾਂ ਉਥੇ ਪਰਚਲਤ ਹਨ ਉਨ੍ਹਾਂ ਅਨੁਸਾਰ, ਕਹਿਲੂਰ ਦੇ ਰਾਜਾ ਭੀਮ ਚੰਦ ਵਲੋਂ ਇਕ ਗੁਪਤ ਸਾਜਿਸ਼, ਗੁਰੂ ਜੀ ਨੂੰ ਮਾਰਨ ਦੀ

---

23. ਆਲਸੂਨ ਪਿੰਡ ਨਾਦੌਣ ਤੋਂ 25 ਕੁ ਕਿਲੋਮੀਟਰ ਪੂਰਬ ਵਲ ਹੈ। ਮੈਂ ਗੁਰੂ ਗੋਬਿੰਦ ਸਿੰਘ ਜੀ ਦੀਆਂ ਯਾਤਰਾਵਾਂ ਦੇ ਸਰਵੇਖਣ ਦੇ ਸਬੰਧ ਵਿਚ ਇਨ੍ਹਾਂ ਥਾਵਾਂ 'ਤੇ ਖੁਦ ਗਿਆ ਸੀ। ਅਤੇ ਇਹ ਪਿੰਡ ਰਾਜਪੂਤਾਂ ਅਤੇ ਬਰਾਹਮਣ ਆਬਾਦੀ ਵਾਲਾ ਹੈ। ਉਥੋਂ ਪੁਛਣ 'ਤੇ ਪਤਾ ਲਗਿਆ ਸੀ ਕਿ ਇਹ ਪਿੰਡ ਮੁਢ ਤੋਂ ਹੀ ਇਨ੍ਹਾਂ ਲੋਕਾਂ ਦੀ ਆਬਾਦੀ ਵਾਲਾ ਚਲਿਆ ਆ ਰਿਹਾ ਹੈ।
    ਸ੍ਰੀ ਗੁਰ ਸੋਭਾ ਕ੍ਰਿਤ ਕਵੀ ਸੈਨਾਪਤਿ ਵੀ ਵੇਖੋ :
    "ਨਿਕਟ ਗਾਵ ਅਲਸੂਨ ਕੈ ਤਬੈ ਪਹੂਚੇ ਆਨ ॥
    ਤਾਹਿ ਸਮੇ ਐਸੇ ਕਹਿਓ ਲੂਟਿ ਲੇਹੁ ਇਹ ਧਾਮ ॥ 11 ॥ 102 ॥
24. ਕਵੀ ਸੈਨਾਪਤਿ, *ਸ੍ਰੀ ਗੁਰ ਸੋਭਾ* (ਸੰ. ਗੰਡਾ ਸਿੰਘ), ਪੰਜਾਬੀ ਯੂਨੀਵਰਸਿਟੀ, ਪਟਿਆਲਾ, 1967, ਪੰਨਾ 33.
25. ਨਾਦੌਣ ਦੀ ਲੜਾਈ ਪਿੱਛੋਂ ਇਕਲੇ ਭੀਮ ਚੰਦ ਨੇ ਹੀ ਮੁਗਲ ਜਰਨੈਲ ਨਾਲ ਸੰਧੀ ਕੀਤੀ ਸੀ। ਅਲਸੂਨ ਪਿੰਡ ਕਹਿਲੂਰ ਰਿਆਸਤ ਦਾ ਹੀ ਪਿੰਡ ਸੀ। ਹਿਮਾਚਲ ਪਰਦੇਸ਼ ਦੀਆਂ ਥਾਵਾਂ 'ਤੇ ਜਿਥੇ ਜਿਥੇ ਗੁਰੂ ਜੀ ਗਏ ਸਨ, ਉਹ ਇਸੇ ਸਮੇਂ ਹੀ ਗਏ ਸਨ। ਬਾਕੀ ਸਭ ਰਾਜੇ ਗੁਰੂ ਜੀ ਪਰਤੀ ਵਫਾਦਾਰ ਰਹੇ ਸਨ।

ਕੀਤੀ ਗਈ ਸੀ। ਪਰ ਇਹ ਸਾਜਿਸ਼ ਮੰਡੀ ਦੇ ਰਾਜਾ ਦੀ ਲੜਕੀ ਨੂੰ ਪਤਾ ਲਗ ਜਾਣ ਕਾਰਨ ਸਿਰੇ ਨਹੀਂ ਚੜ੍ਹ ਸਕੀ।[26] ਰਵਾਲਸਰ ਤੋਂ ਪਿੱਛੋਂ ਗੁਰੂ ਜੀ ਮੰਡੀ ਅਤੇ ਸੁਕੇਤ ਰਿਆਸਤਾਂ ਵਿਚ ਵੀ ਗਏ ਸਨ।[27]

ਨਾਦੌਣ ਦੀ ਲੜ੍ਹਾਈ ਪਿੱਛੋਂ ਕਾਫ਼ੀ ਸਮਾਂ ਗੁਰੂ ਜੀ ਦਾ ਸ਼ਾਂਤੀ ਪੂਰਬਕ ਲੰਘਿਆ। ਪਹਾੜੀ ਰਾਜਿਆਂ ਵਲੋਂ ਕੋਈ ਖ਼ਾਸ ਛੇੜ-ਖਾਨੀ ਨਾ ਹੋਈ ਪਰ ਕੁਝ ਸਮੇਂ ਪਿੱਛੋਂ ਕੁਝ ਸਥਾਨਕ ਹਾਕਮਾਂ ਦੇ ਸੈਨਾਪਤੀਆਂ ਦੁਆਰਾ, ਗੁਰੂ ਜੀ 'ਤੇ ਹਮਲਾ ਕਰਨ ਦੇ ਹਵਾਲੇ ਮਿਲਦੇ ਹਨ। 'ਬਚਿੱਤ੍ਰ ਨਾਟਕ' ਅਨੁਸਾਰ ਦਿਲਾਵਰ ਖ਼ਾਨ ਦਾ ਪੁੱਤਰ ਖਾਨਜ਼ਾਦਾ, ਆਨੰਦਪੁਰ 'ਤੇ ਚੜ੍ਹਾਈ ਕਰ ਕੇ ਆਇਆ। ਪਰ ਗੁਰੂ ਜੀ ਦੇ ਇਕ ਸੂਹੀਏ, ਆਲਮ ਸਿੰਘ ਨੇ ਇਸ ਹਮਲੇ ਦੀ ਖ਼ਬਰ ਗੁਰੂ ਜੀ ਨੂੰ ਦੇ ਦਿੱਤੀ ਸੀ। ਇਸ ਲਈ ਸਿੰਘਾਂ ਨੇ ਅਗੋਂ ਚੜ੍ਹਾਈ ਕਰਕੇ, ਖਾਨਜ਼ਾਦੇ ਨੂੰ ਬਿਨਾਂ ਲੜਾਈ ਕੀਤਿਆਂ ਹੀ ਭਜਾ ਦਿੱਤਾ ਸੀ।[28] ਫਿਰ ਇਕ ਹੋਰ ਗੁਲਾਮ ਫੌਜਦਾਰ ਹੁਸੈਨ ਖ਼ਾਨ ਨੇ (ਜਿਸ ਨੂੰ 'ਬਚਿੱਤ੍ਰ ਨਾਟਕ' ਵਿਚ ਹੁਸੈਨੀ ਲਿਖਿਆ ਹੈ) ਆਨੰਦਪੁਰ ਸਾਹਿਬ 'ਤੇ ਹਮਲਾ ਕੀਤਾ। ਪਰ ਇਹ ਵੀ ਆਪਣੇ ਘੁਮੰਡੀ ਸੁਭਾ ਅਤੇ ਨਲਾਇਕੀ ਕਰਕੇ ਰਸਤੇ ਵਿਚ ਹੀ ਮਾਰਿਆ ਗਿਆ। ਇਹ ਵਾਕਿਆ 20 ਫਰਵਰੀ, ਸੰਨ 1696 ਈ. ਦਾ ਹੈ।[29] ਇਸ ਪਿੱਛੋਂ ਦਿਲਾਵਰ ਖਾਨ ਤੇ ਜੁਝਾਰ ਸਿੰਘ ਹਾਂਡੇ ਨੂੰ ਭੇਜਿਆ। ਪਰ ਇਹ ਮੁਹਿੰਮ ਵੀ ਅਸਫਲ ਰਹੀ।

13 ਜੁਲਾਈ, 1696 ਨੂੰ ਸ਼ਹਿਜ਼ਾਦਾ ਮੁਅੱਜ਼ਮ, ਜਦੋਂ ਮੁਲਤਾਨ ਨੂੰ ਜਾ ਰਿਹਾ ਸੀ ਤਾਂ ਉਸ ਦਾ ਇਥੋਂ ਦੀ ਲੰਘਣਾ ਸੁਣ ਕੇ, ਪਹਾੜੀ ਰਾਜਿਆਂ ਵਿਚ ਖਲਬਲੀ ਮਚ ਗਈ ਪਰ ਸ਼ਹਿਜ਼ਾਦਾ ਆਨੰਦਪੁਰ ਸਾਹਿਬ ਨਾ ਆਇਆ[30]। ਕੁਝ ਚਿਰ ਪਿੱਛੋਂ ਸ਼ਹਿਜ਼ਾਦੇ ਨੇ ਮਿਰਜ਼ਾ ਬੇਗ ਅਹਿਦੀਏ ਨੂੰ ਇਧਰ ਭੇਜਿਆ। ਇਸ ਨੇ ਆਨੰਦਪੁਰ ਸਾਹਿਬ ਪਹੁੰਚ ਕੇ ਗੁਰੂ ਜੀ ਦੇ ਵਿਰੋਧੀ ਲੋਕਾਂ ਦੇ ਅਨੇਕਾਂ ਘਰ ਘਾਟ ਤਬਾਹ ਕਰ ਦਿੱਤੇ। ਪੁਰਾਣੇ ਮਸੰਦ ਲੋਕਾਂ ਨੂੰ ਇਨ੍ਹਾਂ ਨੇ ਬੁਰੀ ਤਰ੍ਹਾਂ ਲੁੱਟ ਲਿਆ ਸੀ। ਪਰ ਗੁਰੂ ਘਰ ਦੇ ਸ਼ਰਧਾਲੂ ਸਿੱਖਾਂ ਨੂੰ ਕੁਝ ਨਹੀਂ ਸੀ ਕਿਹਾ ਗਿਆ।[31]

---

26. ਰਵਾਲਸਰ ਵਿਖੇ ਇਹ ਰਵਾਇਤ ਹੈ। ਮੈਂ ਉਥੋਂ ਦੇ ਲੋਕਾਂ ਨਾਲ ਗਲਾਂ ਬਾਤਾਂ ਕਰ ਕੇ, ਜਾਣਕਾਰੀ ਹਾਸਲ ਕੀਤੀ ਹੈ।
27. ਇਨ੍ਹਾਂ ਸਭ ਥਾਵਾਂ 'ਤੇ ਗੁਰੂ ਜੀ ਦੀ ਆਮਦ ਦੀ ਯਾਦ ਵਿਚ ਗੁਰਦੁਆਰੇ ਹਨ। ਪਰ ਸੁਕੇਤ ਦਾ ਪੁਰਾਣਾ ਸ਼ਹਿਰ ਸਭ ਉਜੜ ਗਿਆ ਹੈ ਨਵਾਂ ਸ਼ਹਿਰ ਸੁੰਦਰਨਗਰ ਦੇ ਨਾਂ ਨਾਲ ਮਸ਼ਹੂਰ ਹੈ।
28. "ਤਬ ਲੌ ਖਾਨ ਦਿਲਾਵਰ ਆਏ। ਪੂਤ ਆਪਨ ਹਮ ਓਰ ਪਠਾਏ।
ਜਬ ਦਲ ਪਾਰ ਨਦੀ ਕੇ ਆਯੋ। ਆਨ ਆਲਮੈ ਹਮੈ ਜਗਾਯੋ।
ਇਤੇ ਬੀਰ ਗਜੇ ਧਏ ਨਾਦ ਭਾਰੇ। ਭਜੇ ਖਾਨ ਖੂੰਨੀ ਬਿਨਾ ਸਸਤ੍ਰ ਝਾਰੇ।"
'ਬਚਿੱਤ੍ਰ ਨਾਟਕ', ਅਧਿਆਇ ਦਸਵਾਂ
29. ਕਵੀ ਸੇਵਾ ਸਿੰਘ, *ਪੂਰਵ ਅੰਕਤ*, ਪੰਨਾ 69.
30. *ਸ੍ਰੀ ਗੁਰ ਸੋਭਾ*, ਪੰਨਾ 35
31. "ਤਬ ਔਰੰਗ ਮਨ ਮਾਹਿ ਰਿਸਾਵਾ ॥
ਮੱਦ੍ਰ ਦੇਸ ਕੋ ਪੂਤ ਪਠਾਵਾ ॥
ਤਬ ਔਰੰਗ ਜੀਅ ਮਾਝ ਰਿਸਾਏ ॥
ਏਕ ਅਹਦੀਆ ਈਹਾਂ ਪਠਾਏ। ... ਹਮ ਤੇ ਭਾਜਿ ਬਿਮੁਖ ਜੋ ਗਏ ॥
ਤਿਨਕੇ ਧਾਮ ਗਿਰਾਵਤ ਭਏ।
'ਬਚਿੱਤ੍ਰ ਨਾਟਕ', ਅਧਿਆਇ ਤੇਰਵਾਂ।

1699 ਈ. ਦੀ ਬਿਸਾਖੀ ਨੂੰ ਖਾਲਸੇ ਦੀ ਸਾਜਨਾ ਕੀਤੀ ਗਈ। ਜਿਸ ਥਾਂ 'ਤੇ ਇਸ ਸਮੇਂ ਤਖ਼ਤ ਸਿਰੀ ਕੇਸਗੜ੍ਹ ਸਾਹਿਬ ਸ਼ੋਭਾ ਦੇ ਰਿਹਾ ਹੈ, ਇਹ ਥਾਂ ਉਸ ਸਮੇਂ ਇਕ ਉਚੀ ਚੋਟੀ ਦੇ ਰੂਪ ਵਿਚ ਇਕ ਖੁਲੀ ਦਲਾਣ ਸੀ। ਇਥੇ ਸਿੱਖ ਸੰਗਤਾਂ ਦਾ ਇਕ ਵਿਸ਼ਾਲ ਇਕੱਠ ਕੀਤਾ ਗਿਆ। ਇਸ ਇਕੱਠ ਵਿਚੋਂ ਖਾਲਸਾ ਪੰਥ ਦੀ ਸਾਜਨਾ ਕੀਤੀ ਗਈ ਸੀ। ਅੰਮ੍ਰਿਤ ਤਿਆਰ ਕਰਕੇ ਪਹਿਲਾਂ ਪੰਜ ਪਿਆਰਿਆਂ ਨੂੰ ਛਕਾਇਆ ਗਿਆ ਸੀ ਫਿਰ ਪੰਜ ਪਿਆਰਿਆਂ ਪਾਸੋਂ ਗੁਰੂ ਸਾਹਿਬ ਨੇ ਖੁਦ ਛਕਿਆ ਸੀ ਪੰਜ ਪਿਆਰੇ ਸਨ : ਭਾਈ ਦਯਾ ਸਿੰਘ, ਭਾਈ ਧਰਮ ਸਿੰਘ, ਭਾਈ ਮੋਹਕਮ ਸਿੰਘ, ਭਾਈ ਸਾਹਿਬ ਸਿੰਘ ਅਤੇ ਭਾਈ ਹਿੰਮਤ ਸਿੰਘ। ਪਿੱਛੋਂ ਸਭ ਸੰਗਤਾਂ ਨੂੰ ਅੰਮ੍ਰਿਤ ਛਕਾ ਕੇ ਖਾਲਸਾ ਬਣਾਇਆ ਗਿਆ ਅਤੇ ਮਸੰਦਾਂ ਦੀ ਪਰੰਥਾ ਅਤੇ ਸੰਸਥਾ ਨੂੰ ਪੂਰੀ ਸਖ਼ਤੀ ਨਾਲ ਖ਼ਤਮ ਕਰ ਦਿੱਤਾ ਗਿਆ ਸੀ। ਇਹ ਸਖ਼ਤੀ ਇਤਨੀ ਸੀ ਕਿ ਗੁਰੂ ਸਾਹਿਬ ਨੇ ਚਾਰ ਬਜਰ ਕੁਰਹਿਤਾਂ ਵਿਚੋਂ ਮਸੰਦਾਂ ਨਾਲ ਮਿਲਵਰਤਣ ਕਰਨੀ ਇਕ ਕੁਰਹਿਤ ਕਰਾਰ ਦੇ ਦਿੱਤੀ ਸੀ। ਖਾਲਸਾ ਸਾਜੇ ਜਾਣ ਪਿੱਛੋਂ ਜਿਤਨੇ ਹੁਕਮਨਾਮੇ, ਸਿੱਖ ਸੰਗਤਾਂ ਨੂੰ ਜਾਰੀ ਕੀਤੇ ਹੋਏ ਮਿਲੇ ਹਨ, ਤਕਰੀਬਨ ਉਨ੍ਹਾਂ ਸਭ ਵਿਚ ਸੰਗਤਾਂ ਨੂੰ ਮਸੰਦਾ ਨਾਲ ਮਿਲਵਰਤਣ ਕਰਨ ਤੋਂ ਖਬਰਦਾਰ ਕੀਤਾ ਗਿਆ ਹੈ। ਮਿਸਾਲ ਦੇ ਵਜੋਂ ਸੰਗਤ ਮਾਛੀਵਾੜੇ ਕੀ ਜੋਗ, *"ਜੋਗ ਦਸਵੰਧ ਮਨ ਸੋ ਹਜ਼ੂਰ ਆਪ ਲੈ ਆਵਣਾ ਮਸੰਦਾਂ ਨੋ ਮੰਨਣਾ ਨਾਹੀ.........."*

ਸੰਗਤ ਪਟਣੇ ਫਰੀਦ ਕੀ ਜੋਗ *"ਸੰਗਤਿ ਮੇਰਾ ਖਾਲਸਾ ਹੈ ਗੁਰੂ ਕੇ ਨਿਵਿਤ ਕਾ ਹੋਵੇ ਸੋ ਵਿਸੋਏ ਨੂੰ ਹਜੂਰਿ ਲੈ ਕੇ ਦਰਸ਼ਨ ਆਵਣਾ......ਹੋਰਸ ਕਿਸੇ ਮਸੰਦ ਨੂੰ ਨਹੀ ਮੰਨਣਾ"*

ਹੁਕਮਨਾਮਾ ਸੰਗਤਿ ਪਟਣ ਸ਼ੇਖ ਫਰੀਦ ਜੋਗ, *"ਗੁਰੂ ਕੇ ਨਮਿਤ ਕਾ ਹੈ ਸੋ ਕਿਸੇ ਨੋ ਨਾਹੀ ਦੇਵਣਾ ਜਾਂ ਆਪ ਆਵਣਾ ਤਾਂ ਹਜੂਰ ਲੈ ਆਵਣਾ ਅਰ ਮਸੰਦ ਮਸੰਦੀਏ ਦੇ ਮਰਣੇ ਪਰਣੇ ਗੁਰੂ ਕੇ ਸਿਖ ਨਹੀ ਬੈਠਣਾ ਜੋ ਹੁਕਮ ਮਨਗੁ ਤਿਸ ਦੇ ਮਨੋਰਥ ਪੂਰੇ ਹੋਨਿਗੇ ਮੇਰੀ ਖੁਸੀ ਹੈ......."*[32]

ਖਾਲਸਾ ਸਾਜੇ ਜਾਣ ਨਾਲ ਪਹਾੜੀ ਰਾਜੇ, ਖਾਸ ਕਰਕੇ, ਕਹਿਲੂਰ ਦਾ ਰਾਜਾ, ਗੁਰੂ ਜੀ ਦੀ ਹੋਰ ਜ਼ਿਆਦਾ ਵਿਰੋਧਤਾ ਕਰਨ ਲਗ ਪਿਆ ਸੀ। ਗੰਡਾ ਸਿੰਘ ਅਨੁਸਾਰ "ਪਹਾੜੀ ਰਾਜਿਆਂ ਵਲੋਂ ਗੁਰੂ ਗੋਬਿੰਦ ਸਿੰਘ ਦਾ ਵਿਰੋਧ ਇਸ ਲਈ ਹੋ ਰਿਹਾ ਸੀ ਕਿ ਉਹ ਇਕ ਅਜਿਹੀ ਧਾਰਮਿਕ ਅਤੇ ਭਾਈ ਚਾਰਕ ਲਹਿਰ ਦੀ ਅਗਵਾਈ ਕਰ ਰਹੇ ਸਨ ਜਿਸ ਨਾਲ ਪੁਰਾਣੇ ਹਿੰਦੂ ਧਰਮ ਦੇ ਦੇਵੀ ਦੇਵਤਿਆਂ ਦੀ ਪੂਜਾ, ਜਾਤ-ਪਾਤ ਦੇ ਵਿਤਕਰੇ, ਊਚ-ਨੀਚ ਦੇ ਖ਼ਿਆਲ ਅਤੇ ਛੂਤ-ਛਾਤ ਉਡਾ ਕੇ ਇਕ ਅਜੂਨੀ ਨਿਰਾਕਾਰ ਸੈਭੰ ਓਂਕਾਰ ਦਾ ਨਿਸ਼ਚਾ ਦਰਿੜ ਹੋ ਰਿਹਾ ਸੀ ਅਤੇ ਸਾਂਝੀਵਾਲਤਾ ਦਾ ਪਰਚਾਰ ਹੋਣ ਨਾਲ ਰਾਓ ਰੰਕ ਵਿਚ ਬਰਾਬਰੀ ਅਮਲੀ ਸੂਰਤ ਅਖ਼ਤਿਆਰ ਕਰ ਰਹੀ ਸੀ। ਦੂਸਰੇ ਪਾਸੇ ਇਨ੍ਹਾਂ ਰਾਜਪੂਤ ਛੱਤਰੀ ਰਾਜਿਆਂ ਦੇ ਰਾਜ-ਤੇਜ ਸਨ ਹੀ ਜਾਪ-ਪਾਤ ਦੀ ਊਚ ਨੀਚ ਦੇ ਸਹਾਰੇ ਬਣੇ ਹੋਏ ਅਤੇ ਇਸ ਕਰਕੇ ਹੀ ਕਾਇਮ ਸਨ। ਇਹ ਉਪਰਲੀ ਬਾਹਮਣ ਜਾਤ ਦੇ ਥੋੜੇ ਜਿਹੇ ਪਰੋਹਤਾਂ, ਭੱਟਾਂ ਨੂੰ ਦਾਨ ਪੂਜਾ ਨਾਲ ਪਰਸੰਨ ਕਰ ਕੇ ਆਪਣੀ ਉਚਤਾ ਦੀ ਉਪਮਾ ਦੀਆਂ ਵਾਰਾਂ ਰਾਹੀ ਵੈਸ਼ਾਂ ਅਤੇ ਸੂਦਰਾਂ

32. ਹੁਕਮਨਾਮੇ (ਸੰ. ਗੰਡਾ ਸਿੰਘ), ਪੰਜਾਬੀ ਯੂਨੀਵਰਸਿਟੀ, ਪਟਿਆਲਾ 1967, ਹੁਕਮਨਾਮੇ ਨੰ 46, 50, 51, 52, 53, 54, 55, 56 ਆਦਿ।

ਪਰ ਰੋਹਬ ਅਤੇ ਰਾਜ ਜਮਾਈ ਬੈਠੇ ਸਨ। ਪਰ ਗੁਰੂ ਗੋਬਿੰਦ ਸਿੰਘ ਇਨਾਂ ਵੈਸ਼ਾਂ ਅਤੇ ਸ਼ੂਦਰਾਂ ਨੂੰ ਨੀਚੋਂ ਉਚ ਕਰ ਕੇ ਖਤਰੀਆਂ ਬਾਹਮਣਾਂ ਦੇ ਬਰਾਬਰ ਹੀ ਨਹੀਂ ਸਗੋਂ ਹੋਰ ਭੀ ਉਚੇ ਉਠਾਈ ਜਾ ਰਿਹਾ ਸੀ ਜਿਸ ਨਾਲ ਰਾਜਿਆਂ ਦੇ ਮਨ ਭੈਮਾਨ ਹੋਈ ਜਾ ਰਹੇ ਸਨ। ਹੁਣ ਖਾਲਸੇ ਦੀ ਸਾਜਨਾ ਨੇ ਬਰਾਬਰੀ ਅਤੇ ਸਾਂਝੀਵਾਲਤਾ ਨੂੰ ਹੋਰ ਭੀ ਮਜ਼ਬੂਤ ਅਤੇ ਦਲੇਰ ਕਰ ਦਿੱਤਾ ਜਿਸ ਨਾਲ ਇਨਾਂ ਨੂੰ ਹੋਰ ਜ਼ਿਆਦਾ ਡਰ ਪੈ ਗਿਆ।"[33]

ਸਿਰਫ਼ ਪਹਾੜੀ ਰਾਜਿਆਂ ਵਲੋਂ ਹੀਂ ਨਹੀ ਸਗੋਂ ਕੁਝ ਅਮੀਰ ਬਾਹਮਣ ਤਬਕੇ ਵਲੋਂ ਵੀ ਖਾਲਸੇ ਦੀ ਵਿਰੋਧਤਾ ਕੀਤੀ ਗਈ ਸੀ। ਕਵੀ ਸੈਨਾਪਤੀ ਇਕ ਅਜੇਹਾ ਵਾਕਾ ਦਸਦਾ ਹੈ। ਉਸ ਅਨੁਸਾਰ, ਖਾਲਸਾ ਸਾਜੇ ਜਾਣ ਪਿੱਛੋ, ਜਦ ਦਿੱਲੀ ਦੇ ਕੁਝ ਲੋਕ ਅੰਮ੍ਰਿਤ ਛਕ ਕੇ ਸਿੰਘ ਸਜਣ ਲਗ ਪਏ ਤਾਂ ਉਥੋ ਦੇ ਲੋਕਾਂ ਵਲੋ ਪਹਿਲਾਂ ਤਾਂ ਇਨ੍ਹਾਂ ਲੋਕਾਂ ਨੂੰ ਸਿੰਘ ਸਜਣ ਤੋਂ ਰੋਕਿਆ ਗਿਆ ਪਰ ਜਦ ਉਨ੍ਹਾਂ ਦੇ ਕਹਿਣ 'ਤੇ ਇਹ ਨਾ ਰੁਕੇ ਤਾਂ ਇਨ੍ਹਾਂ ਨੇ ਸਿੰਘਾਂ ਦਾ ਸਮਾਜਕ ਖੇਤਰ ਵਿਚ ਬਾਈਕਾਟ ਕਰ ਦਿੱਤਾ। ਇਸ ਬਾਈਕਾਟ ਨਾਲ ਸਿੰਘਾਂ ਨੂੰ ਬਹੁਤ ਤੰਗੀ ਹੋ ਗਈ। ਸਿੰਘਾਂ ਨੇ ਸਰਕਾਰ ਤਕ ਪਹੁੰਚ ਕੀਤੀ। ਪਹਿਲਾਂ ਤਾਂ ਇਨ੍ਹਾਂ ਧਨੀ ਵਪਾਰੀਆਂ ਨੇ ਸਰਕਾਰ ਨੂੰ ਵੀ ਆਪਣੇ ਨਾਲ ਗੰਢ ਲਿਆ ਸੀ। ਪਰ ਜਦੋਂ ਮੁਗਲ ਸਰਕਾਰ ਨੂੰ ਇਸ ਦੀ ਅਸਲੀਅਤ ਦਾ ਪਤਾ ਲਗਿਆ ਤਾਂ ਇਸ ਨੇ ਵਿਰੋਧਤਾ ਕਰਨ ਵਾਲੇ ਤਬਕੇ ਦੀ ਸਿੰਘਾਂ ਦੇ ਖਿਲਾਫ਼ ਕੀਤੀ ਗਈ ਹੜਤਾਲ ਅਤੇ ਬਾਈਕਾਟ ਨੂੰ ਜ਼ਬਰਦਸਤੀ ਖ਼ਤਮ ਕਰਵਾ ਦਿੱਤਾ ਸੀ।[34]

ਇਸ ਤਰ੍ਹਾਂ ਖਾਲਸੇ ਨੂੰ ਪਹਿਲਾਂ ਪਹਿਲ ਹਰ ਖੇਤਰ ਵਿਚ ਤੰਗੀਆਂ ਆਈਆਂ ਪਰ ਖਾਲਸੇ ਦੀ ਦਲੇਰੀ ਅਤੇ ਦਰਿੜਤਾ ਨੇ ਜਲਦੀ ਹੀ ਇਨ੍ਹਾਂ ਮੁਸ਼ਕਲਾਂ 'ਤੇ ਕਾਬੂ ਪਾ ਲਿਆ। ਕਿਉਂਕਿ ਖਾਲਸਾ ਹੁਣ ਹਥਿਆਬੰਦ ਹੋ ਕੇ ਰਹਿੰਦਾ ਸੀ ਇਸ ਲਈ ਬਾਹਮਣ ਅਤੇ ਹੋਰ ਕਟੜ ਕਿਸਮ ਦੇ ਹਿੰਦੂ ਲੋਕ, ਸਰੀਰਕ ਤੋਰ 'ਤੇ ਖਾਲਸੇ ਨੂੰ ਕੋਈ ਨੁਕਸਾਨ ਨਹੀਂ ਸੀ ਪਹੁੰਚਾ ਸਕਦੇ। ਸਮਾਜਕ ਬਾਈਕਾਟ ਵੀ ਛੇਤੀ ਹੀ ਖ਼ਤਮ ਹੋ ਗਏ ਸਨ ਕਿਉਂਕਿ ਨੀਵੀਆਂ ਜਾਤੀਆਂ ਦੇ ਲੋਕ, ਧੜਾ ਧੜ ਅੰਮ੍ਰਿਤ ਛਕ ਕੇ ਖਾਲਸੇ ਬਣ ਰਹੇ ਸਨ। ਇਸ ਲਈ ਸਿੰਘਾਂ ਦੀ ਗਿਣਤੀ ਵਧਦੀ ਗਈ।

ਪਰ ਕਹਿਲੂਰ ਦਾ ਰਾਜਾ ਚੁਪ ਕਰ ਕੇ ਨਹੀਂ ਸੀ ਬੈਠ ਸਕਦਾ। ਕਿਉਂਕਿ ਸਭ ਤੋਂ ਵੱਧ ਅਤੇ ਤਤਕਾਲੀਨ ਖਤਰਾ, ਇਸੇ ਦੀ ਰਿਆਸਤ ਨੂੰ ਹੀ ਸੀ। ਆਨੰਦਪੁਰ ਸਾਹਿਬ ਕਹਿਲੂਰ ਦੀ ਰਿਆਸਤ ਵਿਚ ਸਥਿਤ ਸੀ ਅਤੇ ਗੁਰੂ ਜੀ ਕਹਿਲੂਰ ਦੇ ਰਾਜੇ ਨੂੰ ਕੋਈ ਮਾਨਤਾ ਨਹੀਂ ਸਨ ਦਿੰਦੇ। ਸਿੱਟੇ ਵਜੋਂ ਅਗਸਤ, 1700 ਈ. ਵਿਚ ਕਹਿਲੂਰ ਦੇ ਰਾਜੇ ਨੇ ਹੋਰ ਰਾਜਿਆਂ ਨੂੰ ਨਾਲ ਲੈ ਕੇ, ਆਨੰਦਪੁਰ ਸਾਹਿਬ ਨੂੰ ਆ ਘੇਰਿਆ। ਅਗੋਂ ਗੁਰੂ ਸਾਹਿਬ ਦੀ ਅਗਵਾਈ ਹੇਠ ਖਾਲਸੇ ਨੇ ਪੂਰਾ ਡਟ ਕੇ ਮੁਕਾਬਲਾ ਕੀਤਾ। ਇਸ ਤਰ੍ਹਾਂ ਪੂਰੀ ਬਹਾਦਰੀ ਨਾਲ ਮੁਕਾਬਲਾ ਹੋਣ ਕਰਕੇ, ਪਹਾੜੀ ਰਾਜੇ ਇਕ ਅਜੀਬ ਸ਼ਸੋਪੰਜ ਵਿਚ ਪੈ ਗਏ ਸਨ। ਉਹ ਨਾ ਹੀ ਤਾਂ ਘੇਰਾ ਚੁੱਕ ਸਕਦੇ ਸਨ ਅਤੇ ਨਾ ਹੀ ਘੇਰਾ ਹੋਰ ਲੰਮਾ ਕਰ ਸਕਦੇ ਸਨ। ਅਖੀਰ ਨੂੰ ਉਨ੍ਹਾਂ ਨੇ ਆਪਣੇ ਧਰਮ ਦੀਆਂ ਸਹੁਆਂ ਖਾ ਕੇ, ਗੁਰੂ ਜੀ ਨੂੰ ਬੇਨਤੀ ਕੀਤੀ ਕਿ ਜੇਕਰ ਉਹ ਕੁਝ ਸਮੇਂ ਲਈ

---

33. *ਸ੍ਰੀ ਗੁਰ ਸੋਭਾ*, ਪੰਨਾ 48 (ਜਾਣਕਾਰੀ)
34. *ਉਕਤ*, ਅਧਿਆਉ ਸਤਵਾਂ।

ਆਨੰਦਪੁਰ ਸਾਹਿਬ ਨੂੰ ਖਾਲੀ ਕਰ ਦੇਣ ਤਾਂ ਉਹ ਕੋਈ ਲੜਾਈ ਨਹੀਂ ਕਰਨਗੇ।[35]

ਗੁਰੂ ਸਾਹਿਬ ਪਹਾੜੀ ਰਾਜਿਆਂ ਦੀਆਂ ਕਸਮਾਂ 'ਤੇ ਯਕੀਨ ਕਰਕੇ, ਆਨੰਦਪੁਰ ਸਾਹਿਬ ਖਾਲੀ ਕਰਕੇ, 8 ਅਕਤੂਬਰ, 1700 ਈ. ਨੂੰ ਨਿਰਮੋਹ ਗੜ੍ਹ ਚਲੇ ਗਏ। ਪਰ ਦੁਸ਼ਮਣ ਨੇ ਆਪਣੀਆਂ ਕਸਮਾਂ ਤੋੜ ਕੇ, ਗੁਰੂ ਜੀ 'ਤੇ ਹਮਲਾ ਕਰ ਦਿੱਤਾ। ਸਿੰਘਾਂ ਨੇ ਇਸ ਹਮਲੇ ਨੂੰ ਪੂਰੀ ਤਰ੍ਹਾਂ ਪਛਾੜ ਦਿੱਤਾ। ਕਹਿਲੂਰ ਦੇ ਰਾਜੇ ਵਲੋਂ ਸਰਹੰਦ ਦੇ ਨਵਾਬ ਤੋਂ ਸਹਾਇਤਾ ਮੁਲ ਲੈ ਕੇ ਗੁਰੂ ਜੀ 'ਤੇ ਕੀਤਾ ਹਮਲਾ ਵੀ ਸਿੰਘਾਂ ਵਲੋਂ ਪਛਾੜ ਦਿੱਤਾ ਗਿਆ। ਇਸ ਤਰ੍ਹਾਂ ਨਿਰਮੋਹਗੜ੍ਹ ਅਤੇ ਇਸ ਦੇ ਇਰਦ ਗਿਰਦ ਹੋਏ ਜੁੱਧਾਂ ਨੂੰ ਪਛਾੜ ਕੇ, ਗੁਰੂ ਜੀ ਭਿਬੌਰ ਸਾਹਿਬ ਚਲੇ ਗਏ। ਇਲਾਕੇ ਦੀਆਂ ਸਿੱਖ ਸੰਗਤਾਂ ਇਥੇ ਹੀ ਗੁਰੂ ਜੀ ਦੇ ਦਰਸ਼ਨਾਂ ਨੂੰ ਆਉਣੀਆਂ ਸ਼ੁਰੂ ਹੋ ਗਈਆਂ। ਇਥੇ ਨੇੜੇ ਖੇੜਾ-ਕਲਮੋਟ[36] ਨਾਂ ਦੇ ਦੋ ਪਿੰਡ ਸਨ। ਇਨ੍ਹਾਂ ਦੇ ਬਸ਼ਿੰਦੇ ਰਾਜਪੂਤ ਜਾਤ ਦੇ ਰੰਘੜ ਲੋਕਾਂ ਨੇ ਕੁਝ ਇਕ ਵਾਰ ਸਿੱਖ ਸੰਗਤਾਂ ਨੂੰ ਲੁਟ ਲਿਆ ਸੀ ਜਿਸ ਕਰਕੇ ਗੁਰੂ ਜੀ ਨੇ ਇਨ੍ਹਾਂ ਲੋਕਾਂ ਨੂੰ ਸਬਕ ਸਿਖਾਉਣ ਲਈ ਸਿੰਘਾਂ ਦਾ ਇਕ ਜੱਥਾ ਭੇਜਿਆ ਜਿਸ ਨੇ ਇਨ੍ਹਾਂ ਪਿੰਡਾਂ ਨੂੰ ਘੇਰ ਕੇ ਇਥੋਂ ਦੇ ਲੁਟੇਰਿਆਂ ਨੂੰ ਖੂਬ ਦੰਡ ਦਿੱਤੇ ਸਨ।

ਨਵੰਬਰ, 1703 ਈ. ਵਿਚ ਕਹਿਲੂਰ ਦੇ ਰਾਜੇ ਅਜਮੇਰ ਚੰਦ ਨੇ, ਕੁਝ ਪਹਾੜੀ ਰਾਜਿਆ ਨੂੰ ਨਾਲ ਲੈ ਕੇ, ਫਿਰ ਆਨੰਦਪੁਰ ਸਾਹਿਬ ਨੂੰ ਆ ਘੇਰਿਆ। ਇਸ ਘੇਰੇ ਵਿਚ ਸਥਾਨਕ ਮੁਗਲ ਫੌਜਦਾਰਾਂ ਤੋਂ ਵੀ ਸਹਾਇਤਾ ਮੁਲ ਲਈ ਗਈ ਸੀ। ਇਹ ਘੇਰਾ ਬਹੁਤ ਲੰਮਾ ਸਮਾਂ ਚਲਿਆ। ਸਭ ਪਾਸਿਆਂ ਤੋਂ ਆਨੰਦਪੁਰ ਸਾਹਿਬ ਦੇ ਰਸਤੇ ਬੰਦ ਕਰ ਦਿੱਤੇ ਗਏ। ਰਸਦ ਪਾਣੀ ਦੀ ਸਾਰੀ ਸਪਲਾਈ ਬੰਦ ਕਰ ਦਿੱਤੀ ਗਈ। ਜਿਸ ਦਾ ਨਤੀਜਾ ਇਹ ਹੋਇਆ ਕਿ ਆਨੰਦਪੁਰ ਨਗਰ ਵਿਚਲੇ ਅਤੇ ਕਿਲੇ ਵਿਚਲੇ ਲੋਕ ਭੁੱਖੇ ਮਰਨ ਲਗ ਪਏ। ਇਸ ਭੁੱਖ ਤੋਂ ਤੰਗ ਆ ਕੇ ਨਗਰਵਾਸੀਆਂ ਨੇ ਗੁਰੂ ਜੀ ਅਗੇ ਬੇਨਤੀ ਕੀਤੀ ਕਿ ਉਨ੍ਹਾਂ ਨੂੰ ਭੁੱਖ ਤੋਂ ਬਚਾਇਆ ਜਾਵੇ। ਕਵੀ ਸੈਨਾਪਤ ਨੇ ਇਸ ਬਾਰੇ ਇਉਂ ਲਿਖਿਆ ਹੈ :

ਇਹ ਹੀ ਭਾਂਤ ਕਈ ਦਿਨ ਗਏ। ਨਗਰ ਲੋਗ ਠਾਢੇ ਸਭਿ ਪਏ।
ਦਰ ਕੈ ਆਗੇ ਕਰੀ ਪੁਕਾਰਾ। ਅੰਨਿ ਬਿਨਾਂ ਜੀਉ ਜਾਇ ਹਮਾਰਾ ॥ 461 ॥
ਦੇਖਹੁ ਯਹ ਹਵਾਲ ਅਬ ਭਯੋ। ਰਹੇ ਹਾਡ ਚਾਮਿ ਉਡਿ ਗਯੋ ॥
ਬਿਨਾ ਭੋਜਨ ਜੀਵਨ ਅਬ ਨਾਹੀ। ਸੋ ਬੀ ਜੋ ਹੈ ਸਾਂਝ ਸੁਬਾਹੀ ॥ 462 ॥

ਸਿੰਘਾਂ ਨੇ ਕੁਝ ਗਰੁਪ ਬਣਾ ਕੇ, ਬਾਹਰੋਂ ਦੁਸ਼ਮਣ ਦੇ ਭੰਡਾਰਾਂ ਵਿਚੋਂ ਅਨਾਜ ਲੁਟ ਕੇ ਲਿਆਉਣ ਨਾਲ ਫਾਇਦੇ ਨਾਲੋਂ ਜਾਨੀ ਨੁਕਸਾਨ ਜ਼ਿਆਦਾ ਹੋ ਜਾਂਦਾ ਸੀ। ਇਸ ਕਰਕੇ ਗੁਰੂ ਜੀ ਨੇ ਆਨੰਦਪੁਰ ਸਾਹਿਬ ਨੂੰ ਖਾਲੀ ਕਰ ਕੇ ਮਾਲਵੇ ਵਲ ਜਾਣ ਦੀ ਤਿਆਰੀ ਕਰ ਲਈ। ਇਹ ਵਾਕਿਆ 5-6 ਦਸੰਬਰ, 1704 ਈ. ਦਾ ਹੈ। ਖਾਲਸਈ ਲਸ਼ਕਰ, ਗੁਰੂ ਜੀ ਦੀ ਅਤੇ ਸਹਿਬਜ਼ਾਦਾ ਅਜੀਤ ਸਿੰਘ ਦੀ ਕਮਾਂਡ ਹੇਠ ਦੁਸ਼ਮਣ ਦੀਆਂ ਸਫ਼ਾਂ ਨੂੰ ਚੀਰਦਾ ਹੋਇਆ, ਆਨੰਦਪੁਰ ਸਾਹਿਬ ਤੋਂ ਰਵਾਨਾ ਹੋ ਗਿਆ। ਇਸ ਰਵਾਨਗੀ ਵਿਚ ਦੁਸ਼ਮਣ ਨਾਲ

35. *ਸ੍ਰੀ ਗੁਰ ਸੋਭਾ*, ਧਿਆਉ ਅੱਠਵਾਂ।
36. ਖੇੜਾ-ਕਲਮੋਟ ਦੇ ਜੁੜਵੇਂ ਪਿੰਡ ਹਨ। ਜਿਹੜੇ ਨੰਗਲ ਤੋਂ ਭਲਾਣ ਨੂੰ ਜਾਣ ਵਾਲੀ ਸੜਕ ਦੇ ਉਪਰ ਸਥਿਤ ਹਨ।

ਖ਼ੂਨ-ਡੋਲਵੀਂ ਲੜਾਈ ਹੁੰਦੀ ਰਹੀ। ਸਰਸਾ ਨਦੀ ਦੇ ਕੰਢੇ 'ਤੇ ਦੁਸ਼ਮਣ ਅਤੇ ਸਿੰਘਾਂ ਵਿਚਕਾਰ ਨਿਰਣਈ ਜੰਗ ਹੋਈ। ਇਥੇ ਸਾਹਿਬਜ਼ਾਦਾ ਅਜੀਤ ਸਿੰਘ ਦੀ ਕਮਾਂਡ ਹੇਠ ਸਿੰਘਾਂ ਨੇ ਉਦੋਂ ਤਕ ਦੁਸ਼ਮਣ ਨੂੰ ਰੋਕੀ ਰਖਿਆ ਜਦੋਂ ਤਕ ਗੁਰੂ ਸਾਹਿਬ ਅਤੇ ਉਨ੍ਹਾਂ ਦਾ ਪਰਿਵਾਰ ਸਰਸਾ ਨੂੰ ਪਾਰ ਨਾ ਕਰ ਗਿਆ ਸੀ। ਹਫੜਾ-ਦਫ਼ੜੀ ਵਿਚ ਸਰਸਾ ਨਦੀ ਪਾਰ ਕਰਨ ਸਮੇਂ, ਗੁਰੂ ਜੀ ਦਾ ਸਾਰਾ ਪਰਿਵਾਰ ਮੁਖ ਲਸ਼ਕਰ ਨਾਲੋਂ ਵਿਛੜ ਗਿਆ ਸੀ।

ਇਥੋਂ ਅਗੇ ਪਹਾੜੀ ਰਾਜਿਆਂ ਨੇ ਗੁਰੂ ਜੀ ਦਾ ਪਿੱਛਾ ਕਰਨਾ ਛਡ ਕੇ ਵਾਪਸ ਆਨੰਦਪੁਰ ਸਾਹਿਬ ਨੂੰ ਮੋੜਾ ਘੱਤ ਦਿੱਤਾ ਵਾਪਸ ਆ ਕੇ, ਆਨੰਦਪੁਰ ਸਾਹਿਬ ਦੀ ਪੂਰੀ ਤਰ੍ਹਾਂ ਤਬਾਹੀ ਕਰ ਦਿੱਤੀ ਗਈ। ਸਭ ਮਕਾਨ ਅਤੇ ਗੁਰਦੁਆਰੇ ਢਾਹ ਦਿੱਤੇ ਗਏ। ਕਿਲੇ ਢਾਹ ਦਿੱਤੇ ਗਏ। ਗੁਰੂ ਜੀ ਨਾਲ ਸੰਬੰਧਤ ਯਾਦਗਾਰਾਂ ਢਾਹ ਦਿੱਤੀਆਂ ਗਈਆਂ। ਇਸ ਤਬਾਹੀ ਦੌਰਾਨ ਕੁਝ ਲੋਕ ਮਾਰੇ ਗਏ। ਕੁਝ ਨਸ ਕੇ ਨਾਹਨ ਸਟੇਟ ਦੀ ਰਿਆਸਤ ਵਿਚ ਚਲੇ ਗਏ[37] ਪਰ ਇਕ ਉਦਾਸੀ ਸੰਤ ਗੁਰਬਖ਼ਸ਼ ਰਾਏ, ਗੁਰੂ ਤੇਗ ਬਹਾਦਰ ਜੀ ਦੇ ਸੀਸ ਗੰਜ ਗੁਰਦੁਆਰੇ ਵਿਚ ਬੈਠਾ ਰਿਹਾ।[38] ਦੁਸ਼ਮਣਾਂ ਨੇ ਸੀਸ ਗੰਜ ਗੁਰਦੁਆਰੇ ਨੂੰ ਕੁਝ ਨਹੀਂ ਕਿਹਾ ਸੀ। ਇਸ ਕਰਕੇ ਭਾਈ ਗੁਰਬਖ਼ਸ਼ ਰਾਏ ਜਿਊਂਦਾ ਰਹਿ ਗਿਆ ਸੀ। ਇਸ ਤਬਾਹੀ ਦੇ ਸਮੇਂ ਭਾਈ ਗੁਰਬਖਸ਼ ਰਾਏ ਪੂਰੀ ਸ਼ਰਧਾ ਅਨੁਸਾਰ ਇਥੋਂ ਦੀ ਸੇਵਾ ਸਭਾਲ ਕਰਦਾ ਰਿਹਾ। ਕਾਫ਼ੀ ਅਰਸਾ ਪਿੱਛੋਂ, ਜਦ ਟਿਕਟਿਕਾ ਹੋ ਗਿਆ ਤਾਂ ਨਾਹਨ ਗਏ ਹੋਏ ਸੋਢੀ ਗੁਲਾਬ ਰਾਇ ਤੇ ਸ਼ਾਮ ਸਿੰਘ ਵਾਪਸ ਕਹਿਲੂਰ ਰਿਆਸਤ ਵਿਚ ਆ ਗਏ। ਇਨ੍ਹਾਂ ਨੇ ਕਹਿਲੂਰ ਦੇ ਰਾਜੇ ਕੋਲੋਂ ਆਨੰਦਪੁਰ ਸਾਹਿਬ ਵਿਖੇ ਰਹਿਣ ਦੀ ਇਜਾਜ਼ਤ ਮੰਗੀ। ਪਰ ਰਾਜੇ ਨੇ ਸੱਠ ਘੁਮਾ ਜ਼ਮੀਨ ਹੀ ਇਨ੍ਹਾਂ ਨੂੰ ਦਿੱਤੀ ਉਹ ਵੀ ਸੱਠ ਹਜ਼ਾਰ ਰੁਪਏ ਵਿਚ।[39] ਸੋਢੀ ਗੁਲਾਬ ਰਾਏ ਨੇ ਇਤਨਾ ਪੈਸਾ ਦੇ ਕੇ ਇਹ ਥਾਂ ਲੈ ਲਈ। ਹੁਣ ਉਸ ਨੂੰ ਘੁਮੰਡ ਹੋ ਗਿਆ ਸੀ ਕਿਉਂ ਕਿ ਉਹ ਸੋਚਦਾ ਸੀ ਕਿ ਇਸ ਸਾਰੀ ਜ਼ਮੀਨ ਦਾ ਮਾਲਕ ਹੁਣ ਉਹ ਹੀ ਹੈ। ਉਹ ਆਪਣੇ ਆਪ ਨੂੰ ਹੀ ਗੁਰੂ ਕਹਾਉਣ ਲਗ ਪਿਆ। ਜਿਸ ਥਾਂ 'ਤੇ ਦਸਮ ਪਾਤਸ਼ਾਹ ਬੈਠਿਆ ਕਰਦੇ ਸਨ ਉਸ ਥਾਂ 'ਤੇ ਆਪ ਬੈਠਣ ਲਗ ਪਿਆ। ਖੰਡੇ ਦੀ ਪਹੁਲ ਦੇਣੀ ਬੰਦ ਕਰ ਦਿੱਤੀ। ਚਰਨ ਪਹੁਲ ਦੇਣੀ ਸ਼ੁਰੂ ਕਰ ਦਿੱਤੀ। ਇਹ ਸਭ ਕੁਝ ਦੇਖ ਕੇ ਸੱਚਾ ਸੁੱਚਾ ਖਾਲਸਾ ਬਹੁਤ ਦੁਖੀ ਹੁੰਦਾ ਸੀ। ਪਰ ਇਹ ਕਿਸੇ ਦੀ ਗਲ ਨਹੀਂ ਮੰਨਦਾ ਸੀ। ਉਲਟਾ ਸਿੰਘਾਂ ਨਾਲ ਲੜਾਈ ਝਗੜ੍ਹਾ ਕਰਦਾ ਸੀ।[40]

---

37. ਇਹ ਵੀ ਕਿਹਾ ਜਾਂਦਾ ਹੈ ਕਿ ਗੁਲਾਬ ਰਾਇ ਅਤੇ ਸ਼ਾਮ ਸਿੰਘ ਨੂੰ ਗੁਰੂ ਗੋਬਿੰਦ ਸਿੰਘ ਜੀ ਨੇ ਆਨੰਦਪੁਰ ਸਾਹਿਬ ਨੂੰ ਛਡਣ ਸਮੇਂ ਖੁਦ ਹੀ ਨਾਹਨ ਦੇ ਰਾਜੇ ਪਾਸ ਭੇਜਿਆ ਸੀ। ਨਾਹਨ ਦੇ ਰਾਜੇ ਨੇ ਇਨ੍ਹਾਂ ਦੇ ਗੁਜ਼ਾਰੇ ਲਈ ਦੋ ਪਿੰਡ ਇਨ੍ਹਾਂ ਦੇ ਨਾਂ ਲੁਆ ਦਿੱਤੇ ਸਨ। ਦੇਖੋ, ਮੈਕਾਲਿਫ, *ਦ ਸਿੱਖ ਰਿਲੀਜਨ*, ਜਿਲਦ 5-6, ਆਕਸਫੋਰਡ, 1909, ਪੰਨਾ 252.
38. "ਸੰਤ ਗੁਰਬਖਸ਼ ਤਿਹ ਰਹਯੋ ਉਦਾਸੀ।
ਗੁਰੂ ਤੇਗ ਬਹਾਦਰ ਜਗਾ ਜਹਾਂ ਸੀ।"
ਰਤਨ ਸਿੰਘ ਭੰਗੂ, *ਪ੍ਰਾਚੀਨ ਪੰਥ ਪ੍ਰਕਾਸ਼* (ਸੰਪ. ਭਾਈ ਵੀਰ ਸਿੰਘ) ਅੰਮ੍ਰਿਤਸਰ, 1982, ਪੰਨਾ 174.
39. "ਟਕੇ ਦੇਨੇ ਕਰੇ ਸੱਠ ਹਜ਼ਾਰ। ਲਈ ਘੁਮਾਇ ਸੱਠ ਚੱਕ ਲਿਖ ਵਾਰ।" *ਉਕਤ*, ਪੰਨਾ ਉਹੀ।
40. "ਲਈ ਚੱਕ ਉਸ ਗਰਬਾ ਆਯਾ। ਖਾਲਸੇ ਸੋ ਉਨ ਦੰਗਾ ਰਚਾਯਾ।
ਜਹਿੰ ਜਹਿੰ ਸਤਿਗੁਰ ਜਗਾ ਥੀ ਆਹੀ। ਤਿਹ ਠਾਂ ਬੈਠਕ ਉਸਨੇ ਲਾਈ।
ਹੁਤੀ ਪਹੁਲ ਨਹਿੰ ਖੰਡੇ ਵਾਹਿ। ਦੇਤ ਚਰਨ ਥੇ ਗੁਲਾਬ ਰਾਏ।" *ਉਕਤ*, ਪੰਨਾ ਉਹੀ।

ਗੁਰਬਖ਼ਸ਼ ਰਾਇ ਸੰਤ ਤੋਂ ਉਥੇ ਰਹਿੰਦਿਆਂ ਇਹ ਸਭ ਜਰਿਆ ਨਾ ਗਿਆ। ਉਸ ਨੇ ਸੋਢੀ ਗੁਲਾਬ ਰਾਇ ਨੂੰ ਸਮਝਾਉਣ ਦੀ ਬਹੁਤ ਕੋਸ਼ਿਸ਼ ਕੀਤੀ ਪਰ ਗੁਲਾਬ ਰਾਇ ਅਗੋਂ ਇਹੀ ਕਹਿੰਦਾ ਸੀ ਕਿ ਇਹ ਥਾਂ ਤਾਂ ਉਸ ਨੇ ਮੁਲ ਲਈ ਹੈ।[41] ਜਦ ਗੁਰਬਖਸ਼ ਰਾਇ ਉਸ ਨੂੰ ਹਰ ਰੋਜ਼ ਟੋਕਣੋਂ ਨਾ ਹਟਿਆ ਤਾਂ ਗੁਲਾਬ ਰਾਇ ਨੇ ਆਪਣੇ ਪੁੱਤਰ ਬੁਲਵਾਕੇ ਸੰਤ ਗੁਰਬਖ਼ਸ਼ ਰਾਇ ਨੂੰ ਕੁਟਵਾ ਦਿੱਤਾ। ਉਸ ਦੇ ਪੁੱਤਰਾਂ ਨੇ ਸੰਤ ਗੁਰਬਖਸ਼ ਰਾਇ ਦੀਆਂ ਜਟਾਂ ਪੁੱਟ ਦਿੱਤੀਆਂ। ਉਸ ਦੀ ਪੂਰੀ ਬੇਇਜ਼ਤੀ ਕੀਤੀ ਗਈ। ਇਸ 'ਤੇ ਸੰਤ ਗੁਰਬਖਸ਼ ਰਾਇ ਨੇ ਉਨ੍ਹਾਂ ਨੂੰ ਸਰਾਪ ਦੇ ਦਿੱਤਾ ਕਿ "ਤੁਹਾਡੇ ਪਿਉ ਦੀ ਔਲਾਦ ਨਹੀਂ ਰਹੇਗੀ।"[42]

ਸੰਤ ਗੁਰਬਖ਼ਸ਼ ਰਾਏ ਦੇ ਸਰਾਪ ਦੇਣ ਦੇ ਕੁਝ ਹੀ ਅਰਸੇ ਬਾਦ ਗੁਲਾਬ ਰਾਏ ਅਤੇ ਸ਼ਾਮ ਸਿੰਘ ਮਰ ਗਏ। ਇਨ੍ਹਾਂ ਪਿੱਛੋਂ ਗੁਲਾਬ ਰਾਏ ਦੀ ਵਿਧਵਾ ਪਤਨੀ ਨੇ ਇਸ ਅਸਥਾਨ ਦੀ ਆਮਦਨ-ਚੜ੍ਹਾਵਾ ਇਕੱਠਾ ਕਰਵਾਇਆ। ਇਸ ਨੇ ਆਪਣੀ ਮੌਤ ਸਮੇਂ ਸ਼ਾਮ ਸਿੰਘ ਦੇ ਪੁੱਤਰ ਸੁਰਜਨ ਸਿੰਘ ਨੂੰ ਇਥੋਂ ਦਾ ਪੁਜਾਰੀ ਨਿਯੁਕਤ ਕਰ ਦਿੱਤਾ।[43]

ਜਿਹੜੇ ਸੋਢੀ ਅਜਕਲ ਆਨੰਦਪੁਰ ਸਾਹਿਬ ਵਿਚ ਰਹਿ ਰਹੇ ਹਨ ਜਾਂ ਹੁਣ ਤਕ ਰਹਿੰਦੇ ਰਹੇ ਸੀ ਉਹ ਸੋਢੀ ਸ਼ਾਮ ਸਿੰਘ ਦੀ ਹੀ ਔਲਾਦ ਹਨ। ਪਿੱਛੋਂ ਇਹ ਸੋਢੀ ਹੀ ਇਨ੍ਹਾਂ ਧਾਰਮਿਕ ਅਸਥਾਨਾਂ ਦੇ ਮਾਲਕ ਬਣ ਗਏ ਸਨ। ਇਨ੍ਹਾਂ ਨੇ ਵੀ ਅਗੇ ਆਪੋ ਆਪਣੀਆਂ ਵੰਡੀਆਂ ਪਾ ਲਈਆਂ ਸਨ। ਹੋਲੇ ਮਹੱਲੇ ਦੇ ਮੌਕੇ 'ਤੇ ਇਹ ਵਖ ਵਖ ਸੋਢੀ ਬੜੇ ਧੂਮ ਧਮੱਕੇ ਨਾਲ ਆਪਣੇ ਚੇਲਿਆਂ ਨੂੰ ਨਾਲ ਲੈ ਕੇ ਨਿਕਲਦੇ ਸਨ ਅਤੇ ਸਿੱਖ ਸੰਗਤਾਂ ਕੋਲੋਂ ਚੜ੍ਹਾਵੇ ਲੈਂਦੇ ਸਨ। 1920ਵਿਆਂ ਤਕ ਇਹ ਸੋਢੀ ਹੀ ਇਥੋਂ ਦੇ ਸਭ ਕੁਝ ਦੇ ਮਾਲਕ ਸਨ। ਪਿੱਛੋਂ ਸਿੱਖ ਗੁਰਦੁਆਰਾ ਐਕਟ ਬਣ ਜਾਣ ਨਾਲ ਇਸ ਤਖ਼ਤ ਦਾ ਪਰਬੰਧ ਸ਼ਰੋਮਣੀ ਗੁਰਦੁਆਰਾ ਪਰਬੰਧਕ ਕਮੇਟੀ ਅੰਮ੍ਰਿਤਸਰ ਦੇ ਹਵਾਲੇ ਹੋਇਆ। ਇਸ ਦਾ ਪਰਬੰਧ ਕਮੇਟੀ ਹਵਾਲੇ ਹੋਣ ਨਾਲ ਹੀ ਤਖ਼ਤ ਸਾਹਿਬ ਦੇ ਜਥੇਦਾਰ ਥਾਪੇ ਜਾਣ ਲਗੇ। ਪਹਿਲਾਂ ਸਿਰਫ ਪੁਜਾਰੀ ਹੀ ਹੁੰਦੇ ਸਨ।

ਸਿਰੀ ਆਨੰਦਪੁਰ ਸਾਹਿਬ ਦੇ ਕਿਲੇ : ਗੁਰੂ ਗੋਬਿੰਦ ਸਿੰਘ ਜੀ ਨੇ ਸਿਰੀ ਆਨੰਦਪੁਰ ਸਾਹਿਬ ਨੂੰ ਖਾਲਸਾ ਪੰਥ ਦਾ ਇਕ ਐਸਾ ਕੇਂਦਰੀ ਅਸਥਾਨ ਬਣਾਇਆ ਸੀ, ਜਿਥੇ ਕੇਂਦਰਤ ਹੋ ਕੇ ਖਾਲਸਾ, ਸਾਰੇ ਸੰਸਾਰ ਅੰਦਰ ਆਪਣੀਆਂ ਗਤੀਵਿਧੀਆਂ ਚਲਾ ਸਕਦਾ ਸੀ। ਕਿਸੇ ਕੌਮ ਦੀਆਂ ਕਾਮਯਾਬ ਸਰਗਰਮੀਆਂ ਬਾਰੇ ਇਹ ਜ਼ਰੂਰੀ ਹੁੰਦਾ ਹੈ ਕਿ ਉਹ ਸੁਤੰਤਰ ਤੌਰ 'ਤੇ ਵਿਚਰੇ। ਜਦੋਂ ਤਕ ਕੋਈ ਕੌਮ ਸਮਾਜਕ, ਰਾਜਨੀਤਕ ਅਤੇ ਧਾਰਮਕ ਪੱਖੋਂ ਸੁਤੰਤਰ ਨਹੀਂ ਹੁੰਦੀ ਉਦੋਂ ਤਕ ਉਹ ਕਦੇ ਵੀ ਪੂਰੀ ਕਾਮਯਾਬੀ ਨਾਲ ਆਪਣਾ ਸਿਧਾਂਤ ਨਹੀਂ ਪਰਚਾਰ ਸਕਦੀ। ਸਿੱਖ ਗੁਰੂ ਸਾਹਿਬਾਨ ਨੇ ਜੋ ਸਿੱਧਾਂਤ ਪਰਚਾਰੇ ਅਤੇ ਜੋ ਨਵੇਂ ਵਿਅਕਤੀ ਸਿਰਜੇ ਉਸ ਨਾਲ

---

41. "ਉਸ ਇਸ ਕੋ ਇਮ ਬਧ ਬੋਲਤ ਅਧਿਕ ਕਲੇਸ਼।
ਉਹ ਕਰੈ ਦਾਵੇ ਗੁਰ ਥਾਨ ਕੋ ਵਹਿ ਕਹੈ ਲਯੋ ਮੁੱਲ ਦੇਸ਼।" *ਉਕਤ।*
42. ਗੁਲਾਬ ਰਾਇ ਲਏ ਪੁਤ੍ਰ ਬੁਲਾਇ। ਗੁਰਬਖਸ਼ ਸੰਤ ਕੋ ਦਏ ਪਿਟਲਾਏ। ਉਨ ਬਾਲਨ ਬੇਅਦਬੀ ਕਈ। ਸੀਸ ਜਟਾ ਥੀ ਸੋ ਪਟ ਲਈ। ਤਬਹਿ ਸੰਤਉਨ ਦਯੋ ਸਰਾਪ। ਰਹੇ ਨ ਤੁਮਰ ਉਲਾਦ ਸੁ ਬਾਪ। *ਉਕਤ।*
43. ਮੈਕਾਲਿਫ, *ਪੂਰਵਅੰਕਤ*, ਪੰਨਾ 257.

ਇਕ ਨਵਾਂ ਧਰਮ ਅਤੇ ਨਵਾਂ ਸਮਾਜ ਹੋਂਦ ਵਿਚ ਆਇਆ। ਇਸ ਤਰ੍ਹਾਂ ਸਿੱਖ ਧਰਮ ਦੀ ਅਤੇ ਸਿੱਖ ਸਮਾਜ ਦੀ ਸੁਤੰਤਰਤਾ ਗੁਰੂ ਨਾਨਕ ਸਾਹਿਬ ਤੋਂ ਹੀ ਸਥਾਪਤ ਹੋ ਗਈ ਸੀ। ਲੋੜ ਸੀ ਇਸ ਉਭਰ ਰਹੇ ਧਰਮ ਅਤੇ ਸਮਾਜ ਦੀ ਰਾਜਨੀਤਕ ਸੁਤੰਤਰਤਾ ਨੂੰ ਸਥਾਪਤ ਕਰਨ ਦੀ। ਛੇਵੇਂ ਪਾਤਸ਼ਾਹ ਗੁਰੂ ਹਰਿ ਗੋਬਿੰਦ ਸਾਹਿਬ ਨੇ ਤਲਵਾਰ ਦੀ ਵਰਤੋਂ ਕਰ ਕੇ ਅਤੇ ਸਿਰੀ ਅਕਾਲ ਤਖ਼ਤ ਸਾਹਿਬ ਦੀ ਸਥਾਪਨਾ ਕਰਕੇ ਸਿੱਖ ਸਮਾਜ ਨੂੰ ਰਾਜਨੀਤਕ ਸੁਤੰਤਰਤਾ ਦਾ ਮਾਰਗ ਦਰਸਾ ਦਿੱਤਾ ਸੀ। ਇਸੇ ਸੁਤੰਤਰ ਮਾਰਗ ਨੂੰ ਪਰਪੱਕ ਕਰਨ ਲਈ ਦਸਮ ਪਾਤਸ਼ਾਹ ਨੇ ਆਨੰਦਪੁਰ ਸਾਹਿਬ ਨੂੰ ਸੈਨਿਕ ਦਰਿਸ਼ਟੀਕੋਣ ਤੋਂ ਇਤਨਾ ਮਜ਼ਬੂਤ ਬਣਾਉਣ ਦੀ ਸਕੀਮ ਉਲੀਕੀ ਸੀ ਜਿਸ ਨੂੰ ਤਕੜੇ ਤੋਂ ਤਕੜਾ ਹਮਲਾਵਰ ਵੀ ਤੋੜਨ ਵਿਚ ਕਾਮਯਾਬ ਨਹੀਂ ਹੋ ਸਕਦਾ ਸੀ। ਇਸ ਸਕੀਮ ਤਹਿਤ ਆਨੰਦਪੁਰ ਸਾਹਿਬ ਦੀ ਕਿਲਾਬੰਦੀ ਕੀਤੀ ਗਈ ਜਿਨੇ ਵੀ ਰਸਤੇ ਆਨੰਦਪੁਰ ਸਾਹਿਬ ਨੂੰ ਆਉਂਦੇ ਸਨ ਉਨ੍ਹਾਂ ਸਭ ਰਸਤਿਆਂ 'ਤੇ ਕਿਲੇ ਉਸਾਰੇ ਗਏ ਸਨ ਤਾਂ ਕਿ ਸਿੰਘ, ਦੁਸ਼ਮਣ ਨੂੰ ਨਗਰ ਤੋਂ ਬਾਹਰ ਹੀ ਰੋਕ ਸਕਣ। ਅਜਿਹੇ ਚਾਰ ਕਿਲੇ ਸਨ ਜੋ ਨਗਰ ਨੂੰ ਆਉਣ ਵਾਲੇ ਰਸਤਿਆਂ ਦੀ ਨਾਕਾਬੰਦੀ ਕਰਦੇ ਸਨ। ਇਹ ਸਨ : ਕਿਲਾ ਲੋਹਗੜ੍ਹ ਸਾਹਿਬ, ਕਿਲਾ ਹੋਲ ਗੜ੍ਹ ਸਾਹਿਬ, ਕਿਲਾ ਫਤਿਹਗੜ੍ਹ ਸਾਹਿਬ ਅਤੇ ਕਿਲਾ ਤਾਰਾ ਗੜ੍ਹ ਸਾਹਿਬ। ਇਕ ਕਿਲਾ ਅਜਿਹਾ ਸੀ ਜੋ ਨਗਰ ਨੂੰ ਕੇਂਦਰੀ ਤੌਰ 'ਤੇ ਸਮੁੱਚੀ ਰਖਿਆ ਨੀਤੀ ਨੂੰ ਪਰਭਾਵਤ ਕਰਦਾ ਸੀ। ਇਹ ਸੀ ਕਿਲਾ ਆਨੰਦਗੜ੍ਹ ਸਾਹਿਬ। ਇਨ੍ਹਾਂ ਪੰਜ ਕਿਲਿਆਂ ਵਿਚੋਂ ਕਿਲਾ ਆਨੰਦਗੜ੍ਹ ਸਭ ਦਾ ਸਿਰਮੌਰ ਕਿਲਾ ਸੀ।

ਕਿਲਾ ਆਨੰਦਗੜ੍ਹ ਸਾਹਿਬ : ਅਸਲ ਵਿਚ ਗੁਰੂ ਗੋਬਿੰਦ ਸਿੰਘ ਜੀ ਨੇ ਪਾਉਂਟਾ ਸਾਹਿਬ ਤੋਂ ਵਾਪਸ ਆ ਕੇ ਆਨੰਦਪੁਰ ਸਾਹਿਬ ਵਿਖੇ ਸਭ ਤੋਂ ਪਹਿਲਾ ਕਿਲਾ ਆਨੰਦਗੜ੍ਹ ਹੀ ਸਥਾਪਤ ਕੀਤਾ ਸੀ। ਇਹ ਕਿਉਂਕਿ ਸਰਖਿਆ ਲਈ ਇਕ ਕਿਲਾ ਸੀ ਇਸ ਲਈ ਇਸ ਅਸਥਾਨ ਦੀ ਧਾਰਮਕ ਮਹੱਤਤਾ ਤਖ਼ਤ ਕੇਸ ਗੜ੍ਹ ਸਾਹਿਬ ਜੈਸੀ ਨਹੀਂ ਹੋ ਸਕੀ। ਸੁਰੱਖਿਆ ਦੇ ਪੱਖੋ ਇਹ ਕਿਲਾ, ਆਨੰਦਪੁਰ ਸਾਹਿਬ ਦੇ ਬਾਕੀ ਕਿਲਿਆਂ ਵਿਚੋਂ ਸਭ ਤੋਂ ਵੱਧ ਮਹਤਵ-ਪੂਰਨ ਅਤੇ ਮਜ਼ਬੂਤ ਸੀ। ਇਸ ਦੀ ਭੂਗੋਲਕ ਸਥਿਤੀ ਐਸੀ ਸੀ ਕਿ ਦੁਸ਼ਮਣ ਕਿਸੇ ਪਾਸਿਓਂ ਵੀ ਇਸ ਕਿਲੇ ਦੀ ਸੁਰੱਖਿਆ ਨੂੰ ਤੋੜਨ ਲਈ, ਕੋਈ ਪਰਭਾਵਸ਼ਾਲੀ ਕਾਰਵਾਈ ਨਹੀਂ ਕਰ ਸਕਦਾ ਸੀ।

ਇਹ ਕਿਲਾ ਇਕ ਐਸੀ ਪਹਾੜੀ 'ਤੇ ਉਸਾਰਿਆ ਗਿਆ ਸੀ ਜੋ ਇਸ ਇਲਾਕੇ ਦੀਆਂ ਪਹਾੜੀਆਂ ਤੋਂ ਸਭ ਤੋਂ ਉਚੀ ਸੀ। ਇਸ ਪਹਾੜੀ ਦੀ ਇਕ ਵਿਸ਼ੇਸ਼ਤਾ ਇਹ ਸੀ ਕਿ ਇਹ ਚੋਟੀ ਚਾਰੇ ਪਾਸਿਓਂ ਕਿਸੇ ਹੋਰ ਪਹਾੜੀ ਨਾਲ ਜੁੜੀ ਹੋਈ ਨਹੀਂ ਸੀ। ਇਸ ਤਰ੍ਹਾਂ ਇਹ ਚੋਟੀ ਚਾਰੇ ਪਾਸਿਓਂ ਨੀਵੀਂ ਸੀ ਅਤੇ ਇਉਂ ਨੀਵੀਂ ਹੋਣ ਕਰਕੇ, ਹੇਠਾਂ ਮੈਦਾਨੀ ਇਲਾਕੇ ਵਿਚੋਂ ਕੋਈ ਵੀ ਦੁਸ਼ਮਣ ਪਰਭਾਵਸ਼ਾਲੀ ਵਾਰ ਨਹੀਂ ਸੀ ਕਰ ਸਕਦਾ। ਇਸ ਚੋਟੀ ਤੋਂ, ਇਸ ਦੇ ਆਲੇ ਦੁਆਲੇ ਦੇ ਖੇਤਰ ਦੇ ਕਈ ਕਈ ਮੀਲ ਤਕ ਦੇ ਇਲਾਕੇ ਵਿਚ ਨਜ਼ਰਸਾਨੀ ਕੀਤੀ ਜਾ ਸਕਦੀ ਸੀ। ਇਸ ਤਰ੍ਹਾਂ ਕਿਲਾ ਆਨੰਦਗੜ੍ਹ, ਆਨੰਦ ਪੁਰ ਸਾਹਿਬ ਜਾਂ ਚੱਕ ਨਾਨਕੀ ਨਗਰ ਦਾ ਇਕ ਸੈਨਿਕ ਕੇਂਦਰ ਸੀ ਜਿਥੇ ਜੰਗੀ ਖਾਲਸੇ ਦੀ ਛਾਉਣੀ ਹਮੇਸ਼ਾਂ ਕਾਇਮ ਰਹਿੰਦੀ ਸੀ। ਚੱਕ ਨਾਨਕੀ ਨਗਰ ਵਿਖੇ ਗੁਰੂ ਜੀ ਦੇ ਪਰਿਵਾਰ ਦਾ ਵਾਸਾ ਸੀ ਜਦੋਂ ਕਿ ਕਿਲਾ ਆਨੰਦਗੜ੍ਹ ਵਿਖੇ

ਜੰਗੀ ਖਾਲਸੇ ਦਾ ਕੈਂਪ ਸੀ। ਇਨ੍ਹਾਂ ਦੋਹਾਂ, ਨਗਰ ਤੇ ਕਿਲੇ ਦੇ ਵਿਚਕਾਰ, ਤਖ਼ਤ ਸਿਰੀ ਕੇਸ ਗੜ੍ਹ ਸਾਹਿਬ ਵਾਲਾ ਅਸਥਾਨ ਗੁਰੂ ਜੀ ਦੇ ਦਰਬਾਰ ਲਗਾਉਣ ਵਾਲਾ ਜਾਂ ਹੋਰ ਧਾਰਮਕ ਦੀਵਾਨ ਆਦਿ ਸਜਾਉਣ ਵਾਲਾ ਅਸਥਾਨ ਸੀ।

ਆਨੰਦ ਗੜ੍ਹ ਦੇ ਕਿਲੇ ਦੀ ਸੁਰੱਖਿਆ ਨੂੰ ਜਾਂ ਇਸ ਦੇ ਸੈਨਿਕ ਆਧਾਰ ਨੂੰ ਹੋਰ ਮਜ਼ਬੂਤ ਕਰਨ ਲਈ ਇਥੇ ਇਕ ਬਾਉਲੀ ਖੁਦਵਾਈ ਗਈ ਤਾਂ ਕਿ ਇਸ ਬਾਉਲੀ ਵਿਚੋਂ ਹਰ ਸਮੇਂ ਪਾਣੀ ਪਰਾਪਤ ਕੀਤਾ ਜਾ ਸਕੇ। ਇਹ ਬਾਉਲੀ ਕਿਲੇ ਦੇ ਬਿਲਕੁਲ ਨਾਲ ਲਗਵੀਂ ਹੀ ਹੈ। ਇਸ ਬਾਰੇ ਇਹ ਵੀ ਸੁਣਿਆ ਹੈ ਕਿ ਕਿਲੇ ਵਿਚੋਂ ਇਕ ਰਸਤਾ ਬਾਉਲੀ ਅੰਦਰ ਜਾਂਦਾ ਸੀ। ਇਸ ਦਾ ਮਨੋਰਥ ਇਹ ਸੀ ਕਿ ਜੰਗ ਦੇ ਸਮੇਂ, ਦੁਸ਼ਮਣ ਦੇ ਜ਼ੋਰ ਪੈਣ 'ਤੇ ਸਿੰਘ, ਕਿਲੇ ਵਿਚੋਂ ਹੀ, ਸੁਰੱਖਿਅਤ ਰਹਿੰਦੇ ਹੋਏ, ਬਾਉਲੀ ਵਿਚੋਂ ਪਾਣੀ ਲੈ ਸਕਦੇ ਸੀ। ਭਾਈ ਕਾਨ੍ਹ ਸਿੰਘ ਨਾਭਾ ਅਨੁਸਾਰ : "ਇਸ ਕਿਲੇ ਅੰਦਰ ਇਕ ਬਾਵਲੀ ਹੈ ਜਿਸ ਦੀਆਂ ਪਉੜੀਆਂ ਉਤਰ ਕੇ ਚੜ੍ਹਨਾ ਔਖਾ ਹੋ ਜਾਂਦਾ ਹੈ ਅਤੇ ਇਸ ਬਾਵਲੀ ਦੇ ਇਰਦ ਗਿਰਦ ਇਹੋ ਜਿਹੀਆਂ ਗੁਪਤ ਕੋਠੜੀਆਂ ਹਨ ਜਿਨ੍ਹਾਂ ਅੰਦਰ ਆਦਮੀ ਚਲਾ ਜਾਵੇ ਤਾਂ ਇਹ ਬਾਹਰ ਦਾ ਰਸਤਾ ਮਿਲਣਾ ਮੁਸ਼ਕਲ ਹੋ ਜਾਂਦਾ ਹੈ।"[44] ਪਰ ਇਹ ਗੁਪਤ ਰਸਤਾ ਅਜ ਕਲ ਨਹੀਂ ਹੈ ਕਿਉਂਕਿ ਗੁਰੂ ਜੀ ਦੇ 1705 ਈ. ਵਿਚ ਆਨੰਦਪੁਰ ਸਾਹਿਬ ਨੂੰ ਛੱਡਣ ਪਿੱਛੋਂ ਦੁਸ਼ਮਣ ਨੇ ਇਥੋਂ ਦੇ ਸਾਰੇ ਕਿਲਿਆਂ ਨੂੰ ਬਿਲਕੁਲ ਢਹਿ-ਢੇਰੀ ਕਰ ਦਿੱਤਾ ਸੀ। ਇਹ ਤਬਾਹੀ ਇਤਨੇ ਵਡੇ ਪੱਧਰ ਦੀ ਸੀ ਕਿ ਦੁਸ਼ਮਣ ਨੇ ਕਿਲਿਆਂ ਦਾ ਨਾਂ ਨਿਸ਼ਾਨ ਤਕ ਮਿਟਾ ਦਿੱਤਾ ਸੀ। ਇਸ ਤਰ੍ਹਾਂ ਆਨੰਦਗੜ੍ਹ ਦਾ ਕਿਲਾ ਵੀ ਢਾਹ ਕੇ ਖ਼ਤਮ ਕਰ ਦਿੱਤਾ ਗਿਆ ਸੀ ਅਤੇ ਇਸ ਤਬਾਹੀ ਵਿਚ ਕਿਲੇ ਅਤੇ ਬਾਉਲੀ ਦੇ ਗੁਪਤ ਰਸਤੇ ਦਾ ਵੀ ਤਬਾਹ ਕੀਤਾ ਜਾਣਾ ਕੁਦਰਤੀ ਗੱਲ ਸੀ।

ਜੋ ਕਿਲਾ ਅਜ ਸਾਡੇ ਸਾਹਮਣੇ ਹੈ ਇਹ ਗੁਰੂ ਸਾਹਿਬ ਵਲੋਂ ਉਸਰਵਾਏ ਗਏ ਕਿਲੇ ਦਾ ਮੌਲਿਕ ਰੂਪ ਨਹੀਂ ਹੈ। ਇਹ ਮੌਜੂਦਾ ਰੂਪ ਗੁਰੂ ਸਾਹਿਬ ਦੇ ਸਮੇਂ ਤੋਂ ਬਹੁਤ ਪਿੱਛੋਂ ਸਿੱਖ ਮਿਸਲਾਂ ਵੇਲੇ ਉਸਾਰਿਆ ਗਿਆ ਸੀ। ਸੰਭਵ ਤੌਰ 'ਤੇ ਇਸ ਦੀ ਮੁੜ-ਉਸਾਰੀ ਸਰਦਾਰ ਜੱਸਾ ਸਿੰਘ ਆਹਲੂਵਾਲੀਆਂ ਦੇ ਸਮੇਂ ਵਿਚ ਹੋਈ ਸੀ। ਕੋਸ਼ਿਸ ਇਹੀ ਕੀਤੀ ਗਈ ਸੀ ਕਿ ਮੁੜ-ਉਸਾਰੀ ਤਕਰੀਬਨ ਪਹਿਲੇ ਮੌਲਿਕ ਰੂਪ ਦੇ ਅਨੁਸਾਰ ਹੀ ਕੀਤੀ ਜਾਵੇ। ਇਸ ਤਰ੍ਹਾਂ ਅਸੀਂ ਕਹਿ ਸਕਦੇ ਹਾਂ ਕਿ ਕਿਲੇ ਦਾ ਜੋ ਮੌਜੂਦਾ ਰੂਪ ਹੈ ਇਹ ਭਾਵੇਂ ਸਿੱਖ ਮਿਸਲਾਂ ਦੇ ਸਮੇਂ ਹੀ ਹੋਂਦ ਵਿਚ ਆਇਆ ਸੀ ਪਰ ਇਸ ਦਾ ਨਕਸ਼ਾ ਅਤੇ ਬਣਤਰ ਉਹੀ ਪਹਿਲੇ ਵਾਲੇ ਕਿਲੇ ਵਰਗੀ ਹੀ ਰੱਖੀ ਗਈ ਸੀ।

ਇਸ ਮੁੜ ਉਸਾਰੀ ਕਿਲਾ-ਨੁਮਾ ਇਮਾਰਤ ਨੂੰ ਪਿੱਛੋਂ 1735-36 ਈਸਵੀ ਵਿਚ ਮੁੜ ਠੀਕ ਕੀਤਾ ਗਿਆ। ਇਹ ਗਲ ਇਸ ਕਿਲੇ ਦੀ ਡਿਉਢੀ ਦੇ ਮੁਖ ਦੁਆਰ 'ਤੇ ਲਿਖੀ ਇਬਾਰਤ ਵਿਚ ਵੀ ਦਸੀ ਗਈ ਹੈ :

ੴ ਸ੍ਰੀ ਵਾਹਿਗੁਰੂ ਜੀ ਕੀ ਫਤਹ
ਸੋਰਠ—ਅਟਲ ਕਥਾ ਦੀ ਯਾਦ ਕਿਲਾ ਆਨੰਦਗੜ੍ਹ ਬਣ ਗਿਆ।
ਸਤਿਗੁਰੂ ਕੇ ਪ੍ਰਸਾਦਿ, ਸੇਵ ਕਰੀ ਕਰਤਾਰ ਸਿੰਘ।

---

44. *ਗੁਰਸ਼ਬਦ ਰਤਨਾਕਰ ਮਹਾਨ ਕੋਸ਼*, ਭਾਸ਼ ਵਿਭਾਗ, ਪੰਜਾਬ, ਪਟਿਆਲਾ, 1960 ਪੰਨਾ 100.

ਕਿਲਾ ਆਨੰਦਗੜ੍ਹ ਜੀ ਦੀ ਸੇਵਾ ਦਾ ਆਰੰਭ 1 ਮਘਰ, 1990 ਬਿ. ਤੇ ਸਮਾਪਤੀ ਪੋਹ 1992 ਨੂੰ ਹੋਈ। ਸ੍ਰੀ ਅੰਮ੍ਰਿਤਸਰ ਜੀ ਗੁਰੂ ਕੇ ਬਾਗ ਵਿਚ ਸੂਰਜ ਪਰਕਾਸ਼ ਦੀ ਕਥਾ ਸੁਣਨ ਵਾਲੀ ਸਮੂੰਹ ਸੰਗਤ ਵਲੋਂ ਭੇਟਾ ਕੀਤੀ ਮਾਇਆ ਨਾਲ ਗੁਰੂ ਘਰ ਦਾ ਕੂਕਰ ਗਿਆਨੀ ਕਰਤਾਰ ਸਿੰਘ ਕਲਾਸ ਵਾਲੀਆ ਹੈਡ ਗਰੰਥੀ ਸ੍ਰੀ ਦਰਬਾਰ ਸਾਹਿਬ ਸ੍ਰੀ ਅੰਮ੍ਰਿਤਸਰ ਜੀ।

ਇਸ ਤਰ੍ਹਾਂ ਗੁਰੂ ਜੀ ਨੇ ਇਕ ਬਹੁਤ ਹੀ ਚੰਗੇ ਜਰਨੈਲ ਵਾਂਗ ਇਸ ਕਿਲੇ ਦੀ ਸੁਰਖਿਆ ਨੂੰ ਬਹੁਤ ਮਜ਼ਬੂਤ ਬਣਾ ਕੇ ਰਖਿਆ ਸੀ। ਇਸ ਬਾਉਲੀ ਦੇ ਬਣਨ ਤੋਂ ਪਹਿਲਾਂ ਸਿਰਫ਼ ਸਤਲੁਜ ਦਰਿਆ ਤੋਂ ਹੀ ਪਾਣੀ ਲਿਆ ਜਾਂਦਾ ਸੀ। ਪਰ ਸਤਲੁਜ ਤੋਂ ਪਾਣੀ ਜੰਗ ਦੇ ਸਮੇਂ ਲਿਆਉਣਾ ਬਹੁਤ ਔਖਾ ਸੀ। ਇਸ ਤਰ੍ਹਾਂ ਪਾਣੀ ਦੀ ਮੁਸ਼ਕਲ ਨੂੰ ਹਲ ਕਰਕੇ ਇਸ ਕਿਲੇ ਨੂੰ ਹਰ ਲੋੜ ਵਿਚ ਆਤਮ-ਨਿਰਭਰ ਕਰ ਦਿੱਤਾ ਗਿਆ ਸੀ। ਇਹੀ ਕਾਰਨ ਸੀ ਕਿ ਦੁਸ਼ਮਣ ਅਨੇਕਾਂ ਵਾਰ ਹਮਲਾ ਕਰਨ ਦੇ ਬਾਵਜੂਦ ਵੀ ਆਨੰਦਗੜ੍ਹ ਦੇ ਕਿਲੇ ਨੂੰ ਫਤਿਹ ਨਹੀਂ ਕਰ ਸਕਿਆ। ਹਰ ਹਮਲੇ ਸਮੇਂ ਦੁਸ਼ਮਣ ਦੀ ਅੱਖ ਸਿਰਫ ਇਸ ਕਿਲੇ 'ਤੇ ਹੀ ਟਿਕੀ ਹੁੰਦੀ ਸੀ।

ਆਨੰਦਪੁਰ ਸਾਹਿਬ ਦੇ ਪਹਿਲੇ ਹਮਲੇ ਸਮੇਂ ਜਦੋਂ ਕਹਿਲੂਰ ਦਾ ਰਾਜਾ ਫਤਿਹ ਪਰਾਪਤ ਕਰਨ ਵਿਚ ਅਸਮਰਥ ਰਿਹਾ ਸੀ ਤਾਂ ਉਸ ਨੇ ਆਪਣੀ ਕੂਟਨੀਤੀ ਰਾਹੀਂ ਇਹੀ ਕਿਲਾ ਖਾਲੀ ਕਰਵਾਉਣ ਦੀ ਗਲ ਸੋਚੀ ਸੀ। ਇਹ ਕੂਟਨੀਤੀ ਸੀ ਗਊ ਦੀ ਕਸਮ ਚੁੱਕ ਕੇ ਕਿਲਾ ਖਾਲੀ ਕਰਵਾਉਣ ਦੀ। ਰਾਜਿਆਂ ਨੇ ਵਿਚਾਰ ਕੀਤੀ ਕਿ ਗੁਰੂ ਜੀ ਨੂੰ ਗਊ ਦੀ ਕਸਮ ਚੁੱਕ ਕੇ ਵਿਸ਼ਵਾਸ਼ ਦਿਵਾ ਦਿੱਤਾ ਜਾਵੇ ਕਿ ਜੇਕਰ ਉਹ ਅਨੰਦਗੜ੍ਹ ਦਾ ਕਿਲਾ ਖਾਲੀ ਕਰ ਜਾਣ ਤਾਂ ਉਨ੍ਹਾਂ ਨੂੰ ਕੁਝ ਨਹੀਂ ਕਿਹਾ ਜਾਵੇਗਾ ਅਤੇ ਕੁਝ ਸਮੇਂ ਬਾਅਦ ਗੁਰੂ ਜੀ ਫਿਰ ਵਾਪਸ ਆ ਕੇ ਰਹਿ ਸਕਦੇ ਸਨ। ਰਾਜੇ ਇਸ ਚਾਲ ਨਾਲ ਆਪਣੀ ਸੈਨਿਕ ਕਮਜ਼ੋਰੀ ਲੁਕਾਉਣਾ ਚਾਹੁੰਦੇ ਸਨ। ਗੁਰੂ ਜੀ ਦਾ ਸਮਕਾਲੀ ਕਵੀ ਸੈਨਾਪਤੀ ਇਸ ਬਾਰੇ ਲਿਖਦਾ ਹੈ :

ਕੇਤਕ ਦਿਨ ਇਹ ਭਾਂਤ ਕਰਿ ਭਯੋ ਜੁਧ ਸੰਗਰਾਮ ॥
ਪਰਬਲ ਭਯੋ ਤਹ ਖਾਲਸਾ ਰਾਜਨ ਮਾਨੀ ਆਨ
ਤਬ ਉਪਾਵ ਰਾਜੇ ਇਮ ਕੀਨਾ। ਮੰਤਰੀ ਸੋ ਬਿਚਾਰ ਕਰਿ ਲੀਨਾ।
ਇਹੀ ਭਾਂਤ ਦਾਵ ਕਰ ਆਵੈ। ਅਉਰ ਕਛੁ ਨਹੀ ਹੋਤ ਉਪਾਵੈ ॥
ਏਕ ਆਨ ਸਤਿਗੁਰ ਕੋ ਦੀਜੈ। ਤਬੈ ਠਾਵ ਅਪਨੀ ਕਰਿ ਲੀਜੈ।
ਗਊ ਬਾਂਧਿ ਰਾਵ ਤਹ ਗਯੇ। ਛਾਡੋ ਗਾਂਵ ਭਾਂਤ ਇਹ ਕਹਿਯੋ ॥[45]

ਰਾਜਿਆਂ ਦੀ ਇਸ ਕਸਮ 'ਤੇ ਗੁਰੂ ਜੀ ਕੁਝ ਸਮੇਂ ਲਈ ਕਿਲਾ ਆਨੰਦਗੜ੍ਹ ਖਾਲੀ ਕਰਨਾ ਮੰਨ ਗਏ। ਗੁਰੂ ਜੀ ਖਾਹਮੁਖਾਹ ਦੀ ਲੜਾਈ ਨਹੀਂ ਲੜਨਾ ਚਾਹੁੰਦੇ ਸਨ। ਗੁਰੂ ਜੀ ਦਾ ਵਿਚਾਰ ਸੀ ਕਿ ਜੇਕਰ ਕੁਝ ਸਮੇਂ ਲਈ ਕਿਲਾ ਖਾਲੀ ਕਰ ਜਾਣ ਨਾਲ, ਲੜਾਈ ਟਲ ਸਕਦੀ ਹੈ ਤਾਂ ਇਹ ਸਮਝੌਤਾ ਕੋਈ ਮਾੜਾ ਨਹੀਂ। ਇਸ ਤਰ੍ਹਾਂ ਗੁਰੂ ਜੀ, ਰਾਜਿਆਂ ਵਲੋਂ ਗਊ ਦੀ ਕਸਮ ਰਾਹੀਂ ਯਕੀਨ ਦੁਆਉਣ 'ਤੇ, ਕਿਲਾ ਖਾਲੀ ਕਰ ਕੇ ਨਿਰਮੋਹ ਗੜ੍ਹ ਵਾਲੀ ਥਾਂ 'ਤੇ

45. *ਸ੍ਰੀ ਗੁਰ ਸੋਭਾ*, ਧਿਆਇ ਅਠਵਾਂ।

ਚਲੇ ਗਏ। ਕਵੀ ਸੈਨਾਪਤਿ ਅਨੁਸਾਰ :

ਸ੍ਰਵਨ ਸੁਨਤ ਗੋਬਿੰਦ ਸਿੰਘ ਦਾਤੇ। ਛਾਡੀ ਠਉਰ ਕਰੀ ਯਹ ਬਾਤੇ।
ਪੁਰ ਨਿਰਮੋਹ ਕੀਨੇ ਬਿਸ੍ਰਾਮਾ। ਭੇਜੀ ਫਉਜ ਹਨਨ ਕੋ ਗਰਾਮਾ।[46]

ਇਸ ਤਰ੍ਹਾਂ ਗੁਰੂ ਸਾਹਿਬ ਨਿਰਮੋਹਗੜ੍ਹ ਦੇ ਅਸਥਾਨ 'ਤੇ ਆਏ। ਪਰ ਪਹਾੜੀ ਰਾਜਿਆਂ ਨੇ ਆਪਣੀਆਂ ਕਸਮਾਂ ਭੁਲਾ ਕੇ ਅਤੇ ਸਰਹਿੰਦ ਦੇ ਸੂਬੇਦਾਰ ਦੀ ਕੁਝ ਫੌਜ ਕਿਰਾਏ 'ਤੇ ਲੈ ਕੇ ਹਮਲਾ ਕਰ ਦਿੱਤਾ। ਜਿਸ ਦੇ ਸਿੱਟੇ ਵਜੋਂ ਗੁਰੂ ਜੀ ਨੂੰ ਇਥੇ ਬਹੁਤ ਤਕੜੀ ਲੜਾਈ ਲੜਨੀ ਪਈ। ਇਥੋਂ ਲੜਦੇ ਹੋਏ ਬਸਾਲੀ ਪਿੰਡ ਵਿਚ ਜਾ ਕੇ ਕੈਂਪ ਲਾ ਲਿਆ। ਫਿਰ ਇਥੋਂ ਸਤਲੁਜ ਦਰਿਆ ਦੇ ਕੰਢੇ 'ਤੇ ਭਿਬੋਰ ਸਾਹਿਬ ਦੇ ਅਸਥਾਨ 'ਤੇ ਆ ਟਿਕੇ। ਇਥੇ ਰਹਿੰਦਿਆ ਕਹਿਲੂਰ ਦਾ ਰਾਜਾ ਫਿਰ ਗੁਰੂ ਜੀ ਦੀ ਸ਼ਰਨ ਆ ਗਿਆ। ਸਿੱਟੇ ਵਜੋਂ ਗੁਰੂ ਜੀ ਨੇ ਫਿਰ ਆਨੰਦਪੁਰ ਸਾਹਿਬ ਵਾਪਸ ਆ ਕੇ ਕਿਲਾ ਆਨੰਦਗੜ੍ਹ ਨੂੰ ਬਸਾ ਲਿਆ। ਕਵੀ ਸੈਨਾਪਤੀ ਅਨੁਸਾਰ :

ਫੇਰ ਬਸਿਓ ਆਨੰਦ ਗੜ੍ਹ ਰਾਜਨ ਮਾਨੀ ਆਨ।
ਬੈਸਾਲੀ ਤੇ ਕੂਚ ਕਰ ਬਸੇ ਪ੍ਰਭੁ ਤਿਹ ਥਾਨ।[47]

ਪਰ ਕਿਉਂਕਿ ਖਾਲਸਾ ਆਪਣੀ ਸੁਤੰਤਰ ਹੋਂਦ ਦਾ ਮਾਲਕ ਸੀ ਇਸ ਲਈ ਖਾਲਸੇ ਨੇ ਆਪਣੀ ਸੁਤੰਤਰ ਹੋਂਦ ਕਾਇਮ ਰਖਦਿਆਂ ਆਨੰਦਪੁਰ ਸਾਹਿਬ ਦੇ ਆਲੇ ਦੁਆਲੇ ਦੇ ਅਨੇਕਾਂ ਪਿੰਡਾਂ ਨੂੰ ਆਪਣੇ ਅਧੀਨ ਕਰ ਲਿਆ ਸੀ। ਜਿਸ ਦੇ ਸਿੱਟੇ ਵਜੋਂ ਕਹਿਲੂਰ ਦੇ ਰਾਜੇ ਨੇ ਫਿਰ ਤੋਂ ਹੋਰ ਰਾਜਿਆਂ ਦੀ ਮਦਦ ਨਾਲ ਆਨੰਦਗੜ੍ਹ ਕਿਲੇ ਨੂੰ ਆ ਘੇਰਿਆ। ਬਹੁਤ ਖੂਨ ਖ਼ੀਟਵੀ ਲੜਾਈ ਹੋਈ। ਖਾਲਸੇ ਨੇ ਇਸ ਵਾਰ ਵੀ ਦੁਸ਼ਮਣ ਨੂੰ ਪਿਛਾਂਹ ਧੱਕ ਦਿੱਤਾ ਸੀ। ਕਵੀ ਸੈਨਾਪਤਿ ਨੇ ਇਸ ਲੜਾਈ ਦਾ ਅਖੀਂ ਦੇਖਿਆ ਹਾਲ ਪੂਰੇ ਵਿਸਥਾਰ ਨਾਲ ਦਿੱਤਾ ਹੈ। ਇਸ ਅਨੁਸਾਰ ਰਾਜਿਆਂ ਨੇ ਇਕ ਵਾਰ ਹਾਰ ਜਾਣ ਪਿੱਛੋਂ ਸਭ ਫ਼ੌਜਾਂ ਨੂੰ ਫਿਰ ਤੋਂ ਜਥੇਬੰਦ ਕੀਤਾ ਅਤੇ ਪੂਰੀ ਤਿਆਰੀ ਨਾਲ ਹਮਲਾ ਕਰ ਕੇ ਆਨੰਦਗੜ੍ਹ, ਕਿਲੇ ਦੇ ਬਹੁਤ ਨੇੜੇ ਪਹੁੰਚ ਗਏ ਅਤੇ ਗੁਰੂ ਜੀ ਨੂੰ ਅਲਟੀਮੇਟਮ ਭੇਜ ਦਿੱਤਾ ਕਿ ਉਹ ਆਨੰਦਗੜ੍ਹ ਦਾ ਕਿਲਾ ਖਾਲੀ ਕਰ ਜਾਣ :

ਤਬ ਰਾਜਨ ਯਹ ਬਿਧਿਕਰੀ ਸੈਨਾ ਲਈ ਬੁਲਾਇ।
ਸਕਲ ਸੰਗ ਦਲ ਜੋਰਿ ਕੇ ਨਿਕਟ ਪਹੂਚੇ ਆਇ।
ਫੇਰਿ ਲਿਖਾ ਰਾਜਨ ਕੀਓ ਸੁਨਹੁ ਗਰੀਬ ਨਿਵਾਜ।
ਅਬ ਛਾਡੋ ਆਨੰਦ ਗੜ੍ਹ ਭਲੀ ਬਾਤ ਹੈ ਆਜ।[48]

ਪਰ ਗੁਰੂ ਸਾਹਿਬ ਇਸ ਦੇ ਜਵਾਬ ਵਜੋਂ ਪੂਰੀ ਤਿਆਰ ਨਾਲ, ਖਾਲਸੇ ਦੀ ਮੋਰਚਾਬੰਦੀ ਕਰਵਾਕੇ, ਜਵਾਬੀ ਹਮਲੇ ਲਈ ਡਟ ਗਏ। ਦੋਹਾਂ ਪਾਸਿਆਂ ਤੋਂ ਪੂਰੇ ਜ਼ੋਰ-ਸ਼ੋਰ ਨਾਲ ਹਮਲੇ 'ਤੇ ਹਮਲਾ ਕੀਤਾ ਜਾਂਦਾ ਸੀ। ਇਸ ਸਮੇਂ ਗੁਰੂ ਜੀ ਨੇ ਆਨੰਦਗੜ੍ਹ ਦੇ ਕਿਲੇ ਤੋਂ ਤੋਪ ਦੇ ਗੋਲੇ

46. *ਉਕਤ*, ਧਿਆਉ ਉਹੀ।
47. *ਉਕਤ*, ਧਿਆਉ ਗਿਆਰਵਾਂ।
48. *ਉਕਤ*, ਧਿਆਉ ਉਹੀ।

ਦਾਗਣੇ ਸ਼ੁਰੂ ਕਰਵਾਏ। ਕਿਲੇ ਤੋਂ ਤੋਪ ਦੇ ਚਲਣ ਨਾਲ ਦੁਸ਼ਮਣ ਨੂੰ ਬਹੁਤ ਹੈਰਾਨੀ ਹੋਈ ਤੇ ਮਾਰ ਖਾ ਕੇ ਪਿਛਾਹ ਹਟਣਾ ਪਿਆ।

ਰਾਜਨ ਕੇ ਅਸਵਾਨ ਗਏ ਜਬ ਆਨੰਦ ਕੋਟ ਤੇ ਤੋਪ ਛੁਟਕੇ।[49]

ਸਿੱਟੇ ਵਜੋਂ ਦੁਸ਼ਮਣ ਨੂੰ ਪਿਛਾਂਹ ਹਟਣਾ ਪਿਆ ਇਥੋਂ ਹਾਰ ਖਾ ਕੇ ਰਾਜਿਆਂ ਨੇ ਸਰਹਿੰਦ ਦੇ ਸੂਬੇਦਾਰ ਕੋਲੋਂ ਫੌਜ ਕਿਰਾਏ 'ਤੇ ਲਈ ਤੇ ਕਿਹਾ ਕਿ ਜੇਕਰ ਉਹ ਉਨ੍ਹਾਂ ਨੂੰ ਆਨੰਦ ਗੜ੍ਹ ਦਾ ਕਿਲਾ ਫਤਿਹ ਕਰਵਾ ਦੇਣ ਤਾਂ ਇਸ ਦੇ ਇਵਜ਼ਾਨੇ ਵਜੋਂ ਪੂਰਾ ਮੁਆਵਜ਼ਾ ਦਿੱਤਾ ਜਾਵੇਗਾ।

ਰਾਜੇ ਭਾਜ ਤੁਰਕ ਪੈ ਆਏ। ਸਭ ਤੁਰਕਨ ਕੋ ਭੇਦ ਬਤਾਏ।
ਅਬ ਹਮਰੋ ਉਪਰਾਲੋ ਕੀਜੈ। ਆਨੰਦ ਗੜ੍ਹ ਹਮ ਕੋ ਲੈ ਦੀਜੈ।[50]

ਇਸ ਤਰ੍ਹਾਂ ਆਪਣੀਆਂ ਸਭ ਗੁਆਂਢੀ ਰਿਆਸਤਾਂ ਅਤੇ ਸੂਬਿਆਂ ਦੀਆਂ ਮਿਲਵੀਆਂ ਫੌਜਾਂ ਨਾਲ ਕਹਿਲੂਰ ਦੇ ਰਾਜਾ ਅਜਮੇਰ ਚੰਦ ਨੇ ਦੁਬਾਰਾ ਫਿਰ ਹਮਲਾ ਕੀਤਾ। ਇਸ ਵਾਰ ਅਣਗਿਣਤ ਫੌਜ ਦੇ ਹੋਣ ਕਾਰਨ ਸਾਰੇ ਨਗਰ ਨੂੰ ਬਹੁਤ ਜ਼ਬਰਦਸਤ ਘੇਰਾ ਪਾਇਆ ਗਿਆ ਜਿਸ ਦੇ ਸਿੱਟੇ ਵਜੋਂ ਅੰਦਰਲੇ ਲੋਕ ਅਤੇ ਲੜਾਕੇ ਸਿੰਘ ਰਸਦ ਪਾਣੀ ਵਲੋਂ ਬਹੁਤ ਤੰਗ ਹੋ ਗਏ ਅਤੇ ਕੁਝ-ਸਮੇਂ ਪਿੱਛੋਂ ਗੁਰੂ ਜੀ ਖਾਲਸੇ ਸਮੇਤ, ਨਗਰ ਅਤੇ ਕਿਲਾ ਛੱਡ ਕੇ ਰੋਪੜ ਵਲ ਨੂੰ ਰਵਾਨਾ ਹੋ ਗਏ।

ਇਥੇ ਇਸ ਤਰ੍ਹਾਂ ਇਨ੍ਹਾਂ ਲੜਾਈਆਂ ਦਾ ਸੰਖੇਪ ਹਾਲ ਦੱਸਣ ਦਾ ਮਤਲਬ ਸਿਰਫ ਇਹੀ ਹੈ ਕਿ ਦੁਸ਼ਮਣ ਨੇ ਜਿਤਨੀ ਵਾਰ ਵੀ ਆਨੰਦਪੁਰ ਸਾਹਿਬ ਨਗਰ 'ਤੇ ਹਮਲਾ ਕੀਤਾ ਉਤਨੀ ਬਾਰ ਹੀ ਦੁਸ਼ਮਣ ਦਾ ਮੁਖ ਨਿਸ਼ਾਨਾ ਕਿਲਾ ਆਨੰਦ ਗੜ੍ਹ ਹੀ ਹੁੰਦਾ ਸੀ। ਇਹ ਕਿਲਿਆਂ ਦਾ ਸਿਰਮੌਰ ਕਿਲਾ ਸੀ ਅਤੇ ਇਉਂ ਸੈਨਿਕ ਦਰਿਸ਼ਟੀਕੋਣ ਤੋਂ ਖਾਲਸੇ ਦੀ ਸੈਨਿਕ ਨੀਤੀ ਦਾ ਕੇਂਦਰੀ ਅਸਥਾਨ ਸੀ।

ਜਿਵੇਂ ਕਿ ਪਹਿਲਾਂ ਲਿਖਿਆ ਜਾ ਚੁਕਿਆ ਹੈ ਕਿ ਆਨੰਦਪੁਰ ਸਾਹਿਬ ਦੇ ਛੱਡ ਜਾਣ ਪਿੱਛੋਂ ਪਹਾੜੀ ਰਾਜਿਆਂ ਨੇ ਇਸ ਪਵਿਤਰ ਨਗਰ ਦੀ ਦਿਲ ਭਰ ਕੇ ਤਬਾਹੀ ਕੀਤੀ ਸੀ। ਇਸ ਤਬਾਹੀ ਵਿਚ ਇਸ ਮਹਾਨ ਕਿਲੇ ਦਾ ਬਿਲਕੁਲ ਹੀ ਨਾਂ-ਨਿਸ਼ਾਨ ਮਿਟਾ ਦਿੱਤਾ ਗਿਆ ਸੀ। ਨਾਲ ਲਗਦੀ ਬਾਉਲੀ ਨੂੰ ਢਾਹ ਦਿੱਤਾ ਗਿਆ ਸੀ। ਇਸ ਪਿੱਛੋਂ ਕਾਫ਼ੀ ਲੰਮੇ ਸਮੇਂ ਤਕ ਤਾਂ ਇਹ ਨਗਰ ਤੇ ਇਥੋਂ ਦੇ ਇਤਿਹਾਸਕ ਅਸਥਾਨ ਉਸੇ ਤਰ੍ਹਾਂ ਉਜਾੜ ਪਏ ਰਹੇ। ਸੋਢੀ ਗੁਲਾਬ ਰਾਏ ਅਤੇ ਸ਼ਾਮ ਸਿੰਘ ਗੁਰੂ ਸਾਹਿਬ ਦੇ ਰਹਿਣ ਵਾਲੀ ਥਾਂ ਨੂੰ ਤਾਂ ਮੁੱਲ ਲੈ ਕੇ ਮੁੜ ਤੋਂ ਆਬਾਦ ਕਰ ਲਿਆ ਸੀ ਪਰ ਕਿਲਿਆਂ ਵਾਲੀ ਥਾਂ ਉਸ ਤਰ੍ਹਾਂ ਉਜਾੜ ਪਈ ਰਹੀ। ਸਿੱਖ ਮਿਸਲਦਾਰਾਂ ਨੇ ਆਪਣਾ ਆਪਣਾ ਰਾਜ ਕਾਇਮ ਕਰਨ ਪਿੱਛੋਂ ਸਭ ਤੋਂ ਪਹਿਲਾਂ ਕੰਮ ਇਸ ਇਤਿਹਾਸਕ ਅਸਥਾਨ ਨੂੰ ਮੁੜ ਤੋਂ ਉਸਾਰਨ ਦਾ ਕੀਤਾ ਸੀ। ਇਸ ਤਰ੍ਹਾਂ ਕਿਲਾ ਆਨੰਦ-ਗੜ੍ਹ

---

49. *ਉਕਤ*, ਕੋਇਰ ਸਿੰਘ ਨੇ ਵੀ ਇਸੇ ਤਰ੍ਹਾਂ ਲਿਖਿਆ ਹੈ :
ਸਭ ਕਰਤ ਹੱਲਾ ਕੋਟ ਪੈ ਤਬ ਗੁਰੂ ਚਲਾਵਤ ਤੋਪ ਕੋ।
ਕੇਸ ਗੜ੍ਹ ਤੇ ਛੁਟਤ ਇਮ ਜਿਮ ਕਰਤ ਬਿਜਲੀ ਓਪ ਕੋ।
ਕੋਇਰ ਸਿੰਘ, *ਗੁਰਬਿਲਾਸ ਪਾਤਸ਼ਾਹੀ 10* (ਸੰ. ਸ਼ਮਸ਼ੇਰ ਸਿੰਘ ਅਸ਼ੋਕ), ਪੰਜਾਬੀ ਯੂਨੀਵਰਸਿਟੀ, 1968, ਪੰਨਾ 156.
50. *ਉਕਤ*, ਧਿਆਉ ਉਹੀ।

ਦੀ ਮੁੜ ਉਸਾਰੀ ਹੋਈ। ਇਸ ਕੰਮ ਵਿਚ ਸਿੱਖ ਮਿਸਲਦਾਰਾਂ ਅਤੇ ਰਾਜਿਆਂ ਨੇ ਇੱਕ ਦੂਜੇ ਨਾਲੋਂ ਵਧ ਚੜ੍ਹ ਕੇ ਜਗੀਰਾਂ ਅਤੇ ਚੜ੍ਹਾਵੇ ਆਦਿ ਦਿੱਤੇ। ਰਿਆਸਤ ਕਲਸੀਆ ਵਲੋਂ 371 ਰੁਪਏ ਸਾਲਾਨਾ ਮੁਲ ਦੀ ਜਾਗੀਰ ਕਿਲਾ ਆਨੰਦਗੜ੍ਹ ਦੇ ਨਾਂ ਲੁਆਈ ਗਈ। ਚੰਦਪੁਰ, ਬੁਰਜ, ਚੀਕਣਾ ਅਤੇ ਮੋਹਦੜੀ ਪਿੰਡਾਂ ਦਾ ਮੁਆਮਲਾ ਇਸ ਕਿਲੇ ਦੇ ਨਾਂ ਲੁਆਇਆ ਗਿਆ। ਇਨ੍ਹਾਂ ਪਿੰਡਾਂ ਤੋਂ 1600 ਰੁ. ਸਲਾਨਾ ਦੀ ਆਮਦਨ ਹੁੰਦੀ ਸੀ। 125 ਘੁਮਾਂ ਜ਼ਮੀਨ ਆਨੰਦਪੁਰ ਸਾਹਿਬ ਦੇ ਵਿਚ ਹੀ ਇਸ ਕਿਲੇ ਨਾਲ ਸੀ।[51]

ਕਿਲਾ ਆਨੰਦ ਗੜ੍ਹ ਸਾਹਿਬ ਕੰਪਲੈਕਸ ਦੀ ਕਾਰ ਸੇਵਾ : ਜੋ ਸਰੂਪ ਇਸ ਕੰਪਲੈਕਸ ਦਾ ਇਸ ਸਮੇਂ ਸਾਡੇ ਸਾਹਮਣੇ ਹੈ ਇਹ ਸਭ ਸੰਤ ਬਾਬਾ ਸੇਵਾ ਸਿੰਘ ਜੀ ਨੌਰੇਵਾਲੇ ਅਤੇ ਉਨ੍ਹਾਂ ਦੇ ਦੋ ਮਹਾਨ ਉਤਰ ਅਧਿਕਾਰੀ ਸੰਤਾਂ, ਸੰਤ ਬਾਬਾ ਭਾਗ ਸਿੰਘ ਜੀ ਅਤੇ ਸੰਤ ਬਾਬਾ ਲਾਭ ਸਿੰਘ ਜੀ ਦੀਆਂ ਮਹਾਨ ਸੇਵਾਵਾਂ ਦਾ ਸਿੱਟਾ ਹੈ। ਇਨ੍ਹਾਂ ਸੰਤ ਮਹਾਂਪੁਰਸ਼ਾਂ ਨਾਲ ਗਲਾਂ ਬਾਤਾਂ ਕਰਨ ਤੋਂ ਜੋ ਜਾਣਕਾਰੀ, ਇਸ ਕੰਪਲੈਕਸ ਦੀ ਕਾਰ ਸੇਵਾ ਬਾਰੇ, ਪਰਾਪਤ ਹੋਈ ਹੈ ਉਸ ਅਨੁਸਾਰ ਇਸ ਦਾ ਵੇਰਵਾ ਇਉਂ ਹੈ: ਸੰਨ 1912 ਈਸਵੀ ਵਿਚ ਸੰਤ ਬਾਬਾ ਸੇਵਾ ਸਿੰਘ ਜੀ ਨੌਰੇਵਾਲੇ ਇਥੇ ਦਰਸ਼ਨਾਂ ਨੂੰ ਆਏ ਤਾਂ ਇਥੇ ਰਹਿ ਰਹੀ ਇਕ ਬਿਰਧ ਮਾਤਾ ਅਗੋਂ ਮਿਲੀ ਅਤੇ ਉਸ ਨੇ ਸੰਤ ਜੀ ਬਾਰੇ ਪੁਛਿਆ। ਸੰਤਾਂ ਨੇ ਜਵਾਬ ਦਿੱਤਾ ਕਿ ਉਹ ਇਸ ਪਵਿਤਰ ਕਿਲੇ ਦੇ ਦਰਸ਼ਨ ਕਰਨ ਆਏ ਹਨ। ਮਾਤਾ ਜੀ ਨੇ ਅਗੋਂ ਨਿਹੋਰੇ ਨਾਲ ਕਿਹਾ ਕਿ ਕੀ ਤੂੰ ਇਥੇ ਕਿਲੇ ਦੇ ਖੰਡਰ ਦੇਖਣ ਆਇਆ ਹੈਂ? ਇਹ ਕਹਿ ਕੇ ਮਾਤਾ ਜੀ ਤਾਂ ਚਲੇ ਗਏ ਪਰ ਇਹ ਗੱਲ ਬਾਬਾ ਜੀ ਦੇ ਦਿਲ ਵਿਚ ਬੈਠ ਗਈ ਅਤੇ ਬਾਬਾ ਜੀ ਨੇ ਉਸ ਸਮੇਂ ਹੀ ਇਹ ਨਿਸ਼ਚਾ ਕਰ ਲਿਆ ਸੀ ਕਿ ਇਸ ਮਹਾਨ ਅਸਥਾਨ ਨੂੰ ਖੰਡਰਾਂ ਦੇ ਰੂਪ ਵਿਚ ਨਹੀਂ ਰਹਿਣ ਦਿੱਤਾ ਜਾਵੇਗਾ ਸਗੋਂ ਇਥੇ ਅਸਮਾਨ ਨੂੰ ਛੂਹਣ ਵਾਲੇ ਗੁਬੰਦ ਉਸਾਰੇ ਜਾਣਗੇ।

ਉਸ ਸਮੇਂ ਇਥੇ ਸਭ ਤੋਂ ਵੱਡੀ ਜੋ ਮੁਸ਼ਕਲ ਸੀ ਉਹ ਸੀ ਕਿ ਇਥੇ ਨਾ ਪੀਣ ਲਈ ਪਾਣੀ ਸੀ ਅਤੇ ਨਾ ਹੀ ਠਹਿਰਣ ਲਈ ਕੋਈ ਮਕਾਨ ਸੀ। ਇਹ ਸਾਰੀ ਥਾਂ ਉਜਾੜ ਅਤੇ ਖੰਡਰਾਤਾਂ ਦੇ ਰੂਪ ਵਿਚ ਹੀ ਸੀ। ਤਖ਼ਤ ਕੇਸਗੜ੍ਹ ਸਾਹਿਬ ਨੂੰ ਸਿਧਾ ਕੋਈ ਰਾਹ ਨਹੀਂ ਸੀ ਐਵੇਂ ਮੋੜ-ਘੋੜ ਵਾਲੀਆਂ ਡੰਡੀਆਂ ਸਨ। ਸਾਰੇ ਪਾਸੇ ਰੇਤਲੀਆਂ ਪਹਾੜੀਆਂ, ਉਗੀ ਹੋਈ ਕਾਹੀ ਅਤੇ ਝਾੜ-ਮਲ੍ਹੇ ਹੀ ਸਨ। ਜਿਹੜੀ ਬਾਉਲੀ ਇਸ ਸਮੇਂ ਬਹੁਤ ਸੋਹਣੇ ਸਰੂਪ ਵਿਚ ਹੈ ਇਹ ਵੀ ਖੰਡਰਾਤ ਦੇ ਰੂਪ ਵਿਚ ਹੀ ਸੀ। ਇਸ ਦਾ ਪਾਣੀ ਗੰਦਾ ਹੋਇਆ ਪਿਆ ਸੀ, ਪਾਣੀ ਵਿਚ ਕੀੜੇ ਮਕੋੜੇ ਪੈ ਚੁੱਕੇ ਸਨ ਅਤੇ ਪਾਣੀ ਦਾ ਸੁਆਦ ਕੌੜਾ ਹੋ ਚੁਕਿਆ ਸੀ। ਇਸ ਲਈ ਜਦੋਂ ਬਾਬਾ ਸੇਵਾ ਸਿੰਘ ਜੀ ਨੇ ਇਥੇ ਆ ਕੇ ਡੇਰਾ ਕੀਤਾ ਤਾਂ ਪਾਣੀ ਦੀ ਲੋੜ ਸਾਹਮਣੇ ਵਾਲੇ ਸ਼ਹੀਦੀ ਬਾਗ ਵਿਚ ਲਗੇ ਹੋਏ ਖੂਹ ਤੋਂ ਪੂਰੀ ਕੀਤੀ ਜਾਂਦੀ ਸੀ। ਬਾਬਾ ਜੀ ਨੇ ਇਥੇ ਰਹਿਣ ਲਈ ਪੂਲਿਆਂ ਦਾ ਛੱਪਰ ਬਣਵਾਇਆ ਅਤੇ ਆਲੇ ਦੁਆਲੇ ਦੇ ਪਿੰਡਾਂ ਵਿਚ ਪੈਦਲ ਜਾ ਕੇ ਹੀ ਰਸਦ ਪਾਣੀ ਨੂੰ ਇਕੱਠਾ ਕਰ ਕੇ ਲਿਆਂਦਾ ਜਾਂਦਾ ਸੀ। ਦੂਰ ਦੇ ਪਿੰਡਾਂ ਵਿਚ ਊਠਾਂ 'ਤੇ ਜਾਇਆ ਜਾਂਦਾ ਸੀ।

ਕਾਰ ਸੇਵਾ ਦੀ ਸ਼ੁਰੂਆਤ ਕਰਨ ਸਮੇਂ ਬਾਬਾ ਜੀ ਨੇ ਪਠਲਾਵੇ ਵਾਲੇ ਸੰਤ ਘਨਈਆ

---

51. ਭਾਈ ਕਾਨ੍ਹ ਸਿੰਘ ਨਾਭਾ, *ਪੂਰਵਅੰਕਤ*, ਪੰਨਾ 75.

ਸਿੰਘ ਤੋਂ ਸਹਿਯੋਗ ਮੰਗਿਆ। ਉਹ ਵੀ ਨਾਲ ਖੜੇ। ਕੜਾਹ ਪਰਸ਼ਾਦ ਦੀ ਦੇਗ ਤਿਆਰ ਕਰ ਕੇ ਸੰਤ ਘਨਈਆ ਸਿੰਘ ਜੀ ਨੇ ਬਾਉਲੀ ਸਾਹਿਬ ਦੇ ਜਲ ਵਿਚ ਖੜਿਆਂ ਹੋ ਕੇ ਅਰਦਾਸ ਕੀਤੀ। ਇਸ ਅਰਦਾਸ ਉਪਰੰਤ ਬਾਉਲੀ ਸਾਹਿਬ ਦੇ ਜਲ ਨੂੰ ਵਰਤਣਾ ਸ਼ੁਰੂ ਕਰ ਦਿੱਤਾ। ਇਸ ਤਰ੍ਹਾਂ ਪਾਣੀ ਦੇ ਵਰਤੋਂ ਵਿਚ ਆ ਜਾਣ ਕਰਕੇ ਬਾਉਲੀ ਸਾਹਬਿ ਵਿਚੋਂ ਪਾਣੀ ਨਿਕਲਣਾ ਸ਼ੁਰੂ ਹੋ ਗਿਆ ਅਤੇ ਤਾਜ਼ਾ ਪਾਣੀ ਆਉਣ ਲਗ ਪਿਆ। ਸਰਕੰਡੇ ਦਾ ਛੱਪਰ ਪੁਆ ਕੇ ਉਸ ਵਿਚ ਲੰਗਰ ਸ਼ੁਰੂ ਕਰ ਦਿੱਤਾ ਗਿਆ।

ਪਹਿਲਾਂ ਬਾਬਾ ਜੀ ਪੇਂਡੂ ਮਾਤਾਵਾਂ ਨੂੰ ਕਿਹਾ ਕਰਦੇ ਸਨ ਕਿ ਉਹ ਆਪਣੇ ਪੀਹਣ ਵਾਲੇ ਆਟੇ ਵਿਚੋਂ ਹਰ ਰੋਜ਼ ਇਕ ਮੁੱਠੀ ਦਾਣਿਆਂ ਦੀ ਗੁਰੂ ਕੇ ਲੰਗਰ ਲਈ ਕਢਿਆ ਕਰਨ ਅਤੇ ਇਸ ਤਰ੍ਹਾਂ ਇਕੱਠਾ ਹੋਏ ਪੀਹਣੇ ਨੂੰ ਪੀਹ ਕੇ ਗੁਰੂ ਕੇ ਲੰਗਰ ਲਈ ਚੜ੍ਹਾਇਆ ਕਰਨ। ਫਲਸਰੂਪ ਚੌਵੀ ਘੰਟੇ ਗੁਰੂ ਦਾ ਅਤੁਟ ਲੰਗਰ ਵਰਤਣਾ ਸ਼ੁਰੂ ਹੋਇਆ। ਸੰਤ ਸੇਵਾ ਸਿੰਘ ਜੀ ਚਾਹੁੰਦੇ ਸਨ ਕਿ ਗੁਰੂ ਕੇ ਲੰਗਰ ਵਿਚ ਇਕ ਤਾਂ ਬਹੁਤ ਸਵੱਛ ਅਤੇ ਅੱਛੀ ਕਿਸਮ ਦਾ ਖਾਣਾ ਤਿਆਰ ਹੋਇਆ ਕਰੇ ਅਤੇ ਦੂਜਾ ਇਹ ਖਾਣਾ ਚੌਵੀ ਘੰਟੇ ਹੀ ਮਿਲਦਾ ਰਿਹਾ ਕਰੇ, ਕਿਸੇ ਸਮੇਂ ਵੀ ਇਸ ਵਿਚ ਖੜੋਤ ਨਾ ਆਵੇ। ਅਜ ਇਹੀ ਲੰਗਰ ਇਕ ਬਹੁਤ ਵਡੀ ਆਲੀਸ਼ਾਨ ਇਮਾਰਤ ਵਿਚ ਵਰਤ ਰਿਹਾ ਹੈ ਇਸ ਵਿਚ ਸਿਰਫ਼ ਦੇਸੀ ਘੀ ਹੀ ਵਰਤਿਆ ਜਾਂਦਾ ਹੈ।

ਕੰਪਲੈਕਸ ਦੀ ਕਾਰ ਸੇਵਾ ਦੇ ਅਗਲੇ ਕਦਮ ਵਜੋਂ ਇੱਟਾਂ ਦੀ ਲੋੜ ਪੂਰੀ ਕਰਨ ਲਈ ਇਕ ਭੱਠੇ ਦੀ ਮਨਜ਼ੂਰੀ ਲਈ ਗਈ। ਇਸ ਭੱਠੇ ਵਿਚ ਅੱਠ ਲੱਖ ਸਾਲਾਨਾ ਇੱਟ ਪਕਾਉਣੀ ਸ਼ੁਰੂ ਹੋਈ। ਭੱਠੇ ਦੀ ਸੇਵਾ ਵਿਚ ਭਾਈ ਸ਼ੇਰ ਸਿੰਘ ਪਿੰਡ ਨੌਰਾ, ਭਾਈ ਨੌਰੰਗ ਸਿੰਘ ਪਿੰਡ ਨੌਰਾ ਅਤੇ ਭਾਈ ਨਿਹਾਲ ਸਿੰਘ ਜੀ ਨੇ ਵਧ ਚੜ ਕੇ ਬਾਬਾ ਜੀ ਦਾ ਹੱਥ ਵਟਾਇਆ। ਕਿਲਾ ਆਨੰਦਗੜ੍ਹ ਦੀ ਚੋਟੀ ਦੇ ਹੇਠਲੇ ਪਾਸੇ ਇਕ ਖੂਹ ਲੁਆਇਆ ਗਿਆ। ਇਥੋਂ ਪਾਣੀ ਦੀ ਲੋੜ ਪੂਰੀ ਕੀਤੀ ਜਾਂਦੀ ਸੀ। ਜਿਸ ਚੋਟੀ 'ਤੇ ਕਿਲਾ ਆਨੰਦਗੜ੍ਹ ਉਸਰਿਆ ਹੋਇਆ ਸੀ ਉਹ ਚੋਟੀ ਆਲੇ ਦੁਆਲਿਓਂ ਬਿਲਕੁਲ ਕੱਚੀ ਸੀ। ਇਸ ਲਈ ਜ਼ਰੂਰੀ ਸੀ ਕਿ ਨਵੀਂ ਉਸਾਰੀ ਕਰਨ ਤੋਂ ਪਹਿਲਾਂ ਇਸ ਚੋਟੀ ਨੂੰ ਆਲੇ ਦੁਆਲਿਓਂ ਐਸੀ ਪੱਕੀ ਕਰ ਦਿੱਤਾ ਜਾਂਦਾ ਤਾਂ ਕਿ ਆਉਣ ਵਾਲੇ ਸਮੇਂ ਦੇ ਵਿਚ ਚੋਟੀ ਦੇ ਖੁਰਨ ਨਾਲ ਉਸਰੀ ਹੋਈ ਇਮਾਰਤ ਨੂੰ ਕੋਈ ਨੁਕਸਾਨ ਨਾ ਪਹੁੰਚ ਸਕੇ। ਇਸ ਦੀ ਪੂਰਤੀ ਲਈ ਪਹਾੜੀ ਦੇ ਆਲੇ ਦੁਆਲੇ ਪੱਕੇ ਪੱਥਰਾਂ ਦੇ ਡੰਗੇ ਉਸਾਰੇ ਗਏ। ਡੰਗੇ ਉਸਾਰ ਕੇ ਸਭ ਤੋਂ ਪਹਿਲਾਂ ਵਰਤਮਾਨ ਗੁਰਦੁਆਰਾ ਆਨੰਦਗੜ੍ਹ ਸਾਹਿਬ ਦੀ ਉਸਾਰੀ ਕੀਤੀ ਗਈ। ਇਹ ਗੁਰਦੁਆਰਾ ਸਾਹਿਬ ਕਿਲਾ ਆਨੰਦਗੜ੍ਹ ਸਾਹਿਬ ਦੇ ਬਿਲਕੁਲ ਸਾਹਮਣੇ ਹੈ। ਡੰਗੇ ਉਸਾਰਨ ਨਾਲ, ਗੁਰਦੁਆਰਾ ਸਾਹਿਬ ਦੀ ਇਮਾਰਤ ਵਾਲੀ ਥਾਂ ਬਹੁਤ ਲੰਮੀ ਚੌੜੀ ਬਣ ਗਈ ਸੀ। ਇਸ ਸਮੇਂ ਇਥੇ ਬਹੁਤ ਵਿਸ਼ਾਲ ਗਰਾਊਂਡ ਮੌਜੂਦ ਹੈ।

ਪਿੱਛੋਂ, ਪਹਾੜੀ ਦੇ ਹੇਠਾਂ ਦਰਸ਼ਨੀ ਦਰਵਾਜ਼ੇ ਦੀ ਉਸਾਰੀ ਅਰੰਭੀ ਗਈ। ਇਸ ਦਰਵਾਜ਼ੇ ਦੇ ਨਾਲ ਯਾਤਰੂਆਂ ਦੇ ਵਿਸ਼ਰਾਮ ਲਈ ਇਕ ਵਿਸ਼ਾਲ ਸਰਾਂ ਬਣਾਈ ਗਈ ਹੈ। ਇਹ ਸਰਾਂ ਅਤੇ ਦਰਸ਼ਨੀ ਦਰਵਾਜ਼ਾ ਵੇਖਣ ਯੋਗ ਹੈ। ਇਸ ਸਰਾਂ ਦੇ ਵਿਚ ਦੋ ਸੌ ਦੇ ਕਰੀਬ ਕਮਰੇ ਬਣਾਏ ਜਾ ਚੁੱਕੇ ਹਨ। ਇਨ੍ਹਾਂ ਵਿਚ ਚਾਲੀ ਦੇ ਕਰੀਬ ਕਮਰਿਆਂ ਨਾਲ

ਫਲਸ਼-ਬਾਥਰੂਮ ਅਟੈਚਡ ਹਨ। ਦਰਸ਼ਨੀ ਦਰਵਾਜ਼ੇ ਦੇ ਵਿਚੋਂ ਦੀ ਲੰਘ ਕੇ 124 ਪੱਕੀਆਂ ਪੌੜੀਆਂ ਬਣਾਈਆ ਗਈਆਂ ਹਨ। ਇਨ੍ਹਾਂ ਪੌੜੀਆਂ ਰਾਹੀਂ ਕਿਲਾ ਅਤੇ ਗੁਰਦੁਆਰਾ ਆਨੰਦਗੜ੍ਹ ਤਕ ਪਹੁੰਚੀਦਾ ਹੈ। ਪੌੜੀਆਂ ਦੇ ਸਜੇ ਪਾਸੇ ਲੰਗਰ ਦੀ ਵਿਸ਼ਾਲ ਇਮਾਰਤ ਹੈ।

ਜੋ ਜਾਣਕਾਰੀ ਗੁਰਦੁਆਰਾ ਆਨੰਦਗੜ੍ਹ ਦੀ ਉਸਾਰੀ ਬਾਰੇ ਪਰਾਪਤ ਕੀਤੀ ਹੈ ਉਸ ਅਨੁਸਾਰ ਇਸ ਦੀ ਉਸਾਰੀ ਦਾ ਵੇਰਵਾ ਇਸ ਤਰ੍ਹਾਂ ਹੈ :

> *"ਇਸ ਗੁਰਦੁਆਰੇ ਦੀ ਪਹਾੜੀ ਕੇਰੂ ਤੇ ਕੱਚੀ ਸੀ ਜੋ ਖੁਰਦੀ ਰਹਿੰਦੀ ਸੀ। ਚਾਰ ਚੁਫੇਰੇ ਦੀ ਪਹਾੜੀ ਨੂੰ ਰੋਕਣ ਲਈ ਅਸਲ ਅਸਥਾਨ ਨੂੰ ਕਾਇਮ ਰਖਣ ਲਈ 25 ਲੱਖ ਇੱਟਾਂ ਬੇਸ਼ੁਮਾਰ ਲੋਹਾਂ ਅਤੇ ਸੀਮਿੰਟ ਪਾ ਕੇ ਇਕ ਮਹਾਨ ਫੌਲਾਦੀ ਦੀਵਾਰ ਬਣਾਈ ਗਈ ਜੋ ਇਸ ਵੇਲੇ ਨਜ਼ਰ ਨਹੀਂ ਆ ਰਹੀ। ਇਸ ਕਰਕੇ ਇਸ ਦੀਵਾਰ ਦਾ ਨਾਂ ਗੁਪਤ ਸ਼ਕਤੀ ਵਾਲੀ ਦੀਵਾਰ ਰੱਖ ਲਿਆ ਗਿਆ ਹੈ। ਫਿਰ ਇਸੇ ਦੀਵਾਰ ਉਪਰ ਲੋਹੇ ਦੇ ਸਰੀਏ ਦੇ ਸੰਘਣੇ ਜਾਲ ਪਾ ਕੇ ਬੁਨਿਆਦਾਂ ਪੱਕੀਆਂ ਕੀਤੀਆਂ ਗਈਆਂ ਅਤੇ ਗੁਰਦੁਆਰਾ ਆਨੰਦਗੜ੍ਹ ਦੀ ਉਸਾਰੀ ਕੀਤੀ ਗਈ। ਇਸ ਦਾ ਕੇਂਦਰੀ ਗੁਬੰਦ ਸਾਰਾ ਲੋਹਾ ਤੇ ਬਜਰੀ ਨਾਲ ਹੀ ਤਿਆਰ ਕੀਤਾ ਹੋਇਆ ਹੈ। ਇਸ ਵਿਚ ਕੋਈ ਇੱਟ ਨਹੀਂ ਲਗੀ। ਇਕ ਸੋਨੇ ਦਾ ਕਲਸ ਇਸ ਕੇਂਦਰੀ ਗੁਬੰਦ ਉਤੇ ਅਤੇ ਬਾਕੀ ਚਾਰ ਕਲਸ ਬਾਹਰਲੇ ਗੁਬੰਦਾਂ 'ਤੇ ਲਗੇ ਹਨ ਜਿਨਾਂ 'ਤੇ ਲਖਾਂ ਰੁਪਏ ਖਰਚ ਆਏ ਹਨ। ਇਨ੍ਹਾਂ ਸੁਨਹਿਰੀ ਕਲਸਾਂ ਲਈ ਪਿੰਡਾਂ ਦੀਆਂ ਮਾਂਈਆਂ-ਬੀਬੀਆਂ ਨੇ ਆਪਣੇ ਜ਼ੇਵਰ ਉਤਾਰ ਕੇ ਦਿੱਤੇ।"*

ਸਿੱਟੇ ਵਜੋਂ ਅਜ ਇਕ ਵਿਸ਼ਾਲ ਕੰਪਲੈਕਸ ਸੋਭਾ ਦੇ ਰਿਹਾ ਹੈ। ਇਸ ਦੀ ਕਾਰ ਸੇਵਾ ਇਸ ਸਮੇਂ ਸੰਤ ਬਾਬਾ ਲਾਭ ਸਿੰਘ ਜੀ ਕਰਵਾ ਰਹੇ ਹਨ।

ਕਿਲਾ ਲੋਹ ਗੜ੍ਹ ਸਾਹਿਬ : ਕਿਲਾ ਆਨੰਦਗੜ੍ਹ ਤੋਂ ਦੂਜੇ ਨੰਬਰ 'ਤੇ ਕਿਲਾ ਲੋਹਗੜ੍ਹ ਸੀ। ਇਹ ਕਿਲਾ ਨਗਰ ਦੇ ਪੂਰਬ-ਦੱਖਣ ਵਲ ਬਿਲਕੁਲ ਮੈਦਾਨੀ ਇਲਾਕੇ ਵਿਚ ਚਰਨ ਗੰਗਾ ਨਾਲੇ ਦੇ ਅੰਦਰਲੇ ਕੰਢੇ ਉਪਰ ਸਥਿਤ ਸੀ। ਇਸ ਕਿਲੇ ਦਾ ਮੁਖ ਮਨੋਰਥ ਦੱਖਣ-ਪੂਰਬ ਵਲੋਂ ਹਮਲਾਵਰ ਦੁਸ਼ਮਣ ਨੂੰ ਰੋਕਣ ਦਾ ਸੀ। ਇਸ ਤਰ੍ਹਾਂ ਮੈਦਾਨੀ ਇਲਾਕੇ ਵਿਚ ਹੋਣ ਕਰਕੇ ਭਾਵੇਂ ਇਥੇ ਹਰ ਹਮਲੇ ਸਮੇਂ ਖਾਲਸੇ ਨੂੰ ਦੁਸ਼ਮਣ ਨਾਲ ਸਿੱਧੀ ਅਤੇ ਹਥੋ-ਹਥ ਲੜਾਈ ਕਰਨੀ ਪੈਂਦੀ ਸੀ। ਪਰ ਇਸ ਦੇ ਬਿਲਕੁਲ ਨਾਲ ਲਗਵਾਂ ਬਰਸਾਤੀ ਨਾਲਾ ਹੋਣ ਕਰਕੇ ਇਸ ਦੀ ਸੁਰੱਖਿਆ ਤਕੜੀ ਹੋ ਜਾਂਦੀ ਸੀ। ਇਸੇ ਬਰਸਾਤੀ ਨਾਲੇ ਨੂੰ ਹੀ ਚਰਨ ਗੰਗਾ ਕਿਹਾ ਜਾਂਦਾ ਸੀ। ਇਸ ਕਿਲੇ ਵਿਚ ਹਰ ਸਮੇਂ ਸਿੰਘਾਂ ਦਾ ਇਕ ਤਕੜਾ ਜੱਥਾ ਤਾਇਨਾਤ ਕਰਕੇ ਰੱਖਿਆ ਜਾਂਦਾ ਸੀ। ਕਿਲਾ ਆਨੰਦਗੜ੍ਹ ਅਤੇ ਕਿਲਾ ਲੋਹਗੜ੍ਹ ਦਾ ਸਿੱਧਾ ਫ਼ਾਸਲਾ ਤਕਰੀਬਨ ਦੋ ਕੁ ਫਰਲਾਂਗ ਦਾ ਬਣਦਾ ਹੈ। ਇਸ ਦਾ ਭਾਵ ਹੈ ਕਿ ਕਿਲਾ ਆਨੰਦਗੜ੍ਹ ਤੋਂ ਇਸ ਕਿਲੇ ਦੀ ਅੱਛੀ ਤਰਾਂ ਨਜ਼ਰਸਾਨੀ ਕੀਤੀ ਜਾ ਸਕਦੀ ਸੀ। ਇਹ ਵੀ ਰਵਾਇਤ ਹੈ ਕਿ ਕਿਲਾ ਲੋਹਗੜ੍ਹ ਵਿਚ ਖਾਲਸੇ ਵਲੋਂ ਲੋਹੇ ਦੇ ਹਥਿਆਰ ਬਣਾਏ ਜਾਂਦੇ ਸਨ। ਇਨ੍ਹਾਂ ਹਥਿਆਰਾਂ ਵਿਚ ਤਲਵਾਰਾਂ ਤੇ ਬਰਛਿਆਂ ਤੋਂ ਲੈ ਕੇ ਲੱਕੜ ਦੀ ਤੋਪ ਤਕ ਦੇ ਹਥਿਆਰ

ਤਿਆਰ ਕੀਤੀ ਜਾਂਦੇ ਸਨ। ਇਸ ਤਰ੍ਹਾਂ ਇਥੇ ਲੋਹੇ ਦਾ ਸਮਾਨ ਤਿਆਰ ਹੋਣ ਕਰਕੇ ਹੀ ਇਸ ਦਾ ਨਾਂ ਲੋਹ ਗੜ੍ਹ ਪਿਆ।

ਆਨੰਦਪੁਰ ਸਾਹਿਬ ਦੇ ਇਕ ਜੁੱਧ ਸਮੇਂ ਜਦੋਂ ਪਹਾੜੀ ਰਾਜਿਆਂ ਦੀ ਸੈਨਾ ਖਾਲਸੇ ਨੂੰ ਜਿਤਣ ਵਿਚ ਅਸਫਲ ਰਹੀ ਸੀ ਤਾਂ ਰਜਿਆਂ ਨੇ ਆਖਰੀ ਹਥਿਆਰ ਵਲੋਂ ਕਿਲਾ ਲੋਹ ਗੜ੍ਹ ਦਾ ਡੀਫੈਂਸ ਤੋੜਨ ਲਈ ਇਕ ਹਾਥੀ ਨੂੰ ਸ਼ਰਾਬ ਨਾਲ ਮਸਤ ਕਰ ਕੇ ਅਤੇ ਉਸ ਨੂੰ ਢਾਲਾਂ ਅਤੇ ਤਵਿਆਂ ਨਾਲ ਸੁਰੱਖਿਅਤ ਕਰ ਕੇ ਭੇਜਿਆ ਸੀ। ਇਸ ਦਾ ਜ਼ਿਕਰ ਵੱਖ ਵੱਖ ਲਿਖਤਾਂ ਵਿਚ ਇਸ ਤਰ੍ਹਾਂ ਆਇਆ ਹੈ :

> *ਭਟ ਵਹੀ ਤਲਾਉਂਡਾ ਪਰਗਨਾ ਜੀਂਦ ਖਾਤਾ ਜਲਹਾਨੇਂ ਕਾ, "ਗੁਰੂ ਕਾ ਹੁਕਮ ਪਾਇ ਮਨੀ ਸਿੰਘ ਬੇਟਾ ਮਾਈ ਦਾਸ ਕਾ ਬਚਿੱਤਰ ਸਿੰਘ ਬੇਟੇ ਮਨੀ ਸਿੰਘ ਕੇ ......ਆਲਿਮ ਸਿੰਘ ਬੇਟਾ ਦੁਰਗੂ ਕਾ ਪੋਤਾ ਪਦਮੇ ਕਾ ਹਜਾਵਤ.........ਸਾਲ ਸਤਰਾਂ ਸੈ ਸਤਵੰਜਾ ਅਸੂਜ ਪਰਵਿਸ਼ਟੇ ਪਹਿਲੇ ਐਤਵਾਰ ਕੇ ਦਿਨ ਲੋਹ ਗੜ੍ਹ ਸੇ ਖਾਲਸਾ ਦਲ ਕੋ ਗੈਲ ਲੈ ਚਰਨ ਗੰਗਾ ਕੇ ਮਲਹਾਨ ਘੋਰ ਜੁੱਧ ਕੀਆ ਬੱਚਿਤਰ ਸਿੰਘ ਨੇ ਹਾਥੀ ਕੋ ਮਾਰ ਭਗਾਇਆ ਉੱਦੈ ਸਿੰਘ ਕੇ ਹਾਥ ਸੇ ਕੇਸਰੀ ਚੰਦ ਜਸਵਾਲੀਆ ਮਾਰਾ ਗਿਆ। ਮਨੀ ਸਿੰਘ ਆਲਿਮ ਸਿੰਘ ਸਖਤ ਘਾਇਲ ਹੁਏ। ਆਲਿਮ ਸਿੰਘ ਬੇਟਾ ਦਰਿਆ ਕਾ ਪੋਤਾ ਮੂਲੇ ਕਾ ਜਲਹਾਨਾ ਸੁਖਾ ਸਿੰਘ ਬੇਟਾ ਰਾਇ ਸਿੰਘ ਕਾ ਪੋਤਾ ਮਾਈ ਦਾਸ ਕਾ......ਖੁਸ਼ਾਲ ਸਿੰਘ ਬੇਟਾ ਮਖਨ ਸ਼ਾਹ ਕਾ ਪੋਤਾ ਦਾਸੇ ਕਾ.........ਪੇਲੀਆਂ ਰਣ ਮੈਂ ਸ਼ਾਮੇ ਮਾਥੇ ਜੂਝ ਕਰ ਮਰੇ।"*

ਕੋਇਰ ਸਿੰਘ ਲਿਖਦਾ ਹੈ ਕਿ ਜਦੋਂ ਰਾਜੇ ਸਿੰਘਾਂ ਨੂੰ ਹਰਾਉਣ ਵਿਚ ਅਸਫ਼ਲ ਰਹੇ ਤਾਂ ਉਨ੍ਹਾਂ ਨੇ ਕਿਲਾ ਲੋਹ ਗੜ੍ਹ ਨੂੰ ਤੋੜਨ ਲਈ ਹਾਥੀ ਭੇਜਣ ਦੀ ਸਕੀਮ ਬਣਾਈ :

> *ਪੋਸਤ ਭਾਂਗ ਅਫੀਮ ਘਨੀ ਪੁਨਿ ਪੇਟੀ ਮੈ ਤਾਹਿ ਤਵਾਂਨ ਬੰਧਾਏ।*
> *ਸੈਫ ਕਿਰਪਾਨ ਬਾਂਧ ਕੇ ਭਾਲ ਸੋ ਸੁੰਡਹਿ ਸੋ ਕਰਵਾਰ ਛਕਾਏ।*
> *ਖੂੰਨੀ ਬਿਦਾਰਨ ਕੋ ਪਠਿਯੋ ਗਜ ਆਯੁਧ ਤਾਹਿ ਅਨੇ ਚਮਕਾਇ।*
>
> ....
>
> *ਨਾਮ ਬਚਿਤਰ ਹਰੀ ਜਿਹ ਭਾਖਤ ਹੈ ਰਨ ਧੀਰ ਬਡੋ ਲਖ ਪਾਯੋ।*
> *ਲਾਗਤ ਹੀ ਪਾਰ ਭਯੋ ਬਰਛਾ ਬਖਾਨ ਤਾਹਿ ਐਸੋ ਥਰਰਾਨੋ ਚਕੀ ਚੁਹਕਤ ਸਿਧਾਰਿਐ*[52]

ਗੁਰੂ ਕੀਆਂ ਸਾਖੀਆਂ ਕਿਰਤ ਕਵੀ ਸਰੂਪ ਸਿੰਘ ਕੋਸ਼ਿਸ਼, ਵਿਚ ਇਸ ਦਾ ਜਿਕਰ ਇਉਂ ਆਇਆ ਹੈ :

> *"ਵਜੀਰ ਪਰਮਾਨੰਦ ਨੇ ਕਹਾ ਕਿ ਗੁਰੂ ਸਾਥ ਲੜਾਈ ਕਿਲੋਂ ਮੈਂ ਸੇ ਲੋਹ ਗਢ ਕੇ ਕਿਲੇ ਕੇ ਸਿਖੋ ਗੈਲ ਲਰੀ ਜਾਏ ਠੀਕ ਰਹੇਗੀ। ਦੇਖਨਾ ਅਬ ਯਹ ਹੈ ਕਿ ਲੋਹ ਗਢ ਕਿਲੇ ਕਾ ਦਰਵਾਜ਼ਾ ਬੜਾ ਮਜ਼ਬੂਤ ਹੈ ਤੇ ਇਸੇ ਕੈਸੇ ਤੋੜਾ ਜਾਏਗਾ। ....ਵਜ਼ੀਰ ਪਰਮਾਨੰਦ ਫਿਰ ਬੋਲਾ.........ਸੁਬਹ ਏਕਾ ਹਾਥੀ ਜਿਸੇ ਮਦ ਪਿਲਾਏ*

52. ਗੁਰ ਬਿਲਾਸ ਪਾਤਸ਼ਾਹੀ *10*, ਪੰਨੇ 164-66.

ਤਿਆਰ ਕੀਆ ਜਾਏ ਤੇ ਉਸ ਕੇ ਸਿਰ ਪੈ-ਏਕ ਜਾਂ ਦੋਇ ਫੁਲਾਦੀ ਤਵੀਆਂ ਬਾਂਧ ਉਸ ਤੇ ਦੋਧਾਰੀ ਸਾਂਗ ਖੀਚ ਕੇ ਬਾਂਧ ਦੀ ਜਾਏ ਤੋ ਹਛਾ ਰਹੇਗਾ।"[53]

"ਕਿਲਾ ਅਨੰਦ ਗੜ੍ਹ ਮੇਂ ਸੰਧਿਆ ਕੇ ਬਾਦ ਸੂਹੀਏ ਸਿਖ ਚਤਰ ਸਿੰਘ ਬੈਰਾੜ ਨੇ ਆਇ ਆਜ ਕੀ ਸਾਰੀ ਵਿਥਿਆ ਸੁਨਾਈ। ਭਾਈ ਆਲਮ ਸਿੰਘ ਨਚਨਾ ਬੋਲਾ, ਜੀ ਗਰੀਬ ਨਿਵਾਜ। ਇਨਾਂ ਤੋ ਬਤਾਈਏ ਕਿ ਸੁਬਹ ਜਿਹੜੀ ਬਲਾ ਕਿਲਾ ਲੋਹਗੜ੍ਹ ਤੇ ਆਏ ਰਹੀ ਹੈ ਇਸ ਕਾ ਟਾਕਰਾ ਕੋਣ ਕਰੇ ਗਾ।......ਸਤਿਗੁਰਾਂ ਚਤਰ ਸਿੰਘ ਸੇ ਖਬਰ ਪਾਇ ਲਗੇ ਦਰਬਾਰ ਮੇਂ ਚਵੀ ਪਾਸੀਂ ਦੇਖਾ ਕਿ ਹਾਥੀ ਕੇ ਮੁਕਾਬਲੇ ਮੇਂ ਕੋਣ ਸਾ ਜੋਧਾ ਭੇਜਾ ਜਾਏ। ਲਾਲ ਸਿੰਘ ਆਦਿ ਪਛੀਸ ਸਿਖ ਜਿਹੜੇ ਰਾਤਰੀ ਕੇ ਸਮੇਂ ਗੁਰੂ ਜੀ ਕੇ ਪਲੰਘ ਕੀ ਸੇਵਾ ਮੇਂ ਰਹਿਤੇ ਥੇ, ਇਨ ਮੇਂ ਭਾਈ ਬਚਿਤਰ ਸਿੰਘ ਕੀ ਤਰਫ ਨਿਗਾਹ ਜਾਇ ਪਈ। ਬਚਨ ਹੋਆ ਸਿੰਘਾ। ਕਿਲਾ ਲੋਹਗੜ੍ਹ ਮੇਂ ਜਾਇ ਰਾਜਯੋਂ ਕਾ ਆਇ ਰਹਾ ਮਦਮਸਤ ਹਾਥੀ ਕਾ ਸਾਹਮਨਾ ਕਰਨਾ ਹੈ ਤਿਆਰੀ ਕਰੀਏ।.........ਬਚਿਤਰ ਸਿੰਘ ਗੁਰੂ ਜੀ ਕਾ ਹੁਕਮ ਪਾਇ ਅਰਦਾਸ ਕਰ ਕੇ ਕਿਲਾ ਲੋਹਗੜ੍ਹ ਕੀ ਤਰਫ ਆਇਆ।"[54] ਇਸ ਦੇ ਨਾਲ ਹੀ ਦੁਸ਼ਮਣ ਨੇ ਮਸਤ ਹਾਥੀ ਦੇ ਪਿੱਛੇ ਇਕ ਤਕੜੀ ਫ਼ੌਜ ਵੀ ਭੇਜੀ ਸੀ ਤਾਂ ਕਿ ਹਾਥੀ ਵਲੋ ਕਿਲੇ ਦਾ ਦਰਵਾਜ਼ਾ ਤੋੜੇ ਜਾਣ ਦੀ ਸੂਰਤ ਵਿਚ ਇਹ ਫੌਜ ਤੁਰੰਤ ਕਿਲੇ ਵਿਚ ਦਾਖ਼ਲ ਹੋ ਜਾਏ। ਗੁਰੂ ਜੀ ਨੇ ਇਸ ਫੌਜ ਦਾ ਮੁਕਾਬਲਾ ਕਰਨ ਲਈ ਭਾਈ ਉਦੈ ਸਿੰਘ ਦੀ ਕਮਾਂਡ ਹੇਠ ਇਕ ਜੱਥਾ ਭੇਜਿਆ। *"ਸਤਿਗੁਰਾਂ ਕਾ ਬਚਨ ਸੁਨ ਕੇ ਭਾਈ ਉਦੈ ਸਿੰਘ ਸਾਂਵੇ ਆਏ ਖਲਾ ਹੂਆ ਹਾਂਥ ਬਾਂਧ ਬੋਲਾ ਕਿ ਜਿਵੇਂ ਰਾਵਰ ਕੀ ਮਰਜੀ ਹਾਜਰ ਹਾਂ। ਗੁਰੂ ਜੀ ਨੇ ਇਸੇ ਦੂਜਾ ਬਰਛਾ ਦੀਆ। ਉਦੈ ਸਿੰਘ ਗੁਰੂ ਜੀ ਕਾ ਹੁਕਮ ਪਾਇ ਅਰਾਕੀ ਤੇ ਅਸਵਾਰ ਹੋਇ ਕਿਲਾ ਲੋਹਗੜ੍ਹ ਮੇਂ ਆਇ ਪਹੁੰਚਾ। ਕਿਲਾ ਲੋਹਗੜ੍ਹ ਕੇ ਭਾਈ ਸ਼ੇਰ ਸਿੰਘ ਤੇ ਨਾਹਰ ਸਿੰਘ ਨੇ ਇਨ ਕੇ ਉਪਰੰਤ ਭਾਈ ਮਨੀ ਸਿੰਘ ਕੋ ਇਸ ਕੇ ਗੈਲ ਹੋਰ ਗਿਣਤੀ ਕੇ ਜੋਧੇ ਦੇ ਕੇ ਕਿਲਾ ਲੋਹਗੜ੍ਹ ਮੇਂ ਭੇਜ ਦੀਆ।"*

"ਉਧਰ ਸਵਾ ਪਹਿਰ ਦਿਹੁੰ ਚੜੇ ਰਾਜਾ ਅਜਮੇਰ ਚੰਦ ਕਹਿਲੂਰੀ ਬਮੇ ਫੌਜ ਕਿਲਾ ਲੋਹ ਗੜ੍ਹ ਕੇ ਨਜ਼ਦੀਕ ਆਇ ਪਹੁੰਚਾ। ਭਾਈ ਬਚਿਤਰ ਸਿੰਘਾਂ ਨੇ ਦੇਖਾ, ਸਮਾਂ ਨੇੜੇ ਆਇ ਢੁਕਾ ਹੈ। ਪਿਰਥਮੇਂ ਅਰਦਾਸ ਕਰ ਕੇ ਤੇ ਸਾਥੀ ਸਿੰਘਾਂ ਸੇ ਆਗਿਆ ਲੈ ਘੋੜੇ ਤੇ ਅਸਵਾਰ ਹੋਇ ਕਿਲਾ ਲੋਹਗੜ੍ਹ ਸੇ ਬਜਹਰ ਆਇਆ। ਇਸ ਨੇ ਦੇਖਾ ਕਿ ਹਾਥੀ ਪੀਛੇ ਰਾਜਾ ਕੇਸਰੀ ਚੰਦ ਜਸਵਾਰੀਆ ਬੜੀ ਤੇਜੀ ਸੇ ਕਿਲਾ ਲੋਹ ਗੜ੍ਹ ਕੀ ਤਰਫ ਨੂੰ ਆ ਰਿਹਾ ਹੈ। ਬਚਿਤਰ ਸਿੰਘ ਸਤਿ ਸਿਰੀ ਅਕਾਲ ਦਾ ਜੈਕਾਰਾ ਗਜਾਇ ਆਂਖ ਕੀ ਫੋਰ ਮੇਂ ਬਿਜਲੀ ਕੀ ਤਰਹ

---

53. ਸਾਖੀ 66 ਵੀਂ।
54. ਉਕਤ, ਸਾਖੀ 67-68 ਵੀਂ।

ਘੋੜੇ ਤੇ ਬਜਾਇ ਹਾਥੀ ਕੇ ਨਿਕਟ ਜਾਇ ਪਹੁੰਚਾ ਭਾਈ ਸਾਹਿਬ ਦੇ ਦੋਨੋਂ ਪਾਊਂ ਕਾ ਭਾਰ ਘੋੜੇ ਕੀ ਰਕਾਬੋਂ ਮੇਂ ਪਾਇ ਐਸੇ ਜ਼ੋਰ ਸੇ ਹਾਥੀ ਕੇ ਮਸਤਕ ਮੇਂ ਬਰਛਾ ਮਾਰਾ ਕਿ ਉਸ ਕੇ ਮਾਥੇ ਕੀਆਂ ਤਵੀਆਂ ਵਿੰਨ ਕੇ ਬੀਚ ਫਸ ਗਿਆ। ਬਚਿਤਰ ਸਿੰਘ ਨੇ ਤੇਜੀ ਸੇ ਜ਼ੋਰ ਕੇ ਸਾਥ ਬਰਛਾ ਹਾਥੀ ਕੇ ਮਸਤਕ ਸੇ ਖੀਂਚਾਂ ਹਾਥੀ ਚਿੰਗਾਰਤਾ ਹੂਆ ਪਾਛੇ ਕੀ ਤਰਫ ਮੁੜ ਆਇਆ। ਇਸੇ ਸਿਰ ਨਾਲ ਬਾਂਧੀ ਤੇਗ ਸੇ ਤੇ ਪਾਊਂ ਗੈਲ ਲਤਾੜ ਕੇ ਕਈ ਪਰਬਤੀ ਜਮਪੁਰੀ ਰਵਾਨਾ ਕਰ ਦੀਏ । ਇਹ ਦੇਖ ਭਾਈ ਉਦੈ ਸਿੰਘ ਜੋ ਕਿਲਾ ਲੋਹ ਗੜ੍ਹ ਕੇ ਦਰਵਾਜ਼ੇ ਮੇਂ ਘੋੜੇ ਤੇ ਅਸਵਾਰ ਹੋਇ ਦੇਖ ਰਹਾ ਥਾ, ਸਤਿ ਸਿਰੀ ਅਕਾਲ ਦਾ ਜੈਕਾਰਾ ਬੁਲਾਇ ਘੋੜੇ ਸੇ ਅਡੀ ਮਾਰ ਕਰ ਕੇਸਰੀ ਚੰਦ ਕੇ ਸਾਵੇਂ ਜਾਇ ਖਲਾ ਹੂਆ ਔਰ ਆਪਣੇ ਏਕ ਵਾਰ ਸੇ ਕੇਸਰੀ ਚੰਦ ਦਾ ਸੀਸ ਧੜ ਸੇ ਜੁਦਾ ਕਰ ਦੀਆ।[55]

ਭਾਈ ਸੰਤੋਖ ਸਿੰਘ ਜੀ ਨੇ ਵੀ ਮਸਤ ਹਾਥੀ ਦਾ, ਕਿਲਾ ਲੋਹਗੜ੍ਹ ਸਾਹਿਬ ਵਿਖੇ ਹੀ ਆਉਣਾ ਲਿਖਿਆ ਹੈ। ਭਾਈ ਸਾਹਿਬ ਲਿਖਦੇ ਹਨ ਕਿ ਰਾਜਾ ਕੇਸਰੀ ਚੰਦ ਨੇ ਪਰਤਿਗਿਆ ਕਰ ਲਈ ਸੀ ਕਿ ਉਹ ਦਿਨ ਛਿਪਦੇ ਤੋਂ ਪਹਿਲਾਂ ਪਹਿਲਾਂ ਕਿਲਾ ਲੋਹਗੜ੍ਹ ਨੂੰ ਫਤਹਿ ਕਰ ਲਵੇਗਾ। ਜੇ ਇਹ ਕੰਮ ਕਰਨ ਵਿਚ ਅਸਫ਼ਲ ਰਿਹਾ ਤਾਂ ਮੁੜ ਕੇ ਆ ਕੇ ਰਾਜਿਆਂ ਨੂੰ ਮੂੰਹ ਨਹੀਂ ਦਿਖਾਵੇਗਾ। ਉਹ ਬਾਕੀ ਰਾਜਿਆਂ ਨੂੰ ਪਰੇਰਦਾ ਹੈ ਕਿ ਇਕੱਠੇ ਹੋ ਕੇ ਹਮਲਾ ਕਰੋ ਅਤੇ ਲੋਹਗੜ੍ਹ ਨੂੰ ਜਿਤ ਲਓ।

ਪ੍ਰਾਤਿ ਹੋਤਿ ਹੇਰਹੁ ਰਣ ਮੇਰਾ। ਲਿਹੁ ਸਭ ਕੋ ਦਲ ਸੰਗ ਘਨੇਰਾ।
ਰਵਿ ਅਸਤਨ ਤੇ ਪੂਰਬ ਜਬੈ। ਜੇ ਨਹਿ ਲੋਹਗੜ੍ਹ ਤੋਰੌ ਤਬੈ।
ਤੌ ਨਿਜਪਤ ਤੇ ਜਨਮਯੋ ਨਾਂਹੀ। ਮੁਖ ਨ ਦਿਖਾਵਹੁ ਰਾਜਨ ਮਾਂਹੀ।[56]

ਭਾਈ ਸੁਖਾ ਸਿੰਘ ਵੀ ਲੋਹ ਗੜ੍ਹ ਵਿਖੇ ਹੀ ਮਸਤ ਹਾਥੀ ਨੂੰ ਭੇਜਿਆ ਦਸਦਾ ਹੈ :

ਤਿਹ ਨਾਇਕ ਕੋ ਇਹ ਭਨ ਪੂਤਾ। ਸਿੰਘ ਬਚਿਤ੍ਰ ਅਧਿਕ ਅਵਧੂਤਾ।
ਤਾ ਕੇ ਭਾਗ ਜਗੇ ਜਬ ਆਈ। ਸ੍ਰੀ ਅਸਪਾਨ ਜੁ ਯੌ ਫੁਰਮਾਈ।

....

ਚਲ ਤੁਮ ਗਢ ਲੋਹ ਮੱਧਿ ਜਾਵਹੁ। ਮੱਤ ਦੁਰਦਮਿਊਂ ਜੁੱਧ ਮਚਾਵਊ।
ਰਾਜੇ ਤੁਰਕ ਕੋਪ ਬੜ ਕੇ ਹੈ। ਮਤੇ ਮਤੰਗ ਵਾਰ ਗੜ੍ਹ ਢੂੈ ਹੈ।[57]

ਕਵੀ ਬੀਰ ਸਿੰਘ ਬਲ ਵੀ ਇਸੇ ਮਤ ਦੀ ਹੀ ਪੁਸ਼ਟੀ ਕਰਦਾ ਹੈ :

ਸਿੰਘ ਗੋਬਿੰਦ ਅਨੰਦਪੁਰੇ ਇਤ ਸਿੰਘ ਬਚਿਤ੍ਰ ਜੁ ਮਸਤ ਬਨਾਇਯੋ।
ਕੁੰਤਬ ਕੋਟ ਦਇਆ ਸਿੰਘ ਜੂ ਪਰੁ ਹਾਟ ਬਾਜਾਰ ਅਭੇ ਕੇ ਬਸਾਇਯੋ।
ਲੋਹ ਗਢ ਬਰ ਬੀਰ ਮਨੀ ਸਿੰਘ ਮਦੂ ਜਾਏ ਭਟ ਤੀਰ ਬੁਲਾਇਯੋ।
ਢਾਲ ਕ੍ਰਿਪਾਨ ਬੰਦੂਕ ਕਮਾਨ ਦਏ ਸਭ ਆਯੁਧ ਮਾਨ ਬਢਾਇਯੋ।

....

---

55. ਉਕਤ, ਸਾਖੀ 68ਵੀਂ।
56. *ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ*, ਪੰਨੇ 5292-5314.
57. *ਗੁਰਬਿਲਾਸ ਪਾਤਸ਼ਾਹੀ 10*, ਪੰਨਾ 608.

ਲੋਹ ਗੜੋ ਚਢ ਬੀਰ ਮਨੀ ਸਿੰਘ ਜਾਤ ਘਨੇ ਘਰ ਬੀਚ ਹੀ ਘੇਰੇ।
ਅੱਦ੍ਰ ਪਤੀ ਭਟ ਮੱਦ੍ਰ ਪਤੀ ਪਦ ਰੰਗ ਕੈ ਤੀਰ ਭਏ ਭਟ ਭੇਰੇ।[58]

ਮਸਤ ਹਾਥੀ ਨੂੰ ਭੇਜਣ ਵਾਲੀ ਘਟਨਾ ਨੂੰ ਕੁਝ ਲੇਖਕਾਂ ਵਲੋਂ ਕਿਲਾ ਆਨੰਦਗੜ੍ਹ ਨਾਲ ਵੀ ਜੋੜਿਆ ਜਾਂਦਾ ਹੈ।[59] ਪਰ ਇਹ ਠੀਕ ਨਹੀਂ ਹੈ। ਅਸਲ ਵਿਚ ਇਹ ਭੁਲੇਖਾ ਇਸ ਕਰਕੇ ਪਿਆ ਹੈ ਕਿ ਇਕ ਤਾਂ ਇਹ ਕਿ ਆਨੰਦਗੜ੍ਹ ਦਾ ਕਿਲਾ ਬਹੁਤ ਮਜਬੂਤ ਸੀ ਇਸ ਲਈ ਇਹ ਸਮਝ ਲਿਆ ਗਿਆ ਕਿ ਹਾਥੀ ਨੂੰ ਸਿਰਫ ਇਸੇ ਕਿਲੇ ਨੂੰ ਹੀ ਤੋੜਨ ਲਈ ਭੇਜਿਆ ਗਿਆ ਸੀ। ਦੂਜਾ ਇਹ ਕਿ ਜਿਨਾਂ ਲੇਖਕਾਂ ਨੇ ਇਸ ਘਟਨਾ ਨੂੰ ਬਿਆਨ ਕੀਤਾ ਹੈ ਉਨਾਂ ਵਿਚੋ ਕੁਝ ਇਕ ਨੇ ਕਿਲਾ ਲੋਹਗੜ੍ਹ ਦੇ ਨਾਨ ਨਾਲ ਕਿਲਾ ਆਨੰਦ ਗੜ੍ਹ ਦਾ ਵੀ ਹਵਾਲਾ ਦਿੱਤਾ ਸੀ।[60] ਭਾਵ ਇਸ ਦਾ ਸਿਰਫ਼ ਇਹ ਹੀ ਸੀ ਕਿ ਦਸਮ ਪਾਤਸ਼ਾਹ ਕਿਲਾ ਆਨੰਦਗੜ੍ਹ ਤੋਂ ਹੀ ਸਾਰੇ ਜੁੱਧ ਦੀ ਨਿਗਰਾਨੀ ਕਰਦੇ ਸਨ। ਕਿਲਾ ਲੋਹਗੜ੍ਹ ਦੀ ਸਾਰੀ ਲੜਾਈ ਆਨੰਦਗੜ੍ਹ ਤੋਂ ਦੇਖੀ ਜਾ ਸਕਦੀ ਸੀ। ਇਸ ਲਈ ਜਦੋ ਮਸਤ ਹਾਥੀ ਨੂੰ ਕਿਲਾ ਲੋਹਗੜ੍ਹ ਵਲ ਤੋਰਿਆ ਗਿਆ ਤਾਂ ਗੁਰੂ ਸਾਹਿਬ ਇਸ ਸਭ ਕੁਝ ਕਿਲਾ ਆਨੰਦਗੜ੍ਹ ਤੋਂ ਹੀ ਦੇਖ ਰਹੇ ਸਨ। ਉਥੋਂ ਹੀ ਹਦਾਇਤਾਂ ਭੇਜ ਰਹੇ ਸਨ ਕਿ ਹਾਥੀ ਨੂੰ ਕਿਸ ਤਰੀਕੇ ਨਾਲ ਮਾਰ ਭਜਾਉਣਾ ਹੈ।

ਕਿਲਾ ਆਨੰਦਗੜ੍ਹ ਦੀ ਸਥਿਤੀ ਐਸੀ ਸੀ ਕਿ ਇਥੇ ਹਾਥੀ ਭੇਜਿਆ ਹੀ ਨਹੀਂ ਜਾ ਸਕਦਾ ਸੀ। ਕਿਉਂਕਿ ਬਾਕੀ ਦੇ ਕਿਲੇ ਇਸ ਤੋਂ ਕੁਝ ਫਰਕ ਨਾਲ ਸਨ ਜਿਥੇ ਕਿ ਸਿੰਘਾਂ ਦੇ ਜਥੇ ਦੁਸ਼ਮਣ ਦੇ ਸਾਹਮਣੇ ਅੜੇ ਬੈਠੇ ਸਨ। ਆਨੰਦਗੜ੍ਹ ਤਕ ਦੁਸ਼ਮਣ ਤਦ ਹੀ ਪਹੁੰਚੇਗਾ ਜੇ ਕਰ ਉਹ ਪਹਿਲਾਂ ਬਾਕੀ ਦੇ ਕਿਲਿਆਂ ਨੂੰ ਫਤਿਹ ਕਰਦਾ ਹੈ। ਬਾਕੀ ਦੇ ਕਿਲੇ ਫਤਿਹ ਨਹੀਂ ਹੋ ਸਕੇ ਅਤੇ ਇਸ ਸੂਰਤ ਵਿਚ ਹਾਥੀ ਆਨੰਦਗੜ੍ਹ ਤਕ ਪਹੁੰਚ ਹੀ ਨਹੀਂ ਸਕਦਾ ਸੀ।

ਅਜ ਕਲ ਇਹ ਕਿਲਾ ਬਿਲਕੁਲ ਢਹਿ ਢੇਰੀ ਹੋ ਚੁਕਿਆ ਹੈ। ਭਾਈ ਕਾਨ੍ਹ ਸਿੰਘ ਲਿਖਦੇ ਹਨ, "ਲੋਹਗੜ੍ਹ ਕਿਲਾ ਸ਼ਹਿਰ ਆਨੰਦਪੁਰ ਤੋਂ ਨੈਰਤ ਕੋਣ ਵਲ ਇਕ ਮੀਲ ਦੇ ਕਰੀਬ ਗੁਰੂ ਦਸਮ ਪਾਤਸ਼ਾਹ ਜੀ ਦਾ ਗੁਰਦੁਆਰਾ ਹੈ। ਸਤਿਗੁਰੂ ਜੀ ਨੇ ਸ੍ਰੀ ਆਨੰਦਪੁਰ ਦੇ ਬਚਾਓ ਲਈ ਇਹ ਦ੍ਰਿੜ ਕਿਲਾ ਬਣਵਾਇਆ ਸੀ। ਇਹ ਕਿਲਾ ਦਰਿਆ ਸਤਲੁਜ ਦੀ ਢਾਹ ਅਤੇ ਸਿੱਖਾਂ ਦੀ ਅਣਗਿਹਲੀ ਕਾਰਨ ਢਹਿ ਚੁੱਕਾ ਹੈ। ਹੁਣ ਜਿਹਾ ਦਰਬਾਰ ਦੇਖਣ ਵਿਚ ਆਉਂਦਾ ਹੈ। ਗੁਰਦੁਆਰੇ ਨਾਲ ਤਿੰਨ ਘੁਮਾਊਂ ਜ਼ਮੀਨ ਹੈ।[61] ਇਸ ਸਮੇਂ ਇਸ ਥਾਂ ਤੇ ਬਹੁਤ ਖੂਬਸੂਰਤ ਅਤੇ ਗੋਲਾਈਦਾਰ ਇਮਾਰਤ ਵਾਲਾ ਗਰਦੁਆਰਾ ਸ਼ਸ਼ੋਭਤ ਹੈ। ਇਸ ਦਾ ਪਰਬੰਧ ਤਖ਼ਤ ਸਾਹਿਬ ਦੇ ਨਾਲ ਹੀ ਸ਼ਰੋਮਣੀ ਗੁਰਦੁਆਰਾ ਪਰਬੰਧਕ ਕਮੇਟੀ ਦੇ ਪਾਸ ਹੈ।

---

58. ਵੀਰ ਸਿੰਘ ਬੱਲ, *ਸਿੰਘ ਸਾਗਰ* (1827 ਈ.), ਪੰਜਾਬੀ ਯੂਨੀ., ਪਟਿਆਲਾ, 1986.
59. ਮਿਸਾਲ ਦੇ ਤੌਰ 'ਤੇ ਦੇਖੋ ਭਾਈ ਕਾਨ੍ਹ ਸਿੰਘ ਨਾਭਾ, ਮਹਾਨ ਕੋਸ਼, ਪੰਨਾ 75.
60. ਇਹ ਗਲ ਸਿੰਘ ਸਾਗਰ ਦੇ ਕਰਤਾ ਕਵੀ ਵੀਰ ਸਿੰਘ ਬਲ, ਵਿਚ ਸਾਫ਼ ਤੌਰ 'ਤੇ ਦੇਖੀ ਜਾ ਸਕਦੀ ਹੈ। ਕਵੀ ਇਸ ਘਟਨਾ ਨੂੰ ਬਿਆਨ ਕਰਨ ਲੱਗਿਆਂ ਦੋਹਾਂ ਕਿਲਿਆਂ ਦੇ ਨਾਵਾਂ ਨੂੰ ਹੀ ਵਰਤੀ ਜਾਂਦਾ ਹੈ ਭਾਵੇਂ ਕਿ ਇਸ ਦਾ ਮਨੋਰਥ ਸਿਰਫ ਇਹੀ ਦਸਣਾ ਹੈ ਕਿ ਹਾਥੀ ਲੋਹਗੜ੍ਹ ਵਿਖੇ ਹੀ ਭੇਜਿਆ ਗਿਆ ਸੀ ਅਤੇ ਗੁਰੂ ਸਾਹਿਬ ਆਨੰਦਗੜ੍ਹ ਤੋਂ ਹਦਾਇਤਾਂ ਦੇ ਰਹੇ ਸਨ। ਪਰ ਇਸ ਨਾਲ ਭੁਲੇਖਾ ਪੈ ਜਾਂਦਾ ਹੈ। ਦੇਖੋ ਤਰੰਗ ਯਾਰਵਾਂ।
61. *ਮਹਾਨ ਕੋਸ਼*, ਪੰਨਾ 101.

ਕਿਲਾ ਹੋਲ ਗੜ੍ਹ ਸਾਹਿਬ : ਇਹ ਕਿਲਾ ਪਿੰਡ ਅਗਮਪੁਰ ਵਿਖੇ ਸਥਿਤ ਹੈ। ਪਿੰਡ ਅਗਮਪੁਰ, ਨੰਗਲ ਜਾਣ ਵਾਲੀ ਮੁੱਖ ਸੜਕ ਉਪਰ ਆਨੰਦਪੁਰ ਸਾਹਿਬ ਤੋਂ ਤਕਰੀਬਨੇ ਡੇਢ ਕੁ ਕਿਲੋਮੀਟਰ ਦੀ ਵਿੱਥ 'ਤੇ ਸਥਿਤ ਹੈ। ਇਸ ਨੂੰ ਕਿਲਾ ਅਗਮਪੁਰ ਜਾਂ ਅਗਮਗੜ੍ਹ ਵੀ ਕਹਿ ਦਿੱਤਾ ਜਾਂਦਾ ਹੈ। ਕਿਲਾ ਲੋਹ ਗੜ੍ਹ ਤੋਂ ਇਸ ਦਾ ਫਾਸਲਾ ਇਕ ਕਿਲੋਮੀਟਰ ਦੇ ਕਰੀਬ ਹੈ। ਇਕ ਕਿਲੋਮੀਟਰ ਦੀ ਵਿੱਥ 'ਤੇ ਹੀ ਇਥੋਂ ਪੱਛਮ ਵਾਲੇ ਪਾਸੇ ਕਿਲਾ ਫਤਿਹਗੜ੍ਹ ਸਾਹਿਬ ਹੈ। ਇਸ ਤਰ੍ਹਾਂ ਆਨੰਦਪੁਰ ਸਾਹਿਬ ਦੀ ਪੂਰਬੀ-ਦੱਖਣੀ ਅਤੇ ਪੱਛਮੀ ਸੀਮਾ ਇਨ੍ਹਾਂ ਤਿੰਨ ਕਿਲਿਆਂ ਨਾਲ ਬਿਲਕੁਲ ਸੁਰੱਖਿਅਤ ਬਣਾ ਦਿੱਤੀ ਗਈ ਸੀ।

ਜਾਪਦਾ ਹੈ ਕਿ ਜਦੋਂ 1694 ਈਸਵੀ ਵਿਚ ਸ਼ਹਿਜ਼ਾਦਾ ਰੁਸਤਮ ਖਾਂ ਨੇ ਆਨੰਦਪੁਰ ਸਾਹਿਬ 'ਤੇ ਹਮਲਾ ਕੀਤਾ ਸੀ ਤਾਂ ਇਸ ਪਾਸਿਓਂ ਹੀ ਕੀਤਾ ਸੀ ਅਤੇ ਉਸ ਸਮੇਂ ਇਧਰ ਕੋਈ ਕਿਲਾ ਨਹੀਂ ਸੀ। ਦੁਸ਼ਮਣ ਹਮਲਾ ਕਰਦਾ ਹੋਇਆ ਸ਼ਹਿਰ ਦੇ ਬਾਹਰਵਾਰ ਚਲ ਰਹੇ ਇਕ ਨਾਲੇ ਉਪਰ ਆ ਪਹੁੰਚਿਆ ਸੀ। ਇਸ ਨਾਲੇ ਨੂੰ ਹੀ ਚਰਨ ਗੰਗਾ ਕਿਹਾ ਜਾਂਦਾ ਸੀ। ਨਾਲੇ 'ਤੇ ਪਹੁੰਚਣ ਸਮੇਂ ਗੁਰੂ ਜੀ ਦੇ ਇਕ ਪਹਿਰਾ ਦੇ ਰਹੇ ਸਿੰਘ, ਆਲਿਮ ਸਿੰਘ ਨੂੰ ਜਦ ਇਸ ਹਮਲਾਵਰ ਦਾ ਪਤਾ ਲਗਿਆ ਤਾਂ ਉਸ ਨੇ ਝੱਟ ਗੁਰੂ ਜੀ ਨੂੰ ਜਾਣੂ ਕਰਵਾਇਆ ਅਤੇ ਸਿੰਘ, ਇਕ ਦਮ ਤਿਆਰ ਹੋ ਦੁਸ਼ਮਣ ਨੂੰ ਆ ਟਕਰੇ। ਪਰ ਦੁਸ਼ਮਣ ਨਾਲੇ ਨੂੰ ਪਾਰ ਨਹੀਂ ਸੀ ਕਰ ਸਕਿਆ। ਇਸ ਤਰ੍ਹਾਂ ਨਾਲੇ ਦਾ ਸਭ ਤੋਂ ਵਡਾ ਅੜਿਕਾ ਹੋਣ ਕਰਕੇ ਦੁਸ਼ਮਣ ਬਿਨਾਂ ਲੜਿਆਂ ਹੀ ਭੱਜ ਗਿਆ ਸੀ। ਗੁਰੂ ਜੀ ਨੇ ਇਸ ਦਾ ਜ਼ਿਕਰ 'ਬਚਿੱਤ੍ਰ ਨਾਟਕ' ਵਿਚ ਇਉਂ ਕੀਤਾ ਹੈ :

ਦ੍ਵੈਕ ਘਰੀ ਬੀਤੀ ਨਿਸਿ ਜਬੈ। ਚੜਤ ਕਰੀ ਖਾਨਨ ਮਿਲਿ ਤਬੈ।
ਜਬ ਦਲ ਪਾਰ ਨਦੀ ਕੇ ਆਯੋ। ਆਨ ਆਲਮੈ ਹਮੈ ਜਗਾਯੋ।
ਸੋਰੁ ਪਰਾ ਸਭ ਹੀ ਨਰ ਜਾਗੇ। ਗਹਿ ਗਹਿ ਸਸਤ੍ਰ ਬੀਰ ਰਿਸ ਪਾਗੇ।

... ...

ਨਦੀਯੰ ਲਖਿਯੋ ਕਾਲ ਰਾਤ੍ਰੰ ਸਮਾਨੰ। ਕਰੋ ਸੂਰਮਾ ਸੀਤ ਪਿੰਗ ਪ੍ਰਮਾਨੰ।[62]

ਇਹ ਹਮਲਾ ਸੰਭਵ ਤੌਰ 'ਤੇ ਅਗਮਪੁਰ ਵਾਲੀ ਸਾਈਡ ਵਲੋਂ ਹੀ ਹੋਇਆ ਸੀ ਅਤੇ ਅਗੇ ਤੋਂ ਇਥੇ ਕਿਲਾ ਉਸਾਰ ਕੇ ਇਸ ਰਸਤੇ ਨੂੰ ਅਗਲੇ ਹਮਲਿਆਂ ਤੋਂ ਸੁਰੱਖਿਅਤ ਕੀਤਾ ਗਿਆ ਸੀ।

ਗੁਰੂ ਸਾਹਿਬ ਇਸ ਕਿਲੇ ਵਿਚ ਮੁਖ ਤੌਰ 'ਤੇ ਹੋਲੇ ਮੋਹਲੇ ਸਮੇਂ ਸਿੰਘਾਂ ਦੇ ਜੰਗੀ ਕਰਤੱਵ ਕਰਾਇਆ ਕਰਦੇ ਸਨ। ਇਸ ਲਈ ਇਸ ਦਾ ਨਾਂ ਕਿਲਾ ਹੋਲ ਗੜ੍ਹ ਸਾਹਿਬ ਪੈ ਗਿਆ ਸੀ। ਪੰਡਿਤ ਤਾਰਾ ਸਿੰਘ ਨਰੋਤਮ ਲਿਖਦਾ ਹੈ, "ਈਹਾਂ ਗੁਰੂ ਮਹਾਰਾਜ ਹੋਲੀ ਖੇਲਤੇ ਥੇ। ਲੋਹ ਗੜ੍ਹ ਗੁਰ ਥਾਨ ਸੇ ਹੋਲ ਗਢ ਪੌਨ ਕੋਸ ਉਤਰ ਹੈ।"[63]

ਭੱਟ ਵਹੀ ਤਲਾਉਂਡਾ ਪਰਗਨਾ ਜੀਂਦ ਖਾਤਾ ਜਲਹਾਨੇ ਕਾ ਵਿਚ ਇਸ ਤਰ੍ਹਾਂ ਜ਼ਿਕਰ ਆਇਆ ਹੈ :

"ਬਾਘ ਸਿੰਘ ਬੇਟਾ ਰਾਇ ਸਿੰਘ ਕਾ ਪੋਤਾ ਮਾਈ ਦਾਸ ਕਾ ਅਤੇ ਬਾਬਾ ਸਿੰਘ

62. ਧਿਆਇ ਦਸਵਾਂ, ਬੰਦ 2-3-6.
63. *ਸ੍ਰੀ ਗੁਰ ਤੀਰਥ ਸੰਗ੍ਰਹਿ* (ਪੱਥਰ ਛਾਪ, ਪਹਿਲੀ), ਅੰਬਾਲਾ, 1884 ਈ., ਪੰਨਾ 110.

ਬੇਟਾ ਨਾਨੂੰ ਸਿੰਘ ਕਾ ਪੋਤਾ ਬਾਸੇ ਕਾ ਸਾਲ ਸਤਰਾਂ ਸੈਂ ਸਤਵੰਜਾ ਭਾਦ੍ਵ ਪਰਵਿਸ਼ਟੇ ਇਕਤੀਸ ਸਨਿਚਰਵਾਰ ਕੇ ਦਿਨ ਗੁਰੂ ਕਾ ਬਚਨ ਪਾਇ ਅਗਮ ਗੜ੍ਹ ਕੇ ਮਲਹਾਨ ਪਰਗਨਾ ਅਗਮ ਪੁਰ ਪ੍ਰਬਤੀਓਂ ਸਾਥ ਘੋਰ ਯੁੱਧ ਕਰਕੇ ਸਾਮੇਂ ਮਾਥੇ ਜੂਝ ਕਰ ਸੁਆਸ ਦੀਏ।"

ਗੁਰੂ ਕੀਆਂ ਸਾਖੀਆਂ ਵਿਚ ਹੋਲਾ ਮਹਲਾ ਮਨਾਏ ਜਾਣ ਦਾ ਜ਼ਿਕਰ ਇਸ ਤਰ੍ਹਾਂ ਆਇਆ ਹੈ :

"ਇਸੀ ਵਰਖ ਪਿਛਲੇ ਸਾਲ ਕੀ ਤਰਹ ਹੋਲੀਆਂ ਕੇ ਦਿਹੁੰ ਮੇਂ ਕਿਲਾ ਹੋਲ ਗੜ੍ਹ ਕੇ ਨਜ਼ਦੀਕ ਬੜੀ ਚਹਿਲ ਪਹਿਲ ਹੁਈ। ਖਾਲਸਾ ਆਪਸ ਮੇਂ ਟੋਲੀਆਂ ਬਨਾਇ ਫਲਗੁਨ ਸੁਦੀ ਅਸ਼ਟਮੀ ਸੇ ਪੂਰਨਮਾਂ ਤੀਕ... ਕਿਲਾ ਆਨੰਦ ਗੜ੍ਹ ਸੇ ਬਾਹਰ ਕਿਲਾ ਲੋਹ ਗੜ੍ਹ ਕੇ ਨਜ਼ਦੀਕ ਬੜੀਆਂ ਰੌਣਕਾਂ ਰਹੀਆਂ।... ਇਸ ਉਪਰੰਤ ਖਾਲਸਾ ਹੋਲ ਗੜ੍ਹ ਕੀ ਤਰਫ਼ ਆਇਆ। ਪਿਰਥਮੈ ਪਾਂਚ ਨਿਸ਼ਾਨਚੀ ਇਨ ਕੇ ਪੀਛੇ ਪਾਂਚ ਪਿਆਰੇ, ਜਿਨ ਕੇ ਹਾਥੋਂ ਮੇਂ ਲੰਮੀਆਂ ਕਿਰਪਾਨਾਂ ਪਕੜੀਆਂ ਹੋਈਆਂ ਸਨ... ਇਸ ਤਰਹ ਖਾਲਸਈ ਦਰਿਆ ਠਾਠਾਂ ਮਾਰਦਾ ਹੋਇਆ ਪੂਰੇ ਜੋਬਨ ਸੇ ਹੋਲ ਗੜ੍ਹ ਕੇ ਮੈਦਾਨ ਮੇਂ ਜਾਇ ਪਹੁੰਚਾ।[64]

ਭਾਈ ਕਾਨ੍ਹ ਸਿੰਘ ਲਿਖਦਾ ਹੈ :

"ਹੋਲਗੜ੍ਹ ਆਨੰਦਪੁਰ ਦਾ ਇਕ ਕਿਲਾ, ਇਸੇ ਥਾਂ ਦਸ਼ਮੇਸ਼ ਨੇ ਦੀਵਾਨ ਲਗਾ ਕੇ ਸੰਮਤ 1757 ਚੇਤ ਬਦੀ 1 ਨੂੰ ਹੋਲਾ ਮਹੱਲਾ ਖੇਡਣ ਦੀ ਰੀਤ ਚਲਾਈ।"

(ਮਹਾਨ ਕੋਸ਼, ਪੰਨਾ 283)

ਇਸ ਕਿਲੇ ਦਾ ਵੀ ਅਜ ਕਲ ਕੋਈ ਨਾਂ ਨਿਸ਼ਾਨ ਨਹੀ ਪਰ ਇਥੇ ਇਸ ਸਮੇਂ ਬਹੁਤ ਸੁੰਦਰ ਗੁਰਦੁਆਰਾ ਸਸ਼ੋਭਤ ਹੈ।

ਕਿਲਾ ਫਤਿਹਗੜ੍ਹ ਸਾਹਿਬ : ਆਨੰਦਪੁਰ ਸਾਹਿਬ ਨਗਰ ਦੇ ਬਿਲਕੁਲ ਪੱਛਮ ਵਾਲੇ ਪਾਸੇ ਕਿਲਾ ਫਤਿਹਗੜ੍ਹ ਸਾਹਿਬ ਸਥਾਪਤ ਸੀ। ਇਸ ਰਾਹੀ ਨਗਰ ਦੇ ਪੱਛਮ ਵਲੋਂ ਆਉਂਦੇ ਰਸਤੈ ਨੂੰ ਦੁਸ਼ਮਣ ਦੇ ਹਮਲੇ ਤੋਂ ਬਚਾਇਆ ਗਿਆ ਸੀ। ਅਜ ਕਲ ਇਹ ਕਿਲਾ ਬਿਲਕੁਲ ਢਹਿ-ਢੇਰੀ ਹੋ ਚੁਕਿਆ ਹੈ। ਇਸ ਥਾਂ 'ਤੇ ਇਕ ਬਹੁਤ ਸੁੰਦਰ ਗੁਰਦੁਆਰਾ ਉਸਾਰਿਆ ਜਾ ਰਿਹਾ ਹੈ। ਨਗਰ ਵਿਚੋਂ ਦੀ ਥਾਣੇ ਵਾਲੀ ਗਲੀ ਰਾਹੀਂ ਇਥੇ ਪਹੁੰਚਣ ਵਾਲਾ ਰਸਤਾ ਹੈ।

ਭੱਟ ਵਹੀ ਜਾਦੋ ਬੰਸੀਆਂ ਕੀ ਖਾਤਾ ਬੜਤੀਏ ਕਨਊਤੋਂ ਕਾ ਵਿਚ ਇਸ ਦਾ ਜ਼ਿਕਰ ਇਉਂ ਆਉਂਦਾ ਹੈ :

"ਭਗਵਾਨ ਸਿੰਘ ਬੇਟਾ ਮਨੀ ਸਿੰਘ ਕਾ ਪੋਤਾ ਮਾਈ ਦਾਸ ਕਾ... ਜਵਾਹਰ ਸਿੰਘ ਬੇਟਾ ਲਖੀਏ ਕਾ ਪੋਤਾ ਗੱਧੂ ਕਾ ਬੜਤੀਆ ਕਨਾਵਤ ਨੰਦ ਸਿੰਘ ਬੇਟਾ ਆਲਮ ਸਿੰਘ ਕਾ ਪੋਤਾ ਦਰੀਆ ਕਾ ਜਲਹਾਨਾ ਸਾਲ ਸਤਰਾਂ ਸੈ ਸਤਵੰਜਾ ਭਾਦ੍ਵਾ ਪਰਵਿਸ਼ਟੇ ਤੀਸ ਸ਼ੁਕਰਵਾਰ ਕੇ ਦਿਨ ਗੁਰੂ ਕਾ ਹੁਕਮ ਪਾਇ ਫਤਿਹਗੜ੍ਹ ਪਰਗਨਾ ਆਨੰਦਪੁਰ ਕੇ ਮਲਹਾਨ ਸਾਮੇਂ ਮਾਥੇ ਜੂਝ ਕਰ ਮਰੇ।"

---

64. ਸਰੂਪ ਸਿੰਘ ਕੌਸ਼ਿਸ਼, ਸਾਖੀ 73ਵੀਂ।

ਭਾਈ ਕਾਨ੍ਹ ਸਿੰਘ ਨਾਭਾ ਨੇ ਲਿਖਿਆ ਹੈ :

> *"ਫਤੇ ਗੜ੍ਹ ਕਿਲਾ, ਸ਼ਹਿਰ ਆਨੰਦਪੁਰ ਵਿਚ ਹੀ ਥਾਣੇ ਦੇ ਪਾਸ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਗੁਰਦੁਆਰਾ ਹੈ। ਸਤਿਗੁਰੂ ਜੀ ਨੇ ਸ੍ਰੀ ਆਨੰਦਪੁਰ ਦੀ ਰਖਯਾ ਲਈ ਇਹ ਕਿਲਾ ਬਣਵਾਇਆ ਸੀ। ਇਹ ਕਿਲਾ ਹੁਣ ਢੈਹ ਚੁੱਕਾ ਹੈ।"*

(ਮਹਾਨ ਕੋਸ਼, ਪੰਨਾ 101)

ਕਿਲਾ ਤਾਰਾ ਗੜ੍ਹ ਸਾਹਿਬ : ਇਹ ਕਿਲਾ ਆਨੰਦਪੁਰ ਸਾਹਿਬ ਦੇ ਬਿਲਕੁਲ ਉਤਰ ਵਲ, ਨਗਰ ਤੋਂ ਸੱਤ ਕਿਲੋਮੀਟਰ ਦੀ ਵਿੱਥ 'ਤੇ ਸਥਿਤ ਹੈ। ਇਹ ਪਿੰਡ ਤਾਰਾ ਪੁਰ ਦੀ ਜੂਹ ਵਿਚ ਸੀ। ਅਜ ਕਲ ਸਿਰੀ ਦਸ਼ਮੇਸ਼ ਅਕੈਡਮੀ ਦੇ ਪਾਸ ਹੈ। ਆਮ ਤੌਰ 'ਤੇ ਇਸ ਕਿਲੇ ਦਾ, ਬਾਕੀ ਕਿਲਿਆਂ ਦਾ ਵਰਨਣ ਕਰਨ ਸਮੇਂ, ਕੋਈ ਵਰਨਣ ਨਹੀਂ ਕੀਤਾ ਜਾਂਦਾ। ਇਸ ਦੇ ਸ਼ਾਇਦ ਇਹ ਕਾਰਨ ਹਨ : ਪਹਿਲਾ ਇਹ ਕਿ ਇਹ ਕਿਲਾ ਨਗਰ ਤੋਂ ਕਾਫੀ ਦੂਰ ਇਕ ਐਸੇ ਪਾਸੇ ਵਲ ਸਥਿਤ ਸੀ ਜਿਧਰ ਸਿੰਘਾਂ ਦੀ ਕੋਈ ਜ਼ਿਆਦਾ ਆਵਾਜਾਈ ਨਹੀਂ ਸੀ। ਦੂਜਾ ਇਸ ਕਿਲੇ ਨਾਲ ਕਿਸੇ ਧਾਰਮਕ ਰਵਾਇਤ ਜਾਂ ਤਿਉਹਾਰ ਆਦਿ ਦੀ ਕੋਈ ਘਟਨਾ ਸਬੰਧਤ ਨਹੀਂ। ਇਸ ਲਈ ਇਸ ਦਾ ਜ਼ਿਕਰ ਹਰ ਸਮੇਂ ਦੀ ਕਾਰਵਾਈ ਵਿਚ ਨਹੀਂ ਆ ਸਕਿਆ। ਪਰ ਇਸ ਕਿਲੇ ਦੀ ਸਥਿਤੀ ਸੈਨਿਕ ਪੱਖੋਂ ਬਹੁਤ ਹੀ ਮਹੱਤਵਪੂਰਨ ਸੀ। ਕਿਉਂਕਿ ਇਹ ਧੁਰ ਕਹਿਲੂਰ ਦੀ ਰਿਆਸਤ ਦੇ ਅੰਦਰ ਜਾ ਕੇ ਉਸ ਰਸਤੇ ਉਪਰ ਉਸਾਰਿਆ ਹੋਇਆ ਸੀ ਜਿਥੋਂ ਦੀ ਕਹਿਲੂਰ ਦਾ ਰਾਜਾ ਆਸਾਨੀ ਨਾਲ ਹਮਲਾ ਕਰ ਸਕਦਾ ਸੀ। ਸਿੰਘਾਂ ਦਾ ਇਕ ਜੱਥਾ ਇਥੇ ਪੱਕੇ ਤੌਰ 'ਤੇ ਤਾਇਨਾਤ ਕੀਤਾ ਰਹਿੰਦਾ ਸੀ। ਇਹ ਜੱਥਾ ਆਨੰਦਪੁਰ ਸਾਹਿਬ ਤੋਂ ਦੂਰ ਬੈਠਾ, ਦੁਸ਼ਮਣ ਦੇ ਚੜ੍ਹ ਕੇ ਆਉਣ ਦੀ ਅਗਾਊਂ ਸੂਚਨਾ ਭੇਜਦਾ ਸੀ। ਇਸ ਤਰ੍ਹਾਂ ਦੁਸ਼ਮਣ ਦੀ ਅਗਾਊਂ ਸੂਚਨਾ ਮਿਲਣ ਨਾਲ ਨਗਰ ਦੇ ਡੀਫੈਂਸ ਨੂੰ ਮਜ਼ਬੂਤ ਕਰ ਦਿੱਤਾ ਜਾਂਦਾ ਸੀ।

ਭੱਟ ਵਹੀ ਬਿਜਲਾਊਤੋਂ ਕੀ ਵਿਚ ਇਸ ਦਾ ਜ਼ਿਕਰ ਇਸ ਤਰ੍ਹਾਂ ਆਉਂਦਾ ਹੈ :

> *"ਈਸਰ ਸਿੰਘ ਬੇਟਾ ਕੇਵਲ ਕਾ ਪੋਤਾ ਅੜੂ ਕਾ ਬਿਜਲਊਤ ਕਲਿਆਨ ਸਿੰਘ ਬੇਟਾ ਦਿਆਲ ਦਾਸ ਕਾ ਪੋਤਾ ਮਾਈ ਦਾਸ ਕਾ... ਸੰਗਤ ਸਿੰਘ ਬੇਟਾ ਬਿਨੇ ਉਪਲ ਕਾ ਸਾਲ ਸਤਰਾਂ ਸੈ ਸਤਵੰਜਾ ਭਾਦ੍ਰਵ ਪ੍ਰਵਿਸ਼ਟੇ ਉਂਨਤੀਸ ਵੀਰਵਾਰ ਕੇ ਦਿਨ ਗੁਰੂ ਕੇ ਸ਼ਾਹਜ਼ਾਦੇ ਅਜੀਤ ਸਿੰਘ ਕਾ ਬਚਨ ਪਾਇ ਤਾਰਾ ਗੜ੍ਹ ਕੇ ਮਲਹਾਨ ਪਰਗਨਾ ਤਾਰਾ ਪੁਰ ਇਕ ਪਹਿਰ ਘੋਰ ਯੁਧ ਕਰ ਕੇ ਸਾਮੇਂ ਮਾਥੇ ਰਣ ਮੇਂ ਜੂਝ ਕਰ ਮਰੇ ਘਨੇ ਪਰਬਤੀ ਮਾਰੇ ਗਏ। ਰਾਜਾ ਗੰਭੀਰ ਚੰਦ ਕਾ ਬੇਟਾ ਘੁਮੰਡ ਚੰਦ ਗੁਰੂ ਕੇ ਸ਼ਾਹਜ਼ਾਦੇ ਕੇ ਹਾਥ ਸੇ ਘਾਇਲ ਹੂਆ।"*

ਭਾਈ ਕਾਨ੍ਹ ਸਿੰਘ ਨਾਭਾ ਅਨੁਸਾਰ "ਤਾਰਾਗੜ੍ਹ ਸ਼ਹਿਰ ਆਨੰਦਪੁਰ ਤੋਂ ਤਿੰਨ ਮੀਲ ਚੜਦੇ ਵਲ 'ਤਾਰਾਪੁਰ' ਦੇ ਕੋਲ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਗੁਰਦੁਆਰਾ ਹੈ। ਜੰਗ ਸਮੇਂ ਸ੍ਰੀ ਆਨੰਦਪੁਰ ਦੀ ਰਖਯਾ ਵਾਸਤੇ ਗੁਰੂ ਜੀ ਨੇ ਇਥੇ ਕਿਲਾ ਬਣਵਾਇਆ ਸੀ ਜੋ ਹੁਣ ਢਹਿ ਗਿਆ ਹੈ ਪਰ ਕੁਝ ਬੁਨਿਆਦਾਂ ਅਜੇ ਭੀ ਨਜ਼ਰ ਪੈਂਦੀਆਂ ਹਨ। ਗੁਰਦੁਆਰਾ ਬਣਿਆ ਹੋਇਆ ਹੈ। ਪਾਸ ਹੀ ਇਕ ਬਾਵਲੀ ਗੁਰੂ ਜੀ ਦੇ ਸਮੇਂ ਦੀ ਹੈ। ਗੁਰਦੁਆਰੇ ਨਾਲ ਕੇਵਲ

ਇਸ ਅਹਾਤੇ ਦੀ ਜ਼ਮੀਨ ਹੈ ਜੋ ਚਾਰ ਘੁਮਾਊਂ ਦੇ ਕਰੀਬ ਹੈ।"[65] ਇਸ ਸਮੇਂ ਇਸ ਕਿਲੇ ਦੇ ਕੁਝ ਖੰਡਰਾਤ ਹੀ ਮਿਲਦੇ ਹਨ। ਕੁਝ ਨਿਹੰਗ ਸਿੰਘ ਇਥੇ ਦੀ ਸੇਵਾ ਸੰਭਾਲ ਕਰ ਰਹੇ ਹਨ ਪਰ ਹੁਣ ਇਥੇ ਇਕ ਆਲੀਸ਼ਾਨ ਗੁਰਦੁਆਰੇ ਦੀ ਉਸਾਰੀ ਸੰਤ ਬਾਬਾ ਲਾਭ ਸਿੰਘ ਜੀ ਕਰਵਾ ਰਹੇ ਹਨ।

ਕਿਲਾ ਤਖ਼ਤ ਸਿਰੀ ਕੇਸਗੜ੍ਹ ਸਾਹਿਬ : ਬਾਕੀ ਕਿਲਿਆਂ ਵਾਂਗ ਤਖ਼ਤ ਸਿਰੀ ਕੇਸਗੜ੍ਹ ਵੀ ਇਕ ਕਿਲਾ ਸੀ। ਇਹ ਸਮੁੱਚੇ ਆਨੰਦਪੁਰ ਸਾਹਿਬ ਦਾ ਕੇਂਦਰੀ ਅਸਥਾਨ ਸੀ। ਇਸ ਅਸਥਾਨ ਨੂੰ ਮੁੱਖ ਤੌਰ 'ਤੇ ਧਾਰਮਿਕ ਸਮਾਗਮਾਂ ਲਈ ਹੀ ਵਰਤਿਆ ਜਾਂਦਾ ਸੀ ਪਰ ਇਸ ਦੀ ਬਣਤਰ ਅਤੇ ਉਸਾਰੀ ਇਕ ਕਿਲੇ ਵਾਂਗ ਹੀ ਸੀ। ਜੰਗ ਦੇ ਸਮੇਂ ਲੋੜ ਪੈਣ 'ਤੇ ਇਥੋਂ ਵੀ ਦੁਸ਼ਮਣ 'ਤੇ ਵਾਰ ਕੀਤੇ ਜਾਂਦੇ ਸਨ ਪਰ ਇਸ ਦੀ ਜੰਗ ਵਿਚ ਵਰਤੋਂ ਬਹੁਤ ਘਟ ਕੀਤੀ ਗਈ ਸੀ।

ਕਵੀ ਕੋਇਰ ਸਿੰਘ ਆਨੰਦਪੁਰ ਦੇ ਇਕ ਘੇਰੇ ਸਮੇਂ ਇਥੋਂ ਤੋਪਾਂ ਚਲਾਏ ਜਾਣ ਦਾ ਜਿਕਰ ਕਰਦਾ ਹੈ :

ਸਬ ਕਰਤ ਹੱਲਾ ਕੋਟ ਪੈ ਤਬ ਗੁਰੂ ਚਲਾਵਤ ਤੋਪ ਕੋ।
ਕੇਸ ਗੜ੍ਹ ਤੇ ਛੂਟਤ ਇਮ ਜਿਮ ਕਰਤ ਬਿਜਲੀ ਓਪ ਕੋ।[66]

1699 ਈਸਵੀ ਦੀ ਵਿਸਾਖੀ ਨੂੰ ਇਸ ਅਸਥਾਨ 'ਤੇ ਹੀ ਖਾਲਸਾ ਪੰਥ ਦੀ ਸਾਜਨਾ ਕੀਤੀ ਗਈ ਸੀ। ਪਿੱਛੋਂ ਵੀ ਹਰ ਵਿਸਾਖੀ ਦੇ ਸਮੇਂ ਇਥੇ ਹੀ ਸਮਾਗਮ ਕੀਤੇ ਜਾਂਦੇ ਸਨ। ਪੰਡਿਤ ਤਾਰਾ ਸਿੰਘ ਨਰੋਤਮ ਅਨੁਸਾਰ, "ਇਸ ਗੁਰਦਵਾਰੇ ਮੇਂ ਗੁਰੂ ਜੀ ਨੇ ਕੇਸੋਂ ਮੇਂ ਅੰਮ੍ਰਿਤ ਦੇਨੇ ਕੀ ਚਾਲ ਕਰੀ ਹੈ, ਇਸ ਲੀਏ ਨਾਮ ਕੇਸ ਗੜ੍ਹ ਹੈ। ਅਸਲ ਮੇਂ ਖਾਲਸੇ ਮਾਰਗ ਕਾ ਮੂਲ ਥਾਨ ਯਹੀ ਹੈ।"[67] ਇਸ ਥਾਂ 'ਤੇ ਖਾਲਸੇ ਦਾ ਜਨਮ ਹੋਣ ਕਰਕੇ ਸਭ ਸਿੰਘ ਆਪਣੇ ਆਪ ਨੂੰ ਆਨੰਦਪੁਰ ਦਾ ਵਾਸੀ ਕਹਿੰਦੇ ਹਨ। ਪਿੱਛੋਂ ਦਸਮ ਪਾਤਸ਼ਾਹ ਨੇ ਇਸ ਅਸਥਾਨ ਨੂੰ ਇਕ ਤਖ਼ਤ ਦਾ ਦਰਜਾ ਦੇ ਕੇ, ਉਤਰ-ਪੱਛਮੀ ਪੰਜਾਬ ਦੀਆਂ ਸੰਗਤਾਂ ਦਾ ਕੇਂਦਰ ਬਣਾ ਦਿੱਤਾ ਸੀ। ਅਜ ਤਖ਼ਤ ਸਿਰੀ ਕੇਸ ਗੜ੍ਹ ਸਾਹਿਬ ਖਾਲਸੇ ਦੇ ਪੰਜ ਤਖ਼ਤਾਂ ਵਿਚੋਂ ਇਕ ਮਹਾਨ ਤਖ਼ਤ ਹੈ। ਅਠਾਰਵੀਂ ਸਦੀ ਵਿਚ ਕਈ ਵਾਰ ਹੋਲੇ ਮਹਲੇ ਦੇ ਸਮੇਂ, ਖਾਲਸੇ ਨੇ ਇਥੇ ਵੀ ਅਨੇਕਾਂ ਸਮਾਗਮ ਕਰ ਕੇ ਗੁਰਮਤੇ ਪਾਸ ਕੀਤੇ ਸਨ।

ਸਿੱਖ ਮਿਸਲਾਂ ਦੇ ਸਮੇਂ ਜਥੇਦਾਰ ਬਘੇਲ ਸਿੰਘ ਨੇ ਅੰਮ੍ਰਿਤ ਛਕਣ ਵੇਲੇ, ਜ਼ਿਲਾ ਹੁਸ਼ਿਆਰ ਦੇ ਪਿੰਡ ਬੱਡੋ ਦਾ ਅਧਾ ਮੁਆਮਲਾ ਤਖ਼ਤ ਸਿਰੀ ਕੇਸ ਗੜ੍ਹ ਸਾਹਿਬ ਦੇ ਨਾਂ ਲੁਆਇਆ ਸੀ ਜਿਸ ਤੋਂ 1150 ਰੁਪਏ ਦੀ ਸਾਲਾਨਾ ਆਮਦਨ ਹੁੰਦੀ ਸੀ। ਸਰਦਾਰ ਮਿਤ ਸਿੰਘ ਨੇ ਜ਼ਿਲਾ ਜਲੰਧਰ ਦੇ ਪਿੰਡ ਰੀਗਨ ਵਾਲ ਦੇ ਮੁਆਮਲੇ ਵਿਚੋਂ 400 ਰੁਪਏ ਸਾਲਾਨਾ ਨਾਂ ਲਗਵਾਏ। ਸਰਦਾਰ ਚੜਤ ਸਿੰਘ ਜੀ ਡਲੇਵਾਲੀਏ ਨੇ ਥਾਣਾ ਆਨੰਦਪੁਰ ਦੇ ਪਿੰਡ ਮੋਠੇਵਾਲ ਦੇ ਮੁਆਮਲੇ ਵਿਚੋਂ 1100 ਰੁਪਏ ਸਾਲਾਨਾ ਨਾਂ ਲਗਵਾਏ। ਥਾਣਾ ਆਨੰਦਪੁਰ ਦੇ ਹੀ ਇਕ

---

65. *ਮਹਾਨ ਕੋਸ਼*, ਪੰਨਾ 587.
66. *ਗੁਰਬਿਲਾਸ ਪਾਤਸ਼ਾਹ 10*, ਪੰਨਾ 156.
67. *ਸ੍ਰੀ ਗੁਰ ਤੀਰਥ ਸੰਗ੍ਰਹਿ*, ਪੰਨਾ 127.

ਹੋਰ ਪਿੰਡ ਮਹੈਣ ਤੋਂ 75 ਰੁਪਏ ਸਾਲਾਨਾ ਦਾ ਚਾੜ੍ਹਾਵਾ ਸੀ। ਇਹ ਚਾੜ੍ਹਾਵਾ ਰਿਆਸਤ ਬਿਲਾਸਪੁਰ ਵਲੋਂ ਸੀ। ਰਿਆਸਤ ਪਟਿਆਲਾ ਵਲੋਂ 375 ਰੁਪਏ, ਰਿਆਸਤ ਨਾਭਾ ਵਲੋਂ 169 ਰੁਪਏ ਅਠ ਆਨੇ, ਰਾਜਾ ਕਲਸੀਆ ਵਲੋ 371 ਰੁਪਏ, ਸਲਾਨਾ ਲਗਵਾਏ ਗਏ ਸਨ। ਤਖ਼ਤ ਸਾਹਿਬ ਵਾਲੀ ਥਾਂ 33 ਘੁਮਾਂ ਜ਼ਮੀਨ ਦਾ ਰਕਬਾ ਸੀ। ਇਸ ਤਰ੍ਹਾਂ ਤਕਰੀਬਨ 3000 ਰੁਪਏ[68] ਸਾਲਾਨਾ ਦੀ ਜਾਗੀਰ ਤਖ਼ਤ ਕਿਲਾ ਕੇਸ ਗੜ੍ਹ ਦੇ ਨਾਂ ਸੀ।

ਕਿਉਂਕਿ ਇਸ ਮਹਾਨ ਅਸਥਾਨ 'ਤੇ ਖਾਲਸਾ ਪੰਥ ਦੀ ਸਾਜਨਾ ਕੀਤੀ ਗਈ ਸੀ ਇਸ ਲਈ ਇਸ ਮਹਾਨ ਅਸਥਾਨ ਦੀ ਇਤਿਹਾਸਕ ਅਤੇ ਧਾਰਮਿਕ ਤੌਰ 'ਤੇ ਬਹੁਤ ਮਹੱਤਤਾ ਹੈ। ਪਿੱਛੋਂ ਦਸਮ ਪਾਤਸ਼ਾਹ ਨੇ ਸਮੁਚੇ ਖਾਲਸਾ ਪੰਥ ਨੂੰ ਜਥੇਬੰਦਕ ਤੌਰ 'ਤੇ ਜਦੋਂ ਪੰਜ ਭਾਗਾਂ ਵਿਚ ਪੁਨਰਗਠਤ ਕੀਤਾ ਤਾਂ ਤਖ਼ਤ ਸਿਰੀ ਕੇਸ ਗੜ੍ਹ ਸਾਹਿਬ ਨੂੰ ਇਕ ਤਖ਼ਤ ਦਾ ਦਰਜਾ ਦੇ ਕੇ, ਉਤਰ-ਪੱਛਮੀ ਪੰਜਾਬ ਦੀ ਧਰਤੀ 'ਤੇ ਸਥਾਪਤ ਸੰਗਤਾਂ ਦਾ ਇਕ ਇਲਾਕਾਈ ਕੇਂਦਰ ਬਣਾ ਦਿੱਤਾ ਸੀ। ਚਾਰ ਤਖ਼ਤ ਇਲਾਕਾਈ ਕੇਂਦਰ ਹਨ ਅਤੇ ਸਿਰੀ ਅਕਾਲ ਤਖ਼ਤ ਸਾਹਿਬ ਸਮੁਚੀ ਕੌਮ ਦਾ ਕੇਂਦਰੀ ਅਸਥਾਨ ਹੈ।

ਸਿੱਖ ਰਾਜ ਦੇ ਪਿੱਛੋਂ ਹੋਰਨਾਂ ਗੁਰਦੁਆਰਿਆਂ ਅਤੇ ਤਖ਼ਤਾਂ ਵਾਂਗ ਇਹ ਅਸਥਾਨ ਵੀ ਹਕੂਮਤ ਪੱਖੀ ਸੋਚੀ ਪੁਜਾਰੀਆਂ ਦੇ ਕਬਜ਼ੇ ਵਿਚ ਆ ਗਿਆ ਸੀ ਜਿਸ ਨੂੰ ਮੁੜ ਕੇ 1920 ਵਿਆਂ ਵਿਚ ਹੀ ਪੰਥਕ ਕੰਟਰੋਲ ਵਿਚ ਲਿਆ ਗਿਆ ਸੀ। ਪੰਜਾਬ ਗੁਰਦੁਆਰਾ ਐਕਟ 1925 ਦੇ ਅਧੀਨ ਇਹ ਇਤਿਹਾਸਕ ਅਸਥਾਨ ਸ਼ਰੋਮਣੀ ਗੁਰਦੁਆਰਾ ਪਰਬੰਧਕ ਕਮੇਟੀ ਦੇ ਪਰਬੰਧ ਵਿਚ ਆ ਗਿਆ। ਕਮੇਟੀ ਵਲੋਂ ਇਸ ਦੇ ਜਥੇਦਾਰ ਨਿਯੁਕਤ ਕੀਤੇ ਜਾਣ ਲਗੇ। ਇਨ੍ਹਾਂ ਰਹਿ ਚੁੱਕੇ ਜਥੇਦਾਰਾਂ ਦੀ ਸੂਚੀ ਇਸ ਤਰ੍ਹਾਂ ਹੈ :

1. ਗਿਆਨੀ ਪਰਤਾਪ ਸਿੰਘ ਜੀ ਮੱਲੇਵਾਲ (ਹੁਸ਼ਿਆਰਪੁਰ), 2. ਜਥੇਦਾਰ ਬੀਰ ਸਿੰਘ, 3. ਮਾਸਟਰ ਅਜੀਤ ਸਿੰਘ ਅੰਬਾਲਵੀ, 4. ਗਿਆਨੀ ਪਰਤਾਪ ਸਿੰਘ (ਦੂਜੀ ਵਾਰ), 5. ਗਿਆਨੀ ਫੌਜਾ ਸਿੰਘ ਜੀ, 6. ਗਿਆਨੀ ਬਚਿੱਤਰ ਸਿੰਘ ਰਾਮਪੁਰ ਕਟਾਣੀ, 7. ਗਿਆਨੀ ਸਾਧੂ ਸਿੰਘ ਜੀ ਭੌਰਾ, 8. ਗਿਆਨੀ ਸ਼ਰਮ ਸਿੰਘ ਜੀ, 9. ਗਿਆਨੀ ਮਘਰ ਸਿੰਘ ਜੀ, 10. ਜਥੇਦਾਰ ਗੁਰਦਿਆਲ ਸਿੰਘ ਜੀ ਅਜਨੋਹਾ, 11. ਜਥੇਦਾਰ ਹਰਿਚਰਨ ਸਿੰਘ ਜੀ ਮਹਾਲੋਂ ਅਤੇ 12. ਭਾਈ ਸ਼ਵਿੰਦਰ ਸਿੰਘ ਜੀ (ਸਰਬੱਤ ਖਾਲਸਾ ਵਲੋਂ), 13. ਪਰੋਫੈਸਰ ਮਨਜੀਤ ਸਿੰਘ ਜੀ (ਵਰਤਮਾਨ)।

ਸਿੰਘ ਸਾਹਿਬ ਭਾਈ ਸ਼ਵਿੰਦਰ ਸਿੰਘ ਜੀ ਸਰਬੱਤ ਖਾਲਸਾ ਵਲੋਂ ਥਾਪੇ ਹੋਏ ਜਥੇਦਾਰ ਸਨ। ਆਪ ਸਿਰੀ ਦਮਦਮੀ ਟਕਸਾਲ ਵਿਚੋਂ ਸਿਖਿਆ ਪਰਾਪਤ ਸਨ। ਪਰ ਇਨ੍ਹਾਂ ਨੂੰ ਸ਼ਰੋਮਣੀ ਕਮੇਟੀ ਵਲੋਂ ਮਾਣਤਾ ਨਹੀਂ ਦਿੱਤੀ ਗਈ। ਇਸ ਲਈ ਸ਼ਰੋਮਣੀ ਕਮੇਟੀ ਵਲੋਂ ਪਰੋਫੈਸਰ ਮਨਜੀਤ ਸਿੰਘ ਜੀ ਨਿਯੁਕਤ ਕੀਤੇ ਗਏ ਹਨ।

ਤਖ਼ਤ ਸਾਹਿਬ ਦੀ ਇਮਾਰਤ ਬੜੀ ਵਿਸ਼ਾਲ ਹੈ। ਇਹ ਅਸਥਾਨ ਵੀ ਇਕ ਉਚੀ ਪਹਾੜੀ ਉਪਰ ਸਥਿਤ ਹੈ ਇਸ ਕਰਕੇ ਹੇਠੋਂ ਕਾਫੀ ਉਚਾਈ ਚੜ੍ਹ ਕੇ ਹੀ ਉਪਰ ਜਾਇਆ ਜਾ ਸਕਦਾ ਹੈ। ਉਚੀ ਪਹਾੜੀ ਹੋਣ ਕਰਕੇ ਹੇਠੋਂ ਡੰਗੇ ਬਣਾ ਬਣਾ ਕੇ ਹੇਠਲੀਆਂ ਮੰਜ਼ਲਾਂ

---

68. ਕਾਨ੍ਹ ਸਿੰਘ ਨਾਭਾ, ਪੰਨਾ 76.

ਉਸਾਰੀਆਂ ਗਈਆਂ ਹਨ। ਹੇਠਲੀਆਂ ਮੰਜ਼ਲਾਂ ਵਿਚ ਯਾਤਰੂਆਂ ਦੀ ਰਹਾਇਸ਼ ਲਈ ਅਨੇਕਾਂ ਕਮਰੇ ਬਣਾਏ ਹੋਏ ਹਨ। ਤਖ਼ਤ ਸਾਹਿਬ ਤੀਸਰੀ ਮੰਜ਼ਲ ਉਪਰ ਹੈ। ਦੂਸਰੀ ਮੰਜ਼ਲ ਉਪਰ ਤਖ਼ਤ ਸਾਹਿਬ ਦੇ ਸਾਹਮਣੇ ਵਾਲਾ ਖੁੱਲ੍ਹਾ ਦਲਾਨ ਹੈ। ਤਖ਼ਤ ਸਾਹਿਬ ਦੇ ਕੇਂਦਰੀ ਹਾਲ ਦਰਬਾਰ ਸਾਹਿਬ ਵਿਚਲੇ ਇਕ ਕਮਰੇ ਵਿਚ ਦਸਮ ਪਾਤਸ਼ਾਹ ਜੀ ਦੇ ਪਵਿਤਰ ਸ਼ਸਤਰ ਰਖੇ ਹੋਏ ਹਨ। ਇਨ੍ਹਾਂ ਪਵਿਤਰ ਸ਼ਸਤਰਾਂ ਵਿਚ ਇਹ ਸ਼ਸ਼ਤਰ ਹਨ :

1. *ਖੰਡਾ* : ਜਿਸ ਨਾਲ ਪਹਿਲੀ ਵਾਰ ਅੰਮ੍ਰਿਤ ਤਿਆਰ ਕੀਤਾ ਗਿਆ ਸੀ।
2. *ਕਟਾਰ;*
3. *ਕਰਪਾ ਬਰਛਾ;*
4. *ਨਾਗਣੀ* : ਕਿਹਾ ਜਾਂਦਾ ਹੈ ਕਿ ਇਸ ਨਾਗਣੀ ਨਾਲ ਹੀ ਭਾਈ ਬਚਿੱਤਰ ਸਿੰਘ ਨੇ ਮਸਤ ਹਾਥੀ ਨੂੰ ਜ਼ਖਮੀ ਕਰ ਕੇ ਭਜਾਇਆ ਸੀ;
5. *ਬੰਦੂਕ;*
6. *ਸੈਫ* : ਇਹ ਮੁਗਲ ਬਾਦਸ਼ਾਹ ਬਹਾਦਰ ਸ਼ਾਹ ਨੇ ਗੁਰੂ ਜੀ ਨੂੰ ਭੇਟ ਕੀਤੀ ਸੀ;

ਇਨ੍ਹਾਂ ਤੋਂ ਇਲਾਵਾ ਕੁਝ ਸ਼ਸ਼ਤਰ ਇੰਗਲੈਂਡ ਤੋਂ ਲਿਆਂਦੇ ਗਏ ਸਨ ਜਿਨ੍ਹਾਂ ਵਿਚ ਇਹ ਹਥਿਆਰ ਹਨ :

1. ਸ਼ਮਸ਼ੀਰ, 2. ਬਰਛਾ, 3. ਢਾਲ, 4. ਦਾਹੇ ਆਹਿਨੀ, 5. ਬਰਛੀ, 6. ਚਕਰ ਅਤੇ 7. ਭਾਲਾ।

ਤਖ਼ਤ ਸਾਹਿਬ ਦੀ ਸਰਾਂ ਵਿਚ ਕੁਲ 140 ਕਮਰੇ ਹਨ। ਛੇ ਕਮਰੇ ਵਡੇ ਹਨ। ਇਕ ਹਾਲ ਰਾਜਾ ਬੁੰਗਾ ਹੈ। ਇਸ ਵਿਚ ਲੰਗਰ ਚਲਦਾ ਹੈ। ਤਖ਼ਤ ਸਾਹਿਬ ਦੀ ਡਿਉਢੀ ਦੇ ਉਪਰ ਸਿੱਖ ਅਜਾਇਬ ਘਰ ਹੈ। ਇਸ ਵਿਚ ਸਿੱਖ ਗੁਰੂਆਂ, ਸ਼ਹੀਦਾਂ ਅਤੇ ਜੋਧਿਆਂ ਦੀਆਂ ਪੇਂਟਿੰਗਜ਼ ਰਖੀਆਂ ਹੋਈਆਂ ਹਨ। ਤਖ਼ਤ ਸਾਹਿਬ ਦੇ ਨਜ਼ਦੀਕ ਹੀ ਮੰਜੀ ਸਾਹਿਬ ਵਾਲੇ ਪਾਸੇ ਜਥੇਦਾਰ ਦਾ ਰਿਹਾਇਸ਼ੀ ਮਕਾਨ ਹੈ।

ਆਨੰਦਪੁਰ ਸਾਹਿਬ ਦੇ ਧਾਰਮਿਕ ਅਸਥਾਨ : ਸਿਰੀ ਆਨੰਦਪੁਰ ਸਾਹਿਬ ਦੇ ਪਵਿਤਰ ਨਗਰ ਵਿਚ ਕਿਲਿਆਂ ਤੋਂ ਇਲਾਵਾ ਅਨੇਕਾਂ ਧਾਰਮਿਕ[69] ਅਸਥਾਨ ਵੀ ਹਨ ਜਿਨ੍ਹਾਂ ਨਾਲ ਗੁਰੂ ਤੇਗ ਬਹਾਦਰ ਜੀ ਅਤੇ ਗੁਰੂ ਗੋਬਿੰਦ ਸਿੰਘ ਜੀ ਦੇ ਜੀਵਨ ਦੀਆਂ ਅਨੇਕਾਂ ਘਟਨਾਵਾਂ ਦਾ ਸੰਬੰਧ ਜੁੜਿਆ ਹੋਇਆ ਹੈ। ਇਨ੍ਹਾਂ ਵਿਚੋਂ ਮੁੱਖ ਅਸਥਾਨ ਗੁਰਦੁਆਰਾ ਗੁਰੂ ਕੇ ਮਹਿਲ, ਗੁਰਦੁਆਰਾ ਸੀਸ ਗੰਜ ਸਾਹਿਬ, ਗੁਰਦੁਆਰਾ ਅਕਾਲ ਬੁੰਗਾ, ਭੋਰਾ ਸਾਹਿਬ, ਦਮਦਮਾ ਸਾਹਿਬ, ਦੋ ਮੰਜੀ ਸਾਹਿਬ ਅਤੇ ਗੁਰਦੁਆਰਾ ਮਾਤਾ ਜੀਤੋ ਜੀ ਆਦਿ ਅਸਥਾਨ ਹਨ। ਹੇਠਾਂ ਇਨ੍ਹਾਂ ਦਾ ਕਰਮਵਾਰ ਵਿਸਥਾਰ ਰੂਪ ਵਿਚ ਵਰਣਨ ਹੈ :

---

69. ਇਥੇ ਧਾਰਮਿਕ ਅਸਥਾਨਾਂ ਤੋਂ ਭਾਵ ਸਿਰਫ ਭਜਨ-ਬੰਦਗੀ ਕਰਨ ਵਾਲੀਆਂ ਥਾਵਾਂ ਤੋਂ ਹੀ ਹੈ। ਇਹ ਅਸਥਾਨ ਅਜ ਕਲ ਨਿਰੋਲ ਗੁਰਦੁਆਰੇ ਹਨ। ਕਿਲੇ ਮੂਲ ਰੂਪ ਵਿਚ ਗੁਰਦੁਆਰੇ ਨਹੀਂ ਸਨ। ਕਿਲਿਆਂ ਵਾਲੀਆਂ ਥਾਵਾਂ 'ਤੇ ਸਿਰਫ ਗੁਰੂ ਜੀ ਦੀ ਯਾਦ ਨੂੰ ਕਾਇਮ ਰਖਣ ਲਈ ਹੀ ਗੁਰਦੁਆਰੇ ਉਸਾਰੇ ਗਏ ਹਨ। ਤਖ਼ਤ ਕੇਸ ਗੜ੍ਹ ਸਾਹਿਬ ਵੀ ਮੂਲ ਰੂਪ ਵਿਚ ਇਕ ਕਿਲਾ ਸੀ ਅਤੇ ਪਿੱਛੋਂ ਇਕ ਤਖ਼ਤ ਦੇ ਤੌਰ 'ਤੇ ਸਥਾਪਤ ਕੀਤਾ ਗਿਆ ਹੈ। ਤਖ਼ਤ ਨੂੰ ਗੁਰਦੁਆਰਾ ਨਹੀਂ ਕਿਹਾ ਜਾਣਾ ਚਾਹੀਦਾ। ਤਖ਼ਤ ਸਿਰਫ ਤਖ਼ਤ ਹੈ ਅਤੇ ਖਾਲਸੇ ਦਾ ਪਰਬੰਧਕੀ ਕੇਂਦਰ ਹੈ।

ਗੁਰਦੁਆਰਾ ਗੁਰੂ ਕੇ ਮਹਿਲ : ਇਹ ਅਸਥਾਨ ਮੂਲ ਰੂਪ ਵਿਚ ਗੁਰੂ ਤੇਗ ਬਹਾਦਰ ਜੀ ਦੇ ਪਰਿਵਾਰ ਦਾ ਰਿਹਾਇਸ਼ੀ ਮਕਾਨ ਸੀ। 1982-83 ਤਕ ਇਥੇ ਗੁਰੂ ਜੀ ਦੇ ਸਮੇਂ ਦੇ ਮਕਾਨਾਂ ਦੇ ਕੁਝ ਹਿੱਸੇ ਖੜੇ ਸਨ। ਪਰ ਕਾਰ ਸੇਵਾ ਦੀ ਫੋਕੀ ਬਾਹਵਾ ਖਟਣ ਦੇ ਬਹਾਨੇ ਨਵਾਂ ਗੁਰਦੁਆਰਾ ਉਸਾਰਨ ਲਈ ਇਹ ਸਭ ਇਤਿਹਾਸਕ ਮਕਾਨ ਢਾਹ ਦਿੱਤੇ ਗਏ। ਅਜ ਇਥੇ ਸਿਵਾਏ ਸੰਗਮਰਮਰ ਵਾਲੇ ਚਮਕੀਲੇ ਗੁਰਦੁਆਰਿਆਂ ਤੋਂ ਹੋਰ ਕੋਈ ਵੀ ਪੁਰਾਣੀ ਇਤਿਹਾਸਕ ਇਮਾਰਤ ਨਹੀਂ।

ਪੰਡਿਤ ਤਾਰਾ ਸਿੰਘ ਨਰੋਤਮ ਲਿਖਦੇ ਹਨ, "ਸਾਹਬਜਾਦੇ ਇਸ ਮਕਾਨ ਮੇ ਜਨਮੇ ਦਮਦਮੇ ਗੁਰਦਵਾਰੇ ਸੇ ਦਸ ਕਦਮ ਹੈ। ਈਹਾਂ ਵਾਸ ਕਰਤੇ ਹੀ ਗੁਰੂ ਜੀ ਸੰਬਤ 1748 ਮੇ ਏਕ ਲਾਹੌਰ ਕੀ ਖਤ੍ਰਾਨੀ ਅਨੂਪ ਕੌਰ ਕੇ ਪਾਸ ਅਤੀਤ ਵੇਸ ਮੇ ਗਏ।"[70] ਭਾਈ ਕਾਨ੍ਹ ਸਿੰਘ ਨਾਭਾ ਲਿਖਦੇ ਹਨ, "ਸ਼ਹਿਰ ਅੰਦਰ ਜੋ ਗੁਰੂ ਤੇਗ ਬਹਾਦਰ ਜੀ ਨੇ ਆਪਣੇ ਰਹਿਣ ਲਈ ਮਕਾਨ ਬਣਵਾਏ ਇਨ੍ਹਾਂ ਮਹਿਲਾਂ ਵਿਚ ਹੀ ਗੁਰੂ ਗੋਬਿੰਦ ਸਿੰਘ ਜੀ ਨੇ ਨਿਵਾਸ ਕੀਤਾ ਅਤੇ ਚਾਰੇ ਸਾਹਿਬਜ਼ਾਦਿਆਂ ਦਾ ਜਨਮ ਹੋਇਆ।"[71] ਐਸੀ ਮਹਾਨ ਇਤਿਹਾਸਕ ਇਮਾਰਤ ਦਾ ਅਜ ਬਿਲਕੁਲ ਹੀ ਕੋਈ ਨਾਂ ਨਿਸ਼ਾਨ ਨਹੀਂ ਹੈ ਜਿਹੜੀ ਕਿ ਅਜੇ ਕੁਝ ਸਾਲ ਪਹਿਲਾਂ ਬਹੁਤ ਅੱਛੀ ਹਾਲਤ ਵਿਚ ਖੜੀ ਸੀ।

ਗੁਰਦੁਆਰਾ ਸੀਸ ਗੰਜ ਸਾਹਿਬ : ਇਹ ਗੁਰਦੁਆਰਾ ਵੀ ਨਗਰ ਦੇ ਵਿਚ ਹੈ ਅਤੇ ਗੁਰੂ ਕੇ ਮਹਲਾਂ ਤੋਂ ਥੋੜ੍ਹੀ ਜਿਹੀ ਹੀ ਵਿੱਥ ਨਾਲ ਹੈ। ਇਥੇ ਗੁਰੂ ਤੇਗ ਬਹਾਦਰ ਜੀ ਦੇ ਪਾਵਨ ਸੀਸ ਦਾ ਅੰਤਮ ਸੰਸਕਾਰ ਕੀਤਾ ਗਿਆ ਸੀ। ਅਜ ਕਲ ਇੱਥੇ ਬਹੁਤ ਸੁੰਦਰ ਗੁਰਦੁਆਰਾ ਉਸਾਰਿਆ ਹੋਇਆ ਹੈ। ਸਿੱਖ ਰਾਜ ਸਮੇਂ ਨੌ ਸੌ ਰੁਪਏ ਦੀ ਸਾਲਾਨਾ ਜਾਗੀਰ ਪਿੰਡ ਚੱਕ ਸਦੂ ਅਤੇ ਮੁਖੇੜਾ ਤੋਂ ਇਸ ਅਸਥਾਨ ਦੇ ਨਾਂ ਲਗਵਾਈ ਗਈ ਸੀ। 371 ਰੁਪਏ ਰਾਜਾ ਕਲਸੀਆਂ ਵਲੋਂ, 60 ਰੁਪਏ ਰਿਆਸਤ ਪਟਿਆਲਾ ਵਲੋਂ ਅਤੇ 70 ਰੁਪਏ ਰਿਆਸਤ ਨਾਭਾ ਵਲੋਂ ਸਾਲਾਨਾ ਦਿੱਤੇ ਜਾਂਦੇ ਸਨ।

ਗੁਰਦੁਆਰਾ ਅਕਾਲ ਬੁੰਗਾ ਸਾਹਿਬ : ਇਹ ਅਸਥਾਨ ਗੁਰਦੁਆਰਾ ਸੀਸ ਗੰਜ ਦੇ ਬਿਲਕੁਲ ਸਾਹਮਣੇ ਅਤੇ ਉਸੇ ਹੀ ਚਾਰ ਦਿਵਾਰੀ ਵਿਚ ਹੈ। ਰਵਾਇਤ ਹੈ ਕਿ ਗੁਰੂ ਜੀ ਦੇ ਸੀਸ ਦਾ ਅੰਤਮ ਸੰਸਕਾਰ ਕਰਨ ਸਮੇਂ ਗੁਰੂ ਗੋਬਿੰਦ ਸਿੰਘ ਜੀ ਨੇ ਇਥੇ ਖਲੋ ਕੇ ਸਿੱਖ ਸੰਗਤਾਂ ਨੂੰ ਸੰਬੋਧਨ ਕੀਤਾ ਸੀ। ਇਥੇ ਹੀ ਦਸਮ ਪਾਤਸ਼ਾਹ ਨੂੰ ਗੁਰਿਆਈ ਤਿਲਕ ਦੇਣ ਦੀ ਰਵਾਇਤ ਵੀ ਪਰਚਲਤ ਹੈ। ਇਸ ਬੁੰਗੇ ਦੀ ਇਮਾਰਤ ਸਿੱਖ ਰਾਜ ਸਮੇਂ ਦੀ ਪਰਤੀਤ ਹੁੰਦੀ ਹੈ ਕਿਉਂਕਿ ਇਹ ਛੋਟੀਆਂ ਇੱਟਾਂ ਦੀ ਬਣੀ ਹੋਈ ਹੈ। ਹੈਰਾਨੀ ਇਸ ਗੱਲ ਦੀ ਹੈ ਕਿ ਇਹ ਇਮਾਰਤ, ਪੁਰਾਣੀਆਂ ਇਮਾਰਤਾਂ ਨੂੰ ਢਾਹ ਕੇ ਨਵੇਂ ਸੰਗਮਰਮਰੀ ਗੁਰਦੁਆਰੇ ਉਸਾਰਨ ਵਾਲੇ ਸੰਤਾਂ ਕੋਲੋਂ ਕਿਵੇਂ ਬਚੀ ਰਹੀ। ਉਮੀਦ ਹੈ ਕਿ ਜਿਸ ਤਰ੍ਹਾਂ ਦਾ ਰੁਝਾਨ ਅਜ ਚਲ ਰਿਹਾ ਹੈ ਉਸ ਅਨੁਸਾਰ ਇਸ ਇਮਾਰਤ ਦੀ ਬਾਰੀ ਵੀ ਦੇਰ ਜਾਂ ਛੇਤੀ ਨਾਲ ਆ ਹੀ ਜਾਵੇਗੀ ਅਤੇ ਸਿੱਖ ਸੰਗਤਾਂ ਸਾਹਮਣੇ ਇਸ ਦੀ ਜਗਾ ਵੀ ਸੰਗਮਰਮਰ ਦਾ ਚਮਕੀਲਾ ਗੁਰਦੁਆਰਾ ਹੀ ਹੋਵੇਗਾ।

---

70. *ਸ੍ਰੀ ਗੁਰ ਤੀਰਥ ਸੰਗ੍ਰਹਿ*, ਪੰਨਾ 111.
71. ਮਹਾਨ ਕੋਸ਼, ਪੰਨਾ 76.

ਗੁਰਦੁਆਰਾ ਭੋਰਾ ਸਾਹਿਬ : ਸਥਾਨਕ ਰਵਾਇਤ ਅਨੁਸਾਰ ਇਸ ਥਾਂ 'ਤੇ ਗੁਰੂ ਤੇਗ ਬਹਾਦਰ ਜੀ ਗੁਰਬਾਣੀ ਦਾ ਸਿਮਰਨ ਕਰਿਆ ਕਰਦੇ ਸਨ। ਪਹਿਲਾਂ ਇਹ ਜ਼ਮੀਨ-ਦੋਜ਼ ਕਚਾ ਭੋਰਾ ਹੁੰਦਾ ਸੀ। ਕਚੇ ਅਤੇ ਜ਼ਮੀਨਦੋਜ਼ ਭੋਰੇ ਪਹਿਲੇ ਸਮਿਆਂ ਵਿਚ ਵਾਹਿਗੁਰੂ ਦਾ ਸਿਮਰਨ ਕਰਨ ਲਈ ਬਹੁਤ ਹੀ ਅੱਛੀਆਂ ਥਾਵਾਂ ਹੋਈਆਂ ਕਰਦੀਆਂ ਸਨ ਕਿਉਂਕਿ ਇਕ ਤਾਂ, ਜ਼ਮੀਨਦੋਜ਼ ਹਿੱਸਾ ਗਰਮੀਆਂ ਵਿਚ ਬਹੁਤ ਠੰਢਾ ਅਤੇ ਸਰਦੀਆਂ ਵਿਚ ਬਹੁਤ ਨਿੱਘਾ ਹੁੰਦਾ ਸੀ। ਦੂਜਾ ਇਹ ਡੂੰਘੀ ਥਾਂ ਆਬਾਦੀ ਦੇ ਸ਼ੋਰ ਸ਼ਰਾਬੇ ਤੋਂ ਨਿਰਲੇਪ ਰਹਿੰਦੀ ਸੀ। ਇਸ ਕਰਕੇ ਪਹਿਲੇ ਸਮਿਆਂ ਵਿਚ ਸੰਤ ਜਨ ਭੋਰਿਆਂ ਵਿਚ ਬੈਠ ਕੇ ਹੀ ਭਜਨ-ਬੰਦਗੀ ਕਰਦੇ ਹੁੰਦੇ ਸਨ।

ਅਜ ਕਲ ਇਸ ਥਾਂ 'ਤੇ ਬਹੁਤ ਸੁੰਦਰ ਗੁਰਦੁਆਰਾ ਸੁਸ਼ੋਭਿਤ ਹੈ। ਭੋਰੇ ਵਾਲੀ ਥਾਂ ਗੁਰਦੁਆਰੇ ਦੇ ਹੇਠਾਂ, ਇਕ ਤਹਿਖਾਨਾ ਰਖ ਕੇ ਸੁੱਰਖਿਅਤ ਕੀਤੀ ਗਈ ਹੈ। ਤਹਿਖਾਨੇ ਵਿਚ ਸਭ ਪਾਸੇ ਪੱਕਾ ਫਰਸ਼ ਬਣਾਇਆ ਗਿਆ ਹੈ ਅਤੇ ਗੁਰੂ ਜੀ ਦੇ ਬੈਠਣ ਵਾਲੀ ਥਾਂ 'ਤੇ ਇਕ ਪੱਕਾ ਥੜ੍ਹਾ ਬਣਾਇਆ ਹੋਇਆ ਹੈ।

ਗੁਰਦੁਆਰਾ ਦਮਦਮਾ ਸਾਹਿਬ : ਇਹ ਅਸਥਾਨ ਵੀ ਗੁਰਦੁਆਰਾ ਭੋਰਾ ਸਾਹਿਬ ਦੇ ਨੇੜੇ ਹੈ ਅਤੇ ਗੁਰੂ ਕੇ ਮਹਿਲਾਂ ਦੇ ਨਜ਼ਦੀਕ ਹੈ। ਰਵਾਇਤ ਹੈ ਕਿ ਇਥੇ ਬੈਠ ਕੇ ਗੁਰੂ ਤੇਗ ਬਹਾਦਰ ਜੀ ਸਿੱਖ ਸੰਗਤਾਂ ਦਾ ਦਿਵਾਨ ਲਗਾਇਆ ਕਰਦੇ ਸਨ। ਜੋ ਵਫ਼ਦ ਕਸ਼ਮੀਰ ਦੇ ਬਾਹਮਣਾਂ ਦਾ, ਆਨੰਦਪੁਰ ਸਾਹਿਬ ਵਿਖੇ, ਗੁਰੂ ਤੇਗ ਬਹਾਦਰ ਜੀ ਅਗੇ ਫਰਿਆਦ ਕਰਨ ਆਇਆ ਸੀ, ਉਨ੍ਹਾਂ ਦੀ ਫਰਿਆਦ ਵੀ ਇਸੇ ਅਸਥਾਨ 'ਤੇ ਦਿਵਾਨ ਲਗਾ ਕੇ ਸੁਣੀ ਗਈ ਸੀ। ਗੁਰੂ ਗੋਬਿੰਦ ਸਿੰਘ ਜੀ ਵਲੋਂ ਮਸੰਦਾਂ ਨੂੰ ਦੰਡ ਵੀ ਇਸੇ ਅਸਥਾਨ ਤੋਂ ਦਿੱਤਾ ਗਿਆ ਸੀ।

ਗੁਰਦੁਆਰਾ ਮੰਜੀ ਸਾਹਿਬ : ਆਨੰਦਪੁਰ ਸਾਹਿਬ ਵਿਖੇ ਮੰਜੀ ਸਾਹਿਬ ਦੇ ਵਿਸ਼ੇਸ਼ਣ ਨਾਲ ਦੋ ਗੁਰਧਾਮ ਹਨ। ਇਕ ਦਾ ਸਬੰਧ ਗੁਰੂ ਤੇਗ ਬਹਾਦਰ ਜੀ ਨਾਲ ਹੈ ਅਤੇ ਦੂਜੇ ਦਾ ਸਬੰਧ ਸਾਹਿਬਜ਼ਾਦਿਆਂ ਨਾਲ ਹੈ। ਪਹਿਲਾ ਮੰਜੀ ਸਾਹਿਬ ਨਗਰ ਦੇ ਵਿਚ ਗੁਰੂ ਕੇ ਮਹਿਲਾਂ ਦੇ ਕੰਪਲੈਕਸ ਵਿਚ ਹੀ ਹੈ ਅਤੇ ਦੂਜਾ ਤਖ਼ਤ ਸਿਰੀ ਕੇਸ ਗੜ੍ਹ ਦੇ ਨੇੜੇ ਹੈ। ਨਗਰ ਵਿਚਲੇ ਮੰਜੀ ਸਾਹਿਬ ਵਾਲੇ ਅਸਥਾਨ 'ਤੇ ਗੁਰੂ ਤੇਗ ਬਹਾਦਰ ਜੀ ਰੋਜ਼ ਸ਼ਾਮ ਦਾ ਦੀਵਾਨ ਲਗਾਇਆ ਕਰਦੇ ਸਨ। ਅਜ ਕਲ ਇਥੇ ਬਹੁਤ ਅੱਛਾ ਗੁਰਦੁਆਰਾ ਸ਼ੁਸ਼ੋਭਤ ਹੈ।

ਦੂਜੇ ਮੰਜੀ ਸਾਹਿਬ ਵਾਲੇ ਅਸਥਾਨ 'ਤੇ ਸਾਹਿਬਜ਼ਾਦਿਆਂ ਨੂੰ ਜੰਗੀ ਕਰਤਵ ਸਿਖਾਏ ਜਾਇਆ ਕਰਦੇ ਸਨ। ਇਸ ਵਿਚ ਹੀ ਯਾਤਰੂਆਂ ਦੀ ਰਿਹਾਇਸ਼ ਲਈ ਕੁਝ ਕਮਰੇ ਹਨ ਅਤੇ ਇਸੇ ਵਿਚ ਹੀ ਅਕਾਲੀ ਦਲ ਅਤੇ ਸ਼ਰੋਮਣੀ ਕਮੇਟੀ ਦੇ ਮਹੱਤਵਪੂਰਣ ਵਿਅਕਤੀਆਂ ਦੀ ਰਿਹਾਇਸ਼ ਲਈ ਮਹਿਮਾਨਖਾਨਾ ਹੈ।

ਇਸ ਅਸਥਾਨ ਨਾਲ ਵੀ ਸਿੱਖ ਰਾਜ ਸਮੇਂ ਕੁਝ ਸਾਲਾਨਾ ਚੜ੍ਹਾਵਾ ਨੀਅਤ ਕੀਤਾ ਹੋਇਆ ਸੀ। ਮਹਾਰਾਜਾ ਰਣਜੀਤ ਸਿੰਘ ਨੇ ਥਾਣਾ ਆਨੰਦਪੁਰ ਦੇ ਪਿੰਡ ਸੂਰੇਵਾਲ ਦੇ ਮੁਆਮਲੇ ਵਿਚੋਂ 80 ਰੁਪਏ ਸਾਲਾਨਾ ਲਗਾਏ ਹੋਏ ਸਨ। ਸਾਢੇ ਅਠਾਰਾਂ ਰੁਪਏ ਸਾਲਾਨਾ ਰਿਆਸਤ ਕਲਸੀਆਂ ਵਲੋਂ ਅਤੇ 25 ਰੁਪਏ ਸਾਲਾਨਾ ਰਿਆਸਤ ਪਟਿਆਲਾ ਵਲੋਂ ਲੁਆਏ ਹੋਏ ਸਨ।[72]

---

72. ਕਾਨ੍ਹ ਸਿੰਘ ਨਾਭਾ, ਪੰਨਾ 76.

ਇਹ ਇਮਾਰਤ ਵੀ ਤਖ਼ਤ ਸਿਰੀ ਕੇਸ ਗੜ੍ਹ ਸਾਹਿਬ ਦੀ ਤਰ੍ਹਾਂ ਇਕ ਉਚੀ ਪਹਾੜੀ ਉਪਰ ਬਣਾਈ ਹੋਈ ਹੈ। ਇਸ ਦੀ ਉਸਾਰੀ ਰਿਆਸਤ ਕਪੂਰਥਲਾ ਦੇ ਰਈਸ ਸਰਦਾਰ ਗੁਜਰ ਸਿੰਘ ਜੀ ਸੁਰਖਪੁਰ ਵਾਲਿਆਂ ਨੇ ਕਰਵਾਈ ਸੀ। ਇਥੇ ਪਹਿਲਾਂ ਇਕ ਬਹੁਤ ਵਡਾ ਬੋਹੜ ਦਾ ਦਰਖਤ ਸੀ ਜਿਸ ਬਾਰੇ ਕਿਹਾ ਜਾਂਦਾ ਸੀ ਕਿ ਇਹ ਗੁਰੂ ਜੀ ਦੇ ਸਮੇਂ ਦਾ ਸੀ ਪਰ ਅਜ ਕਲ ਇਹ ਬੋਹੜ ਨਹੀਂ ਹੈ।

ਗੁਰਦੁਆਰਾ ਮਾਤਾ ਜੀਤੋ ਜੀ : ਮਾਤਾ ਜੀਤੋ ਜੀ, ਸਾਹਿਬ ਸਿਰੀ ਗੁਰੂ ਗੋਬਿੰਦ ਸਿੰਘ ਜੀ ਦੇ ਵੱਡੇ ਮਹਿਲ ਸਨ। ਆਪ ਲਹੌਰ ਨਿਵਾਸੀ ਹਰਿ ਜਸ ਸੁਭਿਖੀ ਖੱਤਰੀ ਦੀ ਸਪੁੱਤਰੀ ਸਨ। ਇਨ੍ਹਾਂ ਦਾ ਵਿਆਹ ਗੁਰੂ ਜੀ ਨਾਲ 23 ਹਾੜ, ਸੰਮਤ 1734 ਬਿਕਰਮੀ (1677 ਈ.) ਨੂੰ ਗੁਰੂ ਕਾ ਲਾਹੌਰ[73] ਵਿਖੇ ਹੋਇਆ ਸੀ। ਮਾਤਾ ਜੀਤੋ ਜੀ ਨੇ ਛੋਟੇ ਤਿੰਨ ਸਾਹਿਬਜ਼ਾਦਿਆਂ : ਜੁਝਾਰ ਸਿੰਘ, ਜੋਰਾਵਰ ਸਿੰਘ ਅਤੇ ਫਤਹਿ ਸਿੰਘ ਨੂੰ ਜਨਮ ਦਿੱਤਾ ਸੀ। ਮਾਤਾ ਜੀ 13 ਅਸੂ, 1757 ਬਿਕਰਮੀ (1700 ਈਸਵੀ) ਨੂੰ ਚੜ੍ਹਾਈ ਕਰ ਗਏ ਸਨ। ਇਨ੍ਹਾਂ ਦਾ ਅੰਤਮ ਸੰਸਕਾਰ ਅਗੰਮਪੁਰ ਪਿੰਡ ਵਿਖੇ ਕੀਤਾ ਗਿਆ ਸੀ। ਇਸ ਅਸਥਾਨ ਨੂੰ ਦੇਹੁਰਾ ਜਾਂ ਗੁਰਦੁਆਰਾ ਮਾਤਾ ਜੀਤੋ ਜੀ ਵੀ ਕਿਹਾ ਜਾਂਦਾ ਹੈ। ਇਹ ਥਾਂ ਕਿਲਾ ਹੋਲ ਗੜ੍ਹ ਦੇ ਨਜ਼ਦੀਕ ਹੀ ਹੈ। ਇਥੇ ਪਹਿਲਾਂ ਇਕ ਬਹੁਤ ਵਡਾ ਬੋਹੜ ਦਾ ਦਰਖਤ ਸੀ ਪਰ ਹੁਣ ਇਸ ਨੂੰ ਪੁੱਟ ਦਿੱਤਾ ਗਿਆ ਹੈ। ਅਗੰਮਪੁਰ ਪਿੰਡ ਆਨੰਦਪੁਰ ਤੋਂ ਸਿਰਫ ਡੇਢ ਕੁ ਕਿਲੋਮੀਟਰ ਦੀ ਵਿੱਥ 'ਤੇ ਹੈ।

ਕੈਥਲ ਦੇ ਰਾਜਾ ਉਦੈ ਸਿੰਘ ਨੇ ਜ਼ਿਲਾ ਅੰਬਾਲਾ ਦੇ ਪਿੰਡ ਛੱਪੜ-ਝਿੜੀ ਦੇ ਮੁਆਮਲੇ ਵਿਚੋਂ ਸੌ ਰੁਪਿਆ ਸਾਲਾਨਾ ਚੜ੍ਹਾਵਾ ਨੀਯਤ ਕਰਵਾਇਆ ਸੀ। ਆਨੰਦਪੁਰ ਦੇ ਥਾਣੇ ਦੇ ਪਿੰਡ ਖੁਮੇੜਾ ਤੋਂ ਵੀ ਸੌ ਰੁਪਏ ਦਾ ਚੜ੍ਹਾਵਾ ਚੜ੍ਹਦਾ ਸੀ। ਬਾਰਾਂ ਘੁਮਾਂ ਜ਼ਮੀਨ ਮੀਆਂ ਪਰਦੁਮਨ ਸਿੰਘ ਜ਼ੈਲਦਾਰ ਦੇ ਬਜ਼ੁਰਗਾਂ ਵਲੋਂ ਇਸ ਦੇਹੁਰੇ ਨਾਲ ਲਗਵਾਈ ਹੋਈ ਸੀ।[74]

ਕੁਝ ਹੋਰ ਗ਼ੈਰ ਇਤਿਹਾਸਕ ਅਸਥਾਨ : ਉਪਰੋਕਤ ਧਾਰਮਕ ਅਸਥਾਨਾਂ ਤੋਂ ਇਲਾਵਾ, ਆਨੰਦਪੁਰ ਸਾਹਿਬ ਦੇ ਪਵਿਤਰ ਨਗਰ ਵਿਚ ਹੋਰ ਵੀ ਅਨੇਕਾਂ ਐਸੇ ਅਸਥਾਨ ਹਨ ਜਿਨ੍ਹਾਂ ਦੀ ਇਤਿਹਾਸਕ ਮਹੱਤਤਾ ਤਾਂ ਭਾਵੇਂ ਕੋਈ ਨਹੀਂ ਪਰ ਵਰਤਮਾਨ ਸਮੇਂ ਵਿਚ ਬਹੁਤ ਅੱਛਾ ਹਿੱਸਾ ਪਾ ਰਹੇ ਹਨ। ਇਨ੍ਹਾਂ ਅਸਥਾਨਾਂ ਵਿਚ ਮੁਖ ਤੌਰ 'ਤੇ ਉਨ੍ਹਾਂ ਸੰਤ ਮਹਾਂ ਪੁਰਖਾਂ ਦੇ ਡੇਰੇ ਹਨ ਜਿਨ੍ਹਾਂ ਨੇ ਕਿਸੇ ਨਾ ਕਿਸੇ ਇਤਿਹਾਸਕ ਇਮਾਰਤ ਦੀ ਕਾਰ ਸੇਵਾ ਕਰਵਾਈ ਹੈ ਤੇ ਜਾਂ ਕਰਵਾ ਰਹੇ ਹਨ। ਜਿਸ ਤਰ੍ਹਾਂ ਸੰਤ ਬਾਬਾ ਸੇਵਾ ਸਿੰਘ ਨੌਰੇਵਾਲਿਆਂ ਦਾ ਡੇਰਾ ਕਿਲਾ ਆਨੰਦ ਗੜ੍ਹ ਵਿਖੇ ਸੀ। ਪਰ ਇਨ੍ਹਾਂ ਦਾ ਡੇਰਾ ਵਖਰੇ ਡੇਰੇ ਦੀ ਹੋਂਦ ਇਸ ਕਰਕੇ ਨਹੀਂ ਧਾਰਨ ਕਰ ਸਕਿਆ ਕਿਉਂਕਿ ਇਨ੍ਹਾਂ ਨੇ ਆਪਣੀ ਰਹਿਣ ਵਾਲੀ ਥਾਂ ਨੂੰ ਗੁਰਦੁਆਰਾ (ਕਿਲਾ) ਕੰਪਲੈਕਸ ਦੇ ਵਿਚ ਹੀ ਸਮਿਲਤ ਕਰ ਦਿੱਤਾ ਹੈ। ਬਾਕੀ ਡੇਰੇ ਇਸ ਕਰਕੇ ਵਖਰੀ ਹੋਂਦ ਅਖਤਿਆਰ ਕਰ ਗਏ ਕਿਉਂਕਿ ਉਹ ਅਸਥਾਨ ਕਾਰ ਸੇਵਾ ਕੀਤੇ ਜਾ ਰਹੇ ਅਸਥਾਨਾਂ ਤੋਂ ਕੁਝ ਦੂਰੀ 'ਤੇ ਸਥਿਤ ਸਨ। ਇਹ ਡੇਰੇ ਇਸ ਪਰਕਾਰ ਹਨ :

---

73. ਗੁਰੂ ਕਾ ਲਹੌਰ ਆਨੰਦਪੁਰ ਸਾਹਿਬ ਤੋਂ ਛਿਪਦੇ ਵਲ ਦਸ ਕੁ ਕਿਲੋਮੀਟਰ ਦੀ ਵਿੱਥ 'ਤੇ ਹੈ। ਇਥੇ ਗੁਰੂ ਜੀ ਦੇ ਵਿਆਹ ਦੀਆਂ ਰਸਮਾਂ ਨਾਲ ਸਬੰਧਤ ਤਿੰਨ ਗੁਰਦੁਆਰੇ ਹਨ।
74. ਕਾਨ੍ਹ ਸਿੰਘ ਨਾਭਾ, ਪੰਨਾ 32.

1. ਡੇਰਾ ਕਹਾਰਪੁਰੀ : ਇਹ ਡੇਰਾ ਸੰਤ ਹਰੀ ਸਿੰਘ ਜੀ ਕਹਾਰਪੁਰੀ ਨੇ ਸਥਾਪਤ ਕੀਤਾ ਸੀ। 2. ਸੰਤ ਮਹਿੰਦਰ ਸਿੰਘ ਹਰਖੋਵਾਲ ਵਾਲਿਆਂ ਦਾ ਡੇਰਾ ਸੰਤ ਗੜ੍ਹ। 3. ਸੰਤ ਡੁਮੇਲੀ ਵਾਲਿਆਂ ਦਾ ਡੇਰਾ 4. ਭਾਈ ਘਨਈਆ ਜੀ ਸੇਵਾ ਪੰਥੀਆਂ ਦਾ ਡੇਰਾ। 5. ਟਿਬੇ ਵਾਲੇ ਸੰਤਾਂ ਦਾ ਡੇਰਾ। 6. ਸੰਤ ਬੰਗਾ ਵਾਲਿਆਂ ਦਾ ਡੇਰਾ, 7. ਮੰਹਤ ਤਾਰਾ ਸਿੰਘ ਦਾ ਡੇਰਾ, 8. ਸੰਤ ਸੁਲਖਣ ਸਿੰਘ ਦਾ ਡੇਰਾ, 9. ਸੰਤ ਬਾਬਾ ਹਰਬੰਸ ਸਿੰਘ ਜੀ ਦਾ ਡੇਰਾ। ਸੰਤ ਬਾਬਾ ਹਰਬੰਸ ਸਿੰਘ ਜੀ ਇਸ ਸਮੇਂ ਤਖ਼ਤ ਸਾਹਿਬ ਦੇ ਬਿਲਕੁਲ ਸਾਹਮਣੇ ਇਕ ਬਹੁਤ ਵਡੇ ਅਤੇ ਅਲੀਸ਼ਾਨ ਦੀਵਾਨ ਹਾਲ ਦੀ ਕਾਰ ਸੇਵਾ ਕਰਵਾ ਰਹੇ ਹਨ।

ਗੁਰੂ ਤੇਗ ਬਹਾਦਰ ਅਜਾਇਬ ਘਰ : ਇਹ ਅਜਾਇਬ ਘਰ ਤਖ਼ਤ ਸਾਹਿਬ ਦੇ ਹੇਠਲੇ ਪਾਸੇ ਢਲਾਣ ਉਤਰਦਿਆਂ ਸਜੇ ਕੋਨੇ 'ਤੇ ਹੈ। ਇਸ ਨੂੰ ਪੰਜਾਬ ਸਰਕਾਰ ਨੇ ਗੁਰੂ ਜੀ ਦੀ 300ਵੇਂ ਸ਼ਹੀਦੀ ਦਿਵਸ ਦੀ ਯਾਦ ਵਿਚ ਉਸਾਰਿਆ ਸੀ। ਇਸ ਵਿਚ ਸਿੱਖ ਗੁਰੂਆਂ, ਸ਼ਹੀਦਾਂ, ਜੋਧਿਆਂ ਅਤੇ ਜਰਨੈਲਾਂ ਦੀਆਂ ਪੇਂਟਿੰਗਜ਼ ਹਨ। ਇਸ ਨੂੰ ਦੇਖਣ ਜਾਣ ਲਈ ਆਦਮੀਆਂ ਦਾ 50 ਪੈਸੇ ਅਤੇ ਬੱਚਿਆਂ ਦਾ 25 ਪੈਸੇ ਦਾ ਟਿਕਟ ਲਗਦਾ ਹੈ।

ਖਾਲਸਾ-ਕਾਲਜ : ਸਿਰੀ ਆਨੰਦਪੁਰ ਸਾਹਿਬ ਦੇ ਕੀਰਤਪੁਰ ਸਾਹਿਬ ਵਾਲੇ ਪਾਸੇ ਮੁਖ ਸੜਕ ਉਪਰ ਸਹਿ-ਵਿਦਿਅਕ ਡਿਗਰ ਕਾਲਜ ਸਥਿਤ ਹੈ।

ਦਸ਼ਮੇਸ਼ ਅਕੈਡਮੀ : ਤਖ਼ਤ ਸਿਰੀ ਕੇਸਗੜ੍ਹ ਸਾਹਿਬ ਤੋਂ ਤਕਰੀਬਨ ਛੇ ਕਿਲੋਮੀਟਰ ਦੂਰ ਉਤਰ ਵਲ ਭਾਖੜਾ ਨਹਿਰ ਟੱਪ ਕੇ ਕਿਲਾ ਤਾਰਾਗੜ੍ਹ ਦੇ ਉਰਲੇ ਪਾਸੇ ਦਸ਼ਮੇਸ਼ ਅਕੈਡਮੀ ਸਥਿਤ ਹੈ। ਇਸ ਵਿਚ ਬਚਿਆਂ ਨੂੰ ਇੰਗਲਿਸ਼ ਮਾਧਿਅਮ ਰਾਹੀਂ ਸਕੂਲ ਸਿਖਿਆ ਦਿੱਤੀ ਜਾਂਦੀ ਹੈ। ਅਕੈਡਮੀ ਦਾ ਕੈਂਪਸ ਅਤੇ ਆਲਾ ਦੁਆਲਾ ਨੀਮ ਪਹਾੜੀਆਂ ਦੇ ਚੌਗਿਰਦੇ ਕਰਕੇ ਬਹੁਤ ਹੀ ਸੁਹਾਵਣਾ ਹੈ।

ਸ਼ਹੀਦੀ ਬਾਗ : ਕਿਲਾ ਆਨੰਦਗੜ੍ਹ ਦੇ ਮੈਦਾਨੀ ਇਲਾਕੇ ਵਾਲੇ ਪਾਸੇ ਹੇਠਲੀ ਸੜਕ ਅਤੇ ਮੁਖ ਸੜਕ ਦੇ ਦਰਮਿਆਨ ਇਕ ਸ਼ਹੀਦੀ ਬਾਗ ਸੀ। ਇਸ ਵਿਚ ਅਜ ਕਲ ਨਿਹੰਗ ਸਿੰਘਾਂ ਦੇ ਡੇਰੇ ਹਨ। ਪਹਿਲਾਂ ਇਸੇ ਬਾਗ ਵਿਚ ਹੀ, 96 ਕਰੋੜੀ ਬੁਢਾ ਦਲ ਨਿਹੰਗ ਸਿੰਘਾਂ ਦਾ ਹੈਡ ਕੁਆਰਟਰ ਸੀ। ਅਜ ਕਲ ਇਹੀ ਹੈਡ ਕੁਆਰਟਰ ਇਥੋਂ ਚੁੱਕ ਕੇ ਪਟਿਆਲੇ ਲਿਜਾਇਆ ਜਾ ਚੁੱਕਿਆ ਹੈ। ਇਸ ਸ਼ਹੀਦੀ ਬਾਗ ਵਿਚ ਨਿਹੰਗ ਸਿੰਘਾਂ ਨੇ ਕਈ ਗੁਰਦੁਆਰੇ ਉਸਾਰ ਰਖੇ ਹਨ ਜਿਨ੍ਹਾਂ ਨਾਲ ਕਈ ਇਤਿਹਾਸਕ ਘਟਨਾਵਾਂ ਦਾ ਸਬੰਧ ਜੋੜ ਰਖਿਆ ਹੈ।

ਇਸੇ ਤਰ੍ਹਾਂ ਹੀ ਕਿਲਾ ਆਨੰਦਗੜ੍ਹ ਦੇ ਬਿਲਕੁਲ ਹੇਠ (ਪਿਛਲੇ ਪਾਸੇ) ਗੁਰਦੁਆਰਾ ਅਜੀਤ ਗੜ੍ਹ ਉਸਾਰਿਆ ਗਿਆ ਹੈ। ਇਹ ਵੀ ਨਿਹੰਗ ਸਿੰਘਾਂ ਦੇ ਕਬਜ਼ੇ ਵਿਚ ਹੀ ਹੈ। ਇਸ ਦੇ ਕੁਝ ਉਪਰ ਇਕ ਪਹਾੜੀ ਉਪਰ ਆਨੰਦਗੜ੍ਹ ਦੇ ਬਿਲਕੁਲ ਨਾਲ ਲਗਵਾਂ ਭਾਈ ਜੈਤਾ ਜੀ ਦੇ ਨਾਂ ਉਪਰ ਇਕ ਛੋਟਾ ਜਿਹਾ ਗੁਰਦੁਆਰਾ ਉਸਾਰਿਆ ਹੋਇਆ ਹੈ। ਇਹ ਵੀ ਨਿਹੰਗ ਸਿੰਘਾਂ ਦੇ ਕਬਜ਼ੇ ਵਿਚ ਹੈ।

ਚੈਪਟਰ ਚੌਥਾ

ਤਖ਼ਤ ਸਿਰੀ ਦਮਦਮਾ ਸਾਹਿਬ

(ਤਲਵੰਡੀ ਸਾਬੋ)

ਤਖ਼ਤ ਸਿਰੀ ਦਮਦਮਾ ਸਾਹਿਬ, ਬਠਿੰਡਾ ਜ਼ਿਲੇ ਦੇ ਮੁੱਖ ਕਸਬੇ ਤਲਵੰਡੀ ਸਾਬੋ ਵਿਖੇ ਸਥਿਤ ਹੈ। ਇਹ ਕਸਬਾ ਬਠਿੰਡੇ ਤੋਂ 28 ਕਿਲੋਮੀਟਰ ਦੂਰ ਦਖਣ-ਪੂਰਬ ਵਲ ਵਾਕਿਆ ਹੈ ਅਤੇ ਮੁੱਖ ਸੜਕ ਨਾਲ ਜੁੜਿਆ ਹੋਇਆ ਹੈ। ਤਲਵੰਡੀ ਸਾਬੋ ਬਠਿੰਡਾ ਦੀ ਇਕ ਤਹਿਸੀਲ ਹੈ ਅਤੇ ਵਿਦਿਅਕ ਤੌਰ 'ਤੇ ਵੀ ਇਹ ਕਸਬਾ ਕਾਫੀ ਪਰਸਿੱਧੀ ਹਾਸਲ ਕਰਦਾ ਜਾ ਰਿਹਾ ਹੈ। ਗੁਰੂ ਜੀ ਦੇ ਸ਼ੁਭ ਵਰ ਨਾਲ ਇਸ ਨੂੰ ਸਿੱਖ ਕੌਮ ਦੀ 'ਗੁਰੂ ਕੀ ਕਾਂਸੀ' ਹੋਣ ਦਾ ਮਾਣ ਪਰਾਪਤ ਹੈ। ਗੁਰੂ ਜੀ ਦੇ ਇਸੇ ਵਰ ਨੂੰ ਪਰਤੱਖ ਰੂਪ ਦੇਣ ਲਈ ਇਥੇ ਬਾਬਾ ਦੀਪ ਸਿੰਘ ਜੀ ਸ਼ਹੀਦ ਵਲੋਂ, ਗੁਰਬਾਣੀ ਦੇ ਸ਼ੁਧ ਉਚਾਰਣ ਅਤੇ ਸ਼ੁਧ ਅਰਥ ਕਰਨ ਲਈ, ਸਿਰੀ ਦਮਦਮੀ ਟਕਸਾਲ ਦੀ ਸਥਾਪਨਾ ਕੀਤੀ ਗਈ ਸੀ। ਇਸ ਤਰ੍ਹਾਂ ਬਾਬਾ ਦੀਪ ਸਿੰਘ ਜੀ ਇਥੇ ਰਹਿੰਦੇ ਹੋਏ ਮਾਲਵੇ ਦੀਆਂ ਸਿੱਖ ਸੰਗਤਾਂ ਨੂੰ ਸਿੱਖ ਧਰਮ ਦੀ ਮਹਿਕ ਵੰਡਦੇ ਰਹੇ। ਪਿੱਛੋਂ ਵੀ ਸਿੱਖ ਗੁਣੀ ਗਯਾਨੀ ਇਥੇ ਠਹਿਰ ਕੇ ਆਪਣਾ ਗਿਆਨ ਪਰਾਪਤ ਕਰਦੇ ਰਹੇ ਸਨ। ਸਿੱਖਾਂ ਦੇ ਮਨ ਵਿਚ ਵਿਸ਼ਵਾਸ ਹੈ ਕਿ ਇਥੇ ਰਹਿੰਦਿਆਂ, ਇਕ ਮੂਰਖ ਜਾਂ ਬੁਧੀਹੀਣ ਵਿਅਕਤੀ ਵੀ ਗੁਣੀ, ਗਯਾਨੀ, ਅਤੇ ਸੂਝਵਾਨ ਬਣ ਜਾਂਦਾ ਹੈ।

ਅਜ ਕਲ ਤਖ਼ਤ ਸਾਹਿਬ ਦੇ ਨਾਲ ਵਾਲੀ ਪੁਰਾਣੀ ਇਮਾਰਤ, ਜਿਸ ਨੂੰ ਸਿਰੀ ਗੁਰੂ ਤੇਗ ਬਹਾਦਰ ਜੀ ਦੇ ਪਵਿੱਤਰ ਚਰਨਾਂ ਦੀ ਛੋਹ ਪਰਾਪਤ ਹੋਈ ਦੱਸੀ ਜਾਂਦੀ ਹੈ, ਵਿਚ ਇਕ ਫ਼ਰੇਮ ਜੜਿਆ ਸ਼ੀਸ਼ਾ ਪਿਆ ਹੈ। ਇਸ ਸ਼ੀਸ਼ੇ ਬਾਰੇ ਸਥਾਨਕ ਵਿਸ਼ਵਾਸ ਅਨੁਸਾਰ ਇਹ ਕਿਹਾ ਜਾਂਦਾ ਹੈ ਕਿ ਜੇ ਕੋਈ ਵਿੰਗੇ ਮੂੰਹ ਵਾਲਾ ਜਾਂ ਲਕਬੇ ਦਾ ਸ਼ਿਕਾਰ ਵਿਅਕਤੀ ਇਸ ਵਿਚ ਮੂੰਹ ਦੇਖ ਲਵੇ ਤਾਂ ਉਹ ਠੀਕ ਹੋ ਜਾਂਦਾ ਹੈ। ਇਹ ਭਾਵੇਂ ਇਕ ਅਤਕਥਨੀ ਹੈ ਅਤੇ ਇਕ ਵਿਸ਼ਵਾਸ ਦਾ ਅੱਖਰੀ ਰੂਪ ਹੈ। ਇਸ ਨੂੰ ਇਸ ਤਰ੍ਹਾਂ ਅੱਖਰੀ ਰੂਪ ਵਿਚ ਨਾ ਲੈਂਦੇ ਹੋਏ ਜੇਕਰ ਅਸੀਂ ਇਸ ਦੇ ਭਾਵਅਰਥਾਂ ਨੂੰ ਲਈਏ ਤਾਂ ਉਸ ਦਾ ਮਤਲਬ ਸਮਝ ਆ ਜਾਂਦਾ ਹੈ। ਸ਼ੀਸ਼ੇ ਵਿਚ ਪਰਤੀਬਿੰਬ ਦੇਖ ਕੇ ਮਨੁਖ ਆਪਣੇ ਆਪ ਬਾਰੇ ਕਾਫੀ ਸੋਝੀ ਪਰਾਪਤ ਕਰ ਸਕਦਾ ਹੈ। ਇਹੀ ਆਪਾ-ਗਯਾਨ ਵਿਅਕਤੀ ਦੇ ਗਯਾਨ ਦੀ ਪਰਾਪਤੀ ਹੈ। ਇਸ ਤਰ੍ਹਾਂ ਇਸ ਸ਼ੀਸ਼ੇ ਨੂੰ ਇਕ ਜਾਦੂ-ਟੂਣਾ ਨਾ ਸਮਝ ਕੇ ਇਸ ਨੂੰ ਆਪੇ ਦੀ ਸੋਝੀ ਦਾ ਇਕ ਸਾਧਨ ਸਮਝਣਾ ਚਾਹੀਦਾ ਹੈ।

ਤਖ਼ਤ ਸਿਰੀ ਦਮਦਮਾ ਸਾਹਿਬ ਖਾਲਸਾ ਪੰਥ ਦੇ ਪੰਜ ਤਖ਼ਤਾਂ ਵਿਚੋਂ ਇਕ ਤਖ਼ਤ ਹੈ।

ਇਸ ਤਰ੍ਹਾਂ ਇਸ ਮਹਾਨ ਸੰਸਥਾ ਦਾ ਸਿੱਖ ਇਤਿਹਾਸ, ਧਰਮ ਅਤੇ ਜਗਤ ਵਿਚ ਬਹੁਤ ਪਵਿੱਤਰ ਦਰਜਾ ਹੈ। ਅਠਾਰਵੀਂ ਸਦੀ ਵਿਚ ਸੰਸਥਾ ਨੇ ਬੜਾ ਭਰਵਾਂ ਰੋਲ ਅਦਾ ਕੀਤਾ ਅਤੇ ਅਜ ਵੀ ਇਹ ਮਹਾਨ ਸੰਸਥਾ ਆਪਣਾ ਯੋਗ ਹਿੱਸਾ ਪਰਦਾਨ ਕਰ ਰਹੀ ਹੈ।

ਇਸ ਅਸਥਾਨ ਦਾ ਮੌਲਿਕ ਨਾਂ ਤਲਵੰਡੀ ਸਾਬੋ ਹੈ। ਸਾਬੋ, ਸਿਧੂ ਜੱਟ ਕਬੀਲੇ ਦਾ ਵੱਡਾ ਬਜ਼ੁਰਗ ਸੀ। ਇਹ ਥਾਂ ਉਸ ਦੀ ਚੌਧਰਤਾ ਦਾ ਮੁਖ ਕੇਂਦਰ ਸੀ। ਤਲਵੰਡੀ ਸ਼ਬਦ ਨੂੰ ਕਈ ਰੂਪਾਂ ਵਿਚ ਸੰਧੀ-ਛੇਦ ਕੀਤਾ ਜਾਂਦਾ ਹੈ। ਇਕ ਰੂਪ ਅਨੁਸਾਰ ਤਲਵੰਡੀ ਦਾ ਅਰਥ ਤਲ + ਵੰਡੀ ਅਰਥਾਤ ਜ਼ਮੀਨ ਦੀ ਵੰਡ ਤੋਂ ਹੈ ਜਿਸ ਦਾ ਭਾਵ ਹੈ ਕਿ ਭਾਈਆਂ ਦੀ ਵੰਡ ਵਿਚੋਂ ਇਹ ਜ਼ਮੀਨ ਸਾਬੋ ਨੂੰ ਪਰਾਪਤ ਹੋਈ। ਦੂਜਾ ਸੰਧੀ-ਛੇਦ ਤਲਬ + ਵੰਡੀ ਤੋਂ ਹੈ। ਮਤਲਬ ਕਿ ਸਾਬੋ ਨੇ ਆਪਣਿਆ ਬੰਦਿਆਂ ਨੂੰ ਇਥੇ ਠਹਿਰ ਕੇ ਤਲਬ ਵੰਡੀ ਸੀ। ਇਸ ਤੋਂ ਇਲਾਵਾ ਇਸ ਦੇ ਨਾਮਕਰਨ ਬਾਰੇ ਇਕ ਹੋਰ ਵਿਚਾਰ ਵੀ ਪਾਇਆ ਜਾਂਦਾ ਹੈ। ਇਸ ਦੇ ਅਨੁਸਾਰ ਇਹ ਸਾਰਾ ਇਲਾਕਾ ਲਖੀ ਜੰਗਲ[1] ਦੇ ਨਾਂ ਨਾਲ ਜਾਣਿਆ ਜਾਂਦਾ ਸੀ। ਦਿੱਲੀ ਦੇ ਪਿਛਲੇਰੇ ਮੁਗਲ ਬਾਦਸ਼ਾਹ ਸ਼ਮਸਉਦੀਨ ਦੇ ਸਮੇਂ ਇਸ ਇਲਾਕੇ ਉਪਰ ਗੁੱਜਰਾਂ ਦਾ ਕਬਜ਼ਾ ਹੋ ਗਿਆ ਸੀ। ਉਨ੍ਹਾਂ ਦੀ ਚੋਧਰ ਦੇ ਇਥੇ 48 ਪਿੰਡ ਸਨ। ਇਹ ਪਿੰਡ ਇਹਨਾਂ ਗੁੱਜਰਾਂ ਨੂੰ ਮੁਸਲਮਾਨ ਬਨਣ ਕਾਰਣ ਇਨਾਮ ਵਿਚ ਮਿਲੇ ਸਨ। ਇਨ੍ਹਾਂ ਗੁੱਜਰਾਂ ਦੇ ਚੌਧਰੀ ਦੀ ਇਕੋ ਇਕ ਲੜਕੀ ਸੀ ਜਿਸ ਦਾ ਨਾਂ ਸਾਬੋ ਜਾਂ ਸਾਹਬੋ ਸੀ। ਆਪਣੇ ਬਾਪ ਦੀ ਮੌਤ ਪਿੱਛੋਂ ਇਹ ਸਾਬੋ ਕੁੜੀ ਇਸ ਇਲਾਕੇ ਦੀ ਚੌਧਰਾਣੀ ਬਣੀ। ਇਸ ਤਰ੍ਹਾਂ ਇਸ ਥਾਂ ਦਾ ਨਾਂ ਸਾਬੋ ਦੀ ਤਲਵੰਡੀ ਚਾਲੂ ਹੋਇਆ।[2]

ਇਨ੍ਹਾਂ ਰੂਪਾਂ ਵਿਚੋਂ ਕਿਹੜਾ ਮੌਲਕ ਰੂਪ ਹੈ ਇਸ ਬਾਰੇ ਜ਼ਿਆਦਾ ਚਰਚਾ ਨਾ ਕਰਦੇ ਹੋਏ ਇਤਨਾ ਹੀ ਲਿਖਣਾ ਕਾਫੀ ਹੈ ਕਿ ਇਸ ਦੀ ਉਤਪਤੀ ਭਾਵੇਂ ਕਿਤੋਂ ਵੀ ਹੋਈ ਹੋਵੇ ਪਰ ਇਸ ਜ਼ਮੀਨੀ ਟੁਕੜੇ ਨੂੰ ਸਿੱਧੂ ਜੱਟ ਕਬੀਲੇ ਦੇ ਸਾਬੋ ਬਰਾੜ ਦੀ ਮਲਕੀਅਤ ਮੰਨਿਆ ਜਾਂਦਾ ਸੀ। ਬਰਾੜ ਗੋਤ ਦੇ ਕਬੀਲੇ ਦੇ, ਗੁਰੂ ਗੋਬਿੰਦ ਸਿੰਘ ਜੀ ਦੇ ਸਮੇਂ, ਚਾਰ ਮੁੱਖ ਧੜੇ ਸਨ। ਇਨ੍ਹਾਂ ਵਿਚ ਇਕ ਧੜਾ ਡਲ ਸਿੰਘ ਬਰਾੜ ਦਾ ਸੀ। ਇਨ੍ਹਾਂ ਨੂੰ ਸਾਬੋ ਕੇ ਬਰਾੜ ਕਿਹਾ ਜਾਂਦਾ ਸੀ।[3]

---

1. ਲੱਖੀ ਜੰਗਲ ਦੇ ਇਲਾਕੇ ਦੀ ਸੂਬੇਦਾਰੀ ਦਾ ਜ਼ਿਕਰ *ਮੁਆਸਿਰਿ ਆਲਮਗੀਰੀ* ਵਿਚ ਵੀ ਆਉਂਦਾ ਹੈ ਪਰ ਬਾਕੀ ਜਾਣਕਾਰੀ ਨਹੀਂ। ਇਹ ਜ਼ਿਕਰ ਇਸ ਤਰ੍ਹਾਂ ਹੈ : "ਸ਼ਾਹ ਆਲਮ ਬਹਾਦਰ ਦੀ ਸਰਕਾਰ ਤੇ ਕਾਬਲ ਦੇ ਸੂਬੇ ਦੇ ਦੀਵਾਨ ਮੁਨਾਈਮ ਖਾਂ ਨੂੰ ਸ਼ਾਹਜ਼ਾਦੇ ਵਲੋਂ ਪੰਜਾਬ ਦਾ ਨਾਇਬ ਥਾਪਿਆ ਗਿਆ। ਉਸ ਨੂੰ ਜੰਮੂ ਦੀ ਫੌਜਦਾਰੀ ਸੌਂਪੀ ਗਈ। ਨਵਾਜ਼ਿਸ ਖਾਂ ਨੂੰ ਕਸ਼ਮੀਰ ਦਾ ਸੂਬੇਦਾਰ ਲਾਇਆ ਗਿਆ ਤੇ ਜ਼ਬਰਦਸਤ ਖਾਂ ਦੀ ਬਦਲੀ ਹੋ ਜਾਣ 'ਤੇ ਠੱਠਾ ਦੇ ਸੂਬੇਦਾਰ ਸ਼ਾਹਜ਼ਾਦਾ ਮੁਹੰਮਦ ਮੁਇਜ਼ੁੱਦੀਨ ਨੂੰ ਲੱਖੀ ਜੰਗਲ ਦੀ ਸੂਬੇਦਾਰੀ ਦਿੱਤੀ ਗਈ।" *ਮੁਆਸਿਰਿ ਆਲਮਗੀਰੀ*, ਕ੍ਰਿਤ ਸਾਕੀ ਮੁਸਤਾਅਦ ਖਾਂ (ਪੰਜਾਬੀ ਅਨੁਵਾਦ) ਪੰਜਾਬੀ ਯੂਨੀਵਰਸਿਟੀ, ਪਟਿਆਲਾ, 1977, ਪੰਨਾ 454.
2. ਗਯਾਨੀ ਗੁਰਦਿੱਤ ਸਿੰਘ, *ਗੁਰਦੁਆਰਾ ਗਜ਼ਟ*, ਨਵੰਬਰ 1965, ਪੰਨਾ 85.
3. ਦੋ ਧੜੇ ਕਪੂਰਾ ਬਰਾੜ ਅਤੇ ਦਾਨ ਸਿੰਘ ਬਰਾੜ ਦੇ ਸਨ। ਇਹ ਦੂਲ ਕੇ ਬਰਾੜ ਆਖੇ ਜਾਂਦੇ ਸਨ। ਇਕ ਧੜਾ ਸੀ ਤਿਲੋਕੇ ਅਤੇ ਰਾਮੇ ਕਾ। ਇਹਨਾਂ ਨੂੰ ਪੋੜ ਕੇ ਬਰਾੜ ਕਿਹਾ ਜਾਂਦਾ ਸੀ। ਬਾਕੀ ਜੈਦ ਕੇ, ਭਾਈ ਕੇ ਆਦਿ ਗਰੁੱਪ ਸਿਧੂਆਂ ਦੇ ਸਨ। ਇਹ ਸਭ ਗੁਰੂ ਘਰ ਲਈ ਮਰ ਮਿਟਣ ਵਾਲੇ ਸਨ।

ਜਿਸ ਸਮੇਂ ਗੁਰੂ ਦਸਮ ਪਾਤਸ਼ਾਹ ਇਥੇ ਤਸ਼ਰੀਫ ਲਿਆਏ ਸਨ ਤਾਂ ਇਹ ਥਾਂ ਚੌਧਰੀ ਡਲ ਸਿੰਘ ਦੀ ਮਲਕੀਅਤ ਸੀ। ਭਾਈ ਕਾਨ੍ਹ ਸਿੰਘ ਨਾਭਾ ਅਨੁਸਾਰ, "ਸਾਬੋ ਦੀ ਤਲਵੰਡੀ ਦਾ ਜੱਟ ਸਰਦਾਰ ਜਿਸ ਨੇ ਸੰਮਤ 1762-63 ਵਿਚ ਗੁਰੂ ਗੋਬਿੰਦ ਸਿੰਘ ਸਾਹਿਬ ਨੂੰ ਪ੍ਰੇਮ ਨਾਲ ਆਪਣੇ ਪਿੰਡ ਠਹਿਰਾਇਆ ਅਤੇ ਪੂਰੀ ਸੇਵਾ ਕੀਤੀ।"[4]

ਚੌਧਰੀ ਡਲ ਸਿੰਘ ਹੁਰੀ ਦੋ ਭਰਾ ਸਨ। ਦੂਸਰੇ ਭਰਾ ਦਾ ਨਾਂ ਮਲਾ ਜਾਂ ਮਲ ਸਿੰਘ ਸੀ। ਚੌਧਰੀ ਡਲ ਸਿੰਘ ਸਾਰੀ ਉਮਰ ਛੜਾ ਹੀ ਰਿਹਾ ਸੀ ਇਸ ਕਰਕੇ ਤਲਵੰਡੀ ਸਾਬੋ ਵਿਖੇ ਜੋ ਬਰਾੜਾਂ ਦੀ ਪੀੜੀ ਇਸ ਸਮੇਂ ਰਹਿ ਰਹੀ ਹੈ ਇਹ ਡਲ ਸਿੰਘ ਦੀ ਔਲਾਦ ਨਹੀਂ ਸਗੋਂ ਉਸ ਦੇ ਦੂਸਰੇ ਭਰਾ ਮਲ ਸਿੰਘ ਦੀ ਔਲਾਦ ਹੈ। ਅਜ ਕਲ ਜੋ ਘਰ ਆਪਣੇ ਆਪ ਨੂੰ ਚੌਧਰੀ ਮਲ ਸਿੰਘ ਦਾ ਵਾਰਸ ਸਮਝ ਰਿਹਾ ਹੈ ਅਤੇ ਜਿਸ ਦੇ ਘਰ ਵਿਖੇ ਗੁਰੂ ਦਸਮ ਪਾਤਸ਼ਾਹ ਦੀਆਂ ਯਾਦਗਾਰੀ ਵਸਤਾਂ ਪਈਆਂ ਹਨ ਇਸ ਦਾ ਮਾਲਕ ਗੁਰਤੇਜ ਸਿੰਘ ਹੈ। ਇਹ ਗੁਰਤੇਜ ਸਿੰਘ ਸਰਦਾਰ ਸ਼ਮਸ਼ੇਰ ਸਿੰਘ ਦੀ ਦੂਸਰੀ ਸ਼ਾਦੀ ਵਾਲੀ ਪਤਨੀ ਦਾ ਮੁਤਬੰਨਾ ਪੁਤਰ ਹੈ। ਸ਼ਮਸ਼ੇਰ ਸਿੰਘ ਦਾ ਪੋਤਾ ਅਤੇ ਅਸਲੀ ਵਾਰਸ ਰਤਨ ਅਮੋਲ ਸਿੰਘ ਹੈ।

ਗੁਰੂ ਗੋਬਿੰਦ ਸਿੰਘ ਜੀ ਦੇ ਇਥੇ ਆਉਣ ਦਾ ਸਮਾਂ ਜਨਵਰੀ, 1706 ਈਸਵੀ ਦਾ ਹੈ। ਇਥੋਂ ਗੁਰੂ ਜੀ ਨੇ 30 ਅਕਤੂਬਰ, 1706 ਈਸਵੀ ਨੂੰ ਦੱਖਣ ਨੂੰ ਕੂਚ ਕੀਤਾ ਸੀ। ਇਸ ਤਰ੍ਹਾਂ ਗੁਰੂ ਜੀ ਦੇ ਇਥੇ ਬਿਰਾਜਣ ਦਾ ਕੁਲ ਸਮਾਂ ਨੌ ਮਹੀਨੇ ਨੌ ਦਿਨ ਦਾ ਬਣਦਾ ਹੈ। ਇਸ ਅਰਸੇ ਦੌਰਾਨ ਗੁਰੂ ਸਾਹਿਬ ਦੇ ਜੀਵਨ ਨਾਲ ਸਬੰਧਤ ਅਨੇਕਾਂ ਘਟਨਾਵਾਂ ਵਾਪਰੀਆਂ ਅਤੇ ਅਨੇਕਾਂ ਲੋਕਾਂ ਨੂੰ ਅੰਮ੍ਰਿਤ ਛਕਾ ਕੇ ਨਵੇਂ ਖਾਲਸਈ ਸਮਾਜ ਦੇ ਮੈਂਬਰ ਬਣਾਇਆ ਗਿਆ।

ਤਲਵੰਡੀ ਸਾਬੋ ਵਿਖੇ ਸਭ ਤੋਂ ਪਹਿਲਾਂ, ਸਾਹਿਬ ਸਿਰੀ ਗੁਰੂ ਨਾਨਕ ਦੇਵ ਜੀ ਦੇ ਚਰਨ ਪਾਉਣ ਦੀ ਰਵਾਇਤ ਮਿਲਦੀ ਹੈ। ਪਿੱਛੋਂ ਨੌਵੇਂ ਪਾਤਸ਼ਾਹ ਸਾਹਿਬ ਸਿਰੀ ਗੁਰੂ ਤੇਗ ਬਹਾਦਰ ਜੀ ਇਥੇ ਆਏ ਸਨ ਅਤੇ ਉਨ੍ਹਾਂ ਨੇ ਇਥੇ ਪਵਿੱਤਰ ਸਰੋਵਰ ਦੀ ਖੁਦਵਾਈ ਕਰਵਾਈ। ਸਾਖੀ ਪੋਥੀ ਵਿਚ ਗੁਰੂ ਤੇਗ ਬਹਾਦਰ ਜੀ ਦੇ ਤਲਵੰਡੀ ਸਾਬੋ ਵਿਖੇ ਆਉਣ ਬਾਰੇ ਇਉਂ ਲਿਖਿਆ ਗਿਆ ਹੈ : "ਅਗੇ ਡੇਰਾ ਤਲਵੰਡੀ ਹੋਇਆ। ਗੁਰੂ ਜੀ ਜਾਇ ਉਤਰੇ। ਇਕ ਬਡਾ ਬਰਮੀ ਕਾ ਬੁਰਜ ਥਾ, ਤਿਸ ਨੂੰ ਨਮਸਕਾਰ ਕੀਤੀ। ਸਿਖਾਂ ਬਚਨ ਕੀਤਾ : ਜੀ ਗਰੀਬ ਨਿਵਾਜ। ਇਥੇ ਤਾਂ ਕੋਈ ਅਸਥਾਨ ਨਹੀਂ, ਆਪ ਨੇ ਕਾਸ ਨੂੰ ਮਥਾ ਟੇਕਿਆ ਹੈ? ਗੁਰੂ ਜੀ ਬਚਨ ਕੀਤਾ : ਏਥੇ ਸਾਡਾ ਅਸਥਾਨ ਬਣੂੰਗਾ, ਨੌ ਨੇਜੇ ਉਚਾ ਦਮਦਮਾ ਹੋਊ, ਸਵਰਨ ਕੇ ਕਲਸ ਹੋਣਗੇ।"[5]

ਗੁਰੂ ਤੇਗ ਬਹਾਦਰ ਜੀ ਇਥੇ ਕਾਫੀ ਸਮਾਂ ਰਹੇ ਪਰਤੀਤ ਹੁੰਦੇ ਹਨ ਕਿਉਂਕਿ ਉਹਨਾਂ ਨੇ ਇਥੋਂ ਦਾ ਵਿਸ਼ਾਲ ਪਵਿਤਰ ਸਰੋਵਰ ਵੀ ਖੁਦਵਾਇਆ ਸੀ। "ਫੇਰ ਅਗਲੇ ਦਿਨ ਬੇਰੀ ਹੇਠ ਜਾਇ ਬੈਠੇ। ਸਿਖਾਂ ਨੂੰ ਬਚਨ ਕੀਤਾ : ਕਹੀਆਂ ਲਿਆਵੋ। ਸਿਖ ਲੈ ਆਏ। ਆਪ ਕਹੀ ਲੈ ਕੇ ਟਕ ਲਾਇਆ। ਆਪ ਕਾਰ ਕਢੀ, ਦੁਸ਼ਾਲੇ ਨਾਲ ਪੰਜ ਵਾਰੀ। ਸਿਖ, ਸੰਤ, ਮਾਈ, ਬੀਬੀ ਸਭ ਕੋਈ ਲਗਾ ਕਾਰ ਕਢਣਿ।"[6]

---

4. *ਗੁਰ ਸ਼ਬਦ ਰਤਨਾਕਰ ਮਹਾਨ ਕੋਸ਼*, ਭਾਸ਼ਾ ਵਿਭਾਗ, ਪੰਜਾਬ, ਪਟਿਆਲਾ, 1960, ਪੰਨਾ 498.
5. *ਮਾਲਵਾ ਦੇਸ਼ ਰਟਨ ਦੇ ਦੌਰਿਆਂ ਦੀ ਸਾਖੀ ਪੋਥੀ*, ਖਾਲਸਾ ਸਮਾਚਾਰ, ਅੰਮ੍ਰਿਤਸਰ, 1962, ਪੰਨਾ 20 (ਅਗੇ ਤੋਂ ਸਿਰਫ *ਸਾਖੀ ਪੋਥੀ* ਹੀ ਲਿਖਿਆ ਜਾਵੇਗਾ).
6. *ਉਕਤ*, ਪੰਨਾ 21.

ਗੁਰੂ ਜੀ ਨੇ ਸਥਾਨਕ ਸੰਗਤਾਂ ਦੀ ਸ਼ਰਧਾ ਅਤੇ ਸਤਿਕਾਰ ਦੇਖ ਕੇ ਬਚਨ ਦਿੱਤਾ ਕਿ ਇਹ ਅਸਥਾਨ ਵਿਦਿਅਕ ਕੇਂਦਰ ਦੇ ਤੌਰ 'ਤੇ ਉਭਰੇਗਾ ਅਤੇ ਹਿੰਦੂਆਂ ਦੀ ਕਾਂਸੀ (ਵਾਰਾਣਸੀ) ਦੇ ਬਰਾਬਰ ਦਾ ਦਰਜਾ ਹਾਸਲ ਕਰ ਲਵੇਗਾ। ਇਹ ਸਿੱਖਾਂ ਦੀ ਗੁਪਤ ਕਾਂਸੀ ਹੋਵੇਗਾ। ਸਿੱਖਾਂ ਨੇ ਹੈਰਾਨ ਹੋ ਕੇ ਪੁੱਛਿਆ ਕਿ ਗੁਰੂ ਜੀ ਹਿੰਦੂਆਂ ਦੀ ਕਾਂਸੀ ਵਿਖੇ ਤਾਂ ਬਿਸ਼ੇਵਰ ਨਾਥ ਦਾ ਮਹਾਨ ਮੰਦਰ ਸ਼ੋਭਾ ਦੇ ਰਿਹਾ ਹੈ, ਅੰਨ ਪੂਰਨਾ ਦੇਵੀ ਹੈ, ਭਾਗੀਰਥੀ ਗੰਗਾ ਹੈ ਅਤੇ ਮਣੀਕਰਨ ਤੀਰਥ ਹੈ ਪਰ ਇਥੇ ਕੀ ਹੈ, ਕਾਂਸੀ ਹੋਣ ਦਾ ਕਿਹੜਾ ਚਿੰਨ੍ਹ ਹੈ ?

ਸਾਖੀ ਪੋਥੀ ਅਨੁਸਾਰ ਗੁਰੂ ਜੀ ਨੇ ਇਹਨਾਂ ਸ਼ੰਕਿਆਂ ਨੂੰ ਇਉਂ ਨਵਿਰਤ ਕੀਤਾ : "ਇਹ ਜੋ ਗੁਰੂ ਅਸਥਾਨ ਹੈ ਦਮਦਮਾ, ਇਹ ਬਸੇਸ਼ਰ ਨਾਥ (ਦੇ ਸਮਾਨ) ਹੈ। ਜੋ ਕੋਈ ਏਸ ਦੀ ਕਾਰ ਕਰੂਗਾ ਓਸ ਨੂੰ ਰਿਧਿ ਸਿਧਿ ਮਿਲੂ, ਰਾਜ ਭਾਗ ਮਿਲੂ, ਸਿਖੀ ਪਰਾਪਤ ਹੋਊ ਓਥੇ ਅੰਨ ਪੂਰਨਾ ਦੇਵੀ ਹੈ, ਏਥੇ ਅੰਨ ਦੀ ਦੇਗ ਹੈ, ਜੋ ਕੋਈ ਆਵੇ ਸਭ ਕੋ। ਓਥੇ ਭਗੀਰਥੀ ਗੰਗਾ ਹੈ ਏਥੇ ਨਾਮ ਦੀ ਗੰਗਾ ਹੈ। ਓਥੇ ਮਣੀਕਰਨ ਤੀਰਥ ਹੈ ਏਥੇ ਗੁਰੂ ਸਰ ਤੀਰਥ ਹੈ। ਏਥੇ ਬਡੇ ਗੁਣੀ ਹੋਣਿਗੇ, ਗਿਆਨੀ ਹੋਣਿਗੇ, ਸ਼ਬਦ ਕੇ ਵਿਚਾਰਨ ਵਾਲੇ ਹੋਣਿਗੇ, ਖਿਗਿਆਨ ਕੇ ਸਮਝਣੇ ਵਾਲੇ ਹੋਣਿਗੇ, ਲਿਖਾਰੀ ਹੋਣਿਗੇ, ਵਿਦਿਆਰਥੀ ਹੋਣਿਗੇ, ਭਜਨਵਾਨ ਹੋਣਿਗੇ, ਟਹਿਲ ਸੇਵਾ ਵਾਲੇ ਬਹੁਤ ਹੋਣਿਗੇ। ਅਸੀਂ ਇਸੀ ਕਾ ਦਰਸ਼ਨ ਕਰਨ ਆਏ ਥੇ।"[7]

ਗੁਰੂ ਗੋਬਿੰਦ ਸਿੰਘ ਜੀ ਇਥੇ ਮੁਕਤਸਰ ਦਾ ਜੁੱਧ ਜਿੱਤਣ ਪਿੱਛੋਂ ਆਏ ਸਨ। ਇਸ ਸਮੇਂ ਜਿਤਨੇ ਵੀ ਮਾਲਵੇ ਦੇ ਜੱਟ ਕਬੀਲੇ ਸਨ ਉਹ ਸਭ ਗੁਰੂ ਜੀ ਦੇ ਨਾਲ ਸਨ। ਇਨ੍ਹਾਂ ਵਿਚੋਂ ਚਾਰ ਮੁਖ ਧੜੇ ਬਰਾੜਾਂ ਦੇ ਸਨ। ਇਹ ਸਨ ਡਲ ਬਰਾੜ, ਦਾਨ ਸਿੰਘ ਬਰਾੜ, ਕਪੂਰੇ ਬਰਾੜ ਦਾ ਧੜਾ ਅਤੇ ਭਾਈ ਕੇ। ਇਥੇ ਇਕ ਗਲ ਧਿਆਨ ਦੇਣ ਯੋਗ ਹੈ। ਇਹ ਸਾਰੇ ਧੜੇ ਗੁਰੂ ਜੀ ਦੇ ਤਾਂ ਸ਼ਰਧਾਲੂ ਸਨ ਪਰ ਇਨ੍ਹਾਂ ਦੀ ਆਪਸ ਵਿਚ ਨਹੀਂ ਬਣਦੀ ਸੀ। ਆਪਸ ਵਿਚ ਧੜੇਬੰਦੀ ਅਤੇ ਜਾਤੀ ਈਰਖਾ ਸੀ। ਇਸ ਲਈ ਜਦੋਂ ਗੁਰੂ ਜੀ ਮੁਕਤਸਰ ਦੇ ਜੁੱਧ ਤੋਂ ਵਿਹਲੇ ਹੋ ਕੇ ਤਲਵੰਡੀ ਸਾਬੋ ਵਲ ਆ ਰਹੇ ਸਨ ਤਾਂ ਰਸਤੇ ਵਿਚ ਆਉਂਦੇ ਇਕ ਪਿੰਡ ਛਤਿਆਣੇ ਵਿਚ, ਡੱਲੇ ਦੇ ਵਿਰੋਧੀ ਬਰਾੜ ਗਰੁਪ ਨੇ ਕਿਹਾ ਕਿ ਉਹ ਅਗੇ ਡੱਲੇ ਦੀ ਚੋਧਰ ਵਿਚ ਨਹੀਂ ਜਾਣਗੇ, ਜਿਹੜਾ ਉਨ੍ਹਾਂ ਦਾ ਕੋਈ ਹਿਸਾਬ ਕਿਤਾਬ ਹੈ ਉਸ ਨੂੰ ਇਥੇ ਹੀ ਨਿਬੇੜ ਕੇ ਉਨ੍ਹਾਂ ਨੂੰ ਆਪਣੇ ਇਲਾਕੇ ਵਲ ਜਾਣ ਦੀ ਆਗਿਆ ਦਿੱਤੀ ਜਾਵੇ। ਪਰ ਗੁਰੂ ਸਾਹਿਬ ਕਿਸੇ ਹੋਰ ਤਰ੍ਹਾਂ ਸੋਚਦੇ ਸਨ। ਗੁਰੂ ਜੀ ਚਾਹੁੰਦੇ ਸਨ ਕਿ ਸਾਰੇ ਜੱਟ ਕਬੀਲਿਆਂ ਨੂੰ ਆਪਸੀ ਜਾਤੀ ਰੰਜਸ਼ਾਂ ਮਿਟਵਾ ਕੇ ਇਕੱਠਿਆਂ ਕੀਤਾ ਜਾਵੇ। ਇਸ ਕਰਕੇ ਗੁਰੂ ਸਾਹਿਬ ਇਨ੍ਹਾਂ ਡੱਲਾ ਵਿਰੋਧੀ ਬਰਾੜਾਂ ਨੂੰ ਕਹਿ ਰਹੇ ਸਨ ਕਿ ਉਹ ਉਹਨਾਂ ਦੇ ਨਾਲ ਜਾਣ। ਤਲਵੰਡੀ ਪਹੁੰਚ ਕੇ ਸਾਰਾ ਹਿਸਾਬ ਕਿਤਾਬ ਨਿਬੇੜ ਦਿੱਤਾ ਜਾਵੇਗਾ। ਆਮ ਤੌਰ 'ਤੇ ਜਿਹੜੀ ਇਹ ਟੂਕ ਵਰਤੀ ਜਾਂਦੀ ਹੈ ਕਿ "ਅਕੇ ਸਿਖੀ ਰਖੋ ਅਕੇ ਚਾਕਰੀ ਲਹੋ" ਜਾਂ ਇਹ ਕਿ ਗੁਰੂ ਜੀ ਨੇ ਕਿਹਾ ਕਿ ਉਹ ਪੈਸਿਆਂ ਅਤੇ ਸਿੱਖੀ ਵਿਚੋਂ ਕਿਹੜੀ ਵਸਤੂ ਨੂੰ ਤਰਜੀਹ ਦਿੰਦੇ ਹਨ।' ਇਸ ਦਾ ਭਾਵ ਵੀ ਇਹੀ ਹੈ ਕਿ ਗੁਰੂ ਜੀ ਸਾਰੇ ਬਰਾੜ ਧੜਿਆਂ ਨੂੰ ਆਪਣੇ ਜਾਤੀ ਵੈਰ ਵਿਰੋਧ ਖਤਮ ਕਰ ਕੇ ਸਿੱਖੀ ਦੇ ਝੰਡੇ ਹੇਠ ਇਕੱਠੇ ਹੋਣ ਲਈ ਕਹਿੰਦੇ ਸਨ। ਇਸ ਦਾ ਇਕ ਹੋਰ ਸਾਧਾਰਣ ਭਾਵ ਹੈ ਕਿ ਗੁਰੂ ਜੀ

7. ਉਕਤ, ਪੰਨੇ 21-22.

ਉਨ੍ਹਾਂ ਨੂੰ ਆਪਣੇ ਨਾਲ ਇਕ ਸਿੱਖ ਦੇ ਤੌਰ 'ਤੇ ਲਿਜਾਣਾ ਚਾਹੁੰਦੇ ਸਨ ਜਦੋਂ ਕਿ ਬਰਾੜਾਂ ਦੇ ਧੜੇ ਆਪਣੀ ਇਕ ਦੂਜੇ ਧੜੇ ਦੀ ਦੁਸ਼ਮਣੀ ਨੂੰ ਭੁਲਾ ਨਹੀਂ ਰਹੇ ਸਨ।

ਇਸ ਗਲ 'ਤੇ ਭਾਈ ਦਾਨ ਸਿੰਘ ਦਾ ਧੜਾ ਤਾਂ ਗੁਰੂ ਜੀ ਦੀ ਆਗਿਆ ਦਾ ਪਾਲਣ ਕਰਦਾ ਹੋਇਆ ਗੁਰੂ ਜੀ ਨਾਲ ਹੀ ਰਿਹਾ ਪਰ ਕਪੂਰੇ ਬਰਾੜ ਦਾ ਧੜਾ ਡੱਲੇ ਦੇ ਇਲਾਕੇ ਵਿਚ ਜਾਣ ਨੂੰ ਤਿਆਰ ਨਾ ਹੋਇਆ। *ਸਾਖੀ ਪੋਥੀ* ਦੀਆਂ ਟੂਕਾਂ ਅਨੁਸਾਰ, "ਗੁਰੂ ਜੀ ਕਹਿੰਦੇ, ਦਾਨ ਸਿੰਘ ਅਸੁਪਾਲੀ। ਆ ਚਾਕਰੀ ਲੈ, ਵਰਤੀਦੀ ਹੈ। ਦਾਨ ਸਿੰਘ ਕਹਿੰਦਾ, ਜੀ ਪਾਤਿਸ਼ਾਹ। ਮੈਨੂੰ ਸਿਖੀ ਬਖਸ਼ੋ ਜੀ। ਮੇਰੇ ਦੁਧ ਪੁਤ ਘੋੜੇ ਸਭੁ ਕਹੁ ਹੈ ਜੀ।"[8] ਗੁਰੂ ਜੀ ਨੇ ਭਾਈ ਦਾਨ ਸਿੰਘ ਨੂੰ ਅੰਮ੍ਰਿਤ ਛਕਣ ਲਈ ਕਿਹਾ, ਦਾਨ ਸਿੰਘ ਬਚਨ ਮੰਨ ਕੇ ਸਿੰਘ ਸਜ ਗਿਆ।" ਗੁਰੂ ਜੀ ਕਾ ਬਚਨ ਮੰਨਿਆ, ਕੇਸ ਭੀ ਰਖੇ, ਗੁਰੂ ਜੀ ਕੀ ਪਹੁਲ ਲਈ, ਚਾਕਰੀ ਨਾ ਲਈ। ਗੁਰੂ ਜੀ ਬਚਨ ਕੀਤਾ, ਦਾਨ ਸਿੰਘ, ਗੁਰੂ ਦਿਆਲ ਹੈ ਕੁਹ ਮੰਗ ਲੈ। ਦਾਨ ਸਿੰਘ ਆਖਦਾ, ਜੇ, ਸਚੇ ਪਾਤਿਸ਼ਾਹ। ਆਪ ਦਿਆਲ ਹੋ ਤਾਂ ਸਾਡੀ ਨਗਰੀ ਚਰਨ ਪਾਵੋ।"[9] ਗੁਰੂ ਜੀ ਉਸ ਦੀ ਬੇਨਤੀ ਸਵੀਕਾਰ ਕਰਦੇ ਹੋਏ, ਤਲਵੰਡੀ ਸਾਬੋ ਤੋਂ ਉਸ ਦੇ ਪਿੰਡ ਅਬਲੂ ਮਹਿਮਾ ਗਏ ਸਨ।

ਇਸ ਤਰ੍ਹਾਂ ਗੁਰੂ ਜੀ ਕੋਟ ਭਾਈ, ਕੋਟ ਸਾਹਿਬ ਚੰਦ, ਰੋਹਲੇ, ਬਾਜਕ, ਜੱਸੀ ਬੱਗਵਾਲੀ ਅਤੇ ਪੱਕਾ ਕਲਾਂ ਆਦਿ ਪਿੰਡਾਂ ਵਿਚੋਂ ਦੀ ਹੁੰਦੇ ਹੋਏ ਤਲਵੰਡੀ ਸਾਬੋ ਪਹੁੰਚੇ। ਸਾਖੀ ਪੋਥੀ ਅਨੁਸਾਰ, "ਗੁਰੂ ਜੀ ਚੜੇ, ਦਮਦਮੇ ਜੀ ਆਏ। ਗੁਰੂ ਜੀ ਨੇ ਪਰਥਮੋ ਗੁਰੂ ਤੇਗ ਬਹਾਦਰ ਜੀ ਕੇ ਅਸਥਾਨ ਨੂੰ ਮਥਾ ਟੇਕਿਆ। ਫੇਰ ਬਚਨ ਕੀਤਾ, "ਐਸ ਬਰਮੀ ਨੂੰ ਏਕ ਬਰਾਬਰ ਕਰੋ। ਏਸ ਉਤੇ ਕਮਰਕਸਾ ਖੋਹਲਾਂਗੇ। ਤਾਂ ਸਰਬਤਰ ਖਾਲਸੇ ਨੇ ਬਰਮੀ ਉਤੇ ਦਮਦਮਾ ਬਣਾਇ ਦਿੱਤਾ, ਬੜੇ ਬਿਸਤਾਰ ਨਾਲ। ਵਿਚਿ ਗੁਰੂ ਜੀ ਕੇ ਬੈਠਣੇ ਕੀ ਮੰਜੀ ਬਣਾਈ। ਗੁਰੂ ਜੀ ਕਹਿੰਦੇ : ਇਹੁ ਤਾਂ ਆਨੰਦਪੁਰ ਦਾ ਦਮਦਮਾ ਹੈ। ਇਸ ਮੰਜੀ ਉਤੇ ਕਮਰ ਖੋਹਲੀ; ਸ਼ਸਤਰ ਰਖੇ, ਆਪ ਭੀ ਬੈਠੇ। ਤਾਂ ਸਿਖਾਂ ਬਚਨ ਕੀਤਾ : ਜੀ ਸਚੇ ਪਾਤਿਸ਼ਾਹਿ। ਆਪ ਨੇ ਜੋ ਪਿਰਥਮੇ ਮਥਾ ਟੇਕਿਆ ਸੀ ਓਹ ਕਿਸ ਦਾ ਅਸਥਾਨ ਹੈ ਜੀ ? ਗੁਰੂ ਜੀ ਕਹਿੰਦੇ, ਜਦੋਂ ਗੁਰੂ ਤੇਗ ਬਹਾਦਰ ਜੀ ਮਾਲਵੇ ਆਏ ਸਨ, ਓਦੋਂ ਇਸੀ ਅਸਥਾਨ ਰਹੇ ਹੈਸਨ ਨੌਂ ਦਿਨ। ਇਹ ਬਡਾ ਅਸਥਾਨ ਉਤਮ ਹੈ। ਰਿਧਿ ਸਿਧਿ ਇਸ ਅਸਥਾਨਤ ਕੀਆਂ ਦਾਸੀਆਂ ਹੈਨ।"[10]

ਪੰਡਿਤ ਤਾਰਾ ਸਿੰਘ ਨਰੋਤਮ ਲਿਖਦੇ ਹਨ : "ਪਕੇ ਨਗਰ ਸੇ ਚਲ ਕਰ ਗੁਰੂ ਜੀ ਇਸ ਗਰਾਮ ਆਏ ਆਗੇ ਸੇ ਚਾਰ ਸੈ ਆਦਮੀ ਕੋ ਸਾਥ ਲੇ ਕਰ ਡਲਾ ਦੂਰ ਸੇ ਲੇਨੇ ਆਯਾ। ਆਪਨੇ ਮਹਲੋ ਕੇ ਸਮੀਪ ਗੁਰੂ ਜੀ ਕਾ ਡੇਰਾ ਕਰਾਯਾ। ਖੂਬ ਸੇਵਾ ਕਰੀ।... ਜਬ ਪਹਿਲੇ, ਗੁਰੂ ਤੇਗ ਬਹਾਦਰ ਜੀ ਈਹਾਂ ਗਏ ਇਸ ਥਾਨ ਕੋ ਮਥਾ ਟੇਕਯਾ ਨਾਮ ਉਚਾ ਦਮਦਮਾ ਕਹਯਾ।"[11]

---

8. *ਉਕਤ*, ਪੰਨਾ 70.
9. *ਉਕਤ*, ਪੰਨਾ 21.
10. *ਉਕਤ*, ਪੰਨੇ 78-79.
11. *ਸ੍ਰੀ ਗੁਰ ਤੀਰਥ ਸੰਗ੍ਰਹਿ*, (ਪੱਥਰ ਛਾਪ), ਅੰਬਾਲਾ, 1884, ਪੰਨੇ 54-55.

ਚੌਧਰੀ ਡੱਲੇ ਨੇ ਗੁਰੂ ਜੀ ਨੂੰ ਉਸ ਦੇ ਮਹਿਲਾਂ ਵਿਚ ਡੇਰਾ ਕਰਨ ਲਈ ਕਿਹਾ ਪਰ ਗੁਰੂ ਜੀ ਨੇ ਆਪਣਾ ਡੇਰਾ ਮਹਿਲਾਂ ਤੋਂ ਬਾਹਰ ਹੀ ਤੰਬੂਆਂ ਅਤੇ ਕਨਾਤਾਂ ਵਿਚ ਰਖਿਆ। ਡੱਲੇ ਨੇ ਬੇਨਤੀ ਕੀਤੀ ਸੀ ਕਿ ਗੁਰੂ ਜੀ ਦੇ ਮਹਿਲ ਤਾਂ ਮਹਿਲਾਂ ਵਿਚ ਹੀ ਰਹਿ ਸਕਦੇ ਹਨ। ਇਸ ਲਈ ਮਾਤਾਵਾਂ ਦਾ ਉਤਾਰਾ ਅੰਦਰ ਹਵੇਲੀ ਵਿਚ ਕੀਤਾ ਗਿਆ। ਗੁਰੂ ਜੀ ਦਾ ਕੈਂਪ ਚੌਧਰੀ ਡੱਲੇ ਦੇ ਕਿਲੇ ਦੀ ਕੰਧ ਦੇ ਨਾਲ ਹੀ ਲਗਣਾ ਸੀ। ਪਹਿਲੇ ਪੰਜ ਦਿਨ ਸਾਰਾ ਲੰਗਰ ਭਾਈ ਡੱਲੇ ਦੀ ਹਵਲੇ ਵਿਚੋ ਹੀ ਬਣ ਕੇ ਆਉਂਦਾ ਰਿਹਾ। ਫਿਰ ਲੰਗਰ ਦੀ ਤਿਆਰੀ ਖਾਲਸੇ ਦੇ ਕੈਂਪ ਵਿਚ ਹੀ ਕੀਤੀ ਜਾਣੀ ਸ਼ੁਰੂ ਹੋ ਗਈ।

"ਫੇਰ ਇਕ ਦਿਨ ਗੁਰੂ ਜੀ ਨੂੰ, ਸਾਰੇ ਬੇਰਾੜਾਂ ਨੂੰ, ਲੰਗਰ ਡਲੇ ਨੇ ਕੀਤਾ। ਗੁਰੂ ਨੂੰ ਡੇਰੇ ਲੈਇ ਗਇਆ। ਤਰਾਤਰੀ ਪਰਸ਼ਾਦਿ ਵਰਤਿਆ। ਗੁਰੂ ਜੀ ਨੂੰ ਘੋੜਾ ਦੁਸ਼ਾਲਾ ਸੌ ਦਮੜਾ ਮਥਾ ਟੇਕਿਆ। ਮਾਤਾ ਜੀ ਹੁਰਾਂ ਨੂੰ ਚੰਗੇ ਤਿਉਰ ਪਚੀ ਪਚੀ ਰੁਪਏ ਮਾਥਾ ਟੇਕੇ। ਗੁਰੂ ਜੀ ਬਹੁਤ ਖੁਸ਼ੀ ਹੋਏ। ਫੇਰ ਭੀ ਕਈ ਬਾਰ ਪਰਸ਼ਾਦਿ ਕੀਤਾ। ਦਾਣੇ ਪਠੇ ਕੀ ਬਹੁਤ ਟਹਿਲ ਕੀਤੀ। ਰਸਤ ਭੀ ਕਈ ਬਾਰੀ ਲੰਗਰ ਪਾਇ ਦਿਆ ਕਰੇ।"[12]

ਗੁਰੂ ਜੀ ਦੇ ਇਥੇ ਰਹਿਣ ਸਮੇਂ ਦੌਰਾਨ ਦੀਆ ਕੁਝ ਕੁ ਰਵਾਇਤੀ ਰੂਪ ਵਿਚ ਪਰਚੱਲਤ ਗਲਾਂ ਜਾਂ ਸਾਖੀਆਂ ਹਨ। ਜਿਸ ਤਰ੍ਹਾਂ ਕਿ ਇਕ ਵਾਰ ਇਥੇ ਵਿਸਾਖੀ ਦਾ ਮੇਲਾ ਬੜਾ ਭਾਰੀ ਲਗਿਆ। ਬਹੁਤ ਸੰਗਤਾਂ ਗੁਰੂ ਜੀ ਦੇ ਦਰਸ਼ਨਾਂ ਨੂੰ ਆਈਆਂ। ਗੁਰੂ ਜੀ ਦੇ ਸੇਵਕਾਂ ਨੇ ਖ਼ਬਰ ਦਿੱਤੀ ਕਿ ਇਸ ਮੇਲੇ ਵਿਚ ਬੇਅੰਤ ਸਿੱਖ ਆਏ ਹਨ। ਗੁਰੂ ਜੀ ਨੇ ਕਿਹਾ ਕਿ ਇਨ੍ਹਾਂ ਨੂੰ ਪੁੱਛੋ ਕਿ ਇਨ੍ਹਾਂ ਵਿਚ ਗੁਰੂ ਕੇ ਸਿੱਖ ਕਿਤਨੇ ਕੁ ਹਨ। ਜਦੋਂ ਕੁਝ ਸਿੱਖਾਂ ਨੂੰ ਗੁਰੂ ਜੀ ਕੋਲ ਲਿਆਂਦਾ ਗਿਆ ਤਾਂ ਗੁਰੂ ਜੀ ਹਰ ਇਕ ਸਿੱਖ ਕੋਲੋਂ ਪੁੱਛਦੇ ਸਨ ਕਿ ਉਸ ਦੀ ਸਿੱਖਣੀ (ਪਤਨੀ) ਕਿਥੇ ਹੈ। ਅਗੇ ਸਿੱਖ ਇਹ ਕਹਿ ਕੇ ਜਵਾਬ ਦਿੰਦਾ ਸੀ ਕਿ ਜੀ ਉਸ ਦੀ ਸਿੱਖਣੀ ਤਾਂ ਉਥੇ ਖੜੀ ਹੈ। ਇਸੇ ਤਰ੍ਹਾਂ ਸਿੱਖਣੀਆਂ ਕੋਲੋਂ ਪੁੱਛਿਆ ਕਿ ਉਹਨਾਂ ਦੇ ਸਿੱਖ (ਪਤੀ) ਕਿਥੇ ਹਨ। ਤਾਂ ਉੱਤਰ ਮਿਲਿਆ ਕਿ ਉਹਨਾਂ ਦੇ ਸਿੱਖ ਉਥੇ ਬੈਠੇ ਹਨ। ਗੁਰੂ ਜੀ ਨੇ ਆਪਣੇ ਦਰਬਾਰੀ ਸਿੰਘਾਂ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਦੇਖੋ ਕੋਈ ਵੀ ਇਹ ਨਹੀਂ ਕਹਿੰਦਾ ਕਿ ਉਹ ਗੁਰੂ ਦਾ ਸਿੱਖ ਜਾਂ ਸਿੱਖਣੀ ਹੈ ਸਗੋਂ ਉਹ ਇਕ ਦੂਜੇ ਦੇ ਸਿੱਖ ਜਾਂ ਸਿੱਖਣੀ ਹਨ।

ਭਾਵ ਕਿ ਸਿੱਖਾਂ ਨੂੰ ਆਪਣੀ ਅਤੇ ਗੁਰੂ ਦੀ ਇਕੋ ਅੰਤਰ-ਆਤਮਾ ਨੂੰ ਸਮਝਾਉਣ ਦਾ ਇਹ ਇਕ ਨਾਟਕੀ ਜਿਹਾ ਢੰਗ ਸੀ। ਹਰ ਰੋਜ਼ ਸੰਗਤਾਂ ਦੂਰੋਂ ਨੇੜਿਓਂ ਆਉਂਦੀਆਂ ਰਹਿੰਦੀਆਂ ਸਨ। ਫੂਲਵੰਸ਼ ਦੇ ਮੋਢੀ ਭਾਈ ਰਾਮ ਸਿੰਘ ਅਤੇ ਤਿਲੋਕਾ ਸਿੰਘ ਆਪਣੇ ਆਪਣੇ ਜੱਥੇ ਲੈ ਕੇ ਪਹੁੰਚੇ। ਇਹ ਦੋਵੇਂ ਭਰਾ ਬਾਬਾ ਫੂਲ ਜੀ ਦੇ ਸਪੁੱਤਰ ਸਨ। ਇਹ ਗੁਰੂ ਘਰ ਦੇ ਅਨਿੰਨ ਸ਼ਰਧਾਲੂ ਸਨ ਅਤੇ ਹਰ ਜੁੱਧ ਸਮੇਂ ਗੁਰੂ ਜੀ ਦੇ ਨਾਲ ਖੜੇ ਸਨ। ਇਸ ਵਫਾਦਾਰੀ ਤੋਂ ਖੁਸ਼ ਹੋ ਕੇ ਹੀ ਗੁਰੂ ਦਸਮ ਪਾਤਸ਼ਾਹ ਨੇ ਇਹਨਾਂ ਦੇ ਨਾਂ 'ਤੇ ਇਕ ਹੁਕਮਨਾਮਾ ਜਾਰੀ ਕੀਤਾ ਸੀ ਜਿਸ ਵਿਚ ਇਨ੍ਹਾਂ ਉਪਰ ਗੁਰੂ ਘਰ ਦੀਆਂ ਖੁਸ਼ੀਆਂ ਬਖਸ਼ੀਆਂ ਗਈਆਂ ਹਨ : "ਸਿਰੀ ਗੁਰੂ ਜੀਉ ਕੀ ਆਗਿਆ ਹੈ ਭਾਈ ਤਲੋਕਾ ਭਾਈ ਰਾਮਾ ਸਰਬਤ ਸੰਗਤ ਗੁਰੂ ਰਖੇਗਾ ਤੁਧੁ ਜਮੀਅਤ ਲੈ ਕੇ ਅਸਾਡੇ ਹਜੂਰ ਆਵਣਾ ਮੇਰੀ ਤੇਰੇ ਉਪਰਿ ਬਹੁਤ ਖੁਸ਼ੀ ਹੈ ਤੇਰਾ ਘਰੁ ਮੇਰਾ ਹੈ

12. *ਸਾਖੀ ਪੋਥੀ*, ਪੰਨਾ 80.

ਤੁਧੁ ਹੁਕਮ ਦੇਖਦਿਆਂ ਹੀ ਛੇਤੀ ਅਸਾਡੇ ਹਜ਼ੂਰ ਆਵਣਾ ਤੇਰਾ ਘਰੁ ਮੇਰਾ ਅਸੈ ਤੁਧੁ ਸਿਤਾਬੀ ਹੁਕਮ ਦੇਖਦਿਆਂ ਹੀ ਆਵਣਾ ਤੁਸਾਂ ਅਸਵਾਰ ਲੈ ਕੇ ਆਵਣਾ ਜਰੂਰ ਆਵਣਾ...।"[13]

ਮੋੜ ਪਿੰਡ ਤੋਂ ਦਲਪਤ ਨਾਮੀ ਇਕ ਸਿੱਖ ਗੁਰੂ ਜੀ ਨੂੰ ਮਿਲਣ ਆਇਆ। ਇਸ ਨੇ ਦਹੀਂ ਦਾ ਭਰਿਆ ਹੋਇਆ ਇਕ ਤੌਲਾ ਗੁਰੂ ਜੀ ਦੀ ਭੇਟ ਕੀਤਾ। ਗੁਰੂ ਜੀ ਨੇ ਪੁੱਛਿਆ ਕਿ ਤੂੰ ਕਿਹੜੇ ਪਿੰਡੋਂ ਹੈਂ। ਦਲਪਤ ਨੇ ਜਵਾਬ ਦਿੱਤਾ ਕਿ ਉਹ ਮੋੜਾਂ ਤੋਂ ਹੈ ਅਤੇ ਨਾਮ ਦਲਪਤ ਹੈ। ਗੁਰੂ ਜੀ ਨੇ ਉਸ ਦੇ ਬਾਪ ਬਾਰੇ ਪੁਛਿਆ। ਦਲਪਤ ਨੇ ਦਸਿਆ ਕਿ ਉਹ ਭੀਉਂ ਦਾ ਬੇਟਾ ਹੈ। ਗੁਰੂ ਜੀ ਨੇ ਵਰ ਦਿੰਦਿਆਂ ਕਿਹਾ, "ਤਦੇ ਦਲਾਂ ਦੀ ਪਤ ਹੈਂ, ਭੀਉਂ ਦਾ ਬੇਟਾ ਹਹਿ।" ਗੁਰੂ ਜੀ ਨੇ ਖੁਸ਼ ਹੋ ਕੇ ਉਸ ਦੇ ਪਗ ਪਹਿਨਾਈ ਪਰ ਜਦੋਂ ਮਹੀਨੇ ਕੁ ਪਿਛੋਂ ਉਸ ਦੇ ਘਰ ਡੂਮ ਗੌਣ ਆਏ ਤਾਂ ਉਸ ਨੇ ਇਹ ਪਗ ਪੋਸ਼ਾਕ ਸਮੇਤ ਉਹਨਾਂ ਨੂੰ ਦੇ ਦਿੱਤੀ।[14]

ਇਥੇ ਰਹਿੰਦੇ ਹੋਏ ਗੁਰੂ ਸਾਹਿਬ ਅਕਸਰ ਆਸ ਪਾਸ ਦੇ ਪਿੰਡਾਂ ਵਿਚ ਉਥੋਂ ਦੀਆਂ ਸਿੱਖ ਸੰਗਤਾਂ ਦੇ ਸਦੇ 'ਤੇ ਬਾਹਰ ਦੌਰਿਆਂ 'ਤੇ ਚਲੇ ਜਾਇਆ ਕਰਦੇ ਸਨ। ਸਾਖੀ ਪੋਥੀ ਵਿਚ ਇਹਨਾਂ ਦੌਰਿਆਂ ਬਾਰੇ ਇਉਂ ਲਿਖਿਆ ਹੈ : "ਇਕ ਦਿਨ ਡੇਰਾ ਗੁਰੂ ਜੀ ਤਲਵੰਡੀਓ ਚਕੀਂ ਜਾਏ ਕੀਤਾ। ਇਕ ਰਾਤ ਡੇਰਾ ਬਾਹਰ ਕੀਤਾ। ਫੇਰ ਰਾਮ ਸਿੰਘ ਨੇ ਕਿਹਾ ਜੀ ਡੇਰਾ ਅੰਦਰ ਕਰੋ। ਸਾਹਿਬ ਕਹਿੰਦੇ, ਬਾਹਰ ਦੀ ਖੁਸ਼ੀ ਹੈ। ਫੇਰ ਰਾਮ ਸਿੰਘ ਭਾਈ ਕਾ ਸਾਹਿਬ ਨੂੰ ਘਰ ਲੈ ਗਿਆ। ਅਗੇ ਗੁਰੂ ਕੇ ਘੋੜੇ ਦੇ ਰਾਮ ਸਿੰਘ ਜਾਵੇ।

"ਰਾਮ ਸਿੰਘ ਦੀ ਚਾਚੀ ਕਿਹਾ, ਜੇ ਗੁਰੂ ਮੇਰੇ ਘਰਿ ਆਵੇ ਮੇਰੀ ਭਾਵਨੀ ਹੈ। ਬਗਾ ਮਹੀਨ ਖੇਸ ਲੈ ਕੇ ਬਾਂਹ ਹੇਠ ਲੁਕਾਈ ਖੜੀ ਸੀ ਸਾਹਮਣੇ। ਰਾਮ ਸਿੰਘ ਦੇ ਘਰ ਨਾਹੀ ਜਾਣਾ। ਅਗੇ ਰਾਮ ਸਿੰਘ ਦੇ ਘਰ ਕਨਾਤ ਲਗੀ ਹੋਈ। ਗੁਰੂ ਜੀ ਬੁਢੀ ਘਰ ਜਾਇ ਖਲੋਤੇ। ਓਸ ਨੇ ਮਥਾ ਟੇਕਿਆ। ਰਾਮ ਸਿੰਘ ਕਹਿੰਦਾ, ਜੀ ਏਧਰ ਆਵੋ। ਕਹਿੰਦੇ ਆਂਵਦੇ ਹਾਂ।

"ਡੇਰਾ ਰਾਮ ਸਿੰਘ ਦੇ ਘਰ ਕੀਤਾ। ਥਾਲ ਕਾਂ ਸੀਤ ਪਰਸਾਦਿ ਰਾਮ ਸਿੰਘ ਨੇ ਛਕਿਆ।"[15]

ਫਿਰ ਭਾਈ ਦਿਆਲ ਸਿੰਘ[16] ਆਇਆ ਰਾਮ ਸਿੰਘ ਨੂੰ ਨਾਲ ਲੈ ਕੇ ਗੁਰੂ ਜੀ ਨੂੰ ਮੱਥਾ ਟੇਕਿਆ। ਗੁਰੂ ਜੀ ਚੁਪ ਕਰ ਰਹੇ। ਰਾਮ ਸਿੰਘ ਨੇ ਕਿਹਾ, ਜੀ ਏਹੁ ਤਾਂ ਇਸੇ ਬਾੜੀ ਕਾ ਹੈ। ਗੁਰੂ ਜੀ ਫੇਰ ਵੀ ਨਾ ਬੋਲੇ। ਰਾਮ ਸਿੰਘ ਨੇ ਬਾਹਰ ਨਿਕਲ ਕੇ ਕਿਹਾ : ਦਿਆਲ ਸਿੰਘ ਜੀ, ਸਾਹਿਬ ਨੇ ਬਠਿੰਡੇ ਜਾਣਾ ਹੈ, ਤੁਸੀਂ ਚੜੋ ਭੁਚੋ ਨੂੰ। ਰਾਤੋ ਰਾਤ ਪਰਸਾਦਿ ਤਿਆਰ ਕਰੋ। ਗੁਰੂ ਜੀ ਦਿਨ ਚੜਦੇ ਨੂੰ ਭੁਚੋ ਪਹੁੰਚ ਜਾਣਗੇ।

ਚੱਕ ਤੋਂ ਰਵਾਨਾ ਹੋਣ ਸਮੇਂ ਭਾਈ ਰਾਮ ਸਿੰਘ ਜੀ ਨੇ ਘੋੜਾ, ਦੁਸ਼ਾਲਾ ਮੱਥਾ ਟੇਕਿਆ। ਦੋਹਾਂ ਮਾਤਾਵਾਂ ਨੂੰ ਤਿਉਰ ਦਿਤੇ ਇਕੋ ਜਿਹੇ। ਦੋ ਘੜੀਆਂ ਦਿਨ ਚੜਦੇ ਨੂੰ ਗੁਰੂ ਜੀ ਭੁਚੋ ਪਹੁੰਚ ਗਏ। ਅਗੋਂ ਦਿਆਲ ਸਿੰਘ ਨੇ ਮੱਥਾ ਟੇਕਿਆ ਤੇ ਕਿਹਾ ਕਿ ਗੁਰੂ ਜੀ ਡੇਰਾ ਇਥੇ ਹੀ

13. *ਹੁਕਮਨਾਮੇ*, (ਸੰ. ਗੰਡਾ ਸਿੰਘ) ਪੰਜਾਬੀ ਯੂਨੀਵਰਸਿਟੀ, ਪਟਿਆਲਾ, 1985, ਪੰਨਾ 147.
14. *ਸਾਖੀ ਪੋਥੀ*, ਪੰਨੇ 84-85.
15. *ਉਕਤ*, ਪੰਨਾ 85.
16. ਇਹ ਦਿਆਲ ਸਿੰਘ ਭਾਈ ਭਗਤੂ ਦਾ ਪੋਤਾ ਅਤੇ ਗੌਰੇ ਦਾ ਪੁੱਤਰ ਸੀ। ਇਹ ਭੁੱਚੋ ਪਿੰਡ ਵਿਚ ਰਹਿੰਦਾ ਸੀ। ਪਿੰਡ ਭਾਗੂ, ਚੱਕ ਅਤੇ ਭੁੱਚੋ ਨੇੜੇ ਨੇੜੇ ਹੀ ਹਨ।

ਕਰੋ। ਗੁਰੂ ਜੀ ਨੇ ਕਿਹਾ ਕਿ ਡੇਰਾ ਭਾਗੂ ਪਿੰਡ ਵਿਚ ਕਰਾਂਗੇ। ਦਿਆਲ ਸਿੰਘ ਨੇ ਕਿਹਾ ਕਿ ਪਰਸ਼ਾਦਿ ਤਿਆਰ ਹੈ। ਪਰ ਗੁਰੂ ਜੀ ਨੇ ਕਿਹਾ ਕਿ ਹੁਣ ਤਾਂ ਉਹ ਅਗੇ ਨੂੰ ਜਾ ਰਹੇ ਹਨ। ਦਿਆਲ ਸਿੰਘ ਸਾਰਾ ਤਿਆਰ ਕੀਤਾ ਹੋਇਆ ਪਰਸ਼ਾਦਿ ਗੱਡਿਆਂ ਉਪਰ ਲੱਦ ਕੇ ਗੁਰੂ ਜੀ ਦੇ ਪਿੱਛੇ ਪਿੱਛੇ ਲਗ ਤੁਰਿਆ।[17]

ਅਸਲ ਵਿਚ ਦਿਆਲ ਸਿੰਘ ਅੰਮ੍ਰਿਤ ਛਕ ਕੇ ਸਿੰਘ ਨਹੀ ਸੀ ਸਜਿਆ। ਗੁਰੂ ਜੀ ਨੇ ਇਸ ਨੂੰ ਇਕ ਵਾਰ ਅੰਮ੍ਰਿਤ ਛਕਣ ਲਈ ਕਿਹਾ ਸੀ ਪਰ ਇਸ ਨੇ ਜਵਾਬ ਦੇ ਦਿੱਤਾ ਸੀ। ਇਸ ਲਈ ਗੁਰੂ ਜੀ ਇਸ ਦਾ ਨਿਉਂਦਾ ਪਰਵਾਣ ਨਹੀਂ ਸੀ ਕਰਦੇ। ਜਦੋਂ ਦਿਆਲ ਸਿੰਘ ਨੂੰ ਇਸ ਤਰ੍ਹਾਂ ਪਰਸਾਦਿ ਲੈ ਕੇ ਆਪਣੇ ਪਿੱਛੇ ਆਉਂਦਾ ਦੇਖਿਆ ਤਾਂ ਗੁਰੂ ਜੀ ਉਥੇ ਹੀ ਰੁਕ ਗਏ ਅਤੇ ਦਿਆਲ ਸਿੰਘ ਨੂੰ ਕਿਹਾ ਕਿ ਜੇ ਉਹ ਅੰਮ੍ਰਿਤ ਛਕੇਗਾ ਤਦ ਹੀ ਉਸ ਦਾ ਨਿਉਂਦਾ ਮੰਨਿਆ ਜਾਵੇਗਾ। ਦਿਆਲ ਸਿੰਘ ਅੰਮ੍ਰਿਤ ਛਕਣ ਲਈ ਤਿਆਰ ਹੋ ਗਿਆ। ਉਥੇ ਪੰਜ ਸਿੰਘਾਂ ਵਲੋਂ ਅੰਮ੍ਰਿਤ ਤਿਆਰ ਕਰਵਾ ਕੇ ਇਸ ਨੂੰ ਛਕਾਇਆ ਗਿਆ। ਇਨ੍ਹਾਂ ਪੰਜਾਂ ਵਿਚ ਇਕ ਰੰਘਰੇਟਾ ਸਿੰਘ ਸੀ।[18]

ਸਿੰਘ ਸਜਣ ਪਿੱਛੋਂ ਦਿਆਲ ਸਿੰਘ ਨੇ ਸਾਰੀ ਸੰਗਤ ਨੂੰ ਪਰਸ਼ਾਦ ਵਰਤਾਇਆ। ਗੁਰੂ ਜੀ ਨੂੰ ਘੋੜਾ ਅਤੇ ਦੁਸ਼ਾਲਾ ਮੱਥਾ ਟੇਕਿਆ। ਸੌ ਦਮੜਾ ਪੈਸੇ ਭੇਟਾ ਕੀਤੇ। ਪਰ ਜਦੋਂ ਸਾਰਾ ਪਰਸ਼ਾਦ ਵਰਤਾਇਆ ਜਾ ਚੁੱਕਾ ਸੀ ਤਾਂ ਦੇਰ ਗਈ ਪੰਦਰਾਂ ਕੁ ਸਿੰਘ ਹੋਰ ਆ ਗਏ। ਉਨ੍ਹਾਂ ਨੇ ਪਰਸ਼ਾਦ ਮੰਗਿਆ। ਗੁਰੂ ਜੀ ਨੇ ਕਿਹਾ ਕਿ ਦਿਆਲ ਸਿੰਘ ਤੋਂ ਲਵੋ। ਦਿਆਲ ਸਿੰਘ ਨੇ ਆਪਣੇ ਹਥ ਦੀ ਉਂਗਲੀ ਵਿਚ ਪਾਈ ਸੋਨੇ ਦੀ ਮੁੰਦਰੀ ਲਾਹ ਕੇ ਉਨ੍ਹਾਂ ਨੂੰ ਦੇ ਦਿੱਤੀ ਅਤੇ ਕਿਹਾ ਕਿ ਇਸ ਨੂੰ ਵੇਚ ਕੇ ਉਹ ਆਪਣੀ ਰਸਦ ਬਗੈਰਾ ਖਰੀਦ ਲੈਣ ਅਤੇ ਤਿਆਰ ਕਰ ਕੇ ਪਾ ਲੈਣ।

ਚੱਕ ਅਤੇ ਭਾਗੂ ਪਿੰਡਾਂ ਤੋਂ ਗੁਰੂ ਸਾਹਿਬ ਬਠਿੰਡੇ ਗਏ। ਉਥੇ ਲੋਕਾਂ ਵਿਚ ਵਿਸ਼ਵਾਸ ਸੀ ਕਿ ਜਿਹੜਾ ਬਠਿੰਡੇ ਦਾ ਪੁਰਾਣਾ ਕਿਲਾ ਹੈ ਉਸ ਵਿਚ ਕਿਸੇ ਜਿੰਨ ਦਾ ਵਾਸਾ ਹੈ। ਉਹ ਸਮਝਦੇ ਸੀ ਕਿ ਜਿਹੜਾ ਵੀ ਕੋਈ ਵਿਅਕਤੀ ਕਿਲੇ ਵਿਚ ਵੜਦਾ ਸੀ ਉਸ ਨੂੰ ਜਿੰਨ ਖਾ ਜਾਂਦਾ ਹੈ। ਗੁਰੂ ਜੀ ਨੇ ਸਥਾਨਕ ਲੋਕਾਂ ਨੂੰ ਕਿਹਾ ਕਿ ਉਹ ਕਿਲੇ ਵਿਚ ਜਾਣਗੇ ਅਤੇ ਰਹਿ ਰਹੇ ਜਿੰਨ ਨੂੰ ਬਾਹਰ ਕਢ ਕੇ ਭਜਾ ਦੇਣਗੇ। ਗੁਰੂ ਜੀ ਅੰਦਰ ਗਏ ਅਤੇ ਉਥੇ ਰਹੇ। ਲੋਕਾਂ ਨੂੰ ਕਿਹਾ ਗਿਆ ਕਿ ਉਨ੍ਹਾਂ ਨੇ ਜਿੰਨ ਨੂੰ ਇਥੋਂ ਕਢ ਦਿੱਤਾ ਹੈ ਅਤੇ ਬਹੁਤ ਦੂਰ ਭੇਜ ਦਿੱਤਾ ਹੈ। ਉਸ ਪਿੱਛੋਂ ਸਾਰੇ ਲੋਕ ਕਿਲੇ ਅੰਦਰ ਜਾਣੇ ਸ਼ੁਰੂ ਹੋਏ ਅਤੇ ਲੋਕਾਂ ਵਿਚ ਵਿਸ਼ਵਾਸ਼ ਬੈਠ ਗਿਆ ਕਿ ਗੁਰੂ ਜੀ ਨੇ ਸੱਚਮੁੱਚ ਹੀ ਜਿੰਨ ਨੂੰ ਕੱਢ ਦਿੱਤਾ ਹੈ।

ਪੰਡਿਤ ਤਾਰਾ ਸਿੰਘ ਨਰੋਤਮ ਨੇ ਬਠਿੰਡਾ ਜਾਣ ਬਾਰੇ ਇਉਂ ਲਿਖਿਆ ਹੈ : "ਚਕ ਸੇ ਚਲ ਗੁਰੂ ਜੀ ਬਠਿੰਡੇ ਪਹੁੰਚ ਰਤਨ ਹਾਜੀ ਕੀ ਜਗਾ ਪਾਸ ਉਤਰੇ ਦੇਸ ਕੇ ਲੋਗੋਂ ਨੇ ਬੇਨਤੀ ਕਰੀ। ਈਹਾਂ ਕਾਣਾ ਦੇਊ ਹੈ ਮੁਲਖ ਮੇਂ ਅੰਨ ਨਹੀਂ ਰਹਣੇ ਦੇਤਾ। ਕਿਰਪਾ ਕਰ ਉਸ ਕੋ

17. ਉਕਤ, ਪੰਨਾ 86-87.
18. ਉਕਤ, ਪੰਨੇ ਉਹੀ।
19. ਉਕਤ, ਪੰਨਾ 87.

ਨਿਕਾਸੋ। ਗੁਰੂ ਜੀ ਨੇ ਬਲੀ ਦੇ ਕਰ ਨਿਕਾਸਨੇ ਹੇਤ ਏਕ ਬਡ਼ਾ ਭੈਂਸਾ ਮਗਵਾਯਾ। ਕਿਲੇ ਭੀਤਰ ਜਾਕਰ ਮਹਿਖ ਬਲੀਦਾਨ ਦੇ ਕਾਨਾ ਦੇਵ ਨਿਕਾਸ ਕੇ ਸਿਰੰਦ ਕੋ ਤੋਰਯਾ।"[20]

ਬਠਿੰਡੇ ਤੋਂ ਮੁੜਦੇ ਹੋਏ ਗੁਰੂ ਜੀ ਸ਼ਮੀਰ ਆ ਕੇ ਠਹਿਰੇ। ਸਾਖੀ ਪੋਥੀ ਵਿਚ ਲਿਖਿਆ ਹੈ : "ਅਗੇ ਗੁਰੂ ਜੀ ਚਲੇ ਸਮੀਰ ਆਇ ਡੇਰਾ ਕੀਤਾ। ਰਾਤ ਰਹੇ ਨਗਰੀ। ਡੱਲਾ ਇਥੇ ਹੀ ਆਨ ਮਿਲਿਆ। ਜਿਮੀਦਾਰ ਡੱਲੇ ਨੂੰ ਨਜਰ ਲੈ ਕੇ ਆਏ। ਦੇਣ ਲਗੇ ਤਾਂ ਡੱਲੇ ਨੇ ਆਖਿਆ, ਭੇਟਾ ਗੁਰੂ ਜੀ ਕੋ ਦੇਵੋ। ਭੇਟਾ ਕੀ ਲਾਇਕ ਗੁਰੂ ਜੀ ਹਨ। ਏਨਾਂ ਕੇ ਅਗੇ ਮੇਰੀ ਕੀ ਤਾਕਤ ਹੈ ਭੇਟਾ ਲੈਣੇ ਕੀ।" ਗੁਰੂ ਜੀ ਨੇ ਬਚ਼ਨ ਕੀਤਾ, "ਡਲ ਸਿੰਘ, ਕਰਾਮਾਤ ਨਾਲੋਂ ਮੁਲਾਕਾਤ ਬਡੀ ਹੈ। ਸਾਡੇ ਵਿਚ ਕਰਾਮਾਤ ਸਭੇ ਹੈ, ਜਦੋਂ ਲਵਾਂਗੇ ਤਦੋਂ ਹੀ ਕੋਈ ਜਾਨੂਗਾ। ਤੇਰੀ ਰਈਯਤ ਹੈ, ਇਹ ਸਚੇ ਹੈਨ।"[21] ਪੰਡਿਤ ਤਾਰਾ ਸਿੰਘ ਨੇ ਲਿਖਿਆ ਹੈ ਕਿ "ਗਰਾਮ ਸੇ ਬਾਹਰ ਗੁਰਦੁਆਰਾ ਹੈ। ਈਹਾਂ ਦੀਵਾਨੇ ਸਾਧੋ ਕੀ ਗਦੀ ਕਾ ਮਕਾਨ ਹੈ। ਦਮਦਮੇ ਸ੍ਰੀ ਗੁਰੂ ਜੀ ਈਹਾਂ ਆਏ।"[22]

ਤਲਵੰਡੀ ਸਾਬੋ ਵਿਖੇ ਰਹਿੰਦੇ ਹੋਏ ਹੀ ਗੁਰੂ ਸਾਹਿਬ ਇਕ ਬਾਰ ਭਾਗੀ ਵਾਂਦਰ ਪਿੰਡ ਗਏ। ਇਥੋ ਹੀ ਮੋੜ ਦੇ ਨੇੜਲੇ ਪਿੰਡ ਟਾਹਲਾ ਸਾਹਿਬ ਵਿਖੇ ਗਏ। ਪੰਡਿਤ ਤਾਰਾ ਸਿੰਘ ਲਿਖਦਾ ਹੈ "ਯਹਾਂ ਪੁਜਾਰੀਓਂ ਕੀ ਆਠ ਸਾਤ ਘਰ ਕੀ ਵਸਤੀ ਹੈ ਈਹਾਂ ਦਮਦਮੇ ਸੇ ਆਏ" ਸਾਖੀ ਪੋਥੀ ਅਨੁਸਾਰ, "ਗੁਰੂ ਜੀ ਸ਼ਿਕਾਰ ਚੜੇ, ਟਾਹਲੀ ਹੇਠ ਜਾਇ ਉਤਰੇ। ਓਸ ਟਾਹਲੀ ਕਾ ਪੰਦਰਾ ਹਥ ਕਾ ਗੇੜ ਹੈ। ਸਤੀ ਕੋਹੀ ਹੈ ਡੇਰੇ ਥੋਂ। ਮੋੜਾਂ ਦੇ ਲੋਕ ਓਥੇ ਦੁਧ ਦੀਆਂ ਕਾੜਨੀਆਂ ਲੈ ਕੇ ਜਾਇ ਮਿਲੇ। ਦੁਧ ਸਿਖਾਂ ਨੇ ਛਕਿਆ। ਗੁਰੂ ਜੀ ਖੁਸੀ ਕੀਤੀ ਆਪ ਚੜੇ।"

ਗੁਰੂ ਜੀ ਵਲੋਂ ਭਾਈ ਡੱਲੇ ਨੂੰ ਅਨੇਕਾਂ ਵਰ ਦੇਣ ਦੀਆਂ ਰਵਾਇਤਾਂ ਪਰਚੱਲਤ ਹਨ। ਇਕ ਰਵਾਇਤ ਅਨੁਸਾਰ ਇਕ ਦਿਨ ਗੁਰੂਜੀ ਭਾਈ ਡੱਲੇ ਨੂੰ ਕਹਿਣ ਲਗੇ ਕਿ ਉਹ ਭਾਈ ਡੱਲੇ ਦੀ ਸੇਵਾ 'ਤੇ ਬਹੁਤ ਖੁਸ਼ ਹਨ ਇਸ ਲਈ ਉਹ ਕੋਈ ਵੀ ਵਰ ਮੰਗ ਸਕਦਾ ਹੈ। ਭਾਈ ਡੱਲੇ ਨੇ ਕਿਹਾ ਕਿ ਗੁਰੂ ਜੀ ਜੇ ਤੁਸੀਂ ਸਚਮੁਚ ਹੀ ਬਿਗਸੇ ਹੋ ਤਾਂ ਸਾਨੂੰ ਖੁੱਲੇ ਰੂਪ ਵਿਚ ਪਾਣੀ ਪਰਾਪਤ ਹੋਣ ਦਾ ਵਰ ਬਖਸ਼ੋ। ਗੁਰੂ ਜੀ ਨੇ ਕਈ ਵਾਰ ਕਿਹਾ ਕਿ ਪਾਣੀ ਦੀ ਗਲ ਨਾਲੋਂ ਉਹ ਕੋਈ ਰਾਜ-ਭਾਗ ਦਾ ਵਰ ਮੰਗੇ ਤਾਂ ਜਿਆਦਾ ਠੀਕ ਹੈ। ਪਰ ਭਾਈ ਡੱਲਾ ਇਸੇ ਗੱਲ 'ਤੇ ਜ਼ੋਰ ਦੇ ਰਿਹਾ ਸੀ ਕਿ ਉਸ ਨੂੰ ਪਾਣੀ ਦੀ ਹੀ ਬਖਸ਼ਿਸ਼ ਕੀਤੀ ਜਾਵੇ।[23]

ਰਵਾਇਤ ਅਨੁਸਾਰ ਗੁਰੂ ਜੀ ਨੇ ਭਾਈ ਡੱਲੇ ਨੂੰ ਕਈ ਡੂੰਘੇ ਡੂੰਘੇ ਛਪੜ ਪੁਟਣ ਲਈ ਕਿਹਾ। ਇਸ ਤਰ੍ਹਾਂ ਇਨਾਂ ਛੱਪੜਾਂ ਵਿਚ ਮੀਹਾਂ ਦੇ ਮੌਸਮ ਵੇਲੇ ਕਾਫੀ ਪਾਣੀ ਇਕੱਠਾ ਕਰ ਕੇ ਰਖਿਆ ਜਾ ਸਕਦਾ ਸੀ। ਸਾਖੀ ਪੋਥੀ ਵਿਚ ਵੀ ਇਸ ਰਵਾਇਤ ਦਾ ਜ਼ਿਕਰ ਇਉਂ ਕੀਤਾ ਗਿਆ ਹੈ : "ਤਾਂ ਡਲੇ ਪਰਸੰਨ ਹੋਇ ਕਰ ਲੋਕ ਕਠੇ ਕੀਏ, ਨਾਲੇ ਢੋਲ ਇਕਠੇ ਕੀਏ ਇਤਨੇ

20. *ਸ੍ਰੀ ਗੁਰੂ ਤੀਰਥ ਸੰਗ੍ਰਹਿ*, ਪੰਨੇ 156-57.
21. *ਸਾਖੀ ਪੋਥੀ*, ਪੰਨੇ 90-91.
22. *ਸ੍ਰੀ ਗੁਰ ਤੀਰਥ ਸੰਗ੍ਰਹਿ*, ਪੰਨਾ 156.
23. *ਸਾਖੀ ਪੋਥੀ*, ਪੰਨਾ 103.

ਦਿਨ ਛਪੜ ਹਛੇ ਹੋਏ। ਫੇਰ ਜਟਾਂ ਨੂੰ ਗੁਰੂ ਜੀ ਮੀਹੁ ਦਿੱਤਾ, ਅਰੁ ਵਡਾ ਦੀਰਘ ਮੇਘ ਦਿੱਤਾ। ਜਟ ਤ੍ਰਿਪਤ ਹੋਇ ਰਹੇ।"[24]

ਇਕ ਹੋਰ ਸਥਾਨਕ ਰਵਾਇਤ ਅਨੁਸਾਰ ਗੁਰੂ ਜੀ ਨੇ ਡੱਲੇ ਨੂੰ ਵਰ ਦਿੱਤਾ ਕਿ ਇਹ ਥਾਂ ਵਿਦਿਆ ਦਾ ਕੇਂਦਰ ਹੋਵੇਗਾ ਇਥੇ ਅਲਪਬੁਧੀ ਵਾਲੇ ਲੋਕ ਵੀ ਪੜ੍ਹ ਲਿਖ ਕੇ ਵਿਦਵਾਨ ਬਣਨਗੇ। ਸਾਖੀ ਪੋਥੀ ਅਨੁਸਾਰ, "ਗੁਰੂ ਜੀ ਕਹਿੰਦੇ, ਡਲ ਸਿੰਘ ਏਥੇ ਸਿਖ ਸਿਖਾਇਤ ਪੜੇਗੇ ਕਈ ਹਜਾਰ। ਹੁਣ ਤਾਂ ਨਾਹੀਂ ਕੋਈ ਪੜਦਾ, ਜਦੋਂ ਪੜਨਗੇ, ਓਦੋਂ ਬਣਾਇ ਲੈਣਗੇ। ਇਹ ਹਮਾਰੀ ਦਰਿਸ਼ਟੀ ਹੈ।"[25]

ਗੁਰੂ ਜੀ ਨੇ ਭਾਈ ਡੱਲੇ ਦੀ ਸੇਵਾ ਤੋਂ ਖੁਸ਼ ਹੋ ਕੇ ਉਸ ਨੂੰ ਅੰਮ੍ਰਿਤ ਛਕਣ ਲਈ ਕਿਹਾ। ਭਾਈ ਡੱਲੇ ਨੇ ਕਿਹਾ ਕਿ ਉਸ ਨੇ ਤਾਂ ਕਦੋਂ ਦਾ ਅੰਮ੍ਰਿਤ ਛਕ ਰਖਿਆ ਹੈ। ਗੁਰੂ ਜੀ ਨੇ ਪੁੱਛਿਆ ਕਿ ਉਸ ਨੇ ਕਦੋਂ ਛਕਿਆ ਹੈ। ਭਾਈ ਡੱਲਾ ਕਹਿਣ ਲੱਗਾ ਕਿ ਜਿਹੜਾ ਸੀਤ ਪਰਸ਼ਾਦ ਉਹ ਗੁਰੂ ਜੀ ਦੇ ਥਾਲ ਵਿਚੋਂ ਛਕਦਾ ਹੈ ਉਸ ਲਈ ਉਹੀ ਅੰਮ੍ਰਿਤ ਸਮਾਨ ਹੈ। ਗੁਰੂ ਜੀ ਉਸ ਦੀ ਗੱਲ 'ਤੇ ਬਹੁਤ ਖੁਸ਼ ਹੋਏ। ਕਹਿਣ ਲਗੇ ਕਿ ਉਹ ਖੰਡੇ ਬਾਟੇ ਦਾ ਅੰਮ੍ਰਿਤ ਛਕੇ। ਸਾਖੀ ਪੋਥੀ ਅਨੁਸਾਰ, "ਅਗਲੇ ਭਲਕ ਕੜਾਹੁ ਪਰਸਾਦਿ ਕੀਤਾ, ਅੰਮ੍ਰਿਤ ਛਕਿਆ, ਸੋ ਸਿੰਘ ਸੁਨਹਿਰੀਆ ਹੋਇਆ। ਫੇਰ ਗੁਰੂ ਜੀ ਬਹੁਤ ਪਰੰਸਨ ਹੋਏ। ਗੁਰੂ ਜੀ ਨੇ ਸਿਰੀ ਸਾਹਿਬ, ਢਾਲਾ, ਦੋ ਹਜਾਰ ਦੀ ਜੜਾਊ ਕੰਙਣਾਂ ਕੀ ਜੋੜੀ ਬਖਸ਼ੀ। ਗਲੋਂ ਲਾਹਿਕੇ ਚੋਲਾ ਬਖਸ਼ਿਆ। ਕਹਿੰਦਾ ਜੀ ਚੋਲਾ ਗਲ ਨਹੀਂ ਪਾਉਂਦਾ, ਏਸ ਨੂੰ ਮਥਾ ਟੇਕਾਂਗੇ।"[26]

ਗੁਰੂ ਜੀ ਨੇ ਅਨੰਦਪੁਰ ਸਾਹਿਬ ਵਾਂਗ ਉਹੀ ਸਾਰੀਆਂ ਕਾਰਵਾਈਆਂ ਇਥੇ ਕਰਾਉਣੀਆਂ ਸ਼ੁਰੂ ਕਰ ਦਿੱਤੀਆਂ ਸਨ। ਜਿਸ ਤਰ੍ਹਾਂ ਆਨੰਦਪੁਰ ਸਾਹਿਬ ਵਿਖੇ ਹੋਲੇ ਮਹਲੇ ਦੇ ਦਿਨ ਸਿੱਖ ਸੰਗਤਾਂ ਵਿਚਕਾਰ ਕੜਾਹ ਪਰਸਾਦ ਦੀ ਲੁੱਟ ਕਰਵਾਈ ਜਾਂਦੀ ਸੀ ਉਸੇ ਤਰ੍ਹਾਂ ਦਮਦਮਾ ਸਾਹਿਬ ਵਿਖੇ ਵੀ ਇਕ ਰਵਾਇਤ ਪਰਚੱਲਤ ਹੈ। ਸਮੂਹ ਸੰਗਤਾਂ ਨੂੰ ਸ਼ਸ਼ਤਰਧਾਰੀ ਹੋਕੇ ਆਉਣ ਦੇ ਹੁਕਮਨਾਮੇ ਭੇਜੇ ਜਾਂਦੇ ਸਨ। ਇਸ ਭਾਵ ਨੂੰ ਦਰਸਾਉਣ ਵਾਲੇ ਦੋ ਹੁਕਮਨਾਮੇ ਸਾਡੇ ਪਾਸੇ ਉਪਲਭਦ ਹਨ। ਇਹ ਹੁਕਮਨਾਮੇ ਤਖ਼ਤ ਸਿਰੀ ਦਮਦਮਾ ਸਾਹਿਬ ਤੋਂ ਜਾਰੀ ਕੀਤੇ ਗਏ ਸਨ। ਇਕ ਹੁਕਮਨਾਮਾ ਸੰਗਤ ਚੋਲੇ ਦੇ ਨਾਂ ਹੈ ਜੋ 4 ਮਾਰਚ, 1706 ਈਸਵੀ ਦਾ ਹੈ : "ਸਿਰੀ ਗੁਰੂ ਜੀ ਦੀ ਆਗਿਆ ਹੈ ਸਰਬਤ ਸੰਗਤ ਚੋਲ੍ਹੇ ਕੀ ਮੇਰਾ ਖਾਲਸਾ ਹੈ ਗੁਰੂ ਰਖੇਗਾ ਗੁਰੂ ਗੁਰੂ ਜਪਣਾ ਜਨਮ ਸਓਰੇਗਾ ੧) ਸੁਇਨਾ ਤੋਲਾ ਇਕ ਤਿਸ ਕੇ ਰੁਪਯੇ 20) ਬੀਹ ਹਜੂਰ ਭੇਜਣੇ ਪੈਸੇ ਸਿੱਖਾਂ ਨੋ ਖਰਚਣ ਨੋ ਚਾਹੀਦੇ ਹੈਨ ਜੋ ਸਿਖ ਫੁਰਮਾਇਸ ਲੋਚ ਕੈ ਦੇਗ ਸੋ ਨਿਹਾਲ ਹੋਗ ਜੋ ਸਿਖ ਹਥਿਜਾਰ ਬੰਨਿ ਕੇ ਹਜੂਰ ਆਵਗ ਸੋ ਨਿਹਾਲ ਹੋਗ ਮਨੋਰਥ

24. *ਸਾਖੀ ਪੋਥੀ*, ਪੰਨਾ 95, (ਇਸ ਰਵਾਇਤ ਤੋਂ ਇਹ ਭਾਵ ਨਿਕਲਦਾ ਹੈ ਕਿ ਉਸ ਸਮੇਂ ਇਥੇ ਪਾਣੀ ਦੀ ਕਿਤਨੀ ਤੋਟ ਸੀ ਅਤੇ ਇਥੋਂ ਦੇ ਵਸਨੀਕ ਹੋਰ ਹਰ ਇਕ ਚੀਜ਼ ਨੂੰ ਪਾਣੀ ਤੋਂ ਘਟ ਕੀਮਤੀ ਸਮਝਦੇ ਸਨ। ਭਾਈ ਡੱਲੇ ਨੇ ਰਾਜ ਭਾਗ ਨੂੰ ਛੱਡ ਕੇ ਪਾਣੀ ਦੀ ਮੰਗ ਕੀਤੀ। ਇਹ ਪਾਣੀ ਦੀ ਕੀਮਤ ਨੂੰ ਦਰਸਾਉਂਦੀ ਹੈ।
25. ਉਕਤ, ਪੰਨਾ 107.
26. ਉਕਤ, ਪੰਨੇ 110-11.

ਗੁਰੂ ਪੂਰੇ ਕਰੇਗਾ ਸੰਗਤ ਮੇਰੀ ਕੋਠੜੀ ਹੈ ਨਿਹਾਲ ਹੋਏ... ।"[27]

ਦੂਜਾ ਹੁਕਮਨਾਮਾ ਬੈਰਾੜਾਂ ਅਤੇ ਭਾਈ ਰੂਪੇ ਕੀ ਸੰਗਤ ਦੇ ਨਾਂ ਹੈ ਜੋ 21 ਅਕਤੂਬਰ, 1706 ਈਸਵੀ ਦਾ ਹੈ। ਇਹ ਇਸ ਤਰ੍ਹਾਂ ਹੈ :

> *"ਸਿਰੀ ਗੁਰੂ ਜੀ ਕੀ ਆਗਿਆ ਹੈ ਸਰਬਤਿ ਸੰਗਤਿ ਬੈਰਾੜਾਂ ਕੀ ਗੁਰੂ ਰਖੈਗਾ ਗੁਰੂ ਗੁਰੂ ਜਪਣਾ ਜਨਮੁ ਸਉਰੈਗਾ ਫੁਰਮਾਇਸ ਹੁਕਮ ਦੇਖਦਿਆ ਭੇਜਣੀ ੧ ਬੈਲੁ ਹਛਾ ਇਕੁ ਭਾਈ ਖਿਰਾਜ ਸਿੰਘ ੧ ਬੈਲੁ ਹਛਾ ਭਾਈ ਬੁਲਾਕੀ ਸਿੰਘ ੧ ਬੈਲੁ ਹਛਾ ਇਕੁ ਭਾਈ ਬਾਜ ਸਿੰਘ ੧ ਬੈਲੁ ਹਛਾ ਇਕੁ ਭਾਈ ਧਰਮ ਸਿੰਘ ਰੂਪੇ ਕਾ ਸਰਬਤਿ ਸੰਗਤਿ ਬੈਰਾੜਾਂ ਕੀ ਭਾਈ ਰੂਪੇ ਕੀ ਵਸਦੀ ਕੀ ਗੁਰੂ ਰਖੈਗਾ 4 ਬੈਲੁ ਚਾਰ ਹਛੇ ਬਹਲਾ ਨੋ ਭੇਜਣੇ ਹੁਕਮੁ ਦੇਖਦਿਆਂ ਮੇਰੀ ਤੁਸਾਂ ਉਪਰ ਖੁਸੀ ਹੈ ਅਸਾਂ ਦਖਣ ਨੋ ਕੂਚ ਕੀਤਾ ਹੈ ਜਿਨਿ ਸਿਖ ਸਾਡੇ ਨਾਲਿ ਚਲਣਾ ਹੋਇ ਤਿਨਿ ਹੁਕਮੁ ਦੇਖਦਿਆ ਹਜੂਰਿ ਆਵਣਾ ਮੇਰੀ ਤੁਸਾਂ ਉਪਰਿ ਖੁਸੀ ਹੈ ਤੁਸਾਡੀ ਗੁਰੂ ਜੀ ਤੁਸਾਡੀ ਰਖੈਗਾ।"[28]*

ਇਸ ਤਰ੍ਹਾਂ ਸੰਗਤਾਂ ਨੂੰ ਸ਼ਸ਼ਤਰਧਾਰੀ ਹੋ ਕੇ ਆਉਣ ਦੇ ਹੁਕਮ ਅਤੇ ਵਖ ਵਖ ਚੋਧਰੀਆਂ ਨੂੰ ਜੰਗੀ ਹਥਿਆਰ ਅਤੇ ਪਸ਼ੂ ਭੇਜਣ ਦੇ ਹੁਕਮਾਂ ਪਿੱਛੇ ਮੁਖ ਸੋਚ ਇਹੀ ਕੰਮ ਕਰਦੀ ਸੀ ਕਿ ਇਲਾਕੇ ਦੇ ਸਿੱਖ ਦੁਸ਼ਮਣ ਲੋਕ ਕਿਤੇ ਸਿੱਖ ਸੰਗਤਾਂ ਉਪਰ ਮਾਰੂ ਹਮਲੇ ਨਾ ਕਰ ਸਕਣ ਅਤੇ ਅਜਿਹੀ ਸੂਰਤ ਵਿਚ ਸਿੱਖ ਸੰਗਤਾਂ ਆਪਣੀ ਰੱਖਿਆ ਆਪ ਕਰ ਸਕਣ। ਸਾਖੀ ਪੋਥੀ ਅਨੁਸਾਰ ਇਕ ਦੋ ਬਾਰ ਕੁਝ ਸਿੱਖਾਂ ਨੇ ਗੁਰੂ ਜੀ ਕੋਲ ਸ਼ਕਾਇਤ ਕੀਤੀ ਸੀ ਕਿ ਫਲਾਣੀ ਥਾਂ ਤੇ, ਆਉਂਦੀ ਹੋਈ ਸਿੱਖ ਸੰਗਤ ਨੂੰ, ਉਥੋਂ ਦੇ ਲੋਕਾਂ ਨੇ ਲੁੱਟ ਲਿਆ ਹੈ। ਗੁਰੂ ਜੀ ਕਹਿਣ ਲਗੇ ਕਿ ਸਭ ਕੋਈ ਇਹੀ ਆ ਕੇ ਕਹਿੰਦਾ ਹੈ ਕਿ ਸੰਗਤ ਲੁੱਟੀ ਗਈ। ਕੋਈ ਇਹ ਕਿਉਂ ਨਹੀਂ ਆ ਕੇ ਕਹਿੰਦਾ ਕਿ ਫਲਾਣੀ ਥਾਂ ਸੰਗਤ ਨੇ ਫਲਾਣੇ ਧਾੜਵੀ ਨੂੰ ਮਾਰ ਭਜਾਇਆ ਹੈ।[29]

ਗੁਰੂ ਜੀ ਨੇ ਹੁਕਮ ਕੀਤਾ : "ਜੋ ਮੇਰਾ ਸਿਖ ਹੋਵੇਗਾ ਜੋ ਸ਼ਸਤਰ ਬਿਨਾਂ ਨਾ ਰਹੇਗਾ ਜੋ ਕੇਸਾਂ ਬਿਨਾਂ ਮਨੁਖ ਅਧਾ ਹੈ। ਸਾਰਾ ਮਨੁਖ ਤਦ ਹੁੰਦਾ ਹੈ ਜਬ ਕੇਸ ਹੋਹਿ, ਬਹੁਤ ਸ਼ਸਤਰ ਹੋਹਿ"[30] ਆਤਮ ਰੱਖਿਆ ਵਿਚ ਨਿਪੁੰਨ ਕਰਨ ਲਈ ਸੰਗਤਾਂ ਨੂੰ ਆਪਸ ਵਿਚ ਦੋ ਧੜੇ ਬਣਾ ਕੇ ਨਕਲੀ ਜੁੱਧ ਕਰਵਾਏ ਜਾਂਦੇ ਸਨ। ਸਾਖੀ ਪੋਥੀ ਅਨੁਸਾਰ ਇਕ ਬਾਰ ਗੁਰੂ ਜੀ ਨੇ ਭਾਈ ਡੱਲੇ ਨੂੰ ਬੁਲਾ ਕੇ ਕਿਹਾ ਕਿ ਉਹ ਆਪਣ ਬੰਦਿਆਂ ਨਾਲ ਬਾਹਰ ਜਾਵੇ ਅਤੇ ਪਿੰਡਾਂ ਵਿਚੋਂ ਆਉਂਦੀ ਹੋਈ ਕਿਸੇ ਸੰਗਤ ਨੂੰ ਹਮਲਾ ਕਰ ਕੇ ਲੁੱਟਣ ਦੀ ਕੋਸ਼ਿਸ਼ ਕਰੇ। ਨਾਲ ਇਹ ਵੀ ਤਾਕੀਦ ਕਰ ਦਿੱਤੀ ਕਿ ਇਹ ਸਿਰਫ ਜੁੱਧ ਸਿਖਲਾਈ ਹੈ ਇਸ ਲਈ ਕਿਸੇ 'ਤੇ ਮਾਰੂ ਵਾਰ ਨਹੀਂ ਕਰਨਾ। ਦੂਜੇ ਪਾਸੇ ਸੰਗਤਾਂ ਨੂੰ ਵੀ ਖਬਰਦਾਰ ਕਰ ਦਿੱਤਾ ਕਿ ਉਹ ਹਮਲੇ ਦੀ ਸੂਰਤ ਵਿਚ ਅਗੋਂ ਮੂੰਹ ਤੋੜਵਾਂ ਜਵਾਬ ਦੇਣ। ਸਕੀਮ ਅਨੁਸਾਰ ਸੰਗਤ ਉਪਰ ਹਮਲਾ ਕਰਵਾਇਆ

---

27. ਹੁਕਮਨਾਮੇ, ਪੰਨਾ 183.
28. ਉਕਤ, ਪੰਨਾ 185.
29. ਉਕਤ, ਪੰਨਾ 92-93.
30. ਉਕਤ, ਪੰਨਾ ਉਹੀ।

ਗਿਆ ਪਰ ਅਗੋਂ ਸੰਗਤ ਨੇ ਐਸਾ ਮੂੰਹ ਤੋੜ ਜਵਾਬ ਦਿੱਤਾ ਕਿ ਹਮਲਾ ਕਰਨ ਵਾਲੇ ਸੰਗਤ ਕੋਲੋਂ ਕੁਝ ਨਹੀਂ ਖੋਹ ਸਕੇ ਅਤੇ ਉਸੀ ਸਮੇਂ ਗੁਰੂ ਜੀ ਉਸ ਥਾਂ 'ਤੇ ਆ ਗਏ ਅਤੇ ਖ਼ੁਸ਼ ਹੋ ਕੇ ਦੋਹਾਂ ਧਿਰਾਂ ਨੂੰ ਕਹਿਣ ਲਗੇ ਕਿ ਇਹ ਜੁੱਧ ਸਿਖਲਾਈ ਦਾ ਹੀ ਕੰਮ ਹੈ।

ਦਮਦਮਾ ਸਾਹਿਬ ਵਿਖੇ ਰਹਿਣ ਸਮੇਂ ਹੀ ਗੁਰੂ ਗੋਬਿੰਦ ਸਿੰਘ ਜੀ ਨੇ *ਸ੍ਰੀ ਗੁਰੂ ਗ੍ਰੰਥ ਸਾਹਿਬ* ਦੀ ਬੀੜ ਨੂੰ ਮੁੜ ਤੋਂ ਸੰਪਾਦਨ ਦਾ ਕੰਮ ਸ਼ੁਰੂ ਕੀਤਾ। ਪਹਿਲੀ ਸੰਪਾਦਨਾ ਗੁਰੂ ਅਰਜਨ ਦੇਵ ਜੀ ਨੇ ਸੰਨ 1604 ਵਿਚ ਭਾਈ ਗੁਰਦਾਸ ਜੀ ਪਾਸੋਂ ਲਿਖਵਾਕੇ ਕਰਵਾਈ ਸੀ। ਉਸ ਪਿੱਛੋਂ ਗੁਰੂ ਤੇਗ ਬਹਾਦੁਰ ਜੀ ਦੀ ਕਾਫੀ ਬਾਣੀ ਰਚੀ ਗਈ ਸੀ ਜੋ ਗ੍ਰੰਥ ਸਾਹਿਬ ਤੋਂ ਬਾਹਰ ਸੀ। ਗੁਰੂ ਗੋਬਿੰਦ ਸਿੰਘ ਜੀ ਨੇ ਇਸ ਸਮੇਂ ਭਾਈ ਮਨੀ ਸਿੰਘ ਜੀ ਤੋਂ ਲਿਖਾਰੀ ਦਾ ਕੰਮ ਲਿਆ। ਗੁਰੂ ਤੇਗ ਬਹਾਦੁਰ ਜੀ ਦੀ ਬਾਣੀ ਢੁਕਵੇਂ ਥਾਵਾਂ 'ਤੇ ਰਾਗਾਂ ਅਨੁਸਾਰ ਅਤੇ ਮਹੱਲਿਆਂ ਦੀ ਤਰਤੀਬ ਅਨੁਸਾਰ ਬੀੜ ਵਿਚ ਸ਼ਾਮਲ ਕੀਤੀ ਗਈ। ਪਿੱਛੋਂ ਇਸੇ ਬੀੜ ਤੋਂ ਬਾਬਾ ਦੀਪ ਸਿੰਘ ਨੇ ਚਾਰ ਉਤਾਰੇ ਹੋਰ ਕਰ ਦਿੱਤੇ ਸਨ। ਇਨ੍ਹਾਂ ਚਾਰ ਉਤਾਰਿਆਂ ਨੂੰ ਵੱਖ ਵੱਖ ਮਹੱਤਵਪੂਰਨ ਥਾਵਾਂ 'ਤੇ ਭੇਜਿਆ ਗਿਆ ਸੀ।[31]

ਗੁਰੂ ਗੋਬਿੰਦ ਸਿੰਘ ਜੀ ਨੇ ਜੋ ਜ਼ਫ਼ਰਨਾਮਾ ਔਰੰਗਜ਼ੇਬ ਬਾਦਸ਼ਾਹ ਨੂੰ ਲਿਖਿਆ ਸੀ ਇਸ ਦੇ ਜਵਾਬ ਵਿਚ ਔਰੰਗਜ਼ੇਬ ਨੇ ਗੁਰੂ ਜੀ ਨੂੰ ਦੱਖਣ ਵੱਲ ਆਉਣ ਦਾ ਸੱਦਾ ਦਿੱਤਾ। ਇਸ ਦੀ ਪੂਰਤੀ ਲਈ ਬਾਦਸ਼ਾਹ ਨੇ ਲਾਹੌਰ ਦੇ ਸੂਬੇਦਾਰ ਖਾਨਿ-ਖਾਨਾ ਮੁਨਈਮ ਖਾਨ ਨੂੰ ਹੁਕਮ ਭੇਜਿਆ ਸੀ ਕਿ ਉਹ ਗੁਰੂ ਜੀ ਦੇ ਸਫਰ ਦਾ ਪਰਬੰਧ ਕਰੇ ਅਤੇ ਰਸਤੇ ਵਿਚਲੇ ਹੋਣ ਵਾਲੇ ਖਰਚ ਨੂੰ ਮੁਹਈਆ ਕਰੇ।[32] ਸਿੱਟੇ ਵਜੋਂ ਗੁਰੂ ਸਾਹਿਬ ਨੇ ਤਲਵੰਡੀ ਸਾਬੋ ਤੋਂ ਦੱਖਣ ਵਲ ਜਾਣ ਦਾ ਪਰੋਗਰਾਮ ਬਣਾਇਆ।

ਚੌਧਰੀਆਂ ਅਤੇ ਸਰਦਾਰਾਂ ਨੂੰ ਹੁਕਮਨਾਮੇ ਭੇਜੇ ਗਏ ਤਾਂ ਕਿ ਉਹ ਗੁਰੂ ਜੀ ਨੂੰ ਆ ਕੇ ਮਿਲ ਸਕਣ। "ਅਸਾਂ ਦੇਖਣ ਨੂੰ ਕੂਚੁ ਕੀਤਾ ਹੈ ਜਿਨਿ ਸਿਖ ਸਾਡੇ ਨਾਲਿ ਚਲਣਾ ਹੋਇ ਤਿਨਿ ਹੁਕਮ ਦੇਖਦਿਆਂ ਹਜੂਰ ਆਵਣਾ ਮੇਰੀ ਤੁਸਾਂ ਉਪਰਿ ਖੁਸ਼ੀ ਹੈ ਤੁਸਾਡੀ ਗੁਰੂ ਜੀ ਤੁਸਾਡੀ ਰਖੇਗਾ ਸੰਮਤ 1763 ਮਿਤੀ ਕਤਕ 20 ਸਤਰਾਂ 9."[33] ਗੁਰੂ ਜੀ ਦੇ ਹੁਕਮਾਂ ਅਨੁਸਾਰ ਭਾਈ ਰੂਪਾ ਤੋਂ ਭਾਈ ਧਰਮ ਸਿੰਘ ਆਇਆ। ਬੁਧੂ ਤੇ ਸੁਖੂ ਦਿਵਾਨੇ ਆਏ। ਅਤੇ ਰਾਮ ਸੋਢੀ ਕੋਠਿਆਂ ਤੋਂ, ਦਾਨ ਸਿੰਘ ਬਰਾੜ ਅਬਲੂ ਮਹਿਮੇ ਤੋਂ ਆਪਣੇ ਪੁੱਤਰ ਗੁਰਬਖਸ਼ ਸਿੰਘ ਨੂੰ ਨਾਲ ਲੈ ਕੇ ਆਇਆ। ਅੰਮ੍ਰਿਤਸਰ ਤੋਂ ਭਾਈ ਮਨੀ ਸਿੰਘ ਜੀ ਸੰਗਤ ਨੂੰ ਲੈ ਕੇ ਆਏ। ਰਮਦਾਸ ਪਿੰਡ ਤੋਂ ਭਾਈ ਗੁਰਬਖਸ਼ ਸਿੰਘ ਜੀ, ਚੱਕਾਂ ਤੋਂ ਭਾਈ ਰਾਮ ਸਿੰਘ ਤੇ ਭਾਈ ਦਿਆਲ ਸਿੰਘ ਸੰਗਤ ਨੂੰ ਲੈ ਕੇ ਆਏ। ਫੂਲ ਤੋਂ ਭਾਈ ਰਾਮ ਸਿੰਘ ਤੇ ਤਿਲੋਕਾ ਸਿੰਘ ਆਏ। ਭੁਚੋ ਖੁਰਦ ਤੋਂ ਭਾਈ ਗੋਦੜੀਆ ਆਇਆ। ਸਭ ਨੇ ਆਪਣੀ ਆਪਣੀ ਸ਼ਕਤੀ ਅਨੁਸਾਰ ਗੁਰੂ ਜੀ ਅਗੇ ਨਜ਼ਰਾਨੇ ਰਖੇ। ਸਿੱਖ ਸੰਗਤਾਂ ਨਹੀਂ ਚਾਹੁੰਦੀਆਂ ਸਨ ਕਿ ਗੁਰੂ ਜੀ ਉਨ੍ਹਾਂ ਤੋਂ ਦੂਰ ਜਾਣ। ਸਾਖੀ

31. ਗਯਾਨ ਸਿੰਘ, *ਤਵਾਰੀਖ਼ ਗੁਰੂ ਖਾਲਸਾ* (ਪੱਥਰ ਛਾਪ, ਪਹਿਲੀ), ਸਿਆਲਕੋਟ, 1891, ਪੰਨਾ 342.
32. 'ਅਹਿਕਾਮਿ ਆਲਮਗੀਰੀ' ਗੰਡਾ ਸਿੰਘ ਦੇ ਹਵਾਲੇ ਅਨੁਸਾਰ, *ਮਾਖ਼ਿਜ਼ ਤਵਾਰੀਖ਼ਿ ਸਿੱਖਾਂ*, ਅੰਮ੍ਰਿਤਸਰ, 1849, ਪੰਨੇ 74-75.
33. *ਹੁਕਮਨਾਮੇ*, ਪੰਨੇ 184-85.

ਪੋਥੀ ਵਿਚ ਲਿਖਿਆ ਹੈ, "ਜੀ ਪਾਤਸ਼ਾਹ, ਆਪ ਮਾਲਵੇ ਦੇਸ਼ ਵਿਚਿ ਗੁਰੂ ਦੀ ਕਾਂਸੀ ਬੈਠੇ ਹੋ, ਦਰਸ਼ਨ ਦੇਂਦੇ ਹੋ। ਸਿੱਖ ਸਖਾ ਸਭ ਕੋਈ ਚਲਿਆ ਆਂਵਦਾ ਹੈ। ਦਖਣ ਭਠ ਪਈ ਕਾ ਕੀ ਨਾਉਂ ਲੈਂਦੇ ਹੋ। "ਗੁਰੂ ਜੀ ਨੇ ਸਿੱਖ ਸੰਗਤਾਂ ਨੂੰ ਹੌਸਲਾ ਰਖਣ ਲਈ ਕਿਹਾ, "ਨਾ ਵੇ ਸਾਡਾ ਕਾਰਜ ਹੀ ਹੈ। ਅਸਾਨੇ ਜ਼ਰੂਰ ਜਾਣਾ ਹੀ ਹੈ। ਦਮਦਮੇ ਦੇ ਸਮਾਨ ਅਸਥਾਨ ਨਹੀਂ ਹੈ ਹੋਰੁ, ਪਰ ਅਸੀਂ ਜਾਣਾ ਹੀ ਹੈ।"[34]

ਮਾਲਵੇ ਦੇ ਜੱਟ ਸਰਦਾਰ ਆਪਣੇ ਆਪਣੇ ਜੱਥੇ ਲੈ ਕੇ, ਗੁਰੂ ਜੀ ਨਾਲ ਜਾਣ ਲਈ ਤਿਆਰ ਹੋਏ। ਪਰ ਦੱਖਣ ਨੂੰ ਜਾਣ ਤੋਂ ਪਹਿਲਾਂ ਗੁਰੂ ਜੀ ਨੇ ਬਾਬਾ ਦੀਪ ਸਿੰਘ ਜੀ ਨੂੰ ਸਿਰੀ ਦਮਦਮਾ ਸਾਹਿਬ ਜੀ ਦਾ ਪਹਿਲਾ ਜਥੇਦਾਰ ਥਾਪਿਆ ਅਤੇ ਇਕ ਬੀੜ ਗੁਰੂ ਗ੍ਰੰਥ ਸਾਹਿਬ ਜੀ ਦੀ ਉਨ੍ਹਾਂ ਨੂੰ ਦਿੱਤੀ। ਬਾਬਾ ਜੀ ਨੂੰ ਹੁਕਮ ਕੀਤਾ ਗਿਆ ਕਿ ਉਹ ਇਥੇ ਸਿੱਖ ਧਰਮ ਦਾ ਪਰਚਾਰ ਕਰਨ।

ਇਸ ਤਰ੍ਹਾਂ ਗੁਰੂ ਜੀ ਦੇ ਤਲਵੰਡੀ ਸਾਬੋ ਤੋਂ ਦੱਖਣ ਨੂੰ ਤੁਰ ਜਾਣ 'ਤੇ ਅਤੇ ਪਿੱਛੋਂ ਬਾਬਾ ਦੀਪ ਸਿੰਘ ਜੀ ਨੂੰ ਇਥੋਂ ਦਾ ਜਥੇਦਾਰ ਥਾਪੇ ਜਾਣ ਨਾਲ ਤਖ਼ਤ ਸਿਰੀ ਦਮਦਮਾ ਸਾਹਿਬ ਦਾ ਇਤਿਹਾਸ ਸ਼ੁਰੂ ਹੁੰਦਾ ਹੈ। ਉਚੇ ਬੁੰਗੇ ਦੇ ਮਹੰਤ ਨੰਦ ਸਿੰਘ ਕੋਲੋਂ ਜੋ "ਕੁਰਸੀ ਨਾਮਾ ਪੁਜਾਰੀਆਂ"[35] ਦੇ ਨਾਮ ਦੀ ਲਿਖਤ ਮਿਲੀ ਹੈ ਉਸ ਵਿਚ ਇਸ ਤਰ੍ਹਾਂ ਲਿਖਿਆ ਹੈ :

ੴ ਸਤਿਗੁਰ ਪ੍ਰਸਾਦਿ ਸਾਲ 1762 ਬਿ.

> *ਸਾਹਿਬ ਦਸਵੇਂ ਗੁਰੂ ਗੋਬਿੰਦ ਸਿੰਘ ਜੀ ਦਮਦਮੇ ਸਾਹਿਬ ਗੁਰੂ ਕੀ ਕਾਂਸੀ ਰਾਮ ਸਿੰਘ ਤਰਲੋਕ ਸਿੰਘ ਕੋ ਰਾਜਭਾਗ ਬਖਸ਼ ਕੇ ਦੇਸ਼ ਕੋ ਨਿਹਾਲ ਕਰ ਕੇ ਦਖਣ ਦੇਸ ਕੋ ਤਿਆਰੀ ਕਈ ਤਾਂ ਤਰਲੋਕ ਸਿੰਘ ਰਾਮ ਸਿੰਘ ਅਰਜ਼ ਕਰੀ, ਸਚੇ ਪਾਤਸ਼ਾਹ ਦਰਬਾਰ ਸਾਹਿਬ ਕੀ ਸੇਵਾ ਵਾਸਤੇ ਕੁਝ ਸਿੰਘ ਛਡੋ। ਗੁਰੂ ਜੀ ਨੇ ਫਤਹਿ ਸਿੰਘ ਜੀ ਕੇ ਸਪੁਰਦ ਕਰੀ ਦਰਬਾਰ ਜੀ ਕੀ ਸੇਵਾ।" ਇਕ ਹੋਰ ਲਿਖਤ ਵਿਚ ਇਸ ਤਰ੍ਹਾਂ ਲਿਖਿਆ ਹੈ "ਸਾਲ 1762 (ਬਿ:) ਮੇਂ ਸਿਰੀ ਗੋਬਿੰਦ ਸਿੰਘਜੀ ਕੇ ਦਖਣ ਜਾਣ ਕੇ ਸਮੇਂ ਇਸ ਦਰਬਾਰ ਸਾਹਿਬ ਕੀ ਸੇਵਾ 'ਤੇ ਸੰਗਤ ਨੂੰ ਵਿਦਿਆ ਪੜਾਉਣ ਵਾਸਤੇ ਭਾਈ ਦੀਪ ਸਿੰਘ ਜੀ ਨੂੰ ਛਡਿਆ। ਕੁਝ ਚਿਰ ਭਾਈ ਫਤਿਹ ਸਿੰਘ ਜੀ ਵੀ ਗੁਰੂ ਜੀ ਦੇ ਹੁਕਮ ਮੁਤਾਬਕ ਸੇਵਾ ਕਰਦੇ ਰਹੇ।*

ਇਸ ਤਰ੍ਹਾਂ ਬਾਬਾ ਦੀਪ ਸਿੰਘ ਜੀ ਤਖ਼ਤ ਦੇ ਜਥੇਦਾਰ ਹੋਣ ਦੇ ਨਾਤੇ, ਇਸ ਇਲਾਕੇ ਵਿਚ ਸਿੱਖ ਧਰਮ ਪਰਚਾਰ ਦੇ ਮੁਖੀ ਸਨ। ਜਦ ਪਿੱਛੋਂ ਬਾਬਾ ਬੰਦਾ ਸਿੰਘ ਬਹਾਦਰ ਪੰਜਾਬ ਵਿਚ ਖਾਲਸੇ ਦਾ ਜਰਨੈਲ ਬਣ ਕੇ ਆਇਆ ਤਾਂ ਉਸ ਸਮੇਂ ਬਾਬਾ ਦੀਪ ਸਿੰਘ ਜੀ ਲੜਾਈ ਨਾਲੋਂ ਜ਼ਿਆਦਾ, ਧਰਮ ਪਰਚਾਰ ਦੇ ਕੰਮਾਂ ਵਿਚ ਹੀ ਰੁਝੇ ਰਹਿੰਦੇ ਸਨ। ਬਾਬਾ ਜੀ ਮਾਲਵੇ ਵਿਚੋਂ, ਬੰਦਾ ਸਿੰਘ ਬਹਾਦਰ ਦੀ ਖਾਲਸਾ ਸੈਨਾ ਲਈ ਸਿੱਖ ਗਭਰੂਆਂ ਨੂੰ ਤਿਆਰ ਕਰਦੇ ਸਨ। ਕਈ ਥਾਂਈਂ ਐਸਾ ਜ਼ਿਕਰ ਵੀ ਆਉਂਦਾ ਹੈ ਕਿ ਬਾਬਾ ਦੀਪ ਸਿੰਘ ਜੀ ਬੰਦਾ ਸਿੰਘ ਬਹਾਦਰ ਨੂੰ ਸਿੱਖ ਧਰਮ ਦੇ ਜ਼ਾਬਤੇ ਵਿਚ ਰਹਿਣ ਲਈ ਸਮੇਂ ਸਮੇਂ 'ਤੇ ਨਿਰਦੇਸ਼ ਵੀ ਦਿਆ

34. *ਸਾਖੀ ਪੋਥੀ*, ਪੰਨਾ 115.
35. *ਗੁਰਦੁਆਰਾ ਗਜ਼ਟ*, ਨਵੰਬਰ 1965, ਪੰਨਾ ੮/੫.

ਕਰਦੇ ਸਨ।

ਅਹਿਮਦ ਸ਼ਾਹ ਅਬਦਾਲੀ ਦੇ ਹਮਲਿਆਂ ਦੌਰਾਨ, 1761 ਈ. ਵਿਚ ਜਦ ਇਕ ਹਮਲੇ ਸਮੇਂ ਅਬਦਾਲੀ ਨੇ ਸਿਰੀ ਦਰਬਾਰ ਸਾਹਿਬ ਅਤੇ ਅਕਾਲ ਤਖ਼ਤ ਸਾਹਿਬ ਨੂੰ ਢਹਿ ਢੇਰੀ ਕਰ ਦਿੱਤਾ ਸੀ ਤਾਂ ਬਾਬਾ ਦੀਪ ਸਿੰਘ ਜੀ ਤਖ਼ਤ ਸਿਰੀ ਦਮਦਮਾ ਸਾਹਿਬ ਵਿਖੇ ਸ਼ਾਂਤੀ ਨਾਲ ਨਾ ਬੈਠ ਸਕੇ ਅਤੇ ਸਿਰੀ ਦਰਬਾਰ ਸਾਹਿਬ ਦੀ ਕੀਤੀ ਗਈ ਬੇਅਦਬੀ ਦਾ ਬਦਲਾ ਲੈਣ ਲਈ ਅੰਮ੍ਰਿਤਸਰ ਨੂੰ ਚਲ ਪਏ। ਇਸ ਸਮੇਂ ਤੀਕ ਖਾਲਸਾ ਪੰਥ ਦੀ ਜੰਗੀ ਸ਼ਕਤੀ ਦੀਆਂ ਗਿਆਰਾਂ ਮਿਸਲਾਂ ਬਣ ਚੁੱਕੀਆਂ ਸਨ ਇਨ੍ਹਾਂ ਵਿਚੋਂ ਇਕ ਸ਼ਹੀਦੀ ਮਿਸਲ ਸੀ। ਇਸ ਸ਼ਹੀਦੀ ਮਿਸਲ ਦੇ ਮੁਖੀ ਬਾਬਾ ਦੀਪ ਸਿੰਘ ਜੀ ਸਨ। ਇਸ ਮਿਸਲ ਦਾ ਮੁੱਖ ਕੰਮ ਗੁਰਦੁਆਰਿਆਂ ਦੀ ਰਾਖੀ ਕਰਨਾ ਅਤੇ ਧਰਮ ਪਰਚਾਰ ਕਰਨਾ ਸੀ। ਜਦੋਂ ਕਿ ਬਾਕੀ ਦੀਆਂ ਮਿਸਲਾਂ ਰਾਜਨੀਤਕ ਤਾਕਤ ਦੀ ਪਰਾਪਤੀ ਲਈ ਲੜਦੀਆਂ ਸਨ। ਬਾਬਾ ਦੀਪ ਸਿੰਘ ਆਪਣੀ ਮਿਸਲ ਨਾਲ ਅੰਮ੍ਰਿਤਸਰ ਨੂੰ ਚਲ ਪਏ ਜਿਥੇ ਪਹੁੰਚ ਕੇ ਉਨ੍ਹਾਂ ਦਾ ਮੁਕਾਬਲਾ ਅਬਦਾਲੀ ਦੇ ਜਰਨੈਲ ਜਹਾਨ ਖਾਨ ਨਾਲ ਹੋਇਆ। ਇਸ ਗਹਿਗੱਚ ਲੜਾਈ ਵਿਚ ਬਾਬਾ ਦੀਪ ਸਿੰਘ ਜੀ ਸਿਰ ਤੋਂ ਸਖ਼ਤ ਜ਼ਖਮੀ ਹੋ ਗਏ ਅਤੇ ਜਹਾਨ ਖਾਂ ਮਾਰਿਆ ਗਿਆ ਸੀ। ਬਾਬਾ ਜੀ ਆਪਣੇ ਸਿਰ ਨੂੰ ਇਕ ਹਥ ਦਾ ਠੁੰਮਣਾ ਦੇ ਕੇ ਲੜਦੇ ਲੜਦੇ ਸਿਰੀ ਦਰਬਾਰ ਸਾਹਿਬ ਤਕ ਪਹੁੰਚ ਗਏ। ਸਿਰੀ ਦਰਬਾਰ ਸਾਹਿਬ ਦੀ ਪਰਿਕਰਮਾ ਵਿਚ ਪਹੁੰਚਦਿਆਂ ਹੀ ਆਪ ਸ਼ਹੀਦੀ ਪਾ ਗਏ।

ਬਾਬਾ ਦੀਪ ਸਿੰਘ ਜੀ ਨੇ ਤਖ਼ਤ ਸਿਰੀ ਦਮਦਮਾ ਸਾਹਿਬ ਵਿਖੇ ਰਹਿੰਦਿਆਂ, ਗੁਰਬਾਣੀ ਦੀ ਸਿਖਿਆ ਲਈ ਇਕ ਟਕਸਾਲ ਕਾਇਮ ਕੀਤੀ ਸੀ ਜਿਸ ਨੂੰ ਦਮਦਮੀ ਟਕਸਾਲ ਕਿਹਾ ਜਾਂਦਾ ਹੈ। ਇਸ ਟਕਸਾਲ ਰਾਹੀਂ ਗੁਰਬਾਣੀ ਦਾ ਸ਼ੁੱਧ ਉਚਾਰਣ ਅਤੇ ਸ਼ੁੱਧ ਅਰਥ ਕਰਨੇ ਸਿਖਾਏ ਜਾਂਦੇ ਸਨ। ਮੈਕਾਲਿਫ, ਲਿਖਦਾ ਹੈ ਕਿ ਗੁਰੂ ਜੀ ਨੇ ਸਿੱਖਾਂ ਨੂੰ ਕਿਹਾ ਕਿ ਜੋ ਕੁਝ ਇਸ ਵਿਸ਼ੇ ਬਾਰੇ ਦਸਣਾ ਹੈ ਉਸ ਨੂੰ ਸੁਣੋ ਗੁਰੂ ਦੇ ਸ਼ਬਦਾਂ ਨੂੰ ਠੀਕ ਤਰ੍ਹਾਂ ਨਾਲ ਪੜ੍ਹੋ ਕਿਉਂਕਿ ਇਸ ਤਰ੍ਹਾਂ ਲੋਕ ਅਤੇ ਪਰਲੋਕ ਵਿਚ ਵਾਹਿਗੁਰੂ ਦੀਆਂ ਖੁਸ਼ੀਆਂ ਪਰਾਪਤ ਹੋਣਗੀਆਂ। ਜੇਕਰ ਕਿਸੇ ਸਲੋਕ ਨੂੰ ਠੀਕ ਤਰ੍ਹਾਂ ਨਹੀਂ ਪੜ੍ਹਿਆ ਜਾਂਦਾ ਉਸ ਨੂੰ ਠੀਕ ਕਰੋ, ਫਿਰ ਪੜ੍ਹੋ। ਜਿਸ ਤਰ੍ਹਾਂ ਘਰ ਵਿਚ ਵਰਤੋਂ ਵਾਲੇ ਕਿਸੇ ਟੁਟੇ ਹੋਏ ਬਰਤਨ ਨੂੰ ਸਾਫ ਕਰ ਕੇ ਵਰਤ ਲਿਆ ਜਾਂਦਾ ਹੈ। ਜੋ ਵਿਅਕਤੀ ਇਸ ਤਰ੍ਹਾਂ ਗੁਰੂ ਦੇ ਸਲੋਕਾਂ ਨੂੰ ਸ਼ੁੱਧ ਉਚਾਰਣ ਨਾਲ ਨਹੀਂ ਪੜ੍ਹਦਾ ਉਸ ਦੇ ਮਨ ਵਿਚ ਗੁਰੂ ਲਈ ਕੋਈ ਪਿਆਰ ਨਹੀਂ ਹੁੰਦਾ।"[36]

ਸਿੱਟੇ ਵਜੋਂ ਗੁਰਬਾਣੀ ਦੇ ਸ਼ੁੱਧ ਉਚਾਰਣ ਲਈ ਸਿਰੀ ਦਮਦਮੀ ਟਕਸਾਲ ਹੋਂਦ ਵਿਚ ਆਈ। ਇਸ ਦਮਦਮੀ ਟਕਸਾਲ ਨੇ ਅਗਲੇਰੇ ਸਮਿਆਂ ਵਿਚ ਸਿੱਖਾਂ ਵਿਚ ਬੇਅੰਤ ਧਾਰਮਕ ਜਾਗਰਤੀ ਲਿਆਂਦੀ ਅਤੇ ਸਿੱਖ ਧਰਮ ਦਾ ਪਰਚਾਰ ਕੀਤਾ। ਪਰ ਬਾਬਾ ਦੀਪ ਸਿੰਘ ਜੀ ਦੀ ਸ਼ਹੀਦੀ ਤੋਂ ਪਿੱਛੋਂ ਤਖ਼ਤ ਸਿਰੀ ਦਮਦਮਾ ਸਾਹਿਬ ਉਨ੍ਹਾਂ ਵਰਗੇ ਪੰਥਕ ਨੇਤਾਵਾਂ ਦੇ ਪਰਬੰਧ ਹੇਠਾਂ ਨਾ ਰਿਹਾ। ਬਾਬਾ ਜੀ ਉਮਰ ਭਰ ਕੁਆਰੇ ਹੀ ਸਨ ਇਸ ਲਈ ਨਾ ਹੀ ਉਨ੍ਹਾਂ ਦਾ ਕੋਈ ਪੁੱਤਰ ਸੀ ਅਤੇ ਨਾ ਹੀ ਕੋਈ ਯੋਗ ਉਤਰਾਧਿਕਾਰੀ ਤਖ਼ਤ ਸਾਹਿਬ ਦਾ ਜਥੇਦਾਰ ਬਣਿਆ।

---

36. ਮੈਕਸ ਆਰਥ ਮੈਕਾਲਿਫ, *ਦ ਸਿੱਖ ਰਿਲੀਜਨ*, ਜਿਲਦ ਛੇਵੀਂ, ਐਸ. ਚਾਂਦ ਕੋ., 1913, ਪੰਨਾ 105.

ਬਾਬਾ ਜੀ ਤੋਂ ਪਿੱਛੋਂ ਉਨ੍ਹਾਂ ਦਾ ਹੀ ਇਕ ਸੇਵਾਦਾਰ ਭਾਈ ਸੁਧਾ ਸਿੰਘ ਸ਼ਹੀਦਾਂ ਦੀ ਮਿਸਲ ਦਾ ਆਗੂ ਬਣਿਆ। ਪਰ ਇਹ ਵੀ ਸਾਲ ਕੁ ਪਿੱਛੋਂ ਗੁਰਪੁਰੀ ਸਿਧਾਰ ਗਏ। ਫੇਰ ਕਰਮ ਸਿੰਘ ਸੰਧੂ ਇਸ ਮਿਸਲ ਦਾ ਮੁਖੀ ਬਣਿਆ। ਕਰਮ ਸਿੰਘ ਸਿਰਫ਼ ਸੰਧੂ ਜੱਟ ਹੋਣ ਕਰਕੇ ਹੀ ਆਪਣੇ ਆਪ ਨੂੰ ਬਾਬਾ ਦੀਪ ਸਿੰਘ ਦਾ ਅਸਲੀ ਉਤਰਾਧਿਕਾਰੀ ਸਮਝਦਾ ਸੀ। ਕਿਉਂਕਿ ਬਾਬਾ ਦੀਪ ਸਿੰਘ ਜੀ ਵੀ ਸੰਧੂ ਜੱਟ ਸਨ। ਗਯਾਨੀ ਗਯਾਨ ਸਿੰਘ ਨੇ ਵੀ ਇਸ ਨੂੰ ਸੁਧਾ ਸਿੰਘ ਦਾ ਇਕ ਮੁਸਾਹਿਬ ਹੀ ਲਿਖਿਆ ਹੈ :

ਹੁਤੋ ਮੁਸਾਹਿਬ ਤਾਂਹਿ ਕਾ ਸੁਧਾ ਸਿੰਘ ਬਡਬੀਰ ॥
ਮਾਲਕ ਥਾਪਯੋ ਮਿਸਲ ਕਾ ਜਾਨ ਸਿੰਘਨ ਬਡ ਬੀਰ ॥[37]

ਕਰਮ ਸਿੰਘ ਨੇ ਸ਼ਹੀਦੀ ਮਿਸਲ ਦਾ ਮੁਖੀ ਬਣ ਕੇ ਕਈ ਇਲਾਕੇ ਮਲਣੇ ਸ਼ੁਰੂ ਕਰ ਦਿੱਤੇ ਜਿਹੜਾ ਕਿ ਇਸ ਮਿਸਲ ਦਾ ਕੋਈ ਨਿਸ਼ਾਨਾ ਨਹੀਂ ਸੀ। ਇਸ ਨੇ, ਦਮਦਮਾ ਸਾਹਿਬ ਦਾ ਜੋ ਬਾਕੀ ਇਲਾਕਾ ਸੀ, ਉਹ ਵੀ ਆਪਣੇ ਕਬਜ਼ੇ ਵਿਚ ਕਰ ਲਿਆ ਸੀ। ਇਸ ਤੋਂ ਬਿਨਾਂ ਜੋ ਜੋ ਜਾਇਦਾਦ ਖਾਲਸਾ ਪੰਥ ਵਲੋਂ ਸ਼ਹੀਦਾਂ ਦੀ ਸਿਮਲ ਨੂੰ ਗੁਰਦੁਆਰਿਆਂ ਦੇ ਨਾਂ 'ਤੇ ਲਗਵਾਈ ਗਈ ਸੀ ਉਹ ਵੀ ਸਾਰੀ ਆਪਣੇ ਕਬਜ਼ੇ ਵਿਚ ਕਰ ਲਈ। ਦਲ ਖ਼ਾਲਸਾ ਨੇ ਇਹ ਜਾਇਦਾਦਾਂ ਸਿਰਫ ਇਸ ਲਈ ਸ਼ਹੀਦਾਂ ਦੀ ਮਿਸਾਲ ਦੇ ਨਾਂ ਲਗਵਾਈਆਂ ਸਨ ਤਾਂ ਕਿ ਉਹ ਗੁਰਦੁਆਰਿਆਂ ਵਿਚ ਲੰਗਰ ਦਾ ਪਰਬੰਧ ਲਗਾਤਾਰ ਚਲਾਉਂਦੇ ਰਹਿ ਸਕਣ। ਪਰ ਕਰਮ ਸਿੰਘ ਨੇ ਇਹ ਲੰਗਰ ਪਰੱਥਾ ਵੀ ਬੰਦ ਕਰ ਦਿੱਤੀ ਸੀ।[38]

ਕਰਮ ਸਿੰਘ ਤੋਂ ਪਿਛੋਂ ਇਸ ਦਾ ਪੁੱਤਰ ਗੁਲਾਬ ਸਿੰਘ ਉਤਰਾਧਿਕਾਰੀ ਬਣਿਆ। ਇਸ ਦੇ ਸਮੇਂ ਮਿਸਲ ਦਾ ਕੁਝ ਇਲਾਕਾ ਛੁੱਟ ਗਿਆ ਸੀ। ਗੁਲਾਬ ਸਿੰਘ ਦੇ ਪਿੱਛੋਂ ਇਸ ਦਾ ਪੁੱਤਰ ਕੁਝ ਦਿਨਾਂ ਲਈ ਗੱਦੀ ਦਾ ਵਾਰਸ ਬਣਿਆ। ਜਿਸਦੇ ਪਿੱਛੋਂ ਗੁਲਾਬ ਸਿੰਘ ਦਾ ਪੋਤਰਾ ਜੀਵਣ ਸਿੰਘ ਇਸ ਦਾ ਮੁਖੀ ਬਣਿਆ। ਜੀਵਣ ਸਿੰਘ ਦੇ ਸਮੇਂ ਮਿਸਲ ਦਾ ਸੰਕਲਪ ਖ਼ਤਮ ਹੋ ਗਿਆ ਸੀ। ਇਸ ਸਿਰਫ ਦਮਦਮਾ ਸਾਹਿਬ ਦੀ ਜਾਇਦਾਦ ਨੂੰ ਇਕ ਜਾਗੀਰ ਬਣਾ ਕੇ ਜਾਗੀਰਦਾਰ ਬਣ ਬੈਠਾ ਸੀ। ਇਨ੍ਹਾਂ ਦਾ ਪਿਛੋਕੜ ਸ਼ਹਿਜ਼ਾਦਪੁਰ ਪਿੰਡ ਦਾ ਸੀ। ਇਹ ਪਿੰਡ ਇਸ ਸਮੇਂ ਹਰਿਆਣੇ ਦੇ ਅੰਬਾਲਾ ਜ਼ਿਲੇ ਵਿਚ ਹੈ।

ਜੀਵਣ ਸਿੰਘ ਆਪਣੇ ਆਪ ਨੂੰ ਸ਼ਹੀਦੀ ਮਿਸਲ ਦਾ ਮੁਖੀ ਨਾ ਸਮਝਕੇ ਸਹਿਜ਼ਾਦਪੁਰੀਆ ਸਰਦਾਰ ਹੀ ਸਮਝਦਾ ਸੀ। ਦੂਜੇ ਪਾਸੇ ਇਹ ਅਸਥਾਨ ਪਟਿਆਲਾ ਰਿਆਸਤ ਵਿਚ ਹੋਣ ਕਰਕੇ ਬਾਕੀ ਸਿੱਖ ਰਾਜ ਨਾਲੋਂ ਕਟਿਆ ਹੋਇਆ ਸੀ। ਜੀਵਨ ਸਿੰਘ ਦੀ ਪਟਿਆਲਾ ਦਰਬਾਰ ਵਿਚ ਕਾਫੀ ਇੱਜ਼ਤ ਸੀ। ਮਹਾਰਾਜਾ ਰਾਜਿੰਦਰ ਸਿੰਘ ਨੇ ਆਪਣੀ ਭੈਣ ਜੀਵਨ ਸਿੰਘ ਨਾਲ ਵਿਆਹ ਦਿੱਤੀ ਅਤੇ ਦਮਦਮਾ ਸਾਹਿਬ ਦੀ ਸਮੁੱਚੀ ਜਾਇਦਾਦ ਨੂੰ ਇਕ ਜਾਗੀਰ ਦੇ ਰੂਪ ਵਿਚ, ਆਪਣੀ ਭੈਣ ਨੂੰ ਦਾਜ ਦੇ ਵਿਚ ਦੇ ਦਿੱਤਾ। ਇਹੀ ਇਕ ਮੁਖ ਕਾਰਨ ਸੀ ਜਿਸ ਨਾਲ ਤਖ਼ਤ ਸਿਰੀ ਦਮਦਮਾ ਸਾਹਿਬ ਦਾ ਤਖ਼ਤ ਦਾ ਸੰਕਲਪ ਖ਼ਤਮ ਹੋ ਗਿਆ ਸੀ ਅਤੇ ਇਹ ਇਕ ਜਾਗੀਰਦਾਰ ਦੀ ਜਾਗੀਰ ਬਣ ਕੇ ਰਹਿ ਗਿਆ ਸੀ। ਇਸ

---

37. *ਸ੍ਰੀ ਗੁਰ ਪੰਥ ਪ੍ਰਕਾਸ਼* (ਪੱਥਰ ਛਾਪ, ਦੂਜੀ), ਅੰਮ੍ਰਿਤਸਰ, 1889, ਪੰਨਾ 770.
38. ਉਕਤ, ਪੰਨਾ 771.

ਜਾਗੀਰਦਾਰ ਨੇ ਆਪਣੇ ਹਿਤਾਂ ਅਨੁਸਾਰ ਹੀ ਇਸ ਦੀ ਪੂਜਾ-ਪਾਠ ਦੀ ਰੀਤ ਤੋਰੀ ਸੀ। ਇਨ੍ਹਾਂ ਨੇ ਠੇਕੇਦਾਰਾਂ ਵਾਂਗ ਅਗੇ ਪੁਜਾਰੀ ਰਖੇ ਹੋਏ ਸਨ ਜਿਹੜੇ ਦਮਦਮਾ ਸਾਹਿਬ ਦੀ ਗੋਲਕ ਦਾ ਪਰਬੰਧ ਕਰਦੇ ਸਨ। ਸ਼ਰਧਾਲੂ ਸਿੱਖਾਂ ਕੋਲੋਂ ਸਮੇਂ ਸਮੇਂ 'ਤੇ ਚੜ੍ਹਾਵੇ ਇਕੱਤਰ ਕੀਤੇ ਜਾਂਦੇ ਸਨ ਪਰ ਇਸ ਦੇ ਬਦਲੇ ਸੰਗਤਾਂ ਦੀ ਸੇਵਾ ਲਈ ਲੰਗਰ ਆਦਿ ਕੁਝ ਨਹੀਂ ਕੀਤਾ ਜਾਂਦਾ ਸੀ।

ਇਥੇ ਇਹ ਵਰਨਣ ਯੋਗ ਹੈ ਕਿ ਪੰਥ ਨੇ ਅਪਾਣੀ ਸ਼ਕਤੀ ਸਮੇਂ ਵੱਖ ਵੱਖ ਰੂਪਾਂ ਵਿਚ ਤਖ਼ਤ ਸਿਰੀ ਦਮਦਮਾ ਸਾਹਿਬ ਦੇ ਨਾਂ ਕਾਫੀ ਜਾਇਦਾਦ ਲਗਵਾਈ ਸੀ। ਦਲ ਖਾਲਸਾ ਨੇ ਇਕ ਵਾਰ ਪੰਜਾਹ ਹਜ਼ਾਰ ਰੁਪਏ ਖਰਚ ਕੇ ਇਸ ਅਸਥਾਨ ਨੂੰ ਪੱਕਾ ਕਰਵਾਇਆ ਸੀ। ਪਿੱਛੋਂ ਕੁਝ ਗੈਰ-ਸਿੱਖ ਹੁਕਮਰਾਨਾਂ ਨੇ ਵੀ ਇਸ ਅਸਥਾਨ ਨਾਲ ਆਪਣੀ ਸ਼ਰਧਾ ਅਨੁਸਾਰ ਕੁਝ ਜਾਇਦਾਦ ਲਗਵਾ ਦਿੱਤੀ ਸੀ। ਰਾਣੀਆਂ ਦੇ ਨਵਾਬ ਨੇ ਛੇ ਪਿੰਡਾਂ ਦਾ ਲਗਾਨ ਇਸ ਦੇ ਨਾਂ ਲਗਵਾ ਦਿੱਤਾ ਸੀ। ਇਹ ਪਿੰਡ ਸਨ : ਦਾਦੂ, ਕੇਵਲ, ਧਰਨਪੁਰਾ, ਸਿੰਘ ਪੁਰਾ, ਜੋਗੇਵਾਲ ਅਤੇ ਤਿਓਣਾ।

ਉਪਰੋਕਤ ਵਰਨਣ ਦਾ ਮਤਲਬ ਸਿਰਫ ਇਹੀ ਦਰਸਾਉਣ ਦਾ ਹੈ ਕਿ ਪੰਥ ਵਲੋਂ ਅਤੇ ਹੋਰ ਹੁਕਮਰਾਨਾ ਵਲੋ, ਸ਼ਰਧਾ ਵਜੋ ਚੜ੍ਹਾਈ ਗਈ ਜਾਇਦਾਦ ਨੂੰ ਸ਼ਹਿਜ਼ਾਦਪੁਰੀਏ ਸਰਦਾਰਾਂ ਨੇ ਕਿਵੇਂ ਆਪਣੀ ਨਿਜੀ ਜਾਗੀਰ ਵਿਚ ਬਦਲ ਲਿਆ ਸੀ। ਇਕ ਸਮੇਂ ਮਹਾਰਾਜਾ ਰਣਜੀਤ ਸਿੰਘ ਨੇ ਜਦ ਤਖ਼ਤ ਸਿਰੀ ਹਜ਼ੂਰ ਸਾਹਿਬ ਦੀ ਸੇਵਾ ਕਰਵਾਈ ਤਾਂ ਉਸ ਨੇ ਤਖ਼ਤ ਸਿਰੀ ਦਮਦਮਾ ਸਾਹਿਬ ਦੀ ਵੀ ਸੇਵਾ ਕਰਵਾਉਣ ਲਈ ਪਟਿਆਲਾ ਰਿਆਸਤ ਤੋਂ ਆਗਿਆ ਮੰਗੀ। ਪਰ ਪਟਿਆਲੇ ਦੇ ਹੁਕਮਰਾਨਾਂ ਨੇ ਇਸ ਸੇਵਾ ਦੀ ਇਜਾਜ਼ਤ ਨਹੀਂ ਦਿੱਤੀ। ਇਸ ਤਰ੍ਹਾਂ ਵਿਸ਼ਾਲ ਜਾਗੀਰ ਦੇ ਫੋਕੇ ਲਾਲਚ ਨੇ ਇਸ ਮਹਾਨ ਤਖ਼ਤ ਦਾ ਰੁਤਬਾ ਅਤੇ ਸਤਿਕਾਰ ਬਿਲਕੁਲ ਹੀ ਖ਼ਤਮ ਕਰ ਦਿੱਤਾ ਸੀ।

ਜਿਹੜੀ ਚਰਚਾ ਪਿੱਛੇ ਇਸ ਤਖ਼ਤ ਬਾਰੇ ਭਾਂਤ ਭਾਂਤ ਦੀ ਇਹ ਚਲੀ ਸੀ ਕਿ ਇਹ ਤਖ਼ਤ ਅਕਾਲੀਆਂ ਦਾ ਬਣਿਆ ਹੋਇਆ ਹੈ ਜਾਂ ਇਹ ਪੰਜਵਾਂ ਤਖ਼ਤ ਹੈ ਹੀ ਨਹੀਂ, ਇਹ ਸਾਰੀ ਚਰਚਾ ਉਪਰੋਕਤ ਨਿਜੀ ਜਾਗੀਰ ਦੇ ਸੰਕਲਪ ਵਿਚੋਂ ਹੀ ਪੈਦਾ ਹੋਈ ਸੀ। ਜਿਸ ਦਿਨ ਇਹ ਨਿਜੀ ਜਾਗੀਰ ਦਾ ਸੰਕਲਪ ਖਤਮ ਹੋ ਗਿਆ ਉਸੇ ਦਿਨ ਤੋਂ ਹੀ ਇਹ ਫਿਰ ਤਖ਼ਤ ਦੇ ਰੂਪ ਵਿਚ ਕਾਇਮ ਹੋ ਗਿਆ। 1870 ਵਿਆਂ ਵਿਚ ਜਦੋਂ ਸਿੱਖ ਧਰਮ ਵਿਚ ਸੁਧਾਰ ਲਿਆਉਣ ਲਈ ਸਿੰਘ ਸਭਾ ਲਹਿਰ ਚਲੀ ਸੀ ਤਾਂ ਪਿੱਛੋਂ ਇਸੇ ਲਹਿਰ ਦੇ ਮੋਢੀਆਂ ਵਿਚਕਾਰ ਜਾਤੀ ਈਰਖਾ ਹੋਣ ਕਰਕੇ ਇਕ ਧੜੇ ਨੇ ਦੂਜੇ ਧੜੇ ਨੂੰ ਪਬਲਿਕ ਤੌਰ 'ਤੇ ਖਤਮ ਕਰਨ ਲਈ ਤਖ਼ਤ ਸਾਹਿਬਾਨ ਦੀ ਵਰਤੋਂ ਕੀਤੀ। ਬਾਬਾ ਖੇਮ ਸਿੰਘ ਬੇਦੀ ਧੜੇ ਨੇ ਪ੍ਰੋ: ਗੁਰਮੁਖ ਸਿੰਘ ਧੜੇ ਨੂੰ ਖਤਮ ਕਰਨ ਲਈ ਅਕਾਲ ਤਖ਼ਤ ਸਾਹਿਬ ਤੋਂ ਇਕ ਹੁਕਮਨਾਮਾ ਜਾਰੀ ਕਰਵਾ ਦਿੱਤਾ ਸੀ। ਇਸ ਤਰ੍ਹਾਂ ਜਿਹੜਾ ਵੀ ਧੜਾ ਤਖ਼ਤ ਸਾਹਿਬਾਨ 'ਤੇ ਕਾਬਜ਼ ਹੁੰਦਾ ਸੀ, ਉਹ ਆਪਣੇ ਵਿਰੋਧੀ ਧੜੇ ਨੂੰ ਕੁਚਲਣ ਲਈ, ਗਲਤ ਜਾਂ ਠੀਕ, ਤਖ਼ਤਾਂ ਦੀ ਵਰਤੋਂ ਕਰਦਾ। ਇਸੇ ਨੀਤੀ ਹੇਠ ਹੀ ਤਖ਼ਤ ਦਮਦਮਾ ਸਾਹਿਬ ਇਕ ਤਖ਼ਤ ਦੇ ਤੌਰ 'ਤੇ ਨਾ ਉਭਰ ਸਕਿਆ। ਮਾਲਵੇ ਦੇ ਕੁਝ ਸਥਾਨਕ ਸਿੱਖਾਂ ਨੇ 1940 ਦੇ ਕਰੀਬ, ਤਖ਼ਤ ਸਿਰੀ ਦਮਦਮਾ ਸਾਹਿਬ ਦਾ ਪਰਬੰਧ, ਪੰਥਕ ਕੰਟਰੋਲ ਹੇਠ ਲੈਣ ਲਈ ਮੋਰਚਾ ਲਗਾਇਆ ਸੀ ਪਰ ਅਕਾਲੀ ਦਲ ਦੇ ਕੁਝ

ਨੇਤਾਵਾਂ ਨੇ ਵਿਚ ਵਿਚਾਲੇ ਪੈ ਕੇ ਇਹ ਮੋਰਚਾ ਖ਼ਤਮ ਕਰਵਾ ਦਿੱਤਾ ਸੀ ਅਤੇ ਤਖ਼ਤ ਸਿਰੀ ਦਮਦਮਾ ਸਾਹਿਬ ਉਸੇ ਤਰ੍ਹਾਂ ਪਟਿਆਲਾ ਰਿਆਸਤ ਦੇ ਅਧੀਨ ਹੀ ਰਿਹਾ। ਇਸ ਵਿਚ ਕੁਝ ਕਾਲਾ ਕਾਲਾ ਜ਼ਰੂਰ ਨਜ਼ਰ ਆਉਂਦਾ ਹੈ ਕਿ ਅਕਾਲੀਆਂ ਨੇ ਤਖ਼ਤ ਸਿਰੀ ਦਮਦਮਾ ਸਾਹਿਬ ਦਾ ਕੰਟਰੋਲ ਪਰਾਪਤ ਕਰਨ ਲਈ ਕਿਉਂ ਮੋਰਚਾ ਨਹੀਂ ਲਗਾਇਆ ਜਦੋਂ ਕਿ ਉਹ ਬਾਕੀ ਗੁਰਦੁਆਰਿਆਂ ਦੇ ਪੁਜਾਰੀਆਂ ਦੇ ਖਿਲਾਫ਼ ਅੜੀਆਂ ਚੁੱਕ ਚੁੱਕ ਕੇ ਬੋਲਦੇ ਸਨ। ਸ਼ਰੋਮਣੀ ਗੁਰਦੁਆਰਾ ਪਰੰਬਧਕ ਕਮੇਟੀ ਦੇ ਹੁੰਦਿਆਂ ਹੋਇਆਂ, ਤਖ਼ਤ ਸਿਰੀ ਦਮਦਮਾ ਸਾਹਿਬ (ਜਿਹੜਾ ਕੇ ਇਸ ਸਮੇਂ ਇਕ ਨਿਜੀ ਜਾਗੀਰ ਸੀ) ਦਾ ਪਰਬੰਧ ਇਸ ਤਰ੍ਹਾਂ ਕੁਰਹਿਤਾਂ ਨਾਲ ਭਰਪੂਰ ਸੀ, ਇਸ ਦਾ ਹਾਲ ਉਸ ਸਮੇਂ ਦੀ ਇਕ ਚਿੱਠੀ ਵਿਚ ਦਰਜ ਹੈ, ਜਿਹੜੀ ਉਸ ਸਮੇਂ ਦੇ ਸੰਤਾਂ, ਮਹੰਤਾਂ ਅਤੇ ਗੁੰਥੀਆ ਨੇ ਦੁਖੀ ਹੋ ਕੇ ਸਿਰੀ ਮਾਨ ਸਰਦਾਰ ਡਿਉਢੀ, ਮੁਬਾਰਕ ਸਰਕਾਰ ਪਟਿਆਲਾ ਨੂੰ ਭੇਜੀ ਗਈ। ਇਸ ਦਾ ਮਜ਼ਮੂਨ ਇਸ ਤਰ੍ਹਾਂ ਹੈ :

੧ਓ ਸਿਰੀ ਵਾਹਿਗੁਰੂ ਜੀ ਕੀ ਫ਼ਤਹਿ।

ਸਿਰੀ ਮਾਨ ਸਰਦਾਰ ਸਾਹਿਬ ਡਿਉਢੀ ਸਰਕਾਰ ਪਟਿਆਲਾ,
ਸਿਰੀ ਮਾਨ ਜੀ,

ਸੰਤ ਮਹੰਤ ਤਲਵੰਡੀ ਸਾਬੋ (ਦਮਦਮਾ ਸਾਹਿਬ) ਵਾਸੀਆਂ ਦੀ ਬੇਨਤੀ ਹੈ ਕਿ ਸਿਰੀ ਦਮਦਮਾ ਸਾਹਿਬ ਗੁਰਦੁਆਰਾ ਵਿਚ ਇਸ ਵੇਲੇ ਜੋ ਕਰਹਿਤ ਹੋ ਰਹੀ ਹੈ ਉਹ ਸੰਤਾਂ ਮਹੰਤਾਂ ਤੋਂ ਦੇਖੀ ਨਹੀਂ ਜਾਂਦੀ। ਭੀਖਮ ਸਿੰਘ ਮੁਖਤਿਆਰ ਸ਼ਹਿਜ਼ਾਦਪੁਰ ਦਾੜ੍ਹੀ ਮੁੰਡੀ ਹੋਈ ਰਾਜਪੂਤ ਏਥੇ ਆਇਆ। ਮੈਨੇਜਰ ਨੇ ਬਾਰਾਂਦਾਰੀ ਵਿਚ ਦਰਬਾਰ ਸਾਹਿਬ ਦੇ ਪਾਸ ਉਸ ਨੂੰ ਰਹਿਣ ਵਾਸਤੇ ਜਗਾਹ ਦਿੱਤੀ। ਉਸ ਨੇ ਬਾਰਾਂਦਾਰੀ ਜੋ ਤਖ਼ਤ ਸਾਹਿਬ ਦੇ ਨਾਲ ਲਗਦੀ ਹੈ ਉਸ ਵਿਚ ਚੁਰਟਾਂ ਪੀਤੀਆਂ ਅਤੇ ਮੈਨੇਜਰ ਨਾਲ ਮਿਲ ਕੇ ਸ਼ਰਾਬ ਪੀਤੀ ਅਤੇ ਆਂਡੇ ਮਾਸ ਆਦਿਕ ਭੀ ਖਾਧਾ, ਸੰਗਤ ਨੂੰ ਪਤਾ ਲਗਾ ਤਾਂ ਮਹੰਤ ਨਰੈਣ ਸਿੰਘ ਬਾਬਾ ਝੰਡਾ ਸਿੰਘ ਦੇ ਬੁੰਗੇ ਵਾਲਾ ਉਸ ਭੀਖਮ ਸਿੰਘ ਅਤੇ ਮੈਨੇਜਰ ਦੇ ਪਾਸ ਗਿਆ ਤੇ ਕਿਹਾ ਕਿ ਰਾਤ ਨੂੰ ਤੁਸੀਂ ਮਾਸ ਅਧਿਕ ਕਿਉਂ ਖਾਧਾ ਅਤੇ ਚੁਰਟਾਂ ਕਿਉਂ ਪੀਤੀਆਂ ? ਤਾਂ ਮਹੰਤ ਨਰੈਣ ਸਿੰਘ ਨੂੰ ਡੰਡੇ ਲੈ ਕੇ ਮਾਰਨ ਵਾਸਤੇ ਆਏ ਅਤੇ ਗਾਲ੍ਹਾਂ ਦਿੱਤੀਆਂ। ਉਸ ਵੇਲੇ ਮਹੰਤ ਹਰੀ ਸਿੰਘ ਨੇ ਛੁਡਾਇਆ। ਇਕ ਔਰਤ ਮਸਮਾਤ ਹੈ ਜੈ ਕੋਰ ਜਿਲਾ ਲੁਧਿਆਣਾ ਦੀ ਏਥੇ ਰਹਿੰਦੀ ਹੈ। ਮਾਸ ਸ਼ਰਾਬ ਖਾਂਦੀ ਪੀਂਦੀ ਹੈ, ਬਦਮਾਸ਼ ਔਰਤ ਹੈ ਜੋ ਕੋਈ ਸੰਤ ਮਹੰਤ ਸਿਰੀ ਤਖ਼ਤ ਸਾਹਿਬ ਮਥਾ ਟੇਕਣ ਵਾਸਤੇ ਜਾਵੇ ਤਾਂ ਬਦ-ਜ਼ਬਾਨ ਬੋਲਦੀ ਹੈ, ਸੋ ਸੰਗਤ ਨੂੰ ਬੜਾ ਭਾਰੀ ਦੁਖ ਹੈ ਕਿ ਇਹ ਬੇਅਦਬੀ ਕਿਉਂ ਹੁੰਦੀ ਹੈ। ਗੁਰਦੁਆਰੇ ਵਿਚੋਂ 1100/- ਗਿਆਰਾਂ ਸੋ ਰੁਪਏ ਦੀ ਰਕਮ ਮਾਹ ਫਗਣ, ਸੰਮਤ 2000 ਵਿਚ ਭੀਖ਼ਮ ਸਿੰਘ ਮੁਖਤਿਆਰ ਸਹਿਜ਼ਾਦਪੁਰ ਲੈ ਗਿਆ ਸੀ ਅਤੇ 2700/- ਸਤਾਈ ਸੌ ਰੁਪਏ ਦੀ ਰਕਮ ਭੀਖਮ ਸਿੰਘ, ਮੁਖਤਿਆਰ ਸਹਿਜ਼ਾਦਪੁਰ ਮੇਲੇ ਬਸਾਖੀ, 2001 ਪਿਛੋਂ ਲੈ ਗਿਆ। ਚਾਰਜ ਬਸਾਖੀ ਤੋਂ ਪਹਿਲਾਂ ਹੀ ਖੁਸ਼ੀ ਰਾਮ ਸਿੰਘ ਮੈਨੇਜਰ ਤੋਂ ਮੈਨੇਜਰ ਹਾਲ ਨੂੰ ਦਿਲਾ ਦਿੱਤਾ ਗਿਆ ਹੈ। ਗੋਲਕ ਵਿਚ ਹਰ ਮਸਿਆ ਗੁਰਪੁਰਬ ਨੂੰ ਸਿਰੀ ਤਖ਼ਤ ਸਾਹਿਬ ਜੀ 'ਤੇ ਕਾਫੀ ਚੜ੍ਹਾਵਾ ਚੜ੍ਹਦਾ ਹੈ ਜਿਸ ਦਾ ਕੋਈ ਹਿਸਾਬ ਕਿਤਾਬ ਨਹੀਂ ਹੈ। ਕਣਕ ਬਨਾਰਸੀ ਸਿੰਘ ਮਹਾਜਨ ਅਤੇ ਸੇਵਾ ਸਿੰਘ ਰੋਡੇ ਨੂੰ ਵੇਚ ਦਿੱਤੀ ਹੈ ਅਤੇ ਫਸਲ ਖ਼ਰੀਫ ਸ:

2001 ਦੀ ਜਿਨਸ ਸਾਰੀ ਪੜੀ ਹੈ ਇੰਤਜ਼ਾਮ ਕੀਤਾ ਜਾਵੇ।

ਸ: ਬ: ਕਪਤਾਨ ਸ: ਹਰੀ ਸਿੰਘ ਠੀਕਰੀਵਾਲਾ ਅਤੇ ਜਰਨਲ ਸ: ਹਜ਼ੂਰਾ ਸਿੰਘ ਸਾਹਿਬ ਦੇ ਪੋਤੇ ਲਫਟੈਨ ਸਾਹਿਬ ਵੀ ਸਿਰੀ ਤਖ਼ਤ ਸਾਹਿਬ 'ਤੇ ਮਥਾ ਟੇਕਣ ਵਾਸਤੇ ਗਏ ਤਾਂ ਮਹਾਰਾਜ ਸਾਹਿਬ ਜੀ ਨੂੰ ਪਤਾਸਿਆਂ ਦਾ ਭੋਗ ਲਾਇਆ ਤਾਂ ਕਪਤਾਨ ਸਾਹਿਬ ਬਹਾਦਰ ਅਤੇ ਲਫਟੈਨ ਸਾਹਿਬ ਨੇ ਪੁੱਛਿਆ ਕਿ ਕੜਾਹ ਪਰਸਾਦਿ ਦੀ ਦੇਗ ਦਾ ਭੋਗ ਕਿਉਂ ਨਹੀਂ ਲਾਇਆ ਤਾਂ ਮੈਨੇਜਰ ਨੇ ਜਵਾਬ ਦਿੱਤਾ ਕਿ ਸ਼ਹਿਜ਼ਾਦਪੁਰ ਵਾਲੇ ਮਾਲਕਾਂ ਦਾ ਹੁਕਮ ਨਹੀਂ। ਜੋ ਦੋਨੋ ਸਾਹਿਬ ਨਰਾਜ਼ ਹੋ ਕਰ ਮਥਾ ਟੇਕ ਕੇ ਆਏ। ਹਜ਼ਾਰਾਂ ਰੁਪਈਏ ਦੀ ਜਾਇਦਾਦ ਬਰਬਾਦ ਹੋ ਰਹੀ ਹੈ ਲੋਕ ਖਾ ਰਹੇ ਹਨ ਛੇਤੀ ਤੋਂ ਛੇਤੀ ਇੰਤਜ਼ਾਮ ਫੁਰਮਾਇਆ ਜਾਵੇ ਅਤੇ ਬਹੁਤ ਸਾਰੀਆਂ ਬਾਤਾਂ ਹਨ ਜ਼ਬਾਨੀ ਅਰਜ਼ ਕਰਾਂਗਾ।

ਮਿਤੀ 29. 2. 2001 ਬਿਕਰਮੀ
(1944 ਈ.)

ਮਹੰਤ ਨਰੈਣ ਸਿੰਘ	ਸੰਤ ਮਹੰਤ ਤਲਵੰਡੀ ਸਾਹਿਬ (ਸਿਰੀ ਦਮਦਮਾ ਸਾਹਿਬ)।
ਮਹੰਤ ਭਗਤ ਸਿੰਘ	ਮਹੰਤ ਹਰੀ ਸਿੰਘ
ਮਹੰਤ ਬੀਰ ਸਿੰਘ	ਮਹੰਤ ਨੰਦ ਸਿੰਘ
	ਮਹੰਤ ਬਿਸ਼ਨ ਸਿੰਘ

ਇਹ ਉਪਰੋਕਤ ਚਿਠੀ ਸੰਨ 1944 ਈ. ਦੀ ਹੈ।[39] ਇਸ ਸਮੇਂ ਪੰਜਾਬ ਦੇ ਲਗਭਗ ਸਾਰੇ ਗੁਰਦੁਆਰੇ ਐਕਟ ਅਨੁਸਾਰ ਸ਼ਰੋਮਣੀ ਕਮੇਟੀ ਦੇ ਅਧੀਨ ਆ ਗਏ ਸਨ, ਪਰ ਉਪਰੋਕਤ ਚਿੱਠੀ ਅਨੁਸਾਰ ਤਖ਼ਤ ਸਿਰੀ ਦਮਦਮਾ ਸਾਹਿਬ ਦਾ ਪਰਬੰਧ ਜਾਗੀਰਦਾਰੀ ਤਰੀਕੇ ਅਨੁਸਾਰ ਹੋ ਰਿਹਾ ਸੀ ਅਤੇ ਕੁਰਹਿਤਾਂ ਭਰਪੂਰ ਸੀ।

ਇਸੇ ਤਰ੍ਹਾਂ ਦੀ ਇਕ ਹੋਰ ਚਿੱਠੀ ਹੈ ਜਿਸ ਵਿਚ ਤਖ਼ਤ ਸਿਰੀ ਦਮਦਮਾ ਸਾਹਿਬ ਨਾਲ ਲਗਾਈ ਹੋਈ ਜਾਇਦਾਦ ਦੀ ਜਾਣਕਾਰੀ ਬਾਰੇ ਹੈ। ਇਹ ਚਿੱਠੀ ਬਹੁਤ ਲੰਮੇਰੀ ਹੈ ਇਸ ਲਈ ਇਸ ਵਿਚੋਂ ਸਬੰਧਤ ਟੂਕਾਂ ਹੀ ਦਿੱਤੀਆ ਜਾ ਰਹੀਆਂ ਹਨ।

"ਤਖਤ ਸਾਹਿਬ ਤੋਂ ਉਪਰ ਮੰਜੀ ਸਾਹਿਬ ਹੈ, ਜਿਸ ਦੀ ਸੇਵਾ ਅਸਥਾਨ ਦੇ ਨਾਉਂ ਲਗੀ 500 ਘੁਮਾਉਂ ਜ਼ਮੀਨ ਰਾਏ ਡਲਾ ਸਿੰਘ ਵਲੋਂ ਅਰਦਾਸ ਕਰਾਈ ਗਈ ਹੈ, ਦੋ ਸਿਰੀ ਸਾਹਿਬ ਤੇ ਇਕ ਬੰਦੂਕ ਅਸਥਾਨਕ ਯਾਦਗਾਰਾਂ ਮੌਜੂਦ ਹਨ।

"ਗੁਰਦੁਆਰਾ ਸਾਹਿਬ ਦੇ ਨਾਉਂ ਕੁਲ ਜ਼ਮੀਨ 2068 ਬਿਘੇ 8 ਬਿਸਵੇ ਖਾਸ ਲਗੀ ਹੋਈ ਹੈ, ਮਜਰੂਆ 780 ਬਿਘੇ 19 ਬਿਸਵੇ ਅਤੇ ਗੈਰ ਮਜਰੂਆ 1288 ਬਿਘੇ 9 ਵਿਸਵੇ, ਬੰਜਰ ਕਦੀਮ ਝਿੜੀ 1086 ਬਿਘੇ 15 ਬਿਸਵੇ ਅਤੇ ਗੈਰ ਮੁਮਕਿਨ 201 ਬਿਘੇ ਬੁੰਗਾ ਮਸਤੂਆਣਾ ਵਾਲਿਆਂ ਪਾਸ ਤੇ ਜ਼ਿਆਦਾ ਮੈਨੇਜਰ ਦੇ ਪਾਸ ਜ਼ੇਰ ਕਾਸ਼ਤ ਹੈ। ਵਾਜਬਉਲ ਅਰਜ ਵਿਚ ਨੌ ਤੋੜ ਜ਼ਮੀਨ ਕਰਨੀ ਵਰਜੀ ਗਈ ਹੈ।

"ਰਵਾਇਤ ਅਨੁਸਾਰ ਸੁਣਨ ਵਿਚ ਆਇਆ ਹੈ ਕਿ ਨਵਾਬ ਰਣੀਆਂ ਵਾਲੇ ਨੇ 7 ਪਿੰਡ

39. ਗੁਰਦੁਆਰਾ ਗਜ਼ਟ, ਨਵੰਬਰ 1965, ਪੰਨਾ 141.

ਜੋ ਅੰਗਰੇਜ਼ੀ ਇਲਾਕੇ ਵਿਚ ਹਨ, ਕਿਸੇ ਭੀੜ ਦੇ ਸਮੇਂ ਅਸਥਾਨ ਗੁਰੂ ਗੋਬਿੰਦ ਸਿੰਘ ਜੀ ਜੋ ਇਸੀ ਨਾਉਂ ਤੋਂ ਉਸ ਜ਼ਮਾਨੇ ਵਿਚ ਮਸ਼ਹੂਰ ਸੀ, ਦੇ ਨਾਉਂ ਲਗਵਾਏ ਸਨ। ਸਰਕਾਰ ਅੰਗਰੇਜ਼ੀ ਦੀ ਆਮਦਪੁਰ ਇਨ੍ਹਾਂ ਪਿੰਡਾਂ ਦੇ ਇਵਜ਼ ਸਾਲਾਨਾ ਜਾਗੀਰ 7000 ਰੁਪਏ ਮੁਕਰਰ ਹੋਈ, ਜੋ ਅਜ ਕਲ ਸਰਦਾਰ ਸਾਹਿਬ ਸ਼ਹਿਜ਼ਾਦਪੁਰ ਦੇ ਨਾਉਂ ਹੈ, ਇਸ ਸਬੰਧੀ ਨਾਲ ਕਾਗਜ਼ਾਤ ਮੁਆਫੀ ਜੋ ਦਾਸ ਨੇ ਸਰਸੇ ਦੀ ਤਹਿਸੀਲ ਵਿਚੋਂ ਗੈਰ ਮੁਕਦਮਾ ਤਰੀਕੇ ਨਾਲ ਹਾਸਲ ਕੀਤੇ ਹਨ, ਆਪ ਦੇ ਮੁਲਾਹਜੇ ਪਰਤੀ ਨਾਲ ਲਗਾਏ ਗਏ ਹਨ।

"ਇਸ ਤੋਂ ਬਿਨਾਂ ਪਿੰਡ ਬੰਬੀਹਾ ਭਾਈ ਕਾ ਜ਼ਿਲਾ ਫਿਰੋਜ਼ਪੁਰ ਭੀ ਸਾਲਮ ਦੇਹ ਗੁਰਦੁਆਰਾ ਨੂੰ ਮੁਆਫ ਦਸੀਂਦਾ ਹੈ। ਭਾਵੇਂ ਮੈਨੇਜਰ ਮੋਹਤਮਿਮ ਸਾਹਿਬ ਦੀ ਆਗਿਆ ਬਿਨਾ ਕਿਸੇ ਕਿਸਮ ਦੀ ਇਤਲਾਹ ਦੇਣ ਤੋਂ ਇਨਕਾਰੀ ਹੈ, ਪਰ ਅੰਦਾਜ਼ਾ ਆਮਦਨ ਸਾਲਾਨਾ ਇਸ ਪਰਕਾਰ ਹੋਈ ਹੈ, ਇਹ ਮੁਆਫੀ ਜਾਗੀਰ ਆਦਿ ਤੋਂ ਇਲਾਵਾ ਹੈ :

ਕਰਾਯਾ ਹਟਾਂ ਮੌਕਾ ਮੇਲਾ ਬਸਾਖੀ	2000 ਰੁਪਏ
ਚੜ੍ਹਾਵਾ	3000 ਰੁਪਏ
ਕੜਾਹ ਪਰਸ਼ਾਦਿ	1700 ਰੁਪਏ
ਆਮਦਨੀ ਚਕੋਤਾ	4000 ਰੁਪਏ

"ਮਲਵਈ ਬੁੰਗੇ ਨੂੰ 125 ਰੁਪਏ ਸਲਾਨਾ ਤੇ ਦੋ ਹਲ ਦੀ ਜ਼ਮੀਨ ਪਿੰਡ ਸੁਖਲੱਧੀ ਵਿਖੇ ਦਿੱਤੀ ਗਈ ਦਸੀ ਜਾਂਦੀ ਹੈ, ਬੁੰਗਾ ਮਸਤੂਆਣਾ ਨੂੰ ਪਟਿਆਲੇ ਵਲੋਂ 100 ਮਣ ਪੱਕੀ ਕਣਕ ਵਾਸਤੇ ਲੰਗਰ ਸਾਲਾਨਾ ਦਿੱਤੀ ਜਾਣ ਦਾ ਭੀ ਪਤਾ ਲਗਿਆ ਹੈ। ਕੱਟੂ ਵਾਲਿਆਂ ਦੇ ਬੁੰਗੇ ਵਿਚ ਰਿਆਸਤ ਨਾਭਾ ਵਲੋਂ ਲੰਗਰ ਜਾਰੀ ਹੈ।

"ਮੌਜੂਦਾ ਪਰਬੰਧਕ ਸੁਧੂਵਾਲੀਆ ਰਈਸ ਹੈ ਇਨਾਂ ਦੇ ਦੀਵਾਨ ਨੇ ਭਾਈ ਲਾਲ ਸਿੰਘ ਨੂੰ ਮੈਨੇਜਰ ਰਖਿਆ, ਤਖ਼ਤ ਸਾਹਿਬ ਦੀ ਗੋਲਕ ਇਹ ਮੈਨੇਜਰ, ਆਪ ਹੀ ਖੋਲਦਾ ਹੈ, ਰਕਮ ਆਮਦਨੀ ਰਿਆਸਤ ਦੇ ਖਜ਼ਾਨੇ ਵਿਚ ਜਮਾਂ ਨਹੀਂ ਕਰਾਈ ਜਾਂਦੀ। ਬਲਕਿ ਸੁਣਨ ਵਿਚ ਆਇਆ ਹੈ ਕਿ ਇਹ ਰਕਮ ਰਾਈਸ ਸੁਧੂਵਾਲੀਏ ਦੇ ਹਿਸਾਬ ਵਿਚ ਇੰਪੀਰੀਅਲ ਬੈਂਕ ਅੰਬਾਲਾ ਵਿਖੇ ਜਮਾਂ ਹੁੰਦੀ ਹੈ।

"ਕੀਰਤਨ ਅਤੇ ਲੰਗਰ ਦੋਨੋਂ ਵਕਤ ਅਮਲ ਵਿਚ ਆਉਂਦਾ ਹੈ, ਬੋਕੇ ਦਾ ਪਾਣੀ ਲੰਗਰ ਵਿਚ ਵਰਤਣ ਤੋਂ ਪਰਹੇਜ਼ ਨਹੀਂ ਹੈ। ਲੰਗਰ ਵਿਖੇ ਅਸਥਾਨਕ ਸੇਵਾਦਾਰਾਂ ਤੇ ਕੁਝ ਬਿਹੰਗਮਾਂ ਤੋਂ ਛੁੱਟ ਯਾਤਰੀਆਂ ਦੀ ਗਿਣਤੀ ਕੇਵਲ ਦੋਨੋਂ ਵਕਤ ਪੰਜ ਸਤ ਦੀ ਹੈ। ਕਾਰਨ ਇਹ ਹੈ ਕਿ ਮਸਤੂਆਣਾ ਵਾਲਿਆਂ ਦਾ ਆਪਣੇ ਬੁੰਗੇ ਦੇ ਲੰਗਰ ਅਤੇ ਰਿਹਾਇਸ਼ ਦਾ ਪਰਬੰਧ ਡਾਢਾ ਸੁਖਾਲਾ ਹੈ।"

ਇਹ ਚਿੱਠੀ ਕਿਸੇ ਗੁਰਬਚਨ ਸਿੰਘ ਵਲੋਂ ਪਾਈ ਗਈ ਸੀ। ਇਸੇ ਤਰ੍ਹਾਂ ਹੀ ਇਕ ਹੋਰ ਚਿੱਠੀ ਡਿਊਢੀ ਮਅੱਲਾ ਦੀਆਂ ਫਾਈਲਾਂ ਵਿਚ ਹੈ ਜੋ ਕਿ ਇਕ ਰਜਿਸਟਰਡ ਚਿੱਠੀ ਹੈ ਅਤੇ ਮਿਤੀ 3. 4. 1942 ਦੀ ਹੈ।[41] ਇਹ ਚਿੱਠੀ ਬਠਿੰਡਾ ਦੇ ਅਕਾਲ ਜਥੇ ਦੇ ਮੁਖੀਆ ਕਰਤਾਰ

40. *ਉਕਤ*, ਪੰਨੇ 142-44.
41. *ਉਕਤ*, ਪੰਨਾ 144.

ਸਿੰਘ ਅਤੇ ਇੰਦਰ ਸਿੰਘ ਵਲੋਂ ਹੈ। ਇਸ ਵਿਚ ਲਿਖਿਆ ਗਿਆ ਹੈ ਕਿ, "ਮਹਾਰਾਜਾ ਸਾਹਿਬ ਜੀਓ, ਦਾਸਾਂ ਦੀ ਪਰਾਰਥਨਾ ਹੈ ਕਿ ਇਸ ਵਕਤ ਤਖ਼ਤ ਸਿਰੀ ਦਮਦਮਾ ਸਾਹਿਬ ਦੀ ਪਵਿਰਤਾ ਨੂੰ ਕਾਇਮ ਰਖਣ ਲਈ ਹਜ਼ੂਰ ਨੂੰ ਫੌਰਨ ਸਟੈਪ ਲੈਣਾ ਚਾਹੀਦਾ ਹੈ ਤੇ ਇਸ ਮਹਾਨ ਪਵਿਤਰ ਅਸਥਾਨ ਦੀ ਮਹੱਤਤਾ ਨੂੰ ਸਫਲ ਕਰਨ ਲਈ ਸ਼ਹਿਜ਼ਾਦਪੁਰੀਆਂ ਪਾਸੋਂ ਹੇਠ ਲਿਖੀਆਂ ਭੁਲਾਂ ਤੇ ਹੋ ਰਹੀਆਂ ਕੁਰੀਤੀਆਂ ਦਾ ਸੁਧਾਰ ਕਰਨਾ ਚਾਹੀਦਾ ਹੈ। ਵੇਰਵੇ ਸਹਿਤ ਸ਼ਕਾਇਤ ਲਿਖ ਕੇ ਸ਼ਕਾਇਤ ਨੰਬਰ 9 ਵਿਚ ਲਿਖਿਆ ਹੈ ਕਿ ਪਰਬੰਧ ਇਥੋਂ ਤਕ ਖ਼ਰਾਬ ਹੋ ਗਿਆ ਹੈ ਕਿ ਗੁਰੂ ਗਰੰਥ ਸਾਹਿਬ ਜੀ ਦੀਆਂ ਬੀੜਾਂ ਦੀ ਪਰਵਾਹ ਨਹੀਂ ਕੀਤੀ ਜਾਂਦੀ ਜੈਸਾ ਕਿ ਤਖ਼ਤ ਸਾਹਿਬ ਉਪਰਲੇ ਗ੍ਰੰਥ ਸਾਹਿਬ ਦਾ ਪੰਨਾ 611 ਬਿਲਕੁਲ ਵੱਖਰਾ ਹੋ ਚੁੱਕਿਆ ਹੈ। ਇਸ ਦੀ ਮੁਰੰਮਤ ਵੀ ਨਹੀਂ ਕੀਤੀ ਜਾਂਦੀ।"

ਇਨ੍ਹਾਂ ਚਿੱਠੀਆਂ ਤੋਂ ਤਖ਼ਤ ਸਿਰੀ ਦਮਦਮਾ ਸਾਹਿਬ ਦੇ ਨਿਘਰੇ ਹੋਏ ਪਰਬੰਧ ਬਾਰੇ ਸਭ ਕੁਝ ਜਾਣਿਆ ਜਾ ਸਕਦਾ ਹੈ। ਜਿਸ ਤਰ੍ਹਾਂ ਪਹਿਲਾਂ ਮਹਾਰਾਜਾ ਰਣਜੀਤ ਸਿੰਘ ਨੇ ਤਖ਼ਤ ਸਾਹਿਬ ਦੀ ਸੇਵਾ ਕਰਨ ਦੀ ਇਜਾਜ਼ਤ ਮੰਗੀ ਸੀ ਅਤੇ ਇਹ ਦਿੱਤੀ ਨਹੀਂ ਸੀ ਗਈ ਉਸੇ ਤਰ੍ਹਾਂ ਪਿਛੋਂ 1920 ਵਿਆਂ ਵਿਚ ਕਿਸੇ ਸਮੇਂ ਸੰਤ ਅਤਰ ਸਿੰਘ ਜੀ ਮਸਤੂਆਣੇ ਵਾਲਿਆਂ ਨੇ ਵੀ ਪਟਿਆਲਾ ਰਿਆਸਤ ਤੋਂ ਤਖ਼ਤ ਸਾਹਿਬ ਦੀ ਸੇਵਾ ਕਰਾਉਣ ਦੀ ਇਜਾਜ਼ਤ ਮੰਗੀ ਸੀ। ਸੰਤ ਜੀ ਚਾਹੁੰਦੇ ਸਨ ਕਿ ਬਾਕੀ ਤਖ਼ਤਾਂ ਵਾਂਗ ਇਸ ਤਖ਼ਤ ਦੀ ਵੀ ਸ਼ਾਨ ਸ਼ੌਕਤ ਪੂਰੀ ਤਰ੍ਹਾਂ ਹੋਣੀ ਚਾਹੀਦੀ ਹੈ ਪਰ ਉਨ੍ਹਾਂ ਨੂੰ ਇਸ ਸੇਵਾ ਦੀ ਇਜਾਜ਼ਤ ਨਹੀਂ ਦਿੱਤੀ ਗਈ। ਸੇਵਾ ਕਰਨ ਦੀ ਇਜਾਜ਼ਤ ਨਾ ਦੇਣ ਦਾ ਮਕਸਦ ਤਾਂ ਸਿਰਫ ਇਹੀ ਸੀ ਕਿ ਇਸ ਤਰ੍ਹਾਂ ਕਰਨ ਨਾਲ ਤਖ਼ਤ ਸਾਹਿਬ ਦਾ ਪਰਬੰਧ ਸ਼ਹਿਜ਼ਾਦਪੁਰੀਆਂ ਦੇ ਹੱਥਾਂ ਵਿਚੋਂ ਨਿਕਲ ਕੇ ਆਮ ਸਿੱਖਾਂ ਦੇ ਹਥਾਂ ਵਿਚ ਚਲਾ ਜਾਵੇਗਾ ਜਿਸ ਨੂੰ ਕਿ ਸ਼ਹਿਜ਼ਾਦਪੁਰੀਏ ਚਾਹੁੰਦੇ ਨਹੀਂ ਸਨ। ਬਹਾਨਾ ਇਹ ਬਣਾਇਆ ਗਿਆ ਕਿ ਜੇਕਰ ਸੰਤ ਅਤਰ ਸਿੰਘ ਜੀ ਨੂੰ ਸੇਵਾ ਦੀ ਇਜਾਜ਼ਤ ਦੇ ਦਿੱਤੀ ਗਈ ਤਾਂ ਉਨ੍ਹਾਂ ਦੇ ਬਹਾਨੇ ਨਾਲ ਇਥੇ ਅਕਾਲੀ ਕਾਬਜ਼ ਹੋ ਜਾਣਗੇ ਅਤੇ ਇਸ ਤਰ੍ਹਾਂ ਇਹ ਤਖ਼ਤ ਸਰਕਾਰੀ ਕੰਟਰੋਲ ਵਿਚੋਂ ਨਿਕਲ ਜਾਵੇਗਾ।

ਪਰ ਸੰਤ ਅਤਰ ਸਿੰਘ ਜੀ ਦਾ ਸਿੱਖ ਸੰਗਤਾਂ ਵਿਚ ਅਤੇ ਰਿਆਸਤ ਪਟਿਆਲਾ ਦੇ ਦਰਬਾਰ ਵਿਚ ਬਹੁਤ ਜ਼ਿਆਦਾ ਅਸਰ ਰਸੂਖ ਸੀ, ਇਸ ਲਈ ਉਨ੍ਹਾਂ ਵਲੋਂ ਬਾਰ ਬਾਰ ਬੇਨਤੀ ਕਰਨ 'ਤੇ ਪਟਿਆਲਾ ਸਰਕਾਰ ਵਲੋਂ ਇਕ ਇਨਕੁਆਰੀ ਕਮੇਟੀ ਬਿਠਾਈ ਗਈ ਜਿਸ ਨੇ ਇਹ ਪੜਤਾਲ ਕਰਨੀ ਸੀ ਕਿ ਇਹ ਗੱਲ ਪੱਕੀ ਕੀਤੀ ਜਾਵੇ ਕਿ ਸੰਤ ਅਤਰ ਸਿੰਘ ਦੇ ਪਿੱਛੇ ਕਿਤੇ ਕੋਈ ਅਕਾਲੀਆਂ ਦੀ ਚਾਲ ਤਾਂ ਨਹੀਂ। ਇਸ ਤਰ੍ਹਾਂ ਦੀ ਇਕ ਰਿਪੋਰਟ 16 ਮਾਘ, 1980 ਬਿਕਰਮੀ (1923 ਈ.) ਨੂੰ ਪੇਸ਼ ਕੀਤੀ ਗਈ ਜਿਸ ਵਿਚ ਦਸਿਆ ਗਿਆ ਸੀ ਕਿ ਸੰਤ ਅਤਰ ਸਿੰਘ ਜੀ ਸੱਚਮੁੱਚ ਹੀ ਸੇਵਾ ਲਈ ਇਮਾਨਦਾਰ ਹਨ ਅਤੇ ਉਨ੍ਹਾਂ ਪਿੱਛੇ ਅਕਾਲੀਆਂ ਦਾ ਕੋਈ ਹੱਥ ਨਹੀਂ। ਇਸ ਤਰ੍ਹਾਂ ਸੰਤ ਜੀ ਨੂੰ ਤਖ਼ਤ ਸਾਹਿਬ ਦੀ ਜ਼ਮੀਨ ਵਿਚੋਂ ਕੁਝ ਹਿੱਸਾ ਦੇ ਦਿੱਤਾ। ਇਸ ਥਾਂ 'ਤੇ ਪਿੱਛੋਂ ਬੁੰਗਾ (ਗੁਰਦੁਆਰਾ) ਮਸਤੂਆਣਾ ਬਣਾਇਆ ਗਿਆ। ਇਹ ਜ਼ਮੀਨ ਸੰਤ ਜੀ ਨੇ ਆਪਣੇ ਇਕ ਉਤਰਾਧਿਕਾਰੀ ਸੰਤ ਗੁਲਾਬ ਸਿੰਘ ਦੇ ਨਾਮ ਲਗਵਾ ਦਿੱਤੀ ਸੀ। ਸੰਤ ਗੁਲਾਬ ਸਿੰਘ ਨੇ ਇਥੇ ਇਕ ਬਹੁਤ ਹੀ ਆਲੀਸ਼ਾਨ ਗੁਰਦੁਆਰਾ

ਉਸਾਰਿਆ। ਇਸ ਗੁਰਦੁਆਰੇ ਦੀ ਸ਼ਾਨ ਸ਼ੌਕਤ ਇਤਨੀ ਜ਼ਿਆਦਾ ਸੀ ਕਿ ਕਈ ਲੋਕ ਇਹ ਸੋਚ ਰਹੇ ਸਨ ਕਿ ਇਸ ਗੁਰਦੁਆਰੇ ਦੇ ਬਣਨ ਨਾਲ ਤਖ਼ਤ ਸਾਹਿਬ ਦੀ ਇਮਾਰਤ ਬਹੁਤ ਘਟੀਆ ਲਗਣ ਲਗ ਪਈ ਹੈ ਕਿਉਂਕਿ ਤਖ਼ਤ ਸਾਹਿਬ ਦੀ ਇਮਾਰਤ ਬਹੁਤ ਪੁਰਾਣੀ ਅਤੇ ਬੇਸੰਭਾਲ ਸੀ। ਇਸ ਲਈ ਕੁਝ ਲੋਕਾਂ ਨੇ ਇੱਕਠਿਆਂ ਹੋ ਕੇ ਸੰਤ ਗੁਲਾਬ ਸਿੰਘ ਜੀ ਨੂੰ ਬੇਨਤੀ ਕੀਤੀ ਕਿ ਉਹ ਇਸੇ ਤਰ੍ਹਾਂ ਹੀ ਤਖ਼ਤ ਸਾਹਿਬ ਦੀ ਇਮਾਰਤ ਵੀ ਨਵੀ ਬਣਵਾ ਦੇਣ। ਸੰਤ ਗੁਲਾਬ ਸਿੰਘ ਨੇ ਕਿਹਾ ਕਿ ਉਹ ਇਸ ਲਈ ਤਿਆਰ ਹਨ ਪਰ ਇਸ ਵਿਚ ਸਰਕਾਰ ਦਾ ਜਾਂ ਕਿਸੇ ਜਾਗੀਰਦਾਰ ਦਾ ਕੋਈ ਦਖ਼ਲ ਨਹੀਂ ਹੋਣਾ ਚਾਹੀਦਾ। ਪਰ ਇਸ ਲਈ ਸ਼ਹਿਜ਼ਾਦਪੁਰੀਏ ਤਿਆਰ ਨਾ ਹੋਏ ਤੇ ਤਖ਼ਤ ਸਾਹਿਬ ਦੀ ਨਵੀਂ ਇਮਾਰਤ ਨਾ ਬਣ ਸਕੀ।

ਸਮੇਂ ਸਮੇਂ 'ਤੇ ਤਖ਼ਤ ਸਿਰੀ ਦਮਦਮਾ ਸਾਹਿਬ ਦਾ ਪਰਬੰਧਕ ਪੰਥਕ ਕੰਟਰੋਲ ਹੇਠ ਲਿਆਉਣ ਲਈ ਅਵਾਜ਼ ਉਠਦੀ ਰਹੀ। ਕਿਉਂਕਿ ਗੁਰਦੁਆਰਾ ਐਕਟ ਅਨੁਸਾਰ ਗੁਰਦੁਆਰਾ ਪਰਬੰਧਕ ਕਮੇਟੀ ਹੋਂਦ ਵਿਚ ਆਈ ਹੋਈ ਸੀ ਇਸ ਲਈ ਰਿਆਸਤਾਂ ਵਿਚਲੇ ਗੁਰਦੁਆਰਿਆਂ ਦੇ ਪਰਬੰਧ ਨੂੰ ਸਰਕਾਰੀ ਹਥਾਂ ਵਿਚੋਂ ਕਢਣ ਦੀ ਐਜੀਟੇਸ਼ਨ ਨੂੰ ਜ਼ਿਆਦਾ ਚਿਰ ਟਾਲਿਆਂ ਨਹੀਂ ਜਾ ਸਕਦਾ ਸੀ।

26 ਮਈ, 1940 ਨੂੰ ਮਾਲਵਾ ਸੈਂਟਰਲ ਸਿੱਖ ਬੋਰਡ ਵਲੋਂ ਇਕ ਸਿੱਖ ਕਾਨਫਰੰਸ ਕੀਤੀ ਗਈ। ਇਸ ਦੀ ਪਰਧਾਨਗੀ ਸਰਦਾਰ ਬਲਵੰਤ ਸਿੰਘ ਖੁੜੰਜ ਨੇ ਕੀਤੀ ਸੀ। ਇਸ ਕਾਨਫਰੰਸ ਵਿਚ ਤਖ਼ਤ ਸਿਰੀ ਦਮਦਮਾ ਸਾਹਿਬ ਬਾਰੇ ਇਕ ਮਤਾ ਪਾਸ ਕੀਤਾ ਗਿਆ।

> *"ਅਜ ਦੀ ਪਹਿਲੀ ਮਾਲਵਾ ਸਿੱਖ ਕਾਨਫਰੰਸ ਦਾ ਇਹ ਸਮਾਗਮ ਇਸ ਗਲ ਨੂੰ ਲਿਖਤ ਵਿਚ ਲਿਆਉਣਾ ਜ਼ਰੂਰੀ ਸਮਝਦਾ ਹੈ ਕਿ ਤਖ਼ਤ ਸਿਰੀ ਦਮਦਮਾ ਸਾਹਿਬ (ਤਲਵੰਡੀ ਸਾਬੋ) ਦਾ ਨਾਂ ਅਰਦਾਸਿਆਂ ਵਿਚ ਕਿਸੇ ਭੁਲ ਕਾਰਨ ਨਹੀਂ ਲਿਆ ਜਾ ਰਿਹਾ ਜੋ ਕਿ ਲਿਆ ਜਾਣਾ ਚਾਹੀਦਾ ਹੈ ਤੇ ਸ਼ਰੋਮਣੀ ਗੁਰਦੁਆਰਾ ਪਰਬੰਧਕ ਕਮੇਟੀ ਨੂੰ ਚਿਤਾਵਨੀ ਕਰਾਉਂਦਾ ਹੈ ਕਿ ਇਸ ਸਬੰਧੀ ਜ਼ਰੂਰੀ ਕਾਰਵਾਈ ਕਰੇ ਤਾਂ ਕਿ ਸਮੂਚੇ ਪੰਥ ਵਿਚੋਂ ਇਹ ਚਲਿਆ ਆ ਰਿਹਾ ਭੁਲੇਖਾ ਦੂਰ ਹੋ ਜਾਵੇ।"*

ਇਸ ਤਰ੍ਹਾਂ ਜਦ ਵਾਰ ਵਾਰ ਸਥਾਨਕ ਸੰਗਤਾਂ ਵਲੋਂ ਇਸ ਤਰ੍ਹਾਂ ਦੀਆਂ ਅਵਾਜ਼ਾਂ ਆਉਣੀਆਂ ਸ਼ੁਰੂ ਹੋ ਗਈਆਂ ਤਾਂ ਦਰਬਾਰ ਪਟਿਆਲਾ ਵਲੋਂ ਇਹ ਐਲਾਨ ਕਰ ਦਿੱਤਾ ਗਿਆ ਕਿ ਕੋਈ ਵੀ ਗੁਰਦੁਆਰਾ, ਅਜਲਾਸ ਖਾਸ ਦੀ ਆਗਿਆ ਬਿਨਾਂ ਨਹੀ ਬਣਵਾਇਆ ਜਾ ਸਕਦਾ।

1940 ਈ. ਵਿਚ ਪਟਿਆਲਾ ਦੇ ਅਕਾਲੀ ਜੱਥੇ ਵਲੋਂ ਰਿਆਸਤ ਦੇ ਗੁਰਦੁਆਰਿਆਂ ਦਾ ਪਰਬੰਧ ਦੇਣ ਲਈ ਜਥੇਦਾਰ ਬਸੰਤ ਸਿੰਘ ਦੀ ਅਗਵਾਈ ਹੇਠ ਗੁਰਦੁਆਰਾ ਦੁੱਖ ਨਿਵਾਰਣ ਸਾਹਿਬ ਤੋਂ ਇਕ ਸੋ ਸਿੰਘਾਂ ਦਾ ਜਥਾ ਤੋਰਨ ਦਾ ਐਲਾਨ ਕਰ ਦਿੱਤਾ ਗਿਆ। ਪਰ ਜੱਥਾ ਤੁਰਨ ਦੇ ਸਮੇਂ ਤੋਂ ਪਹਿਲਾਂ ਹੀ ਮਾਸਟਰ ਤਾਰਾ ਸਿੰਘ ਅਤੇ ਗਿਆਨੀ ਕਰਤਾਰ ਸਿੰਘ ਨੇ ਵਿਚ ਪੈ ਕੇ ਅਕਾਲੀ ਜੱਥੇ ਅਤੇ ਮਹਾਰਾਜਾ ਪਟਿਆਲਾ ਵਿਚਕਾਰ ਇਕ ਰਸਮੀ ਜਿਹਾ ਸਮਝੋਤਾ ਕਰਵਾ ਦਿੱਤਾ ਜਿਸ ਅਨੁਸਾਰ ਇਕ ਇੰਟਰਮ ਬੋਰਡ ਹੋਣਾ ਸੀ ਜਿਸ ਵਿਚ ਕੁਝ

ਸਰਕਾਰੀ ਅਤੇ ਗੈਰ ਸਰਕਾਰੀ ਮੈਂਬਰ ਨਾਮਜਦ ਕੀਤੇ ਜਾਣੇ ਸਨ। ਇਸ ਬੋਰਡ ਦੇ ਪਰਧਾਨ ਸਰਦਾਰ ਕਿਸ਼ਨ ਸਿੰਘ ਬਣਾਏ ਗਏ ਜੋ ਪਹਿਲਾਂ ਡਿਓਢੀ ਮੁਅੱਲਾ ਦੇ ਸਰਦਾਰ ਸਨ। ਇਸ ਬੋਰਡ ਅਧੀਨ ਆਉਣ ਵਾਲੇ ਗੁਰਦੁਆਰਿਆਂ ਵਿਚ ਤਖ਼ਤ ਸਿਰੀ ਦਮਦਮਾ ਸਾਹਿਬ ਵੀ ਸੀ ਪਰ ਸ਼ਹਿਜ਼ਾਦਪੁਰੀਏ ਸਰਦਾਰ ਕਿਉਂਕਿ ਪਟਿਆਲਾ ਦਰਬਾਰ ਦੇ ਦੋਹਤੇ ਸਨ ਇਸ ਲਈ ਉਨ੍ਹਾਂ ਨੇ ਜ਼ੋਰ ਪਾ ਕੇ ਤਖ਼ਤ ਸਿਰੀ ਦਮਦਮਾ ਸਾਹਿਬ ਨੂੰ ਬੋਰਡ ਦੇ ਅਧੀਨ ਨਾ ਆਉਣ ਦਿੱਤਾ।

1947 ਦੀ ਭਾਰਤ ਅਤੇ ਪਾਕਿਸਤਾਨ ਦੀ ਵੰਡ ਪਿੱਛੋਂ 1948 ਵਿਚ ਸਾਰੀਆਂ ਸਿੱਖ ਰਿਆਸਤਾਂ ਤੋੜ ਕੇ ਪੈਪਸੂ ਬਣਾਇਆ ਗਿਆ ਸੀ। ਪਹਿਲਾ ਇੰਟਰਮ ਬੋਰਡ ਤੋੜ ਕੇ ਨਵਾਂ ਗੁਰਦੁਆਰਾ ਇੰਟਰਮ ਬੋਰਡ ਪਟਿਆਲਾ ਬਣਾਇਆ ਗਿਆ। ਸਾਰੀਆਂ ਸਿੱਖ ਰਿਆਸਤਾਂ ਦੇ ਕੁਲ 85 ਗੁਰਦੁਆਰੇ ਇਸ ਬੋਰਡ ਦੇ ਹਵਾਲੇ ਕੀਤੇ ਗਏ। ਪਰ ਅਜੇ ਵੀ ਸ਼ਹਿਜ਼ਾਦਪੁਰੀਆਂ ਨੇ ਆਪਣੇ ਅਸਰ ਰਸੂਖ ਦੇ ਜ਼ੋਰ 'ਤੇ ਤਖ਼ਤ ਸਿਰੀ ਦਮਦਮਾ ਸਾਹਿਬ ਦਾ ਪਰਬੰਧ ਇਸ ਬੋਰਡ ਦੇ ਹਵਾਲੇ ਨਾ ਕੀਤਾ। ਫਿਰ ਜਦੋਂ 1956 ਵਿਚ ਪੈਪਸੂ ਨੂੰ ਪੰਜਾਬ ਵਿਚ ਮਿਲਾ ਦਿੱਤਾ ਗਿਆ ਤਾਂ ਕਿਤੇ ਸ਼ਹਿਜ਼ਾਦਪੁਰੀਏ ਸਰਦਾਰਾਂ ਦੇ ਪੈਰ ਹਿਲੇ। ਕਿਉਂਕਿ ਪੰਜਾਬ ਵਿਚ ਗੁਰਦੁਆਰਾ ਐਕਟ ਲਾਗੂ ਸੀ ਇਸ ਲਈ ਪੈਪਸੂ ਦੇ ਪੰਜਾਬ ਵਿਚ ਸ਼ਾਮਲ ਕਰ ਲੈਣ ਨਾਲ ਪੈਪਸੂ ਦੇ ਗੁਰਦੁਆਰੇ ਵੀ ਪੰਜਾਬ ਗੁਰਦੁਆਰਾ ਐਕਟ ਦੇ ਅਧੀਨ ਆ ਗਏ। ਪਰ ਇਥੇ ਇਕ ਗਲ ਹੈਰਾਨ ਕਰਨ ਵਾਲੀ ਹੈ ਕਿ ਤਖ਼ਤ ਸਿਰੀ ਦਮਦਮਾ ਸਾਹਿਬ ਦਾ ਪਰਬੰਧ ਸਿਰਫ 1960 ਈ. ਵਿਚ ਹੀ ਸ਼ਰੋਮਣੀ ਕਮੇਟੀ ਦੇ ਅਧੀਨ ਹੋਇਆ ਸੀ। ਇਹ ਵੀ ਕਿਸੇ ਅਕਾਲੀ ਐਜੀਟੇਸ਼ਨ ਨਾਲ ਨਹੀਂ ਸਗੋਂ ਸ਼ਰੋਮਣੀ ਕਮੇਟੀ ਵਲੋਂ ਸ਼ਹਿਜ਼ਾਦਪੁਰੀਏ ਸਰਦਾਰ ਰਣਜੀਤ ਸਿੰਘ ਨਾਲ ਇਕ ਸਮਝੌਤੇ ਦੁਆਰਾ। ਇਹ ਸਮਝੌਤਾ ਸੀ ਕਿ ਤਖ਼ਤ ਸਿਰੀ ਦਮਦਮਾ ਸਾਹਿਬ ਦਾ ਪਰਬੰਧ ਦੇਣ ਬਦਲੇ ਸ. ਰਣਜੀਤ ਸਿੰਘ ਨੂੰ ਜੀਵਨ ਭਰ 350 ਰੁਪਏ ਮਹੀਨਾ ਪੈਨਸ਼ਨ ਵਜੋਂ ਦਿੱਤੇ ਜਾਇਆ ਕਰਨਗੇ।

1960 ਈ. ਵਿਚ ਤਖ਼ਤ ਸਿਰੀ ਦਮਦਮਾ ਸਾਹਿਬ ਦਾ ਪਰਬੰਧ ਸ਼ਰੋਮਣੀ ਕਮੇਟੀ ਨੂੰ ਮਿਲਿਆ। ਇਸ ਸਮੇਂ ਸੰਤ ਫਤਿਹ ਸਿੰਘ ਅਤੇ ਸੰਤ ਚੰਨਣ ਸਿੰਘ ਸਿੱਖ ਸਿਆਸਤ ਅਤੇ ਧਰਮ ਦੇ ਸਰਬੇ ਸਰਬਾ ਸਨ। ਇਸ ਸਮੇਂ ਤਖ਼ਤ ਸਿਰੀ ਦਮਦਮਾ ਸਾਹਿਬ ਨੂੰ ਤਖ਼ਤ ਦਾ ਦਰਜਾ ਦੇਣ ਦੀ ਮੰਗ ਦਾ ਜ਼ੋਰ ਵਧਿਆ। ਇਸ ਕੰਮ ਦੀ ਪੂਰਤੀ ਲਈ ਸ਼ਰੋਮਣੀ ਕਮੇਟੀ ਵਲੋਂ ਇਕ ਸਬ-ਕਮੇਟੀ ਬਣਾਈ ਗਈ ਜਿਸ ਨੇ ਤਖ਼ਤ ਸਿਰੀ ਦਮਦਮਾ ਸਾਹਿਬ ਬਾਰੇ ਰਿਪੋਰਟ ਦੇਣੀ ਸੀ। ਸਬ-ਕਮੇਟੀ ਦੀ ਰਿਪੋਰਟ ਨਵੰਬਰ, 1965 ਈ. ਦੇ ਗੁਰਦੁਆਰਾ ਗਜ਼ਟ ਵਿਚ ਛਪੀ ਹੈ। ਲੇਖਕ ਨੇ ਵੀ ਕਾਫ਼ੀ ਜਾਣਕਾਰੀ ਇਸੇ ਰਿਪੋਰਟ ਤੋਂ ਹੀ ਲਈ ਹੈ। ਇਸ ਕਮੇਟੀ ਦੀ ਰਿਪੋਰਟ ਪਿੱਛੋਂ ਸ਼ਰੋਮਣੀ ਗੁਰਦੁਆਰਾ ਪਰਬੰਧਕ ਕਮੇਟੀ ਵਲੋਂ 25 ਅਪਰੈਲ, 1964 ਈ. ਨੂੰ ਤਖ਼ਤ ਸਿਰੀ ਦਮਦਮਾ ਸਾਹਿਬ ਨੂੰ ਪੂਰੀ ਤਰ੍ਹਾਂ ਤਖ਼ਤ ਸਾਹਿਬ ਦਾ ਦਰਜਾ ਦੇ ਦਿੱਤਾ ਗਿਆ।

ਇਸ ਤਰ੍ਹਾਂ ਤਖ਼ਤ ਸਿਰੀ ਦਮਦਮਾ ਸਾਹਿਬ ਨੂੰ ਸ਼ਰੋਮਣੀ ਗੁਰਦੁਆਰਾ ਪਰਬੰਧਕ ਕਮੇਟੀ ਵਲੋਂ ਤਖ਼ਤ ਦਾ ਦਰਜਾ ਦੇਣ ਨਾਲ, ਤਖ਼ਤਾਂ ਦੀ ਗਿਣਤੀ ਪੰਜ ਪੂਰੀ ਹੋ ਗਈ। ਇਸ ਤੋਂ ਪਹਿਲਾਂ ਅਰਦਾਸ ਵਿਚ ਚਾਰ ਤਖ਼ਤਾਂ ਦਾ ਨਾਂ ਲਿਆ ਜਾਂਦਾ ਸੀ। ਇਸ ਸਮਝ ਨਹੀਂ ਆਉਂਦੀ ਕਿ ਅਰਦਾਸ ਵਿਚ ਚਾਰ ਤਖ਼ਤਾਂ ਦੀ ਰਵਾਇਤ ਕਿਸ ਤਰ੍ਹਾਂ ਜਾਂ ਕਦੋਂ ਕੁ ਤੋਂ ਚਾਲੂ

ਹੋਈ ਸੀ। ਜਦੋਂ ਕਿ ਤਖ਼ਤ ਮੁਢ ਤੋਂ ਹੀ ਪੰਜ ਸਨ। ਚਾਰ ਅਤੇ ਪੰਜ ਤਖ਼ਤਾ ਦੀ ਰਵਾਇਤ ਨੇ ਇਕ ਨਵੀਂ ਚਰਚਾ ਛੇੜ ਦਿੱਤੀ। ਕੁਝ ਲੋਕ ਤਖ਼ਤ ਸਿਰੀ ਦਮਦਮਾ ਸਾਹਿਬ ਨੂੰ ਪੰਜਵਾਂ ਤਖ਼ਤ ਮੰਨਣ ਨੂੰ ਤਿਆਰ ਹੀ ਨਹੀਂ ਸਨ। ਅਜਿਹੇ ਲੋਕ ਸ਼ਰੋਮਣੀ ਕਮੇਟੀ ਦੀ ਇਸ ਗੱਲ 'ਤੇ ਆਲੋਚਨਾ ਕਰਦੇ ਸਨ ਕਿ ਉਸ ਨੇ ਆਪਣੀ ਮਰਜ਼ੀ ਨਾਲ ਪੰਜਵਾਂ ਤਖ਼ਤ ਬਣਾ ਲਿਆ ਹੈ ਪਰ ਇਹ ਆਲੋਚਨਾ ਧਾਰਮਕ ਘਟ ਸੀ ਅਤੇ ਰਾਜਨੀਤਕ ਜ਼ਿਆਦਾ ਸੀ।

ਸ਼ਰੋਮਣੀ ਕਮੇਟੀ ਨੇ ਤਖ਼ਤ ਸਿਰੀ ਦਮਦਮਾ ਸਾਹਿਬ ਨੂੰ ਤਖ਼ਤ ਦਾ ਦਰਜਾ ਦੇ ਕੇ, ਸੰਤ ਹਰਚੰਦ ਸਿੰਘ ਲੌਂਗੋਵਾਲ ਨੂੰ ਇਸ ਦਾ ਪਹਿਲਾ ਜਥੇਦਾਰ ਥਾਪਿਆ। ਇਹ ਕੁਝ ਸਮਾਂ ਹੀ ਜਥੇਦਾਰ ਰਹੇ। ਉਨ੍ਹਾਂ ਦੇ ਪਿੱਛੋਂ ਜਥੇਦਾਰ ਸੰਤ ਲਖਾ ਸਿੰਘ ਨੂੰ ਬਣਾਇਆ ਗਿਆ। ਇਹ 1987 ਤਕ ਰਹੇ। ਪਰ ਇਨ੍ਹਾਂ ਨੂੰ ਆਪਰੇਸ਼ਨ ਬਲਿਊ ਸਟਾਰ ਦੌਰਾਨ ਅਤੇ ਪਿੱਛੋਂ ਕਾਇਰਤਾ ਅਤੇ ਢੀਠਤਾਈ ਦਿਖਾਉਣ ਕਰਕੇ ਸਰਬੱਤ ਖ਼ਾਲਸਾ ਵਲੋਂ ਜਨਵਰੀ, 1986 ਵਿਚ ਹਟਾ ਦਿੱਤਾ ਗਿਆ ਸੀ। ਇਸ ਦੀ ਥਾਂ 'ਤੇ ਸਿਰੀ ਦਮਦਮੀ ਟਕਸਾਲ ਵਿਚੋਂ ਸਿੱਖਿਆ ਪਰਾਪਤ ਕਰਨ ਵਾਲੇ ਭਾਈ ਜਸਵੰਤ ਸਿੰਘ ਨੂੰ ਜਥੇਦਾਰ ਥਾਪਿਆ ਗਿਆ ਸੀ। ਇਨ੍ਹਾਂ ਨੂੰ ਸਿਰੋਮਣੀ ਕਮੇਟੀ ਵਲੋਂ ਮਾਨਤਾ ਨਹੀ ਦਿੱਤੀ ਗਈ ਸੀ। ਸ਼ਿਰੋਮਣੀ ਕਮੇਟੀ ਨੇ ਭਾਈ ਕੇਵਲ ਸਿੰਘ ਦੀ ਨਿਯੁਕਤੀ ਕੀਤੀ ਸੀ। ਇਸ ਤਰ੍ਹਾਂ ਅੱਜ ਕੱਲ ਭਾਈ ਕੇਵਲ ਸਿੰਘ ਇਸ ਤਖ਼ਤ ਸਾਹਿਬ ਦੇ ਜਥੇਦਾਰ ਹਨ।

ਤਖ਼ਤ ਸਿਰੀ ਦਮਦਮਾ ਸਾਹਿਬ ਨਾਲ ਹੋਰ ਸੰਬਧਤ ਥਾਵਾਂ :

ਤਖ਼ਤ ਸਿਰੀ ਦਮਦਮਾ ਸਾਹਿਬ ਦੇ ਆਲੇ ਦੁਆਲੇ ਹੋਰ ਵੀ ਕਈ ਇਮਾਰਤਾਂ ਹਨ ਜਿਨ੍ਹਾਂ ਨਾਲ ਕੁਝ ਇਤਿਹਾਸਕ ਘਟਨਾਵਾਂ ਜੁੜੀਆਂ ਹੋਈਆਂ ਹਨ। ਅਜਿਹੀਆਂ ਥਾਵਾਂ ਦੀ ਕਾਫੀ ਗਿਣਤੀ ਹੈ। ਇਹ ਹੇਠ ਲਿਖੀਆਂ ਹਨ :

1. **ਗੁਰਦੁਆਰਾ ਮੰਜੀ ਸਾਹਿਬ, ਸਿਰੀ ਗੁਰੂ ਤੇਗ ਬਹਾਦਰ ਜੀ :** ਭਾਵੇਂ ਸਭ ਤੋਂ ਪਹਿਲਾਂ ਗੁਰੂ ਨਾਨਕ ਸਾਹਿਬ ਇਥੇ ਆਏ ਸਨ ਪਰ ਉਨ੍ਹਾਂ ਦੀ ਯਾਦ ਵਿਚ ਇਥੇ ਕੋਈ ਅਸਥਾਨ ਨਹੀਂ। ਪਿੱਛੋਂ ਨੌਵੇਂ ਗੁਰੂ, ਤੇਗ ਬਹਾਦਰ ਜੀ ਆਪਣੀ ਮਾਲਵਾ ਫੇਰੀ ਸਮੇਂ ਇਥੇ ਆਏ ਸਨ। ਗੁਰੂ ਜੀ ਨੇ ਇਥੇ ਰਹਿ ਕੇ ਇਕ ਸਰੋਵਰ ਤਿਆਰ ਕਰਵਾਇਆ ਸੀ। ਮਾਲਵਾ ਦੇਸ ਰਟਨ ਦੀ ਸਾਖੀ ਪੋਥੀ ਵਿਚ ਇਸ ਬਾਰੇ ਇਉਂ ਲਿਖਿਆ ਹੈ : "ਫੇਰ ਅਗਲੇ ਦਿਹੁੰ ਥੇਰੀ ਹੇਠ ਜਾਇ ਬੈਠੇ। ਸਿੱਖਾਂ ਨੂੰ ਬਚਨ ਕੀਤਾ : ਕਹੀਆਂ ਲਿਆਵੋਂ। ਸਿਖ ਲੈ ਆਏ। ਆਪ ਕਹੀ ਲੈ ਕੇ ਟਕ ਲਾਇਆ। ਆਪ ਕਾਰ ਕਢੀ, ਦੁਸ਼ਾਲੇ ਨਾਲ, ਪੰਜ ਵਾਰੀ। ਸਿੱਖ, ਸੰਤ, ਮਾਈ, ਬੀਬੀ ਸਭ ਕੋਈ ਲਗਾ ਕਾਰ ਕਢਨਿ।"[42]

ਇਸ ਲਈ ਗੁਰੂ ਤੇਗ ਬਹਾਦਰ ਜੀ ਦੀ ਯਾਦ ਵਿਚ ਇਕ ਗੁਰਦੁਆਰਾ ਮੰਜੀ ਸਾਹਿਬ ਦੇ ਨਾਂ ਹੇਠ ਤਖ਼ਤ ਸਾਹਿਬ ਦੇ ਬਿਲਕੁਲ ਨਾਲ ਲਗਦਾ ਹੈ। ਜੋ ਸਰੋਵਰ ਗੁਰੂ ਜੀ ਨੇ ਤਿਆਰ ਕਰਵਾਇਆ ਸੀ ਉਸ ਨੂੰ ਸਰੋਵਰ ਗੁਰੂ ਸਰ ਕਿਹਾ ਜਾਂਦਾ ਹੈ। ਅਜ ਕਲ ਇਥੇ ਬੜਾ ਸੁੰਦਰ ਅਤੇ ਵਿਸ਼ਾਲ ਸਰੋਵਰ ਹੈ। ਇਸ ਦੀ ਸੇਵਾ ਸੰਤ ਅਤਰ ਸਿੰਘ ਜੀ ਮਸਤੂਆਣੇ ਵਾਲਿਆਂ ਦੇ

---

42. *ਸਾਖੀ ਪੋਥੀ*, ਪੰਨਾ 21.

ਉਤਰਾਧਿਕਾਰੀਆਂ ਨੇ ਕਰਵਾਈ ਸੀ। ਇਸ ਦੇ ਕੰਢੇ 'ਤੇ ਇਕ ਬਹੁਤ ਆਲੀਸ਼ਾਨ ਗੁਰਦੁਆਰਾ ਹੈ ਜੋ ਇਨ੍ਹਾਂ ਸੰਤਾਂ ਦੀ ਟਕਸਾਲ ਰਾਹੀ ਹੀ ਉਸਾਰਿਆ ਗਿਆ ਹੈ। ਇਥੇ ਹੀ ਬਿਲਕੁਲ ਨਾਲ ਲਗਵਾਂ ਸੰਤ ਮਸਤੂਆਣੇ ਵਾਲਿਆਂ ਦਾ ਬੁੰਗਾ ਹੈ।

2. **ਗੁਰਦੁਆਰਾ ਲਿਖਣਸਰ ਸਾਹਿਬ** : ਇਹ ਗੁਰਦੁਆਰਾ ਤਖ਼ਤ ਸਾਹਿਬ ਦੇ ਨਾਲ ਹੀ ਪੂਰਬ ਦੀ ਗੁਠੇ ਬਣਿਆ ਹੋਇਆ ਹੈ। ਗੁਰੂ ਗੋਬਿੰਦ ਸਿੰਘ ਜੀ ਨੇ ਗੁਰੂ ਗ੍ਰੰਥ ਸਾਹਿਬ ਦੀ ਬੀੜ ਦੀ ਸੰਪਾਦਨਾ ਕਰਨ ਸਮੇਂ, ਇਥੇ ਸੈਂਕੜਿਆਂ ਦੀ ਗਿਣਤੀ ਵਿਚ ਕਲਮਾਂ ਘੜ ਘੜ ਕੇ ਰੱਖੀਆਂ ਸਨ ਅਤੇ ਵਰ ਦਿੱਤਾ ਸੀ ਕਿ ਇਥੇ ਵਿਦਿਆ ਦੀ ਇਕ ਟਕਸਾਲ ਸ਼ੁਰੂ ਹੋਵੇਗੀ ਅਤੇ ਹਰ ਕਿਸਮ ਦੇ ਲੋਕ ਗਿਆਨ ਪਰਾਪਤ ਕਰਨਗੇ। ਦੋਰਿਆਂ ਦੀ ਸਾਖੀ ਪੋਥੀ ਵਿਚ ਲਿਖਿਆ ਹੈ "ਇਕ ਦਿਨ ਡਲੇ ਹਜੂਰ ਹਥ ਜੋੜ ਕੇ ਕਹਿਆ : 'ਪਾਤਿਸਾਹ ਜੀ, ਕੀ ਹੁਕਮ ਹੈ? ਕਈ ਹਜਾਰ ਲਿਖਣ ਘੜੀਦੀ ਹੈ, ਫੇਰ ਸੁੱਟ ਦਿਤੀਆਂ ਜਾਂਦੀਆਂ ਹਨ।[43] ਜੀ ਪਾਤਿਸ਼ਾਹ ਇਹ ਕੀ ਸੁਭਾਉ ਪਾਇਆ ਹੈ ?' ਗੁਰੂ ਜੀ ਕਹਿੰਦੇ : 'ਡਲ ਸਿੰਘ ਇਥੇ ਸਿਖ ਸਿਖਾਇਤ ਪੜੇਗੇ ਕਈ ਹਜਾਰ। ਹੁਣਿ ਤਾਂ ਨਾਹੀਂ ਕੋਈ ਪੜਦਾ, ਜਦੋਂ ਪੜਨਗੇ, ਉਦੋਂ ਬਣਾਇ ਲੈਣਗੇ। ਇਹ ਹਮਾਰੀ ਦ੍ਰਿਸਟਿ ਹੈ।" ਅਜ ਕਲ ਇਸ ਥਾਂ 'ਤੇ ਬਹੁਤ ਅਛਾ ਸਰੋਵਰ ਬਣਿਆ ਹੋਇਆ ਹੈ।

3. **ਗੁਰਦੁਆਰਾ ਜੰਡ ਸਰ ਸਾਹਿਬ** : ਇਹ ਅਸਥਾਨ, ਤਲਵੰਡੀ ਸਾਬੋ ਤੋਂ ਅਧ ਮੀਲ ਦੀ ਵਿਥ 'ਤੇ ਉੱਤਰ-ਪੱਛਮ ਵਲ ਹੈ। ਰਵਾਇਤ ਹੈ ਕਿ ਗੁਰੂ ਸਾਹਿਬ ਨੇ ਇਥੇ ਆਪਣੇ ਸਿੰਘ ਸਿਪਾਹੀਆਂ ਨੂੰ ਤਨਖਾਹਾਂ ਵੰਡੀਆਂ ਸਨ। ਗੁਰੂ ਸਾਹਿਬ ਨੇ ਇਥੇ ਜਿਸ ਜੰਡ ਨਾਲ ਆਪਣਾ ਘੋੜਾ ਬੰਨਿਆ ਸੀ ਉਹ ਜੰਡ ਅਜ ਤਕ ਹਰਾ ਖੜਾ ਹੈ। ਪਿੱਛੋਂ ਇਸ ਥਾਂ 'ਤੇ ਇਕ ਗੁਰਦੁਆਰਾ ਅਤੇ ਇਕ ਸਰੋਵਰ ਤਿਆਰ ਕਰਵਾਇਆ ਗਿਆ। ਸਰੋਵਰ ਨੂੰ ਜੰਡਸਰ ਕਿਹਾ ਜਾਂਦਾ ਹੈ।

4. **ਗੁਰਦੁਆਰਾ ਟਿੱਬੀ ਸਾਹਿਬ** : ਇਹ ਅਸਥਾਨ ਕਸਬੇ ਤੋਂ ਇਕ ਕਿਲੋਮੀਟਰ ਦੇ ਫ਼ਾਸਲੇ 'ਤੇ ਉੱਤਰ-ਪੱਛਮ ਵਲ ਹੈ। ਇਥੇ ਗੁਰੂ ਜੀ ਨੇ ਹੋਲਾ-ਮਹੱਲਾ ਖੇਡਿਆ ਸੀ ਅਤੇ ਸਿੰਘਾਂ ਨੂੰ ਸੂਰਮਗਤੀ ਦੀਆਂ ਸਿੱਖਿਆਵਾਂ ਦਿੱਤੀਆਂ ਸਨ। ਇਥੇ ਹੀ ਇਕ ਕੱਚਾ ਸਰੋਵਰ ਹੈ ਜਿਸ ਦਾ ਨਾਂ ਮਹਲਸਰ ਹੈ।

5. **ਸ੍ਰੀ ਨਾਨਕਸਰ** : ਇਹ ਸਰੋਵਰ, ਲਿਖਣਸਰ ਅਤੇ ਜੰਡ ਸਰ ਦੇ ਵਿਚਕਾਰ, ਕੱਚੇ ਤਾਲ ਤੋਂ ਥੋੜਾ ਜਿਹਾ ਪਰੇ ਕੱਸੀ ਵਲ ਗੁਰੂ ਨਾਨਕ ਸਾਹਿਬ ਜੀ ਦੀ ਯਾਦ ਵਿਚ ਬਣਾਇਆ ਗਿਆ ਹੈ।

ਇਨ੍ਹਾਂ ਉਪਰੋਕਤ ਅਸਥਾਨਾਂ ਤੋਂ ਇਲਾਵਾ ਕੁਝ ਹੋਰ ਅਸਥਾਨ ਵੀ ਹਨ ਜਿਨ੍ਹਾਂ ਦੀ ਆਪਣੀ ਹੀ ਮਹਾਨਤਾ ਹੈ। ਇਹ ਹਨ ਗੁਰਦੁਆਰਾ ਮਾਤਾ ਸੁੰਦਰੀ ਜੀ ਅਤੇ ਸਾਹਿਬ ਕੌਰ

---

43. ਕਲਮਾਂ ਘੜ ਘੜ ਕੇ ਸਿਟਣ ਦੀ ਗੱਲ ਠੀਕ ਨਹੀਂ ਹੈ। ਅਸਲ ਵਿਚ ਗੱਲ ਇਉਂ ਹੈ ਕਿ ਗੁਰੂ ਗ੍ਰੰਥ ਸਾਹਿਬ ਦੀ ਪੁਨਰ-ਸੰਪਾਦਨਾ ਕਰਨ ਸਮੇਂ ਅਨੇਕਾਂ ਕਲਮਾਂ ਦੀ ਲੋੜ ਪਈ ਹੋਵੇਗੀ। ਇਕ ਵਾਰ ਘਸੀ ਹੋਈ ਜਾਂ ਬੇਕਾਰ ਹੋਈ ਕਲਮ ਨੂੰ ਸੁੱਟਣ ਦੀ ਬਜਾਏ, ਲੇਖਣੀ ਦਾ ਸਤਿਕਾਰ ਕਰਦੇ ਹੋਏ ਉਸ ਨੂੰ ਧਰਤੀ ਵਿਚ ਦੱਬ ਦਿੱਤਾ ਜਾਂਦਾ ਸੀ ਤਾਂ ਕਿ ਪਵਿੱਤਰ ਗੁਰਬਾਣੀ ਨੂੰ ਲਿਖਣ ਵਾਲੀ ਕਲਮ ਰੁਲਦੀ ਨਾ ਰਹੇ। ਕਲਮਾਂ ਦਾ ਦੱਬਣਾ ਜਾਂ ਸੁੱਟਣਾ ਇਸੇ ਗੱਲ ਦਾ ਪਰਤੀਕ ਹੈ।

ਜੀ। ਇਥੇ ਮਾਤਾਵਾਂ ਜੀ ਆਪਣੀ ਰਿਹਾਇਸ਼ ਰਖਦੀਆਂ ਸਨ। ਇਕ ਬੁਰਜ ਬਾਬਾ ਦੀਪ ਸਿੰਘ ਹੈ। ਇਥੇ ਬਾਬਾ ਜੀ ਰਿਹਾ ਕਰਦੇ ਸਨ ਅਤੇ ਟਕਸਾਲ ਚਲਾਇਆ ਕਰਦੇ ਸਨ।

ਭੋਰਾ ਬਾਬਾ ਦੀਪ ਸਿੰਘ—ਇਸ ਭੋਰੇ ਵਿਚ ਬੈਠ ਕੇ ਬਾਬਾ ਜੀ ਲਿਖਣ ਪੜ੍ਹਨ ਦਾ ਕੰਮ ਕਰਿਆ ਕਰਦੇ ਸਨ ਅਤੇ ਖੂਹ ਬਾਬਾ ਦੀਪ ਸਿੰਘ ਆਦਿ।

ਇਨ੍ਹਾਂ ਤੋਂ ਇਲਾਵਾ ਕੁਝ ਬੁੰਗੇ ਵੀ ਹਨ। ਅਸਲ ਵਿਚ ਜਿਥੇ ਵੀ ਸਿੱਖਾਂ ਦੇ ਤਖ਼ਤ ਸ਼ਸ਼ੋਭਤ ਹਨ ਉਥੇ ਹਰ ਥਾਂ 'ਤੇ ਬੁੰਗੇ ਸੁਭਾਇਮਾਨ ਹਨ। ਬੁੰਗੇ ਦਾ ਅਰਥ ਰਹਿਣ ਵਾਲੀ ਥਾਂ ਤੋਂ ਹੈ। ਤਖ਼ਤਾਂ ਦੇ ਆਲੇ ਦੁਆਲੇ ਬੁੰਗੇ ਕਿਉਂ ਹੁੰਦੇ ਸਨ? ਇਸ ਦਾ ਵੀ ਇਕ ਖਾਸ ਰਾਜ਼ ਹੁੰਦਾ ਸੀ। ਤਖ਼ਤ, ਆਪਣੇ ਨੀਯਤ ਇਲਾਕੇ ਦਾ ਕੇਂਦਰ ਹੁੰਦਾ ਸੀ। ਹਰ ਛਿਮਾਹੀ ਦਿਵਾਲੀ ਜਾਂ ਵਿਸਾਖੀ ਨੂੰ ਖਾਲਸਾ ਪੰਥ ਦੇ ਵਖ ਵਖ ਗਰੁੱਪ ਤਖ਼ਤ ਸਾਹਿਬ 'ਤੇ ਗੁਰਮਤੇ ਕਰਨ ਲਈ ਇਕੱਠੇ ਹੁੰਦੇ ਸਨ। ਇਸ ਲਈ ਅਜਿਹੇ ਇਕੱਠਾਂ ਸਮੇਂ ਆਪੋ ਆਪਣੀ ਰਿਹਾਇਸ਼ ਲਈ ਹਰ ਗਰੁੱਪ ਜਾਂ ਜੱਥਾ ਆਪਣਾ ਆਪਣਾ ਬੁੰਗਾ ਬਣਾ ਲੈਂਦਾ ਸੀ। ਅਕਾਲ ਤਖ਼ਤ ਸਾਹਿਬ ਅੰਮ੍ਰਿਤਸਰ ਵਿਖੇ ਤਾਂ ਹਰ ਮਿਸਲ ਦਾ ਆਪਣਾ ਆਪਣਾ ਬੁੰਗਾ ਸੀ। ਭਾਵੇਂ ਇਸ ਤਰ੍ਹਾਂ ਹਰ ਮਿਸਲ ਅਨੁਸਾਰ ਤਖ਼ਤ ਦਮਦਮਾ ਸਾਹਿਬ ਵਿਖੇ ਬੁੰਗੇ ਨਹੀਂ ਹਨ ਪਰ ਇਥੇ ਪਿੱਛੋਂ ਗੁਰਬਾਣੀ ਦਾ ਪਰਚਾਰ ਕਰਨ ਲਈ ਜਾਂ ਤਖ਼ਤ ਸਾਹਿਬ ਦੀ ਸੇਵਾ ਕਰਨ ਲਈ ਜਿਹੜੇ ਵੱਖ ਵੱਖ ਸਿੱਖ ਸੰਤ ਜਾਂ ਵਿਦਵਾਨ ਰਹਿੰਦੇ ਰਹੇ ਉਨ੍ਹਾਂ ਨੇ ਆਪਣੇ ਆਪਣੇ ਬੁੰਗੇ ਬਣਾ ਲਏ ਸਨ। ਇਹ ਬੁੰਗੇ ਹਨ :

1. ਬੁੰਗਾ ਚੇਤ ਸਿੰਘ, ਜੋ ਭਾਈ ਕਾਨ੍ਹ ਸਿੰਘ ਨੇ ਬਣਵਾਇਆ ਸੀ।
2. ਬੁੰਗਾ ਕੱਟੂਵਾਲਾ, ਜਿਸ ਦੀ ਪੱਕੀ ਇਮਾਰਤ ਸੰਤ ਗੁਲਾਬ ਸਿੰਘ ਨੇ ਤਿਆਰ ਕਰਵਾਈ ਸੀ ਤੇ ਸੰਤ ਬਿਸ਼ਨ ਸਿੰਘ ਵਲੋਂ 45 ਰੁਪਏ ਮਹੀਨਾ ਪਾਠਸ਼ਾਲਾ ਵਾਸਤੇ ਚੰਦਾ ਮਿਲਦਾ ਸੀ।
3. ਮਦਰਸਾ ਬੁੰਗਾ : ਇਸ ਨੂੰ ਸੰਤ ਗੁਲਾਬ ਸਿੰਘ ਜੀ ਨੇ ਬਣਾਇਆ ਸੀ।
4. ਹੇਠਲਾ ਬੁੰਗਾ, ਸਰਦਾਰ ਆਤਮਾ ਸਿੰਘ ਨੇ ਬਣਵਾਇਆ ਸੀ।
5. ਉਚਾ ਬੁੰਗਾ, ਸ. ਜੀਤ ਸਿੰਘ ਨੇ ਬਣਵਾਇਆ ਸੀ ਅਤੇ 2600 ਰੁਪਏ ਦੀ ਸਲਾਨਾ ਆਮਦਨੀ ਵਾਲੀ ਜ਼ਮੀਨ ਅਰਦਾਸ ਕਰਵਾਈ ਸੀ।
6. ਮਲਵਈ ਬੁੰਗਾ, ਇਹ ਮਾਲਵੇ ਦੇ ਸਿੱਖਾਂ ਦਾ ਨਿਵਾਸ ਅਸਥਾਨ ਸੀ। ਇਸ ਨੂੰ ਵੀ ਸ. ਜੀਤ ਸਿੰਘ ਨੇ ਬਣਵਾਇਆ ਸੀ। ਰਿਆਸਤ ਪਟਿਆਲਾ ਵਲੋਂ ਇਸ ਨੂੰ 84 ਬਿਘੇ ਜ਼ਮੀਨ ਮਾਫੀ ਦਿਵਾਈ ਗਈ ਸੀ।
7. ਬੁੰਗਾ ਮਜ਼ਹਬੀਆਂ ਦਾ। ਇਸ ਬੁੰਗੇ ਦੇ ਸਿੰਘ ਸ਼ੁਰੂ ਤੋਂ ਹੀ ਤਖ਼ਤ ਸਾਹਿਬ ਦੀ ਸੇਵਾ ਕਰਦੇ ਆਏ ਹਨ ਤੇ ਆਪਣੇ ਵਲੋਂ ਸ਼ਬਦ ਚੋਕੀ ਵੀ ਵੱਖਰੀ ਲਾਉਂਦੇ ਹਨ।
8. ਬੁੰਗਾ ਸੰਤ ਅਤਰ ਸਿੰਘ ਜੀ ਮਸਤੂਆਣੇ ਵਾਲਿਆਂ ਦਾ। ਇਹ ਬੁੰਗਾ ਅਜ ਕਲ ਇਕ ਬਹੁਤ ਖੂਬਸੂਰਤ ਗੁਰਦੁਆਰੇ ਦੀ ਸ਼ਕਲ ਵਿਚ ਸ਼ਸ਼ੋਭਤ ਹੈ। ਇਥੇ ਸੰਗਤਾਂ ਲਈ ਲੰਗਰ ਦਾ ਅਤੇ ਰਿਹਾਇਸ਼ ਦਾ ਪੂਰਾ ਪਰਬੰਧ ਹੈ।

ਇਨ੍ਹਾਂ ਵਿਚੋਂ ਕੁਝ ਬੁੰਗੇ ਹੁਣ ਤਕ ਗਿਰ ਚੁੱਕੇ ਹਨ ਜਾਂ ਗਿਰਾ ਦਿੱਤੇ ਗਏ ਹਨ। ਸਿੱਖ

ਸੰਤਾਂ ਵਲੋਂ ਨਵੇਂ ਗੁਰਦੁਆਰੇ ਉਸਾਰਨ ਦੀ ਲਾਲਸਾ ਨੇ ਸਭ ਪੁਰਾਣੀਆਂ ਇਮਾਰਤਾਂ ਜਾਂ ਬੁੰਗਿਆਂ ਨੂੰ ਗਿਰਾ ਕੇ, ਪੁਰਾਣੀਆਂ ਯਾਦਗਾਰਾਂ ਖਤਮ ਕਰ ਦਿੱਤੀਆਂ ਗਈਆਂ ਹਨ।

ਤਖ਼ਤ ਸਿਰੀ ਦਮਦਮਾ ਸਾਹਿਬ ਉਪਰ ਕੁਝ ਯਾਦਗਾਰੀ ਵਸਤਾਂ :

(ੳ) ਜੋ ਵਸਤਾਂ ਕਪਤਾਨ ਰਣਜੀਤ ਸਿੰਘ ਤੋਂ ਕਬਜਾ ਲੈਣ ਸਮੇਂ ਮਿਲੀਆਂ :

1. ਦਸਮ ਪਾਤਸ਼ਾਹ ਦੀ ਸਿਰੀ ਸਾਹਿਬ
2. ਬਾਬਾ ਦੀਪ ਸਿੰਘ ਜੀ ਦਾ ਤੇਗਾ
3. ਦਸਮ ਪਾਤਸ਼ਾਹ ਦੀ ਉਹ ਬੰਦੂਕ, ਜਿਸ ਨਾਲ ਸਿੱਖਾਂ ਦਾ ਸਿਦਕ ਪਰਖਿਆ ਗਿਆ ਸੀ।
4. ਮੋਹਰ ਤਖ਼ਤ ਸਾਹਿਬ
5. ਆਦਿ ਬੀੜ ਗੁਰੂ ਗ੍ਰੰਥ ਸਾਹਿਬ ਜੀ
6. ਦਸਮ ਪਾਤਸ਼ਾਹ ਨੂੰ ਭੇਟ ਕੀਤਾ ਇਕ ਸ਼ੀਸ਼ਾ

(ਅ) ਇਹ ਹੇਠਾਂ ਲਿਖੀਆਂ ਵਸਤਾਂ ਸ: ਸ਼ਮਸ਼ੇਰ ਸਿੰਘ ਦੇ ਮੁਤਬੰਨੇ ਪੁਤਰ ਸ. ਗੁਰਤੇਜ ਸਿੰਘ ਦੇ ਘਰ ਹਨ :

1. ਦਸਮ ਪਾਤਸ਼ਾਹ ਦੇ ਦੋ ਦਸਤਾਰੇ, ਇਕ ਚੋਲਾ, ਇਕ ਪਜਾਮਾ, ਇਕ ਡੋਰਾ ਬਾਜ ਦਾ, ਇਕ ਖੰਡਾ, ਇਕ ਢਾਲ ਅਤੇ ਕੁਝ ਬਸਤਰ ਮਾਤਾ ਸਾਹਿਬ ਕੌਰ ਜੀ ਦੇ ਹਨ।

ਤਖ਼ਤ ਸਿਰੀ ਦਮਦਮਾ ਸਾਹਿਬ ਜੀ ਦਾ ਸਿੱਖ ਇਤਿਹਾਸ ਵਿਚ ਅਸਥਾਨ : ਭਾਵੇਂ ਤਖ਼ਤ ਸਿਰੀ ਦਮਦਮਾ ਸਾਹਿਬ ਜੀ ਨੂੰ ਕਾਨੂੰਨੀ ਤੌਰ 'ਤੇ ਤਖ਼ਤ ਦਾ ਦਰਜਾ 1964 ਈ. ਵਿਚ ਹੀ ਮਿਲਿਆ ਹੈ ਪਰ ਇਸ ਦਾ ਸਿੱਖ ਇਤਿਹਾਸ ਵਿਚ ਬਹੁਤ ਹੀ ਮਹੱਤਵਪੂਰਣ ਅਸਥਾਨ ਰਿਹਾ ਹੈ। ਇਸ ਦਾ ਕਾਰਨ ਸਿਰਫ ਇਹੀ ਸੀ ਕਿ ਇਹ ਅਸਥਾਨ, ਸੁਤੇ ਸਿੱਧ ਹੀ ਇਕ ਐਸੇ ਜਾਗੀਰਦਾਰ ਘਰਾਣੇ ਦੇ ਹਥਾਂ ਵਿਚ ਆ ਗਿਆ ਸੀ ਜਿਸ ਨੇ ਇਸ ਦੀ ਤਖ਼ਤ ਸਾਹਿਬ ਵਾਲੀ ਮਹਾਨਤਾ ਨੂੰ ਕੁਝ ਸਮੇਂ ਲਈ ਸਿੱਖਾਂ ਲਈ ਖ਼ਤਮ ਕਰ ਕੇ, ਇਕ ਸਧਾਰਨ ਜਾਗੀਰ ਵਿਚ ਬਦਲ ਦਿੱਤਾ ਸੀ। ਪਰ ਇਸ ਦੀ ਜੋ ਅਸਲ ਮਹਾਨਤਾ ਰਹੀ ਹੈ ਉਸ ਨੇ ਇਕ ਨਾ ਇਕ ਦਿਨ ਤਾਂ ਸਾਹਮਣੇ ਆਉਣਾ ਹੀ ਸੀ।

ਦਸਮ ਪਾਤਸ਼ਾਹ ਵਲੋਂ ਸਿੱਖਾਂ ਦੇ ਪੰਜ ਤਖ਼ਤ ਸਥਾਪਤ ਕਰਨ ਕਰਕੇ ਪੰਜਾਂ ਹੀ ਤਖ਼ਤਾਂ ਦੀ ਆਪਣੇ ਆਪਣੇ ਇਲਾਕੇ ਵਿਚ ਇਕ ਆਪਣੀ ਹੀ ਮਹਾਨਤਾ ਰਹੀ ਹੈ। ਪਰ ਫਿਰ ਵੀ ਪੰਜਾਂ ਵਿਚੋਂ, ਤਖ਼ਤ ਸਿਰੀ ਦਮਦਮਾ ਸਾਹਿਬ ਹੀ ਇਕ ਐਸਾ ਤਖ਼ਤ ਹੈ ਜਿਹੜਾ ਬਾਕੀ ਤਖ਼ਤਾਂ ਨਾਲੋਂ ਬਿਲਕੁਲ ਵਖਰੇ ਰੂਪ ਵਿਚ ਰਿਹਾ ਹੈ। ਪਰ ਜਿਸ ਤਰ੍ਹਾਂ ਬਾਕੀ ਗੁਰਦੁਆਰਿਆਂ ਦੀ ਤਰ੍ਹਾਂ, ਬਾਕੀ ਤਖ਼ਤ ਵੀ ਬਾਹਮਣਵਾਦੀ ਕਿਸਮ ਦੇ ਪੁਜਾਰੀਆਂ ਦੀ ਜੱਦੀ ਜਾਇਦਾਦ ਬਣ ਗਏ ਸਨ, ਉਸ ਤਰ੍ਹਾਂ ਤਖ਼ਤ ਸਿਰੀ ਦਮਦਮਾ ਸਾਹਿਬ ਇਨ੍ਹਾਂ ਪੁਜਾਰੀਆਂ ਦੀ ਜਾਇਦਾਦ ਨਾਂ ਬਣ ਸਕਿਆ। ਸਮੇਂ ਦੇ ਚੱਕਰ ਨਾਲ ਜੇ ਇਹ ਸ਼ਹਿਜ਼ਾਦਪੁਰੀਆਂ ਦੀ ਨਿਜੀ ਜਾਗੀਰ ਬਣ ਗਿਆ ਸੀ ਉਸ ਨਾਲ ਇਸ ਨੂੰ ਕੁਝ ਵਕਤੀ ਸੱਟ ਤਾਂ ਜ਼ਰੂਰ ਵੱਜੀ ਪਰ ਇਸ ਸਮੇਂ ਵੀ ਇਥੇ ਅਨੇਕਾਂ ਪੰਥਕ ਇਕੱਠ ਹੁੰਦੇ ਰਹੇ ਅਤੇ ਫੈਸਲੇ ਕਰਦੇ ਰਹੇ। ਇਸ ਦਾ ਕਾਰਨ ਸੀ ਕਿ ਇਸ ਦੇ ਪਰਬੰਧਕ ਸਰਦਾਰ ਜੱਟ ਸਿਖ ਸਨ ਅਤੇ ਇਹ ਇਕ ਸਿੱਖ ਰਿਆਸਤ ਵਿਚ ਵਾਕਿਆ ਸੀ

ਜਿਸ ਕਰਕੇ ਇਸ ਦਾ ਪਰਬੰਧ ਗਲਤ ਹਥਾਂ ਵਿਚ ਹੋਣ 'ਤੇ ਵੀ ਇਸਦਾ ਸਿੱਖੀ ਕਰੈਕਟਰ ਕੁਝ ਹਦ ਤਕ ਬਣਿਆ ਰਿਹਾ ਸੀ।

ਦੂਸਰਾ, ਜਿਸ ਸਮੇਂ ਸਿਰੀ ਅਕਾਲ ਤਖ਼ਤ ਸਾਹਿਬ ਅਤੇ ਹਰ ਤਖ਼ਤਾਂ ਤੋਂ ਪੁਜਾਰੀਆਂ ਵਲੋਂ ਹਕੂਮਤ ਪੱਖੀ ਸਿੱਖਾਂ ਦਾ ਪਖ ਪੂਰ ਕੇ, ਸੱਚੇ ਸੁੱਚੇ ਸਿੱਖ ਵਿਦਵਾਨਾਂ (ਗੁਰਮੁਖ ਸਿੰਘ) ਅਤੇ ਨੇਤਾਵਾਂ ਵਿਰੁੱਧ ਹੁਕਮਨਾਮੇ ਜਾਰੀ ਕੀਤੇ ਜਾਂਦੇ ਸਨ ਅਤੇ ਸਿੱਖ ਵਿਰੋਧੀ ਰਸਮਾਂ ਹੁੰਦੀਆਂ ਸਨ ਉਸ ਤਰ੍ਹਾਂ ਤਖ਼ਤ ਸਿਰੀ ਦਮਦਮਾ ਸਾਹਿਬ ਉਪਰੋਂ ਨਹੀਂ ਹੋਇਆ। ਸਗੋਂ ਇਸ ਦੇ ਉਲਟ ਇਥੇ ਅਜਿਹੇ ਸਮੇਂ ਪੰਥਕ ਫ਼ੈਸਲੇ ਹੁੰਦੇ ਰਹੇ।

ਜਿਸ ਸਮੇਂ ਭਾਈ ਕਾਨ੍ਹ ਸਿੰਘ ਜੀ ਨਾਭਾ ਨੇ ਆਪਣੀ ਪੁਸਤਕ 'ਹਮ ਹਿੰਦੂ ਨਹੀਂ' ਲਿਖੀ ਤਾਂ ਕਈ ਪੰਥ ਵਿਰੋਧੀ ਲੋਕਾਂ ਅਤੇ ਕਈ ਜਾਤੀ ਤੌਰ 'ਤੇ ਈਰਖਾਲੂਆਂ ਨੇ ਇਸ ਦੇ ਖਿਲਾਫ ਇਹ ਕਹਿ ਕੇ ਰੌਲਾ ਪਾਇਆ ਕਿ ਇਹ ਪੁਸਤਕ ਹਿੰਦੂਆਂ-ਸਿੱਖਾਂ ਵਿਚ ਫੁੱਟ ਪਾਉਣ ਵਾਲੀ ਹੈ। ਇਸ ਚਰਚਾ ਤੋਂ ਦੁਖੀ ਹੋ ਕੇ ਭਾਈ ਕਾਨ੍ਹ ਸਿੰਘ ਜੀ ਨੇ ਆਪਣੀ ਪੁਸਤਕ ਦੀ ਕਾਪੀ ਤਖ਼ਤ ਸਿਰੀ ਦਮਦਮਾ ਸਾਹਿਬ ਜੀ ਨੂੰ ਭੇਜੀ। ਉਨ੍ਹਾਂ ਨੇ ਇਸ ਪੁਸਤਕ ਨੂੰ ਪੜ੍ਹ ਕੇ ਹੇਠ ਲਿਖਿਆ ਹੁਕਮਨਾਮਾ ਜਾਰੀ ਕੀਤਾ :

ੴ ਸਤਿਗੁਰ ਪ੍ਰਸਾਦਿ ॥

> *ਸ੍ਰੀ ਸਤਗੁਰ ਜੀ ਕੇ ਪਯਾਰੇ ਸ੍ਰੀ ਸਤਿਗੁਰੂ ਜੀ ਕੇ ਸਵਾਰੇ ਸ੍ਰੀ ਸਤਿਗੁਰੂ ਜੀ ਕੇ ਸਾਜੇ ਸ੍ਰੀ ਸਤਿਗੁਰੂ ਜੀ ਕੇ ਨਿਵਾਜੇ ਪਰਉਪਕਾਰੀ ਸਨਮੁਖ ਦਰਬਾਰੀ ਗੁਰਬਾਣੀ ਕੇ ਹਿਤਕਾਰੀ ਨਿਰਮਲ ਬੁਧ ਬਚਨ ਕੇ ਸੁਧ ਗੁਰੂ ਸਿੰਘੋ ਕੇ ਪਯਾਰੇ ਸ੍ਰੀ ਸਰਬ ਉਪਮਾ ਜੋਗ ਸਿੰਘ ਸਾਹਿਬ ਕਾਹਨ ਸਿੰਘ ਜੀ ਕੋ ਲਿਖਤੋ ਦਰਬਾਰ ਦਮਦਮੇ ਸਾਹਿਬ ਸੋਂ ਸਰਬ ਮਹੰਤੋਂ ਕੀ ਸ੍ਰੀ ਵਾਹਿਗੁਰੂ ਜੀ ਕੀ ਫਤੇ ਬੋਲੀ ਹੈ ਬੋਲਾਵਣੀ ਜੀ। ਔਰ ਹਮ ਹਿੰਦੂ ਨਹੀਂ ਪੁਸਤਕ ਖਾਲਸੇ ਕੇ ਦੀਵਾਨ ਮੇਂ ਪੜਿਆ ਗਇਆ ਅਰ ਸਰਬ ਖਾਲਸੇ ਨੇ ਇਸ ਨੂੰ ਪਸੰਦ ਕੀਤਾ। ਏਸ ਪੁਸਤਕ ਤੋਂ ਉਨ੍ਹਾਂ ਨੂੰ ਬਹੁਤ ਲਾਭ ਹੋਵੇਗਾ ਜੋ ਗੁਰਾਂ ਦੇ ਉਪਦੇਸਾਂ ਤੋਂ ਭੁਲ ਕੇ ਆਪਣੇ ਆਪ ਨੂੰ ਹਿੰਦੂ ਸਮਝਦੇ ਹਨ।*
>
> *ਹਿੰਦੂ ਮੁਸਲਮਾਨ ਤੇ ਨਿਆਰਾ ਪੰਥ ਖਾਲਸਾ ਹੈ- ਸਰਬ ਗੁਰਮਤ ਦੁਆਰਾ ਪ੍ਰਸਿਧ ਹੈ।*
>
> *ਬੈਸਾਖ ਦਿਨ 25, ਸਾਲ ਨਾਨਕ ਸ਼ਾਹੀ 430। ਦਸਤਖ਼ਤ ਦੀਵਾਨ ਸਿੰਘ। ਚੇਤ ਸਿੰਘ, ਪ੍ਰੇਮ ਸਿੰਘ। ਸੁੰਦਰ ਸਿੰਘ। ਨਰਾਯਣ ਸਿੰਘ, ਜੈ ਸਿੰਘ। ਮਹੰਤ ਉਤਮ ਸਿੰਘ, ਚੰਦਾ ਸਿੰਘ।*

ਸੰਨ 1916 ਈ. ਵਿਚ ਰਾਗ ਮਾਲਾ ਦੇ ਵਿਰੁੱਧ ਦੁਬਾਰਾ ਫਿਰ ਰੌਲਾ ਪੈ ਗਿਆ ਸੀ। ਇਸ ਵਾਰ ਬਾਬੂ ਤੇਜਾ ਸਿੰਘ ਭਸੌੜ ਵਾਲਿਆਂ ਨੇ ਇਤਨੀ ਦਿਰੜਤਾ ਨਾਲ ਇਸ ਦੇ ਖਿਲਾਫ ਪਰਚਾਰ ਕੀਤਾ ਕਿ ਉਨ੍ਹਾਂ ਨੇ ਕਈ ਬੀੜਾਂ ਰਾਗ ਮਾਲਾ ਤੋਂ ਬਿਨਾਂ ਹੀ ਛਪਵਾਉਣੀਆਂ ਸ਼ੁਰੂ ਕਰ ਦਿੱਤੀਆਂ। ਇਸ ਤਿਖੇ ਵਿਰੋਧ ਨੂੰ ਦੇਖ ਕੇ ਗੁਰਦੁਆਰਿਆਂ ਅਤੇ ਬਾਕੀ ਤਖ਼ਤਾਂ ਦੇ ਪੁਜਾਰੀਆਂ ਨੇ ਬਾਬੂ ਤੇਜਾ ਸਿੰਘ ਭਸੌੜ ਦੀ ਇਸ ਕਾਰਵਾਈ ਵਿਰੁੱਧ ਵੱਖ ਵੱਖ ਤਖ਼ਤਾਂ ਤੋਂ ਹੁਕਮਨਾਮੇ

ਜਾਰੀ ਕਰਵਾਉਣੇ ਸ਼ੁਰੂ ਕਰ ਦਿੱਤੇ। ਇਸ ਦੀ ਸ਼ੁਰੂਆਤ ਤਖ਼ਤ ਸਿਰੀ ਹਜ਼ੂਰ ਸਾਹਿਬ ਦੇ ਪੁਜਾਰੀਆਂ ਤੋਂ ਹੋਈ। ਉਨ੍ਹਾਂ ਨੇ ਬਾਕੀ ਤਖ਼ਤਾਂ ਨੂੰ ਚਿੱਠੀਆਂ ਲਿਖੀਆਂ ਕਿ ਇਸ ਦੇ ਵਿਰੁੱਧ ਹੁਕਮਨਾਮੇ ਜਾਰੀ ਕੀਤੇ ਜਾਣ। ਇਨ੍ਹਾਂ ਚਿੱਠੀਆਂ ਦੇ ਜਵਾਬ ਵਿਚ ਤਖ਼ਤ ਸਿਰੀ ਦਮਦਮਾ ਸਾਹਿਬ ਤੋਂ ਹੇਠ ਲਿਖਿਆ ਹੁਕਮਨਾਮਾ ਜਾਰੀ ਕੀਤਾ ਗਿਆ :

"ਸ੍ਰੀ ਤਖ਼ਤ ਦਮਦਮਾ ਸਾਹਿਬ"

"ਰਾਗ ਮਾਲਾ ਪਰ ਦੀਵਾਨ"

"ਸ੍ਰੀ ਗੁਰੂ ਕਾਂਸ਼ੀ ਦਮਦਮੇ ਸਾਹਿਬ ਤਖ਼ਤ ਪਰ ਪਹਿਲਾ ਦੀਵਾਨ 3 ਜੁਲਾਈ ਨੂੰ ਹੋਯਾ। ਦੂਸਰਾ ਦੀਵਾਨ 5 ਜੁਲਾਈ, ਤੀਸਰਾ ਦੀਵਾਨ 7 ਜੁਲਾਈ ਕੋ, ਜਿਸ ਦੇ ਵਿਚ ਇਰਦ ਗਿਰਦ ਦੀ ਸੰਗਤ ਦਾ ਇਕੱਠ ਚਾਰ ਸੈ ਦੇ ਕਰੀਬ ਸੀ ਤੇ ਜੋ ਬਾਬੂ ਤੇਜਾ ਸਿੰਘ ਜੀ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਰਾਗ ਮਾਲਾ ਸੇ ਬਿਨਾ ਛਪਵਾਇਆ ਸੀ ਖਾਲਸਾ ਸਮਾਚਾਰ ਅੰਮ੍ਰਿਤਸਰ ਨੰਬਰ 33 ਜਿਲਦ 18 'ਤੇ ਲੇਖ ਲਿਖਿਆ ਸੀ ਤੇ ਸ੍ਰੀ ਗੁਰੂ ਤਖ਼ਤ ਤੇ ਨਿਕਟੀ ਰਹਿਣ ਵਾਲੇ ਸੰਤ ਭਗਤ ਸਿੰਘ ਜੀ ਗਿਆਨੀ ਨੇ ਸੁਣਾਇਆ, ਜਿਸ ਨੂੰ ਸੁਣਕੇ ਖਾਲਸਾ ਵੀਰਾਂ ਦਾ ਰੋਮ ਰੋਮ ਕੰਬ ਉਠਿਆ ਤੇ ਅਤੀ ਸ਼ੋਕ ਪ੍ਰਗਟ ਕੀਤਾ ਤੇ ਦੀਵਾਨ ਸੰਗਤ ਦੀ ਤਰਫੋਂ ਸੰਤ ਜੀ ਨੇ ਫੁਰਮਾਇਆ ਕਿ ਖ਼ਤ ਖਾਲਸਾ ਸਮਾਚਾਰ ਹੋ ਕੇ ਸ੍ਰੀ ਹਜ਼ੂਰ ਸਾਹਿਬ ਅਟਲ ਪ੍ਰਤਾਪੀ 108 ਪਟਿਆਲਾ ਜੀ ਦੀ ਪਵਿਤਰ ਸੇਵਾ ਵਿਖੇ ਸਾਨਿਮ੍ਰਤ ਬੇਨਤੀ ਕੀਤੀ ਜਾਵੇ, ਤਾਂ ਕਿ ਭਾਈ ਤੇਜਾ ਸਿੰਘ ਬਾਬੂ ਕੋ ਰੋਕਿਆ ਜਾਵੇ ਤੇ ਰਾਗ ਮਾਲਾ ਸ੍ਰੀ ਗੁਰੂ ਗ੍ਰੰਥ ਸਿੰਘ ਵਿਚ ਵਿਖਾਈ ਜਾਏ ਤੇ ਦੂਹਰਾ ਗੁਰਮਤਾ ਪ੍ਰਵਾਨ ਹੋਇਆ ਕਿ ਚੀਫ ਖਾਲਸਾ ਦੀਵਾਨ ਦੀ ਪਵਿਤਰ ਸੇਵਾ ਵਿਚ ਸਨਿਮ੍ਰਤ ਬੇਨਤੀ ਕੀਤੀ ਜਾਏ ਕਿ ਰਾਗ ਮਾਲਾ ਦਾ ਸ੍ਰੀ ਗੁਰੂ ਗ੍ਰੰਥ ਸਾਹਿਬ ਜੋ ਅਨਹੋਂਦ ਕਰਨਾ ਕਿਸੇ ਸਿੰਘ ਕੋ ਹਛਾ ਨਹੀਂ ਮਾਲੂਮ ਹੁੰਦਾ। ਸੰਮਤ 1974 ਹਾੜ 30 ॥"[44]

(ਹੇਠਾਂ 26 ਗ੍ਰੰਥੀਆਂ-ਮਹੰਤਾਂ ਦੇ ਦਸਖ਼ਤ ਹਨ)

ਇਸ ਤਰ੍ਹਾਂ ਪੁਜਾਰੀਆਂ ਅਤੇ ਗ੍ਰੰਥੀਆਂ ਵਲੋਂ ਜਦੋਂ ਬਾਬੂ ਤੇਜਾ ਸਿੰਘ ਭਸੌੜ ਦੀਆਂ ਕਾਰਵਾਈਆਂ ਦੇ ਖਿਲਾਫ਼ ਤਖ਼ਤ ਸਾਹਿਬਾਨ ਤੋਂ ਹੁਕਮਨਾਮੇ ਜਾਰੀ ਕਰਵਾਉਣੇ ਸ਼ੁਰੂ ਕਰ ਦਿੱਤੇ ਗਏ ਸਨ।

ਦੇਖਾ ਦੇਖੀ ਗਿਆਨੀ ਸਾਹਿਤ ਸਿੰਘ ਧਮਧਾਣ ਸਾਹਿਬ ਵਾਲਿਆਂ ਨੇ ਦੋ ਪੁਸਤਕਾਂ 'ਰਾਗ ਮਾਲਾ ਪਰਬੋਧ' ਅਤੇ 'ਦਸਮ ਗੁਰੂ ਗਿਰਾ ਪਰਕਾਸ਼' ਬਾਬੂ ਤੇਜਾ ਸਿੰਘ ਦੇ ਖਿਲਾਫ਼ ਲਿਖ ਦਿੱਤੀਆਂ ਸਨ। ਦੂਸਰੀ ਪੁਸਤਕ 'ਦਸਮ ਗੁਰੂ ਗਿਰਾ ਪਰਕਾਸ਼' ਦੇ ਸ਼ੁਰੂ ਵਿਚ ਉਸ ਨੇ ਤਖ਼ਤ ਸਿਰੀ ਦਮਦਮਾ ਸਾਹਿਬ ਦਾ ਹੁਕਮਨਾਮਾ ਦਿੱਤਾ ਹੈ, ਜਿਹੜਾ ਕਿ ਉਸ ਨੇ ਆਪਣੀ ਪੁਸਤਕ ਦੀ ਪਰੋੜਤਾ ਲਈ ਲਿਆ ਸੀ। ਇਹ ਇਸ ਤਰ੍ਹਾਂ ਹੈ :

---

44. ਇਹ ਹੁਕਮਨਾਮਾ ਖਾਲਸਾ ਸਮਾਚਾਰ, ਨੰ: 57, ਜਿਲਦ 18, 11 ਸਾਵਣ, ਸੰਮਤ ਨਾਨਕ ਸ਼ਾਹੀ, 448 (ਜੁਲਾਈ 26, 1917 ਈ.) ਵਿਚ ਛਾਪਿਆ ਹੋਇਆ ਹੈ।

੧ਓ ਸਤਿਗੁਰ ਪ੍ਰਸਾਦਿ।

ਲਿਖੁਤਮ ਸ੍ਰੀ ਦਰਬਾਰ ਸਾਹਿਬ। ਗੁਰੂ ਕਾਂਸ਼ੀ ਤਖ਼ਤ ਹਜ਼ੂਰ ਸਰਬਤ ਮਹੰਤ ਸੰਤ ਖਾਲਸਾ ਜੀ ਸਾਹਿਬ ਅਗੇ ਸ੍ਰੀ ਗੁਰੂ ਜੀ ਕੀ ਸੰਗਤ ਸ੍ਰੀ ਵਾਹਿਗੁਰੂ ਜੀ ਕੀ ਫਤਿਹ ਹੈ ਜੀ

ਸਰਬਤ ਖਾਲਸੇ ਜੀ ਕੋ ਪ੍ਰਗਟ ਹੋਵੇ ਕਿ ਜੋ ਦਸਮ ਗੁਰੂ ਗਿਰਾ ਪਰਕਾਸ਼ ਗ੍ਰੰਥ ਗਿਆਨੀ ਸਾਹਿਬ ਸਿੰਘ ਜੀ ਨੇ ਰਚਨਾ ਕੀਤਾ ਹੈ, ਸੋ ਇਸ ਗ੍ਰੰਥ ਦੇ ਛਾਪਣੇ ਸੇ ਖਾਲਸਾ ਜੀ ਕੋ ਲਾਭ ਪਹੁੰਚੂ ਅਤੇ ਇਹ ਗ੍ਰੰਥ ਗੁਰਬਾਣੀ ਦੇ ਨਿੰਦਕਾਂ ਕੋ ਲਜਿਆ ਦਾਇਕ ਹੈ।

(ਇਸ ਹੁਕਮਨਾਮੇ ਦੇ ਹੇਠਾਂ 56 ਗ੍ਰੰਥੀਆਂ-ਮਹੰਤਾਂ ਦੇ ਦਸਤਖ਼ਤ ਹਨ)

ਨਿਰਮਲਿਆਂ ਵਾਰੇ ਵੀ ਇਕ ਵਾਰ ਪੰਥ ਵਿਚ ਕਾਫੀ ਵਿਰੋਧ ਉਠ ਖੜਾ ਹੋਇਆ ਸੀ। 1930 ਵਿਆਂ ਵਿਚ, ਕਈ ਐਸੇ ਕਾਰਨ ਸਨ ਕਿ ਨਿਰਮਲਿਆਂ ਵਿਚ ਹੰਕਾਰ ਦੀ ਭਾਵਨਾ ਆ ਗਈ ਅਤੇ ਆਪਣੇ ਆਪ ਨੂੰ ਪੰਥ ਦੇ ਸਿਰਮੌਰ ਵਿਦਵਾਨ ਸਮਝ ਕੇ, ਕਈ ਬੇਹੂਦਗੀਆਂ ਵਾਲੀਆਂ ਗੱਲਾਂ ਕਰਨ ਲਗ ਪਏ। ਜਿਸ ਦੇ ਸਿੱਟੇ ਵਜੋਂ ਪਹਿਲਾਂ ਤਖ਼ਤ ਸਿਰੀ ਹਜ਼ੂਰ ਸਾਹਿਬ, ਨਾਂਦੇੜ ਤੋਂ ਇਨ੍ਹਾਂ ਦੇ ਖਿਲਾਫ ਹੁਕਮਨਾਮਾ ਜਾਰੀ ਕਰਨਾ ਪਿਆ। ਪਿੱਛੋਂ ਤਖ਼ਤ ਸਿਰੀ ਦਮਦਮਾ ਸਾਹਿਬ ਤੋਂ ਵੀ ਇਕ ਹੁਕਮਨਾਮਾ ਜਾਰੀ ਕੀਤਾ ਗਿਆ। ਇਸ ਤਰ੍ਹਾਂ ਨਿਰਮਲਿਆਂ ਦੇ ਖਿਲਾਫ ਹਰ ਥਾਂ ਤੋਂ ਹੁਕਮਨਾਮੇ ਜਾਰੀ ਹੋਣ ਕਾਰਨ, ਨਿਰਮਲਿਆਂ ਦਾ ਤਖ਼ਤਾਂ ਅਤੇ ਗੁਰੂਦੁਆਰਿਆਂ ਊਪਰ ਅਰਦਾਸਾ ਬੰਦ ਹੋ ਗਿਆ ਸੀ।

ਜਿਸ ਸਮੇਂ 1923 ਈ. ਵਿਚ ਅੰਮ੍ਰਿਤਸਰ ਦੇ ਪਵਿਤਰ ਸਰੋਵਰ ਦੀ ਕਾਰ ਸੇਵਾ ਸ਼ੁਰੂ ਹੋਈ ਤਾਂ ਨਿਰਮਲਿਆਂ ਨੇ ਸਭ ਅਭਿਮਾਨ ਛਡ ਕੇ ਇਸ ਕਾਰ ਸੇਵਾ ਵਿਚ ਤਨ, ਮਨ ਅਤੇ ਧਨ ਨਾਲ ਹਿੱਸਾ ਲਿਆ। ਇਸ ਤਰ੍ਹਾਂ ਇਨ੍ਹਾਂ ਦੀ ਸੇਵਾ ਭਾਵਨਾਂ ਵੇਖ ਕੇ ਸ਼ਿਰੋਮਣੀ ਗੁਰਦੁਆਰਾ ਪਰਬੰਧਕ ਕਮੇਟੀ ਵਲੋਂ ਇਨ੍ਹਾਂ ਨੂੰ ਸਿਰੋਪਾਓ ਬਖਸ਼ੇ ਗਏ ਅਤੇ ਅਕਾਲ ਤਖ਼ਤ ਸਾਹਿਬ ਉਤੇ ਨਿਰਮਲਿਆਂ ਦੀ ਅਰਦਾਸ ਕੀਤੀ ਗਈ। ਇਸ ਪਿੱਛੋਂ ਬਾਕੀ ਤਖ਼ਤਾਂ ਤੋਂ ਵੀ ਨਿਰਮਲਿਆਂ ਦੀ ਪਰਸੰਸਾ ਵਿਚ ਪਰਸੰਸਾ-ਪੱਤਰ ਜਾਰੀ ਕੀਤੇ ਗਏ। ਇਸੇ ਤਰ੍ਹਾਂ ਤਖ਼ਤ ਦਮਦਮਾ ਸਾਹਿਬ ਵਲੋਂ ਵੀ ਨਿਰਮਲੇ ਜੱਥੇ ਦੇ, ਤਖ਼ਤ ਸਾਹਿਬ 'ਤੇ ਪਹੁੰਚਣ ਸਮੇਂ ਇਕ ਪਰਸੰਸਾ-ਪੱਤਰ ਜਾਰੀ ਕੀਤਾ ਗਿਆ।

"੧ਓ ਸਤਿਗੁਰ ਪ੍ਰਸਾਦਿ ॥

ਮਿਲੌਨੀ ਪਤਰ ਹੁਕਮਨਾਮਾ

ਹੁਕਮਨਾਮਾ ਸ੍ਰੀ ਗੁਰੂ ਕਾਂਸ਼ੀ ਦਮਦਮਾ ਸਾਹਿਬ ਤਖ਼ਤ ਸੇ ਨਿਰਮਲ ਅਖਾੜੇ ਕੋ ਦੀਆ ਗਿਆ, ਅਜ ਮਾਘ 22, ਸੰਮਤ 1984 ਬਿ: ਮੁਤਾਬਿਕ ਨਾਨਕ ਸ਼ਾਹੀ 458 ਪਰ ਤਖ਼ਤ ਅਖਾੜਾ ਦੀ ਅਰਦਾਸ ਕੀਤੀ ਗਈ ਜਿਸ ਤਰ੍ਹਾਂ ਗੁਰ ਸਿਖੋਂ ਕੀ ਅਰਦਾਸ ਤਥਾ ਵਰਤਾਵ ਹੁੰਦਾ ਹੈ ਉਸੀ ਤਰ੍ਹਾਂ ਪੰਚੈਤੀ ਅਖਾੜਾ ਨਿਰਮਲਾ ਕੀ ਅਰਦਾਸ ਕਰ ਕੇ ਵਰਤਾਵ ਕੀਤਾ ਗਿਆ ਕਿਉਂਕਿ ਪਹਿਲੇ ਅਰਦਾਸ ਅਖਾੜਾ ਕੀ ਸ੍ਰੀ ਅਕਾਲ ਤਖ਼ਤ ਮੇਂ ਹੋ ਚੁੱਕੀ ਹੈ!

ਇਸ ਹੁਕਮਨਾਮੇ ਸ੍ਰੀ ਅਕਾਲ ਤਖ਼ਤ ਦੇ ਆਗੇ ਹਮ ਤਮਾਮ ਸਿਰ ਝੁਕਾਊਂਦੇ ਹੋਇ ਸਿਰੀ ਗੁਰੂ ਕੀ ਕਾਂਸ਼ੀ ਮੈਂ ਅਭੇਦ ਵਰਤਾਵਾ ਕਰਦੇ ਹਾਂ। ਆਜ ਸੇ ਜੋ ਗੁਰੂ ਦਸੋਂ ਕਾ ਸਿੱਖ ਹੈ ਅਖਾੜਾ ਨਿਰਮਲਾ ਕੋ ਆਪਨਾ ਸਮਝ ਕਰ ਤਨ, ਮਨ ਸੇ ਸੇਵਾ ਕਰੇ।

ਦਸਤਖ਼ਤ

(ਹੇਠਾਂ 10 ਗ੍ਰੰਥੀਆਂ, ਮਹੰਤਾਂ ਦੇ ਦਸਤਖ਼ਤ ਹਨ)

ਇਸ ਤਰ੍ਹਾਂ ਨਿਰਮਲਿਆਂ ਨੂੰ ਦੁਬਾਰਾ ਫਿਰ ਪੰਥ ਵਿਚ ਮਾਣ ਸਤਿਕਾਰ ਵਾਲੀ ਪੁਜ਼ੀਸ਼ਨ ਹਾਸਲ ਹੋ ਗਈ।

ਪੰਥ ਖਾਲਸਾ ਦੀਵਾਨ ਭਸੌੜ, ਜਿਹੜਾ ਕਿ ਤਖ਼ਤ ਸਿਰੀ ਦਮਦਮਾ ਸਾਹਿਬ 'ਤੇ ਹੀ, ਇਕ ਵਿਸਾਖ ਸੰਮਤ, 1962 ਬਿ: (1905 ਈ.) ਵਿਚ ਸਥਾਪਤ ਕੀਤਾ ਗਿਆ ਸੀ ਇਹ ਦਿਵਾਨ ਬਾਬੂ ਤੇਜਾ ਸਿੰਘ ਜੀ ਭਸੌੜ ਦੀ ਰਾਹਿਨੁਮਾਈ ਹੇਠ ਸੀ। ਇਨ੍ਹਾਂ ਨੇ ਸਿੱਖਾਂ ਨੂੰ ਬੜਾ ਕਰਾਂਤੀਕਾਰੀ ਪਰੋਗਰਾਮ ਦਿੱਤਾ ਸੀ ਅਤੇ ਸਿੱਖਾਂ ਵਿਚ ਵਿਦਿਅਕ, ਧਾਰਮਕ ਅਤੇ ਰਾਜਨੀਤਕ ਜਾਗਰਤੀ ਲਿਆਂਦੀ, ਪਰ ਇਤਨਾ ਅਛਾ ਕੰਮ ਕਰਦੇ ਕਰਦੇ ਇਹ ਲੋਕ ਕੁਝ ਇਤਨਾ ਅਗੇ ਵਧ ਚਲੇ ਸਨ ਕਿ ਬਾਕੀ ਦੇ ਸਿੱਖ ਨੇਤਾ ਅਤੇ ਸਿੱਖ ਜਨਤਾ ਇਨ੍ਹਾਂ ਨਾਲ ਰਲਕੇ ਨਾ ਚਲ ਸਕੀ। ਹਾਲਾਤ ਹੀ ਕੁਝ ਇਸ ਕਿਸਮ ਦੇ ਸਨ। ਭਸੌੜ ਵਾਲਿਆਂ ਨੇ ਗੁਰੂ ਗ੍ਰੰਥ ਸਾਹਿਬ ਵਿਚੋਂ ਕੱਚੀ ਬਾਣੀ ਨੂੰ ਕਢ ਕੇ ਅਤੇ ਸੱਚੀ ਬਾਣੀ ਰੱਖ ਕੇ ਪਰਚਾਰ ਕੀਤਾ। ਇਸ ਪਰਚਾਰ ਨੂੰ ਜੇਕਰ ਸਮੇਂ ਅਨੁਸਾਰ ਸੋਚ ਸਮਝ ਕੇ ਕੀਤਾ ਹੁੰਦਾ ਤਾਂ ਇਹ ਠੀਕ ਸਾਬਤ ਹੋ ਜਾਣੀ ਸੀ ਪਰ ਇਸ ਤਰ੍ਹਾਂ ਨਾ ਕੀਤਾ ਗਿਆ। ਭਸੌੜੀਆਂ ਨੇ ਬਿਨਾਂ ਕਿਸੇ ਪਬਲਿਕ ਉਪੀਨੀਅਨ ਦੇ ਪੈਦਾ ਕੀਤੇ, ਗੁਰੂ ਗ੍ਰੰਥ ਸਾਹਿਬ ਨੂੰ ਭਗਤਾਂ, ਭੱਟਾਂ ਅਤੇ ਹੋਰ ਅਜਿਹੇ ਭਗਤਾਂ ਦੀ ਬਾਣੀ ਤੋਂ ਬਿਨਾਂ ਛਾਪਣਾ ਸ਼ੁਰੂ ਕਰ ਦਿੱਤਾ ਜਿਹੜੇ ਸਿੱਖ ਨਹੀਂ ਸਨ। ਇਸ ਤਰ੍ਹਾਂ ਭਸੌੜ ਦਿਵਾਨ ਅਤੇ ਬਾਬੂ ਤੇਜਾ ਸਿੰਘ ਦੇ ਵਿਰੋਧੀਆਂ ਨੂੰ ਮੌਕਾ ਮਿਲ ਗਿਆ ਅਤੇ ਇਨ੍ਹਾਂ ਦੇ ਖਿਲਾਫ਼ ਪੰਥਕ ਰਾਇ ਖੜੀ ਕਰ ਲਈ।

ਭਸੌੜੀਆਂ ਦੇ ਇਸ ਕਦਮ ਦੇ ਖਿਲਾਫ ਤਖ਼ਤ ਸਿਰੀ ਦਮਦਮਾ ਸਾਹਿਬ ਤੋਂ ਇਕ ਹੁਕਮਨਾਮਾ ਜਾਰੀ ਕੀਤਾ ਗਿਆ, ਜੋ ਇਸ ਤਰ੍ਹਾਂ ਹੈ :

"ਬਾਣੀ ਗੁਰੂ ਗੁਰੂ ਹੈ ਬਾਣੀ ਵਿਚਿ ਬਾਣੀ ਅੰਮ੍ਰਿਤ ਸਾਰੇ ॥
ਗੁਰਬਾਣੀ ਕਹੈ ਸੇਵਕ ਜਨ ਮਾਨੈ ਪ੍ਰਤਖਿ ਗੁਰੂ ਨਿਸਤਾਰੇ ॥
ਪੂਰੇ ਗੁਰ ਕਾ ਹੁਕਮ ਨ ਮੰਨੈ ਓਹ ਮਨਮੁਖ ਅਗਿਆਨ ਮੁਠਾ ਬਿਖ ਮਾਇਆ ॥
ਓਸੁ ਅੰਦਰਿ ਕੂੜੁ ਕੂੜੋ ਕਰਿ ਬੁਝੇ ਅਣਹੋਦੇ ਝਗੜੇ ਦਯਿ ਓਸ ਦੈ ਗਲ ਪਾਇਆ ॥
ਓਹ ਗਲ ਫਰੋਸੀ ਕਰੈ ਬਹੁਤੇਰੀ ਓਸਦਾ ਬੋਲਿਆ ਕਿਸੈ ਨ ਭਾਇਆ ॥
ਓਹੁ ਘਰਿ ਘਰਿ ਹਢੈ ਜਿਉ ਰੰਨ ਦੋਹਾਗਣਿ ਓੁਸੁ ਨਾਲਿ ਮੁਹੁ ਜੋੜੇ ਓੁਸੁ ਭੀ ਲਛਣੁ ਲਾਇਆ ॥
ਗੁਰਮੁਖਿ ਹੋਇ ਸੁ ਅਲਿਪਤੋ ਵਰਤੈ ਓੁਸਦਾ ਪਾਸ ਛਡਿ ਗੁਰ ਪਾਸਿ ਬਹਿ ਜਾਇਆ ॥

ਜੋ ਗੁਰੁ ਗੋਪੇ ਆਪਣਾ ਸੋ ਭਲਾ ਨਾਹੀ ਪੰਚਹੁ ਓਨਿ ਲਾਹਾ ਮੂਲੁ ਸਭੁ
ਗਵਾਇਆ ॥

ਪਹਿਲਾ ਆਗਮੁ ਨਿਗਮੁ ਨਾਨਕ ਆਖ ਸੁਣਾਏ
ਪੂਰੇਗੁਰਕਾ ਬਚਨੁ ਉਪਰਿ ਆਇਆ ॥
ਗੁਰ ਸਿਖਾ ਵਡਿਆਈ ਭਾਵੇ ਗੁਰ ਪੂਰੇ ਕੀ ਮਨਮੁਖਾ
ਓਹ ਵੇਲਾ ਹਥਿ ਨਾ ਆਇਆ ॥
ਗੁਰੂ ਗ੍ਰੰਥ ਜੀ ਮਾਨਿਓ ਪ੍ਰਗਟ ਗੁਰਾਂ ਕੀ ਦੇਹੁ ॥"

"ਜੋ ਪੁਰਸ਼ ਭੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਵਿਚ ਕੋਈ ਅਦਲਾ ਬਦਲੀ ਕਰਦਾ ਹੈ, ਉਹ ਗੁਰਾਂ ਦੀ ਦੇਹ ਦਾ ਅੰਗ ਭੰਗ ਕਰਦਾ ਹੈ। ਦਸਮ ਪਾਤਿਸ਼ਾਹਿ ਜੀ ਨੇ ਸ੍ਰੀ ਦਮਦਮਾ ਸਾਹਿਬ ਜੀ ਬੈਠ ਕੇ ਸਾਰੀ ਬਾਣੀ ਗੁਰੂ ਗ੍ਰੰਥ ਸਾਹਿਬ ਜੀ ਦੀ, ਜੈਸੀ ਕਿ ਗੁਰੂ ਅਰਜਨ ਜੀ ਨੇ ਲਿਖ ਕੇ ਬੀੜ ਬੰਨ੍ਹੀ ਸੀ, ਸਭ ਦੀ ਸਭ ਬਿਨਾ ਬਦਲੇ ਵੈਸੀ ਹੀ ਉਚਾਰਨ ਕੀਤੀ। ਇਹ ਦਸਮ ਪਾਤਸ਼ਾਹ ਜੀ ਨੇ ਗੁਰੂ ਸਾਹਿਬ ਜੀ ਦੀ ਦੇਹ ਤੇ ਦੋਹਰੀ ਮੋਹਰ ਲਾ ਦਿੱਤੀ, ਜੋ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਵਿਚ ਅਦਲਾ ਬਦਲੀ ਕਰਦਾ ਹੈ ਉਹ ਸਿੱਖ ਨਹੀਂ ਹੈ, ਜਿਸ ਤਰ੍ਹਾਂ ਕਿ ਬਾਬੂ ਤੇਜਾ ਸਿੰਘ ਭਸੌੜ ਵਾਲੇ ਨੇ ਹੁਣ ਕੋਰਸਾਂ ਦੇ ਬਹਾਨੇ ਭੱਟਾਂ ਦੀ ਬਾਣੀ ਕਢ ਦਿੱਤੀ ਹੈ। ਜਾਪੁ ਸਾਹਿਬ ਜੀ ਦੀਆ ਤੁਕਾਂ ਵੀ ਬਦਲੀਆਂ ਹਨ, ਐਸਾ ਕਰਨੇ ਵਿਚ ਉਸ ਨੇ ਗੁਰਾਂ ਦੀ ਦੇਹ ਦੇ ਅੰਗ ਭੰਗ ਕੀਤੇ ਹਨ। ਇਸ ਕਰਕੇ ਉਹ ਮਹਾਂ ਦੋਸ਼ੀ ਅਤੇ ਪੰਥ ਦਾ ਫਿਟਕਾਰਿਆ ਹੈ। ਸ੍ਰੀ ਗੁਰੂ ਕਾਂਸ਼ੀ ਦਮਦਮਾ ਸਾਹਿਬ ਜੀ ਦੀ ਸਮੂੰਹ ਸੰਗਤ ਸਰਬ ਸੰਮਤੀ ਨਾਲ ਬਾਬੂ ਤੇਜਾ ਸਿੰਘ ਭਸੌੜੀਏ ਨੂੰ ਗੁਰੂ ਕੀ ਦੇਹ ਦਾ ਅੰਗ ਭੰਗ ਕਰਨ ਵਾਲਾ ਸਮਝਦੀ ਹੈ ਅਤੇ ਪੰਥ ਅਗੇ ਬੇਨਤੀ ਕਰਦੀ ਹੈ ਕਿ ਐਸੇ ਪੁਰਸ਼ ਨਾਲ ਨਾ-ਮਿਲਵਰਤਨ ਕੀਤਾ ਜਾਵੇ ਅਤੇ ਉਸ ਦੇ ਮਥੇ ਲਗਣ ਤਕ ਨੂੰ ਅਪਰਾਧ ਸਮਝਿਆਂ ਜਾਵੇ।

ਦਸਤਖ਼ਤ

ਸਿੰਘ ਸਾਹਿਬ ਜਥੇਦਾਰ ਬੁਢਾ ਦਲ
ਸੰਤ ਗੁਰਬਖਸ਼ ਸਿੰਘ ਲਿਖਾਰੀ ਕਟੂਵਾਲਾ ਬੁੰਗਾ ਦਮਦਮਾ ਸਾਹਿਬ
ਮਹੰਤ ਬਿਸ਼ਨ ਸਿੰਘ ਬੁੰਗਾ ਕਟੂ ਸ੍ਰੀ ਦਮਦਮਾ ਸਾਹਿਬ
ਮਹੰਤ ਕੇਸਰ ਸਿੰਘ ਜੀ ਗ੍ਰੰਥੀ ਸ੍ਰੀ ਦਰਬਾਰ ਸਾਹਿਬ ਦਮਦਮਾ ਸਾਹਿਬ ਜੀ
ਮਹੰਤ ਗੁਲਾਬ ਸਿੰਘ ਜੀ ਜਥੇਦਾਰ ਗੁਰੂ ਕਾਂਸ਼ੀ
(ਮੋਹਰ ਤਖ਼ਤ ਸਾਹਿਬ)

ਇਸ ਹੁਕਮਨਾਮੇ ਦੇ ਪਿੱਛੋਂ ਵੀ ਪੰਚ ਖਾਲਸਾ ਵਾਲੇ ਪਰਚਾਰ ਨੂੰ ਦਲੀਲਾਂ ਨਾਲ ਪਰਚਾਰਨ ਵਿਚ ਰੁਝੇ ਰਹੇ ਸਨ ਪਰ ਇਸ ਨੇ ਉਨ੍ਹਾਂ ਦੇ ਖਿਲਾਫ਼ ਇਕ ਐਸਾ ਮਹੌਲ ਬਣਾ ਦਿੱਤਾ ਸੀ ਜਿਸ ਵਿਚ ਉਨ੍ਹਾਂ ਦੀਆਂ ਦਲੀਲਾਂ ਵੀ ਕੁਝ ਨਾ ਕਰ ਸਕੀਆਂ। ਅਖੀਰ ਜਦੋਂ ਸਿਰੀ ਅਕਾਲ ਤਖ਼ਤ ਸਾਹਿਬ ਅੰਮ੍ਰਿਤਸਰ ਤੋਂ ਵੀ ਇਸ ਕਿਸਮ ਦਾ ਇਕ ਹੁਕਮਨਾਮਾ ਜਾਰੀ ਹੋ ਗਿਆ ਤਾਂ ਪੰਚ ਖਾਲਸਾ ਦੀਵਾਨ ਬਿਲਕੁਲ ਹੀ ਖ਼ਤਮ ਹੋ ਗਿਆ।

1941 ਈ. ਵਿਚ ਤਖ਼ਤ ਸਿਰੀ ਦਮਦਮਾ ਸਾਹਿਬ ਵੱਲੋਂ ਨਾਮਧਾਰੀਆਂ (ਕੂਕਿਆਂ) ਦੇ

ਖਿਲਾਫ ਇਕ ਹੁਕਮਨਾਮਾ ਜਾਰੀ ਕੀਤਾ ਗਿਆ। ਇਹ ਨਾਮਧਾਰੀ ਬਾਬਾ ਰਾਮ ਸਿੰਘ ਜੀ ਦੀ ਚਲਾਈ ਨਾਮਧਾਰੀ ਲਹਿਰ, ਜਿਸ ਨੂੰ ਆਮ ਤੌਰ 'ਤੇ 'ਕੂਕਾ ਲਹਿਰ' ਕਿਹਾ ਜਾਂਦਾ ਹੈ, ਦੇ ਪੈਰੋਕਾਰ ਸਨ। ਬਾਬਾ ਰਾਮ ਸਿੰਘ ਜੀ ਅਤੇ ਉਨ੍ਹਾਂ ਦੇ ਨਾਮਧਾਰੀ ਪੈਰੋਕਾਰ, ਸਿੱਖ ਧਰਮ ਦੇ ਝੰਡਾ-ਬਰਦਾਰ ਸਨ। ਪਰ ਬਾਬਾ ਜੀ ਦੀ ਮੌਤ ਪਿੱਛੋਂ ਇਹ ਨਾਮਧਾਰੀ, ਪੰਥ ਨਾਲੋਂ ਦੂਰ ਹੁੰਦੇ ਗਏ ਅਤੇ ਅਖ਼ੀਰ 'ਤੇ ਇਹ ਵੀ ਪੰਥ ਦੇ ਦੋਖੀਆਂ ਦੀ ਕਤਾਰ ਵਿਚ ਹੀ ਜਾ ਖੜੇ ਹੋਏ। 1930ਵੇਂ ਦਹਾਕੇ ਦੇ ਅਖੀਰ ਵਿਚ ਇਨ੍ਹਾਂ ਨਾਮਧਾਰੀਆਂ ਨੇ ਗੁਰੂ ਗ੍ਰੰਥ ਸਾਹਿਬ ਦਾ ਪਾਠ ਕਰਨ ਲਈ ਇਕ ਨਵਾਂ ਤਰੀਕਾ ਚਾਲੂ ਕੀਤਾ। ਇਸ ਤਰੀਕੇ ਨੂੰ ਪੱਤਰਾ-ਪਾਠ ਕਿਹਾ ਜਾਂਦਾ ਸੀ। ਇਸ ਅਨੁਸਾਰ ਗੁਰੂ ਗ੍ਰੰਥ ਸਾਹਿਬ ਦੇ ਜਿਸ ਪੰਨੇ ਦਾ ਪਾਠ ਹੋ ਜਾਂਦਾ ਉਸ ਨੂੰ ਇਹ ਪਾੜ ਕੇ ਫੂਕ ਦਿੰਦੇ ਸਨ। ਇਸ ਤਰ੍ਹਾਂ ਗੁਰੂ ਗ੍ਰੰਥ ਸਾਹਿਬ ਦੇ ਸਾਰੇ ਪੰਨੇ ਪਾੜ ਕੇ ਫੂਕੇ ਜਾਂਦੇ ਸਨ। ਇਹ ਇਕ ਪਾਗਲਾਂ ਵਾਲੀ ਅਤੇ ਬੇ-ਦਲੀਲ ਰੀਤ ਸੀ ਜਿਸ ਦੇ ਖਿਲਾਫ਼ ਪੰਥ ਵਿਚ ਬਹੁਤ ਰੋਹ ਪੈਦਾ ਹੋਇਆ। ਥਾਂ ਥਾਂ 'ਤੇ ਇਨ੍ਹਾਂ ਦੇ ਖਿਲਾਫ 'ਕੂਕਾ ਕੁਫਰਤੋੜ ਕਾਨਫਰੰਸਾਂ ਹੋਈਆਂ। ਜਿਨ੍ਹਾਂ ਵਿਚ ਇਨ੍ਹਾਂ ਲੋਕਾਂ ਦੇ ਖਿਲਾਫ, ਲੋਕ ਰਾਇ ਲਈ ਜਾਂਦੀ ਸੀ। ਇਸ ਤਰ੍ਹਾਂ ਜਦ ਸਾਰਾ ਪੰਥ ਇਨ੍ਹਾਂ ਦੇ ਖਿਲਾਫ ਖੜਾ ਹੋ ਗਿਆ ਤਾਂ ਤਖ਼ਤ ਸਾਹਿਬਾਨਾਂ ਤੋਂ ਵੀ ਇਨ੍ਹਾਂ ਦੇ ਖ਼ਿਲਾਫ ਹੁਕਮਨਾਮੇ ਜਾਰੀ ਹੋਣੇ ਸ਼ੁਰੂ ਹੋ ਗਏ ਸਨ।

21-22 ਫਰਵਰੀ, 1942 ਨੂੰ ਜਿਹੜੀ "ਕੂਕਾ ਕੁਫ਼ਰਤੋੜ ਕਾਨਫਰੰਸ" ਲੁਧਿਆਣਾ ਦੇ ਮੁਲਾਂਪੁਰ ਪਿੰਡ ਦੇ ਅੱਡੇ ਵਿਚ ਹੋਈ ਉਸ ਵਿਚ ਤਖ਼ਤ ਸਿਰੀ ਦਮਦਮਾ ਸਾਹਿਬ ਵਲੋਂ ਇਹ ਚਿੱਠੀ (ਹੁਕਮਨਾਮਾ) ਮਿਲੀ ਸੀ।

ੴ ਸ੍ਰੀ ਅਕਾਲ ਜੀ ਸਹਾਇ

ਤਖ਼ਤ ਸ੍ਰੀ ਦਮਦਮਾ ਸਾਹਿਬ, *"ਗੁਰੂ ਕਾਂਸ਼ੀ" ਡਾਕਘਰ ਤਲਵੰਡੀ ਸਾਬੋ*
ਰਿਆਸਤ ਪਟਿਆਲਾ

ਚਿਠੀ ਨੰ : 327 *ਮਿਤੀ 9 ਫਗਣ, 1998 ਬਿ:*

ਸ੍ਰੀ ਮਾਨ ਸਕਤਰ ਸਾਹਿਬ,
ਸਰਬ ਹਿੰਦ ਕੂਕਾ ਕੁਫ਼ਰ ਤੋੜ ਅਕਾਲੀ ਕਾਨਫਰੰਸ,
ਅਡਾ, ਮੁਲਾਂਪੁਰ

ਪ੍ਰਮਕ੍ਰਿਪਾਲੂ ਜੀਓ,

ਕੂਕਿਆਂ ਦੇ ਪੱਤਰਾ ਪਾਠ ਸਬੰਧੀ ਤਖ਼ਤ ਸਿਰੀ ਦਮਦਮਾ ਸਾਹਿਬ ਗੁਰੂ ਕਾਂਸ਼ੀ ਵਲੋਂ ਇਹ ਹੁਕਮ ਹੈ ਕਿ ਪੱਤਰਾ ਪਾਠ ਕਰ ਕੇ ਕੂਕਿਆਂ ਨੇ ਸਮੂਹ ਸਿੱਖ ਸੰਗਤਾਂ ਦੇ ਹਿਰਦਿਆਂ ਨੂੰ ਦੁਖਤ ਕੀਤਾ ਹੈ ਅਤੇ ਗੁਰੂ ਗ੍ਰੰਥ ਦੀ ਪਵਿਤਰ ਮਰਯਾਦਾ ਨੂੰ ਭੰਗ ਕਰਨ ਦਾ ਭਾਰੀ ਦੋਸ਼ ਕੀਤਾ ਹੈ। ਅਜਿਹੇ ਅਪਰਾਧੀ ਨੂੰ ਸਖ਼ਤ ਤੋਂ ਸਖ਼ਤ ਦੰਡ ਦੇਣਾ ਚਾਹੀਦਾ ਹੈ, ਜਿਸ ਤੋਂ ਅਗੇ ਨੂੰ ਇਸ ਤਰ੍ਹਾਂ ਮਨਮਤ ਕਰਨ ਦੀ ਕਿਸੇ ਨੂੰ ਦਲੇਰੀ ਨਾ ਪਵੇ। ਗੁਰੂ ਖਾਲਸਾ ਪੰਥ ਵਿਚ ਕੋਈ ਦੇਹਧਾਰੀ ਮਨੁੱਖ ਗੁਰੂ ਨਹੀਂ ਅਖਵਾ ਸਕਦਾ, ਜੋ ਗੁਰੂ ਸਦਾਉਂਦਾ ਹੈ ਉਹ ਗੁਰੂ ਘਰ ਦਾ ਦੋਖੀ ਹੈ।

ਦਾਸ ਲਾਲ ਸਿੰਘ,
ਹੈਡ ਗਰੰਥੀ।

ਅਜਿਹੇ ਹੁਕਮਨਾਮਿਆਂ[45] ਜਾਂ ਚਿੱਠੀਆਂ ਤੋਂ ਬਿਨਾਂ ਤਖ਼ਤ ਦਮਦਮਾ ਸਾਹਿਬ 'ਤੇ ਵਿਅਕਤੀਗਤ ਰੂਪ ਵਿਚ ਵੀ ਐਸੀਆਂ ਚਿੱਠੀਆਂ ਆਉਂਦੀਆਂ ਰਹੀਆਂ ਸਨ ਜਿਨ੍ਹਾਂ ਵਿਚ ਸਿੱਖ ਰਹੁ-ਰੀਤਾਂ ਬਾਰੇ ਪੁੱਛਿਆ ਜਾਂਦਾ ਸੀ ਜਾਂ 'ਤਖ਼ਤ ਸਾਹਿਬਾਂ' ਤੇ ਹਾਜ਼ਰ ਹੋ ਕੇ ਜਿੰਮੇਦਾਰ ਸਜਣਾਂ ਪਾਸੋਂ ਪੁੱਛਿਆ ਜਾਂਦਾ ਸੀ। ਇਕ ਮਿਸਾਲ ਹੇਠਾਂ ਦਿੱਤੀ ਜਾਂਦੀ ਹੈ :

"ਬੈਸਾਖ 2 ਦਿਨ ਦੇ 12 ਵਜੇ ਦੇ ਕਰੀਬ ਇਕ ਸਿੰਘ ਨੇ ਤਖ਼ਤ ਦਮਦਮਾ ਸਾਹਿਬ ਪਰ ਇਕ ਭਾਰੀ ਦੀਵਾਨ ਮੇਂ ਅਰਜ਼ ਕੀਤੀ ਕਿ ਮੇਰਾ ਅੰਮ੍ਰਿਤ ਛਕਿਆ ਹੂਆ ਹੈ ਮੈਂ ਅੰਮ੍ਰਿਤੀਏ ਦਾ ਜੁਠਾ ਛਕਿਆ ਹੈ, ਮੇਰੀ ਇਹ ਤਨਖਾਹ ਬਖਸ਼ੀ ਜਾਵੇ। ਇਸ ਪਰ ਉਕਤ ਤਖ਼ਤ ਸਾਹਿਬ ਤੋਂ ਫੈਸਲਾ ਹੂਆ ਕਿ 1-1/ ਰੁਪਏ ਭਰੇ ਤੇ ਜਪ ਸਾਹਿਬ ਦੇ ਪਾਠ ਕਰੇ।' ਹੁਣ ਦਾਸ ਦੀ ਪੰਥ ਅਗੇ ਇਹ ਅਰਜ਼ ਹੈ ਕਿ ਅਨਮਤੀਆ ਵੋਹ ਹੈ ਜੋ ਖਾਲਸਾ ਵਰਤ ਨਾ ਰਖੇ ਸੋ ਕੈਸੇ ? ਅਨਮਤੀਆਂ ਨਾਲ ਜਦ ਇਕ ਸਿੰਘ ਕਠਾ ਛਕਣ ਕਰੇ ਤਾਂ ਉਸ ਨੂੰ ਉਪਰਲੀ ਤਨਖਾਹ ਲੈਣੀ ਯੋਗ ਹੈ ਯਾ ਅੰਮਰਿਤ ਛਕਣਾ ਹੀ।"

ਲੇਖਕ ਖ : ਕੀ: ਜਾਗ ਸਿੰਘ
ਪਿੰਡ ਕਕੜਵਾਲ, ਡਾ: ਧੂਰੀ।

ਇਸ ਤਰ੍ਹਾਂ ਸਪਸ਼ਟ ਹੈ ਕਿ ਤਖ਼ਤ ਸਿਰੀ ਦਮਦਮਾ ਸਾਹਿਬ, ਪੰਥਕ ਕੰਟਰੋਲ ਹੇਠ ਨਾ ਹੁੰਦਿਆਂ ਵੀ, ਪੰਥਕ ਰਾਜਨੀਤੀ ਵਿਚ ਆਪਣਾ ਰੋਲ ਅਦਾ ਕਰਦਾ ਰਿਹਾ ਹੈ।

1970 ਵਿਆਂ ਵਿਚ ਅਤੇ ਪਿੱਛੋਂ ਪੰਥਕ ਰਾਜਨੀਤੀ ਨੇ ਇਕ ਨਵਾਂ ਮੋੜ ਲੈਣ ਸ਼ੁਰੂ ਕਰ ਦਿੱਤਾ ਹੈ। ਇਸ ਵਿਚ ਸਿਰੀ ਅਕਾਲ ਤਖ਼ਤ ਸਾਹਿਬ ਦਾ ਮੁਖ ਅਸਥਾਨ ਹੈ ਪਰ ਇਸ ਸਮੇਂ ਇਕਲੇ ਅਕਾਲ ਤਖ਼ਤ ਸਾਹਿਬ ਦਾ ਜਥੇਦਾਰ ਹੀ ਆਪਣਾ ਪਾਰਟ ਅਦਾ ਨਹੀਂ ਕਰ ਰਿਹਾ ਸਗੋਂ ਉਨ੍ਹਾਂ ਨਾਲ ਤਖ਼ਤ ਸਿਰੀ ਦਮਦਮਾ ਸਾਹਿਬ ਅਤੇ ਕੇਸਗੜ੍ਹ ਸਾਹਿਬ ਦੇ ਜਥੇਦਾਰ ਵੀ ਸ਼ਾਮਲ ਹੁੰਦੇ ਹਨ।

ਜੂਨ, 1984 ਦੇ ਪਹਿਲੇ ਹਫ਼ਤੇ, ਅਪਰੇਸ਼ਨ ਬਲਿਊ ਸਟਾਰ ਦੇ ਨਾਂ ਹੇਠ, ਜਦ ਭਾਰਤੀ ਫੌਜ ਨੇ ਸਿਰੀ ਅਕਾਲ ਤਖ਼ਤ ਸਾਹਿਬ ਅਤੇ ਸਿਰੀ ਦਰਬਾਰ ਸਾਹਿਬ 'ਤੇ ਹਮਲਾ ਕੀਤਾ ਤਾਂ ਇਸ ਦੇ ਨਾਲ ਹੀ ਤਖ਼ਤ ਸਿਰੀ ਦਮਦਮਾ ਸਾਹਿਬ 'ਤੇ ਵੀ ਭਾਰਤੀ ਫੌਜ ਵਲੋਂ ਹਮਲਾ ਕੀਤਾ ਗਿਆ। ਕਿਸੇ ਬਜ਼ੁਰਗ, ਬੱਚੇ ਜਾਂ ਔਰਤ ਦਾ ਵੀ ਖਿਆਲ ਨਾ ਕੀਤਾ ਗਿਆ। ਇਥੋਂ ਤਕ ਕਿ ਗੁਰੂ ਗ੍ਰੰਥ ਸਾਹਿਬ ਦੀ ਮਾਣ-ਮਰਯਾਦਾ ਦਾ ਵੀ ਸਤਿਕਾਰ ਨਹੀਂ ਰਖਿਆ ਗਿਆ। ਤਲਾਸ਼ੀ

---

45. ਜਿਸ ਤਰ੍ਹਾਂ ਦੇ ਹੁਕਮਨਾਮੇ ਇਸ ਪੁਸਤਕ ਵਿਚ ਦਿੱਤੇ ਗਏ ਹਨ, ਇਨ੍ਹਾਂ ਬਾਰੇ ਇਕ ਗੱਲ ਸਮਝ ਲੈਣੀ ਚਾਹੀਦੀ ਹੈ ਕਿ ਇਹ ਸਹੀ ਸ਼ਬਦਾਂ ਵਿਚ ਹੁਕਮਨਾਮੇ ਨਹੀਂ ਹਨ। ਹੁਕਮਨਾਮਾ ਸਰਬਤ ਖਾਲਸਾ ਜਾਂ ਇਲਾਕੇ ਦੀ ਸਰਬਤ ਸੰਗਤ ਵਲੋਂ ਸਰਬ ਸੰਮਤੀ ਨਾਲ ਪਾਸ ਕਰ ਕੇ, ਤਖ਼ਤ ਦੇ ਜਥੇਦਾਰ ਵਲੋਂ ਜਾਰੀ ਕੀਤਾ ਜਾਂਦਾ ਹੈ। ਪਰ ਪੁਸਤਕ ਵਿਚ ਵਰਨਣ ਕੀਤੇ ਇਹ ਹੁਕਮਨਾਮੇ ਜਥੇਦਾਰ ਜਾਂ ਸੰਗਤ ਵਲੋਂ ਨਹੀਂ, ਸਗੋਂ ਗ੍ਰੰਥੀਆਂ, ਮਹੰਤਾਂ ਜਾਂ ਪੁਜਾਰੀਆਂ ਵਲੋਂ ਆਪਣੇ ਤੌਰ 'ਤੇ ਹੀ ਜਾਰੀ ਕੀਤੇ ਗਏ ਹਨ। ਕਿਉਂਕਿ ਇਨ੍ਹਾਂ ਪੱਤਰਾਂ, ਚਿੱਠੀਆਂ ਜਾਂ ਅਪੀਲਾਂ ਨੂੰ ਉਸ ਸਮੇਂ ਆਮ ਸਿੱਖਾਂ ਵਿਚ ਹੁਕਮਨਾਮਿਆਂ ਦਾ ਹੀ ਨਾਂ ਦਿੱਤਾ ਗਿਆ ਸੀ, ਇਸ ਲਈ ਲੇਖਕ ਨੇ ਵੀ ਇਸ ਪੁਸਤਕ ਵਿਚ ਇਨ੍ਹਾਂ ਨੂੰ ਹੁਕਮਨਾਮੇ ਦੇ ਨਾਂ ਹੇਠ ਹੀ ਲਿਖਿਆ ਹੈ। ਵੈਸੇ ਗੁਰਮਤਿ ਮਰਯਾਦਾ ਅਨੁਸਾਰ ਇਹ ਚਿੱਠੀਆਂ-ਪੱਤਰ, ਹੁਕਮਨਾਮੇ ਨਹੀਂ ਹੋ ਸਕਦੇ।

ਲੈਣ ਸਮੇਂ, ਗੁਰੂ ਗ੍ਰੰਥ ਸਾਹਿਬ ਦੇ ਸਰੂਪ ਉਪਰ ਰੁਮਾਲਿਆ ਨੂੰ ਲਾਹ ਲਾਹ ਕੇ ਇਸ ਤਰ੍ਹਾਂ ਦੇਖਿਆ ਗਿਆ ਜਿਵੇਂ ਕਿਸੇ ਮਨੁੱਖ ਦੇ ਸਰੀਰ ਤੋਂ ਕਪੜੇ ਖਿੱਚ ਖਿੱਚ ਕੇ ਪਾੜੇ ਜਾਣ। ਜੋ ਸਾਹਮਣੇ ਆਇਆ ਭਾਵੇਂ ਉਹ ਬਜ਼ੁਰਗ ਸੀ, ਬੱਚਾ ਸੀ ਜਾਂ ਔਰਤ ਸੀ, ਜਾਂ ਗੁਰਦੁਆਰਾ ਸਾਹਿਬ ਦਾ ਗ੍ਰੰਥੀ ਸਿੰਘ, ਉਸ ਨੂੰ ਗੋਲੀ ਮਾਰ ਕੇ ਮਾਰ ਦਿੱਤਾ ਗਿਆ।

ਅਪਰੇਸ਼ਨ ਪਿੱਛੋਂ ਪੰਥਕ ਰਾਜਨੀਤੀ ਪੰਜ ਸਿੰਘ ਸਾਹਿਬਾਨਾ ਦੇ ਹਥ ਆਈ। ਇਨ੍ਹਾਂ ਪੰਜ ਸਿੰਘ ਸਾਹਿਬਾਨਾਂ ਵਿਚ ਤਖ਼ਤ ਸਿਰੀ ਦਮਦਮਾ ਸਾਹਿਬ ਦੇ ਜਥੇਦਾਰ ਵੀ ਸ਼ਾਮਲ ਸਨ। 1984-85 ਦੇ ਸਾਲਾਂ ਵਿਚ, ਅਪਰੇਸ਼ਨ ਬਲਿਊ ਸਟਾਰ ਤੋ ਪਿੱਛੋਂ, ਅਨੇਕਾਂ ਵਾਰ ਤਖ਼ਤ ਸਾਹਿਬ ਨੂੰ ਭਾਰਤੀ ਫੌਜ ਅਤੇ ਪੁਲਿਸ ਵਲੋਂ ਘੇਰਿਆ ਗਿਆ। ਇਕ ਵਾਰ 1985 ਦੀ ਵਿਸਾਖੀ ਦੇ ਉਤਸਵ ਸਮੇਂ ਤਾਂ ਪੰਥ ਵਿਚੋਂ ਛੇਕੇ ਹੋਏ ਨਿਹੰਗ, ਸੰਤਾ ਸਿੰਘ ਨੂੰ ਭਾਰਤੀ ਪੁਲੀਸ ਅਤੇ ਬੀ. ਐਸ. ਐਫ. ਆਪਣੇ ਜ਼ੋਰ ਨਾਲ ਤਖ਼ਤ ਸਾਹਿਬ ਦੇ ਅੰਦਰ ਲੈ ਗਈ ਅਤੇ ਮੱਥਾ ਟਿਕਾ ਕੇ ਬਾਹਰ ਲੈ ਆਈ। ਸਿੱਖ ਸੰਗਤਾਂ ਨੂੰ ਪੁਲੀਸ ਵਲੋਂ ਬਾਹਰ ਕਢ ਦਿੱਤਾ ਗਿਆ ਸੀ ਅਤੇ ਸੇਵਾਦਾਰਾਂ ਨੂੰ ਉਨ੍ਹਾਂ ਦੇ ਕਮਰਿਆ ਵਿਚ ਬੰਦ ਕਰ ਦਿੱਤਾ ਗਿਆ ਸੀ। ਇਸ ਧੱਕੇ ਸਾਹਮਣੇ ਸਿੱਖ ਸੰਗਤਾਂ ਸਬਰ ਦਾ ਘੁਟ ਭਰ ਕੇ ਹੀ ਰਹਿ ਗਈਆਂ ਅਤੇ ਭਾਰਤ ਸਰਕਾਰ ਆਪਣੀ ਖੇਡ, ਖੇਡ ਕੇ ਜਾ ਚੁੱਕੀ ਸੀ।

ਇਸ ਤਰ੍ਹਾਂ ਤਖ਼ਤ ਸਿਰੀ ਦਮਦਮਾ ਸਾਹਿਬ, ਖਾਲਸੇ ਦੇ ਪੰਜ ਤਖ਼ਤਾਂ ਵਿਚੋਂ ਇਕ ਮਹੱਤਵਪੂਰਨ ਤਖ਼ਤ ਹੈ। ਇਤਿਹਾਸਕ ਘਟਨਾ-ਕਰੱਮ ਅਨੁਸਾਰ ਇਹ ਚੌਥਾ ਤਖ਼ਤ ਹੈ। ਇਸ ਦੀਆਂ ਨੀਹਾਂ ਵਿਚ ਬਾਬਾ ਦੀਪ ਸਿੰਘ ਜੀ ਸ਼ਹੀਦ ਜੈਸੇ ਸੂਰਬੀਰਾਂ ਦਾ ਖ਼ੂਨ ਪਿਆ ਹੋਇਆ ਹੈ।

ਚੈਪਟਰ ਪੰਜਵਾਂ

ਤਖ਼ਤ ਸਿਰੀ ਹਜ਼ੂਰ ਸਾਹਿਬ

ਨਾਂਦੇੜ (ਮਹਾਂਰਾਸ਼ਟਰ)

ਤਖ਼ਤ ਸਿਰੀ ਹਜ਼ੂਰ ਸਾਹਿਬ, ਭਾਰਤ ਦੇ ਮਹਾਂਰਾਸ਼ਟਰ ਪਰਾਂਤ ਦੇ ਨਾਂਦੇੜ ਜ਼ਿਲਾ ਹੈਡ ਕੁਆਰਟਰ ਖਾਸ ਵਿਚ ਸਥਿਤ ਹੈ। ਇਹ ਖਾਲਸਾ ਪੰਥ ਦੇ ਪੰਜਾਂ ਤਖ਼ਤਾਂ ਵਿਚੋਂ ਪੰਜਵਾਂ ਤਖ਼ਤ ਹੈ। ਇਹ ਮਹਾਨ ਅਸਥਾਨ ਇਤਿਹਾਸਕ ਤੌਰ 'ਤੇ ਦਸਮ ਪਾਤਸ਼ਾਹ ਸਾਹਿਬ ਸਿਰੀ ਗੁਰੂ ਗੋਬਿੰਦ ਸਿੰਘ ਜੀ ਦੇ ਅੰਤਮ ਸਮੇਂ ਨਾਲ ਸਬੰਧਤ ਹੈ। ਗੁਰੂ ਜੀ ਨੇ ਆਪਣੇ ਅੰਤਮ ਸਮੇਂ ਹੀ, ਜਦੋਂ ਖਾਲਸਾ ਭਾਈਚਾਰੇ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਆਤਮਿਕ (ਸ਼ਬਦ) ਗੁਰੂ ਮੰਨਣ ਦੇ ਆਦੇਸ਼ ਦਿੱਤੇ ਸਨ ਉਦੋਂ ਹੀ ਇਸ ਅਸਥਾਨ ਨੂੰ ਪੰਜਵਾਂ ਤਖ਼ਤ ਵੀ ਸਥਾਪਤ ਕੀਤਾ ਸੀ। ਪੰਜਵੇਂ ਤਖ਼ਤ ਤੋਂ ਭਾਵ ਹੈ ਕਿ ਇਹ ਅਸਥਾਨ ਦੱਖਣੀ ਭਾਰਤ ਦੇ ਇਲਾਕੇ ਦੀਆਂ ਸਿੱਖ ਸੰਗਤਾਂ ਦਾ ਕੇਂਦਰ ਬਣਨਾ ਸੀ। ਇਹ ਇਕ ਪਰੰਪਰਿਕ ਵਿਸ਼ਵਾਸ ਹੈ। ਇਸ ਦਾ ਸੰਖੇਪ ਵੇਰਵਾ ਇਸ ਤਰ੍ਹਾਂ ਹੈ :

ਗੁਰੂ ਗੋਬਿੰਦ ਸਿੰਘ ਜੀ ਜਦੋਂ ਤਖ਼ਤ ਸਿਰੀ ਦਮਦਮਾ ਸਾਹਿਬ ਵਿਚ ਰਹਿੰਦੇ ਹੋਏ ਮੁਕਤਸਰ ਦੀ ਜੰਗ ਵਿਚ ਦੁਸ਼ਮਣ ਉਪਰ ਨਿਰਣਈ ਫਤਿਹ ਪਰਾਪਤ ਕਰ ਚੁੱਕੇ ਸਨ ਤਾਂ ਉਨ੍ਹਾਂ ਨੇ ਬਾਦਸ਼ਾਹ ਔਰੰਗਜ਼ੇਬ ਨੂੰ ਦੀਨਾ-ਕਾਂਗੜ੍ਹ ਨਗਰ ਵਿਚੋਂ ਇਕ ਵਿਜਈ ਅੰਦਾਜ਼ ਵਿਚ ਜ਼ਫਰਨਾਮਾ ਲਿਖਿਆ ਜਿਸ ਵਿਚ ਇਸ ਗੱਲ ਦਾ ਬਿਰਤਾਂਤ ਦਿੱਤਾ ਗਿਆ ਸੀ ਕਿ ਕਿਵੇਂ ਔਰੰਗਜ਼ੇਬ ਵਲੋਂ ਦਿੱਤੇ ਗਏ ਵਿਸ਼ਵਾਸ ਅਤੇ ਕੀਤੇ ਗਏ ਵਾਇਦਿਆਂ ਦੇ ਖਿਲਾਫ਼ ਉਸ ਦੇ ਅਧਿਕਾਰੀਆਂ ਅਤੇ ਕਰਮਚਾਰੀਆਂ ਵਲੋਂ ਗੁਰੂ ਜੀ ਦੇ ਉਪਰ ਹਮਲੇ ਕਰਕੇ ਵਿਸ਼ਵਾਸਘਾਤ ਕੀਤਾ ਗਿਆ ਸੀ।

ਨਾ ਕਤਰਾ ਮਰਾ ਇਤਬਾਰੇ ਬਰ-ਉਸਤ।
ਕਿ ਬਖ਼ਸ਼ੀਓ ਦੀਵਾਂ ਹਮਾ ਕਿਜ਼ਬ ਗੋਸਤ।
ਹਮੂੰ ਮਰਦ ਬਾਯਦ ਸ਼ਵਦ ਸੁਖ਼ਨਵਰ।
ਨਾ ਸ਼ਿਕਮਿ ਦਿਗਰ ਦਰ ਦਹਾਨਿ ਦਿਗਰ।[1]

ਕਵੀ ਸੈਨਾਪਤਿ ਨੇ ਇਸ ਤਰ੍ਹਾਂ ਲਿਖਿਆ ਹੈ :

---

1. ਜ਼ਫਰਨਾਮਾ, ਭਾਸ਼ਾ ਵਿਭਾਗ, ਪੰਜਾਬ, ਪਟਿਆਲਾ, 1988, ਪੰਨੇ 12 ਅਤੇ 35.

ਸ਼ਾਹਿ ਔਰੰਗ ਕੋ ਲਿਖਾ ਇਹ ਭਾਂਤ ਸੋ ਚਾਹਤਾ ਆਪ ਤੁਹਿ ਪਾਸ ਆਯੋ।
ਕੌਲ ਖ਼ਿਕੌਲ ਸਭ ਲੋਗ ਤੇਰੇ ਭਏ ਜੰਗ ਕੇ ਭੇਦ ਐਸੇ ਬਤਾਯੋ।
ਰਾਵ ਰਾਜੇ ਘਨੇ ਆਨ ਰਨ ਮੈ ਤਨੇ ਭਏ ਹੈ ਅਨਮਨੇ ਤਿਤਨ ਘਾਯੋ।
ਦੇਖ ਕੈ ਚੇਤ ਬੀਚਾਰ ਏਤਾ ਯਹੀ ਸਿੰਘ ਤੁਹਿ ਪਾਸਿ ਯਾ ਤੇ ਪਠਾਯੋ।[2]

ਇਹ ਜ਼ਫ਼ਰਨਾਮਾ ਭਾਈ ਦਯਾ ਸਿੰਘ ਅਤੇ ਭਾਈ ਧਰਮ ਸਿੰਘ ਜੀ ਨੂੰ ਦੇ ਕੇ ਦੱਖਣ ਵਲ ਬਾਦਸ਼ਾਹ ਨੂੰ ਦੇਣ ਲਈ ਤੋਰਿਆ ਸੀ। ਕਾਫੀ ਮੁਸ਼ਕਲਾਂ ਤੇ ਔਕੜਾਂ ਦੇ ਬਾਦ ਜਦ ਇਹ ਪੱਤਰ ਬਾਦਸ਼ਾਹ ਔਰੰਗਜ਼ੇਬ ਨੂੰ ਮਿਲਿਆ ਤਾਂ ਉਸ ਨੇ ਸਾਰੇ ਹਾਲਾਤ ਨੂੰ ਸਮਝ ਕੇ ਭਾਈ ਦਯਾ ਸਿੰਘ ਦੇ ਹੱਥ ਹੀ ਇਹ ਲਿਖਤੀ ਸੁਨੇਹਾ ਘੱਲ ਦਿੱਤਾ ਕਿ ਗੁਰੂ ਸਾਹਿਬ ਪੂਰੀ ਸੁਤੰਤਰਤਾ ਨਾਲ ਉਸ ਨੂੰ ਇਥੇ ਮਿਲਣ ਆ ਸਕਦੇ ਹਨ। ਇਸ ਦੀ ਪੂਰਤੀ ਵਜੋਂ ਕੁਝ ਗੁਰਜਬਰਦਾਰ (ਅਹਿਦੀਏ) ਭਾਈ ਦਯਾ ਸਿੰਘ ਦੇ ਨਾਲ ਭੇਜੇ ਗਏ ਤਾਂ ਕਿ ਉਹ ਲਾਹੌਰ ਦੇ ਗਵਰਨਰ ਨੂੰ ਬਾਦਸ਼ਾਹ ਦੇ ਹੁਕਮਾਂ ਤੋਂ ਜਾਣੂ ਕਰਵਾ ਸਕਣ।[3] ਗੁਰਜਬਰਦਾਰ ਲਾਹੌਰ ਵਲ ਚਲੇ ਗਏ ਸਨ ਅਤੇ ਭਾਈ ਦਯਾ ਸਿੰਘ ਆਦਿ ਸਿੰਘ ਗੁਰੂ ਸਾਹਿਬ ਵਲ ਤਖ਼ਤ ਸਿਰੀ ਦਮਦਮਾ ਸਾਹਿਬ ਵਿਖੇ ਪਹੁੰਚ ਗਏ ਸਨ। ਭਾਈ ਦਯਾ ਸਿੰਘ ਵਲੋਂ ਸਾਰੀ ਗੱਲ ਜਾਣਨ ਦੇ ਬਾਅਦ ਗੁਰੂ ਸਾਹਿਬ ਨੇ ਦੱਖਣ ਵਲ, ਬਾਦਸ਼ਾਹ ਨੂੰ ਮਿਲਣ ਲਈ ਜਾਣ ਦੀਆਂ ਤਿਆਰੀਆਂ ਕਰ ਲਈਆਂ ਸਨ।

ਤਖ਼ਤ ਸਿਰੀ ਦਮਦਮਾ ਸਾਹਿਬ ਤੋਂ ਗੁਰੂ ਗੋਬਿੰਦ ਸਿੰਘ ਜੀ 30 ਅਕਤੂਬਰ, 1706 ਈ. ਨੂੰ ਚਲੇ ਅਤੇ ਉਨ੍ਹਾਂ ਨੇ ਸਿੱਧਾ ਰਾਜਪੂਤਾਨੇ ਵਾਲਾ ਰਸਤਾ ਹੀ ਅਪਣਾਇਆ। ਜਿਸ ਵੀ ਰਾਜਪੂਤ ਰਿਆਸਤ ਵਿਚ ਗੁਰੂ ਜੀ ਅਤੇ ਉਨ੍ਹਾਂ ਦਾ ਖ਼ਾਲਸਈ ਲਸ਼ਕਰ ਦਾਖ਼ਲ ਹੁੰਦਾ ਸੀ ਉਸ ਰਿਆਸਤ ਦਾ ਰਾਜਾ ਜਾਂ ਮੁਖੀ ਗੁਰੂ ਜੀ ਨੂੰ ਅਗੋਂ ਆ ਕੇ 'ਜੀ ਆਇਆ' ਕਹਿੰਦਾ ਸੀ :

ਕਰਤ ਕੂਚ ਆਏ ਤਹਾਂ ਰਾਜਪੂਤਨ ਕੇ ਦੇਸ ॥
ਆਨ ਆਨ ਰਾਜਾ ਮਿਲੇ ਜੋਧਾ ਬਡੇ ਨਰੇਸ ॥[4]

ਕਵੀ ਸੈਨਾਪਤਿ, ਗੁਰੂ ਸਾਹਿਬ ਦੇ ਇਸ ਸਫਰ ਦਾ ਬਿਰਤਾਂਤ ਇਸ ਤਰ੍ਹਾਂ ਦਿੰਦਾ ਹੈ ਜਿਵੇਂ ਕਿ ਉਸ ਨੇ ਇਹ ਸਭ ਕੁਝ ਆਪਣੀ ਅੱਖੀਂ ਦੇਖਿਆ ਹੋਵੇ। ਉਹ ਇਹ ਵੀ ਲਿਖਦਾ ਹੈ ਕਿ ਜਿਸ ਨਗਰ ਦਾ ਰਾਜਾ ਜਾਂ ਮੁਖੀ ਅਗੋਂ ਨਜ਼ਰਾਨਾ ਲੈ ਕੇ ਨਹੀ ਮਿਲਦਾ ਸੀ ਉਸ ਨਗਰ ਵਿਚੋਂ ਖ਼ਾਲਸਾ ਆਪਣੀ ਤਾਕਤ ਨਾਲ ਰਸਦ ਪਾਣੀ ਲੈ ਲੈਂਦਾ ਸੀ। ਪਰ ਜਿਸ ਦਾ ਮੁਖੀ ਨਜ਼ਰਾਨਾ ਲੈ ਕੇ ਆ ਮਿਲਦਾ ਸੀ ਉਸ ਦੇ ਨਗਰ ਨੂੰ ਲੁੱਟਣ ਤੋਂ ਬਚਾ ਲਿਆ ਜਾਂਦਾ ਸੀ :

ਜਿਹ ਗਾਂਵਨ ਖਾਲਸਾ ਪਰੇ ਲੂਟ ਕੂਟ ਤਿਹ ਲੇਤ।
ਗਾਂਵ ਬਚੇ ਰਾਜਾ ਮਿਲੇ ਭੇਟ ਪ੍ਰਭੂ ਸੋ ਦੇਤ।

---

2. *ਸ੍ਰੀ ਗੁਰ ਸ਼ੋਭਾ* (ਸੰ. ਗੰਡਾ ਸਿੰਘ), ਪੰਜਾਬੀ ਯੂਨੀਵਰਸਿਟੀ, ਪਟਿਆਲਾ, 1967, ਪੰਨਾ 90. ਹੋਰ ਦੇਖੋ ਗਯਾਨ ਸਿੰਘ, *ਤਵਾਰੀਖ਼ ਗੁਰੂ ਖ਼ਾਲਸਾ* (ਪੱਥਰ ਛਾਪ, ਪਹਿਲੀ), ਸਿਆਲਕੋਟ, 1891, ਪੰਨਾ 335.
3. ਗਯਾਨ ਸਿੰਘ, *ਪੂਰਵ ਅੰਕਤ*, ਪੰਨਾ ਓਹੀ।
4. ਕਵੀ ਸੈਨਾਪਤਿ, *ਪੂਰਵਅੰਕਤ*, ਪੰਨਾ 97.

ਜੋ ਰਾਜਾ ਕਰ ਜੋਰ ਕੈ ਮਿਲਤੇ ਪ੍ਰਭੂ ਸੋ ਧਾਇ।
ਬਸਹੈ ਦੇਸ ਆਨੰਦ ਸੋ ਤਾਂ ਢਿਗ ਕੋਇ ਨ ਜਾਇ।[5]

ਇਸ ਦਾ ਭਾਵ ਇਹ ਹੀ ਹੋ ਸਕਦਾ ਹੈ ਕਿ ਗੁਰੂ ਜੀ ਨਾਲ ਕਿਉਂਕਿ ਤਿੰਨ ਸੌ ਦੇ ਕਰੀਬ ਘੋੜਸਵਾਰ ਸਿੰਘ ਸੀ। ਇਸ ਤੋਂ ਇਲਾਵਾ ਗੁਰੂ ਜੀ ਦੇ ਅਤੇ ਹੋਰ ਸਿੰਘਾਂ ਦੇ ਪਰਿਵਾਰ ਵੀ ਹੋਣਗੇ। ਮਾਲ-ਅਸਬਾਬ ਢੋਣ ਲਈ ਗੱਡੇ ਅਤੇ ਬਲਦ ਵੀ ਹੋਣਗੇ। ਇਤਨੇ ਵੱਡੇ ਲਾਓ-ਲਸ਼ਕਰ ਨੂੰ ਰੋਜ਼ਾਨਾ ਦੀ ਰਸਦ ਪਾਣੀ ਮੁਹਈਆਂ ਕਰਵਾਉਣੀ ਅਤੇ ਉਹ ਵੀ ਸਫਰ ਵਿਚ, ਬਹੁਤ ਵੱਡੀ ਮੁਸ਼ਕਲ ਸੀ। ਛੋਟੇ ਮੋਟੇ ਪਿੰਡ ਵਿਚੋਂ ਤਾਂ ਇਤਨੇ ਵੱਡੇ ਲਸ਼ਕਰ ਦਾ ਰਸਦ-ਪਾਣੀ ਇੱਕਠਾ ਕਰਨਾ ਮੁਮਕਿਨ ਨਹੀਂ ਸੀ। ਇਤਨੇ ਲਸ਼ਕਰ ਦਾ ਪੜਾਓ ਕਰਨਾ ਵੀ ਬਹੁਤ ਮੁਸ਼ਕਲ ਸੀ। ਇਸ ਦੇ ਹੱਲ ਲਈ ਗੁਰੂ ਸਾਹਿਬ ਕੁਝ ਸਿੰਘਾਂ ਨੂੰ ਪਹਿਲਾਂ ਅੱਗੇ ਪਰਬੰਧ ਕਰਨ ਲਈ ਤੋਰਦੇ ਹੋਣਗੇ। ਇਸ ਤਰ੍ਹਾਂ ਰਿਆਸਤ ਦੇ ਸਬੰਧਤ ਮੁਖੀਏ ਨੂੰ ਪਹਿਲਾਂ ਖ਼ਬਰ ਮਿਲ ਜਾਂਦੀ ਸੀ। ਇਸ ਖ਼ਬਰ ਅਨੁਸਾਰ ਜਿਹੜਾ ਰਾਜਾ ਅੱਗੋਂ ਆ ਕੇ ਸਾਰਾ ਪਰਬੰਧ ਕਰ ਦਿੰਦਾ ਸੀ ਉਸ ਦੇ ਨਗਰ ਵਿਚੋਂ ਜਬਰਦਸਤੀ ਰਸਦ-ਪਾਣੀ ਇਕੱਠਾ ਕਰਨ ਦੀ ਲੋੜ ਨਹੀਂ ਸੀ ਪੈਂਦੀ ਪਰ ਜਿਥੇ ਅਗੋਂ ਕੋਈ ਪਰਬੰਧ ਨਹੀਂ ਸੀ ਹੁੰਦਾ ਉਥੋਂ ਜਬਰਦਸਤੀ ਰਸਦ ਉਗਰਾਹੁਣਾ ਕੁਦਰਤੀ ਗੱਲ ਸੀ।

ਇਸ ਤਰ੍ਹਾਂ ਗੁਰੂ ਸਾਹਿਬ ਦਾ ਖਾਲਸਈ ਲਸ਼ਕਰ ਰਾਜਸਥਾਨ ਦੇ ਸ਼ਹਿਰਾਂ ਨੌਹਰ, ਸੁਹਾਵਾ, ਉਦੈਪੁਰ, ਅਜਮੇਰ, ਭੀਲਵਾੜਾ ਅਤੇ ਚਿਤੌੜਗੜ੍ਹ ਆਦਿ ਵਿਚੋਂ ਦੀ ਗੁਜਰਿਆ। ਚਿਤੌੜਗੜ੍ਹ ਦੇ ਨੇੜੇ ਹੀ ਭੀਲਵਾੜਾ ਅਸਥਾਨ ਹੈ ਇਸ ਦਾ ਪੁਰਾਣਾ ਨਾਂ ਬਘੌਰ ਸੀ। ਇਸ ਥਾਂ 'ਤੇ ਗੁਰੂ ਸਾਹਿਬ ਨੂੰ ਭਾਈ ਦਯਾ ਸਿੰਘ ਜੀ ਦੁਬਾਰਾ ਆ ਕੇ ਮਿਲੇ। ਭਾਈ ਦਯਾ ਸਿੰਘ ਨੂੰ ਗੁਰੂ ਸਾਹਿਬ ਨੇ ਆਪਣੀ ਰਵਾਨਗੀ ਤੋਂ ਪਹਿਲਾਂ ਅੱਗੇ ਬਾਦਸ਼ਾਹ ਵਲ ਤੋਰ ਦਿੱਤਾ ਸੀ ਤਾਂ ਕਿ ਉਹ ਬਾਦਸ਼ਾਹ ਨੂੰ ਗੁਰੂ ਜੀ ਦੇ ਆਉਣ ਸਬੰਧੀ ਜਾਣੂ ਕਰਵਾ ਸਕਣ। ਭਾਈ ਦਯਾ ਸਿੰਘ ਅਗੋਂ ਹੀ ਆ ਕੇ ਗੁਰੂ ਜੀ ਨੂੰ ਬਘੌਰ ਦੇ ਅਸਥਾਨ 'ਤੇ ਮਿਲਿਆ ਅਤੇ ਦੱਸਿਆ ਕਿ ਬਾਦਸ਼ਾਹ ਦਾ ਦਿਹਾਂਤ ਹੋ ਗਿਆ ਹੈ।

ਦਯਾ ਸਿੰਘ ਤਾਹੀ ਦਿਸਾ ਮਿਲਾ ਪ੍ਰਭੂ ਸੋ ਆਇ।
ਗੁਰਜਦਾਰ ਦਿੱਲੀ ਗਯੋ ਵਹਿ ਉਸ ਰਾਹਿ ਨ ਜਾਇ।

... ...

ਸ਼ਹਿਰ ਬਘੌਰ ਆਪ ਜੋ ਆਏ। ਲੋਗ ਤਹਾਂ ਕੇ ਅਤਿ ਡਰ ਪਾਏ।[6]

ਨਵਾਂ ਬਾਦਸ਼ਾਹ ਬਹਾਦਰ ਸ਼ਾਹ ਪੰਜਾਬ ਦੇ ਕਿਸੇ ਅਸਥਾਨ 'ਤੇ ਸੀ। ਉਸ ਨੇ ਤੁਰੰਤ ਦਿੱਲੀ ਪਹੁੰਚ ਕੇ ਬਾਦਸ਼ਾਹ ਬਣਨ ਦਾ ਐਲਾਨ ਕਰਨਾ ਸੀ। ਇਸ ਕਰਕੇ ਗੁਰੂ ਸਾਹਿਬ ਦਾ ਅੱਗੇ ਦੱਖਣ ਨੂੰ ਜਾਣ ਦਾ ਕੋਈ ਮਤਲਬ ਨਹੀਂ ਸੀ। ਉਨ੍ਹਾਂ ਨੇ ਇਕ ਦਮ ਵਾਪਸ ਚਾਲੇ ਪਾ ਦਿੱਤੇ ਅਤੇ ਤੇਜ਼ੀ ਨਾਲ ਰਸਤਾ ਕੱਟਦੇ ਹੋਏ ਦਿੱਲੀ ਪਹੁੰਚ ਗਏ। ਇਥੇ ਬਾਦਸ਼ਾਹ ਬਹਾਦਰ ਸ਼ਾਹ ਨਾਲ ਗੱਲਬਾਤ ਹੋਈ। ਬਾਦਸ਼ਾਹ ਨੇ ਗੁਰੂ ਜੀ ਨੂੰ ਜਾਣੂ ਕਰਵਾਇਆ ਕਿ ਉਹ ਆਗਰੇ

---

5. *ਉਕਤ*, ਪੰਨਾ 98.
6. *ਸੈਨਾਪਤਿ*, ਪੰਨੇ 97 ਅਤੇ 99.

ਵਿਖੇ ਗੁਰੂ ਜੀ ਨਾਲ ਮੁਲਾਕਾਤ ਕਰਨਾ ਚਾਹੁੰਦੇ ਹਨ। ਗੁਰੂ ਜੀ ਦਾ ਲਸ਼ਕਰ ਆਗਰੇ ਲਈ ਰਵਾਨਾ ਹੋ ਗਿਆ ਅਤੇ ਉਥੇ ਪੰਹੁਚ ਕੇ ਇਕ ਬਹੁਤ ਸੁੰਦਰ ਬਾਗ ਵਿਚ ਗੁਰੂ ਜੀ ਨੇ ਉਤਾਰਾ ਕੀਤਾ। ਇਸ ਤੋ ਤਿੰਨ ਜਾਂ ਚਾਰ ਕਿਲੋਮੀਟਰ ਦੀ ਵਿੱਥ ਤੇ ਬਾਦਸ਼ਾਹ ਦਾ ਕੈਂਪ ਸੀ :

ਬਾਗ ਏਕ ਦੇਖਿਓ ਤਹਾਂ ਉਤਰ ਕੀਓ ਬਿਸਰਾਮ।
ਕੋਸ ਦੋਇ ਤਾਂ ਤੇ ਰਹੇ ਬਾਦਸ਼ਾਹ ਕੇ ਧਾਮ।[7]

ਆਗਰੇ ਵਿਖੇ ਪਹਿਲਾਂ ਬਾਦਸ਼ਾਹ ਦੇ ਵੱਡੇ ਵਜ਼ੀਰ ਖਾਨਿ ਖਾਨਾ ਮੁਨਈਮ ਖਾਨ ਨੇ ਗੁਰੂ ਜੀ ਨਾਲ ਮੁਲਾਕ਼ਾਤ ਕੀਤੀ ਅਤੇ ਬਾਦਸ਼ਾਹ ਦੀ ਮੁਲਾਕਾਤ ਲਈ ਬੇਨਤੀ ਕੀਤੀ। ਡਾ. ਗੰਡਾ ਸਿੰਘ ਲਿਖਦੇ ਹਨ ਕਿ ਗੁਰੂ ਜੀ ਅਤੇ ਔਰੰਗਜ਼ੇਬ ਵਿਚਕਾਰ ਆਪਸੀ ਤਾਲਮੇਲ ਕਰਵਾਉਣ ਲਈ ਇਸ ਖਾਨਿ ਖਾਨਾ ਦਾ ਤਕੜਾ ਰੋਲ ਸੀ। ਇਸ ਨੂੰ ਹੀ ਔਰੰਗਜ਼ੇਬ ਨੇ ਹੁਕਮ ਭੇਜਿਆ ਸੀ ਕਿ ਉਹ ਗੁਰੂ ਜੀ ਨੂੰ ਪੂਰੀ ਤਸੱਲੀ ਦੇ ਕੇ ਦੱਖਣ ਵਲ ਤੋਰੇ।[8]

23 ਜੁਲਾਈ, 1707 ਈ. ਨੂੰ ਬਾਦਸ਼ਾਹ ਅਤੇ ਗੁਰੂ ਜੀ ਦੀ ਮੁਲਾਕਾਤ ਹੋਈ। ਬਾਦਸ਼ਾਹ ਵਲੋਂ ਮੁਲਾਕਾਤ ਦੀ ਬੇਨਤੀ ਕਰਨ 'ਤੇ ਗੁਰੂ ਸਾਹਿਬ ਕੁਝ ਚੋਣਵੇਂ ਸਿੰਘਾਂ ਨੂੰ ਨਾਲ ਲੈ ਕੇ ਰਵਾਨਾ ਹੋਏ। ਬਾਦਸ਼ਾਹ ਦੇ ਸ਼ਾਹੀ ਕੈਂਪ ਦੇ ਨੇੜੇ ਪਹੁੰਚ ਕੇ ਬਾਕੀ ਸਿੰਘ ਬਾਹਰ ਹੀ ਖੜੇ ਕਰ ਦਿੱਤੇ ਗਏ ਅਤੇ ਗੁਰੂ ਸਾਹਿਬ ਇਕ ਸਿੰਘ ਨੂੰ ਸਾਥ ਲੈ ਕੇ ਅੰਦਰ ਗਏ। ਅੰਦਰਲੇ ਦਰਵਾਜੇ ਕੋਲ ਪਹੁੰਚ ਕੇ, ਜਿਥੇ ਕਿ ਬਾਦਸ਼ਾਹ ਬੈਠਾ ਸੀ, ਉਸ ਸਿੰਘ ਨੂੰ ਡਿਊਢੀ ਦੇ ਦੁਆਰ 'ਤੇ ਹੀ ਖੜਾ ਕਰ ਦਿੱਤਾ ਗਿਆ ਅਤੇ ਗੁਰੂ ਸਾਹਿਬ ਇਕੱਲੇ ਅੰਦਰ ਗਏ। ਗੁਰੂ ਸਾਹਿਬ ਨੇ ਮੋਢੇ ਤੀਰ ਕਮਾਨ ਅਤੇ ਹੋਰ ਸ਼ਸ਼ਤਰ ਪਹਿਨੇ ਹੋਏ ਸਨ ਅਤੇ ਸੀਸ ਉਪਰ ਬਹੁਤ ਸੁੰਦਰ ਕਲਗੀ ਲਗਾਈ ਹੋਈ ਸੀ। ਬਾਦਸ਼ਾਹ ਨੇ ਖੜੇ ਹੋ ਕੇ ਗੁਰੂ ਜੀ ਨੂੰ ਜੀ ਆਇਆਂ ਕਿਹਾ ਅਤੇ ਗੁਰੂ ਸਾਹਿਬ ਬਾਦਸ਼ਾਹ ਦੇ ਬਰਾਬਰ ਬੈਠ ਗਏ। ਬਾਦਸ਼ਾਹ ਨੇ ਕਿਹਾ ਕਿ ਇਹ ਤਖ਼ਤ ਉਨ੍ਹਾਂ ਦੀ ਕਿਰਪਾ ਨਾਲ ਹੀ ਪਰਾਪਤ ਹੋਇਆ ਹੈ ਮਿਹਰ ਕਰੋ ਕਿ ਇਹ ਤਖ਼ਤ ਸਦਾ ਸਥਿਰ ਰਹੇ। ਬਾਦਸ਼ਾਹ ਨੇ ਗੁਰੂ ਜੀ ਨੂੰ ਇਕ ਕਲਗੀ, ਇਕ ਕੀਮਤੀ ਧੁਖਧੁਖੀ (ਹਾਰ) ਅਤੇ ਇਕ ਖਿਲੱਅਤ ਪੇਸ਼ ਕੀਤੀ। ਗੁਰੂ ਜੀ ਨੇ ਖਾਸ ਸ਼ਾਹੀ ਡਿਊਢੀ ਤੇ ਖੜੇ ਸਿੰਘ ਨੂੰ ਬੁਲਾਇਆ ਅਤੇ ਇਹ ਸਾਰੀਆਂ ਵਸਤਾਂ ਉਸ ਦੇ ਹਵਾਲੇ ਕਰ ਦਿੱਤੀਆਂ। ਫਿਰ ਬਾਦਸ਼ਾਹ ਤੋਂ ਵਿਦਾਇਗੀ ਲੈ ਕੇ ਗੁਰੂ ਸਾਹਿਬ ਆਪਣੇ ਕੈਂਪ ਬਾਗ ਵਿਚ ਪਹੁੰਚ ਗਏ।[9]

ਗੁਰੂ ਸਾਹਿਬ ਦਾ ਪਰੋਗਰਾਮ ਆਗਰੇ ਵਿਖੇ ਬਾਦਸ਼ਾਹ ਨਾਲ ਮੁਲਾਕਾਤ ਕਰਨ ਪਿੱਛੋਂ ਵਾਪਸ ਆਨੰਦਪੁਰ ਸਾਹਿਬ ਨੂੰ ਮੁੜਨ ਦਾ ਸੀ। ਜਿਹਾ ਕਿ ਉਨ੍ਹਾਂ ਨੇ ਸੰਗਤ ਖਾਰਾ ਅਤੇ ਧਾਉਲਪੁਰ ਦੀ ਨੂੰ ਭੇਜੇ ਗਏ ਹੁਕਮਨਾਮਿਆਂ ਵਿਚ ਸਪਸ਼ਟ ਕੀਤਾ ਹੈ।[10] ਪਰ ਜਾਪਦਾ ਹੈ ਕਿ ਬਾਦਸ਼ਾਹ ਦਾ ਪਰੋਗਰਾਮ ਰਾਜਪੂਤਾਨਾਂ ਵਿਚ ਅਤੇ ਇਸ ਤੋਂ ਅਗੇ ਪੱਛਮੀ ਭਾਰਤ ਦੀਆਂ

---

7. *ਉਕਤ*, ਪੰਨਾ 112
8. 'ਅਹਿਕਾਮ-ਏ-ਆਲਮਗੀਰੀ' *ਮਾਖ਼ਿਜ਼ ਤਵਾਰੀਖ਼ਿ ਸਿੱਖਾਂ*, ਅੰਮ੍ਰਿਤਸਰ, 1949, ਪੰਨੇ 74-75. ਇਸ ਦਾ ਹਵਾਲਾ *ਸ੍ਰੀ ਗੁਰ ਸੋਭਾ* ਦੇ ਪੰਨਾ 112 ਉਪਰ ਵੀ ਦਿੱਤਾ ਗਿਆ ਹੈ।
9. ਇਸ ਮੁਲਾਕਾਤ ਦਾ ਪੂਰਾ ਬਿਰਤਾਂਤ ਸੈਨਾਪਤਿ ਨੇ ਦਿੱਤਾ ਹੈ। ਦੇਖੋ ਪੰਨੇ 113-14
10. *ਹੁਕਮਨਾਮੇ* (ਸੰ. ਗੰਡਾ ਸਿੰਘ), ਪੰਜਾਬੀ ਯੂਨੀਵਰਸਿਟੀ, ਪਟਿਆਲਾ 1967, ਪੰਨੇ 187-89.

ਰਿਆਸਤਾਂ ਵਿਚ ਬਾਦਸ਼ਾਹੀ ਟੂਰ ਕੱਢਣ ਦਾ ਸੀ ਤਾਂ ਕਿ ਇਨ੍ਹਾਂ ਰਾਜਿਆਂ ਮਹਾਰਾਜਿਆਂ ਵਲੋਂ ਲੋੜੀਦੇ ਨਜ਼ਰਾਨੇ ਲੈ ਕੇ ਆਪਣੀ ਹਕੂਮਤ ਦਾ ਦਬਦਬਾ ਪੱਕਾ ਕੀਤਾ ਜਾ ਸਕੇ। ਇਹ ਵੀ ਕਿ ਔਰੰਗਜ਼ੇਬ ਦੱਖਣ ਵਿਚ ਮਰਿਆ ਸੀ। ਉਸ ਨਾਲ ਗਈ ਹੋਈ ਸਾਰੀ ਸ਼ਾਹੀ ਫੌਜ ਉਥੇ ਹੀ ਸੀ। ਉਸ ਨਾਲ ਵੀ ਜਲਦੀ ਤੋਂ ਜਲਦੀ ਸੰਪਰਕ ਸਥਾਪਤ ਕਰਨਾ ਸੀ। ਇਸ ਕਰਕੇ ਉਸ ਨੇ ਗੁਰੂ ਸਾਹਿਬ ਨੂੰ ਘਟੋ ਘੱਟ ਰਾਜਪੂਤ ਰਿਆਸਤਾਂ ਵਿਚ ਆਪਣੇ ਨਾਲ ਰੱਖਣਾ ਚਾਹਿਆ। ਇਸ ਗੱਲ ਦੀ ਕੁਝ ਗਵਾਈ ਕੋਇਰ ਸਿੰਘ ਵੀ ਦਿੰਦਾ ਹੈ :

ਦੱਖਨ ਦੇਸ ਰਾਜ ਅਤਿ ਰੈਯਤ। ਸੂਬੇ ਸੂਰ ਅਮੀਰ ਜਮੈਯਤ।
ਮੋ ਬਿਨ ਆਪ ਗਏ ਇਹ ਥਾਨਾ। ਨੇਕ ਨ ਮਾਨੈ ਹਮਰੀ ਆਨਾ।
ਭਲੀ ਭਾਂਤ ਇਹ ਮਮ ਉਰ ਆਈ। ਹਮ ਹੂੰ ਕਰ ਹੈਂ ਸਾਥ ਚੜਾਈ।
ਸੂਬੇ ਅੰਬੀਰ ਵਜ਼ੀਰ ਉਹ ਦੇਸ ਕੇ ਨਹੀਂ ਕੁਛ ਮਾਨਤੇ ਸਾਹਜ ਤਾਂਈ।
ਗੁਰੂ ਕੇ ਸਾਥ ਹੀ ਦੇਖ ਹੈ ਬਿਗਸ ਕੇ ਦੇਤ ਹੈਂ ਭੇਟ ਸਭ ਸਾਹ ਆਈ ॥[11]

ਤਾਰੀਖਿ ਬਹਾਦੁਰ ਸ਼ਾਹੀ ਵਿਚ ਇਸ ਗਲ ਦਾ ਵੇਰਵਾ ਦਿੱਤਾ ਗਿਆ ਹੈ ਕਿ ਗੁਰੂ ਸਾਹਿਬ ਦਾ ਲਸ਼ਕਰ ਬਾਦਸ਼ਾਹ ਦੇ ਲਸ਼ਕਰ ਦੇ ਨਾਲ ਨਾਲ ਕਦੇ ਕੁਝ ਦੂਰ ਤੇ ਕਦੇ ਕੁਝ ਨੇੜੇ ਕਰਕੇ ਬੁਰਹਾਨਪੁਰ ਜਾ ਬਿਰਾਜੇ ਸਨ।[12] ਬੁਰਹਾਨ ਪੁਰ ਮੱਧ ਪਰਦੇਸ਼ ਦਾ ਬਹੁਤ ਪਰਸਿੱਧ ਅਤੇ ਪੁਰਾਣਾ ਸ਼ਹਿਰ ਹੈ। ਬੁਰਹਾਨ ਪੁਰ ਵਿਖੇ ਬਾਦਸ਼ਾਹ ਦੇ ਪਹੁੰਚਣ ਦਾ ਸਮਾਂ 1708 ਈ. ਦੀ ਜੁਲਾਈ ਦਾ ਦੂਜਾ ਹਫਤਾ ਹੈ। ਇਹੀ ਸਮਾਂ ਗੁਰੂ ਜੀ ਦੇ ਪਹੁੰਚਣ ਦਾ ਵੀ ਮੰਨਣਾ ਚਾਹੀਦਾ ਹੈ। ਬੁਰਹਾਨਪੁਰ ਤੋਂ ਗੁਰੂ ਜੀ ਬਹਾਦੁਰ ਸ਼ਾਹ ਦੇ ਲਸ਼ਕਰ ਨਾਲੋਂ ਅਲੱਗ ਹੋ ਗਏ ਸਨ। ਬਾਦਸ਼ਾਹ ਅਗੇ ਨੂੰ ਚਲਾ ਗਿਆ ਅਤੇ ਗੁਰੂ ਸਾਹਿਬ ਨਾਂਦੇੜ ਦੇ ਅਸਥਾਨ ਵਲ ਨੂੰ ਰਵਾਨਾ ਹੋ ਗਏ ਸਨ। ਨਾਂਦੇੜ ਗੋਦਾਵਰੀ ਨਦੀ ਉਪਰ ਸਥਿਤ ਹੈ ਅਤੇ ਮਹਾਂਰਾਸ਼ਟਰ ਪਰਾਂਤ ਦਾ ਸ਼ਹਿਰ ਹੈ। ਗੁਰੂ ਸਾਹਿਬ ਦੇ ਇਥੇ ਪਹੁੰਚਣ ਦਾ ਸਮਾਂ 1708 ਈ. ਦੇ ਅਗਸਤ ਦਾ ਆਖੀਰ ਹੈ।[13]

ਇਥੇ ਸੁਆਲ ਪੈਦਾ ਹੁੰਦਾ ਹੈ ਕਿ ਜਦੋਂ ਕਿ ਗੁਰੂ ਸਾਹਿਬ ਦਾ ਪਰੋਗਰਾਮ ਤਾਂ ਆਗਰੇ ਤੋਂ ਹੀ ਵਾਪਸ ਆਨੰਦਪੁਰ ਸਾਹਿਬ ਨੂੰ ਮੁੜਨ ਦਾ ਸੀ ਫਿਰ ਗੁਰੂ ਸਾਹਿਬ ਨੇ ਬੁਰਹਾਨ ਪੁਰ ਤੋਂ ਬਾਦਸ਼ਾਹ ਨਾਲੋਂ ਅਲੱਗ ਹੋ ਕੇ ਇਕ ਬਹੁਤ ਦੁਰਾਡੇ ਦੇ ਸ਼ਹਿਰ ਨਾਂਦੇੜ ਵਲ ਜਾਣ ਦਾ ਮਨ ਕਿਉਂ ਬਣਾਇਆ ? ਉਹ ਬੁਰਹਾਨ ਪੁਰ ਤੋਂ ਹੀ ਕਿਉਂ ਨਾ ਵਾਪਸ ਮੁੜੇ ? ਬੁਰਹਾਨ ਪੁਰ ਤੋਂ ਨਾਂਦੇੜ ਸਾਹਿਬ ਦਾ ਫਾਸਲਾ ਬਹੁਤ ਜ਼ਿਆਦਾ ਹੈ ਅਤੇ ਲਗਾਤਾਰ ਕੀਤੇ ਜਾਣ ਤੇ ਵੀ ਕਈ ਦਿਨਾਂ ਦਾ ਸਫਰ ਹੈ। ਇਸ ਨੂੰ ਸਪਸ਼ਟ ਕਰਨ ਲਈ ਸਾਡੇ ਪਾਸ ਕੋਈ ਵੀ ਭਰੋਸੇਯੋਗ ਲਿਖਤ ਨਹੀਂ ਹੈ ਬਾਕੀ ਸਭ ਕਿਆਸ ਅਰਾਈਆਂ ਹੀ ਹਨ। ਸਮਝਣਾ ਚਾਹੀਦਾ ਹੈ ਕਿ ਗੁਰੂ ਜੀ ਨੇ ਬੁਰਹਾਨ ਪੁਰ ਤੋਂ ਨਾਂਦੇੜ ਨੂੰ ਜਾਣ ਦਾ ਮਨ ਇਸ ਕਰਕੇ ਬਣਾਇਆ ਸੀ ਕਿ ਇਕ ਤਾਂ ਸ਼ਾਇਦ ਉਨ੍ਹਾਂ ਨੂੰ ਇਸ ਗੱਲ ਦਾ ਖਿਆਲ ਹੋਵੇ ਕਿ ਜਦੋਂ ਬਾਦਸ਼ਾਹ ਦਿਲੀ ਨੂੰ ਵਾਪਸ ਮੁੜੇਗਾ ਉਹ

---

11. *ਗੁਰਬਿਲਾਸ ਪਾਤਸ਼ਾਹੀ ਦਸ*, (ਸੰ: ਸ਼ਮਸ਼ੇਰ ਸਿੰਘ ਅਸ਼ੋਕ), ਪਟਿਆਲਾ, 1968, ਪੰਨੇ 261 ਅਤੇ 271.
12. ਗੰਡਾ ਸਿੰਘ ਦੇ ਹਵਾਲੇ ਅਨੁਸਾਰ, ਦੇਖੋ *ਸ੍ਰੀ ਗੁਰ ਸੋਭਾ*, ਪੰਨਾ 68.
13. ਹੋਰ ਦੇਖੋ *ਸ੍ਰੀ ਗੁਰ ਸੋਭਾ*, ਪੰਨਾ 124 (ਫੁੱਟ ਨੋਟ)

(ਗੁਰੂ ਜੀ) ਵੀ ਉਸ ਸਮੇਂ ਹੀ ਪੰਜਾਬ ਵਿਚ ਪਹੁੰਚਣ ਅਤੇ ਉਸ ਸਮੇਂ ਤਕ ਗੁਰੂ ਜੀ ਦੱਖਣੀ ਭਾਰਤ ਦੇ ਅਸਥਾਨਾ ਦੀਆਂ ਸਿੱਖ ਸੰਗਤਾਂ ਨਾਲ ਮਿਲਦੇ ਰਹਿਣ। ਇਸ ਮਕਸਦ ਲਈ ਉਨ੍ਹਾਂ ਨੇ ਨਾਂਦੇੜ ਦੇ ਨਗਰ ਨੂੰ ਆਪਣਾ ਕੇਂਦਰ ਬਣਾਉਣ ਦਾ ਇਰਾਦਾ ਕੀਤਾ ਹੋਵੇ। ਦੂਜਾ ਇਥੇ ਮਾਧੋ ਦਾਸ ਬੈਰਾਗੀ ਦਾ ਡੇਰਾ ਸੀ। ਇਹ ਡੇਰਾ ਅਤੇ ਮਾਧੋ ਦਾਸ ਦੱਖਣੀ ਭਾਰਤ ਵਿਚ ਬਹੁਤ ਪਰਸਿੱਧ ਸੀ। ਹੋ ਸਕਦਾ ਹੈ ਕਿ ਮਾਧੋ ਦਾਸ ਬੈਰਾਗੀ ਅਤੇ ਗੁਰੂ ਜੀ ਵਿਚਕਾਰ ਕੋਈ ਜਾਣਕਾਰੀ ਹੋਵੇ। ਦੱਖਣ ਅਤੇ ਪੂਰਬੀ ਭਾਰਤ ਵਿਚ ਸਿੱਖ ਧਰਮ ਦਾ ਪਰਚਾਰ ਗੁਰੂ ਹਰਗੋਬਿੰਦ ਸਾਹਿਬ (ਛੇਵੇਂ ਪਾਤਸ਼ਾਹ) ਦੇ ਸਮੇਂ ਤੋਂ ਉਦਾਸੀ ਸਾਧਾਂ ਨੇ ਸੰਭਾਲਿਆ ਹੋਇਆ ਸੀ। ਨਾਂਦੇੜ ਵਿਖੇ ਇਹ ਰਵਾਇਤ ਵੀ ਪਰਚਲਤ ਹੈ ਕਿ ਇਥੇ ਗੁਰੂ ਛੇਵੇਂ ਪਾਤਸ਼ਾਹ ਵਲੋਂ ਭੇਜਿਆ ਗਿਆ ਇਕ ਲੱਕੜਸ਼ਾਹ ਫ਼ਕੀਰ ਸਿੱਖ ਧਰਮ ਦਾ ਪਰਚਾਰ ਕਰਦਾ ਸੀ। ਜੇ ਇਸ ਗੱਲ ਨੂੰ ਸੱਚ ਮੰਨ ਲਿਆ ਜਾਵੇ ਤਾਂ ਨਿਸ਼ਚਤ ਹੈ ਕਿ ਗੁਰੂ ਸਾਹਿਬਾਨ ਨੇ ਆਪਣੇ ਆਪਣੇ ਸਮੇਂ ਦੱਖਣੀ-ਪੂਰਬੀ ਭਾਰਤ ਵਿਚ ਸਿੱਖ ਧਰਮ ਦਾ ਪਰਚਾਰ ਕਰਨ ਲਈ ਉਦਾਸੀ ਜਾਂ ਬੈਰਾਗੀ ਸੰਤ ਭੇਜੇ ਸਨ। ਮਾਧੋ ਦਾਸ ਬੈਰਾਗੀ ਇਸ ਲੱਕੜ ਸ਼ਾਹ ਦੀ ਸੰਪਰਦਾ ਵਿਚੋਂ ਵੀ ਉਸ ਦਾ ਕੋਈ ਚੇਲਾ ਹੋ ਸਕਦਾ ਹੈ ਅਤੇ ਗੁਰੂ ਗੋਬਿੰਦ ਸਿੰਘ ਜਾਂ ਗੁਰੂ ਤੇਗ ਬਹਾਦਰ ਜੀ ਵਲੋਂ ਭੇਜਿਆ ਹੋਇਆ ਕੋਈ ਪਰਚਾਰਕ ਵੀ ਹੋ ਸਕਦਾ ਹੈ। ਵਰਨਾ ਜੇ ਮਾਧੋ ਦਾਸ ਬੈਰਾਗੀ ਗੁਰੂ ਗੋਬਿੰਦ ਸਿੰਘ ਜੀ ਲਈ ਇਕ ਦਮ ਓਪਰਾ ਸਾਧ ਹੁੰਦਾ, ਜਿਵੇਂ ਕਿ ਗੁਰਮੁਖੀ ਦੀਆ ਕੁਝ ਲਿਖਤਾਂ ਵਿਚ ਨਾਟਕੀ ਜਿਹੇ ਢੰਗ ਵਾਲੇ ਵੇਰਵੇ ਆਉਂਦੇ ਹਨ ਉਸ ਅਨੁਸਾਰ ਗੁਰੂ ਜੀ ਵਲੋਂ ਸਮੁੱਚੇ ਖਾਲਸਾ ਪੰਥ ਦੀ ਸਰਦਾਰੀ ਅਜਿਹੇ ਓਪਰੇ ਵਿਅਕਤੀ ਦੇ ਹੱਥਾਂ ਵਿਚ ਨਹੀਂ ਸੌਂਪੀ ਜਾ ਸਕਦੀ ਸੀ।

ਗੁਰੂ ਜੀ ਅਗਸਤ ਦੇ ਆਖੀਰਲੇ ਹਫ਼ਤੇ 1708 ਈ. ਨੂੰ ਨਾਂਦੇੜ ਪਹੁੰਚੇ ਸਨ। 7-8 ਅਕਤੂਬਰ ਦੀ ਰਾਤ, 1708 ਨੂੰ ਗੁਰੂ ਜੀ ਜੋਤੀ ਜੋਤ ਸਮਾ ਗਏ ਸਨ। ਇਸ ਤਰ੍ਹਾਂ ਗੁਰੂ ਜੀ ਅਤੇ ਮਾਧੋ ਦਾਸ ਬੈਰਾਗੀ ਦੇ ਆਪਸੀ ਸੰਪਰਕ ਦਾ ਸਮਾਂ ਸਿਰਫ ਸਵਾ ਕੁ ਮਹੀਨੇ ਦਾ ਬਣਦਾ ਹੈ। ਇਸ ਸਵਾ ਮਹੀਨੇ ਦੇ ਸਮੇਂ ਵਿਚ ਕਦੇ ਵੀ ਇਕ ਓਪਰਾ, ਘੁਮੰਡੀ ਅਤੇ ਸਿੱਖ ਵਿਚਾਰਧਾਰਾ ਤੋਂ ਕੋਹਾਂ ਦੂਰੀ ਤੇ ਰਹਿਣ ਵਾਲਾ ਵਿਅਕਤੀ ਜਿਵੇਂ ਕਿ ਗੁਰਮੁਖੀ ਲਿਖਤਾਂ ਵਿਚ ਦਰਸਾਇਆ ਗਿਆ ਹੈ, ਸਮੁੱਚੇ ਖਾਲਸੇ ਦੀ ਸਰਦਾਰੀ ਸੰਭਾਲਣ ਦੀ ਯੋਗਤਾ ਤਕ ਨਹੀ ਪਹੁੰਚ ਸਕਦਾ। ਇਸ ਲਈ ਇਹ ਯਕੀਨ ਕਰਨਾ ਚਾਹੀਦਾ ਹੈ ਕਿ ਮਾਧੋ ਦਾਸ ਬੈਰਾਗੀ ਗੁਰੂ ਗੋਬਿੰਦ ਸਿੰਘ ਜੀ ਦਾ ਵਿਸ਼ਵਾਸ ਪਾਤਰ ਧਰਮ ਪਰਚਾਰਕ ਹੋਵੇਗਾ ਅਤੇ ਗੁਰੂ ਜੀ ਨੇ ਦੱਖਣ ਵਿਚ ਆ ਕੇ ਇਸ ਦੇ ਅਸਥਾਨ 'ਤੇ ਹੀ ਆਪਣਾ ਰਿਹਾਇਸ਼ੀ ਕੇਂਦਰ ਬਣਾਇਆ ਸੀ। ਕਿਉਂਕਿ ਗੁਰੂ ਜੀ ਮਾਧੋ ਦਾਸ ਬੈਰਾਗੀ ਦੇ ਡੇਰੇ ਵਿਚ ਠਹਿਰੇ ਹੋਏ ਸਨ ਇਸ ਲਈ ਗੁਰੂ ਜੀ ਦੇ ਸਾਰੇ ਲਸ਼ਕਰ ਦਾ ਰਸਦ ਪਾਣੀ ਮਾਧੋ ਦਾਸ ਨੇ ਮੁਹਈਆਂ ਕਰਨਾ ਸੀ।

ਮਾਧੋ ਦਾਸ ਅਤੇ ਉਸ ਦੇ ਸਾਰੇ ਪੈਰੋਕਾਰਾਂ ਨੂੰ ਅੰਮ੍ਰਿਤ ਛਕਾ ਕੇ ਖਾਲਸਾ ਬਣਾਇਆ ਗਿਆ। ਅੰਮ੍ਰਿਤ ਛਕਾਉਣ ਪਿੱਛੋਂ ਮਾਧੋ ਦਾਸ ਦਾ ਨਾਂ ਬੰਦਾ ਸਿੰਘ ਬਹਾਦੁਰ ਰੱਖਿਆ ਗਿਆ। 'ਬਹਾਦੁਰ' ਦਾ ਖਿਤਾਬ ਗੁਰੂ ਜੀ ਨੇ ਉਸ ਨੂੰ ਇਕ ਜਰਨੈਲ ਦੀ ਵਿਸ਼ੇਸ਼ ਪਦਵੀ ਨੂੰ ਦਰਸਾਉਣ ਲਈ ਬਖ਼ਸ਼ਿਆ ਸੀ। ਬੰਦਾ ਸਿੰਘ ਨਾਂ ਗੁਰੂ ਜੀ ਦੇ ਮੁਰੀਦ ਹੋਣ ਦਾ ਪਰਤੀਕ ਹੈ।

ਜਿਵੇਂ ਗੁਰੂ ਨਾਨਕ ਦੇਵ ਜੀ ਨੇ ਭਾਈ ਲਹਿਣਾ ਜੀ ਨੂੰ ਆਪਣਾ ਹੀ ਇਕ ਅੰਗ ਸਮਝਦੇ ਹੋਏ ਅੰਗਦ ਦੇਵ ਨਾਂ ਰੱਖਿਆ ਸੀ ਬਿਲਕੁਲ ਉਸੇ ਤਰ੍ਹਾਂ ਮਾਧੋ ਦਾਸ ਨੂੰ ਆਪਣਾ ਬੰਦਾ ਦਰਸਾਉਣ ਲਈ ਨਾਂ ਬੰਦਾ ਸਿੰਘ ਰੱਖਿਆ। ਬੰਦਾ ਸਿੰਘ ਬਹਾਦਰ ਨੂੰ ਥੋੜੇ ਜਿਹੇ ਸਮੇਂ ਵਿਚ ਹੀ ਖਾਲਸੇ ਦਾ ਸਰਦਾਰ ਥਾਪ ਦੇਣਾ ਇਹੋ ਹੀ ਦਰਸਾਉਂਦਾ ਹੈ ਕਿ ਬੰਦਾ ਸਿੰਘ ਆਪਣੇ ਹਰ ਇਮਤਿਹਾਨ ਜਾਂ ਭਰੋਸੇ ਵਿਚ ਪੂਰਾ ਉਤਰਿਆ ਸੀ ਅਤੇ ਉਹ ਗੁਰੂ ਸਾਹਿਬ ਦਾ ਪੂਰਾ ਭਰੋਸੇ ਯੋਗ ਵਿਅਕਤੀ ਸੀ। ਸਿਰਫ ਇਸ ਗੱਲ ਤੋਂ ਹੀ ਉਸ ਦੀ ਯੋਗਤਾ ਸਾਹਮਣੇ ਨਹੀਂ ਆਉਂਦੀ ਕਿ ਉਹ ਗੁਰੂ ਜੀ ਦਾ ਬਹੁਤ ਭਰੋਸੇਯੋਗ ਵਿਅਕਤੀ ਸੀ ਸਗੋਂ ਆਉਣ ਵਾਲੇ ਸਮੇਂ ਵਿਚ ਉਸ ਵਲੋਂ ਜਿੱਤੀਆਂ ਗਈਆਂ ਲੜਾਈਆਂ ਵੀ ਇਹ ਗਲ ਸਾਬਤ ਕਰਦੀਆ ਹਨ ਕਿ ਉਹ ਸਿਰਫ ਭਰੋਸੇਯੋਗ ਪੈਰੋਕਾਰ ਹੀ ਨਹੀਂ ਸੀ ਸਗੋਂ ਯੁੱਧਨੀਤੀ ਵਿਚ ਨਿਪੁੰਨ ਅਤੇ ਰਾਜਨੀਤਕ ਤੌਰ 'ਤੇ ਬਹੁਤ ਸੂਝਵਾਨ ਵੀ ਸੀ। ਗੁਰੂ ਜੀ ਨੇ ਅੰਤਮ ਸਮੇਂ ਖਾਲਸੇ ਦੀ ਸਰਦਾਰੀ ਉਸ ਦੇ ਸਪੁਰਦ ਕਰ ਦਿੱਤੀ ਸੀ।

ਗੁਰੂ ਜੀ ਦੇ ਅੰਤਮ ਸਮੇਂ ਬਾਰੇ ਕਵੀ ਸੈਨਾਪਤਿ ਨੇ ਬਹੁਤ ਹੀ ਭਰੋਸੇਯੋਗ ਜਾਣਕਾਰੀ ਦਿੱਤੀ ਹੈ। ਇਹ ਜਾਣਕਾਰੀ ਉਸ ਦੀ ਅੱਖੀਂ ਦੇਖੀ ਲਗਦੀ ਹੈ। ਇਸ ਅਨੁਸਾਰ ਗੁਰੂ ਜੀ ਨੂੰ ਨਾਂਦੇੜ ਵਿਖੇ ਆਇਆਂ ਨੂੰ ਕੁਝ ਹੀ ਦਿਨ ਬੀਤੇ ਸਨ ਕਿ ਕੁਝ ਜਾਣਕਾਰੀ ਪਰਾਪਤ ਕਰ ਕੇ ਉਥੇ ਇਕ ਪਠਾਣ ਆਇਆ। ਆਲੇ-ਦੁਆਲੇ ਝਾਤੀ ਮਾਰ ਕੇ ਉਹ ਗੁਰੂ ਜੀ ਦੇ ਪਾਸ ਬੈਠ ਗਿਆ ਅਤੇ ਦੋ ਤਿੰਨ ਗੱਲਾਂ ਮਿਠਾਸ ਭਰੀਆਂ ਕੀਤੀਆਂ। ਪਰ ਆਲੇ-ਦੁਆਲੇ ਜ਼ਿਆਦਾ ਸਿੰਘ ਦੇਖ ਕੇ ਉਸ ਦਾ ਦਾਅ ਨਹੀਂ ਲਗਿਆ। ਦੋ ਤਿੰਨ ਦਿਨਾਂ ਪਿੱਛੋਂ ਉਹੀ ਪਠਾਣ ਫਿਰ ਆਇਆ। ਤਿੰਨ ਚਾਰ ਘੜੀਆਂ ਉਹ ਗੁਰੂ ਜੀ ਪਾਸ ਬੈਠਾ ਅਤੇ ਫਿਰ ਉਸ ਦਾ ਮੌਕਾ ਨਹੀਂ ਲੱਗਾ ਤੇ ਅਖੀਰ ਚਲਾ ਗਿਆ। ਇਸੀ ਤਰ੍ਹਾਂ ਉਹ ਕਈ ਵਾਰ ਆਇਆ ਅਤੇ ਕਿਤਨੀ ਵਾਰ ਹੀ ਮੌਕਾ ਨਾ ਮਿਲਣ ਕਾਰਨ ਵਾਪਸ ਮੁੜਦਾ ਰਿਹਾ। ਉਹ ਬਹੁਤ ਵਾਰ ਆਇਆ ਅਤੇ ਉਸ ਨੇ ਗੁਰੂ ਜੀ ਦੇ ਪਾਠ ਬਗੈਰਾ ਦਾ ਅਤੇ ਸੌਣ ਬਗੈਰਾ ਦੇ ਸਮੇਂ ਦਾ ਪੂਰਾ ਭੇਤ ਪਾ ਲਿਆ। ਉਸ ਨੇ ਇਸ ਭੇਤ ਮੁਤਾਬਕ ਸ਼ਾਮ ਦਾ ਸਮਾਂ ਠੀਕ ਸਮਝਿਆ। ਇਕ ਦਿਨ ਸ਼ਾਮ ਨੂੰ ਇਹ ਦੁਸ਼ਟ ਆਇਆ ਅਤੇ ਗੁਰੂ ਜੀ ਨੇ ਇਸ ਦਾ ਆਉਣਾ ਸੁਣ ਕੇ ਆਪਣੇ ਪਾਸ ਬੁਲਾ ਲਿਆ। ਜਦੋਂ ਇਹ ਗੁਰੂ ਜੀ ਕੋਲ ਜਾ ਕੇ ਬੈਠਾ ਤਾਂ ਗੁਰੂ ਜੀ ਨੇ ਇਸ ਨੂੰ ਪਰਸ਼ਾਦ ਦਿੱਤਾ ਅਤੇ ਇਸ ਦੁਸ਼ਟ ਨੇ ਉਹ ਪਰਸ਼ਾਦ ਖਾ ਲਿਆ। ਗੁਰੂ ਜੀ ਪਾਸ ਕੋਈ ਸਿੰਘ ਨਹੀਂ ਸੀ ਜਿਹੜਾ ਇਕ ਸੀ ਉਹ ਊਂਘ ਰਿਹਾ ਸੀ। ਇਤਨੇ ਨੂੰ ਉਸ ਦੇ ਬੈਠੇ ਬੈਠੇ ਹੀ ਗੁਰੂ ਜੀ ਆਰਾਮ ਕਰਨ ਲਈ ਲੇਟ ਗਏ। ਇਸ ਦੁਸ਼ਟ ਨੇ ਮੌਕਾ ਤਕਾ ਕੇ ਆਪਣੀ ਜਮਧਾਰ ਨਾਲ ਗੁਰੂ ਜੀ ਦੇ ਪੇਟ ਵਿਚ ਵਾਰ ਕਰ ਦਿੱਤਾ। ਉਸ ਨੇ ਸਿਰਫ ਇਕੋ ਹੀ ਤਕੜਾ ਵਾਰ ਕੀਤਾ ਸੀ ਅਤੇ ਦੂਜਾ ਵਾਰ ਕਰਨ ਤੋਂ ਪਹਿਲਾਂ ਹੀ ਗੁਰੂ ਜੀ ਨੇ ਉਸ ਨੂੰ ਆਪਣੀ ਤਲਵਾਰ ਨਾਲ ਮਾਰ ਦਿੱਤਾ। ਗੁਰੂ ਜੀ ਨੇ ਆਵਾਜ਼ ਦੇ ਕੇ ਸਿੰਘਾਂ ਨੂੰ ਬੁਲਾਇਆ। ਗੁਰੂ ਜੀ ਦੀ ਆਵਾਜ਼ 'ਤੇ ਚਾਰੇ ਪਾਸਿਆਂ ਤੋਂ ਸਿੰਘ ਦੌੜ ਕੇ ਆਏ। ਉਸ ਦੁਸ਼ਟ ਦੇ ਦੋ ਸਾਥੀ ਹੋਰ ਸਨ ਜੋ ਸਿੰਘਾਂ ਨੂੰ ਭਜਦਿਆਂ ਨੂੰ ਆਉਂਦਿਆਂ ਵੇਖ ਕੇ ਭੱਜ ਚਲੇ ਸਨ ਪਰ ਉਨ੍ਹਾਂ ਨੂੰ ਸਿੰਘਾ ਨੇ ਜਾਣ ਨਹੀਂ ਦਿੱਤਾ ਅਤੇ ਫੜ ਕੇ ਮਾਰ ਦਿੱਤਾ। ਸਾਰੇ ਪਾਸੇ ਸੋਗ ਛਾ ਗਿਆ। ਸਭ ਘਬਰਾਹਟ ਵਿਚ ਸਨ। ਗੁਰੂ ਜੀ ਨੇ ਕਿਹਾ ਕਿ ਇਸ ਮਰੇ ਹੋਏ ਪਠਾਨ ਨੂੰ ਚੁੱਕ

ਲਓ। ਗੁਰੂ ਜੀ ਨੂੰ ਲਗੇ ਜ਼ਖ਼ਮ ਦਾ ਪਹਿਲਾਂ ਕਿਸੇ ਨੂੰ ਪਤਾ ਨਹੀਂ ਲਗਿਆ ਸੀ ਪਰ ਜਦੋ ਸਿੰਘਾਂ ਨੇ ਗੁਰੂ ਜੀ ਦੇ ਸਰੀਰ ਨੂੰ ਛੂਹਿਆ ਤਾਂ ਜ਼ਖਮ ਦਾ ਪਤਾ ਲਗਾ। ਇਹ ਦੇਖ ਕੇ ਸਾਰੇ ਸਿੰਘ ਸੋਗ ਵਿਚ ਡੁੱਬ ਗਏ। ਪਰ ਗੁਰੂ ਜੀ ਨੇ ਸਭ ਨੂੰ ਦਿਲਾਸਾ ਦਿੰਦਿਆਂ ਹੋਇਆਂ ਨੇ ਕਿਹਾ ਕਿ ਅਕਾਲ ਪੁਰਖ ਨੇ ਉਨ੍ਹਾਂ ਦੀ ਰੱਖਿਆ ਕੀਤੀ ਹੈ। ਇਸ ਤਰ੍ਹਾਂ ਦੇ ਬਚਨ ਸੁਣ ਕੇ ਸਿੰਘਾਂ ਨੂੰ ਕੁਝ ਧੀਰਜ ਆਇਆ। ਸਿੰਘਾਂ ਨੇ ਕਿਸੇ ਕਿਰੀ ਨਾਂ ਦੇ ਡਾਕਟਰ ਨੂੰ ਬੁਲਾ ਕੇ ਲਿਆਂਦਾ। ਡਾਕਟਰ ਕਿਰੀ ਨੇ ਗੁਰੂ ਜੀ ਨੂੰ ਤੋਰ ਫੋਰ ਕੇ ਜ਼ਖਮ ਨੂੰ ਸਿਉਂ ਦਿੱਤਾ। ਇਕ ਰਾਤ ਗੁਰੂ ਜੀ ਦੀ ਬੀਤ ਗਈ ਸੀ। ਕਿਰੀ ਗੁਰੂ ਜੀ ਦੇ ਪਾਸ ਹੀ ਸੀ। ਸਵੇਰ ਹੋਣ 'ਤੇ ਜ਼ਖ਼ਮ 'ਤੇ ਦੁਬਾਰਾ ਮੱਲਮ ਪੱਟੀ ਕੀਤੀ ਗਈ। ਇਸ ਤਰ੍ਹਾਂ ਤਿੰਨ ਜਾਂ ਚਾਰ ਕੁ ਦਿਨ ਬੀਤੇ ਸਨ ਅਤੇ ਗੁਰੂ ਸਾਹਿਬ ਰਾਤ ਨੂੰ ਠੀਕ ਤਰ੍ਹਾਂ ਅੰਨ-ਪਾਣੀ ਛਕ ਕੇ ਸੁੱਤੇ ਸਨ ਕਿ ਅੱਧੀ ਰਾਤ ਦੇ ਸਮੇਂ ਗੁਰੂ ਜੀ ਨੇ ਕੁਝ ਸਿੰਘਾਂ ਨੂੰ ਆਵਾਜ਼ ਦਿੱਤੀ। ਜਦੋ ਸੇਵਾਦਾਰ ਗੁਰੂ ਜੀ ਦੀ ਸੇਵਾ ਵਿਚ ਹਾਜ਼ਰ ਹੋਏ ਤਾਂ ਗੁਰੂ ਜੀ ਨੇ ਉਨ੍ਹਾਂ ਨੂੰ "ਵਾਹਿਗੁਰੂ ਜੀ ਕਾ ਖਾਲਸਾ ਵਾਹਿਗੁਰੂ ਜੀ ਕੀ ਫਤਿਹ" ਬੁਲਾਈ ਅਤੇ ਜੋਤੀ-ਜੋਤ ਸਮਾ ਗਏ। ਇਹ ਸਮਾਂ ਕਤਕ ਸੁਦੀ ਪੰਚਮੀ ਸੰਮਤ ਸਤਾਰਾਂ ਸੈ ਪੈਂਸਟ ਬਿਕਰਮੀ ਮੁਤਾਬਕ, 7 ਅਕਤੂਬਰ, ਸੰਨ 1708 ਈ. ਦਾ ਸੀ।[14]

ਗੁਰੂ ਜੀ ਦੇ ਅੰਤਮ ਸਮੇਂ, ਕਵੀ ਸੈਨਾਪਤਿ ਅਨੁਸਾਰ, ਸਿੰਘਾਂ ਨੇ ਜੋ ਬਚਨ ਬਿਲਾਸ ਕੀਤੇ ਉਨ੍ਹਾਂ ਅਨੁਸਾਰ ਗੁਰੂ ਜੀ ਨੇ ਸਭ ਸਿੰਘਾਂ ਨੂੰ ਆਦੇਸ਼ ਦਿੱਤਾ ਕਿ ਉਨ੍ਹਾਂ ਦੇ ਦਰਸ਼ਨ ਉਹ ਖਾਲਸੇ ਦੇ ਦਰਸ਼ਨਾਂ ਵਿਚੋਂ ਹੀ ਕਰ ਸਕਦੇ ਹਨ। ਖਾਲਸਾ ਹੀ ਉਨ੍ਹਾਂ ਦਾ ਰੂਪ ਹੈ ਅਤੇ ਉਹ ਖਾਲਸੇ ਵਿਚ ਹੀ ਵਾਸਾ ਕਰਨਗੇ :

ਤਾਹ ਸਮੇਂ ਗੁਰ ਬੈਨ ਸੁਨਾਯੋ। ਖਾਲਸ ਅਪਨੋ ਰੂਪ ਬਤਾਯੋ।
ਖਾਲਸ ਹੀ ਸੋ ਹੈ ਮਮ ਕਾਮਾ। ਬਖ਼ਸ਼ ਕੀਉ ਖਾਲਸ ਕੋ ਜਾਮਾ।

ਦੋਹਰਾ

ਖਾਲਸਾ ਮੇਰੋ ਰੂਪ ਹੈ ਹੌਂ ਖਾਲਸ ਦੇ ਪਾਸ।
ਆਦਿ ਅੰਤ ਹੀ ਹੋਤ ਹੈ ਖਾਲਸ ਮੈ ਪ੍ਰਗਾਸ।[15]

ਕੇਸਰ ਸਿੰਘ ਛਿਬਰ ਨੇ ਵੀ ਲਗਪਗ ਇਸੇ ਤਰ੍ਹਾਂ ਦੇ ਹੀ ਆਦੇਸ਼ ਦਿੱਤੇ ਗਏ ਦੱਸਿਆ ਹੈ। ਇਸ ਅਨੁਸਾਰ :

ਗਰੀਬ ਨਿਵਾਜ਼ ਸਿਖ ਸੰਗਤਿ ਹੈ ਤੇਰੀ ਇਸ ਦਾ ਕੀ ਹਵਾਲੁ।
ਬਚਨੁ ਕੀਤਾ ਗ੍ਰੰਥ ਹੈ ਗੁਰੂ ਲੜ ਪਕੜੋ ਅਕਾਲ।
ਗੁਰੂ ਹੈ ਖਾਲਸਾ ਖਾਲਸਾ ਹੈ ਗੁਰੂ।[16]

ਇਸ ਤਰ੍ਹਾਂ ਨਾਂਦੇੜ ਸਾਹਿਬ ਦੀ ਸਿੱਖਾਂ ਲਈ ਬਹੁਤ ਇਤਿਹਾਸਕ ਅਤੇ ਧਾਰਮਕ ਮਹੱਤਤਾ ਹੈ। ਇਥੇ ਗੁਰੂ ਜੀ ਜੋਤੀ-ਜੋਤ ਸਮਾਏ ਸਨ; ਗੁਰੂ ਜੀ ਦਾ ਅੰਤਮ ਸੰਸਕਾਰ ਇਥੇ ਹੀ ਕੀਤਾ ਗਿਆ ਸੀ। ਇਥੋਂ ਦੀ ਮਿੱਟੀ ਵਿਚ ਗੁਰੂ ਜੀ ਦੀ ਪਵਿਤਰ ਦੇਹ ਇਕ-ਮਿਕ ਹੋਈ ਹੋਈ

---

14. *ਸ੍ਰੀ ਗੁਰ ਸੋਭਾ*, ਪੰਨੇ 125-128.
15. ਉਕਤ, ਪੰਨਾ 128.
16. 'ਬੰਸਾਵਲੀਨਾਮਾ ਦਸਾਂ ਪਾਤਸ਼ਾਹੀਆਂ ਕਾ' ਪਰਖ, ਚੰਡੀਗੜ੍ਹ, 1972, ਪੰਨੇ 163-64.

ਹੈ। ਇਕ ਸਿੱਖ ਲਈ ਇਸ ਦੀ ਕਿਨੀ ਪਵਿਤਰਤਾ ਹੋ ਸਕਦੀ ਹੈ ਇਸ ਦਾ ਅੰਦਾਜ਼ਾ ਇਕ ਸਿੱਖ ਹੀ ਲਗਾ ਸਕਦਾ ਹੈ। ਇਥੇ ਬਿਰਾਜਦਿਆਂ ਗੁਰੂ ਜੀ ਨੇ ਗੁਰੂ ਗ੍ਰੰਥ ਅਤੇ ਪੰਥ ਦੀ ਪਵਿਤਰ ਸ਼ੁਮੇਲਤਾ ਵਾਲਾ ਸੰਕਲਪ ਦਰਿੜ ਕਰਵਾਇਆ ਸੀ। ਅਗੋਂ ਦੀ ਸਾਰੀ ਖਾਲਸਾ ਮਰਯਾਦਾ ਇਸੇ ਸਿਧਾਂਤ 'ਤੇ ਹੀ ਉਸਾਰੀ ਹੈ। ਗੁਰੂ ਗ੍ਰੰਥ ਸਾਹਿਬ ਨੂੰ ਆਤਮਿਕ ਰੂਪ ਦੀ ਗੁਰਿਆਈ ਬਖਸ਼ਣ ਨਾਲ ਇਕ ਨਵਾਂ ਸਿਧਾਂਤ, ਇਕ ਨਵਾਂ ਸੰਕਲਪ ਅਤੇ ਇਕ ਨਵੀਂ ਮਰਯਾਦਾ ਮੂਰਤੀਮਾਨ ਹੋਈ ਸੀ।

ਜਿਸ ਤਰ੍ਹਾਂ ਪਹਿਲਾਂ ਤਖ਼ਤ ਸਿਰੀ ਦਮਦਮਾ ਸਾਹਿਬ ਜੀ ਨੂੰ ਚੌਥਾ ਤਖ਼ਤ ਅਰਥਾਤ ਖਾਲਸਾ ਪਰਬੰਧਕੀ ਪਰਣਾਲੀ ਦਾ ਚੌਥਾ ਕੇਂਦਰ ਥਾਪਿਆ ਸੀ ਉਸੇ ਤਰ੍ਹਾਂ ਨਾਂਦੇੜ ਸਾਹਿਬ ਦੇ ਇਸ ਪਵਿੱਤਰ ਅਸਥਾਨ ਨੂੰ ਖਾਲਸੇ ਦਾ ਪੰਜਵਾਂ ਤਖ਼ਤ ਸਥਾਪਤ ਕੀਤਾ ਗਿਆ। ਜਿਨਾਂ ਚਾਰ ਬੀੜਾਂ ਦੇ ਉਤਾਰੇ ਤਖ਼ਤ ਸਿਰੀ ਦਮਦਮਾ ਸਾਹਿਬ ਵਿਖੇ ਗੁਰੂ ਜੀ ਨੇ ਬਾਬਾ ਦੀਪ ਸਿੰਘ ਜੀ ਪਾਸੋਂ ਕਰਵਾਏ ਸਨ ਉਨ੍ਹਾਂ ਵਿਚੋਂ ਇਕ ਬੀੜ ਨੂੰ ਗੁਰੂ ਸਾਹਿਬ ਇਥੇ (ਨਾਂਦੇੜ ਸਾਹਿਬ) ਲੈ ਆਏ ਸਨ। ਇਥੇ ਇਸ ਬੀੜ ਦਾ ਪਰਕਾਸ਼ ਕੀਤਾ ਗਿਆ ਸੀ ਅਤੇ ਇਸੇ ਬੀੜ ਨੂੰ ਗੁਰਿਆਈ (ਆਤਮਿਕ) ਬਖ਼ਸ਼ੀ ਗਈ ਸੀ।

ਗੁਰੂ ਗੋਬਿੰਦ ਸਿੰਘ ਜੀ ਦੇ ਜੋਤੀ-ਜੋਤ ਸਮਾ ਜਾਣ ਨਾਲ ਸਮੁੱਚਾ ਖਾਲਸਾ ਗ਼ਮ ਦੇ ਸਮੁੰਦਰ ਵਿਚ ਡੁੱਬ ਗਿਆ ਸੀ। ਬੰਦਾ ਸਿੰਘ ਬਹਾਦਰ ਸਮੁੱਚੇ ਖਾਲਸੇ ਦਾ ਨੇਤਾ ਥਾਪਿਆ ਗਿਆ ਸੀ ਉਸ ਦੀ ਸਲਾਹ ਲਈ ਪੰਜ ਮੁੱਖੀ ਸਿੰਘਾਂ (ਪਿਆਰਿਆਂ) ਦੀ ਇਕ ਸਲਾਹਕਾਰ ਕੌਂਸਲ ਸਥਾਪਤ ਕੀਤੀ ਗਈ ਸੀ ਜਿਸ ਦਾ ਪਿੱਛੇ ਜ਼ਿਕਰ ਆ ਚੁੱਕਿਆ ਹੈ। ਇਹ ਸਭ ਨਿਯੁਕਤੀਆਂ ਅਤੇ ਸਥਾਪਤੀਆਂ ਤਖ਼ਤ ਸਿਰੀ ਨਾਂਦੇੜ ਸਾਹਿਬ ਤੋਂ ਹੀ ਹੋਈਆਂ ਹਨ। ਬੰਦਾ ਸਿੰਘ ਬਹਾਦਰ ਨੇ ਖਾਲਸੇ ਨੂੰ ਹੌਂਸਲਾ ਦਿੱਤਾ ਅਤੇ ਵਾਹਿਗੁਰੂ ਦੀ ਰਜ਼ਾ ਮੰਨਣ ਦਾ ਉਪਦੇਸ਼ ਦਿੱਤਾ। ਉਨ੍ਹਾਂ ਨੇ ਗੁਰੂ ਜੀ ਦੇ ਮਹਿਲਾਂ (ਮਾਤਾ ਸੁੰਦਰੀ ਜੀ ਅਤੇ ਮਾਤਾ ਸਾਹਿਬ ਕੌਰ ਜੀ) ਨੂੰ ਭਾਈ ਮਨੀ ਸਿੰਘ ਦੀ ਅਗਵਾਈ ਹੇਠ ਦਿੱਲੀ ਨੂੰ ਭੇਜ ਦਿੱਤਾ ਸੀ ਤਾਂ ਕਿ ਉਥੇ ਉਹ ਦਿੱਲੀ ਦੀ ਸਿੱਖ ਸੰਗਤ ਵਿਚਕਾਰ ਸੁਰੱਖਿਅਤ ਤਰੀਕੇ ਅਨੁਸਾਰ ਰਹਿ ਸਕਣ। ਬੰਦਾ ਸਿੰਘ ਬਹਾਦਰ ਦੀ ਅਗਵਾਈ ਵਿਚ ਕਿਉਂਕਿ ਖਾਲਸੇ ਨੇ ਹੁਣ ਮੁਗਲ ਸਰਕਾਰ ਦੇ ਖਿਲਾਫ਼ ਪੰਜਾਬ ਦੇ ਵਿਚ ਨਾਮੁੱਕਣ ਵਾਲਾ ਖ਼ੂਨੀ ਸੰਘਰਸ਼ ਛੇੜਨਾ ਸੀ ਇਸ ਕਰਕੇ ਗੁਰੂ ਜੀ ਦੇ ਮਹਿਲਾਂ ਨੂੰ ਅਤੇ ਹੋਰ ਸਿੱਖ ਪਰਿਵਾਰਾਂ ਨੂੰ ਸੁਰੱਖਿਅਤ ਥਾਵਾਂ 'ਤੇ ਭੇਜਣਾ ਅਤੀ ਜ਼ਰੂਰੀ ਸੀ। ਗੁਰੂ ਜੀ ਦੇ ਹਜ਼ੂਰੀ ਸਿੰਘਾਂ ਵਿਚੋਂ ਕੁਝ ਸਿੰਘ ਗੁਰੂ ਜੀ ਦੇ ਅੰਗੀਠੇ ਤੋਂ ਪਰੇ ਨਹੀਂ ਜਾਣਾ ਚਾਹੁੰਦੇ ਸਨ। ਉਹ ਹਰ ਸਮੇਂ ਗੁਰੂ ਜੀ ਦੇ ਅੰਗੀਠੇ ਪਾਸ ਹੀ ਬੈਠੇ ਰਹਿੰਦੇ ਸਨ। ਅੰਗੀਠੇ ਵਾਲੀ ਥਾਂ 'ਤੇ ਇਕ ਪੱਕਾ ਥੜਾ ਬਣਾਇਆ ਗਿਆ ਸੀ। ਭਾਈ ਦਯਾ ਸਿੰਘ ਅਤੇ ਭਾਈ ਧਰਮ ਸਿੰਘ ਜੀ (ਦੋਵੇਂ ਪਿਆਰੇ) ਸਿਰੀ ਹਜ਼ੂਰ ਸਾਹਿਬ ਵਿਖੇ ਹੀ ਰਹਿਣਾ ਚਾਹੁੰਦੇ ਸਨ। ਇਸ ਲਈ ਪਹਿਲਾਂ ਭਾਈ ਦਯਾ ਸਿੰਘ ਜੀ ਇਸ ਅਸਥਾਨ ਦੇ ਮੁੱਖ ਇੰਚਾਰਜ (ਜਥੇਦਾਰ) ਥਾਪੇ ਗਏ। ਇਹ ਸਾਰਾ ਪਰੰਬਧ ਕਰ ਕੇ ਬੰਦਾ ਸਿੰਘ ਬਹਾਦਰ ਬਾਕੀ ਖਾਲਸੇ ਨਾਲ ਅਤੇ ਪੰਜ ਮੈਂਬਰੀ ਸਲਾਹਕਾਰ ਕੌਂਸਲ ਨਾਲ ਪੰਜਾਬ ਵਲ ਨੂੰ ਰਵਾਨਾ ਹੋ ਗਿਆ ਸੀ। ਪੰਜ ਮੈਂਬਰੀ ਸਲਾਹਕਾਰ ਕੌਂਸਲ ਵਿਚ ਭਾਈ ਭਗਵੰਤ ਸਿੰਘ ਬੰਗੇਸਰੀ ਜੋ ਸੀ ਉਹ ਬਹਾਦਰ ਸ਼ਾਹ ਬਾਦਸ਼ਾਹ ਦੀ ਫੌਜ ਵਿਚ ਤਕੜਾ ਮਨਸਬਦਾਰ ਰਹਿ ਚੁੱਕਿਆ ਸੀ। ਜਿਸ ਸਮੇਂ ਗੁਰੂ ਸਾਹਿਬ ਬੁਰਹਾਨਪੁਰ ਤੋਂ ਬਹਾਦਰ ਸ਼ਾਹ

ਨਾਲੋਂ ਅਲੱਗ ਹੋ ਕੇ ਨਾਂਦੇੜ ਸਾਹਿਬ ਵਲ ਨੂੰ ਰਵਾਨਾ ਹੋਏ ਸਨ ਇਹ ਭਾਈ ਭਗਵੰਤ ਸਿੰਘ ਬੰਗੇਸਰੀ ਬਾਦਸ਼ਾਹ ਦੀ ਫੌਜ ਵਿਚੋਂ ਅਲੱਗ ਹੋ ਕੇ ਗੁਰੂ ਜੀ ਨਾਲ ਹੀ ਆ ਗਿਆ ਸੀ। ਹੁਣ ਇਹ ਬੰਦ ਸਿੰਘ ਬਹਾਦਰ ਨਾਲ ਸੀ। ਬੰਗੇਸਰੀ ਦੇ ਅਧੀਨ ਵਣਜਾਰਿਆਂ ਦੀ ਫੌਜ ਸੀ। ਇਸ ਨਾਲ ਬੰਦਾ ਸਿੰਘ ਬਹਾਦਰ ਨੂੰ ਬਹੁਤ ਤਕੜੀ ਸੈਨਿਕ ਸੇਧ ਮਿਲ ਗਈ ਸੀ।

ਤਖ਼ਤ ਸਿਰੀ ਹਜ਼ੂਰ ਸਾਹਿਬ ਵਿਖੇ ਭਾਈ ਦਯਾ ਸਿੰਘ ਜੀ ਦੋ ਕੁ ਮਹੀਨਿਆਂ ਪਿੱਛੋਂ ਹੀ ਚਲਾਣਾ ਕਰ ਗਏ ਸਨ। ਉਹ ਗੁਰੂ ਜੀ ਦੇ ਵਿਛੋੜੇ ਨੂੰ ਜ਼ਿਆਦਾ ਸਮਾਂ ਨਹੀ ਸਹਿ ਸਕੇ। ਉਨ੍ਹਾਂ ਦੇ ਪਿੱਛੋਂ ਭਾਈ ਧਰਮ ਸਿੰਘ ਜੀ ਤਖ਼ਤ ਸਾਹਿਬ ਦੇ ਜਥੇਦਾਰ ਬਣੇ। ਪਰ ਭਾਈ ਧਰਮ ਸਿੰਘ ਜੀ ਵੀ ਕੁਝ ਕੁ ਮਹੀਨਿਆਂ ਪਿੱਛੋਂ ਅਕਾਲ ਚਲਾਣਾ ਕਰ ਗਏ ਸਨ। ਭਾਈ ਧਰਮ ਸਿੰਘ ਤੋਂ ਪਿੱਛੋਂ ਭਾਈ ਸੰਤੋਖ ਸਿੰਘ ਤਖ਼ਤ ਸਾਹਿਬ ਦੇ ਜਥੇਦਾਰ ਬਣੇ। ਉਹ ਸੰਮਤ 1771 ਬਿ. ਮੁਤਾਬਕ ਸੰਨ 1714 ਈ. ਤਕ ਸੇਵਾ-ਸੰਭਾਲ ਕਰਦੇ ਰਹੇ। ਇਨ੍ਹਾਂ ਦੇ ਪਿੱਛੋਂ ਭਾਈ ਖ਼ੁਸ਼ਹਾਲ ਸਿੰਘ ਜੀ ਜਥੇਦਾਰ ਬਣੇ।[17] ਇਸ ਸਮੇਂ ਤੱਕ ਕਿਉਂਕਿ ਪੰਜਾਬ ਵਿਚ ਜਬਰਦਸਤ ਸੰਘਰਸ਼ ਚਲਦਾ ਰਿਹਾ ਸੀ। ਇਸ ਕਰਕੇ ਮੁਗਲ ਹਕੂਮਤ ਦੇਸ਼ ਵਿਚ ਹਰ ਕਿਤੇ ਵਿਚਰਨ ਵਾਲੇ ਸਿੱਖ ਨੂੰ ਨਫਰਤ ਅਤੇ ਸ਼ੱਕ ਦੀ ਨਿਗਾਹ ਨਾਲ ਵੇਖਦੀ ਸੀ। 1716 ਈ. ਵਿਚ ਬੰਦਾ ਸਿੰਘ ਬਹਾਦਰ ਨੂੰ ਗਰਿਫ਼ਤਾਰ ਕਰਕੇ ਬੜੇ ਦਰਦਨਾਕ ਢੰਗ ਨਾਲ ਤਸੀਹੇ ਦੇ ਕੇ ਸ਼ਹੀਦ ਕਰ ਦਿੱਤਾ ਗਿਆ ਸੀ। ਸਿੱਖਾਂ ਨੂੰ ਵੇਖਦਿਆਂ ਸਾਰ ਹੀ ਗੋਲੀ ਮਾਰਨ ਦੇ ਹੁਕਮ ਲਾਗੂ ਕਰ ਦਿੱਤੇ ਗਏ ਸਨ।[18] ਇਸ ਸਭ ਕੁਝ ਦਾ ਪਰਭਾਵ ਤਖ਼ਤ ਸਿਰੀ ਹਜ਼ੂਰ ਸਾਹਿਬ 'ਤੇ ਵੀ ਪਿਆ ਸੀ। ਇਸ ਅਸਥਾਨ 'ਤੇ ਸਿੱਖਾਂ ਦਾ ਆਉਣਾ ਜਾਣਾ ਤਾਂ ਬੰਦ ਹੋ ਹੀ ਗਿਆ ਸੀ ਸਗੋਂ ਇਥੇ ਰਹਿਣਾ ਵੀ ਔਖਾ ਹੋ ਗਿਆ ਸੀ। ਆਲਾ ਦੁਆਲਾ ਮੁਸਲਮਾਨੀ ਵਸੋਂ ਵਾਲਾ ਸੀ। ਇਹ ਮੁਸਲਮਾਨੀ ਵਸੋਂ ਵੀ ਤਖ਼ਤ ਸਿਰੀ ਹਜ਼ੂਰ ਸਾਹਿਬ ਉਪਰ ਅਕਸਰ ਹਮਲੇ ਕਰਦੀ ਰਹਿੰਦੀ ਸੀ। ਇਸ ਦਾ ਸਿੱਟਾ ਇਹ ਹੋਇਆ ਕਿ ਨਾ ਹੀ ਤਾਂ ਇਥੇ ਖਾਲਸਾ ਸਰੂਪ ਵਾਲੇ ਸਿੰਘ ਜ਼ਿਆਦਾ ਸਮਾਂ ਟਿਕ ਸਕੇ ਅਤੇ ਨਾ ਹੀ ਇਥੇ ਕੋਈ ਉਸਾਰੀ ਹੀ ਹੋ ਸਕੀ। ਪਹਿਲਾਂ ਪਹਿਲਾਂ ਤਖ਼ਤ ਸਿਰੀ ਹਜ਼ੂਰ ਸਾਹਿਬ ਦੇ ਆਲੇ-ਦੁਆਲੇ ਦੀਆਂ ਗੁਰੂ ਸਾਹਿਬ ਨਾਲ ਸਬੰਧਤ ਥਾਵਾਂ ਤੋਂ ਸਿੱਖ ਸੇਵਾਦਾਰ ਰਾਤ ਨੂੰ ਹਜ਼ੂਰ ਸਾਹਿਬ ਆ ਕੇ ਹੀ ਇਕੱਠੇ ਹੋ ਕੇ ਰਹਿੰਦੇ ਸਨ ਫਿਰ ਜਦ ਇਥੇ ਵੀ ਧਾੜਾਂ ਪੈਣ ਲਗ ਪਈਆਂ ਤਾਂ ਇਨ੍ਹਾਂ ਸੇਵਾਦਾਰਾਂ ਨੂੰ ਇਥੋਂ ਵੀ ਨਿਕਲਣਾ ਪਿਆ ਸੀ।[19] ਇਸ ਕਰਕੇ ਇਹ ਮਹਾਨ ਇਤਿਹਾਸਕ ਅਸਥਾਨ ਗੈਰ-ਸਿੱਖ ਲੋਕਾਂ ਦਾ ਜਾਂ ਉਦਾਸੀ ਸਾਧਾਂ ਦਾ ਡੇਰਾ ਬਣ ਗਿਆ ਸੀ। ਅਜਿਹੇ ਕਾਬਜ਼ ਲੋਕਾਂ ਦਾ ਇਕੋ ਇਕ ਨਿਸ਼ਾਨਾ ਸਿਰਫ ਆਪਣਾ ਜੀਵਨ ਨਿਰਬਾਹ ਕਰਨਾ ਹੀ ਸੀ। 1728 ਈ. ਵਿਚ ਕਿਸੇ ਲਾਲ ਸਿੰਘ ਦੇ ਨਾਂ ਦੇ ਸੇਵਾਦਾਰ ਦਾ ਜ਼ਿਕਰ ਮਿਲਦਾ ਹੈ ਕਿ ਉਹ ਕਦੇ ਕਦਾਈਂ ਆ ਕੇ ਤਖ਼ਤ ਸਾਹਿਬ ਦੀ ਸਾਂਭ-ਸੰਭਾਲ ਕਰ ਜਾਂਦਾ ਸੀ। ਇਨ੍ਹਾਂ ਤੋਂ ਪਿੱਛੋਂ ਇਕ ਤਕੜੇ ਸਮੇਂ ਦੇ ਖੱਪੇ ਬਾਦ ਕਿਸੇ ਭਾਈ ਬਖ਼ਤਾਵਰ ਸਿੰਘ ਦਾ

---

17. ਦੇਖੋ ਅਕਾਲੀ ਕੌਰ ਸਿੰਘ ਜੀ ਦਾ ਲੇਖ 'ਤਖ਼ਤ ਸ੍ਰੀ ਹਜ਼ੂਰ ਅਬਚਲ ਨਗਰ ਅਤੇ ਉਥੋਂ ਦੇ ਜਥੇਦਾਰ ਤੇ ਪੁਜਾਰੀ' ਮੈਗਜ਼ੀਨ *ਫੁਲਵਾੜੀ* (ਪੰਜਾਬੀ ਮਾਸਕ ਪੱਤਰ), ਦਸੰਬਰ, 1929 ਤੇ ਜਨਵਰੀ, 1930, ਪੰਨਾ 157.
18. ਮੈਲਕਾਮ, *ਦ ਸਕੈਚ ਆਫ ਦ ਸਿਖਸ* (1812 ਈ.), ਚੰਡੀਗੜ੍ਹ, 1981 (ਮੁੜ ਪਰਕਾਸ਼ਤ), ਪੰਨਾ 80.
19. ਅਕਾਲੀ ਕੌਰ ਸਿੰਘ, ਪੰਨਾ 157.

ਕੁਝ ਜ਼ਿਕਰ ਮਿਲਦਾ ਹੈ। ਇਹ ਸਮਾਂ 1785 ਈ. ਦਾ ਸੀ।

ਇਸ ਤਰ੍ਹਾਂ ਅਠਾਰਵੀਂ ਸਦੀ ਦੇ ਅਖੀਰਲੇ ਦਹਾਕਿਆਂ ਤਕ ਤਖ਼ਤ ਸਿਰੀ ਹਜ਼ੂਰ ਸਾਹਿਬ ਸਿਰਫ ਇਕ ਸੁੰਨ-ਸਾਨ ਅਸਥਾਨ ਹੀ ਰਿਹਾ। ਇਥੇ ਸਿਰਫ ਬੰਦਾ ਸਿੰਘ ਬਹਾਦਰ ਰਾਹੀਂ ਬਣਵਾਇਆ ਗਿਆ ਇਕ ਥੜਾ ਹੀ ਸੀ ਹੋਰ ਕੁਝ ਨਹੀਂ ਸੀ। ਜਿਨੇ ਵੀ ਪਹਿਲਾਂ ਸਿੰਘ ਸੇਵਾਦਾਰ ਰਹਿੰਦੇ ਰਹੇ ਸਨ ਉਹ ਸਿਰਫ ਪੂਲਿਆਂ ਦੀਆਂ ਬਣਾਈਆਂ ਹੋਈਆਂ ਝੌਂਪੜੀਆਂ ਜਾਂ ਛੱਪਰਾਂ ਵਿਚ ਹੀ ਰਹਿੰਦੇ ਸਨ। ਜਾਂ ਨੇੜੇ ਹੀ ਬੰਦਾ ਸਿੰਘ ਬਹਾਦਰ ਦਾ ਪਹਿਲਾਂ ਵਾਲਾ ਡੇਰਾ ਸੀ ਉਥੇ ਵੀ ਕੱਚੇ ਕੋਠੇ ਹੀ ਸਨ। ਪਿੱਛੋਂ ਜਦੋਂ ਕੁਝ ਸਮਾਂ ਉਦਾਸੀ ਸਾਧ ਇਥੇ ਰਹਿੰਦੇ ਸਨ ਤਾਂ ਵੀ ਉਹ ਛੰਨਾਂ-ਛੱਪਰਾਂ ਵਿਚ ਹੀ ਰਹਿੰਦੇ ਰਹੇ ਸਨ। ਅਠਾਰਵੀਂ ਸਦੀ ਦੇ ਅਖੀਰਲੇ ਸਮੇਂ 'ਤੇ ਇਥੇ ਉਦਾਸੀ ਸਾਧ ਪੂਰੀ ਤਰ੍ਹਾਂ ਕਾਬਜ਼ ਸਨ। ਪੰਜਾਬ ਵਿਚ ਮਿਸਲਾਂ ਦੇ ਰੂਪ ਵਿਚ ਸਿੱਖ ਰਾਜ ਕਾਇਮ ਹੋ ਗਿਆ ਸੀ। ਇਸ ਨਾਲ ਸਿੱਖਾਂ ਦਾ (ਯਾਤਰੀਆਂ ਜਾਂ ਵਪਾਰੀਆਂ ਦੇ ਰੂਪ ਵਿਚ) ਇਥੇ ਆਉਣ ਜਾਣ ਹੋ ਗਿਆ ਸੀ। ਉਦਾਸੀ ਸਾਧਾਂ ਦੀ ਇਥੇ ਰਿਹਾਇਸ਼ ਇਤਰਾਜ਼ ਯੋਗ ਸੀ। ਆਉਣ ਜਾਣ ਵਾਲੇ ਸਿੰਘ ਇਹ ਇਤਰਾਜ਼ ਉਠਾਉਂਦੇ ਸਨ। ਉਨ੍ਹਾਂ ਨੇ ਉਦਾਸੀਆਂ ਕੋਲੋਂ ਪਰਬੰਧ ਲੈਣਾ ਚਾਹਿਆ ਪਰ ਉਦਾਸੀ ਇਸ ਲਈ ਤਿਆਰ ਨਾ ਹੋਏ। ਅਖੀਰ ਭਾਈ ਚੜਤ ਸਿੰਘ, ਭਾਈ ਮੋਹਰ ਸਿੰਘ, ਭਾਈ ਰਾਮ ਸਿੰਘ ਅਤੇ ਭਾਈ ਧਰਮ ਸਿੰਘ ਆਪਣੇ ਨਾਲ ਕੁਝ ਸਿੰਘ ਲੈ ਕੇ ਗਏ[20] ਅਤੇ ਇਉਂ ਉਨ੍ਹਾਂ ਨੇ ਉਦਾਸੀ ਸਾਧਾਂ ਨੂੰ ਇਥੋਂ ਉਠਾਇਆ। ਸਥਾਨਕ ਹਿੰਦੂ ਆਬਾਦੀ ਵੀ ਉਦਾਸੀ ਸਾਧਾਂ ਦਾ ਪੱਖ ਪੂਰਦੀ ਸੀ।

ਇਹ ਅਸਥਾਨ ਹੈਦਰਾਬਾਦ ਰਿਆਸਤ ਵਿਚ ਸੀ। ਹੈਦਰਾਬਾਦ ਰਿਆਸਤ ਦੀ ਰਾਜਨੀਤਕ ਹਾਲਤ ਸਥਿਰ ਨਹੀਂ ਸੀ। ਉਨੀਵੀਂ ਸਦੀ ਦੇ ਮੁੱਢਲੇ ਦਹਾਕਿਆਂ ਵਿਚ ਇਥੇ ਜ਼ਬਰਦਸਤ ਬਦਅਮਨੀ ਫੈਲ ਗਈ ਸੀ। ਇਸ ਬਦਅਮਨੀ ਉਪਰ ਕਾਬੂ ਪਉਣ ਲਈ ਨਵਾਬ ਹੈਦਰਾਬਾਦ ਨੇ ਮਹਾਰਾਜਾ ਰਣਜੀਤ ਸਿੰਘ ਪਾਸੋਂ ਸਹਾਇਤਾ ਮੰਗੀ।[21] ਇਹ ਮਦਦ ਦਿੱਤੀ ਗਈ ਸੀ। ਜੋ ਸਿੱਖ ਸੈਨਿਕ ਟੁਕੜੀ ਮਹਾਰਾਜੇ ਨੇ ਹੈਦਰਾਬਾਦ ਭੇਜੀ ਸੀ ਉਸ ਜ਼ੁੰਮੇ ਇਕ ਹੋਰ ਕੰਮ ਵੀ ਲਗਾਇਆ ਗਿਆ ਸੀ ਕਿ ਉਹ ਤਖ਼ਤ ਸਿਰੀ ਹਜ਼ੂਰ ਸਾਹਿਬ ਵਾਲੀ ਥਾਂ 'ਤੇ ਅੱਛੀ ਇਮਾਰਤ ਦੀ ਉਸਾਰੀ ਕਰਾਵੇਗੀ। ਇਸ ਸਿੱਖ ਸੈਨਿਕ ਟੁਕੜੀ ਨੇ ਹੈਦਰਾਬਾਦ ਪਹੁੰਚ ਕੇ ਬਦਅਮਨੀ ਉਪਰ ਕਾਬੂ ਪਾਇਆ ਅਤੇ ਨਵਾਬ ਹੈਦਰਾਬਾਦ ਅਤੇ ਉਸਦੇ ਵਡੇ ਵਜ਼ੀਰ ਦੀਵਾਨ ਚੰਦੂ ਮੱਲ ਨੇ ਦਿਲ ਖੋਹਲ ਕੇ ਤਖ਼ਤ ਸਾਹਿਬ ਦੀ ਕਾਰ-ਸੇਵਾ ਲਈ ਮੱਦਦ ਕੀਤੀ।[22] ਮਹਾਰਾਜਾ ਰਣਜੀਤ ਸਿੰਘ ਨੇ ਵੀ ਆਪਣੇ ਵਲੋਂ ਪੰਜ ਲੱਖ ਰੁਪਿਆ ਤਖ਼ਤ ਸਾਹਿਬ ਦੀ ਉਸਾਰੀ ਵਾਸਤੇ ਭੇਜਿਆ ਸੀ। ਇਥੇ ਭੇਜੇ ਗਏ ਸਿੱਖ ਸੈਨਿਕਾਂ ਨੂੰ ਇਹ ਵੀ ਇਕ ਸਹੂਲਤ ਦਿੱਤੀ ਸੀ ਕਿ ਉਨ੍ਹਾਂ ਵਿਚੋਂ ਜਿਹੜਾ ਵੀ ਉਥੇ ਰਹਿ ਕੇ ਤਖ਼ਤ ਸਾਹਿਬ ਦੀ ਸੇਵਾ-ਸੰਭਾਲ ਕਰਨਾ ਚਾਹੇ ਉਸਦੇ ਲਈ ਅਤੇ ਉਸ ਦੇ ਪਰਿਵਾਰ ਲਈ ਸਰਕਾਰੀ ਖਜ਼ਾਨੇ ਵਿਚੋਂ ਤਨਖ਼ਾਹ ਮਿਲਦੀ ਰਹੇਗੀ।[23]

---

20. *ਉਕਤ*, ਪੰਨਾ 158.
21. ਬਾਵਾ ਪ੍ਰੇਮ ਸਿੰਘ ਹੋਤੀ, *ਮਹਾਰਾਜਾ ਰਣਜੀਤ ਸਿੰਘ : ਜੀਵਨ ਬਿਰਤਾਂਤ*, ਅੰਮ੍ਰਿਤਸਰ, 1935, ਪੰਨਾ 185.
22. *ਉਕਤ*, ਪੰਨਾ 186.
23. *ਉਕਤ*, ਪੰਨਾ ਓਹੀ।

ਇਹ ਸਾਰੀ ਜਾਣਕਾਰੀ ਇਕ ਪੁਰਾਣੇ ਹੱਥ ਲਿਖਤ ਹਨੂੰਮਾਨ ਨਾਟਕ ਦੇ ਖਰੜੇ ਉਪਰ ਦਿੱਤੀ ਹੋਈ ਹੈ। ਇਹ ਖਰੜਾ ਬਾਬਾ ਨਿਧਾਨ ਸਿੰਘ ਦੇ ਗੁਰਦੁਆਰੇ ਦੇ ਇਕ ਮੁਨਸ਼ੀ ਕੋਲੋਂ ਮਿਲਿਆ ਸੀ। ਉਸ ਦੇ ਅੰਤਲੇ ਪੰਨੇ ਤੇ ਇਉਂ ਲਿਖਿਆ ਹੋਇਆ ਹੈ :

> *"ਸੰਮਤ 1886 ਵਗਣ ਵਦੀ ਪੰਚਮੀ ਦਿਨ ਐਤਵਾਰ ਟਕ ਲਾਯਾ ਡੇਢ ਪਹਰ ਦਿਨ ਚੜੇ ਚੇਤ ਵਦੀ ਦਸਮੀ ਦਿਨ ਐਤਵਾਰ ਡੇਢ ਪਹਿਰ ਦਿਨ ਰਹਤੇ ਨੀਹ ਧਰੀ ਬਾਹਰਲੀ, ਪੰਜਾਹ ਹਾਥ ਲੰਮੀ ਚਾਲ੍ਹੀ ਹਾਥ ਚੋੜੀ ਬਾਈ ਹਾਥ ਡੂੰਘੀ। ਚੇਤ ਸੁਦੀ ਚੋਧਵੀਂ ਦਿਨ ਬੁਧਵਾਰ ਦਰਬਾਰ ਸਾਹਿਬ ਕੀ ਨੀਂਵ ਧਰੀ ਅਬਚਲ ਨਗਰ ਸਾਹਿਬ ਹਜੂਰ ਦੀ ਸਵਾ ਪਹਿਰ ਦਿਨ ਚੜੇ ਤੇ। ਪੱਚੀ ਹਾਥ ਲੰਮੀ ਸਾਢੇ ਪਾਂਚ ਹਾਥ ਚੋੜੀ ਨੀਂਵ ਰਖੀ ਮੰਜੀ ਸਾਹਿਬ ਹਲਾਇਆ ਨਹੀਂ। ਹੋਰ ਸਬੂਤ ਪੱਕਾ ਹੋਯਾ। ਓਸ ਵਖ਼ਤ ਜੱਸਾ ਸਿੰਘ ਅੰਦਰਲਾ ਪੁਜਾਰੀ ਸੀ। ਗਾਹੂ ਸਿੰਘ ਬਾਹਰਲਾ ਪੁਜਾਰੀ ਥਾਂ ਪੋੜੀਆਂ ਉਪਰ ਚਵਰ ਕਰਦਾ ਸੀ। ਕਰਮ ਸਿੰਘ ਧੁਪੀਆ ਧੂਪ ਧੁਖਾਉਂਦਾ ਸੀ। ਰਾਜਾ ਰਣਜੀਤ ਸਿੰਘ ਗੁਰੂ ਦਾ ਸਿੰਘ ਸੀ। ਰਣਜੀਤ ਸਿੰਘ ਨੇ ਮਾਇਆ ਭੇਜੀ ਔਰ ਚੰਦਾ ਸਿੰਘ ਕੋ ਭੇਜਿਆ ਸੀ। ਸੋ ਭੀ ਗੁਰੂ ਕਾ ਸਿਖ ਸੀ ਮਨ ਤਨ ਸੇ ਟਹਿਲ ਕਰਦਾ ਸੀ। ਰਾਜਾ ਰਣਜੀਤ ਸਿੰਘ ਨੇ ਅਬਚਲ ਨਗਰ ਸਾਹਿਬ ਦਰਬਾਰ ਸਾਹਿਬ ਦੀ ਟਹਿਲ ਕਰਾਈ। ਸੰਮਤ 1896 ਫਗਨ ਵਦੀ ਪੰਚਮੀ ਦਿਨ ਐਤਵਾਰ ਕੇ ਦਿਨ ਟਹਿਲਾ ਸ਼ੁਰੂ ਹੋਇਆ ਥਾ।"*[24]

ਇਸੀ ਸਮੇਂ ਹੈਦਰਾਬਾਦ ਦੇ ਦੀਵਾਨ ਚੰਦੂ ਲਾਲ ਨੇ 40 ਹਜ਼ਾਰ ਰੁਪਿਆ ਖਰਚ ਕੇ ਨਗੀਨਾ ਘਾਟ ਦੀਆਂ ਪੌੜੀਆਂ ਬਣਵਾਈਆਂ ਅਤੇ ਨਾਭਾ, ਪਟਿਆਲਾ, ਜੀਂਦ, ਕਪੂਰਥਲਾ ਆਦਿਕ ਸਿੱਖ ਰਾਜਿਆਂ ਮਹਾਰਾਜਿਆਂ ਵਲੋਂ ਜਗੀਰਾਂ ਲਗਵਾਈਆਂ ਗਈਆਂ। ਇਸ ਤਰ੍ਹਾਂ ਮਹਾਰਾਜਾ ਰਣਜੀਤ ਸਿੰਘ ਦੀ ਪਹਿਲਕਦਮੀ ਨਾਲ ਅਤੇ ਨਵਾਬ ਹੈਦਰਾਬਾਦ ਦੇ ਸਹਿਯੋਗ ਨਾਲ ਸੰਨ 1829-30 ਈ. ਵਿਚ ਤਖ਼ਤ ਸਿਰੀ ਹਜ਼ੂਰ ਸਾਹਿਬ ਦੀ ਬਹੁਤ ਸੁੰਦਰ ਇਮਾਰਤ ਉਸਾਰੀ ਗਈ। ਜਿਵੇਂ ਕਿ ਉਪਰ ਦਿੱਤੀ ਟੂਕ ਵਿਚ ਇਕ ਗਾਹੂ ਸਿੰਘ ਸੇਵਾਦਾਰ ਦਾ ਨਾਂ ਆਉਂਦਾ ਹੈ ਇਹ ਬਾਬਾ ਗਜਗਾਹਾ ਸਿੰਘ ਵੀ ਹੋ ਸਕਦਾ ਹੈ। ਬਾਬਾ ਗਜਗਾਹਾ ਸਿੰਘ ਨਿਹੰਗ ਸਿੰਘ ਸੀ ਅਤੇ ਉਹ ਮਹਾਰਾਜੇ ਵਲੋਂ ਭੇਜੀ ਗਈ ਸਿੱਖ ਸੈਨਿਕ ਟੁਕੜੀ ਨਾਲ ਹੀ ਪੰਜਾਬ ਵਿਚੋਂ ਗਿਆ ਸੀ ਇਸ ਨਾਲ ਹੋਰ ਨਿਹੰਗ ਵੀ ਸਨ। ਬਾਬਾ ਗਜਗਾਹਾ ਸਿੰਘ ਤੋਂ ਪਿੱਛੋਂ ਅੱਗੜ-ਪਿਛੜ ਭਾਈ ਚੜਤ ਸਿੰਘ, ਭਾਈ ਮਹਿਤਾਬ ਸਿੰਘ, ਭਾਈ ਜੱਸਾ ਸਿੰਘ, ਭਾਈ ਇਸ਼ਵਰ ਸਿੰਘ, ਭਾਈ ਬਿਰਸਾ ਸਿੰਘ ਅਤੇ ਭਾਈ ਤਾਰਾ ਸਿੰਘ ਆਦਿ ਸੇਵਾ ਕਰਦੇ ਰਹੇ ਸਨ। ਜਦੋਂ ਤਕ ਮਹਾਰਾਜਾ ਰਣਜੀਤ ਸਿੰਘ ਜਿਉਂਦਾ ਰਿਹਾ ਸੀ ਜਾਂ ਸਮਝ ਲਓ ਕਿ ਜਦੋਂ ਤਕ ਪੰਜਾਬ ਵਿਚ ਸਿੱਖ ਰਾਜ ਕਾਇਮ ਰਿਹਾ ਸੀ ਤਖ਼ਤ ਸਿਰੀ ਹਜ਼ੂਰ ਸਾਹਿਬ ਦਾ ਪਰਬੰਧ ਵੀ ਠੀਕ ਚਲਦਾ ਰਿਹਾ ਸੀ। ਪਰ ਜਿਉਂ ਹੀ ਸਿੱਖ ਰਾਜ ਖ਼ਤਮ ਹੋਇਆ ਤਖ਼ਤ ਸਾਹਿਬ ਦੇ

---

24. ਗੁਰਦੁਆਰਾ ਗਜ਼ਟ, ਸ਼ਰੋਮਣੀ ਗੁਰਦੁਆਰਾ ਪਰਬੰਧਕ ਕਮੇਟੀ, ਅੰਮ੍ਰਿਤਸਰ, ਨਵੰਬਰ, 1965, ਪੰਨਾ 64.

ਸੇਵਾਦਾਰਾਂ ਵਿਚ ਵੀ ਲੜਾਈ ਝਗੜੇ ਪੈਦਾ ਹੋਣੇ ਸ਼ੁਰੂ ਹੋ ਗਏ ਸਨ।[25] 1885 ਅਤੇ 1888 ਈ. ਦੇ ਸਮੇਂ ਵਿਚਕਾਰ ਇਥੇ ਦੇ ਸੇਵਾਦਾਰਾਂ ਵਿਚ ਪੂਰੀ ਧੜੇਬੰਦੀ ਪੈਦਾ ਹੋ ਚੁੱਕੀ ਸੀ। ਲੜਾਈਆਂ ਹੁੰਦੀਆਂ ਸਨ ਅਤੇ ਕਤਲ ਹੁੰਦੇ ਸਨ। ਹਰ ਇਕ ਧੜਾ ਸਰਕਾਰ ਦੀ ਵਧ ਤੋਂ ਵਧ ਸਹਾਇਤਾ ਲੈਂਦਾ ਸੀ। ਇਸ ਸਮੇਂ ਸਭ ਤੋਂ ਗੰਭੀਰ ਝਗੜਾ ਨਿਰਮਲਿਆਂ ਅਤੇ ਨਿਹੰਗ ਸਿੰਘਾਂ ਵਿਚਕਾਰ ਹੋਇਆ ਸੀ। ਨਿਰਮਲੇ ਖਾਲਸਾ ਰਹਿਤ ਮਰਯਾਦਾ ਦੇ ਧਾਰਨੀ ਨਹੀਂ ਸਨ ਪਰ ਉਹ ਤਖ਼ਤ ਸਾਹਿਬ ਦਾ ਪਰਬੰਧ ਸੰਭਾਲਣ ਲਈ ਪੂਰਾ ਜ਼ੋਰ ਲਾ ਰਹੇ ਸਨ। ਅਕਾਲੀ ਕੌਰ ਸਿੰਘ ਅਨੁਸਾਰ "ਇਹ ਨਿਰਮਲੇ ਸੰਤ ਅੰਮ੍ਰਿਤਧਾਰੀ ਹੋ ਕੇ ਵੀ ਪੰਜ ਕਕਾਰਾਂ ਦੀ ਪਾਬੰਦੀ ਰੱਖਣ ਦੇ ਨਿਯਮ ਨੂੰ ਪਾਲਣ ਕਰਨ ਤੋਂ ਬਗੈਰ ਹੀ ਲੰਗੋਟੀ, ਧੋਤੀ ਪਾ ਕੇ ਤਖ਼ਤ ਸਾਹਿਬ 'ਤੇ ਪਰਸ਼ਾਦ ਭੇਟ ਤੇ ਦਰਸ਼ਨ ਪਰਿਕਰਮਾਂ ਕਰਨੀ ਚਾਹੁੰਦੇ ਸਨ ਪਰ ਹਜ਼ੂਰੀ ਖਾਲਸੇ ਦਾ ਵਿਚਾਰ ਸੀ ਕਿ ਅੰਮ੍ਰਿਤਧਾਰੀ ਸਿੰਘ ਪੰਜ ਕਕਾਰਾਂ ਵਿਚੋਂ ਕਿਸੇ ਇਕ ਤੋਂ ਭੀ ਹੀਣ ਹੋ ਕੇ ਤਨਖਾਹੀਆ ਅਤੇ ਕੇਸ਼ਹੀਣ ਹੋ ਕੇ ਪਤਿਤ ਹੁੰਦਾ ਹੈ।"[26]

ਪਰ ਨਿਰਮਲ ਸੰਪਰਦਾ ਨਾਲ ਸਬੰਧਤ ਮੁਢਲੇ ਇਤਿਹਾਸਕਾਰ ਗਯਾਨੀ ਗਯਾਨ ਸਿੰਘ ਦਾ ਲਿਖਣਾ ਹੈ ਕਿ ਗੱਲ ਝਗੜੇ ਦੀ ਇਹ ਨਹੀਂ ਸੀ ਬਲਕਿ ਝਗੜੇ ਦੀ ਅਸਲ ਜੜ੍ਹ ਤਖ਼ਤ ਸਿਰੀ ਹਜ਼ੂਰ ਸਾਹਿਬ ਉਪਰ ਕਾਬਜ ਕਮੇਟੀ ਵਿਚਲੀ ਆਪਸੀ ਧੜੇਬੰਦੀ ਸੀ। ਉਸ ਅਨੁਸਾਰ ਤਖ਼ਤ ਸਾਹਿਬ ਦੀ ਕਮੇਟੀ ਵਿਚ ਦੋ ਧੜੇ ਸਨ। ਇਕ ਧੜੇ ਨੇ ਨਿਰਮਲੇ ਸੰਤਾਂ ਨੂੰ ਤਖ਼ਤ ਸਾਹਿਬ 'ਤੇ ਨਿਮੰਤਰਤ ਕੀਤਾ। ਜਦੋਂ ਨਿਰਮਲੇ ਸੰਤ ਇਸ ਸੱਦੇ ਅਨੁਸਾਰ ਉਥੇ ਪੁਜੇ ਤਾਂ ਉਸ ਧੜੇ ਨੇ, ਜਿਸ ਨੇ ਸੱਦਾ ਨਹੀਂ ਭੇਜਿਆ ਸੀ, ਨਿਹੰਗ ਸਿੰਘਾਂ ਨੂੰ ਨਿਰਮਲਿਆਂ ਦੇ ਖਿਲਾਫ਼ ਭੜਕਾ ਦਿੱਤਾ। ਇਸ ਤਰ੍ਹਾਂ ਨਿਰਮਲਿਆਂ ਉਪਰ ਨਿਹੰਗਾਂ ਦੇ ਇਕ ਗਰੁੱਪ ਨੇ ਹਥਿਆਰਬੰਦ ਹਮਲਾ ਕਰ ਦਿੱਤਾ। ਜਿਸ ਕਾਰਨ ਕਈ ਜਾਨਾਂ ਦਾ ਨੁਕਸਾਨ ਹੋਇਆ। ਇਥੋਂ ਗੱਲ ਵਧਦੀ ਵਧਦੀ ਬਹੁਤ ਜ਼ਿਆਦਾ ਵਧ ਗਈ ਸੀ।[27]

ਖ਼ੈਰ। ਇਸ ਝਗੜੇ ਦਾ ਕਾਰਨ ਭਾਵੇਂ ਕੁਝ ਵੀ ਹੋਵੇ ਸਾਡਾ ਤਾਂ ਮਕਸਦ ਇਥੇ ਸਿਰਫ਼ ਤਖ਼ਤ ਸਾਹਿਬ 'ਤੇ ਵਾਪਰੀ ਘਟਨਾ ਨੂੰ ਵਰਨਣ ਕਰਨ ਦਾ ਹੈ। ਭਾਵੇਂ ਗਲਤ ਜਾਂ ਠੀਕ ਇਸ ਝਗੜੇ ਦਾ ਪਰਭਾਵ ਨਿਰਮਲਿਆਂ ਦੇ ਵਿਰੁੱਧ ਹੀ ਗਿਆ ਸੀ। ਇਸ ਲੜਾਈ ਦਾ ਸਿੱਟਾ ਤਖ਼ਤ ਸਾਹਿਬਾਨਾਂ ਤੋਂ ਨਿਰਮਲਿਆਂ ਦੇ ਖਿਲਾਫ਼ ਹੁਕਮਨਾਮੇ ਜਾਰੀ ਕਰਨ ਦੇ ਰੂਪ ਵਿਚ ਨਿਕਲਿਆ। ਤਖ਼ਤ ਸਿਰੀ ਹਜ਼ੂਰ ਸਾਹਿਬ ਤੋਂ ਅਜਿਹਾ ਇਕ ਹੁਕਮਨਾਮਾ ਨਿਰਮਲਿਆਂ ਦੇ ਖਿਲਾਫ਼ ਪਾਸ ਕਰਕੇ ਤਖ਼ਤ ਸਿਰੀ ਦਮਦਮਾ ਸਾਹਿਬ ਦੇ ਸੇਵਾਦਾਰਾਂ ਨੂੰ ਭੇਜਿਆ ਗਿਆ ਸੀ। ਇਹ ਹੁਕਮਨਾਮਾ ਇਸ ਤਰ੍ਹਾਂ ਹੈ :

੧ੴ ਵਾਹਿਗੁਰੂ ਜੀ ਕੀ ਫਤਿਹ ॥

ਦੋਹਰਾ : ਨਾਨਕ ਗੁਰੂ ਗੋਬਿੰਦ ਸਿੰਘ ਪੂਰਨੁ ਗੁਰ ਅਵਤਾਰ ॥

---

25. ਫੁੱਲਵਾੜੀ, ਪੰਨਾ 158.
26. *ਉਕਤ*, ਪੰਨਾ ਓਹੀ।
27. ਗਯਾਨ ਸਿੰਘ, *ਨਿਰਮਲ ਪੰਥ ਪ੍ਰਦੀਪਕਾ* (ਪੱਥਰ ਛਾਪ, ਪਹਿਲੀ), ਸਿਆਲਕੋਟ, 1891, ਪੰਨੇ 94-98.

ਜਗ ਮਗ ਜੋਤ ਬਰਾਜ ਰਹੀ ਸਿਰੀ ਅਬਚਲ ਨਗਰ ਅਪਾਰ ॥

ਲਿਖਤੁਮ ਸਾਹਿਬਾਂ ਕੇ ਜਥੇਦਾਰ ਠਾਕੁਰ ਸਿੰਘ ਚਮਕੌਰ ਸਾਹਿਬ ਗੁਰਦਿੱਤ ਸਿੰਘ ਰਾਮ ਸਿੰਘ ਤਾਰਾ ਸਿੰਘ ਭਾਨ ਸਿੰਘ ਬਾਬਾ ਲਹਿਣਾ ਸਿੰਘ ਜੀ ਚਾਟੜੇ ਬਾਬਾ ਸਾਧੂ ਸਿੰਘ ਕੇ ਜੀਵਨ ਸਿੰਘ ਗਾਗਰੀਆ ਦਾ ਸਰਦੂਲ ਸਿੰਘ ਨਰੈਣ ਸਿੰਘ ਅਨੋਖ ਸਿੰਘ ਚਾਟੜੇ ਬਾਬੇ ਫਤੇਹ ਸਿੰਘ ਕੇ ਸਮੂੰਹ ਢੋਕੀ ਹਜੂਰੀਆਂ ਕੀ ਸਮੂਹ ਖਾਲਸੇ ਜੀ ਕੀ ਤਰਫੋਂ ਸੇ ਵਾਹਿਗੁਰੂ ਜੀ ਕਾ ਖਾਲਸਾ ਵਾਹਿਗੁਰੂ ਜੀ ਕੀ ਫਤਹਿ ਬੋਲੀ ਹੈ ਬੁਲਾਵਣੀ ਜੀ। ਖਾਲਸਾ ਬਿਲਾਸ ਜੀ ਇਹ ਸੁਣਨ ਅਰ ਸੁਨਾਵਣਾ ਸਰਬਤ ਖਾਲਸੇ ਜੀ ਕੋ ਅਰ ਸਰਬਤ ਸੰਗਤਿ ਕੋ ਸੰਮਤ 1930 (1873 ਈ.) ਮੇਂ ਜਿਸ ਵਕਤ ਨਿਰਮਲੇ ਗਏ ਥੇ ਦੇਵਾ ਸਿੰਘ ਪੁਜਾਰੀ ਨੇ ਪੁੱਛਿਆ ਜੋ ਭਗਵਾਂ ਕਿਸ ਪਾਤਸ਼ਾਹੀ ਨੇ ਪਹਿਨਿਆ ਹੈ। ਤੁਮ ਦਸੋ। ਤਾਂ ਨਿਰਮਲਿਆਂ ਦੇ ਮਹੰਤਾਂ ਨੇ ਕਿਹਾ ਜਿਉਂ ਗੋਦਾਵਰੀ ਦੇ ਪੰਡਤ ਕੈਦ ਕਰਵਾਏ ਹੈਂ ਤਿਵੇਂ ਤੁਹਾਨੂੰ ਵੀ ਕੈਦ ਕਰਵਾਂਵਾਂਗੇ ਤਾਂ ਮਾਲੂਮ ਹੋਵੇਗਾ ਅਸੀ ਚਾਂਦੀ ਦੀ ਪੰਜਾਹ (ਜੁੱਤੀ) ਨਾਲ ਦਰਸ਼ਨ ਕਰਾਂਗੇ। ਖਾਲਸਾ ਜੀ ਕਿਸ ਤੁਲ ਹੈ। ਫੇਰ ਨਿਰਮਲਿਆਂ ਨੇ ਸੌ ਸੌ ਨੌਕਰ ਰਖ ਕੇ ਦੱਖਣੀਆਂ ਨੂੰ ਵਢੀ ਦੇ ਦੰਗਾ ਕਰਵਾਇਆ ਜਿਸ ਮੇਂ ਬੀਸ ਖੂਨ ਅਰ ਲੱਖਾਂ ਰੁਪੈਆਂ ਕਾ ਨੁਕਸਾਨ ਕਮਾਇਆ ਸਸ਼ਤਰ ਬਸਤਰ ਜੇਵਰ ਔਰ ਦੇਗ ਬੰਦ ਹੋਈ ਦਰਬਾਰ ਤ੍ਰੈ ਮਹੀਨੇ ਬੰਦ ਰਿਹਾ। ਹੋਰ ਕਈ ਪ੍ਰਕਾਰ ਦੀ ਬਿਅਦਬੀ ਹੋਈ ਜਿਨਾਂ ਸਿੰਘਾਂ ਕੋ ਬਿਅਦਬੀ ਹੋਣੇ ਕਾ ਖੌਫ ਥਾ ਨਵਾਬ ਪਾਸ ਔਰ ਚੰਦੂ ਲਾਲ ਕੇ ਪੋਤੇ ਪਾਸ ਫਰਿਆਦੀ ਗਏ ਤਾਂ ਨਵਾਬ ਸਾਹਿਬ ਨੇ ਔਰ ਰਾਜਾ ਸਾਹਿਬ ਨੇ ਏਸ ਮੁਕਦਮੇਂ ਕੀ ਬੜੀ ਗੌਰ ਕੀਤੀ। ਏਕ ਮੇਜਰਨਾਮਾ ਤਿਆਰ ਕਰਵਾਇਆ ਖਾਲਸੇ ਜੀ ਤੇ ਔਰ ਕਹਿਆ ਏਹ ਮੇਜਰਨਾਮਾ ਤਿਆਰ ਹੋ ਗਿਆ ਹੈ। ਇਹ ਪੰਜਾਬ ਮੇਂ ਲੈ ਜਾਵੇ। ਸਬ ਗੁਰਦੁਆਰਿਓਂ ਔਰ ਰਈਸੋਂ ਕੋ ਰਾਇਇਤਫਾਕ ਕਰਾਇਆ ਜਾਵੇ। ਸਭ ਗੁਰਦੁਆਰਿਓਂ ਔਰ ਰਈਸੋਂ ਕੀ ਮੁਹਰਾਂ ਲਗਵਾਈ ਗਈ ਹੈ। ਅਬ ਖਾਲਸਾ ਜੀ ਏਸ ਬਾਤ ਕੀ ਮਦਤ ਆਪ ਦੀ ਚਾਹੀਏ ਜਿਨਾਂ ਸਕਸ਼ੋਂ ਨੇ ਬਿਅਦਬੀ ਅਰ ਨੁਕਸਾਨ ਕਰਾ ਹੈ, ਉਨ ਕੋ ਸਜ਼ਾ ਹੋਣੀ ਚਾਹੀਏ। ਔਰ ਆਮਦਨ ਦੇਗ ਮੇਂ ਖਰਚ ਹੋਨੀ ਚਾਹੀਏ ਔਰ ਜੋ ਦਰਬਾਰ ਕਾ ਨੁਕਸਾਨ ਹੂਆ ਹੈ ਸੋ ਦਰਬਾਰ ਮੇਂ ਧਰਾਇਆ ਜਾਵੇ ਔਰ ਬਿਹਰਾਮ ਸੇਵਾ ਕਰੇ ਬਿਨਾ ਤਨਖ਼ਾਹ ਨੌਕਰੀ ਕੇ ਪੈਰੀਂ ਕੋਇ ਨਹੀਂ ਪੈਂਦਾ ਔਰ ਬਿਨਾ ਬਖਸ਼ਾਏ ਸਰਬਤ ਗੁਰੂ ਖਾਲਸਾ ਸੇ ਨਾਮ ਕਿਸੇ ਤਖ਼ਤ ਪਰ ਚੜਨੇ ਨਹੀ ਚਾਹੀਏ।

"ਔਰ ਲੁੱਚੇ ਆਦਮੀ ਕਾ ਬੰਦੋਬਸਤ ਕੀਤਾ ਜਾਵੇ ਅਗੋਂ ਵਾਸਤੇ ਖਾਲਸੇ ਜੀ ਕੋ ਤਲਾਹ ਦੀ ਆਗਿਆ ਹੈ। ਜੋ ਇਹ ਦਰਬਾਰ ਦਸ਼ਮੇਸ਼ ਪਿਤਾ ਪਾਤਸ਼ਾਹ ਗੁਰੂ ਗੋਬਿੰਦ ਜੀ ਕਾ ਹੈ। ਇਸ ਮੇਂ ਸਭ ਖਾਲਸਾ ਜੀ ਕੋ ਮਦਦ ਦੇਨੀ ਚਾਹੀਏ। ਹਮ ਕੋ ਰਾਜੇ ਫਰੀਦ ਕੋਟ ਵਾਲਿਆਂ ਅਟਕਾਇਆ ਹੈ ਮਦਦ ਵਾਸਤੇ। ਇਸ ਚਿਠੀ ਕਾ ਉੱਤਰ ਜਲਦੀ ਲਿਖੋ ਤਾਂ ਕਿ ਫਰੀਦ ਕੋਟ ਪਹੁੰਚੇ ਜੇ ਚਿਰਕੀ ਲਿਖੋ

ਤਾਂ ਸਿਰੀ ਅੰਮ੍ਰਿਤਸਰ ਜੀ ਮਜੀਠਿਆਂ ਦੇ ਬੁੰਗੇ ਧਰਮ ਸਿੰਘ ਕੋ ਪਹੁੰਚੇ ਜੋ ਕਹੋਗੇ ਤਾਂ ਸਾਰਾ ਹਵਾਲਾ ਮੇਜਰਨਾਵੇਂ ਕਾ ਮੁਕੱਦਮੇ ਦਾ ਲਿਖ ਭੇਜੈ ਹਾਲੀ ਯਾਦ ਕਰਾਇਆ ਗਿਆ ਹੈ। ਹੋਰ ਅਰਦਾਸ ਦੀਵਾਨ ਮੇਂ ਸੁਨਾਵਨੀ ਔਰ ਤਾਗੀਦ ਸਮਝਣੀ। ਔਰ ਜਾਦਾ ਕਿਆ ਲਿਖਣਾ ਹੈ। ਸਰਬਤ ਕੋ ਵਾਹਿਗੁਰੂ ਜੀ ਕਾ ਖਾਲਸਾ ਵਾਹਿਗੁਰੂ ਜੀ ਕੀ ਫਤੇ ਹੈ। ਏਹ ਟਹਿਲ ਹਜੂਰ ਅਬਚਲ ਨਗਰ ਕੇ ਵਾਸਤੇ ਉਠਾਇਆ ਹੈ। ਇਸ ਮੇਂ ਮਦਤ ਸਭ ਖਾਲਸੇ ਅਰ ਸਮੂਹ ਸੰਤਾਂ ਮਹੰਤਾਂ ਕੋ ਮਦਤ ਦੇਨੀ ਚਾਹੀਏ।

ਸੰਮਤ ਨਾਨਕਸ਼ਾਹੀ 414 ਸੰਮਤ ਬਿ. 1940 (1883 ਈ.)

ਸਤਿ ਸ੍ਰੀ ਅਕਾਲ[28]

ਇਸੇ ਤਰ੍ਹਾਂ ਇਕ ਹੁਕਮਨਾਮਾ ਤਖ਼ਤ ਸਿਰੀ ਹਜ਼ੂਰ ਸਾਹਿਬ ਤੋਂ ਪੰਚ ਖਾਲਸਾ ਦੀਵਾਨ ਭਸੌੜ ਵਲੋਂ ਰਾਗ ਮਾਲਾ ਨੂੰ ਪੜੇ ਜਾਣ ਤੋਂ ਬੰਦ ਕਰਨ ਦੇ ਵਿਰੋਧ ਵਿਚ ਭੇਜਿਆ ਗਿਆ ਸੀ। ਇਹ ਹੁਕਮਨਾਮਾ ਵੀ ਤਖ਼ਤ ਸਿਰੀ ਦਮਦਮਾ ਸਾਹਿਬ ਦੇ ਸੇਵਾਦਾਰਾਂ ਨੂੰ ਭੇਜਿਆ ਗਿਆ ਸੀ। ਇਹ ਜਥੇਦਾਰ ਜਵਾਹਰ ਸਿੰਘ ਨਿਹੰਗ, ਪੁਜਾਰੀ ਹੀਰਾ ਸਿੰਘ, ਪੁਜਾਰੀ ਰਾਮ ਸਿੰਘ, ਗ੍ਰੰਥੀ ਹਜ਼ੂਰਾ ਸਿੰਘ ਅਤੇ ਗ੍ਰੰਥੀ ਮਾਨ ਸਿੰਘ ਧੁਪੀਆ ਅਤੇ ਪੁਜਾਰੀ ਸੁਜਾਨ ਸਿੰਘ ਦੀ ਤਰਫੋਂ ਲਿਖਿਆ ਗਿਆ ਹੈ। ਇਸ ਦੀ ਇਬਾਰਤ ਇਸ ਤਰ੍ਹਾਂ ਹੈ :

੧ੴ ਸਤਿਗੁਰ ਪ੍ਰਸ਼ਾਦਿ।

ਦੋਹਰਾ : ਨਾਨਕ ਗੁਰੂ ਗੋਬਿੰਦ ਸਿੰਘ ਪੂਰਨ ਗੁਰ ਅਵਾਤਰ ॥
ਜਗ ਮਗ ਜੋਤਿ ਬਰਾਜ ਰਹੀ ਸਿਰੀ ਅਬਚਲ ਨਗਰ ਅਪਾਰ ॥

ਸਿਰੀ 108 ਤਖਤ ਦਮਦਮਾ ਸਾਹਿਬ ਦੇ ਗੁਰਦੁਆਰੇ ਲਿਖਣਸਰ ਦੇ ਜਥੇਦਾਰ ਨਿਹੰਗ ਸਿੰਘ ਜਵਾਹਰ ਸਿੰਘ ਕੋ ਸਿਰੀ ਹਜ਼ੂਰ ਸਾਹਿਬ ਤਖ਼ਤ ਦੇ ਪੁਜਾਰੀ ਹੀਰਾ ਸਿੰਘ ਜੀ ਪੁਜਾਰੀ ਰਾਮ ਸਿੰਘ ਜੀ ਗ੍ਰੰਥੀ ਹਜੂਰਾ ਸਿੰਘ ਗ੍ਰੰਥੀ ਮਾਨ ਸਿੰਘ ਜੀ ਧੁਪੀਆ, ਸੁਜਾਨ ਸਿੰਘ ਜੀ ਕੇ ਔਰ ਸਰਬਤ ਖਾਲਸੇ ਜੀ ਕੀ ਤਰਫ ਸੇ ਸਿਰੀ ਵਾਹਿਗੁਰੂ ਜੀ ਕਾ ਖਾਲਸਾ ਸਿਰੀ ਵਾਹਿਗੁਰੂ ਜੀ ਕੀ ਫ਼ਤਹ ਪ੍ਰਵਾਨ ਹੋਵੇ। ਬੇਨਤੀ ਹੈ ਕਿ ਜੋ ਪਹਿਲਾਂ ਮਰਯਾਦਾ ਹੈ ਉਸ ਨੂੰ ਕਾਇਮ ਰਖੋ ਰਾਗਮਾਲਾ ਅਥਵਾ ਮਰਯਾਦਾ ਨਹੀਂ ਚਲਦੇ ਉਨ੍ਹਾਂ ਨਾਲ ਮੇਲ ਨਹੀਂ ਕਰਨਾ ਤਯਾਰ ਬਰ ਤਯਾਰ ਕਰਨਾ। ਜਥੇਦਾਰ ਜੀ ਆਪ ਏਕ ਮੇਹਜਰਨਾਮਾ ਸਰਬਤ ਗੁਰਦੁਵਾਰੇ ਦਮਦਮੇ ਸਾਹਿਬ ਜੀ ਕੇ ਖ਼ਾਲਸੇ ਦਸਤਖ਼ਤ ਇਸ ਕਿਸਮ ਕੇ ਕਰਾਕੇ ਭੇਜੋ ਕੇ ਜੋ ਪਹਿਲੀ ਮਰਯਾਦਾ ਤੋਂ ਵਿਰੁਧ ਚਲਦਾ ਤੇ ਰਾਗ ਮਾਲਾ ਨਹੀ ਪੜਦਾ ਉਨ੍ਹਾਂ ਦੇ ਨਾਲ ਮੇਲ ਨਹੀਂ।

ਕਿਰਪਾਲਤਾ ਕਰ ਕੇ ਮੋਹਜਰਨਾਮਾ ਜਰੀਏ ਰਜਿਸਟਰੀ ਜਲਦੀ ਰਵਾਨਾ ਕਰੋ। ਇਸ ਦੀ ਨਕਲ ਅਨੰਦਪੁਰ ਸਾਹਿਬ ਵਾ ਪਟਣੇ ਸਾਹਿਬ ਭੀ ਭੇਜੀ ਗਈ।[29]

---

28. ਗੁਰਦੁਆਰਾ ਗਜ਼ਟ, ਨਵੰਬਰ 1965, ਪੰਨੇ 69-70.
29. ਉਕਤ, ਪੰਨਾ 71.

ਸਹੀ—ਹੀਰਾ ਸਿੰਘ ਪੁਜਾਰੀ

ਅਗੇ ਚਲਣ ਤੋਂ ਪਹਿਲਾਂ ਇਕ ਗੱਲ ਵਲ ਧਿਆਨ ਦੇਣਾ ਅਤਿ ਜ਼ਰੂਰੀ ਹੈ। ਉਹ ਇਹ ਕਿ ਬੀਹਵੀ ਸਦੀ ਦੇ ਸ਼ੁਰੂ ਵਿਚ ਤਖ਼ਤ ਸਿਰੀ ਹਜ਼ੂਰ ਸਾਹਿਬ ਦੇ ਸੇਵਾਦਾਰ, ਆਪਣੀ ਪਦਵੀ ਦਾ ਵਿਸ਼ੇਸ਼ਣ ਜਥੇਦਾਰ ਤੋਂ ਬਦਲ ਕੇ 'ਪੁਜਾਰੀ' ਲਗਾਉਣ ਲਗ ਪਏ ਸਨ। ਹੋਰਨਾ ਕਾਰਨਾਂ ਤੋਂ ਬਿਨਾਂ ਇਸ ਦਾ ਇਕ ਸਭ ਤੋ ਵਡਾ ਕਾਰਨ ਇਹ ਸੀ ਕਿ ਪੰਜਾਬ ਵਿਚ ਸਿੱਖ, ਸੁਤੰਤਰ ਹਕੂਮਤ ਕਰਨ ਪਿੱਛੋਂ, ਫਿਰ ਤੋਂ ਗੁਲਾਮ ਬਣਾ ਲਏ ਗਏ ਸਨ। ਜਿਸ ਨਾਲ ਸਿੱਖਾਂ ਦੀ ਜਿਥੇ ਰਾਜਨੀਤਕ ਤਾਕਤ ਖ਼ਤਮ ਹੋ ਗਈ ਸੀ ਉਥੇ ਧਾਰਮਕ ਅਸਥਾਨ ਵੀ ਉਨ੍ਹਾਂ ਦੇ ਪਰਬੰਧ ਤੋਂ ਦੂਰ ਹੁੰਦੇ ਗਏ। ਲਗ ਭਗ ਹਰ ਵੱਡੇ ਧਾਰਮਕ ਅਸਥਾਨ ਦੇ ਸੇਵਾਦਾਰ, ਬਰਿਟਿਸ਼ ਹਕੂਮਤ ਦੇ ਪੱਖ ਵਿਚ ਹੋ ਗਏ ਸਨ ਅਤੇ ਇਸ ਤਰ੍ਹਾਂ ਆਪਣਾ ਕਬਜ਼ਾ ਪੱਕਾ ਕਰ ਲੈਂਦੇ ਸਨ। ਹਕੂਮਤ ਨੂੰ ਸਭ ਤੋਂ ਵੱਧ ਖ਼ਤਰਾ ਧਾਰਮਕ ਅਸਥਾਨਾਂ ਵਿਚੋ ਮਿਲੀ ਸੁਤੰਤਰਤਾ ਦੀ ਸਿਖਿਆ ਦਾ ਹੁੰਦਾ ਹੈ। ਸਿੱਖਾਂ ਦੇ ਧਾਰਮਕ ਅਸਥਾਨਾਂ ਦੇ ਪੁਜਾਰੀ ਆਪਣੇ ਆਪ ਹੀ ਹਕੂਮਤ ਪੱਖੀ ਹੋ ਗਏ ਸਨ ਅਤੇ ਇਸ ਤਰ੍ਹਾਂ ਬਰਿਟਿਸ਼ ਹਕੂਮਤ ਨੂੰ ਜ਼ਬਰਦਸਤ ਚੈਲਿੰਜ ਤੋਂ ਆਪਣੇ ਆਪ ਹੀ ਛੁਟਕਾਰਾ ਮਿਲ ਗਿਆ ਸੀ। ਹਕੂਮਤ ਵੀ ਸਿੱਖਾਂ ਦੇ ਵਿਰੁੱਧ ਧਾਰਮਕ ਅਸਥਾਨਾਂ ਦੇ ਕਬਜ਼ੇਦਾਰਾਂ ਦਾ ਪੱਖ ਪੂਰਦੀ ਸੀ। ਇਸ ਤਰ੍ਹਾਂ ਹਕੂਮਤ ਜਾਣ ਬੁਝ ਕੇ ਵੀ ਅਛੇ ਗੁਰ ਸਿੱਖਾਂ ਨੂੰ ਗੁਰਦੁਆਰਿਆਂ ਦੇ ਪਰਬੰਧ ਵਿਚ ਨਹੀਂ ਆਉਣ ਦਿੰਦੀ ਸੀ।

ਦੂਸਰਾ ਇਕ ਮੁਖ ਕਾਰਨ ਇਹ ਸੀ ਕਿ ਜਥੇਦਾਰ ਦਾ ਸੰਕਲਪ ਸਿੱਖ ਸੰਗਤ ਦੀ ਪਰਤੀਨਿਧਤਾ ਨੂੰ ਦਰਸਾਉਂਦਾ ਹੈ ਅਤੇ 'ਪੁਜਾਰੀ' ਦੇ ਸ਼ਬਦ ਨਾਲ ਇਸ ਤਰ੍ਹਾਂ ਦਾ ਸੰਕਲਪ ਨਹੀਂ ਜੁੜਿਆ ਹੁੰਦਾ। ਵੈਸੇ ਵੀ ਪੁਜਾਰੀ ਸ਼ਬਦ ਸਿੱਖ ਸਿਧਾਂਤਾ ਦਾ ਵਿਰੋਧੀ ਸ਼ਬਦ ਹੈ ਅਤੇ ਇਹ ਬਾਹਮਣਵਾਦ ਦੀਆਂ ਰਸਮਾਂ ਦਾ ਪਰਤੀਕ ਹੈ। ਇਸ ਲਈ ਗੁਰਦੁਆਰਿਆਂ ਦੇ ਪਰਬੰਧਕਾਂ ਨੇ ਆਪਣੇ ਆਪ ਨੂੰ 'ਪੁਜਾਰੀ' ਬਣਾ ਕੇ, ਇਕ ਕਿਸਮ ਦਾ, ਸਿੱਖ ਸੰਗਤਾਂ ਦੇ ਕੰਟਰੋਲ ਤੋਂ ਅਜ਼ਾਦ ਦਰਜਾ ਹਾਸਲ ਕਰ ਲਿਆ ਸੀ ਅਤੇ ਹਕੂਮਤ ਨੇ ਪੁਜਾਰੀਆਂ ਦੇ ਹੱਕਾਂ ਨੂੰ ਕਾਨੂੰਨੀ ਤੌਰ 'ਤੇ ਜੱਦੀ ਬਣਾ ਕੇ, ਇਨ੍ਹਾਂ ਨੂੰ ਹੋਰ ਵੀ ਸੁਰੱਖਿਅਤਾ ਦੇ ਦਿੱਤੀ ਸੀ। ਇਸੇ ਤਰ੍ਹਾਂ ਤਖ਼ਤ ਸਿਰੀ ਹਜ਼ੂਰ ਸਾਹਿਬ ਦੇ ਪਰਬੰਧਕ ਜਥੇਦਾਰ ਤੋਂ ਪੁਜਾਰੀ ਬਣ ਬੈਠੇ ਤੇ ਉਨ੍ਹਾਂ ਦੀ ਜੱਦੀ ਗੱਦੀ ਚਲਣੀ ਸ਼ੁਰੂ ਹੋ ਗਈ। ਅਕਾਲੀ ਕੌਰ ਸਿੰਘ ਜੀ ਦੇ ਸ਼ਬਦਾਂ ਵਿਚ, "ਇਸ ਅਰਸੇ ਵਿਚ ਕਈ ਇਕ ਹੋਰ ਭੀ ਗੁਪਤ ਪ੍ਰਗਟ ਕਾਰਨਾਂ ਕਰ ਕੇ ਜਾਗੀਰਾਂ ਭੀ ਜ਼ਬਤ ਹੋ ਕੇ ਕੁਝ ਬਾਜ਼ਗੁਜ਼ਾਰ ਹੋ ਰਹੀਆਂ ਸਨ ਤੇ ਜਥੇਦਾਰ ਦੇ ਖ਼ਿਤਾਬ ਦੀ ਥਾਂ ਹੁਣ ਪੁਜਾਰੀ ਛੋਟਾ, ਪੁਜਾਰੀ ਵੱਡਾ ਆਦਿ ਅਹੁਦੇ ਮੁਕੱਰਰ ਹੋ ਗਏ ਸਨ।"[30]

ਇਸ ਤਰ੍ਹਾਂ 1892 ਈ. ਤਕ ਭਾਈ ਅਤਰ ਸਿੰਘ, ਭਾਈ ਪਰੇਮ ਸਿੰਘ, ਭਾਈ ਦੇਵਾ ਸਿੰਘ, ਭਾਈ ਬਾਘਾ ਸਿੰਘ, ਭਾਈ ਜਵਾਹਰ ਸਿੰਘ, ਭਾਈ ਨਾਨੂੰ ਸਿੰਘ ਆਦਿ ਸੇਵਾਦਾਰ ਪੁਜਾਰੀ ਹੀ ਸਨ। ਨਿਰਮਲਿਆਂ ਦੀ ਲੜਾਈ ਦੀ ਘਟਨਾ ਪੁਜਾਰੀ ਦੇਵਾ ਸਿੰਘ ਦੇ ਸਮੇਂ ਹੋਈ ਸੀ।

30. ਪੂਰਵ ਅੰਕਤ, ਪੰਨਾ 158.

ਸੰਨ 1900 ਦੇ ਲਗਭਗ ਪੰਜਾਬ ਦੀਆਂ ਸਿੱਖ ਰਿਆਸਤਾਂ ਦੇ ਰਾਜਿਆਂ ਵਲੋਂ ਕੁਝ ਕਹਿਣ ਕਹਾਉਣ ਨਾਲ, ਨਿਜ਼ਾਮ ਹੈਦਰਾਬਾਦ ਨੇ ਆਪਣੀ ਨਿਗਰਾਨੀ ਹੇਠ ਕੁਝ ਮੁਖੀ ਸਿੱਖਾਂ ਦੀ ਇਕ ਕਮੇਟੀ ਬਣਾ ਦਿੱਤੀ ਸੀ ਜਿਸ ਨੇ ਤਖ਼ਤ ਸਾਹਿਬ ਅਤੇ ਇਸ ਦੇ ਦੁਆਲੇ ਦੋ ਹੋਰ ਗੁਰਦੁਆਰਿਆਂ ਦਾ ਪ੍ਰਬੰਧ ਕਰਨਾ ਸੀ। ਬਰਿਟਿਸ਼ ਸਰਕਾਰ ਵਲੋਂ ਹੈਦਰਾਬਾਦ ਰਿਆਸਤ ਵਿਚ ਐਸਕੁਆਇਰ ਹਿਨਕਨ ਦੀ ਨਿਯੁਕਤੀ ਕੀਤੀ ਗਈ ਸੀ। ਇਸ ਨੇ ਰਿਆਸਤ ਦੇ ਭੈੜੇ ਪਰਬੰਧ ਨੂੰ ਚੰਗੀ ਤਰ੍ਹਾਂ ਸੁਧਾਰਿਆ। ਹਿਨਕਨ ਤਖ਼ਤ ਸਾਹਿਬ ਦੇ ਪਰਬੰਧ ਵਿਚ ਵੀ ਦਿਲਚਸਪੀ ਰਖਦਾ ਸੀ। ਉਸ ਨੇ ਆਪ ਦਿਲਚਸਪੀ ਲੈ ਕੇ ਪਰਬੰਧ ਨੂੰ ਸੁਧਾਰਿਆ। ਇਸ ਤਰ੍ਹਾਂ ਉਸ ਦੀ ਨਿਗਰਾਨੀ ਹੇਠ 1914 ਤੋਂ ਪਿੱਛੋਂ ਆਪਣੇ ਆਪਣੇ ਸਮੇਂ ਪੁਜਾਰੀ ਦਯਾ ਸਿੰਘ, ਪੁਜਾਰੀ ਹਰੀ ਸਿੰਘ ਜੀ ਅਕਾਲੀ, ਪੁਜਾਰੀ ਹਜ਼ੂਰਾ ਸਿੰਘ ਜੀ ਆਦਿ ਸਜਣ ਰਹੇ। ਇਸ ਸਮੇਂ ਮੁਖ ਪੁਜਾਰੀ ਨੂੰ ਮਾਸਕ ਤਨਖਾਹ ਮਿਲਿਆ ਕਰਦੀ ਸੀ। ਪਰ ਇਸ ਅਰਸੇ ਵਿਚ ਕਈ ਪੁਜਾਰੀਆਂ ਨੇ ਤਖ਼ਤ ਸਾਹਿਬ ਦੀ ਜ਼ਮੀਨ 'ਤੇ ਕਬਜ਼ਾ ਵੀ ਕਰ ਲਿਆ ਹੋਇਆ ਸੀ।

1920ਵਿਆਂ ਜਾਂ 30ਵਿਆਂ ਦੇ ਵਿਚਕਾਰ ਸਿਰੀ ਦਰਬਾਰ ਸਾਹਿਬ ਅੰਮ੍ਰਿਤਸਰ ਵਾਂਗ ਬਰਿਟਿਸ਼ ਸਰਕਾਰ ਵਲੋਂ, ਤਖ਼ਤ ਹਜ਼ੂਰ ਸਾਹਿਬ ਦਾ ਇਕ ਸਰਬਰਾਹ ਨਿਯੁਕਤ ਕੀਤਾ ਜਾਂਦਾ ਸੀ। ਇਹ ਸਰਬਰਾਹ, ਹਕੂਮਤ ਅਤੇ ਪੁਜਾਰੀਆਂ ਦੇ ਵਿਚਕਾਰ ਇਕ ਕੜੀ ਹੁੰਦਾ ਸੀ ਅਤੇ ਇਹੀ ਪਰਬੰਧ 1950ਵਿਆਂ ਤਕ ਚਲਦਾ ਆਇਆ ਸੀ। 1953 ਵਿਚ ਸ਼ਰੋਮਣੀ ਗੁਰਦੁਆਰਾ ਪਰਬੰਧਕ ਕਮੇਟੀ ਅੰਮ੍ਰਿਤਸਰ ਨੇ ਜਦੋਂ ਸਿਰੀ ਗੁਰੂ ਗ੍ਰੰਥ ਸਾਹਿਬ ਜੀ ਦੀਆਂ ਬੀੜਾਂ ਦੀ ਛਪਵਾਈ ਸ਼ੁਰੂ ਕੀਤੀ ਤਾਂ ਇਹ ਨਕਲ ਤਖ਼ਤ ਦਮਦਮਾ ਸਾਹਿਬ ਵਾਲੀ ਬੀੜ ਦੀ ਨਹੀਂ ਸੀ ਸਗੋਂ ਕਿਸੇ ਹੋਰ ਬੀੜ ਦੀ ਨਕਲ ਸੀ ਅਤੇ ਇਸ ਨਵੀਂ ਛਪਵਾਈ ਬੀੜ ਵਿਚ ਗਲਤੀਆਂ ਵੀ ਬਹੁਤ ਸਨ। ਇਸ 'ਤੇ ਸਿੱਖ ਸੰਤਾਂ ਅਤੇ ਹੋਰ ਧਾਰਮਕ ਜਥੇਬੰਦੀਆਂ ਵਿਚ ਕਾਫੀ ਤਿਖਾ ਰੋਸ ਪੈਦਾ ਹੋ ਗਿਆ। ਸ਼ਰੋਮਣੀ ਕਮੇਟੀ ਨੂੰ ਇਸੇ ਬੀੜ ਦੀ ਛਪਵਾਈ ਤੋਂ ਰੋਕਣ ਲਈ ਅਤੇ ਤਖ਼ਤ ਦਮਦਮਾ ਸਾਹਿਬ ਵਾਲੀ ਬੀੜ ਦੀ ਛਪਵਾਈ ਕਰਾਉਣ ਲਈ ਹੋਰਨਾਂ ਸਿੱਖ ਸੰਸਥਾਵਾਂ ਤੋਂ ਬਿਨਾਂ ਤਖ਼ਤ ਹਜ਼ੂਰ ਸਾਹਿਬ ਤੋਂ ਵੀ ਇਕ ਗੁਰਮਤਾ ਕਰ ਕੇ ਭੇਜਿਆ ਗਿਆ। ਪਹਿਲਾਂ 20 ਜਨਵਰੀ, 1957 ਈ. ਨੂੰ ਸਾਢੇ ਚਾਰ ਵਜੇ ਸ਼ਾਮ ਦੇ, ਸੋਢੀ ਦੀਵਾਨ ਸਿੰਘ ਦੀ ਪਰਧਾਨਗੀ ਹੇਠ ਪੁਜਾਰੀਆਂ ਦੀ ਇਕ ਮੀਟਿੰਗ ਹੋਈ, ਜਿਸ ਵਿਚ ਇਹ ਮਤਾ ਪਾਸ ਕੀਤਾ ਗਿਆ :

"ਅਜ ਦਾ ਇਜਲਾਸ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਪਾਵਨ ਬੀੜ ਦੀ ਛਪਵਾਈ ਬਾਰੇ 3. 11. 56. ਦੀ ਮੀਟਿੰਗ, ਜੋ ਚੀਫ ਖਾਲਸਾ ਦੀਵਾਨ ਦੇ ਸੱਦਾ-ਪਤਰ ਤੇ ਸਿਰੀ ਅੰਮ੍ਰਿਤਸਰ ਜੀ ਹੋਈ, ਉਸ ਪੰਥਕ ਇਕੱਠ ਦੇ ਫੈਸਲੇ ਦੀ ਅੱਖਰ ਅੱਖਰ ਪਰੋੜਤਾ ਕਰਦਾ ਹੈ ਤੇ ਪਾਸ ਕਰਦਾ ਹੈ ਕਿ ਪਾਵਨ ਬੀੜ ਦਾ ਧਰੁਵਾ ਸਿਰੀ ਦਮਦਮੇ ਸਾਹਿਬ ਵਾਲੀ ਬੀੜ ਹੈ ਜਿਸ ਦੇ ਉਤਾਰੇ ਬਾਬਾ ਦੀਪ ਸਿੰਘ ਜੀ ਸ਼ਹੀਦ ਨੇ ਕੀਤੇ ਸਨ ਤੇ ਤਖ਼ਤ ਸਾਹਿਬਾਨ 'ਤੇ ਉਹ ਬੀੜਾਂ ਮੌਜੂਦ ਹਨ। ਗੁਰੂ ਕਲਗੀਧਰ ਜੀ ਨੇ 1765 ਬਿ: ਕੱਤਕ ਸੁਦੀ ਦੂਜ ਵਾਲੇ ਦਿਨ ਸਿਰੀ ਹਜ਼ੂਰ ਸਾਹਿਬ ਵਿਖੇ ਦਮਦਮਾ ਸਾਹਿਬ ਵਾਲੀ ਬੀੜ ਅਗੇ ਪੰਜ ਪੈਸੇ ਤੇ ਨਾਰੀਏਲ ਰਖ ਕੇ ਮੱਥਾ ਟੇਕਿਆ ਸੀ ਤੇ ਗੁਰਤਾ-ਗੱਦੀ ਬਖਸ਼ੀ ਸੀ। ਜੋ ਸਰਬਤ ਪੰਥ, ਖਾਲਸੇ ਦੀ ਪਰੱਤੀ ਬੇਨਤੀ ਕਰਦਾ ਹੈ ਕਿ ਪਾਵਨ ਬੀੜ ਦੀ ਛਪਵਾਈ ਦਾ ਧਰੁਵਾ ਦਮਦਮੇ ਸਾਹਿਬ ਵਾਲੀ ਬੀੜ ਨੂੰ ਹੀ

ਕਾਇਮ ਰਖਿਆ ਜਾਵੇ।"

"ਇਨ੍ਹਾਂ ਅੱਖਰਾਂ ਨਾਲ ਸ਼੍ਰੋਮਣੀ ਗੁਰਦੁਆਰਾ ਪਰਬੰਧਕ ਕਮੇਟੀ ਤੋਂ ਪੁਰਜ਼ੋਰ ਮੰਗ ਕੀਤੀ ਜਾਂਦੀ ਹੈ ਕਿ ਗੁਰੂ ਪੰਥ ਦੇ ਫੈਸਲੇ ਅਗੇ ਜ਼ਿੱਦ ਤੇ ਹਠ ਨੂੰ ਛਡ ਕੇ ਗੁਰੂ ਮਹਾਰਾਜ ਦੀ ਸ਼ਰਨੀ ਆਈਏ ਤੇ ਗੁਰੂ ਕਲਗੀਧਰ ਮਹਾਰਾਜ ਦੇ ਹੁਕਮ ਦੀ ਪਾਲਣਾ ਕਰਦੇ ਹੋਏ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਕਿਸੇ ਕਿਸਮ ਦੀ ਤਬਦੀਲੀ ਕਰਨ ਦਾ ਹੀਆ ਨਾਂ ਕਰੋ।"

(ਹਸਤਾਖਰ) ਹੈਡ ਗ੍ਰੰਥੀ ਸੋਢੀ ਦੀਵਾਨ
ਸੁੰਦਰ ਸਿੰਘ ਹਜ਼ੂਰੀਆ)[31]
(ਹਜ਼ੂਰ ਸਾਹਿਬ ਨਾਂਦੇੜ)

ਇਸ 20 ਜਨਵਰੀ, 1957 ਦੀ ਮੀਟਿੰਗ ਵਿਚ ਪਾਸ ਹੋਏ ਮਤੇ ਨੂੰ ਤਖ਼ਤ ਸਿਰੀ ਹਜ਼ੂਰ ਸਾਹਿਬ ਦੇ ਪੁਜਾਰੀਆਂ ਨੇ ਪੰਜ ਪਿਆਰਿਆਂ ਦੇ ਰੂਪ ਵਿਚ ਇਕੱਠੇ ਹੋ ਕੇ 21 ਜਨਵਰੀ, 1957 ਨੂੰ ਹੁਕਮਨਾਮੇ ਦੇ ਤੌਰ 'ਤੇ ਜਾਰੀ ਕੀਤਾ। ਇਹ ਹੁਕਮਨਾਮਾ ਇਸ ਤਰ੍ਹਾਂ ਹੈ :

"ਕਲਗੀਧਰ ਪਿਤਾ ਸਾਹਿਬ ਸਿਰੀ ਗੁਰੂ ਗੋਬਿੰਦ ਸਿੰਘ ਸਾਹਿਬ ਮਹਾਰਾਜ ਨੇ ਸਚਖੰਡ ਗਮਨ ਕਰਨ ਵੇਲੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਗੁਰਤਾ ਗੱਦੀ ਦੇ ਕੇ ਖਾਲਸਾ ਜੀ ਪਰਤੀ ਫੁਰਮਾਇਆ ਸੀ ਕਿ ਅਜ ਤੋਂ ਦਸਾਂ ਪਾਤਸ਼ਾਹੀਆਂ ਦੀ ਜੋਤ ਇਹ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਤਖ਼ਤ ਚੌਰ ਦੇ ਮਾਲਕ ਹੋਏ, ਜਿਨ੍ਹਾਂ ਨੂੰ ਗੁਰੂ ਕਰ ਕੇ ਮੰਨਣਾ। ਯਥਾ :

ਬਾਣੀ ਗੁਰੂ ਗੁਰੂ ਹੈ ਬਾਣੀ ਵਿਚਿ ਬਾਣੀ ਅੰਮ੍ਰਿਤੁ ਸਾਰੇ ॥
ਗੁਰਬਾਣੀ ਕਹੈ ਸੇਵਕੁ ਜਨੁ ਮਾਨੈ ਪਰਤਖਿ ਗੁਰੂ ਨਿਸਤਾਰੇ ॥

ਤਾਂ ਤੇ ਸਮੂਹ ਖਾਲਸਾ ਜੀ ਨੂੰ ਵਿਦਤ ਹੋਵੇ ਕਿ ਇਹ ਉਹੀ ਬੀੜ ਹੈ ਜਿਸਨੂੰ 'ਸਿਰੀ ਦਮਦਮੇ ਸਾਹਿਬ ਵਾਲੀ ਬੀੜ' ਕਹਿੰਦੇ ਹਨ, ਜੋ ਸਾਰੇ ਪੰਥ ਵਿਚ ਮਾਨਨੀਕ ਤੇ ਪੂਜਨੀਕ ਹੈ। ਇਸ ਲਈ ਕਿਸੇ ਸੰਸਥਾ ਜਾਂ ਪਰਾਣੀ ਨੂੰ ਕੋਈ ਹਕ ਨਹੀਂ ਹੈ ਕਿ ਗੁਰੂ ਕੇ ਇਸ ਪਾਵਨ ਸਰੂਪ ਵਿਚ ਕਿਸੇ ਕਿਸਮ ਦੀ ਅਦਲਾ ਬਦਲੀ ਕਰੇ ਜਾਂ ਸਿਰਲੇਖ ਅਤੇ ਮੰਗਲਾਂ ਨੂੰ ਅਗੇ ਪਿੱਛੇ ਛਾਪੇ।"

ਅਸੀਂ ਹਾਂ ਸੇਵਕ ਤਖ਼ਤ ਸਚਖੰਡ
ਪੰਜ ਪਿਆਰੇ ਤੇ ਮੈਂਬਰਾਨ ਧਾਰਮਕ ਕਮੇਟੀ।
ਦਸਖ਼ਤ- ਫੁਤਸਿੰਘ ਸਰਬਰਾਹ ਸਚਖੰਡ, ਸੋਢੀ ਦੀਵਾਨ ਸਿੰਘ ਗ੍ਰੰਥੀ,
ਗ੍ਰੰਥੀ ਮੋਹਨ ਸਿੰਘ, ਗੁਰੂ ਪੰਥ ਸੇਵਕ ਜੁਗਿੰਦਰ ਸਿੰਘ ਪੁਜਾਰੀ।

ਇਸ ਤਰ੍ਹਾਂ ਭਾਵੇਂ, ਤਖ਼ਤ ਸਿਰੀ ਹਜ਼ੂਰ ਸਾਹਿਬ ਉਪਰ ਪੁਜਾਰੀਆਂ ਦਾ ਹੀ ਪਰਬੰਧ ਸੀ ਅਤੇ ਇਹ ਪੁਜਾਰੀ ਵੀ ਸਿੱਖ ਸੰਗਤਾਂ ਦੇ ਕੰਟਰੋਲ ਤੋਂ ਬਾਹਰ ਸਨ ਪਰ ਫਿਰ ਵੀ ਇਥੋਂ ਸਮੇਂ ਸਮੇਂ 'ਤੇ ਸਿੱਖੀ ਪਰਚਾਰ ਹਿਤ ਨਿਰਦੇਸ਼ ਜਾਂ ਹਦਾਇਤਨਾਮੇ ਜਾਰੀ ਹੁੰਦੇ ਰਹੇ। ਵੈਸੇ ਤਕਨੀਕੀ ਤੌਰ 'ਤੇ ਇਨ੍ਹਾਂ ਨੂੰ ਹੁਕਮਨਾਮੇ ਤਾਂ ਨਹੀਂ ਕਿਹਾ ਜਾ ਸਕਦਾ ਕਿਉਂਕਿ ਹੁਕਮਨਾਮੇ ਦੇ ਜਾਰੀ ਕਰਨ ਦੇ ਵਿਧੀ ਅਤੇ ਪਰੰਪਰਾ ਹੋਰ ਤਰ੍ਹਾਂ ਦੀ ਹੁੰਦੀ ਹੈ। ਇਹ ਉਪਰੋਕਤ ਕਿਸਮ ਦੇ ਨਿਰਦੇਸ਼

31. *'ਗੁਰਮਤੇ ਦੀ ਪਰੋੜਤਾ'* ਚੀਫ ਖਾਲਸਾ ਦੀਵਾਨ, ਅੰਮ੍ਰਿਤਸਰ ਵਲੋਂ ਪਰਕਾਸ਼ਿਤ ਕਿਤਾਬਚਾ, ਪੰਨੇ 22-23.

ਜਾਂ ਹਦਾਇਤਨਾਮੇ ਇਕੱਲੇ ਜਾਂ ਕੁਝ ਕੁ ਪੁਜਾਰੀਆਂ ਵਲੋਂ ਜਾਰੀ ਕੀਤੇ ਜਾਂਦੇ ਸਨ ਇਸ ਲਈ ਹੁਕਮਨਾਮੇ ਦਾ ਦਰਜਾ ਨਹੀ ਲੈ ਸਕਦੇ। ਇਨ੍ਹਾਂ ਨੂੰ ਨਿਰਦੇਸ਼ ਜਾਂ ਹਦਾਇਤਨਾਮੇ ਹੀ ਕਹਿਣਾ ਠੀਕ ਹੈ।

ਪਰ 1947 ਤੋਂ ਪਿਛੋਂ ਇਸ ਤਖ਼ਤ ਦੇ ਪੁਜਾਰੀਆਂ ਨੇ ਖਾਲਸਾ ਪੰਥ ਦਾ ਸਾਥ ਨਹੀਂ ਦਿੱਤਾ। ਕੁਝ ਤਾਂ ਇਨ੍ਹਾਂ ਪੁਜਾਰੀਆਂ ਦਾ ਆਚਰਣ ਵੀ ਸਿੱਖ ਮਰਯਾਦਾ ਉਪਰ ਆਧਾਰਤ ਨਹੀਂ ਸੀ ਅਤੇ ਕੁਝ ਭਾਰਤ ਸਰਕਾਰ ਵਲੋਂ ਇਨ੍ਹਾਂ ਪੁਜਾਰੀਆਂ ਨੂੰ ਖਾਲਸਾ ਪੰਥ ਦੇ ਖਿਲਾਫ਼ ਵਰਤਿਆ ਜਾਂਦਾ ਰਿਹਾ ਹੈ ਇਸ ਲਈ ਇਨ੍ਹਾਂ ਲੋਕਾਂ ਦੇ ਸੁਆਰਥੀ ਹਿਤਾਂ ਦੀ ਪੂਰਤੀ ਕਾਰਨ, ਤਖ਼ਤ ਸਿਰੀ ਹਜ਼ੂਰ ਸਾਹਿਬ, ਖਾਲਸਾ ਪੰਥ ਦੀ ਅਜੋਕੀ ਸਿਆਸਤ ਵਿਚ ਕੋਈ ਰੋਲ ਅਦਾ ਨਹੀਂ ਕਰ ਰਿਹਾ। ਤਖ਼ਤ ਸਿਰੀ ਪਟਣਾ ਸਾਹਿਬ ਵਾਂਗ, ਇਸ ਤਖ਼ਤ ਦੇ ਪੁਜਾਰੀ ਵੀ ਖਾਲਸਾ ਪੰਥ ਦੇ ਹਰ ਇਕ ਸਮਾਗਮ ਤੋਂ ਬਾਹਰ ਹੀ ਰਹੇ ਹਨ। ਪਰ ਪੰਥ ਵਿਰੋਧੀ ਸਮਾਗਮਾਂ ਵਿਚ ਪੂਰੇ ਜ਼ੋਰ ਸ਼ੋਰ ਨਾਲ ਹਿੱਸਾ ਲੈਂਦੇ ਰਹੇ ਹਨ। ਤਖ਼ਤ ਸਿਰੀ ਪਟਣਾ ਸਾਹਿਬ ਵਾਂਗ ਇਸ ਤਖ਼ਤ ਦਾ ਵੀ ਕੋਈ ਜਥੇਦਾਰ ਨਹੀਂ ਹੈ।

ਇਥੋਂ ਦੀ ਮਰਯਾਦਾ ਵੀ ਕਾਫੀ ਚਿਰ ਤੋਂ ਸਿੱਖ ਰਵਾਇਤਾਂ ਦੇ ਵਿਰੁੱਧ ਹੀ ਆ ਰਹੀ ਹੈ। ਇਥੇ ਪੁਜਾਰੀ ਸਵੇਰੇ ਸ਼ਾਮ ਟੱਲ ਬਗੈਰਾ ਖੜਕਾ ਕੇ ਅਤੇ ਬਾਹਮਣਵਾਦੀ ਰਸਮਾਂ ਵਾਂਗ ਗੁਰੂ ਗ੍ਰੰਥ ਸਾਹਿਬ ਅਤੇ ਸ਼ਸਤਰਾਂ ਨੂੰ ਭੋਗ ਲਗਾ ਕੇ ਪੂਜਾ ਕਰਦੇ ਹਨ। ਕਈ ਢੰਗ ਤਾਂ ਬਿਲਕੁਲ ਹੀ ਹਾਸੋਹੀਣੇ ਹਨ। ਜਿਵੇਂ ਕਿ ਇਕ ਨੀਯਤ ਸਮੇਂ 'ਤੇ ਜਦ ਤਖ਼ਤ ਸਾਹਿਬ ਦੇ ਅੰਦਰਲੇ ਕਮਰੇ ਦਾ (ਥੜਾ ਸਾਹਿਬ ਜਾਂ ਅੰਗੀਠਾ ਸਾਹਿਬ) ਬੂਹਾ ਖੋਲ ਕੇ ਅੰਦਰ ਕੜਾਹ ਪਰਸ਼ਾਦਿ ਦੀ ਦੇਗ ਥਾਲ ਵਿਚ ਪਾ ਕੇ ਰਖੀ ਜਾਂਦੀ ਹੈ ਤਾਂ ਕਿ ਇਹ ਦੇਗ ਗੁਰੂ ਸਾਹਿਬ ਛਕ ਲੈਣ, ਤਾਂ ਕੁਝ ਕੁ ਮਿੰਟ ਬੂਹਾ ਬੰਦ ਕਰ ਕੇ, ਬਾਹਰ ਇਕ ਮੁਖ ਪੁਜਾਰੀ ਟਲ ਖੜਕਾਉਂਦਾ ਰਹਿੰਦਾ ਹੈ ਅਤੇ ਫਿਰ ਬੂਹਾ ਖੋਲ ਕੇ ਅੰਦਰ ਰਖੀ ਹੋਈ ਦੇਗ ਲੈ ਆਉਂਦਾ ਹੈ। ਸਮਝਿਆ ਜਾਂਦਾ ਹੈ ਕਿ ਟਲ ਖੜਕਾਉਣ ਸਮੇਂ ਅਤੇ ਬੂਹਾ ਬੰਦ ਕਰ ਕੇ, ਅੰਦਰ ਗੁਰੂ ਸਾਹਿਬ ਪਰਸਾਦਿ ਛਕਦੇ ਹਨ। ਇਸ ਤਰ੍ਹਾਂ ਦੀਆਂ ਹੋਰ ਵੀ ਕਈ ਮਨਮਤੀਆਂ ਵਾਲੀਆਂ ਰਸਮਾਂ ਹਨ ਜਿਹੜੀਆਂ ਹਰ ਰੋਜ਼ ਦੁਹਰਾਈਆਂ ਜਾਂਦੀਆਂ ਹਨ।

1956 ਈ. ਤੀਕ ਤਖ਼ਤ ਸਾਹਿਬ ਦਾ ਪਰਬੰਧ ਮੁਖ ਤੌਰ 'ਤੇ ਸਰਕਾਰੀ ਅਫਸਰਾਂ ਦੇ ਹੱਥਾਂ ਵਿਚ ਹੀ ਰਿਹਾ ਸੀ। ਮਹਾਂਰਾਸ਼ਟਰ ਰਾਜ ਦੀ ਪੁਲੀਸ ਦਾ ਡਾਇਰੈਕਟਰ ਜਨਰਲ ਅਤੇ ਜ਼ਿਲੇ ਦਾ ਨਾਜ਼ਮ, ਇਸ ਪਰਬੰਧ ਦੇ ਮੁਖੀ ਹੁੰਦੇ ਸਨ। ਪਰ ਪਿੱਛੋਂ ਸਿੱਖਾਂ ਵਿਚ ਕੁਝ ਜਾਗਰਤੀ ਆਉਣ ਕਰ ਕੇ ਇਹ ਪਰਬੰਧ ਵਧ ਤੋਂ ਵਧ ਸਿੱਖਾਂ ਦੇ ਹੱਥਾਂ ਵਿਚ ਆਉਂਦਾ ਗਿਆ ਅਤੇ ਸੁਧਰਦਾ ਗਿਆ। ਅਖੀਰ 20 ਸਤੰਬਰ, 1956 ਈ. ਨੂੰ ਹੈਦਰਾਬਾਦ ਸਰਕਾਰ ਦੇ ਗਜ਼ਟ ਅਨੁਸਾਰ 'ਨਾਂਦੇੜ ਸਿੱਖ ਗੁ: ਤਖ਼ਤ ਸਚਖੰਡ ਸਿਰੀ ਹਜ਼ੂਰ ਅਬਚਲ ਨਗਰ ਸਾਹਿਬ ਬੋਰਡ' ਦੀ ਸਥਾਪਨਾ ਹੋਈ। ਇਸ ਦੇ 17 ਮੈਂਬਰ ਹੋਣੇ ਸਨ : ਇਨ੍ਹਾਂ ਸਤਾਰਾਂ ਦੀ ਗਿਣਤੀ ਇਸ ਪਰਕਾਰ ਹੋਣੀ ਸੀ : ਦੋ ਰਾਜ ਸਰਕਾਰ ਵਲੋਂ ਨਾਮਜ਼ਦ, ਤਿੰਨ, ਰਾਜ ਦੇ ਸਿੱਖਾਂ ਦੇ ਵਲੋਂ ਚੁਣਵੇਂ, ਇਕ ਹੈਦਰਾਬਾਦ ਤੇ ਸਿਕੰਦਰਾਬਾਦ ਦੇ ਸ਼ਹਿਰੀ ਸਿੱਖਾਂ ਵਲੋਂ ਨਾਮਜ਼ਦ, ਤਿੰਨ ਸ਼ਰੋਮਣੀ ਗੁਰਦੁਆਰਾ ਪਰਬੰਧਕ ਕਮੇਟੀ ਅੰਮ੍ਰਿਤਸਰ ਵਲੋਂ, ਇਕ ਹੋਰ ਇਸੇ ਕਮੇਟੀ ਵਲੋਂ

ਨਾਮਜ਼ਦ ਪਰਾਂਤਕ ਮੈਂਬਰ, ਦੋ ਮੈਂਬਰ ਪਾਰਲੀਮੈਂਟ ਦੇ ਸਿੱਖ ਮੈਂਬਰਾਂ ਵਿਚੋਂ, ਇਕ ਚੀਫ ਖਾਲਸਾ ਦੀਵਾਨ ਵਲੋਂ, ਇਕ ਮੈਂਬਰ ਤਖ਼ਤ ਸਾਹਿਬ ਵਲੋਂ ਨਾਮਜ਼ਦ। ਇਸ ਤਰ੍ਹਾਂ ਇਕ ਪੰਜ ਮੈਂਬਰੀ ਮੈਨੇਜਿੰਗ ਕਮੇਟੀ ਬਣਾਈ ਗਈ, ਜਿਸ ਦਾ ਚੇਅਰਮੈਨ ਜ਼ਿਲੇ ਦਾ ਡੀ. ਸੀ. ਹੈ ਅਤੇ ਚਾਰ ਮੈਂਬਰ, ਸਮੇਤ ਗੁਰਦੁਆਰੇ ਦੇ ਸੁਪਰਿਨਟੈਂਡੈਂਟ ਤੇ ਤਿੰਨ ਮੈਂਬਰ ਤਖ਼ਤ ਸਾਹਿਬ ਵਲੋਂ ਲੋਕਲ ਸਿੱਖਾਂ ਵਿਚੋਂ ਨਾਮਜ਼ਦ ਕੀਤੇ ਜਾਂਦੇ ਹਨ।

ਉਪਰੋਕਤ ਬੋਰਡ ਵਿਚ 22 ਸਤੰਬਰ, 1969 ਈ. ਨੂੰ ਕੁਝ ਤਰਮੀਮ ਕਰ ਕੇ ਇਕ ਨਵਾਂ 16 ਮੈਂਬਰੀ ਬੋਰਡ ਬਣਾਇਆ ਗਿਆ। ਅਜ ਕਲ ਇਸ ਬੋਰਡ ਉੱਤੇ ਸ਼ਰੋਮਣੀ ਕਮੇਟੀ ਅੰਮ੍ਰਿਤਸਰ ਦਾ ਕਾਫੀ ਪਰਭਾਵ ਹੈ। ਇਸ ਕਰ ਕੇ ਇਥੋਂ ਦੇ ਪਰਬੰਧ ਵਿਚ ਕਾਫੀ ਤਬਦੀਲੀਆਂ ਆਉਣੀਆਂ ਸ਼ੁਰੂ ਹੋ ਗਈਆਂ ਹਨ। ਤਬਦੀਲੀਆਂ ਅਜੇ ਤਕ ਪਰਬੰਧਕੀ ਪੱਧਰ ਉਪਰ ਹੀ ਹਨ, ਰੋਜ਼ਾਨਾ ਦੀ ਮਰਯਾਦਾ ਬਾਰੇ ਨਹੀਂ। ਆਸ ਹੈ ਕਿ ਹੌਲੀ ਹੌਲੀ, ਮਰਯਾਦਾ ਵੀ ਗੁਰਮਤ ਦੇ ਅਸੂਲਾਂ ਅਨੁਸਾਰ ਹੋ ਜਾਵੇਗੀ। ਸ਼ਰੋਮਣੀ ਕਮੇਟੀ ਵਲੋਂ ਕੋਸ਼ਿਸ਼ ਕੀਤੀ ਜਾ ਰਹੀ ਹੈ ਕਿ ਵਰਤਮਾਨ ਪੁਜਾਰੀ ਜੋਗਿੰਦਰ ਸਿੰਘ ਨਾਲ ਕੁਝ ਸਮਝੌਤਾ ਕਰ ਕੇ, ਤਖ਼ਤ ਸਾਹਿਬ ਦਾ ਨਵਾਂ ਜਥੇਦਾਰ ਚੁਣਿਆ ਜਾਵੇ। ਜਥੇਦਾਰ ਦੀ ਅਸਾਮੀ ਰਖੀ ਹੋਈ ਹੈ ਅਤੇ ਇਸ ਨੂੰ ਅਖਬਾਰਾਂ ਵਿਚ ਐਡਵਰਟਾਈਜ਼ ਵੀ ਕੀਤਾ ਗਿਆ ਸੀ ਪਰ ਅਜੇ ਤਕ ਇਸ ਨੂੰ ਪੂਰਿਆ ਨਹੀਂ ਗਿਆ। ਵੈਸੇ ਲੰਮੇ ਸਮੇਂ ਤੋਂ ਚਲੇ ਆ ਰਹੇ ਮੁਖ ਪੁਜਾਰੀ ਭਾਈ ਜੋਗਿੰਦਰ ਸਿੰਘ ਜੀ, ਤਖ਼ਤ ਸਾਹਿਬ ਦੇ ਪਰਬੰਧ ਤੋਂ ਦੂਰ ਹੀ ਰਹਿੰਦੇ ਹਨ। ਉਨ੍ਹਾਂ ਦੀ ਥਾਂ 'ਤੇ ਇਸ ਸਮੇਂ ਭਾਈ ਹਜ਼ੂਰਾ ਸਿੰਘਜੀ ਧੂਪੀਆ, ਹੈੱਡ ਗ੍ਰੰਥੀ ਅਤੇ ਜਥੇਦਾਰ ਦੀਆਂ ਡਿਊਟੀਆਂ ਸੰਭਾਲ ਰਹੇ ਹਨ।

ਤਖ਼ਤ ਸਿਰੀ ਹਜ਼ੂਰ ਸਾਹਿਬ ਦੇ ਨਾਲ ਸਬੰਧਤ ਹੋਰ ਗੁਰਦੁਆਰਿਆਂ ਦਾ ਸੰਖੇਪ ਵੇਰਵਾ : ਸਾਹਿਬ ਗੁਰੂ ਗੋਬਿੰਦ ਸਿੰਘ ਜੀ ਕਿਉਂਕਿ ਨਾਂਦੇੜ ਵਿਖੇ ਕਾਫੀ ਸਮਾਂ ਰਹੇ ਸੀ। ਇਸ ਸਮੇਂ ਦੌਰਾਨ ਆਪ ਨਾਂਦੇੜ ਤੋਂ ਇਲਾਵਾ ਇਥੋਂ ਦੀਆਂ ਲਾਗਲੀਆਂ ਥਾਵਾਂ 'ਤੇ ਧਰਮ ਪਰਚਾਰ ਕਰਨ ਲਈ ਜਾਇਆ ਕਰਦੇ ਸਨ। ਜਿਹੜੀਆਂ ਥਾਵਾਂ 'ਤੇ ਗੁਰੂ ਸਾਹਿਬ ਗਏ ਉਥੇ ਇਸ ਸਮੇਂ ਬੜੇ ਆਲੀਸ਼ਨ ਗੁਰਦੁਆਰੇ ਸ਼ੋਭਾ ਦੇ ਰਹੇ ਹਨ। ਇਨ੍ਹਾਂ ਸਭ ਗੁਰਦੁਆਰਿਆਂ ਦਾ ਪਰਬੰਧ ਵੀ ਤਖ਼ਤ ਸਾਹਿਬ ਦੇ ਪਰਬੰਧਕੀ ਬੋਰਡ ਦੇ ਅਧੀਨ ਹੀ ਹੈ। ਇਨ੍ਹਾਂ ਵਿਚ ਹੇਠ ਲਿਖੇ ਅਸਥਾਨ ਸ਼ਾਮਲ ਹਨ :

1. **ਗੁਰਦੁਆਰਾ ਸੰਗਤ ਸਾਹਿਬ :** ਇਹ ਗੁਰਦੁਆਰਾ ਨਾਂਦੇੜ ਸ਼ਹਿਰ ਦੇ ਬਰੱਹਮਪੁਰੀ ਮਹਲੇ ਵਿਚ ਹੀ ਹੈ। ਜਦ ਗੁਰੂ ਸਾਹਿਬ ਨਾਂਦੇੜ ਵਿਖੇ ਆਏ ਸਨ ਤਾਂ ਸਭ ਤੋਂ ਪਹਿਲਾਂ ਇਸ ਥਾਂ ਉਪਰ ਹੀ ਉਤਾਰਾ ਕੀਤਾ ਗਿਆ ਸੀ। ਇਲਾਕੇ ਦੀਆਂ ਸੰਗਤਾਂ, ਗੁਰੂ ਜੀ ਦੀ ਆਮਦ ਸੁਣ ਕੇ ਇਥੇ ਹੀ ਦਰਸ਼ਨਾਂ ਨੂੰ ਆਈਆਂ। ਇਸ ਕਰਕੇ ਇਸ ਥਾਂ ਨੂੰ ਗੁਰਦੁਆਰਾ ਸੰਗਤ ਸਾਹਿਬ ਕਿਹਾ ਜਾਣ ਲਗ ਪਿਆ ਹੈ।

2. **ਗੁਰਦੁਆਰਾ ਮਾਲ ਟੇਕਰੀ ਸਾਹਿਬ :** ਸਰਕਾਰੀ ਰਿਕਾਰਡਾਂ ਵਿਚ ਇਸ ਨੂੰ 'ਚਕਰੀ ਮਾਲ' ਅਤੇ 'ਮਾਲ ਟਿਲਾ' ਵੀ ਲਿਖਿਆ ਹੋਇਆ ਹੈ। ਪਿੱਛੇ ਇਸ ਅਸਥਾਨ ਬਾਰੇ ਇਲਾਕੇ ਦੀ ਮੁਸਲਮਾਨ ਆਬਾਦੀ ਅਤੇ ਸਿੱਖਾਂ ਵਿਚਕਾਰ ਝਗੜਾ ਵੀ ਪੈਦਾ ਹੋਇਆ ਸੀ। ਇਥੇ ਮੁਸਲਮਾਨਾਂ ਨੇ ਆਪਣਾ ਹੱਕ ਜਤਾਉਣਾ ਸ਼ੁਰੂ ਕਰ ਦਿੱਤਾ ਸੀ ਅਤੇ ਇਕ ਮਸੀਤ ਦੀ

ਉਸਾਰੀ ਕਰਨ ਦਾ ਪਰੋਗਰਾਮ ਬਣਾਇਆ ਸੀ। ਅਖੀਰ ਇਸ ਝਗੜੇ ਦਾ ਕੇਸ ਹੈਦਰਾਬਾਦ ਅਤੇ ਕਲਕੱਤਾ ਹਾਈਕੋਰਟ ਪਾਸ ਗਿਆ, ਜਿਸ ਦੇ ਫੈਸਲਿਆਂ ਰਾਹੀਂ ਇਸ ਅਸਥਾਨ ਦਾ ਕਬਜ਼ਾ ਸਿੱਘਾਂ ਨੂੰ ਮਿਲ ਗਿਆ। ਝਗੜੇ ਦੇ ਫੈਸਲੇ ਤੋਂ ਪਹਿਲਾਂ ਮੁਸਲਮਾਨਾਂ ਨੇ ਇਥੇ ਇਕ ਮੁਰਦਾ ਦਫਨਾ ਕੇ ਕਬਰ ਬਣਾ ਦਿੱਤੀ ਸੀ। ਹਾਈਕੋਰਟ ਦੇ ਫੈਸਲੇ ਨਾਲ ਇਹ ਮੁਰਦਾ ਕਬਰ ਵਿਚੋਂ ਕਢਿਆ ਗਿਆ ਅਤੇ ਝਗੜਾ ਖ਼ਤਮ ਹੋ ਗਿਆ। ਉਪਰੋਕਤ ਦੋਵਾਂ ਗੁਰਦੁਆਰਿਆਂ ਦੀ ਸੇਵਾ ਬਾਬਾ ਹਰੀ ਸਿੰਘ ਜੀ ਅਤੇ ਬਾਬਾ ਸ਼ੀਸ਼ਾ ਸਿੰਘ ਜੀ ਨੇ ਕਰਵਾਈ ਹੈ।

3. **ਗੁਰਦੁਆਰਾ ਸ਼ਿਕਾਰ ਘਾਟ ਸਾਹਿਬ** : ਇਹ ਗੁਰਦੁਆਰਾ ਤਖ਼ਤ ਸਾਹਿਬ ਤੋਂ ਛੇ ਕੁ ਮੀਲ ਦੇ ਫਾਸਲੇ 'ਤੇ ਹੈ ਅਤੇ ਗੋਦਾਵਰੀ ਨਦੀ ਦੇ ਕੰਢੇ ਉਤੇ, ਇਕ ਬਹੁਤ ਹੀ ਆਲੀਸ਼ਾਨ ਇਮਾਰਤ ਦੇ ਰੂਪ ਵਿਚ ਸ਼ੋਭਾ ਦੇ ਰਿਹਾ ਹੈ। ਗੁਰੂ ਗੋਬਿੰਦ ਸਿੰਘ ਜੀ ਇਥੇ ਸ਼ਿਕਾਰ ਖੇਡਣ ਆਇਆ ਕਰਦੇ ਸਨ। ਇਸੇ ਹੀ ਯਾਦ ਵਿਚ ਗੁਰਦੁਆਰੇ ਦਾ ਨਾਂ ਚਾਲੂ ਹੋਇਆ ਹੈ। ਇਸ ਗੁਰਦੁਆਰੇ ਦੀ ਸਮੁੱਚੀ ਸੇਵਾ, ਗੋਦਾਵਰੀ ਦੇ ਪੁਲ ਦੀ ਉਸਾਰੀ, ਵਿਸ਼ਾਲ ਸਰੋਵਰ ਅਤੇ ਸ਼ਹਿਰ ਤੋਂ ਲੈ ਕੇ ਲਿੰਕ ਰੋਡ ਦੀ ਉਸਾਰੀ, ਸਭ ਕੁਝ ਸੰਤ ਬਾਬਾ ਗੁਰਮੁਖ ਸਿੰਘ ਜੀ ਦੇ ਵਰੋਸਾਏ ਸੇਵਕਾਂ ਸਵੱਰਗਵਾਸੀ ਸੰਤ ਬਾਬਾ ਜੀਵਨ ਸਿੰਘ ਜੀ ਅਤੇ ਸਵਰਗਵਾਸੀ ਸੰਤ ਬਾਬਾ ਦਲੀਪ ਸਿੰਘ ਜੀ ਦੇ ਸਿਰ ਹੈ।

4. **ਗੁਰਦੁਆਰਾ ਹੀਰਾ ਘਾਟ ਸਾਹਿਬ** : ਇਕ ਸਮੇਂ ਜਦੋਂ ਗੁਰੂ ਜੀ ਇਸ ਥਾਂ 'ਤੇ ਕੈਂਪ ਲਗਾਈ ਬੈਠੇ ਸਨ ਤਾਂ ਬਾਦਸ਼ਾਹ ਬਹਾਦਰ ਸ਼ਾਹ, ਜੋ ਇਥੇ ਹੀ ਦਖਣ ਵਿਚ ਸੀ, ਗੁਰੂ ਜੀ ਨੂੰ ਇਥੇ ਮਿਲਣ ਲਈ ਆਇਆ ਸੀ। ਗੁਰੂ ਜੀ ਨਾਲ ਮੁਲਾਕਾਤ ਸਮੇਂ ਬਾਦਸ਼ਾਹ ਨੇ ਸ਼ਰਧਾ ਵਜੋਂ ਇਕ ਬਹੁਤ ਹੀ ਕੀਮਤੀ ਹੀਰਾ, ਗੁਰੂ ਜੀ ਨੂੰ ਭੇਟ ਕੀਤਾ। ਇਸ ਪਵਿਤਰ ਮਿਲਣੀ ਦੀ ਯਾਦ ਵਿਚ ਇਸ ਥਾਂ ਦਾ ਨਾਂ ਗੁਰਦੁਆਰਾ ਹੀਰਾ ਘਾਟ ਸਾਹਿਬ ਹੈ। ਕਿਉਂਕਿ ਇਹ ਗੁਰਦੁਆਰਾ ਨਦੀ ਦੇ ਬਿਲਕੁਲ ਉਪਰ ਹੀ ਹੈ ਇਸ ਲਈ ਘਾਟ ਸ਼ਬਦ, ਨਦੀ ਦੇ ਮੁਖ ਪਤਣ ਨੂੰ ਦਰਸਾਉਂਦਾ ਹੈ।

5. **ਗੁਰਦੁਆਰਾ ਨਗੀਨਾ ਘਾਟ ਸਾਹਿਬ** : ਇਹ ਗੁਰਦੁਆਰਾ ਵੀ ਗੋਦਾਵਰੀ ਨਦੀ ਦੇ ਕੰਢੇ ਉਪਰ ਸਥਿਤ ਹੈ। ਇਥੇ ਇਕ ਬਣਜਾਰਾ ਸਿੱਖ, ਗੁਰੂ ਜੀ ਦੇ ਦਰਸ਼ਨਾਂ ਨੂੰ ਆਇਆ ਸੀ ਅਤੇ ਦਰਸ਼ਨ ਕਰਨ ਸਮੇਂ ਇਕ ਕੀਮਤੀ ਨਗੀਨਾ ਗੁਰੂ ਜੀ ਨੂੰ ਭੇਂਟ ਕੀਤਾ ਸੀ। ਇਸੇ ਹੀ ਯਾਦ ਵਿਚ ਇਸ ਥਾਂ ਦਾ ਨਾਂ ਗੁਰਦੁਆਰਾ ਨਗੀਨਾ ਘਾਟ ਸਾਹਿਬ ਹੈ। ਇਸ ਅਸਥਾਨ ਦੀ ਪਹਿਲੀ ਸੇਵਾ ਹੈਦਰਾਬਾਦ ਦੇ ਦੀਵਾਨ ਚੰਦੂ ਲਾਲ ਨੇ ਕਰਵਾਈ ਸੀ। ਪਿੱਛੋਂ ਦਿੱਲੀ ਦੇ ਗੁਲਾਬ ਸਿੰਘ ਜੀ ਸੇਠੀ ਨੇ ਅਤੇ ਉਨ੍ਹਾਂ ਦੀ ਸਰਦਾਰਨੀ ਸੋਮਾਵੰਤੀ ਨੇ ਕਾਫੀ ਸੇਵਾ ਕਰਵਾਈ।

6. **ਗੁਰਦੁਆਰਾ ਮਾਤਾ ਸਾਹਿਬ ਕੌਰ ਜੀ** : ਇਹ ਗੁਰਦੁਆਰਾ ਖਾਲਸੇ ਦੀ ਮਾਤਾ, ਮਾਤਾ ਸਾਹਿਬ ਕੌਰ ਜੀ ਦੀ ਯਾਦਗਾਰ ਹੈ। ਇਥੇ ਮਾਤਾ ਜੀ ਦਾ ਨਿਵਾਸ ਸੀ। ਜਿਸ ਸਮੇਂ ਗੁਰੂ ਸਾਹਿਬ ਨਾਂਦੇੜ ਵਿਖੇ ਰਿਹਾ ਕਰਦੇ ਸਨ ਤਾਂ ਮਾਤਾ ਜੀ ਇਸ ਅਸਥਾਨ 'ਤੇ ਰਿਹਾ ਕਰਦੇ ਸਨ। ਮਾਤਾ ਜੀ ਇਥੇ ਦਿਨ-ਰਾਤ ਗੁਰੂ ਜੀ ਦੇ ਸਿਮਰਨ ਵਿਚ ਮਗਨ ਰਹਿੰਦੇ ਸਨ। ਗੁਰੂ ਜੀ ਇਨ੍ਹਾਂ ਨੂੰ ਇਥੇ ਹੀ ਮਿਲਣ ਆਇਆ ਕਰਦੇ ਸਨ। ਪਰਚੱਲਤ ਰਵਾਇਤਾਂ ਅਨੁਸਾਰ, ਮਾਤਾ ਜੀ ਹਰ ਰੋਜ਼ ਸਿਰਫ ਗੁਰੂ ਜੀ ਦੇ ਦਰਸ਼ਨ ਕਰਨ ਤੋਂ ਪਿੱਛੋਂ ਹੀ ਅੰਨ-ਪਾਣੀ ਛਕਿਆ ਕਰਦੇ ਸਨ। ਗੁਰੂ ਸਾਹਿਬ ਵੀ ਇਥੇ ਆ ਕੇ ਹੀ ਲੰਗਰ ਛਕਦੇ ਹੁੰਦੇ ਸਨ। ਮਾਤਾ ਜੀ ਦੇ ਗੁਰਦੁਆਰੇ

ਨਾਲ ਲੰਗਰ ਦੀ ਪਰੰਪਰਾ ਇਸੇ ਕਰਕੇ ਹੀ ਜੁੜੀ ਹੋਈ ਹੈ। ਇਥੇ ਦਿਨ ਰਾਤ, ਬਿਨਾਂ ਕਿਸੇ ਨਾਗੇ ਦੇ ਲੰਗਰ ਵਰਤਦਾ ਰਹਿੰਦਾ ਹੈ।

ਗੁਰੂ ਜੀ ਦੇ ਜੋਤੀ-ਜੋਤ ਸਮਾਅ ਜਾਣ ਪਿੱਛੋ, ਬੰਦਾ ਸਿੰਘ ਬਹਾਦਰ ਨੇ ਮਾਤਾ ਜੀ ਨੂੰ ਭਾਈ ਮਨੀ ਸਿੰਘ ਨਾਲ ਦਿਲੀ ਭੇਜ ਦਿੱਤਾ ਗਿਆ ਸੀ। ਅਜ ਕਲ ਇਥੇ ਇਕ ਬਹੁਤ ਵੱਡਾ ਵਿਸ਼ਾਲ ਦੀਵਾਨ ਹਾਲ ਉਸਾਰਿਆ ਜਾ ਰਿਹਾ ਹੈ।

7. **ਗੁਰਦੁਆਰਾ ਬੰਦਾ ਘਾਟ ਸਾਹਿਬ** : ਇਹ ਬੰਦਾ ਸਿੰਘ ਬਹਾਦਰ ਦਾ ਪਹਿਲੇ ਜੀਵਨ ਦਾ ਡੇਰਾ ਸੀ। ਇਹ ਅਸਥਾਨ ਗੋਦਾਵਰੀ ਦੇ ਬਿਲਕੁਲ ਕੰਢੇ ਉਪਰ ਹੈ। ਇਸ ਡੇਰੇ ਵਿਚ ਹੀ ਗੁਰੂ ਸਾਹਿਬ ਉਸ ਨੂੰ ਮਿਲੇ ਸਨ। ਇਸ ਮਿਲਣੀ ਵਿਚ ਹੀ ਬੰਦਾ ਸਿੰਘ ਨੂੰ ਅੰਮ੍ਰਿਤ ਛਕਾ ਕੇ ਖਾਲਸਾ ਬਣਾਇਆ ਗਿਆ ਸੀ ਅਤੇ ਖਾਲਸਾ ਪੰਥ ਦਾ ਜਰਨੈਲ ਥਾਪ ਕੇ ਚਲ ਰਹੇ ਸੰਘਰਸ਼ ਨੂੰ ਜਾਰੀ ਰਖਣ ਲਈ, ਪੰਜਾਬ ਵਲ ਤੋਰਿਆ ਗਿਆ ਸੀ। ਪਿੱਛੋਂ ਇਸ ਡੇਰੇ ਨੂੰ ਗੁਰਦੁਆਰੇ ਦੀ ਸ਼ਕਲ ਦਿੱਤੀ ਗਈ। ਅਜ ਕਲ ਇਸ ਦੀ ਸੇਵਾ ਬਾਬਾ ਹਰੀ ਸਿੰਘ ਜੀ ਅਤੇ ਬਾਬਾ ਸ਼ੀਸ਼ਾ ਸਿੰਘ ਜੀ ਕਰਵਾ ਰਹੇ ਹਨ।

8. **ਬੁੰਗਾ ਮਾਤਾ ਭਾਗੋ ਜੀ** : ਇਹ ਬੁੰਗਾ ਤਖ਼ਤ ਸਾਹਿਬ ਵਾਲੇ ਕੰਪਲੈਕਸ ਦੇ ਵਿਚ ਹੀ ਹੈ। ਇਥੇ ਮਾਤਾ ਭਾਗੋ ਜੀ ਦੇ ਸ਼ਸਤਰ ਵੀ ਪਏ ਹਨ। ਇਹ ਮਾਤਾ ਮਾਝੇ ਦੇ ਇਲਾਕੇ ਦੀ ਵਸਨੀਕ ਸੀ ਅਤੇ ਬਹੁਤ ਸਾਰੇ ਸਿੰਘਾਂ ਨੂੰ ਆਪਣੇ ਨਾਲ ਲੈ ਕੇ ਗੁਰੂ ਸਾਹਿਬ ਦੀ ਮਦਦ ਲਈ ਮੁਕਤਸਰ ਆ ਕੇ, ਦੁਸ਼ਮਣਾਂ ਨਾਲ ਲੜੀ ਸੀ। ਪਿੱਛੋਂ ਮਾਤਾ ਜੀ ਨੇ ਆਪਣੇ ਆਪ ਨੂੰ ਗੁਰੂ ਜੀ ਦੀ ਸੇਵਾ ਵਿਚ ਹੀ ਅਰਪਣ ਕਰ ਦਿੱਤਾ ਸੀ ਅਤੇ ਘਰ ਵਾਪਸ ਨਹੀਂ ਗਈ। ਦੱਖਣ ਨੂੰ ਆਉਣ ਸਮੇਂ ਵੀ ਮਾਤਾ ਜੀ ਇਧਰ ਨਾਲ ਹੀ ਆ ਗਏ ਸਨ। ਇਥੇ ਹੀ ਧਰਮ ਪਰਚਾਰ ਕਰਦੇ ਹੋਏ ਮਾਤਾ ਜੀ ਅਕਾਲ ਚਲਾਣਾ ਕਰ ਗਏ ਸਨ।

9. **ਅੰਗੀਠਾ ਭਾਈ ਦਯਾ ਸਿੰਘ ਅਤੇ ਭਾਈ ਧਰਮ ਸਿੰਘ ਜੀ** : ਭਾਈ ਦਯਾ ਸਿੰਘ ਅਤੇ ਭਾਈ ਧਰਮ ਸਿੰਘ ਪੰਜ ਪਿਆਰਿਆਂ ਵਿਚੋਂ ਸਨ ਅਤੇ ਗੁਰੂ ਸਾਹਿਬ ਦਾ ਲਿਖਿਆ ਜ਼ਫਰਨਾਮਾ, ਦੱਖਣ ਵਿਚ, ਬਾਦਸ਼ਾਹ ਔਰੰਗਜ਼ੇਬ ਨੂੰ ਦੇਣ ਗਏ ਸਨ। ਗੁਰੂ ਜੀ ਦੇ ਜੋਤੀ-ਜੋਤ ਸਮਾਉਣ ਪਿੱਛੋਂ, ਆਪ ਕੁਝ ਸਮੇਂ ਲਈ ਤਖ਼ਤ ਸਾਹਿਬ ਵਿਖੇ ਰਹਿੰਦੇ ਹੋਏ ਹੀ, ਤਖ਼ਤ ਸਾਹਿਬ ਦੀ ਸੇਵਾ ਸੰਭਾਲ ਕਰਦੇ ਰਹੇ ਸਨ। ਰਵਾਇਤ ਹੈ ਕਿ ਗੁਰੂ ਗੋਬਿੰਦ ਸਿੰਘ ਜੀ ਨੇ ਅੰਤਮ ਸਮੇਂ ਭਾਈ ਦਯਾ ਸਿੰਘ ਨੂੰ ਤਖ਼ਤ ਸਿਰੀ ਹਜ਼ੂਰ ਸਾਹਿਬ ਦਾ ਪਹਿਲਾ ਜਥੇਦਾਰ ਥਾਪਿਆ ਸੀ। ਪਰ ਭਾਈ ਦਯਾ ਸਿੰਘ ਨੂੰ ਜ਼ਿਆਦਾ ਸਮਾਂ ਨਾ ਮਿਲਿਆ ਅਤੇ ਜਲਦੀ ਹੀ ਅਕਾਲ ਚਲਾਣਾ ਕਰ ਗਏ ਸਨ। ਫਿਰ ਭਾਈ ਧਰਮ ਸਿੰਘ ਜੀ, ਤਖ਼ਤ ਸਾਹਿਬ ਦੇ ਜਥੇਦਾਰ ਬਣੇ ਪਰ ਆਪ ਕੁਝ ਹੀ ਦਿਨਾ ਪਿੱਛੋਂ ਅਕਾਲ ਚਲਾਣਾ ਕਰ ਗਏ ਸਨ।

ਇਹ ਅੰਗੀਠਾ, ਬੁੰਗਾ ਮਾਤਾ ਭਾਗੋ ਜੀ ਦੇ ਨਜ਼ਦੀਕ ਹੀ ਹੈ।

10. **ਗੁਰਦੁਆਰਾ ਬਾਬਾ ਨਿਧਾਨ ਸਿੰਘ** : ਜਦੋਂ ਤਕ ਨਾਂਦੇੜ ਸਾਹਿਬ ਪਹੁੰਚਿਆ ਸਿੱਖ ਯਾਤਰੀ, ਗੁਰਦੁਆਰਾ ਬਾਬਾ ਨਿਧਾਨ ਸਿੰਘ ਦੇ ਦਰਸ਼ਨ ਨਹੀਂ ਕਰਦਾ ਅਤੇ ਉਥੇ ਲੰਗਰ ਨਹੀਂ ਛਕਦਾ, ਉਦੋਂ ਤਕ ਉਸ ਦੀ ਯਾਤਰਾ ਪੂਰੀ ਹੋਈ ਨਹੀਂ ਸਮਝੀ ਜਾਂਦੀ। ਇਸ ਨੂੰ ਗੁਰਦੁਆਰਾ ਲੰਗਰ ਸਾਹਿਬ ਵੀ ਕਿਹਾ ਜਾਂਦਾ ਹੈ ਕਿਉਂਕਿ ਇਸ ਗੁਰਦੁਆਰੇ ਦੀ ਮੁਖ ਵਿਸ਼ੇਸ਼ਤਾ ਹੀ ਲੰਗਰ ਦੀ ਹੈ। ਇਥੇ 24 ਘੰਟੇ ਪਰਸ਼ਾਦਾ ਤਿਆਰ ਮਿਲਦਾ ਹੈ ਅਤੇ ਗਰਮ

ਗਰਮ ਚਾਹ ਵੀ ਹਰ ਸਮੇਂ ਮਿਲਦੀ ਹੈ। ਯਾਤਰੀਆਂ ਦੀ ਰਿਹਾਇਸ਼ ਲਈ ਬਹੁਤ ਹੀ ਅਛੇ ਕਮਰੇ ਹਨ। ਗੁਰਦੁਆਰੇ ਦੀ ਇਮਾਰਤ ਬੜੀ ਵਿਸ਼ਾਲ ਅਤੇ ਸ਼ਾਨਦਾਰ ਹੈ।

ਇਸ ਬਾਰੇ ਰਵਾਇਤ ਹੈ ਕਿ ਇਕ ਵਾਰ ਸੰਤ ਬਾਬਾ ਨਿਧਾਨ ਸਿੰਘ ਜੀ ਗੁਰਪੁਰਵਾਸੀ ਨੂੰ ਸਮਾਧੀ ਵਿਚ ਬੈਠਿਆਂ, ਗੁਰੂ ਸਾਹਿਬ ਦੇ ਦਰਸ਼ਨ ਹੋਏ। ਗੁਰੂ ਸਾਹਿਬ ਨੇ ਸੰਤਾਂ ਨੂੰ ਹੁਕਮ ਕੀਤਾ ਕਿ 'ਜਾਓ ਸਿੱਖ ਸੰਗਤਾਂ ਲਈ ਲੰਗਰ ਚਲਾਓ। ਖੀਸਾ ਮੇਰਾ ਹੋਵੇਗਾ ਤੇ ਹੱਥ ਤੇਰਾ ਹੋਵੇਗਾ।' ਇਸ ਕੌਤਕ ਭਰੀ ਘਟਨਾ ਤੋਂ ਪਿੱਛੋਂ ਸੰਤ ਬਾਬਾ ਜੀ ਨੇ ਲੰਗਰ ਦੀ ਸੇਵਾ ਸ਼ੁਰੂ ਕਰ ਦਿੱਤੀ। ਇਸ ਲਈ ਜਦੋਂ ਤੋਂ ਬਾਬਾ ਜੀ ਨੇ ਲੰਗਰ ਸ਼ੁਰੂ ਕੀਤਾ, ਅਜ ਤਕ ਗੁਰੂ ਮਹਾਰਾਜਾ ਦੀ ਕਿਰਪਾ ਸਦਕਾ, ਇਹ ਅਮੁਕ ਚਲਦਾ ਆ ਰਿਹਾ ਹੈ।

ਸੰਤ ਬਾਬਾ ਨਿਧਾਨ ਸਿੰਘ ਜੀ ਤੋਂ ਪਿੱਛੋਂ, ਸੰਤ ਬਾਬਾ ਹਰਨਾਮ ਸਿੰਘ ਜੀ ਨੇ ਇਥੋਂ ਦੀ ਸੇਵਾ ਕਰਵਾਈ। ਅਜ ਕਲ ਸੰਤ ਬਾਬਾ ਆਤਮਾ ਸਿੰਘ ਜੀ ਇਸ ਅਸਥਾਨ ਜੀ ਸੇਵਾ ਕਰਵਾ ਰਹੇ ਹਨ।

ਤਖ਼ਤ ਸਾਹਿਬ ਵਿਖੇ ਸ਼ਸ਼ਤਰ ਆਦਿ ਵਸਤਾਂ : ਵੈਸੇ ਤਾਂ ਤਖ਼ਤ ਸਾਹਿਬ ਦੇ ਅੰਦਰਲੇ ਥੜੇ 'ਤੇ ਅਣਗਿਣਤ ਹਥਿਆਰ ਅਤੇ ਕਮਰਕਸੇ ਪਏ ਹਨ। ਇਹ ਥੜਾ ਗੁਰੂ ਸਾਹਿਬ ਦੇ ਅੰਗੀਠੇ ਵਾਲੀ ਥਾਂ 'ਤੇ ਹੀ ਬਣਾਇਆ ਗਿਆ ਸੀ। ਇਨ੍ਹਾਂ ਹਥਿਆਰਾਂ ਵਿਚ ਮੁਖ ਤੌਰ 'ਤੇ ਜਿਹੜੇ ਹਥਿਆਰ ਹਨ ਉਨ੍ਹਾਂ ਵਿਚ ਇਕ ਸੁਨਹਿਰੀ ਛੋਟੀ ਕਿਰਪਾਨ ਜਿਸ ਨੂੰ ਗੁਰੂ ਸਾਹਿਬ ਦਸਤਾਰ ਵਿਚ ਸਜਾਇਆ ਕਰਦੇ ਸਨ। ਇਕ ਤੀਰ ਖੱਖਰਾ ਗੁਰੂ ਸਾਹਿਬ ਦਾ। ਕੁਝ ਤਲਵਾਰਾਂ ਮਹਾਰਾਜਾ ਰਣਜੀਤ ਸਿੰਘ ਦੀਆਂ। ਇਕ ਤੇਗਾ ਅਕਾਲੀ ਫੂਲਾ ਸਿੰਘ ਜੀ ਦਾ ਹੈ।

ਇਨ੍ਹਾਂ ਤੋਂ ਇਲਾਵਾ ਇਥੇ ਅਨੇਕਾਂ ਹੀ, ਸਿੱਖ ਜਰਨੈਲਾਂ ਅਤੇ ਸਿੱਖ ਰਾਜਿਆਂ ਮਹਾਰਾਜਿਆਂ ਦੇ ਕਮਰਕਸੇ ਪਏ ਹਨ। ਪਹਿਲੇ ਸਮਿਆਂ ਵਿਚ ਸਿੱਖ ਆਗੂਆਂ ਵਿਚ ਇਹ ਰਵਾਇਤ ਸੀ ਕਿ ਜਦੋਂ ਵੀ ਕਿਸੇ ਸਿੱਖ ਜਰਨੈਲ ਜਾਂ ਰਾਜੇ ਮਹਾਰਾਜੇ ਦਾ ਦਿਹਾਂਤ ਹੁੰਦਾ ਤਾਂ ਉਸ ਦਾ ਕਮਰਕਸਾ, ਇਥੇ ਭੇਜਿਆ ਜਾਂਦਾ। ਇਸ ਤਰ੍ਹਾਂ ਮਹਾਰਾਜਾ ਰਣਜੀਤ ਸਿੰਘ ਅਤੇ ਉਸ ਦੇ ਪਿੱਛੋਂ ਦੇ ਮਹਾਰਾਜਿਆਂ ਦੇ ਕਮਰਕਸੇ ਇਥੇ ਭੇਜੇ ਗਏ ਸਨ। ਇਹ ਕਮਰਕਸੇ ਬਹੁਤ ਕੀਮਤੀ ਹੁੰਦੇ ਸਨ। ਇਨ੍ਹਾਂ ਕਮਰਕਸਿਆਂ ਦੀਆਂ ਕੀਮਤੀ ਚੀਜ਼ਾਂ ਨੂੰ ਪੁਜਾਰੀ ਲੁਕ-ਛਿਪ ਕੇ ਹੜਪ ਕਰਦੇ ਰਹੇ। ਇਸ ਕਰਕੇ ਅਜ ਸਿਰਫ, ਇਨ੍ਹਾਂ ਕਮਰਕਸਿਆਂ ਵਿਚੋਂ ਬਹੁਤ ਹੀ ਥੋੜੇ ਕਮਰਕਸੇ ਅਤੇ ਹਥਿਆਰ ਹੀ ਰਹਿ ਗਏ ਹਨ।

ਇਨ੍ਹਾਂ ਕਮਰਕਸਿਆਂ ਦਾ ਵੇਰਵਾ ਇਸ ਤਰ੍ਹਾਂ ਹੈ :

1. ਕਮਰਕਸਾ ਮਹਾਰਾਜਾ ਰਣਜੀਤ ਸਿੰਘ ਦਾ ਕੀਮਤ ਪੰਜ ਲੱਖ ਦਾ ਜਿਸ ਵਿਚ ਇਕ ਸ਼ਮਸ਼ੇਰ ਜੜਾਊ ਸਵਾ ਲਖ ਦਾ, ਦੋ ਪਿਸਤੌਲ, ਦੋ ਪੇਸ਼ਕਬਜ, ਦੋ ਕਟਾਰ, ਮਾਲਾ ਮੋਤੀਆਂ ਦੀ, ਕੰਠਾ ਕੰਙਣ, ਜੜਾਊ ਤੁੰਗਲ ਸਬਜ਼ਿਆਂ ਵਾਲੇ ਹੋਰ ਬਸਤਰ ਦੁਸ਼ਾਲੇ, ਜਿਗਾਹ ਕਲਗੀ। ਅਮੋਲਕ।
2. ਕਮਰਕਸਾ ਮਹਾਰਾਜਾ ਖੜਕ ਸਿੰਘ ਦਾ ਪੰਜ ਲੱਖ ਦਾ ਉਕਤ ਭਾਂਤ ਸਭ ਚੀਜ਼ਾਂ।
3. ਕਮਰਕਸਾ ਰਾਜਾ ਧਿਆਨ ਸਿੰਘ ਤੇ ਹੀਰਾ ਸਿੰਘ ਦਾ ਢਾਈ ਲਖ ਦਾ।
4. ਕਮਰਕਸਾ ਮਹਾਰਾਜਾ ਸ਼ੇਰ ਸਿੰਘ ਦਾ ਜਿਸ ਵਿਚ ਨਵਾਬ ਮੁਜ਼ਫਰ ਖਾਂ ਸੂਬੇ ਮੁਲਤਾਨ ਵਾਲੀ ਤਲਵਾਰ ਜੜਾਊ, ਇਸ ਦੀ ਕੀਮਤ ਪਿਛਲਿਆਂ ਨਾਲੋਂ ਅਧਿਕ

ਸੀ।

5. ਕਮਰਕਸਾ ਕੰਵਰ ਨੌਨਿਹਾਲ ਸਿੰਘ ਦਾ, ਕੀਮਤ ਤਿੰਨ ਲਖ ਰੁਪਏ।
6. ਕਮਰਕਸਾ ਮਹਾਰਾਜਾ ਸਾਹਿਬ ਸਿੰਘ ਪਟਿਆਲੇ ਵਲ ਦਾ ਪੱਚੀ ਹਜਾਰ ਰੁਪਏ ਦਾ।
7. ਕਮਰਕਸਾ ਮਹਾਰਾਜਾ ਕਰਮ ਸਿੰਘ ਦਾ, ਪੱਚੀ ਹਜ਼ਾਰ ਦਾ।
8. ਕਮਰਕਸਾ ਮਹਾਰਾਜਾ ਨਰਿੰਦਰ ਸਿੰਘ ਦਾ, ਪੱਚੀ ਹਜ਼ਾਰ ਦਾ।
9. ਕਮਰਕਸਾ ਮਹਾਰਾਜਾ ਲਾਲ ਸਿੰਘ ਕੈਥਲ ਪਤੀ ਦਾ, ਪੱਚੀ ਹਜਾਰ ਦਾ, ਇਤਨਾ ਹੀ ਰਾਜਾ ਭਾਈ ਉਦੇ ਸਿੰਘ ਦਾ।
10. ਕਮਰਕਸਾ ਮਹਾਰਾਜ਼ਾ ਭਾਗ ਸਿੰਘ ਜੀਂਦ ਵਾਲੇ ਦਾ, ਪੱਚੀ ਹਜ਼ਾਰ ਦਾ।
11. ਕਮਰਕਸਾ ਸਰਦਾਰ ਭੂਪਾਲ ਸਿੰਘ "ਸਿੰਘ ਪੁਰੀਏ ਦਾ" ਪੰਜਾਹ ਹਜ਼ਾਰ ਦਾ।
12. ਕਮਰਕਸਾ ਸਰਦਾਰ ਭੰਗ ਸਿੰਘ ਬਨੇਸਰੀਏ ਦਾ ਜਿਹੜਾ ਉਸ ਦੀ ਰਾਣੀ ਚੰਦ ਕੋਰ ਨੇ ਇਕ ਲੱਖ ਰੁਪਏ ਦਾ ਭੇਜਿਆ।
13. ਕਮਰਕਸਾ ਸਰਦਾਰ ਗੁਰਦਿਤ ਸਿੰਘ ਲਾਡਵੇ ਦਾ, ਪੱਚੀ ਹਜ਼ਾਰ ਦਾ।
14. ਕਮਰਕਸਾ ਸਰਦਾਰ ਜੱਸਾ ਸਿੰਘ ਆਹਲੂਵਾਲੀਏ ਦਾ, ਪੰਜਾਹ ਹਜ਼ਾਰ ਦਾ ਸਰਦਾਰ ਭਾਗ ਸਿੰਘ ਨੇ ਘੱਲਿਆ।
15. ਕਮਰਕਸਾ ਸਰਦਾਰ ਜਸਾ ਸਿੰਘ ਰਾਮਗੜ੍ਹੀਏ ਦਾ, ਪੰਜਾਹ ਹਜ਼ਾਰ ਦਾ ਸ. ਜੋਧ ਸਿੰਘ ਨੇ ਘੱਲਿਆ।
16. ਸਰਦਾਰ ਬੁੱਧ ਸਿੰਘ ਸੰਧਾਵਾਲੀਏ ਦਾ ਵੀਹ ਹਜ਼ਾਰ ਦਾ।
17. ਸਰਦਾਰ ਗੁਰਬਖਸ਼ ਸਿੰਘ ਘਣਈਆ ਦਾ ਵੀਹ ਹਜ਼ਾਰ ਦਾ ਰਾਣੀ ਸਦਾ ਕੌਰ ਨੇ ਘੱਲਿਆ।
18. ਸੋਢੀ ਪਰਤਾਪ ਸਿੰਘ ਅਨੰਦਪੁਰੀਏ ਦਾ ਦਸ ਹਜ਼ਾਰ ਦਾ।
19. ਕਮਰਕਸਾ ਸਰਦਾਰ ਹਰੀ ਸਿੰਘ ਨਲੂਏ ਦਾ ਪੰਜਾਹ ਹਜ਼ਾਰ ਦਾ ਉਸ ਦੇ ਪੁੱਤਰ ਸ. ਜਵਾਹਰ ਸਿੰਘ ਤੇ ਪੁਤਰੇਲੇ ਮਹਾਂ ਸਿੰਘ ਨੇ ਘੱਲਿਆ।
20. ਸਰਦਾਰ ਜੋਧ ਸਿੰਘ ਕਲਸੀਏ ਦਾ ਪੱਚੀ ਹਜ਼ਾਰ ਦਾ।
21. ਸਰਦਾਰ ਬਘੇਲ ਸਿੰਘ ਛਲੌਦੀ ਦਾ ਪੱਚੀ ਹਜ਼ਾਰ ਦਾ ਰਾਣੀ ਰਤਨ ਕੌਰ ਨੇ ਭੇਜਿਆ।
22. ਸਰਦਾਰ ਹੀਰਾ ਸਿੰਘ ਨਕਈ ਦਾ ਪੱਚੀ ਹਜ਼ਾਰ ਦਾ।

ਇਸੇ ਤਰ੍ਹਾਂ ਦੇ ਹੋਰ ਵੀ ਸੈਂਕੜੇ ਕਰਮਕਸੇ, ਸਿੱਖ ਰਾਜਿਆਂ ਦੇ ਇਥੇ ਪਹੁੰਚਦੇ ਰਹੇ ਸੀ, ਜਿਨ੍ਹਾਂ ਦੀ ਕੀਮਤ ਦੋ ਕਰੋੜ ਤੋਂ ਉਪਰ ਬਣਦੀ ਸੀ। ਇਨ੍ਹਾਂ ਵਿਚ ਹਥਿਆਰ ਵੀ ਅਜਿਹੇ ਸਨ ਜੋ ਸਿਰਫ ਰਾਜਿਆਂ ਮਹਾਰਾਜਿਆਂ ਕੋਲ ਹੀ ਹੋ ਸਕਦੇ ਸਨ। ਇਕ ਚਾਂਦਨੀ ਸਵਾ ਲੱਖ ਰੁਪਏ ਦੀ, ਦੀਵਾਨ ਚੰਦੂ ਲਾਲ ਨੇ ਇਥੇ ਚੜਾਈ ਸੀ। ਦੂਜੀ ਚਾਂਦਨੀ ਇਸ ਤੋਂ ਵੀ ਵੱਧ ਕੀਮਤ ਦੀ ਅੰਮ੍ਰਿਤਸਰ ਚੜਾਈ ਸੀ। ਇਨ੍ਹਾਂ ਚਾਂਦਨੀਆਂ ਦੀਆਂ ਝਾਲਰਾਂ ਨਾਲ ਤਿਰਵੰਜਾ ਹਜ਼ਾਰ ਸੁੱਚੇ ਮੋਤੀ, ਚਨੇ ਦੇ ਦਾਣੇ ਤੋਂ ਕੁਝ ਹੀ ਛੋਟੇ ਸਾਈਜ ਦੇ, ਲਗੇ ਹੋਏ ਸਨ ਅਤੇ ਅੱਠ ਅੱਠ ਸੁਨਹਿਰੀ ਚੋਬਾਂ ਸਨ।

ਅੰਤਿਕਾ 1

ਸਿਰੀ ਅਕਾਲ ਤਖ਼ਤ ਸਾਹਿਬ ਅਤੇ ਬਾਕੀ ਤਖ਼ਤਾਂ ਦਾ ਆਪਸੀ ਸਬੰਧ

ਸਿਰੀ ਅਕਾਲ ਤਖ਼ਤ ਸਾਹਿਬ ਅਤੇ ਬਾਕੀ ਚਾਰ ਤਖ਼ਤਾਂ ਦਾ ਸਬੰਧ ਬਿਲਕੁਲ ਉਸ ਪੈਟਰਨ ਉਪਰ ਹੈ ਜਿਵੇਂ ਕਿ ਕੇਂਦਰੀ ਸਰਕਾਰ ਅਤੇ ਰਾਜ ਸਰਕਾਰਾਂ ਦਾ ਹੁੰਦਾ ਹੈ। ਫ਼ਰਕ ਸਿਰਫ਼ ਇਹ ਹੀ ਹੈ ਕਿ ਕੇਂਦਰੀ ਅਤੇ ਰਾਜ ਸਰਕਾਰਾਂ ਰਾਜਨੀਤਕ ਕਿਸਮ ਦੇ ਮਾਮਲਿਆਂ ਨਾਲ ਜੁੜੀਆਂ ਹੋਈਆਂ ਹੁੰਦੀਆਂ ਹਨ ਜਦੋਂ ਕਿ ਸਿਰੀ ਅਕਾਲ ਤਖ਼ਤ ਸਾਹਿਬ ਅਤੇ ਬਾਕੀ ਤਖ਼ਤਾਂ ਦਾ ਸਬੰਧ ਅਧਿਆਤਮਕ ਖੇਤਰ ਦਾ ਹੈ। ਦੂਜੇ ਸ਼ਬਦਾਂ ਵਿਚ ਸਿਰੀ ਅਕਾਲ ਤਖ਼ਤ ਸਾਹਿਬ ਖਾਲਸਾ ਪੰਥ ਦਾ ਕੇਂਦਰੀ ਅਤੇ ਅਧਿਕਾਰਸ਼ਾਲੀ ਤਖ਼ਤ ਹੈ ਅਤੇ ਬਾਕੀ ਚਾਰ ਤਖ਼ਤ ਪਰਾਂਤਕ ਜਾਂ ਖੇਤਰੀ ਕੇਂਦਰ ਹਨ।

ਇਹ ਪੰਜ ਕੇਂਦਰ ਖਾਲਸਾ ਪੰਥ ਨੂੰ ਜਥੇਬੰਦਕ ਤੌਰ 'ਤੇ ਅੱਛੀ ਤਰ੍ਹਾਂ ਸੰਗਠਤ ਕਰਨ ਦੀ ਇਕ ਪਰਣਾਲੀ ਹੈ। ਇਨ੍ਹਾਂ ਤਖ਼ਤਾਂ ਦਾ ਆਪਣਾ ਇਕ ਨੀਅਤ ਖੇਤਰ ਹੈ। ਸਿਰੀ ਅਕਾਲ ਤਖ਼ਤ ਸਾਹਿਬ ਸਮੁਚੇ ਪੰਥ ਦਾ ਕੇਂਦਰ ਹੈ; ਤਖ਼ਤ ਸਿਰੀ ਕੇਸਗੜ੍ਹ ਸਾਹਿਬ ਦੇ ਅਧਿਕਾਰ ਖੇਤਰ ਵਿਚ ਉਤਰ-ਪੱਛਮੀ ਪੰਜਾਬ ਜਿਸ ਵਿਚ ਹਿਮਾਚਲ, ਜੰਮੂ-ਕਸ਼ਮੀਰ ਅਤੇ ਸਾਰੇ ਪੱਛਮੀ ਪਾਕਿਸਤਾਨ ਦੇ ਇਲਾਕੇ ਦੀਆਂ ਸਿੱਖ ਸੰਗਤਾਂ ਆਉਂਦੀਆਂ ਹਨ। ਤਖ਼ਤ ਸਿਰੀ ਦਮਦਮਾ ਸਾਹਿਬ ਦੇ ਖੇਤਰ ਵਿਚ ਪੂਰਬੀ ਪੰਜਾਬ, ਹਰਿਆਣਾ, ਦਿਲੀ ਅਤੇ ਰਾਜਸਥਾਨ ਆਦਿ ਖੇਤਰਾਂ ਦੀਆਂ ਸਿੱਖ ਸੰਗਤਾਂ ਆਉਂਦੀਆਂ ਹਨ : ਤਖ਼ਤ ਸਿਰੀ ਪਟਣਾ ਸਾਹਿਬ ਪੂਰਬੀ ਭਾਰਤ ਦੇ ਇਲਾਕੇ ਦੀਆਂ ਸਿੱਖ ਸੰਗਤਾਂ ਦਾ ਕੇਂਦਰ ਹੈ ਜਦੋਂ ਕਿ ਤਖ਼ਤ ਸਿਰੀ ਹਜ਼ੂਰ ਸਾਹਿਬ ਦੱਖਣੀ ਭਾਰਤ ਦੇ ਇਲਾਕੇ ਦੀਆਂ ਸਿੱਖ ਸੰਗਤਾਂ ਦਾ ਕੇਂਦਰ ਹੈ। ਦੱਖਣੀ ਭਾਰਤ ਵਿਚ ਸਿਰੀ ਲੰਕਾ ਵੀ ਸ਼ਾਮਲ ਹੈ। ਇਹ ਭਾਵੇਂ ਇਕ ਸਰਸਰੀ ਜਿਹੀ ਖੇਤਰ-ਵੰਡ ਹੈ ਅਤੇ ਇਸ ਦੀਆਂ ਹੱਦਾਂ ਦੀ ਕੋਈ ਇਕ ਰੇਖਾ ਨਹੀਂ ਹੈ, ਪਰ ਆਮ ਤੌਰ 'ਤੇ ਉਪਰੋਕਤ ਦੱਸੇ ਖੇਤਰ ਹੀ ਹਰ ਇਕ ਤਖ਼ਤ ਦੇ ਅਧਿਕਾਰ ਖੇਤਰ ਹਨ।

ਸਿਰੀ ਅਕਾਲ ਤਖ਼ਤ ਸਾਹਿਬ ਖੇਤਰੀ ਕੇਂਦਰ ਨਹੀਂ ਸਗੋਂ ਇਹ ਸਮੁੱਚੇ ਖਾਲਸਾ ਪੰਥ ਦਾ ਕੇਂਦਰ ਹੈ। ਸਮੁੱਚੇ ਖ਼ਾਲਸਾ ਪੰਥ ਵਿਚ ਸਾਰੀ ਦੁਨੀਆਂ ਦਾ ਸਿੱਖ ਆ ਜਾਂਦਾ ਹੈ। ਬਾਕੀ ਦੇ ਚਾਰੇ ਤਖ਼ਤ ਵੀ ਇਸ ਦੇ ਅਧਿਕਾਰ ਹੇਠ ਹਨ।

ਹਰ ਤਖ਼ਤ ਆਪਣੇ ਆਪਣੇ ਖੇਤਰ ਵਿਚ ਕੋਈ ਵੀ ਹੁਕਮਨਾਮਾ ਜਾਰੀ ਕਰ ਸਕਦਾ ਹੈ ਪਰ ਉਸ ਹੁਕਮਨਾਮੇ ਦੀ ਸਿਰੀ ਅਕਾਲ ਤਖ਼ਤ ਸਾਹਿਬ ਵਲੋਂ ਪਰੋੜਤਾ ਹੋਣੀ ਜ਼ਰੂਰੀ ਹੈ। ਇਸ ਪਰੋੜਤਾ ਦੀ ਅਣਹੋਂਦਤਾ ਨਾਲ ਕਿਸੇ ਵੀ ਤਖ਼ਤ ਦਾ ਹੁਕਮਨਾਮਾ ਪਰਭਾਵ-ਰਹਿਤ ਹੁੰਦਾ ਹੈ। ਦੂਸਰਾ, ਕਿਸੇ ਇਕ ਤਖ਼ਤ ਵਲੋਂ ਜਾਰੀ ਕੀਤਾ ਹੁਕਮਨਾਮਾ ਬਾਕੀ ਕਿਸੇ ਵੀ ਤਖ਼ਤ ਵਲੋਂ

ਨਿੰਦਿਆ ਨਹੀਂ ਜਾਣਾ ਚਾਹੀਦਾ। ਵੈਸੇ ਤਾਂ ਕਿਸੇ ਇਕ ਤਖ਼ਤ ਵਲੋਂ ਇਕਲੇ ਤੌਰ 'ਤੇ ਕੋਈ ਵੀ ਹੁਕਮਨਾਮਾ ਜਾਰੀ ਨਹੀਂ ਕਰਨਾ ਚਾਹੀਦਾ।

ਸਿਰੀ ਅਕਾਲ ਤਖ਼ਤ ਸਾਹਿਬ ਤੋਂ ਬਿਨਾਂ ਜੇ ਕਿਸੇ ਖੇਤਰੀ ਤਖ਼ਤ ਵਲੋਂ ਕੋਈ ਹੁਕਮਨਾਮਾ ਜਾਰੀ ਹੁੰਦਾ ਹੈ ਤਾਂ ਉਹ ਸਿਰਫ ਉਸੇ ਖੇਤਰ ਦੀਆਂ ਸਿੱਖ ਸੰਗਤਾਂ ਉਪਰ ਹੀ ਲਾਗੂ ਹੁੰਦਾ ਹੈ। ਜਿਹੜਾ ਹੁਕਮਨਾਮਾ, ਮਿਸਾਲ ਵਜੋਂ, ਅਪਰੇਸ਼ਨ ਬਲਿਊ ਸਟਾਰ ਪਿੱਛੋਂ ਤਖ਼ਤ ਸਿਰੀ ਹਜ਼ੂਰ ਸਾਹਿਬ ਦੇ ਵਲੋਂ, ਗਿਆਨੀ ਜ਼ੈਲ ਸਿੰਘ, ਸੰਤ ਲੌਂਗੋਵਾਲ ਅਤੇ ਸਰਦਾਰ ਟੌਹੜਾ ਦੇ ਖਿਲਾਫ ਜਾਰੀ ਕੀਤਾ ਗਿਆ ਸੀ ਉਹ ਸਿਰਫ ਦੱਖਣ ਦੀਆਂ ਸਿੱਖ ਸੰਗਤਾਂ ਉਪਰ ਹੀ ਲਾਗੂ ਹੁੰਦਾ ਸੀ। ਪਰ ਇਸ ਹੁਕਮਨਾਮੇ ਦੀ, ਕਿਉਂਕਿ ਸਿਰੀ ਅਕਾਲ ਤਖ਼ਤ ਸਾਹਿਬ ਵਲੋਂ ਪਰੋੜਤਾ ਨਹੀਂ ਹੋਈ ਇਸ ਲਈ ਉਪਰੋਕਤ ਹੁਕਮਨਾਮਾ, ਆਪਣੇ ਖੇਤਰ ਵਿਚ ਵੀ ਪਰਭਾਵਸ਼ਾਲੀ ਨਹੀਂ ਹੋ ਸਕਿਆ।

ਜਿਹੜਾ ਹੁਕਮਨਾਮਾ ਸਿਰੀ ਅਕਾਲ ਤਖ਼ਤ ਸਾਹਿਬ ਵਲੋਂ ਜਾਰੀ ਹੁੰਦਾ ਹੈ ਉਹ ਸਮੁੱਚੀ ਕੌਮ ਦੇ ਨਾਂ ਜਾਰੀ ਹੁੰਦਾ ਹੈ, ਕਿਸੇ ਇਕ ਖੇਤਰ ਦੇ ਨਾਂ ਨਹੀਂ। ਇਸ ਲਈ ਇਹ ਹੁਕਮਨਾਮਾ ਸਾਰੇ ਸਿੱਖਾਂ ਲਈ ਮੰਨਣਾ ਜ਼ਰੂਰੀ ਹੁੰਦਾ ਹੈ। ਭਾਵੇਂ ਉਹ ਕਿਸੇ ਵੀ ਖੇਤਰ ਦਾ ਰਹਿਣ ਵਾਲਾ ਹੋਵੇ ਤੇ ਭਾਵੇਂ ਉਸ ਖੇਤਰ ਦੇ ਤਖ਼ਤ ਵਲੋਂ ਇਸ ਦੀ ਪਰਵਾਨਗੀ ਨਾ ਹੀ ਮਿਲੇ। ਮਿਸਾਲ ਦੇ ਤੌਰ 'ਤੇ ਜਿਹੜਾ ਹੁਕਮਨਾਮਾ ਸਿਰੀ ਅਕਾਲ ਤਖ਼ਤ ਸਾਹਿਬ ਵਲੋਂ, ਦੋ ਸਤੰਬਰ 1984 ਨੂੰ ਸਰਬੱਤ ਖਾਲਸੇ ਦੇ ਮਹਾਨ ਇਕੱਠ ਵਿਚੋਂ ਮਨਜ਼ੂਰੀ ਲੈ ਕੇ ਜਾਰੀ ਕੀਤਾ ਗਿਆ ਸੀ ਅਤੇ ਜਿਸ ਅਨੁਸਾਰ ਗਿਆਨੀ ਜ਼ੈਲ ਸਿੰਘ ਅਤੇ ਬੂਟਾ ਸਿੰਘ ਨੂੰ ਪੰਥ ਵਿਚੋਂ ਕਢ ਦਿੱਤਾ ਗਿਆ ਸੀ, ਉਹ ਸਮੁੱਚੇ ਪੰਥ ਉਪਰ ਲਾਗੂ ਹੋਇਆ ਸੀ। ਭਾਵੇਂ ਇਸ ਹੁਕਮਨਾਮੇ ਨੂੰ ਤਖ਼ਤ ਸਿਰੀ ਪਟਣਾ ਸਾਹਿਬ ਅਤੇ ਤਖ਼ਤ ਸਿਰੀ ਹਜ਼ੂਰ ਸਾਹਿਬ ਵਲੋਂ ਨਹੀਂ ਮੰਨਿਆ ਗਿਆ। ਪਰ ਉਨ੍ਹਾਂ ਦੇ ਨਾਂ ਮੰਨਣ ਦੀ ਕੋਈ ਵੁਕਤ ਨਹੀਂ ਸੀ। ਕਿਉਂਕਿ ਇਹ ਹੁਕਮਨਾਮਾ ਖਾਲਸਾ ਪੰਥ ਦੀ ਕੇਂਦਰੀ ਅਤੇ ਸਰਬ-ਸ਼ਕਤੀਸ਼ਾਲੀ ਸੰਸਥਾ ਵਲੋਂ ਜਾਰੀ ਕੀਤਾ ਗਿਆ ਸੀ।

ਜਿਸ ਤਰ੍ਹਾਂ ਕੇਂਦਰੀ ਸਰਕਾਰ ਦੇ ਹੁਕਮ ਨੂੰ ਕੋਈ ਵੀ ਰਾਜ ਸਰਕਾਰ ਮੰਨਣ ਤੋਂ ਇਨਕਾਰੀ ਨਹੀਂ ਹੋ ਸਕਦੀ ਉਸੇ ਤਰ੍ਹਾਂ ਕੋਈ ਵੀ ਖੇਤਰੀ ਤਖ਼ਤ ਸਿਰੀ ਅਕਾਲ ਤਖ਼ਤ ਸਾਹਿਬ ਦਾ ਹੁਕਮਨਾਮਾ ਮੰਨਣ ਤੋ ਇਨਕਾਰੀ ਨਹੀਂ ਹੋ ਸਕਦਾ।

ਇਸ ਤਰ੍ਹਾਂ ਇਹ ਗੱਲ ਬਿਲਕੁਲ ਸਪਸ਼ਟ ਹੋਣੀ ਚਾਹੀਦੀ ਹੈ ਕਿ ਚਾਰ ਤਖ਼ਤ ਖੇਤਰੀ ਕੇਂਦਰ ਹਨ ਅਤੇ ਸਿਰੀ ਅਕਾਲ ਤਖ਼ਤ ਸਾਹਿਬ ਦੇ ਅਧੀਨ ਹਨ। ਇਸ ਗੱਲ ਨੂੰ ਰੋਕਣ ਲਈ ਕਿ ਕਿਸੇ ਵੀ ਤਰ੍ਹਾਂ ਦੇ ਹੁਕਮਨਾਮੇ ਦੀ ਕਿਸੇ ਕਿਸਮ ਦੀ ਵਿਰੋਧਤਾ ਨਾ ਹੋਵੇ, ਇਸ ਲਈ ਜ਼ਰੂਰੀ ਹੈ ਕਿ ਪੰਜਾਂ ਤਖ਼ਤਾਂ ਦੇ ਜਥੇਦਾਰਾਂ ਦੀ ਆਪਸੀ ਤਾਲਮੇਲਤਾ ਹਰ ਹਾਲਤ ਵਿਚ ਹੋਣੀ ਚਾਹੀਦੀ ਹੈ। ਅਜ ਪੰਜ ਤਖ਼ਤਾਂ ਦੀ ਆਪਸੀ ਤਾਲਮੇਲਤਾ ਨਹੀਂ ਹੈ ਇਹ ਬਹੁਤ ਮੰਦਭਾਗੀ ਗੱਲ ਹੈ। ਤਖ਼ਤ ਪਟਣਾ ਸਾਹਿਬ ਅਤੇ ਹਜ਼ੂਰ ਸਾਹਿਬ, ਪੰਥਕ ਕੰਟਰੋਲ ਹੇਠ ਨਹੀਂ ਅਤੇ ਨਾ ਹੀ ਇਹ ਪੂਰੀ ਗੁਰ-ਮਰਯਾਦਾ ਅਨੁਸਾਰ ਹੀ ਚਲਾਏ ਜਾ ਰਹੇ ਹਨ ਇਸ ਲਈ ਇਨ੍ਹਾਂ ਵਲੋਂ ਪੰਥਕ ਮਾਮਲਿਆਂ ਬਾਰੇ ਕਦੇ ਵੀ ਸਹਿਯੋਗ ਨਹੀਂ ਮਿਲਿਆ। ਦੂਸਰਾ ਹੁਣ ਤਕ ਹਾਲਾਤ ਇਹ ਰਹੇ ਹਨ ਕਿ ਤਖ਼ਤ ਸਾਹਿਬਾਨ ਦੇ ਜਥੇਦਾਰ ਸਾਹਿਬ, ਧੜੇਬਾਜ਼ੀ ਤੋਂ ਪੂਰੀ ਤਰ੍ਹਾਂ ਨਿਰਲੇਪ ਨਹੀਂ ਸਨ ਜਿਸ ਕਰਕੇ ਉਨ੍ਹਾਂ ਦੀ ਸਖ਼ਸ਼ੀਅਤ ਅਤੇ ਇਮਾਨਦਾਰੀ ਉਪਰ ਕਦੇ ਕਦਾਈ ਸ਼ਕ ਹੋਣ ਲਗ ਪੈਂਦਾ ਹੈ।

ਅੰਤਿਕਾ 2

ਹੁਕਮਨਾਮਾ

ਹੁਕਮਨਾਮਾ, ਉਸ ਹੁਕਮ ਨੂੰ ਕਿਹਾ ਜਾਂਦਾ ਹੈ ਜਿਹੜਾ ਕਿਸੇ ਕੰਮ ਦੀ ਪੂਰਤੀ ਲਈ, ਗੁਰੂ ਸਾਹਿਬ ਵਲੋਂ ਜਾਂ ਕਿਸੇ ਸਿੱਖ ਨੇਤਾ ਵਲੋ ਸਿੱਖ ਸੰਗਤਾਂ ਨੂੰ ਕੀਤਾ ਜਾਂਦਾ ਹੈ। ਗੁਰੂ ਜਾਂ ਨੇਤਾ ਦੇ ਅਜਿਹੇ ਹੁਕਮ ਨੂੰ ਹਰ ਹਾਲਤ ਵਿਚ ਮੰਨਣਾ ਪੈਂਦਾ ਹੈ। ਇਸ ਦੀ ਅਵਗਿਆ ਨਹੀਂ ਹੋ ਸਕਦੀ। ਸਮੇਂ ਸਮੇਂ 'ਤੇ ਗੁਰੂ ਸਾਹਿਬਾਨ ਜੋ ਜੋ ਚਿੱਠੀ ਪੱਤਰ ਸਿੱਖ ਸੰਗਤਾਂ ਨੂੰ ਭੇਜ ਦੇ ਰਹਿੰਦੇ ਸਨ ਉਨ੍ਹਾਂ ਨੂੰ ਸਤਿਕਾਰ ਵਜੋਂ ਹੁਕਮਨਾਮੇ ਕਿਹਾ ਜਾਂਦਾ ਹੈ। ਕਿਉਂਕਿ ਇਨ੍ਹਾਂ ਚਿੱਠੀ ਪੱਤਰਾਂ ਵਿਚ ਸੰਗਤਾਂ ਨੂੰ ਕਿਸੇ ਕੰਮ ਦੀ ਪੂਰਤੀ ਲਈ ਹੁਕਮ ਕੀਤਾ ਜਾਂਦਾ ਸੀ। ਇਸੇ ਤਰ੍ਹਾਂ ਮਾਤਾ ਸਾਹਿਬਾਨ ਅਤੇ ਬੰਦਾ ਸਿੰਘ ਬਹਾਦਰ ਦੇ ਚਿੱਠੀ-ਪੱਤਰਾਂ ਨੂੰ ਵੀ ਹੁਕਮਨਾਮੇ ਕਿਹਾ ਜਾਂਦਾ ਹੈ।

ਸਿੱਖ ਧਰਮ ਵਿਚ ਹੁਕਮ ਦਾ ਸੰਕਲਪ ਬਹੁਤ ਮਹੱਤਵਪੂਰਨ ਹੈ। ਸਿੱਖ ਨੇ ਹਮੇਸ਼ਾਂ ਅਕਾਲ ਪੁਰਖ ਦੇ ਹੁਕਮ ਅਨੁਸਾਰ ਰਹਿਣਾ ਹੈ। ਸਿੱਖ ਧਰਮ ਦਾ ਵਿਸ਼ਵਾਸ਼ ਹੈ ਕਿ ਦੁਨੀਆਂ ਵਿਚ ਜੋ ਕੁਝ ਵੀ ਵਾਪਰਦਾ ਹੈ ਉਹ ਸਭ ਅਕਾਲ ਪੁਰਖ ਦੇ ਹੁਕਮ ਅਨੁਸਾਰ ਹੀ ਵਾਪਰਦਾ ਹੈ। ਗੁਰੂ, ਅਕਾਲਪੁਰਖ ਅਤੇ ਸਿੱਖ ਦੇ ਦਰਮਿਆਨ ਇਕ ਕੜੀ ਹੈ। ਇਸ ਲਈ ਸਿੱਖ ਦਾ ਸਿੱਧਾ ਵਾਹ ਗੁਰੂ ਨਾਲ ਜੁੜਦਾ ਹੈ। ਸਿੱਖ ਲਈ ਗੁਰੂ ਦਾ ਹੁਕਮ, ਅਕਾਲ ਪੁਰਖ ਦੇ ਹੁਕਮ ਦੇ ਬਰਾਬਰ ਹੀ ਹੈ। ਇਸੇ ਤਰ੍ਹਾਂ ਹੋਰ ਨੇਤਾ ਵੀ ਜਿਹੜੇ ਕਿ ਗੁਰੂ ਸਾਹਿਬਾਨ ਵਲੋਂ ਨੀਅਤ ਕੀਤੇ ਜਾਂਦੇ ਸਨ ਉਨ੍ਹਾਂ ਦਾ ਹੁਕਮ ਵੀ ਸਿੱਖਾਂ ਨੇ ਗੁਰੂ ਦੇ ਸਮਾਨ ਹੀ ਮੰਨਿਆ ਸੀ। ਬੰਦਾ ਸਿੰਘ ਬਹਾਦਰ ਕਿਉਂਕਿ ਗੁਰੂ ਦਸਮ ਪਾਤਸ਼ਾਹ ਵਲੋ ਨੇਤਾ ਨਿਯੁਕਤ ਕੀਤਾ ਗਿਆ ਸੀ ਇਸ ਲਈ ਸਿੱਖਾਂ ਨੇ ਉਨ੍ਹਾਂ ਦੇ ਹੁਕਮ ਨੂੰ ਵੀ ਗੁਰੂ ਦੇ ਸਮਾਨ ਹੀ ਮੰਨਿਆ। ਪਰ ਇਹ ਗਲ ਬਾਕੀ ਦੇ ਨੇਤਾਵਾਂ ਦੇ ਸਬੰਧ ਵਿਚ ਸਥਾਪਤ ਨਹੀਂ ਹੋਈ।

ਬੰਦਾ ਸਿੰਘ ਬਹਾਦਰ ਦੇ ਪਿੱਛੋ ਤਖ਼ਤ ਸਾਹਿਬਾਨ ਦੀ ਮਹੱਤਤਾ ਪਰਗਟ ਹੋਈ। ਤਖ਼ਤ ਸਾਹਿਬ ਦੇ ਜਥੇਦਾਰ ਵੀ ਕਿਉਂਕਿ ਸਮੁੱਚੇ ਖਾਲਸਾ ਪੰਥ ਦੀ ਸਰਬਸੰਮਤੀ ਨਾਲ ਹੀ ਨਿਯੁਕਤ ਕੀਤੇ ਜਾਂਦੇ ਹਨ ਇਸ ਲਈ ਤਖ਼ਤ ਦੇ ਜਥੇਦਾਰ ਦਾ ਹੁਕਮ ਵੀ, ਸਿੱਖਾਂ ਵਿਚ ਮੰਨਣਾ ਜਰੂਰੀ ਹੈ। ਹੌਲੀ ਹੌਲੀ ਇਹ ਰਵਾਇਤ ਚਲ ਪਈ ਕਿ ਖਾਲਸਾ ਸਿਰੀ ਅਕਾਲ ਤਖ਼ਤ ਸਾਹਿਬ ਜਾਂ ਕਿਸੇ ਹੋਰ ਤਖ਼ਤ ਸਾਹਿਬ ਉਪਰ ਬੈਠ ਕੇ ਸਰਬ ਸੰਮਤੀ ਨਾਲ ਗੁਰਮਤੇ ਪਾਸ ਕਰਨ ਲਗ ਪਿਆ। ਫਿਰ ਇਹੀ ਗੁਰਮਤੇ ਜਦੋਂ ਤਖ਼ਤ ਸਾਹਿਬ ਦੇ ਜਥੇਦਾਰ ਵਲੋਂ ਸਮੁੱਚੇ ਸਿੱਖ ਪੰਥ ਦੇ ਨਾਂ ਜਾਰੀ ਕੀਤੇ ਜਾਂਦੇ ਸਨ ਤਾਂ ਇਹ ਹੁਕਮਨਾਮੇ ਦਾ ਰੂਪ ਧਾਰ ਲੈਂਦੇ ਸਨ।

ਸਿੱਖ ਰਵਾਇਤਾਂ ਅਤੇ ਵਿਸ਼ਵਾਸ ਅਨੁਸਾਰ ਸਿਰੀ ਗੁਰੂ ਗ੍ਰੰਥ ਸਾਹਿਬ ਦੀ ਹਜ਼ੂਰੀ ਵਿਚ ਅਤੇ ਪੰਜ ਪਿਆਰਿਆ ਦੀ ਅਗਵਾਈ ਹੇਠ, ਸਰਬੱਤ ਖਾਲਸਾ ਸਰਬ ਸੰਮਤੀ ਨਾਲ ਜੋ ਵੀ ਫੈਸਲਾ ਕਰਦਾ ਹੈ ਉਸ ਨੂੰ ਗੁਰੂ ਦਾ ਫੈਸਲਾ ਹੀ ਮੰਨਿਆ ਜਾਂਦਾ ਹੈ। ਕਿਉਂਕਿ ਗੁਰੂ ਗ੍ਰੰਥ ਸਾਹਿਬ ਅਤੇ ਖਾਲਸਾ ਪੰਥ ਹੀ ਗੁਰੂ ਰੂਪ ਹੈ। ਇਸ ਤਰ੍ਹਾਂ ਅੱਜ ਦੇ ਯੁੱਗ ਵਿਚ ਸਿਰਫ ਸਿਰੀ ਅਕਾਲ ਤਖ਼ਤ ਸਾਹਿਬ ਜਾਂ ਬਾਕੀ ਦੇ ਤਖ਼ਤਾਂ ਉਪਰੋ ਜਾਰੀ ਕੀਤਾ ਗਿਆ ਹੁਕਮ ਹੀ ਹੁਕਮਨਾਮਾ ਹੈ। ਇਸ ਨੂੰ ਕਈ ਵਾਰ ਤਖ਼ਤ ਸਾਹਿਬ ਦੇ ਜਥੇਦਾਰ ਵਲੋ ਵਿਅਕਤੀਗਤ ਤੌਰ 'ਤੇ ਵੀ ਜਾਰੀ ਕਰ ਦਿੱਤਾ ਜਾਂਦਾ ਹੈ। ਵਿਅਕਤੀਗਤ ਤੌਰ 'ਤੇ ਜਾਰੀ ਕੀਤਾ ਹੁਕਮ ਵੀ ਹੁਕਮਨਾਮਾ ਹੈ ਬਸ਼ਰਤਿ ਕਿ ਉਸ ਹੁਕਮ ਦੀ ਸਮੁੱਚਾ ਪੰਥ ਪਰੋੜਤਾ ਕਰੇ। ਵੈਸੇ ਤਾਂ ਹੁਕਮਨਾਮਾ ਸਿਰਫ ਉਸ ਸਮੇਂ ਹੀ ਜਾਰੀ ਹੋ ਸਕਦਾ ਹੈ ਜਦੋਂ ਸਮੁੱਚਾ ਪੰਥ ਇਕ ਹੋ ਕੇ, ਸਿਰੀ ਅਕਾਲ ਤਖ਼ਤ ਸਾਹਿਬ ਜਾਂ ਦੂਸਰੇ ਤਖ਼ਤਾਂ ਦੇ ਜਥੇਦਾਰ ਨੂੰ ਜਾਰੀ ਕਰਨ ਲਈ ਕਹੇ। ਪੰਥ ਨਾਲ ਸਲਾਹ ਕੀਤੇ ਬਿਨਾਂ ਜਾਂ ਪੰਥ ਨੂੰ ਪੂਰਾ ਸਪਸ਼ਟੀਕਰਨ ਦਿੱਤੇ ਬਿਨਾਂ ਕੋਈ ਵੀ ਜਥੇਦਾਰ (ਸਿੰਘ ਸਾਹਿਬ) ਹੁਕਮਨਾਮਾ ਜਾਰੀ ਨਹੀਂ ਕਰ ਸਕਦਾ। ਕਿਉਂਕਿ ਜਥੇਦਾਰ ਨੂੰ ਵਿਅਕਤੀਗਤ ਤੌਰ 'ਤੇ ਅਜਿਹਾ ਕੋਈ ਵੀ ਅਧਿਕਾਰ ਨਹੀਂ ਹੈ। ਇਸ ਦੀ ਇਕ ਮਿਸਾਲ ਦੇਣੀ ਬਿਲਕੁਲ ਉਚਿਤ ਹੈ। ਜਿਸ ਸਮੇਂ ਅਪਰੇਸ਼ਨ ਬਲਿਊ-ਸਟਾਰ ਦੇ ਪਿੱਛੋਂ ਦੋ ਸਤੰਬਰ, 1984 ਨੂੰ ਸਿਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਨੇ ਜੋ ਹੁਕਮਨਾਮਾ ਗਿ: ਜ਼ੈਲ ਸਿੰਘ ਅਤੇ ਬੂਟਾ ਸਿੰਘ ਦੇ ਖਿਲਾਫ ਜਾਰੀ ਕੀਤਾ ਸੀ ਉਹ ਬਿਲਕੁਲ ਠੀਕ ਸੀ ਕਿਉਂਕਿ ਉਸ ਦੀ ਮਨਜ਼ੂਰੀ ਲੱਖਾਂ ਸਿੱਖਾਂ ਦੇ ਇਕੱਠ ਨੇ ਇਕ ਆਵਾਜ ਵਿਚ ਦਿੱਤੀ ਸੀ। ਪਰ ਜਦ ਪਿੱਛੋਂ ਸਿੰਘ ਸਾਹਿਬ ਗਿਆਨੀ ਕਿਰਪਾਲ ਸਿੰਘ ਨੇ ਆਪਣੇ ਤੌਰ 'ਤੇ ਉਪਰੋਕਤ ਵਿਅਕਤੀਆ ਨੂੰ ਇਸ ਗੁਨਾਹ ਤੋਂ ਬਖਸ਼ ਦਿੱਤਾ ਤਾਂ ਉਸ ਦੀ ਸਿੱਖਾਂ ਵਿਚ ਬਹੁਤ ਆਲੋਚਨਾ ਹੋਈ ਸੀ। ਕਿਉਂਕਿ ਇਸ ਬਾਰੇ ਨਾ ਹੀ ਸਿੱਖ ਸੰਗਤਾਂ ਤੋਂ ਪੁੱਛਿਆ ਹੀ ਗਿਆ ਸੀ ਅਤੇ ਨਾ ਹੀ ਕੋਈ ਸਪਸ਼ਟੀਕਰਣ ਦਿੱਤਾ ਗਿਆ ਸੀ।

ਜਥੇਦਾਰ ਤੋਂ ਬਿਨਾ, ਹੋਰ ਕੋਈ ਵੀ ਵਿਅਕਤੀ, ਭਾਵੇਂ ਉਹ ਕਿਨਾਂ ਵੀ ਸ਼ਕਤੀਸ਼ਾਲੀ ਜਾਂ ਸਤਿਕਾਰ ਦਾ ਪਾਤਰ ਵੀ ਕਿਉਂ ਨਾ ਹੋਵੇ, ਸਿੱਖ ਸੰਗਤਾਂ ਨੂੰ ਹੁਕਮਨਾਮਾ ਜਾਰੀ ਨਹੀਂ ਕਰ ਸਕਦਾ। ਹਾਂ ਉਸ ਦੀ ਅਪੀਲ ਦਾ ਅਸਰ ਹੋ ਸਕਦਾ ਹੈ। ਵਰਤਮਾਨ ਸਮੇਂ ਸਿਰਫ ਗੁਰੂ ਗ੍ਰੰਥ ਸਾਹਿਬ ਦੀ ਹਜ਼ੂਰੀ ਵਿਚ ਅਤੇ ਪੰਜ ਪਿਆਰਿਆਂ ਦੀ ਅਗਵਾਈ ਹੇਠ ਇਕੱਤਰ ਹੋਏ ਖਾਲਸੇ ਵਲੋਂ ਸਰਬਸੰਮਤੀ ਨਾਲ ਪਾਸ ਕੀਤਾ ਹੋਇਆ ਫੈਸਲਾ ਹੀ ਹੁਕਮ ਅਤੇ ਹੁਕਮਨਾਮਾ ਹੈ।

ਅੰਤਿਕਾ 3

ਤਖ਼ਤ ਗੁਰਦੁਆਰਾ ਨਹੀਂ

ਅਸੀਂ ਅਜੇ ਤਕ ਤਖ਼ਤ ਅਤੇ ਗੁਰਦੁਆਰੇ ਵਿਚ ਕੋਈ ਫ਼ਰਕ ਨਹੀਂ ਸਮਝ ਸਕੇ। ਇਹੀ ਕਾਰਨ ਹੈ ਕਿ ਨਾ ਅਸੀਂ ਗੁਰਦੁਆਰੇ ਦੀ ਮਹਾਨਤਾ ਨੂੰ ਹੀ ਸਥਾਪਤ ਕਰ ਸਕੇ ਹਾਂ ਅਤੇ ਨਾ ਹੀ ਤਖ਼ਤ ਦੀ ਮਹਾਨਤਾ ਨੂੰ ਸਮਝ ਸਕੇ ਹਾਂ। ਸਾਡੀ ਅਗਿਆਨਤਾ ਅਤੇ ਸੁਆਰਥੀਪਣ ਨੇ ਦੋਹਾਂ ਸੰਸਥਾਵਾਂ ਨੂੰ ਐਸਾ ਰਲਗੱਡ ਕਰ ਦਿੱਤਾ ਹੈ ਕਿ ਹਰ ਕਾਬਜ਼ ਧੜਾ ਅਤੇ ਸਿਆਸਤ ਵਿਚ ਖੁਭੀ ਹੋਈ ਹਰ ਲੀਡਰਸ਼ਿਪ ਆਪਣੀ ਮਰਜ਼ੀ ਅਨੁਸਾਰ ਹੀ ਧਰਮ ਅਤੇ ਸਿਆਸਤ ਦੀ ਸਮੇਲਤਾ ਦੀ ਪਰਿਭਾਸ਼ਾ ਦੇਣ ਲਗ ਜਾਂਦੀ ਹੈ।

ਗੁਰਦੁਆਰਾ ਸਿਰਫ਼ ਗੁਰਬਾਣੀ ਦਾ ਪਾਠ ਕਰਨ ਵਾਲਾ ਅਸਥਾਨ ਹੈ। ਇਥੇ ਸੰਗਤ ਇਕੱਠੀ ਹੋ ਕੇ, ਗੁਰਬਾਣੀ ਦਾ ਪਾਠ ਸੁਣਦੀ ਹੈ, ਉਸ ਦੀ ਵਿਆਖਿਆ ਸੁਣਦੀ ਹੈ ਅਤੇ ਗੁਰਬਾਣੀ ਦਾ ਕੀਰਤਨ ਸੁਣਦੀ ਹੈ। ਗੁਰਦੁਆਰੇ ਦਾ ਮੁਖੀ, ਗ੍ਰੰਥੀ ਜਾਂ ਹੈਡਗ੍ਰੰਥੀ ਹੁੰਦਾ ਹੈ। ਹੈਡ-ਗ੍ਰੰਥੀ ਕਿਉਂਕਿ ਗੁਰਬਾਣੀ ਦਾ ਪਾਠੀ ਹੁੰਦਾ ਹੈ ਅਤੇ ਉੱਚੇ-ਸੁੱਚੇ ਜੀਵਨ ਦਾ ਧਾਰਨੀ ਹੁੰਦਾ ਹੈ ਇਸ ਲਈ ਸਿੱਖ ਸੰਗਤਾਂ ਵਿਚ ਉਸ ਦਾ ਸਤਿਕਾਰ ਹੁੰਦਾ ਹੈ। ਇਸ ਸਤਿਕਾਰ ਤੋਂ ਬਿਨਾਂ ਅਤੇ ਗੁਰਬਾਣੀ ਦੇ ਸ਼ਬਦਾਂ ਦੇ ਅਰਥ ਸਮਝਾਉਣ ਤੋਂ ਬਿਨਾਂ ਹੋਰ ਕੋਈ ਕੰਮ ਉਸ ਦੇ ਅਧਿਕਾਰ ਖੇਤਰ ਵਿਚ ਨਹੀਂ ਹੈ।

ਤਖ਼ਤ ਇਸ ਪਰੀਭਾਸ਼ਾ ਤੋਂ ਵੱਖਰਾ ਹੈ। ਇਸ ਦਾ ਮੁਖੀ ਜਥੇਦਾਰ ਹੁੰਦਾ ਹੈ। ਤਖ਼ਤ ਸਾਹਿਬ ਉਪਰ ਭਾਵੇਂ ਸਿਰੀ ਗੁਰੂ ਗ੍ਰੰਥ ਸਾਹਿਬ ਦਾ ਪਰਕਾਸ਼ ਹੁੰਦਾ ਹੈ ਪਰ ਇਥੇ ਕੋਈ ਹੈਂਡ-ਗ੍ਰੰਥੀ ਨਹੀਂ ਹੁੰਦਾ। ਸਗੋਂ ਹੈਂਡ-ਗ੍ਰੰਥੀ ਦੀ ਥਾਂ ਕਥਾ-ਵਾਚਕ ਪੂਰੀ ਕਰਦਾ ਹੈ। ਤਖ਼ਤ ਦਾ ਜਥੇਦਾਰ ਖਾਲਸਾ ਪੰਥ ਦਾ ਧਾਰਮਕ ਅਤੇ ਗੈਰ ਧਾਰਮਕ ਮਾਮਲਿਆਂ ਦਾ ਮੁਖੀ ਹੁੰਦਾ ਹੈ। ਉਹ ਧਰਮ ਅਤੇ ਸਿਆਸਤ ਨਾਲ ਸਬੰਧਤ ਝਗੜਿਆਂ ਦਾ ਨਿਬੇੜਾ ਕਰਦਾ ਹੈ। ਉਹ ਹੁਕਮਨਾਮਾ ਜਾਰੀ ਕਰਦਾ ਹੈ। ਹੁਕਮਨਾਮੇ ਦੀ ਉਲੰਘਣਾ ਕਰਨ ਵਾਲੇ ਨੂੰ ਦੰਡ ਦਿੰਦਾ ਹੈ। ਕਿਸੇ ਖੇਤਰ ਵਿਚ ਅੱਛਾ ਕੰਮ ਕਰਨ ਵਾਲੇ ਸਿੰਘ ਨੂੰ ਸਿਰੋਪਾਓ ਦਿੰਦਾ ਹੈ। ਉਹ ਸਰਬੱਤ ਖਾਲਸੇ ਦੇ ਇਕੱਠਾਂ ਦਾ ਮੁਖੀ ਹੁੰਦਾ ਹੈ ਜਾਂ ਪੰਜ ਪਿਆਰਿਆਂ ਵਿਚ ਵੀ ਸ਼ਾਮਲ ਹੋ ਸਕਦਾ ਹੈ। ਗੁਰਦੁਆਰੇ ਦਾ ਹੈਡ-ਗ੍ਰੰਥੀ ਇਨ੍ਹਾਂ ਅਧਿਕਾਰਾਂ ਨੂੰ ਨਹੀਂ ਵਰਤ ਸਕਦਾ। ਕਿਉਂਕਿ ਗੁਰੂ ਗ੍ਰੰਥ ਸਾਹਿਬ ਦਾ ਪਰਕਾਸ਼ ਤਾਂ ਹਰ ਥਾਂ 'ਤੇ ਹੀ ਹੁੰਦਾ ਹੈ। ਤਖ਼ਤ ਸਾਹਿਬ 'ਤੇ ਵੀ ਪਰਕਾਸ਼ ਹੁੰਦਾ ਹੈ ਪਰ ਇਹ ਥਾਂ ਸਿਰਫ਼ ਗੁਰਬਾਣੀ ਦਾ ਪਾਠ ਕਰਨ ਵਾਸਤੇ ਨਹੀਂ ਹੁੰਦੀ। ਇਹ ਵੱਖਰੀ ਗੱਲ

ਹੈ ਕਿ ਫਾਲਤੂ ਸਮੇਂ ਵਿਚ ਤਖ਼ਤ ਸਾਹਿਬ ਉਪਰ ਵੀ ਗੁਰਬਾਣੀ ਦਾ ਪਾਠ ਕੀਤਾ ਜਾਂਦਾ ਹੈ ਤੇ ਕੀਰਤਨ-ਕਥਾ ਵੀ ਕੀਤੀ ਜਾਂਦੀ ਹੈ ਪਰ ਇਹ ਸਭ ਕੁਝ ਝਗੜੇ ਨਿਬੇੜਨ ਜਾਂ ਹੋਰ ਕੋਈ ਪੰਥਕ ਮਸਲਾ ਨਾ ਹੋਣ ਦੀ ਸੂਰਤ ਵਿਚ, ਹੀ ਕੀਤਾ ਜਾਂਦਾ ਹੈ। ਤਖ਼ਤ ਸਾਹਿਬ ਦਾ ਮੁਖ ਕੰਮ ਝਗੜਿਆਂ ਦਾ ਨਿਬੇੜਾ ਕਰਨਾ ਹੁੰਦਾ ਹੈ।

ਅਜ ਕਲ ਸ੍ਰੀ ਅਕਾਲ ਤਖ਼ਤ ਸਾਹਿਬ ਦਾ ਹੈੱਡ-ਗ੍ਰੰਥੀ ਰਖਿਆ ਜਾਣਾ ਸ਼ੁਰੂ ਹੋ ਗਿਆ ਹੈ। ਇਹ ਪਰੰਪਰਾ ਠੀਕ ਨਹੀਂ। ਗ੍ਰੰਥੀ ਜਾਂ ਹੈੱਡ-ਗ੍ਰੰਥੀ ਸਿਰਫ ਗੁਰਦੁਆਰੇ ਦਾ ਹੀ ਹੁੰਦਾ ਹੈ। ਹੈੱਡ ਦਾ ਮਤਲਬ ਮੁਖੀ ਤੋਂ ਹੈ। ਇਸ ਤਰ੍ਹਾਂ ਸਿਰੀ ਅਕਾਲ ਤਖ਼ਤ ਸਾਹਿਬ ਦੇ ਦੋ ਮੁਖੀ ਨਹੀਂ ਬਣ ਸਕਦੇ। ਸਿਰੀ ਅਕਾਲ ਤਖ਼ਤ ਸਾਹਿਬ ਦਾ ਮੁਖੀ ਸਿਰਫ ਜਥੇਦਾਰ ਹੈ। ਜੇਕਰ ਇਸ ਸੰਸਥਾ ਦਾ ਕੋਈ ਗ੍ਰੰਥੀ ਰਖਣਾ ਹੀ ਹੈ ਤਾਂ ਉਸ ਨਾਲ ਹੈਡ ਦਾ ਵਿਸ਼ੇਸ਼ਣ ਨਹੀਂ ਲਾਉਣਾ ਚਾਹੀਦਾ। ਬਿਹਤਰ ਇਹੀ ਹੈ ਕਿ ਸਿਰੀ ਅਕਾਲ ਤਖ਼ਤ ਦਾ ਗ੍ਰੰਥੀ ਨਾ ਹੀ ਹੋਵੇ। ਇਹੀ ਕੰਮ ਕਥਾ ਵਾਚਕ ਤੋਂ ਲਿਆ ਜਾ ਸਕਦਾ ਹੈ। ਗੁਰਦੁਆਰਾ ਤਾਂ ਕਿਤੇ ਵੀ ਬਣ ਸਕਦਾ ਹੈ ਅਤੇ ਕਿਸੇ ਵੀ ਵਿਅਕਤੀ ਨੂੰ ਇਸ ਦਾ ਪਰਬੰਧਕ ਜਾਂ ਗ੍ਰੰਥੀ ਬਣਾਇਆ ਜਾ ਸਕਦਾ ਹੈ ਪਰ ਤਖ਼ਤ ਕਿਤੇ ਵੀ ਨਹੀਂ ਬਣਾਇਆ ਜਾ ਸਕਦਾ। ਤਖ਼ਤ ਸਿਰਫ ਪੰਜ ਹੀ ਪਰਵਾਣਤ ਹਨ। ਇਨ੍ਹਾਂ ਪੰਜਾਂ ਤਖ਼ਤਾਂ ਤੋਂ ਇਲਾਵਾ ਛੇਵਾਂ ਤਖ਼ਤ ਬਣ ਹੀ ਨਹੀਂ ਸਕਦਾ। ਇਹ ਖਾਲਸਾ ਰਹਿਤ ਹੈ। ਛੇਵਾਂ ਤਖ਼ਤ ਖਾਲਸੇ ਦੀ ਪਰੰਪਰਾ ਦੇ ਉਲਟ ਹੈ। ਤਖ਼ਤ ਸਾਹਿਬ ਦਾ ਜਥੇਦਾਰ ਜਾਂ ਪਰਬੰਧਕ ਸਿਰਫ ਅੰਮ੍ਰਿਤਧਾਰੀ ਸਿੰਘ ਹੀ ਹੋ ਸਕਦਾ ਹੈ ਅਤੇ ਉਹ ਵੀ ਪੂਰਨ ਖਾਲਸਾ ਰਹਿਤ ਮਰਯਾਦਾ ਅਨੁਸਾਰ। ਇਸ ਲਈ ਸਾਨੂੰ ਇਨ੍ਹਾਂ ਦੋਹਾਂ ਸੰਸਥਾਵਾਂ ਦੇ ਫ਼ਰਕ ਨੂੰ ਸਮਝਣਾ ਚਾਹੀਦਾ ਹੈ।

ਚੋਣਵੀਂ ਪੁਸਤਕ ਸੂਚੀ

ਇਸ ਪੁਸਤਕ ਨੂੰ ਲਿਖਣ ਵਿਚ ਜਿਨਾਂ ਲਿਖਤਾਂ ਤੋਂ ਸਹਾਇਤਾ ਲਈ ਗਈ ਹੈ ਜਾਂ ਜਿਨ੍ਹਾਂ ਦਾ ਕਿਸੇ ਤਰ੍ਹਾਂ ਦਾ ਵੀ ਵੇਰਵਾ ਇਸ ਵਿਚ ਆਇਆ ਹੈ ਉਨ੍ਹਾਂ ਦੀ ਇਸ ਸੂਚੀ ਵਿਚ ਵਿਸਥਾਰ ਪੂਰਬਕ ਜਾਣਕਾਰੀ ਦਿੱਤੀ ਜਾ ਰਹੀ ਹੈ। ਯਾਦ ਰਹੇ ਕਿ ਪੁਸਤਕ ਸੂਚੀ ਵਿਚ ਲੇਖਕਾਂ ਅਤੇ ਲਿਖਤਾਂ ਦਾ ਵੇਰਵਾ ਉਸੇ ਤਰ੍ਹਾਂ ਹੀ ਦਿੱਤਾ ਗਿਆ ਹੈ ਜਿਸ ਤਰ੍ਹਾਂ ਪੁਸਤਕਾਂ ਵਿਚ ਦਿੱਤਾ ਹੋਇਆ ਹੈ। ਅਰਥਾਤ ਜਿਸ ਤਰਤੀਬ ਅਨੁਸਾਰ ਕਿਤਾਬਾਂ ਉਪਰ ਲੇਖਕ ਦਾ ਨਾਂ ਲਿਖਿਆ ਹੋਇਆ ਹੈ ਮੈਂ ਵੀ ਇਥੇ ਉਸੇ ਤਰ੍ਹਾਂ ਹੀ ਦੇ ਰਿਹਾ ਹਾਂ। ਜਿਵੇਂ ਕਿ ਪ੍ਰਾਚੀਨ ਪੰਥ ਪ੍ਰਕਾਸ਼ ਉਪਰ ਲੇਖਕ ਦਾ ਨਾਂ ਰਤਨ ਸਿੰਘ ਭੰਗੂ ਦਿੱਤਾ ਹੋਇਆ ਹੈ ਇਸ ਲਈ ਮੈਂ ਵੀ ਇਸ ਸੂਚੀ ਵਿਚ ਪਹਿਲਾਂ ਰਤਨ ਸਿੰਘ ਹੀ ਲਿਖਿਆ ਹੈ ਭੰਗੂ ਰਤਨ ਸਿੰਘ ਨਹੀਂ ਜਿਵੇਂ ਕਿ ਪੱਛਮੀ ਤਕਨੀਕ ਦੀ ਨਕਲ ਕਰਕੇ ਸਾਡੇ ਲੇਖਕ ਆਮ ਤੌਰ 'ਤੇ ਲਿਖਦੇ ਹਨ। ਹਾਂ ਜਿਥੇ ਲੇਖਕ ਦਾ ਨਾਂ ਸੰਖੇਪ ਅੱਖਰਾਂ ਵਿਚ ਦੇ ਕੇ ਪਿਛੋਂ ਗੋਤ ਲਿਖਿਆ ਗਿਆ ਹੈ ਉਥੇ ਗੋਤ ਪਹਿਲਾਂ ਲਿਖਿਆ ਗਿਆ ਹੈ। ਜਿਵੇਂ ਕਿ ਗਰੇਵਾਲ, ਜੇ. ਐਸ. ਪਾਠਕ ਇਸ ਬਾਰੇ ਧਿਆਨ ਰੱਖਣ।

ਸਰੂਪ ਸਿੰਘ ਕੋਸ਼ਿਸ, *ਗੁਰੂ ਕੀਆਂ ਸਾਖੀਆਂ* (ਸੰ. ਪਿਆਰਾ ਸਿੰਘ ਪਦਮ), ਕਲਮ ਮੰਦਰ, ਪਟਿਆਲਾ, 1986.

ਸਰੂਪ ਦਾਸ ਭੱਲਾ, *ਮਹਿਮਾ ਪ੍ਰਕਾਸ਼*, ਭਾਗ ਦੂਜਾ (1776), ਭਾਸ਼ਾ ਵਿਭਾਗ, ਪੰਜਾਬ, ਪਟਿਆਲਾ, 1971.

ਸ਼ਮਸ਼ੇਰ ਸਿੰਘ ਅਸ਼ੋਕ, *ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਪੰਜਾਹ ਸਾਲਾ ਇਤਿਹਾਸ*, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਅੰਮ੍ਰਿਤਸਰ, 1982.

ਸੰਤੋਖ ਸਿੰਘ, ਭਾਈ, *ਸ੍ਰੀ ਗੁਰ ਪ੍ਰਤਾਪਿ ਸੂਰਜ ਗ੍ਰੰਥ* (ਸੰ. ਭਾਈ ਵੀਰ ਸਿੰਘ), ਜਿਲਦ ਛੇਵੀਂ ਅਤੇ ਸੱਤਵੀਂ, ਖਾਲਸਾ ਸਮਾਚਾਰ, ਅੰਮ੍ਰਿਤਸਰ, 1962.

ਸੁਖਦਿਆਲ ਸਿੰਘ, *ਗੁਰਮਤਿ ਵਿਚ ਤਖ਼ਤਾਂ ਦੀ ਮਹਾਨਤਾ*, ਗੁਰੂ ਨਾਨਕ ਦੇਵ ਮਿਸ਼ਨ, ਪਟਿਆਲਾ, 1996.

ਸੁਖਦਿਆਲ ਸਿੰਘ, *ਸਿਰੀ ਅਕਾਲ ਤਖ਼ਤ ਸਾਹਿਬ* (ਇਤਿਹਾਸਕ ਵਿਸ਼ਲੇਸ਼ਣ), ਲਾਹੌਰ ਬੁੱਕ ਸ਼ਾਪ, ਲੁਧਿਆਣਾ, 1995.

ਸੁੱਖਾ ਸਿੰਘ, ਭਾਈ, *ਗੁਰਬਿਲਾਸ ਪਾਤਸ਼ਾਹੀ ਦਸਵੀਂ* (1797), ਲਾਲਾ ਰਾਮ ਚੰਦ ਨਾਨਕਟਾਹਲਾ, ਲਾਹੌਰ, 1912. ਇਸ ਕਿਤਾਬ ਨੂੰ ਭਾਸ਼ਾ ਵਿਭਾਗ, ਪੰਜਾਬ.

ਪਟਿਆਲਾ ਨੇ ਵੀ 1989 ਵਿਚ ਮੁੜ-ਪਰਕਾਸ਼ਤ ਕੀਤਾ ਹੈ।

ਸੁਜਾਨ ਰਾਏ ਭੰਡਾਰੀ, *ਖੁਲਾਸਤੁਤ ਤਵਾਰੀਖ਼* (1696 ਈ.), ਪੰਜਾਬੀ ਅਨੁਵਾਦ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1972.

ਸੇਵਾ ਸਿੰਘ ਕਵੀ, *ਸ਼ਹੀਦ ਬਿਲਾਸ ਭਾਈ ਮਨੀ ਸਿੰਘ*, (ਸੰ. ਗਿਆਨੀ ਗਰਜਾ ਸਿੰਘ), ਲੁਧਿਆਣਾ, 1961.

ਸੈਨਾਪਤਿ, *ਸ੍ਰੀ ਗੁਰ ਸ਼ੋਭਾ* (ਸੰ: ਗੰਡਾ ਸਿੰਘ), ਪੰਜਾਬੀ ਯੂਨੀਵਰਸਿਟੀ, ਪਟਿਆਲਾ, 1967. ਇਹ ਲਿਖਤ ਪਹਿਲਾਂ 1924 ਵਿਚ ਅਕਾਲੀ ਕੌਰ ਸਿੰਘ ਦੁਆਰਾ ਸੰਪਾਦਤ ਕੀਤੀ ਗਈ ਸੀ।

ਹਰਕਿਸ਼ਨ ਸਿੰਘ, ਬਾਵਾ, ਟੇਪ ਰਿਕਾਰਡ ਬਿਆਨ, ਡਿਪਾਰਟਮੈਂਟ ਆਫ ਪੰਜਾਬ ਹਿਸਟੋਰੀਕਲ ਸਟੱਡੀਜ਼, ਪੰਜਾਬੀ ਯੂਨੀਵਰਸਿਟੀ, ਪਟਿਆਲਾ।

ਹੁਕਮਨਾਮੇ (ਸੰ. ਗੰਡਾ ਸਿੰਘ), ਪੰਜਾਬੀ ਯੂਨੀਵਰਸਿਟੀ, ਪਟਿਆਲਾ, 1967.

ਕਨਈਆ ਲਾਲ, *ਤਾਰੀਖ਼-ਏ-ਪੰਜਾਬ* (ਪੰਜਾਬੀ ਅਨੁਵਾਦ), ਪੰਜਾਬੀ ਯੂਨੀਵਰਸਿਟੀ, ਪਟਿਆਲਾ, 1972.

ਕਾਨ੍ਹ ਸਿੰਘ ਨਾਭਾ, ਭਾਈ, *ਗੁਰਸ਼ਬਦ ਰਤਨਾਕਰ ਮਹਾਨ ਕੋਸ਼*, ਭਾਸ਼ਾ ਵਿਭਾਗ ਪੰਜਾਬ, ਪਟਿਆਲਾ, 1960.

ਕਿਰਪਾਲ ਸਿੰਘ, ਪਰੋਫੈਸਰ, *ਮਨੋਹਰ ਦਾਸ ਮਿਹਰਬਾਨ ਜੀਵਨ ਤੇ ਰਚਨਾ*, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1974.

ਕਿਰਪਾਲ ਸਿੰਘ, ਗਿਆਨੀ, ਸਿੰਘ ਸਾਹਿਬ, *ਸ੍ਰੀ ਹਰਿਮੰਦਰ ਸਾਹਿਬ ਦਾ ਸੁਨਹਿਰੀ ਇਤਿਹਾਸ*, ਅੰਮ੍ਰਿਤਸਰ, 1991.

ਕੇਸਰ ਸਿੰਘ ਛਿੱਬਰ, 'ਬੰਸਾਵਲੀਨਾਮਾ ਦਸਾਂ ਪਾਤਸ਼ਾਹੀਆਂ ਕਾ', ਮੈਗਜ਼ੀਨ *ਪਰਖ*, ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ, 1972. ਇਸ ਨੂੰ ਪਿਆਰਾ ਸਿੰਘ ਪਦਮ ਨੇ ਵੀ ਸਿੰਘ ਬ੍ਰਦਰਜ਼, ਅੰਮ੍ਰਿਤਸਰ ਰਾਹੀਂ 1997 ਵਿਚ ਸੰਪਾਦਿਤ ਕੀਤਾ ਹੈ।

ਕੋਇਰ ਸਿੰਘ, *ਗੁਰਬਿਲਾਸ ਪਾਤਸ਼ਾਹੀ* ਦਸ (ਸੰ. ਸ਼ਮਸ਼ੇਰ ਸਿੰਘ ਅਸ਼ੋਕ), ਪੰਜਾਬੀ ਯੂਨੀਵਰਸਿਟੀ, ਪਟਿਆਲਾ, 1968.

ਕੌਰ ਸਿੰਘ ਅਕਾਲੀ, ਲੇਖ 'ਤਖ਼ਤ ਸ੍ਰੀ ਹਜ਼ੂਰ ਅਬਚਲ ਨਗਰ ਅਤੇ ਉਥੋਂ ਦੇ ਜਥੇਦਾਰ ਤੇ ਪੁਜਾਰੀ; ਮੈਗਜ਼ੀਨ *ਫੁੱਲਵਾੜੀ* (ਪੰਜਾਬੀ ਮਾਸਕ ਪੱਤਰ), ਅੰਮ੍ਰਿਤਸਰ, ਦਸੰਬਰ, 1929 ਅਤੇ ਜਨਵਰੀ, 1931.

ਗਯਾਨ ਸਿੰਘ ਗਯਾਨੀ, *ਸ੍ਰੀ ਗੁਰ ਪੰਥ ਪ੍ਰਕਾਸ਼* (ਪੱਥਰ ਛਾਪ, ਦੂਜੀ), ਅੰਮ੍ਰਿਤਸਰ, 1889 ਈ.।

ਗਯਾਨ ਸਿੰਘ ਗਯਾਨੀ, *ਤਵਾਰੀਖ਼ ਗੁਰੂ ਖਾਲਸਾ* (ਪੱਥਰ ਛਾਪ, ਪਹਿਲੀ), ਸਿਆਲਕੋਟ, 1891 ਈ.।

ਗਯਾਨ ਸਿੰਘ ਗਯਾਨੀ, *ਨਿਰਮਲ ਪੰਥ ਪ੍ਰਦੀਪਕਾ* (ਪੱਥਰ ਛਾਪ, ਪਹਿਲੀ), ਸਿਆਲਕੋਟ, 1894 ਈ.।

ਗਯਾਨ ਸਿੰਘ ਗਯਾਨੀ, *ਤਵਾਰੀਖ਼ ਸ੍ਰੀ ਅੰਮ੍ਰਿਤਸਰ*, ਸਿੰਘ ਸਭਾ ਸਤਾਬਦੀ ਕਮੇਟੀ,

ਅੰਮ੍ਰਿਤਸਰ, 1977 (ਰੀਪਰਿੰਟ).

ਗੰਡਾ ਸਿੰਘ (ਸੰ.), *ਪੰਜਾਬ-ਭਾਈ ਜੋਧ ਸਿੰਘ ਅਭਿਨੰਦਨ ਗ੍ਰੰਥ*, ਖਾਲਸਾ ਕਾਲਜ, ਪਟਿਆਲਾ, 1962.

ਗੰਡਾ ਸਿੰਘ (ਸੰ.), *ਸਰਦਾਰ ਜੱਸਾ ਸਿੰਘ ਆਹਲੂਵਾਲੀਆ*, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1990.

ਗੁਰਦਾਸ, ਭਾਈ, ਵਾਰਾਂ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਅੰਮ੍ਰਿਤਸਰ, 1964.

ਗੁਰਦੁਆਰਾ ਗਜ਼ਟ (ਮਾਸਕ ਪੱਤਰ), ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਅੰਮ੍ਰਿਤਸਰ, ਨਵੰਬਰ, 1965 ਅਤੇ ਮਈ, 1974.

ਗੁਰਬਿਲਾਸ ਛੇਵੀਂ ਪਾਤਸ਼ਾਹੀ, ਭਾਸ਼ਾ ਵਿਭਾਗ, ਪੰਜਾਬ, ਪਟਿਆਲਾ, 1960.

ਗੁਰਮੋਹਨ ਸਿੰਘ ਆਹਲੂਵਾਲੀਆ, *ਸੋਢੀ ਹਰਿ ਜੀ*, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1985.

ਚੇਤ ਸਿੰਘ, ਗਿਆਨੀ, ਸਿੰਘ ਸਾਹਿਬ, ਟੇਪ ਰਿਕਾਰਡ ਬਿਆਨ, ਡੀਪਾਰਟਮੈਂਟ ਪੰਜਾਬ ਹਿਸਟਾਰੀਕਲ ਸਟੱਡੀਜ਼, ਪੰਜਾਬੀ ਯੂਨੀਵਰਸਿਟੀ, ਪਟਿਆਲਾ।

ਠਾਕਰ ਸਿੰਘ, ਗਿਆਨੀ, *ਗ੍ਰੰਥ ਸ੍ਰੀ ਗੁਰਦੁਆਰੇ ਦਰਸ਼ਨ*, ਲਾਭ ਸਿੰਘ ਐਂਡ ਸੰਜ਼, 1924.

ਤੇਜਾ ਸਿੰਘ ਗੰਡਾ ਸਿੰਘ, *ਸੰਖੇਪ ਸਿੱਖ ਇਤਿਹਾਸ 1469-1765* (ਪੰਜਾਬੀ ਅਨੁਵਾਦ), ਪੰਜਾਬੀ ਯੂਨੀਵਰਸਿਟੀ, ਪਟਿਆਲਾ, 1985.

ਪਰਤਾਪ ਸਿੰਘ, ਗਿਆਨੀ, *ਅਕਾਲੀ ਲਹਿਰ*, ਖਾਲਸਾ ਬ੍ਰਦਰਜ਼, ਅੰਮ੍ਰਿਤਸਰ, 1983.

ਪੰਜਾਬੀ ਟ੍ਰਿਬਿਊਨ (ਰੋਜ਼ਾਨਾ ਅਖ਼ਬਾਰ), ਚੰਡੀਗੜ੍ਹ, ਦਸੰਬਰ, 1981 ਦੇ ਪਰਚੇ।

ਪ੍ਰੇਮ ਸਿੰਘ ਹੋਤੀ, ਬਾਵਾ, *ਜੀਵਨ ਬ੍ਰਿਤਾਂਤ ਅਕਾਲੀ ਫੂਲਾ ਸਿੰਘ*, 1914.

ਬਟਾਲਵੀ, ਅਹਿਮਦ ਸ਼ਾਹ, *ਤਾਰੀਖ਼-ਏ-ਪੰਜਾਬ* (ਪੰਜਾਬੀ ਅਨੁਵਾਦ), ਪੰਜਾਬੀ ਯੂਨੀਵਰਸਿਟੀ, ਪਟਿਆਲਾ, 1968.

ਮਾਜੁਮਦਾਰ, ਚੌਧਰੀ ਅਤੇ ਦੱਤ, *ਭਾਰਤ ਦਾ ਬ੍ਰਿਹਤ ਇਤਿਹਾਸ* (ਪੰਜਾਬੀ ਅਨੁਵਾਦ), ਭਾਗ ਤੀਜਾ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1987.

ਰਤਨ ਸਿੰਘ ਭੰਗੂ, *ਪ੍ਰਾਚੀਨ ਪੰਥ ਪ੍ਰਕਾਸ਼* (ਸੰ. ਭਾਈ ਵੀਰ ਸਿੰਘ), ਖਾਲਸਾ ਸਮਾਚਾਰ, ਅੰਮ੍ਰਿਤਸਰ, 1962.

ਵਿਸਾਖਾ ਸਿੰਘ ਜਨੇਤਪੁਰਾ, *ਮਾਲਵਾ ਇਤਿਹਾਸ*, ਭਾਗ ਪਹਿਲਾ, ਗੁਰਮਤ ਪਰਚਾਰਕ ਸਭਾ, ਕਿਸ਼ਨਪੁਰਾ, 1954.

ਵੀਰ ਸਿੰਘ ਬਲ, *ਸਿੰਘ ਸਾਗਰ*, (1827 ਈ-ਸੰ. ਕਰਿਸ਼ਨਾ ਕੁਮਾਰੀ ਬਾਂਸਲ), ਪੰਜਾਬੀ ਯੂਨੀਵਰਸਿਟੀ, ਪਟਿਆਲਾ, 1986.

ਵੀਰ ਸਿੰਘ ਬਲ, *ਸ੍ਰੀ ਗੁਰ ਕੀਰਤ ਪ੍ਰਕਾਸ਼* (1834 ਈ.-ਸੰ. ਗੁਰਬਚਨ ਕੌਰ), ਪੰਜਾਬੀ ਯੂਨੀਵਰਸਿਟੀ, ਪਟਿਆਲਾ, 1986.

ਪਰਸ਼ੀਅਨ

ਸਟੈਂਡਰਡ ਪਰਸ਼ੀਅਨ ਡਿਕਸ਼ਨਰੀ, ਅਲਾਹਾਬਾਦ, 1931.

ਜ਼ੁਲਫ਼ਿਕਾਰ ਅਰਧਿਸਤਾਨੀ ਮੋਬੀਦ, ਦਬੇਸਤਾਨ-ਏ-ਮਜ਼ਾਹਿਬ, ਨਵਲ ਕਿਸ਼ੋਰ ਪਰੈਸ, ਕਾਨਪੁਰ, 1904.

ਨੂਰ ਮੁਹੰਮਦ ਕਾਜ਼ੀ, *ਜੰਗਨਾਮਾ* (ਸੰ. ਅਤੇ ਅਨੁਵਾਦਕ ਗੰਡਾ ਸਿੰਘ), ਖਾਲਸਾ ਕਾਲਜ, ਅੰਮ੍ਰਿਤਸਰ, 1939.

ਉਰਦੂ

ਰਾਮ ਜਸ, ਦੀਵਾਨ, *ਤਵਾਰੀਖ-ਏ-ਰਿਆਸਤ-ਏ-ਕਪੂਰਥਲਾ*, ਗੁਰੂ ਗੋਬਿੰਦ ਸਿੰਘ ਪਰੈਸ, ਲਾਹੌਰ, 1897 (ਦੋ ਜਿਲਦਾਂ)।

English

Banerjee, Indubhusan, *Evolution of the Khalsa,* 2 Volumes, University of Calcutta, 1936, Vol.I. Mukherjee and Co., Calcutta, 1947, Vol.II.

Bhagat Singh, *Sikh Polity In the Eighteenth and Nineteenth Centuries,* Oriental Publishers, New Delhi, 1978.

Bhagat Singh, 'Akhbar-i-Darbar-i- Mualla' in *The Panjab Past And Present,*Vol.II, Punjabi University, Patiala, October, 1984.

Brown, James, *History of the Origin and Progress of the Sikhs,* London, 1788 (India Tract Series). Also reprinted in Ganda Singh (ed.), *Early European Accounts of the Sikhs,* Indian Studies, Calcutta, 1962.

Cunningham, Joseph Davey, *A History of the Sikhs : From the origin of the Nation To The Battles of The Sutlej,* John Murray, London, 1849. The later editions by S. Chand and Co., Delhi, 1955 and 1985.

Copper, Frederic, *The Crisies in the Punjab,* Smith Elder and Co., London, 1858.

Forster, George, *A Journey From Bengal To England,* R. Faulder, London, 1788, two volumes. Also reproduced by the Languages Department, Punjab, Patiala, 1970.

Ganda Singh (ed.), *Early European Accounts of the Sikhs,* Indian Studies, Calcutta, 1962.

Grewal, J.S., *The New Cambridge History of India : The Sikhs of the Punjab,* Cambridge, 1990.

Grewal, J.S., *The Akalis—A Short History,* Punjab Studies, Publication, Chandigarh, 1996.

Gupta, Hari Ram, *History of the Sikh Gurus,* New Delhi, 1973. It

was republished under the title *History of the Sikhs,* Vol.I (The Sikh Gurus: 1469-1708), New Delhi, 1984 and 1994.

Gupta, Hari Ram, *History of the Sikhs,* Vol.II (Evolution of Sikh Confederacies 1708-1765), New Delhi, 1978. Later Published in 1994.

Ker, J. Ian, "British Realtionship with the Golden Temple 1849-90" In *The Indian Economic and Social History Review,* London, 21.2.1924.

Khushwant Singh, *History of the Sikhs,* two Volumes. First Princeton University Press, Princeton, 1963 and Second Oxford University, London, 1964.

Khuswant Singh, *Ranjit Singh : Maharaja of the Panjab 1780-1839,* George Allen and Unwin, London, 1962.

Latif, Sir Syad Muhammad, *History of the Panjab,* Central Press Limited, Calcutta, 1891.

Macauliffe, Max Arthur, *The Sikh Religion : Its Gurus, Sacred writings And Authors,* Calrendon Press, Oxford, 1909, Six Volumes.

Madanjit Kaur, *The Golden Temple : Past And Present,* Guru Nanak Dev University, Amritsar, 1983.

Malcolm, Lt. Col., *Sketch of the Sikhs : Their Origin Customes and Manners* John Murray, London, 1812. Also reprinted by Vinay Publications, Chandigarh, 1981.

Narang, G.C., *The Transformation of Sikhism,* Tribune Press, Lahore, 1912 and New Delhi, 1960. The Sixth edition of this book has been republished under the title *Glorious History of Sikhism,* New Book Society of India, New Delhi, 1972.

Nayyar, Gurbachan Singh, *Sikh Polity And Political Institutions,* oriental Publishers, New Delhi, 1979.

Polier, A.L.H., "An Account of the Sikhs" in Ganda Singh (ed.), *Early European Accounts of the Sikhs,* Calcutta, 1962.

Prinsep, Henary T., *Origin of the Sikh Power In the Punjab and Political Life of Maharaja Ranjit Singh,* Military orphan Press, Calcutta, 1837. Also reprinted by the Languages Department of Punjab, Patiala, 1970.

Sinha, N.K., *Rise of The Sikh Power,* Calcutta University, Calcutta, 1936.

Surinder Singh Johar, *The Sikh Gurus and Their Shrines,* New Delhi, 1976.

Sukhdial Singh, *Historical Analysis of Giani Gian Singh's Writings*, UICS, Jalandhar, 1996.

Teja Singh Ganda Singh, *A Short History of The Sikhs: 1469-1765*, Orient Longmans, Bombay, 1950.

Trump Earnest, *The Adi Granth or The Holy Scriptues of Sikhs Translated from Original Gurmukhi Script with introductory Essays*, W.N. Allen and Co., Waterloo Place, London, 1887.

Waheeduddin, *The Real Ranjit Singh*, Karachi, 1965. Also reprinted by Punjabi University, Patiala (n.d.).

Wheeler, T.T., *Early Records of British India*, London, 1812.

Wilson, C.R., *The Early Annals of the English In Bengal*, Thacker and Company, Caluctta, 1900, Volume two.

Wilson, H.H., *A Sketch of The Religious Sects of the Hindus*, The Asiatic Society of Bengal, Calcutta, 1832 and 1846.




ਤਖਤ ਸਿਰੀ ਪਟਨਾ ਸਾਹਿਬ



ਤਖ਼ਤ ਸਿਰੀ ਕੇਸਗੜ੍ਹ ਸਾਹਿਬ, ਸ੍ਰੀ ਆਨੰਦਪੁਰ ਸਾਹਿਬ



ਤਖ਼ਤ ਸਿਰੀ ਦਮਦਮਾ ਸਾਹਿਬ, ਤਲਵੰਡੀ ਸਾਬੋ



ਤਖ਼ਤ ਸ੍ਰੀ ਹਜ਼ੂਰ ਸਾਹਿਬ , ਨਾਂਦੇੜ

ਪਬਲੀਕੇਸ਼ਨ ਬਿਊਰੋ
ਪੰਜਾਬੀ ਯੂਨੀਵਰਸਿਟੀ, ਪਟਿਆਲਾ